# ਸ਼ਹੀਦ ਭਗਤ ਸਿੰਘ

## ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ



Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਪਿਆਰ ਤੇ ਸਤਿਕਾਰ ਨਾਲ
ਭਾ ਜੀ ਸਰਦਾਰ ਜਸਵੰਤ ਸਿੰਘ ਜਿਆਨ ਤੇ ਭੈਣ ਜੀ [illegible]
ਨੂੰ ਭੇਟ,

ਜਗਜੀਤ ਸਿੰਘ
16 ਅਕਤੂਬਰ, 2007

Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਭਗਤ ਸਿੰਘ
# ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਭਗਤ ਸਿੰਘ

## ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ

**ਸੰਪਾਦਕ :**

*ਜਗਮੋਹਨ ਸਿੰਘ*

*ਸਕੱਤਰ, ਸ਼ਹੀਦ ਭਗਤ ਸਿੰਘ ਖੋਜ ਕਮੇਟੀ,*

*838, ਕ੍ਰਿਸ਼ਨਾ ਨਗਰ, ਲੁਧਿਆਣਾ।*

ਚੇਤਨਾ ਪ੍ਰਕਾਸ਼ਨ

**ਪੰਜਾਬੀ ਭਵਨ, ਲੁਧਿਆਣਾ**

Sri Satguru Jagjit Singh Ji Elibrary NamdhariElibrary@gmail.com

## *Writings of*
## *SHAHEED BHAGAT SINGH & HIS COMRADES*

*(A Collection Work)*

*by* ***Jagmohan Singh©***
*Secretary Inventionary Committee of Shaheed Bhagat Singh*
*838, Krishna Nagar, Ludhiana*
*Ph. 0161-2406560*

*Published by* :
**Chetna Parkashan**
Punjabi Bhawan Ludhiana
Ph. 0161-2413613 2404928
*Website : www.chetnaparkashan.com*
*E-mail : chetnaparkashan@sify.com*

**ISBN - 81-7883-030-2**

| | | |
|---|---|---|
| ਪਹਿਲੀ ਵਾਰ | : | 23 ਮਾਰਚ, 1985 (ਰੈਡੀਕਲ ਪ੍ਰਕਾਸ਼ਨ, ਮੋਗਾ) ਤੋਂ ਧੰਨਵਾਦ ਸਹਿਤ |
| ਦੂਜੀ ਵਾਰ | : | 23 ਮਾਰਚ, 2000 (ਸੋਧਿਆ ਹੋਇਆ ਐਡੀਸ਼ਨ) |
| ਤੀਜੀ ਵਾਰ | : | 28 ਸਤੰਬਰ, 2000 |
| ਚੌਥੀ ਵਾਰ | : | 28 ਸਤੰਬਰ, 2002 |
| ਪੰਜਵੀਂ ਵਾਰ | : | 23 ਮਾਰਚ, 2005 |
| ਛੇਵੀਂ ਵਾਰ | : | 28 ਸਤੰਬਰ, 2006 |

| | |
|---|---|
| ਸਰਵਰਕ | ਸੁਖਵਿੰਦਰ ਸੱਗੂ |
| ਪ੍ਰਕਾਸ਼ਕ | ਚੇਤਨਾ ਪ੍ਰਕਾਸ਼ਨ<br>ਪੰਜਾਬੀ ਭਵਨ ਲੁਧਿਆਣਾ। (ਫ਼ੋਨ 0161-2413613 2404928) |
| ਛਾਪਕ | ਆਰ. ਕੇ. ਆਫ਼ਸੈੱਟ ਦਿੱਲੀ। |
| ਮੁੱਲ | **140 ਰੁਪਏ (ਪੇਪਰ ਬੈਕ)** |

Sri Satguru Jagjit Singh Ji Elibrary NamdhariElibrary@gmail.com

# ਤਤਕਰਾ


| | | ਸਫ਼ਾ ਨੰ. |
|---|---|---|
| (ੳ) ਮੁੱਖ ਬੰਦ | | 11 |
| (ਅ) ਸ਼ਹੀਦ ਭਗਤ ਸਿੰਘ ਦਾ ਜੀਵਨ ਵਿਕਾਸ | | 17 |
| ਪਾਠ 1. ਘਰੋਂ ਦੇਸ਼ ਸੇਵਾ ਲਈ ਜਾਣ ਤਕ | | |
| 1. ਬਾਬਾ ਜੀ ਨੂੰ ਇਕ ਚਿੱਠੀ | 22.7.1918 | 25 |
| 2. ਗੁਰਮੁੱਖੀ ਵਿਚ ਲਿਖਿਆ ਪਹਿਲਾ ਖ਼ਤ | 5.11.1921 | 26 |
| 3. ਬਾਬਾ ਜੀ ਨੂੰ ਇਕ ਹੋਰ ਖ਼ਤ | 14.11.1921 | 27 |
| 4. ਅਲਵਿਦਾ-ਏ-ਘਰ, ਹਮ ਦੇਸ਼ ਸੇਵਾ ਕਰਤੇ ਹੈਂ ! | 1923 | 27 |
| ਪਾਠ 2. ਸਾਹਿਤ ਤੇ ਲੋਕ ਚੇਤੰਨਤਾ | | |
| 5. ਪੰਜਾਬ ਦੀ ਭਾਸ਼ਾ ਅਤੇ ਲਿੱਪੀ ਦੇ ਮਜ਼ਮੂਨ ਸੰਬੰਧੀ ਮਾਮਲਾ | 1924 | 29 |
| ਪਾਠ 3. ਬੱਬਰ ਅਤੇ ਕਾਕੋਰੀ ਦੇ ਦੇਸ਼-ਭਗਤਾਂ ਨੂੰ ਪ੍ਰਣਾਮ | | |
| 6. ਹੋਲੀ ਦੇ ਦਿਨ ਖ਼ੂਨ ਦੇ ਛਿੱਟੇ—ਬੱਬਰ ਅਕਾਲੀ ਫ਼ਾਂਸੀ 'ਤੇ | 15.3.1926 | 38 |
| 7. ਕਾਕੋਰੀ ਦੇ ਵੀਰਾਂ ਦੀ ਜਾਣ-ਪਛਾਣ | ਮਈ 1927 | 43 |
| 8. ਸ਼ਹੀਦ ਰਾਜਿੰਦਰ ਲਹਿਰੀ ਦਾ ਖ਼ਤ | ਅਕਤੂਬਰ, 1927 | 48 |
| 9. ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ ਦਾ ਅੰਤਮ ਸੰਦੇਸ਼ | ਦਸੰਬਰ, 1927 | 49 |
| 10. ਸ਼ਹੀਦ ਅਸ਼ਫਾਕ ਦਾ ਫ਼ਾਂਸੀ ਤਖਤੇ ਤੋਂ ਸੰਦੇਸ਼ | ਦਸੰਬਰ, 1927 | 53 |
| 11. ਕਾਕੋਰੀ ਦੇ ਸ਼ਹੀਦਾਂ ਦੇ ਫ਼ਾਂਸੀ ਦੇ ਹਾਲਾਤ | ਜਨਵਰੀ, 1928 | 54 |
| 12. ਕਾਕੋਰੀ ਦੇ ਸ਼ਹੀਦਾਂ ਲਈ ਪ੍ਰੇਮ ਦੇ ਹੰਝੂ | ਜਨਵਰੀ, 1928 | 60 |
| ਪਾਠ 4. ਸਮਕਾਲੀ ਮਸਲੇ | | |
| 13. ਟ੍ਰੇਡ ਯੂਨੀਅਨ ਬਿੱਲ | ਮਈ, 1927 | 64 |
| 14. ਗ਼ਦਰ ਲਹਿਰ ਦੀ ਕੁਝ ਵਿੱਥਿਆ | ਸਤੰਬਰ, 1927 | 66 |
| 15. ਰਾਜ-ਪਲਟਾਊ ਖ਼ੁਫ਼ੀਆ ਸਾਜ਼ਸ਼ਾਂ | ਜਨਵਰੀ, 1928 | 69 |
| ਪਾਠ 5. ਭਾਰਤੀ ਇਨਕਲਾਬੀ ਲਹਿਰ ਦਾ ਅਧਿਐਨ | | |
| 16. ਦੋਸਤ ਅਮਰ ਚੰਦ ਨੂੰ ਇਕ ਖ਼ਤ | 1927 ਦੇ ਅੰਤ ਵਿਚ | 73 |
| 17. ਚਾਂਦ ਦੇ ਫ਼ਾਂਸੀ ਅੰਕ ਵਿਚੋਂ—ਡਾ. ਮਥਰਾ ਸਿੰਘ | ਫਰਵਰੀ, 1928 | 75 |
| 18. ਸੂਫ਼ੀ ਅੰਬਾ ਪ੍ਰਸਾਦ | | 78 |
| 19. ਸ਼ਹੀਦ ਕਰਤਾਰ ਸਿੰਘ ਸਰਾਭਾ | | 82 |
| 20. ਪੰਜਾਬ ਵਿਚ ਮਹਾਨ ਇਨਕਲਾਬ ਦੀ ਪਹਿਲੀ ਜਥੇਬੰਦੀ, ਕੂਕਾ ਲਹਿਰ | ਫਰਵਰੀ, 1928 | 88 |


Sri Satguru Jagjit Singh Ji Elibrary NamdhariElibrary@gmail.com

21. ਰਾਜ-ਪਲਟਾਉਣ ਦੀ ਪਹਿਲੀ ਕੋਸ਼ਿਸ਼ ਕੂਕਾ ਬਗ਼ਾਵਤ ਫ਼ਰਵਰੀ, 1928 98
22. 10 ਮਈ ਦਾ ਸ਼ੁਭ ਦਿਨ ਅਪ੍ਰੈਲ, 1928 103
23. ਪੰਜਾਬ ਦੇ ਪਹਿਲੇ ਵਿਦ੍ਰੋਹੀ—ਸ਼ਹੀਦ ਮਦਨ ਲਾਲ ਢੀਂਗਰਾ ਮਾਰਚ, 1928 107
24. ਪੰਜਾਬ ਦੇ ਉੱਘੇ ਸ਼ਹੀਦ ਭਾਈ ਬਾਲਮੁਕੰਦ ਅਗਸਤ, 1928 113
25. ਦਿੱਲੀ ਕੇਸ ਦੇ ਸ਼ਹੀਦ ਸਤੰਬਰ, 1928 117
26. ਮਾਰਸ਼ਲ ਲਾ ਦੇ ਬਹਾਦਰ ਸ਼ਹੀਦ ਖੁਸ਼ੀ ਰਾਮ ਜੀ ਅਕਤੂਬਰ, 1928 121
27. ਆਜ਼ਾਦੀ ਦੀ ਲੜਾਈ ਵਿਚ—ਪੰਜਾਬ ਦਾ ਪਹਿਲਾ ਉਭਾਰ 1930 123

ਪਾਠ 6. ਵਿਸ਼ਵ ਪ੍ਰੇਮ 131

ਪਾਠ 7. ਨੌਜਵਾਨ । 136

ਪਾਠ 8. ਅੰਤਰ-ਰਾਸ਼ਟਰੀ ਇਨਕਲਾਬੀ ਲਹਿਰਾਂ ਦਾ ਅਧਿਐਨ

28. ਅਨਾਰਕਿਜ਼ਮ ਕੀ ਹੈ? ਮਈ, ਜੂਨ, ਜੁਲਾਈ, 1928 139
29. ਰੂਸ ਦੇ ਯੁਗ-ਪਲਟਾਊ ਨਿਹਿਲਿਸਟ ਅਗਸਤ, 1928 152
30. ਰੂਸ ਦੇ ਜੇਲ੍ਹਖ਼ਾਨੇ ਵੀ ਬਹਿਸ਼ਤ ਹਨ ਸਤੰਬਰ, 1928 159
31. ਆਇਰਿਸ਼ ਸਵਤੰਤਰਤਾ ਯੁੱਧ—(ਰੀਵੀਊ) ਅਕਤੂਬਰ, 1928 162
32. ਮੇਰੀ ਰੂਸ ਯਾਤਰਾ (ਰੀਵੀਊ) ਅਕਤੂਬਰ, 1928 164

ਪਾਠ 9. ਵੱਖ-ਵੱਖ ਸਮਾਜਕ ਤੇ ਰਾਜਨੀਤਕ ਮਸਲਿਆਂ ਬਾਰੇ ਵਿਚਾਰ

33. ਹਰ ਸੰਭਵ ਤਰੀਕੇ ਨਾਲ ਅੰਗਰੇਜ਼ੀ ਰਾਜ ਤੋਂ ਬਾਹਰ ਸਵਤੰਤਰਤਾ ਮਈ, 1928 165
34. ਮਜ਼ਹਬ ਤੇ ਸਾਡੀ ਆਜ਼ਾਦੀ ਦੀ ਜੰਗ ਮਈ, 1928 168
35. ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ ਜੂਨ, 1927 171
36. ਤਸ਼ੱਦਦ ਦੇ ਅਸਲੀ ਅਰਥ ਮਈ, 1928 175
37. ਸਤਿਆਗ੍ਰਹਿ ਜੂਨ, 1928 180
38. ਹੜਤਾਲਾਂ ਜੂਨ, 1928 182
39. ਵਿਦਿਆਰਥੀ ਅਤੇ ਪਾਲੇਟਿਕਸ ਜੁਲਾਈ, 1928 183
40. ਸਾਜ਼ਸ਼ਾਂ ਕਿਉਂ ਹੁੰਦੀਆਂ ਹਨ? ਸਤੰਬਰ, 1928 185
41. ਪੁਲਸ ਦੀਆਂ ਕਮੀਨੀਆਂ ਚਾਲਾਂ ਜੂਨ, 1928 191
42. ਜੁਗ-ਪਲਟਾਊ ਮਾਤਾ ਸਤੰਬਰ, 1928 195
43. ਸ੍ਰੀ ਇੰਦਰ ਚੰਦਰ ਨਾਰੰਗ ਦਾ ਮੁਕੱਦਮਾ 197
44. ਕਿਰਤੀ ਲਹਿਰ ਨੂੰ ਦਬਾਉਣ ਲਈ ਕਮੀਨੀਆਂ ਚਾਲਾਂ ਸਤੰਬਰ, 1928 198
45. ਇਕ ਹੋਰ ਜ਼ਾਲਮਾਨਾ ਕਾਨੂੰਨ ਟਰੇਡ ਡਿਸਪੂਟਸ ਬਿੱਲ ਸਤੰਬਰ, 1928 200
46. ਨਹਿਰੂ ਕਮੇਟੀ ਦੀ ਰਿਪੋਰਟ ਸਤੰਬਰ, 1928 201
47. ਬਾਰਦੋਲੀ ਸਤਿਆਗ੍ਰਹਿ ਸਤੰਬਰ, 1928 202
48. ਦਿਲਚਸਪ ਤੇ ਲਾਭਦਾਇਕ ਪੁਸਤਕਾਂ ਸਤੰਬਰ, 1928 203
49. ਆਰਮਜ਼ ਐਕਟ, ਮਨਮੁਖ ਕਰਵਾਓ ਅਕਤੂਬਰ, 1928 203
50. ਸ਼੍ਰੇਣੀ ਰੁਚੀ ਦਾ ਵੱਖ-ਵੱਖ ਲਹਿਰਾਂ 'ਤੇ ਅਸਰ ਨਵੰਬਰ, 1928 207
51. ਅਛੂਤ ਦਾ ਸਵਾਲ ਜੂਨ, 1928 217

Sri Satguru Jagjit Singh Ji Elibrary NamdhariElibrary@gmail.com

### ਪਾਠ 10. ਨੌਜਵਾਨ ਭਾਰਤ ਸਭਾ ਅਤੇ "ਕੌਮੀ ਲੀਡਰ"


52. ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ — 6 ਅਪ੍ਰੈਲ, 1928 222
53. ਲਾਲਾ ਲਾਜਪਤ ਰਾਏ ਜੀ ਦੇ ਨਾਉਂ ਖੁੱਲ੍ਹੀ ਚਿੱਠੀ — ਨਵੰਬਰ, 1927 228
54. ਲਾਲਾ ਲਾਜਪਤ ਰਾਏ ਤੇ ਮਿਸ ਐਗਨਿਸ ਸਮੈਡਲੀ — ਜਨਵਰੀ, 1928 233
55. ਲਾਲਾ ਲਾਜਪਤ ਰਾਏ ਅਤੇ ਨੌਜਵਾਨਾਂ ਦੀਆਂ ਤਹਿਰੀਕਾਂ — ਅਗਸਤ, 1928 236
56. ਨਵੇਂ ਲੀਡਰਾਂ ਦੇ ਜੁਦੇ ਜੁਦੇ ਖ਼ਿਆਲਾਤ — ਜੁਲਾਈ, 1928 240
57. ਸਾਂਡਰਸ ਨੂੰ ਸਜ਼ਾ ਦੇਣ ਬਾਅਦ ਲੱਗੇ ਇਸ਼ਤਿਹਾਰ — ਦਸੰਬਰ, 1928 246


### ਪਾਠ 11. ਅਸੈਂਬਲੀ ਬੰਬ ਕਾਂਡ


58. ਅਸੈਂਬਲੀ ਬੰਬ ਕਾਂਡ 'ਤੇ ਜਾਣ ਤੋਂ ਪਹਿਲਾਂ ਸੁਖਦੇਵ ਦੇ ਨਾਂ ਖ਼ਤ — ਮਾਰਚ, 1929 249
59. ਅਸੈਂਬਲੀ ਹਾਲ ਵਿਚ ਸੁੱਟਿਆ ਪਰਚਾ — 8 ਅਪ੍ਰੈਲ, 1929 251
60. ਪਿਤਾ ਜੀ ਦੇ ਨਾਂ ਖ਼ਤ — 26 ਅਪ੍ਰੈਲ, 1929 252
61. ਅਸੈਂਬਲੀ ਬੰਬ ਕਾਂਡ ਵਿਚ ਦਿੱਤਾ ਬਿਆਨ — ਜੂਨ, 1929 253
62. ਲਾਹੌਰ ਹਾਈ ਕੋਰਟ ਵਿਚ ਬਹਿਸ — ਜਨਵਰੀ, 1930 259


### ਪਾਠ 12. ਇਨਕਲਾਬ ਦੀ ਤਲਵਾਰ ਵਿਚਾਰ ਦੀ ਸਾਣ 'ਤੇ


63. ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਕਿਉਂ?
ਐਡੀਟਰ ਮਾਡਰਨ ਰੀਵੀਊ ਨੂੰ ਖ਼ਤ — 1930 263
64. ਵਿਦਿਆਰਥੀਆਂ ਨੂੰ ਸੰਦੇਸ਼ — 20 ਅਕਤੂਬਰ, 1929 265
65. ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ
ਐਸੋਸੀਏਸ਼ਨ ਦਾ ਮੈਨੀਫੈਸਟੋ — ਦਸੰਬਰ, 1929 265
66. ਬੰਬ ਦਾ ਫ਼ਲਸਫ਼ਾ — ਜਨਵਰੀ, 1930 269


### ਪਾਠ 13. ਲੜਾਈ ਜਾਰੀ ਹੈ/ਹਰ ਪੱਗ 'ਤੇ...
### ਭੁੱਖ ਹੜਤਾਲ ਦਾ ਹਥਿਆਰ


67. ਭਗਤ ਸਿੰਘ ਦੀ ਸਾਥੀਆਂ ਨਾਲ ਇਕੱਠੇ ਰਹਿਣ ਲਈ ਦਰਖ਼ਾਸਤ — 17 ਜੂਨ, 1929 279
68. ਭੁੱਖ ਹੜਤਾਲ ਦਾ ਨੋਟਿਸ—ਭਗਤ ਸਿੰਘ ਵੱਲੋਂ — 17 ਜੂਨ, 1929 280
69. ਬੀ. ਕੇ. ਦੱਤ ਜੀ ਵੱਲੋਂ ਨੋਟਿਸ — 17 ਜੂਨ, 1929 280
70. ਗ੍ਰਹਿ ਮੈਂਬਰ, ਭਾਰਤ ਸਰਕਾਰ ਨੂੰ ਦਰਖ਼ਾਸਤ — 14 ਜੁਲਾਈ, 1929 281
71. ਪੰਜਾਬ ਜੇਲ੍ਹ ਪੜਤਾਲ ਕਮੇਟੀ ਨੂੰ ਆਪਣਾ ਪੱਖ ਪੇਸ਼ — 6 ਸਤੰਬਰ, 1929 283
72. ਸਾਥੀ ਸੁਖਦੇਵ ਨਾਲ ਵਿਚਾਰ ਵਟਾਂਦਰਾ — 1929 285
73. ਤਾਰ ਗ੍ਰਹਿ ਮੰਤਰੀ, ਭਾਰਤ ਸਰਕਾਰ — 20 ਜਨਵਰੀ, 1930 291
74. ਗ੍ਰਹਿ ਵਿਭਾਗ ਨੂੰ ਯਾਦ ਪੱਤਰ — 20 ਜਨਵਰੀ, 1930 291
75. ਅਦਾਲਤ ਵਿਚ ਨਾ ਆਉਣ ਦੇ ਕਾਰਨਾਂ ਬਾਰੇ ਯਾਦ ਪੱਤਰ — 11 ਫਰਵਰੀ, 1930 296
76. ਗਵਾਹੀਆਂ ਨਾਲੋਂ ਰਸਗੁਲੇ ਵੱਧ ਜ਼ਰੂਰੀ — 9 ਅਪ੍ਰੈਲ, 1930 299
77. ਤੀਜੀ ਇੰਟਰਨੈਸ਼ਨਲ ਦੇ ਪ੍ਰਧਾਨ ਨੂੰ ਤਾਰ — 24 ਜਨਵਰੀ, 1930 299


Sri Satguru Jagjit Singh Ji Elibrary NamdhariElibrary@gmail.com

78. ਮੌਂਧ ਯੂਰਪ ਦੀ ਹਿੰਦੋਸਤਾਨੀ ਐਸੋਸੀਏਸ਼ਨ, ਬਰਲਿਨ ਨੂੰ ਤਾਰ 5 ਅਪ੍ਰੈਲ, 1930 300
79. ਕਾਕੋਰੀ ਕੇਸ ਦੇ ਬੰਦੀਆਂ ਨੂੰ ਤਾਰ 300

ਪਾਠ 14. ਆਰਡੀਨੈਂਸ ਸਾਡੀਆਂ ਭਾਵਨਾਵਾਂ ਨਹੀਂ ਕੁਚਲ ਸਕਦੇ

80. "ਆਰਡੀਨੈਂਸਾਂ ਰਾਹੀਂ ਸਾਡੀਆਂ ਭਾਵਨਾਵਾਂ ਨਹੀਂ
ਕੁਚਲੀਆਂ ਜਾ ਸਕਦੀਆਂ—ਖ਼ਾਸ ਟ੍ਰਿਬਿਊਨਲ ਉੱਤੇ ਟਿੱਪਣੀ 2 ਮਈ, 1930 302
81. ਅਦਾਲਤ ਇਕ ਢਕੌਂਜ ਹੈ—ਅਸੀਂ ਹਿੱਸਾ ਨਹੀਂ ਲਵਾਂਗੇ !
6 ਸਾਥੀਆਂ ਦਾ ਐਲਾਨ 5 ਮਈ, 1930 304
82. ਖ਼ਾਸ ਟ੍ਰਿਬਿਊਨਲ ਦੇ ਦੁਬਾਰਾ ਸੰਗਠਿਤ ਕਰਨ ਉੱਤੇ 25 ਜੂਨ, 1930 307
83. ਅਸੂਲ ਜ਼ਿੰਦਗੀ ਤੋਂ ਅਮੁੱਲੇ ਹਨ—ਪਿਤਾ ਜੀ ਨੂੰ ਖ਼ਤ 4 ਅਕਤੂਬਰ, 1930 310
84. ਸਿਆਸੀ ਦੋਸ਼ਾਂ ਦੀ ਪੈਰਵੀ ਬਾਰੇ ਪਾਲਸੀ 1930 312

ਪਾਠ 15. ਵੋ ਮਜਨੂੰ ਜੋ ਜੇਲ੍ਹ ਵਿਚ ਆਜ਼ਾਦ ਰਿਹਾ—ਕੁਝ ਪੱਤਰ

85. ਜੇ ਦੇਵ ਗੁਪਤਾ ਨੂੰ ਇਕ ਖ਼ਤ 3 ਜੂਨ, 1930 315
86. ਕਿਤਾਬਾਂ ਭੇਜੋ—ਇਕ ਖ਼ਤ 24 ਜੁਲਾਈ, 1930 316
87. ਭੈਣ ਪ੍ਰੇਮਿਲਾ ਦੇਵੀ ਨੂੰ ਖ਼ਤ 17 ਜੁਲਾਈ, 1930 317
88. ਛੋਟੇ ਵੀਰ ਨੂੰ ਖ਼ਤ 16 ਸਤੰਬਰ, 1930 318
89. ਇਕ ਹੋਰ ਖ਼ਤ 25 ਸਤੰਬਰ, 1930 318
90. ਸਾਥੀ ਦੱਤ ਨੂੰ ਖ਼ਤ ਅਕਤੂਬਰ, 1930 319
91. ਆਖ਼ਰੀ ਖ਼ਤ ਕੁਲਬੀਰ ਦੇ ਨਾਂ 3 ਮਾਰਚ, 1931 319
92. ਛੋਟੇ ਵੀਰ ਕੁਲਤਾਰ ਦੇ ਨਾਂ 3 ਮਾਰਚ, 1931 320

ਪਾਠ 16. ਸ਼ਹੀਦ ਸੁਖਦੇਵ ਦੇ ਯਾਦਗਾਰੀ ਦਸਤਾਵੇਜ਼

93. ਤਾਇਆ ਜੀ ਦੇ ਨਾਂ ਖ਼ਤ 322
94. ਇਨਕਲਾਬੀ ਪਾਰਟੀ ਨੇ ਕੀ ਕੁਝ ਕੀਤਾ
ਸੁਖਦੇਵ ਦੀ ਇਕ ਅਧੂਰੀ ਚਿੱਠੀ 7 ਅਕਤੂਬਰ, 1930 324
95. ਕ੍ਰਾਂਤੀਵਾਦੀ ਦੋਸਤਾਂ ਦੇ ਨਾਂ ਇਕ ਖ਼ਤ 327
96. ਮਰਨ ਦਾ ਦੁੱਖ ਨਹੀਂ—ਅਵਾਜ਼ ਦਬਾਏ
ਜਾਣਾ ਬਹੁਤ ਦੁੱਖਦਾਇਕ ਹੈ। ਫਰਵਰੀ, 1931 328
97. ਫ਼ਾਂਸੀ ਤੋਂ ਪਹਿਲਾਂ ਗਾਂਧੀ ਜੀ ਦੇ ਨਾਂ ਖ਼ਤ ਮਾਰਚ, 1931 329

ਪਾਠ 17. ਦੂਸਰੇ ਸਾਥੀਆਂ ਦੇ ਵਿਚਾਰ

98. ਕਾਲੇ ਪਾਣੀ ਤੋਂ ਸ਼ਹੀਦ ਮਹਾਂਬੀਰ ਸਿੰਘ ਦਾ ਖ਼ਤ ਜਨਵਰੀ, 1933 332
99. ਇਨਕਲਾਬੀ ਜੀਵਨ ਦਰਸ਼ਨ—ਬੀ. ਕੇ. ਦੱਤ 1960 336

ਪਾਠ 18. ਹਵਾਂ ਮੇਂ ਰਹੇਗੀ ਮੇਰੇ ਖ਼ਿਆਲ ਕੀ ਬਿਜਲੀਆਂ

100. ਮੈਂ ਨਾਸਤਿਕ ਕਿਉਂ ਹਾਂ ! 5-6 ਅਕਤੂਬਰ, 1930 342
101. ਇਤਿਹਾਸਕ ਦਸਤਾਵੇਜ਼ ਕਿਵੇਂ ਪਰਖੀਏ ! 15 ਜਨਵਰੀ, 1931 355

Sri Satguru Jagjit Singh Ji Elibrary NamdhariElibrary@gmail.com

| | | | |
|---|---|---|---|
| 102. | ਭਾਰਤੀ ਇਨਕਲਾਬ ਦਾ ਆਦਰਸ਼—ਇਕ ਨੋਟ | | 362 |
| 103. | ਇਨਕਲਾਬੀ ਪ੍ਰੋਗਰਾਮ ਦਾ ਖਰੜਾ | 2 ਫਰਵਰੀ, 1931 | 363 |
| 104. | ਜੰਗ ਅਜੇ ਜਾਰੀ ਹੈ—ਫ਼ਾਂਸੀ ਤੋਂ ਪਹਿਲਾਂ ਗਵਰਨਰ ਦੇ ਨਾਂ ਖ਼ਤ | 20 ਮਾਰਚ, 1931 | 380 |
| 105. | "ਮੈਂ ਹਿੰਦੁਸਤਾਨੀ ਇਨਕਲਾਬ ਦਾ ਚਿੰਨ" | 22 ਮਾਰਚ, 1931 | 382 |

ਅੰਤਿਕਾ

| | | |
|---|---|---|
| (ੳ) | ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਬਾਰੇ ਭੁਲੇਖਾ ਕਿਉਂ? | 384 |
| (ਅ) | ਗਾਂਧੀ ਇਰਵਨ ਪੈਕਟ | 388 |

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਮੁੱਖ ਬੰਦ

ਭਗਤ ਸਿੰਘ ਨੇ ਕਿਹਾ ਸੀ, "ਜਦ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿਚ ਜਕੜ ਲੈਂਦੀ ਹੈ, ਕਿਸੇ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ, ਬਸ ਇਸ ਜਮੂਦ ਅਤੇ ਬੇਹਰਕਤੀ ਨੂੰ ਤੋੜਨ ਦੀ ਖ਼ਾਤਰ ਇਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਹੁੰਦੀ ਹੈ, ਨਹੀਂ ਤਾਂ ਇਕ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ। ਗੁੰਮਰਾਹ ਕਰਨ ਵਾਲੀਆਂ, ਗ਼ੈਰ ਤਰੱਕੀ ਪਸੰਦ ਤਾਕਤਾਂ ਲੋਕਾਂ ਨੂੰ ਗ਼ਲਤ ਰਾਹ 'ਤੇ ਲੈ ਜਾਣ ਵਿਚ ਕਾਮਯਾਬ ਹੋ ਜਾਂਦੀਆਂ ਹਨ ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿਚ ਇਕ ਹਰਕਤ ਪੈਦਾ ਹੋ ਜਾਵੇ।" ਜਦ ਭਗਤ ਸਿੰਘ ਇਹ ਕਹਿ ਰਹੇ ਸੀ ਤਾਂ ਉਹ ਇਤਿਹਾਸ ਦੇ ਅਸੂਲਾਂ ਦੀ ਗਹਿਰੀ ਭਾਵਨਾ ਨੂੰ ਸਮਝਦੇ ਹੋਏ, ਆਪਣੇ ਸਮੇਂ ਤੋਂ ਬਹੁਤ ਅੱਗੇ ਭਵਿੱਖ ਵਾਸਤੇ ਵੀ ਕੁਝ ਅਹਿਮ ਸੁਨੇਹਾ ਦੇ ਰਹੇ ਸਨ। ਸ਼ਾਇਦ ਏਸੇ ਸਮਝ ਦਾ ਪ੍ਰਗਟਾਵਾ ਉਨ੍ਹਾਂ ਆਪਣੀ ਆਖ਼ਰੀ ਮੁਲਾਕਾਤ ਵਿਚ ਕੀਤਾ ਸੀ। ਜਦ ਉਨ੍ਹਾਂ ਕਿਹਾ ਸੀ ਕਿ ਅੰਗਰੇਜ਼ ਦੀਆਂ ਜੜ੍ਹਾਂ ਹਿੱਲ ਗਈਆਂ ਹਨ, 15 ਸਾਲਾਂ ਵਿਚ ਚਲੇ ਜਾਣਗੇ, ਸਮਝੌਤਾ ਹੋ ਜਾਵੇਗਾ, ਫਿਰ ਕਾਫ਼ੀ ਹਫੜਾ ਦਫੜੀ ਦੇ ਸਾਲ ਗੁਜ਼ਰਨਗੇ ਅਤੇ ਉਸਦੇ ਬਾਅਦ ਮੇਰੀ ਲੋਕਾਂ ਨੂੰ ਲੋੜ ਪਵੇਗੀ। ਅੱਜ ਦੇ ਹਾਲਾਤ ਨੂੰ ਦੇਖਦੇ ਹੋਏ ਜਦ ਇਕ ਪਾਸੇ ਗ਼ੈਰ ਤਰੱਕੀ ਪਸੰਦ ਅਤੇ ਪਿਛਾਂਹ-ਖਿੱਚੂ ਤਾਕਤਾਂ ਦਾ ਬੋਲ-ਬਾਲਾ ਵਧ ਰਿਹਾ ਹੈ ਤੇ ਦੂਸਰੇ ਪਾਸੇ ਲੋਕਾਂ ਦੇ ਮਸਲੇ ਵਧ ਰਹੇ ਹਨ ਅਤੇ ਹੱਲ ਨਹੀਂ ਹੋ ਰਹੇ ਅਤੇ ਹਰ ਪਾਸੇ ਫ਼ਾਸ਼ੀ ਜਿਹੇ ਰੁਝਾਣ ਪਣਪ ਰਹੇ ਹਨ ਤਾਂ ਭਗਤ ਸਿੰਘ ਦੇ ਉੱਪਰ ਕਹੇ ਲਫ਼ਜ਼ ਸਾਨੂੰ ਯਾਦ ਆਉਂਦੇ ਹਨ।

ਪਰ ਇਹ ਬਦ-ਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਇੰਨੇ ਸਾਲਾਂ ਵਿਚ ਛੋਟੀ-ਮੋਟੀ ਕੋਸ਼ਿਸ਼ ਦੇ ਇਲਾਵਾ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ ਇਕ ਥਾਂ ਨਹੀਂ ਇਕੱਠੀਆਂ ਕੀਤੀਆਂ ਜਾ ਸਕੀਆਂ। ਇਸ ਕਿਤਾਬ ਰਾਹੀਂ ਇਹ ਪਹਿਲਾ ਯਤਨ ਕੀਤਾ ਜਾ ਰਿਹਾ ਹੈ ਤਾਂ ਕਿ ਭਗਤ ਸਿੰਘ ਦੇ ਵਿਚਾਰਧਾਰਕ ਅਤੇ ਵਿਗਿਆਨਕ ਅਸੂਲਾਂ ਨੂੰ ਪਹਿਚਾਣਿਆ ਤੇ ਸਮਝਿਆ ਜਾ ਸਕੇ।

ਭਗਤ ਸਿੰਘ ਨੇ ਫ਼ਾਂਸੀ ਤੋਂ ਇਕ ਦਿਨ ਪਹਿਲਾਂ ਕਿਹਾ ਸੀ, "ਮੈਂ ਇਨਕਲਾਬ ਦਾ ਮੂਲ-ਮੰਤਰ ਬਣ ਗਿਆ ਹਾਂ।" ਇਸ ਤੋਂ ਉਹ ਕੀ ਕਹਿਣਾ ਚਾਹ ਰਹੇ ਸਨ, ਕੀ ਸੁਨੇਹਾ ਸਾਡੇ ਤੱਕ ਪਹੁੰਚਾ ਰਹੇ ਸਨ ? ਅੱਜ ਵੱਧ ਸ਼ਿੱਦਤ ਤੇ ਗਹਿਰਾਈ ਨਾਲ ਸਮਝਣ ਦੀ ਲੋੜ ਹੈ। ਇਹ ਲਿਖਤਾਂ ਉਸ ਸਮਝ ਵਿਚ ਹਿੱਸੇਦਾਰ ਹੋ ਸਕਣਗੀਆਂ, ਇਹ ਆਸ਼ਾ ਹੈ।

ਅੱਜ ਦੀ ਸਭ ਤੋਂ ਵੱਧ ਲੋੜ ਹੈ, "ਭਗਤ ਸਿੰਘ ਹੋਣ ਦੀ ਸਾਰ" ਨੂੰ ਜਾਨਣਾ। ਇਹ ਪਹਿਚਾਨਣ ਦੀ ਲੋੜ ਹੈ ਕਿ ਉਹ ਕੀ ਗੁਣ ਹਨ, ਕੀ ਅਸੂਲ ਹਨ, ਕੀ ਤਰੀਕੇ ਹਨ ਜਿਨ੍ਹਾਂ ਨੇ ਭਗਤ ਸਿੰਘ ਨੂੰ ਆਤਮ ਬਲੀਦਾਨੀਆਂ ਦੀ ਕਤਾਰ ਵਿਚ ਸਭ ਤੋਂ ਮੂਹਰੇ ਤੇ ਉੱਚਾ ਖੜ੍ਹਾ ਕੀਤਾ ਹੈ, ਜਿਸ ਨੇ ਉਸ ਨੂੰ ਭਾਰਤੀ ਲੋਕਾਂ ਦੀ ਚੇਤੰਨਤਾ ਦਾ ਹਿੱਸਾ ਬਣਾਇਆ ਹੈ। ਇਹ ਹੈ "ਭਗਤ ਸਿੰਘ ਹੋਣ ਦੀ ਸਾਰ"। ਪਰ ਇਤਿਹਾਸਕ ਦੁਖਾਂਤ ਇਹ ਵੀ ਹੁੰਦਾ ਹੈ ਕਿ ਜਦ ਭਵਿੱਖ



Sri Satguru Jagjit Singh Ji Elibrary NamdhariElibrary@gmail.com

ਦੇ ਮਸਲੇ ਨਵੇਂ ਢੰਗਾਂ, ਤਰੀਕਿਆਂ ਤੇ ਸੋਚ ਦੀ ਮੰਗ ਕਰਦੇ ਹਨ। ਅਸੀਂ ਆਪਣੇ ਇਤਿਹਾਸ ਵਿਚੋਂ ਮਿਸਾਲਾਂ ਢੂੰਡਦੇ ਹਾਂ, ਤੇ ਸਾਰ ਨੂੰ ਸਮਝੇ ਬਗ਼ੈਰ ਉਸਦੇ ਰੂਪ ਨੂੰ ਅਪਣਾ ਕੇ ਇਤਿਹਾਸਕ ਤਰੱਕੀ ਨੂੰ ਰੋਕਣ ਵਾਲੀਆਂ ਪਿਛਾਂਹ-ਖਿੱਚੂ ਤਾਕਤਾਂ ਜ਼ੋਰ ਪਕੜਦੀਆਂ ਹਨ। ਕਿਉਂਕਿ ਇਹ ਸੌਖਾ ਢੰਗ ਹੈ। ਅਜਿਹੇ ਹਾਲਾਤ ਨੂੰ ਹੀ ਮੱਦੇ ਨਜ਼ਰ ਰੱਖਦੇ ਹੋਏ ਇਕ ਦਾਰਸ਼ਨਿਕ ਨੇ ਕਿਹਾ ਸੀ ਕਿ ਸੰਕਟ ਸਮੇਂ, ਜਦ ਹਾਲਾਤ ਨਵੇਂ ਹੱਲ ਮੰਗ ਰਹੇ ਹੁੰਦੇ ਹਨ, ਸਾਡੇ ਉੱਤੇ ਸਾਡਾ ਪਿਛੋਕੜ ਦਾ ਇਤਿਹਾਸ ਭਾਰੂ ਹੋ ਜਾਂਦਾ ਹੈ। ਅਸੀਂ ਭਵਿੱਖ ਨੂੰ ਭੂਤ ਦੇ ਢਾਂਚੇ ਵਿਚ ਦੇਖਣ ਦੀ ਕੋਸ਼ਿਸ਼ ਕਰਦੇ ਹਾਂ। ਇਹੀ ਕਾਰਨ ਹੈ ਕਿ ਪੁਨਰ ਸੁਰਜੀਤੀ ਵਰਗੀਆਂ ਪਿਛਾਂਹ-ਖਿੱਚੂ ਲਹਿਰਾਂ ਚਲਦੀਆਂ ਹਨ।

ਭਗਤ ਸਿੰਘ ਨੂੰ ਗਹਿਰਾਈ ਨਾਲ ਘੋਖਣ ਨਾਲ, ਅਸੀਂ ਦੇਖਦੇ ਹਾਂ ਕਿ ਉਸਨੇ "ਦੇਸ ਦੇ ਇਤਿਹਾਸ, ਇਸ ਦੀਆਂ ਹਾਲਤਾਂ ਅਤੇ ਆਦਰਸ਼ਾਂ ਦੇ ਗੰਭੀਰ, ਮਿਹਨਤੀ ਤੇ ਇਮਾਨਦਾਰ ਵਿਦਿਆਰਥੀ" ਹੋਣ ਦੇ ਨਾਤੇ ਇਤਿਹਾਸ ਦੇ ਵਿਗਿਆਨਕ ਅਸੂਲਾਂ ਦੀ ਭਾਰੀ ਸਮਝ ਸਾਡੇ ਨਾਲ ਸਾਂਝੀ ਕੀਤੀ ਹੈ। ਇਹ ਗਹਿਰੀ ਇਤਿਹਾਸਕ-ਪਦਾਰਥਵਾਦੀ ਨਜ਼ਰ ਹਰ ਥਾਂ ਕੰਮ ਕਰਦੀ ਨਜ਼ਰ ਆਉਂਦੀ ਹੈ। ਸਮਾਜਕ ਵਿਕਾਸ ਦੇ ਅਟੱਲ ਅਸੂਲਾਂ ਨੂੰ ਉਨ੍ਹਾਂ ਨੇ ਪਹਿਚਾਣਿਆ ਹੀ ਨਹੀਂ ਸਗੋਂ ਨਵੀਨਤਾ ਨਾਲ ਲਾਗੂ ਵੀ ਕੀਤਾ ਹੈ।

ਜਦ ਉਨ੍ਹਾਂ ਦੇ ਸਾਥੀ ਅਤੇ ਬਾਕੀ ਸਿਆਣੇ ਲੋਕ ਇਸ ਗੱਲ 'ਤੇ ਹੈਰਾਨੀ ਪ੍ਰਗਟ ਕਰਦੇ ਹਨ ਕਿ ਭਗਤ ਸਿੰਘ ਭਵਿੱਖਬਾਣੀ ਕਰ ਸਕਦਾ ਸੀ, ਉਹ ਦੱਸ ਸਕਦਾ ਸੀ ਕਿ ਆਉਣ ਵਾਲੇ ਸਮੇਂ ਵਿਚ "ਕਾਂਗਰਸ ਅਤੇ ਅੰਗਰੇਜ਼ ਸਾਮਰਾਜ ਵਿਚ ਸਮਝੌਤਾ ਹੋਵੇਗਾ", ਜਦ ਉਹ ਪੂਰੀ ਯਕੀਨੀ ਨਾਲ ਭਵਿੱਖ ਬਾਰੇ ਇਹ ਕਹਿ ਸਕਦਾ ਹੈ ਕਿ ਮਿਹਨਤੀ ਲੋਕਾਂ ਨੂੰ ਆਉਣ ਵਾਲੀ ਆਜ਼ਾਦੀ ਵਿਚ ਕੋਈ ਰਾਹਤ ਨਹੀਂ ਮਿਲੇਗੀ। ਇਸ ਦੇ ਪਿੱਛੇ ਉਹ ਕਿਹੜੀ ਸਮਝ, ਸੋਚ ਜਾਂ ਗੱਲ ਸੀ, ਜਿਸ ਕਰਕੇ ਉਹ ਇਹ ਕਹਿ ਸਕੇ। ਇਹ ਇਕ ਬਹੁਤ ਹੀ ਅਹਿਮ ਸਵਾਲ ਹੈ, ਭਗਤ ਸਿੰਘ ਦੇ ਤਰੀਕੇ ਨੂੰ ਜਾਨਣ ਦਾ। ਇਹਨਾਂ ਸਾਰੀਆਂ ਲਿਖਤਾਂ ਨੂੰ ਪੜ੍ਹ ਕੇ ਇਸ ਸਵਾਲ ਦਾ ਜਵਾਬ ਸੌਖੇ ਹੀ ਮਿਲ ਜਾਂਦਾ ਹੈ।

ਜਿਥੇ ਭਗਤ ਸਿੰਘ 'ਹੌਸਲੇ, ਦ੍ਰਿੜ੍ਹਤਾ ਅਤੇ ਆਤਮ-ਬਲੀਦਾਨ' ਦੇ ਗੁਣਾਂ ਦੀ ਬੇਮਿਸਾਲ ਉਦਾਹਰਨ ਹੈ ਉੱਥੇ ਉਦੇਸ਼ ਦੇ ਸੰਕਲਪ ਦੀ ਨਿਗਰਤਾ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ, ਇਤਿਹਾਸਕ ਪਦਾਰਥਵਾਦੀ ਪੜਚੋਲ ਢੰਗ, ਇਹ ਗੁਣ ਸਨ ਜਿਨ੍ਹਾਂ ਨਾਲ ਭਗਤ ਸਿੰਘ ਆਪਣੇ ਭੂਤ ਨੂੰ ਪਰਖ ਕੇ, ਵਰਤਮਾਨ ਨੂੰ ਸਮਝਦੇ ਹੋਏ ਭਵਿੱਖ ਲਈ ਪ੍ਰੋਗਰਾਮ ਉਲੀਕ ਸਕੇ।

ਜਦ 1925 ਵਿਚ ਕਾਕੋਰੀ ਐਕਸ਼ਨ ਬਾਅਦ ਹਿੰਦੋਸਤਾਨ ਰੀਪਬਲੀਕਨ ਪਾਰਟੀ ਦੇ ਲੀਡਰ ਫੜੇ ਗਏ ਤਾਂ ਪਾਰਟੀ ਦਾ ਭਾਰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ 'ਤੇ ਆ ਪਿਆ ਤਾਂ ਕਈ ਅਹਿਮ ਸਵਾਲ ਉਨ੍ਹਾਂ ਸਾਹਮਣੇ ਖੜੇ ਸਨ। ਜਿਵੇਂ ਕਿ ਆਪਣੇ ਨੇਤਾਵਾਂ ਦੀਆਂ ਮਹਾਨ ਕੁਰਬਾਨੀਆਂ ਅਤੇ ਲੋਕਾਂ ਲਈ ਅਟੁੱਟ ਲਗਨ ਦੇ ਬਾਵਜੂਦ ਉਹ ਲੋਕਾਂ ਦੇ ਨੇੜੇ ਨਾ ਪਹੁੰਚ ਸਕੇ। ਭਵਿੱਖ ਦੀ ਸਾਫ਼ ਸਪੱਸ਼ਟ ਤਸਵੀਰ ਕੀ ਹੋਵੇ। ਉਹ ਕੀ ਉਦੇਸ਼ ਹੈ ਜਿੱਥੇ ਭਾਰਤੀ ਲੋਕਾਂ ਨੇ ਪਹੁੰਚਣਾ ਹੈ, ਆਦਿ।

ਭਗਤ ਸਿੰਘ ਦੇ ਕਹਿਣ ਮੁਤਾਬਿਕ ਉਨ੍ਹਾਂ, 'ਅਧਿਐਨ ਕਰਨ' ਨੂੰ ਆਪਣਾ ਅਸੂਲ ਬਣਾਇਆ। ਭਾਰਤ ਵਿਚ ਇਨਕਲਾਬੀ ਲਹਿਰਾਂ ਦੇ ਤਜਰਬੇ ਨੂੰ ਗਹਿਰਾਈ ਨਾਲ ਘੋਖਿਆ ਅਤੇ ਦੁਨੀਆ ਭਰ ਦੇ ਇਨਕਲਾਬੀ ਵਿਚਾਰ ਅਤੇ ਤਜਰਬੇ ਵੀ ਘੋਖੇ ਅਤੇ ਸਮਝੇ। ਵਕਤ ਦੀ, ਲੋਕਾਂ ਦੀ ਲੋੜ ਨੂੰ ਸਮਝਣ ਦੇ ਹਰ ਯਤਨ ਕੀਤੇ। ਇਹ ਸੀ ਉਹ ਰਾਹ ਜਿਸਨੇ 'ਰੋਮਾਂਟਕ ਵਿਚਾਰਵਾਦੀ ਇਨਕਲਾਬੀ' ਨੂੰ 'ਵਿਗਿਆਨਕ ਇਨਕਲਾਬੀ' ਵਿਚ ਬਦਲ ਦਿੱਤਾ।



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੀ ਇਨਕਲਾਬੀ ਸੋਚ ਦਾ ਇਹ ਦ੍ਰਿੜ ਹਿੱਸਾ ਸੀ ਕਿ 'ਸੇਵਾ ਕਰਨਾ, ਕਸ਼ਟ ਸਹਿਣਾ ਅਤੇ ਕੁਰਬਾਨੀ ਕਰਨ' ਦੇ ਅਸੂਲ 'ਤੇ ਚਲਦੇ ਹੋਏ ਆਪਣੇ ਉਦੇਸ਼ ਦੀ ਪੂਰਤੀ ਹੋਣੀ ਚਾਹੀਦੀ ਹੈ। ਕਿਸੇ ਵੀ ਕਰਮ ਦੀ ਪਰਖ ਸਿਰਫ਼ ਇਹ ਹੀ ਹੋਵੇਗੀ ਕਿ ਉਹ ਉਦੇਸ਼ ਨੂੰ ਅੱਗੇ ਲਿਜਾਂਦਾ ਹੈ ਜਾਂ ਨਹੀਂ, ਲੋਕਾਂ ਵਿਚ ਹੌਸਲਾ ਪੈਦਾ ਕਰਦਾ ਹੈ ਜਾਂ ਨਹੀਂ ਅਤੇ ਪਾਰਟੀ ਨੂੰ ਮਜ਼ਬੂਤੀ ਦਿੰਦਾ ਹੈ ਜਾਂ ਨਹੀਂ। ਕਹਿਣ ਦਾ ਭਾਵ ਕਿ ਭਗਤ ਸਿੰਘ ਵਿਚਾਰਧਾਰਾ ਵਿਚ ਜਜ਼ਬਾਤ ਦੀ ਕੋਈ ਥਾਂ ਨਹੀਂ ਹੈ ਅਤੇ ਠੋਸ ਤਰਕ ਹੀ ਕਿਸੇ ਕਰਮ ਜਾਂ ਐਕਸ਼ਨ ਦੀ ਪਰਖ ਹੈ।

ਉਨ੍ਹਾਂ ਨੇ ਵਿਚਾਰਾਂ ਦੀ ਠੋਸਤਾ, ਯਾਨੀ ਕਿ ਵਿਗਿਆਨਕ ਆਧਾਰ 'ਤੇ ਇਤਿਹਾਸਕ ਪਦਾਰਥਵਾਦੀ ਅਸੂਲਾਂ ਉੱਤੇ ਢਾਲੇ ਹੋਏ ਅਤੇ ਇਨਕਲਾਬੀ ਚਰਿੱਤਰ ਦੀ ਮਜ਼ਬੂਤੀ 'ਤੇ ਬਹੁਤ ਹੀ ਜ਼ੋਰ ਦਿੱਤਾ। ਸਗੋਂ ਖ਼ੁਦ ਆਪਣੇ ਸਾਰੇ ਸਾਥੀਆਂ ਨਾਲ ਰਲ ਕੇ ਇਹਨਾਂ ਦੀ ਮਿਸਾਲ ਵੀ ਕਾਇਮ ਕੀਤੀ। ਇਨ੍ਹਾਂ ਆਧਾਰਾਂ 'ਤੇ ਖੜ੍ਹੀ ਕਰਨ ਲਈ ਇਨਕਲਾਬੀ ਪਾਰਟੀ ਬਾਰੇ ਲਿਖਦੇ ਹੋਏ ਉਹ ਕਹਿੰਦੇ ਹਨ "ਉਨ੍ਹਾਂ ਨੂੰ ਮਜ਼ਬੂਤ ਚਰਿੱਤਰ ਦੀ ਲੋੜ ਹੋਵੇਗੀ, ਯਾਨੀ ਕਿ ਪਹਿਲ-ਕਦਮੀ ਅਤੇ ਇਨਕਲਾਬੀ ਲੀਡਰਸ਼ਿਪ ਦੀ ਸਮਰੱਥਾ, ਜ਼ਾਬਤਾ ਭਰਪੂਰ ਅਤੇ ਗਹਿਰੇ ਅਧਿਐਨ ਨਾਲ ਬਣੀ ਮਜ਼ਬੂਤ ਸਮਝ।" ਅੱਗੇ ਉਹ ਲਿਖਦੇ ਹਨ, "ਸਮਾਜ ਦੀ ਮੁੱਢਲੀ ਤਬਦੀਲੀ, ਜੋ ਇਨਕਲਾਬ ਹੈ, ਮਿਹਨਤੀ ਵਿਚਾਰਵਾਨਾਂ ਅਤੇ ਮਿਹਨਤੀ ਕਾਰਜ-ਕਰਤਿਆਂ ਦੀ ਪੈਦਾਵਾਰ ਹੁੰਦੀ ਹੈ।" ਭਾਰਤ ਦੀ ਅਸਲੀਅਤ ਨੂੰ ਧਿਆਨ ਗੋਚਰਾ ਲਿਆਂਦੇ ਹੋਏ ਉਨ੍ਹਾਂ ਨੇ ਕਿਹਾ ਸੀ, "ਬਦ-ਕਿਸਮਤੀ ਨਾਲ ਇਨਕਲਾਬ ਦਾ ਬੌਧਿਕ ਸਮਾਨ ਆਮ ਤੌਰ 'ਤੇ ਬੇ-ਧਿਆਨਾ ਹੀ ਰਿਹਾ ਹੈ। ਇਸ ਕਰਕੇ ਇਨਕਲਾਬ ਦੀ ਅਤਿ ਜ਼ਰੂਰਤ ਅਤੇ ਇਨਕਲਾਬੀ ਪਾਰਟੀ ਦੇ ਕੰਮਾਂ ਦਾ ਠੀਕ ਅਸਰ ਕੀ ਹੋਵੇਗਾ, ਹਮੇਸ਼ਾ ਅੱਖੋਂ ਉਹਲੇ ਕਰ ਦਿੱਤਾ ਜਾਂਦਾ ਰਿਹਾ ਹੈ। ਇਸ ਕਰਕੇ ਇਕ ਇਨਕਲਾਬੀ ਨੂੰ, ਪੜ੍ਹਾਈ ਅਤੇ ਅਧਿਐਨ ਨੂੰ, ਆਪਣੀ ਪਵਿੱਤਰ ਡਿਊਟੀ ਬਣਾ ਲੈਣਾ ਚਾਹੀਦਾ ਹੈ।

ਭਾਰਤੀ ਸਮਾਜ ਦੀ ਇਤਿਹਾਸਕ ਲੋੜ ਨੂੰ ਭਾਂਪਦੇ ਹੋਏ, ਉਨ੍ਹਾਂ ਭਵਿੱਖ ਦੇ ਆਦਰਸ਼ ਨੂੰ ਸਾਫ਼ ਪ੍ਰਗਟਾਉਂਦੇ ਹੋਏ ਬਾਰ-ਬਾਰ ਲਿਖਿਆ, "ਇਨਕਲਾਬ ਜੋ ਲੋਕਾਂ ਲਈ ਹੋਵੇ ਅਤੇ ਲੋਕਾਂ ਰਾਹੀਂ ਲਿਆਂਦਾ ਜਾਵੇਗਾ।" "ਇਨਕਲਾਬ ਦੇ ਇਸ ਸਦੀ ਵਿਚ ਇਕ ਹੀ ਮਤਲਬ ਹੋ ਸਕਦੇ ਹਨ—ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ 'ਤੇ ਕਬਜ਼ਾ।" ਉਨ੍ਹਾਂ ਨੇ ਆਪਣੇ ਇਨਕਲਾਬ ਦੇ ਪ੍ਰੋਗਰਾਮ ਦੇ ਖਰੜੇ ਵਿਚ ਲਿਖਿਆ ਸੀ। "ਸਾਮਰਾਜਵਾਦੀਆਂ ਨੂੰ ਗੱਦੀਉਂ ਲਾਹੁਣ ਲਈ ਭਾਰਤ ਦਾ ਇਕੋ-ਇਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ।"

ਜਦ ਉਨ੍ਹਾਂ ਨੇ ਕੰਮ ਕਰਨ ਦੇ ਤਰੀਕਿਆਂ ਬਾਰੇ ਆਪਣੀ ਬਹਿਸ ਕੀਤੀ ਤਾਂ ਉਨ੍ਹਾਂ ਦੇ ਵਿਚਾਰ ਬਹੁਤ ਹੀ ਵਿਗਿਆਨਕ ਦਵੰਦਾਤਮਕ ਪੱਧਤੀ ਦੇ ਸਨ। ਹਿੰਸਾ-ਅਹਿੰਸਾ ਦੀ ਬਹਿਸ 'ਤੇ ਉਨ੍ਹਾਂ ਕਿਹਾ ਕਿ "ਹਿੰਸਾ ਕਿਸੇ ਬਹੁਤ ਹੀ ਖ਼ਾਸ ਹਾਲਾਤ ਵਿਚ ਜਾਇਜ਼ ਹੋ ਸਕਦੀ ਹੈ ਪਰ ਅਹਿੰਸਾ ਜਨ-ਅੰਦੋਲਨਾਂ ਦਾ ਮੁੱਖ ਹਥਿਆਰ ਹੋਵੇਗੀ।" ਤਰੀਕਿਆਂ ਨੂੰ ਜਜ਼ਬਾਤੀ ਉਲਝਣ ਤੋਂ ਉੱਪਰ ਉੱਠ ਕੇ ਹਾਲਾਤ ਨੂੰ ਲੋੜ ਦੀ ਪੂਰਤੀ ਮੁਤਾਬਕ ਅੰਗਣਾ ਉਨ੍ਹਾਂ ਦੀ ਸੋਚ ਦੀ ਖ਼ੂਬਸੂਰਤੀ ਹੈ ਤੇ ਇਹੀ ਹੈ ਇਨਕਲਾਬੀਪਨ। ਇਸ ਵਿਸ਼ੇ 'ਤੇ ਭਗਤ ਸਿੰਘ, ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ, "ਮੈਨੂੰ ਇਸ ਵਿਸ਼ੇ 'ਤੇ ਗ਼ਲਤ ਸਮਝਿਆ ਜਾ ਸਕਦਾ ਹੈ" ਅਤੇ ਜੇ ਅਸੀਂ ਪਿਛਲੇ ਸਮੇਂ 'ਤੇ ਝਾਤ ਮਾਰੀਏ ਤਾਂ ਦੇਖਦੇ ਹਾਂ ਕਿ ਭਗਤ ਸਿੰਘ ਨੂੰ ਲੋਕਾਂ ਨੇ ਜਜ਼ਬਾਤ ਦਾ ਹਿੱਸਾ ਤਾਂ ਬਣਾਇਆ ਹੈ ਪਰ ਆਪਣੀ ਸੋਚ ਦਾ ਹਿੱਸਾ ਨਹੀਂ ਬਣਾਇਆ, ਜਿਸ ਕਰਕੇ ਉਨ੍ਹਾਂ ਬਾਰੇ ਗ਼ਲਤ-ਫਹਿਮੀਆਂ ਪੈਦਾ ਕਰਨ ਜਾਂ ਇੰਜ ਕਹਿ ਲਈਏ, ਅਧੂਰੇ ਤੌਰ 'ਤੇ ਸਮਝਣ ਵੱਲ ਯਤਨ ਹੋਏ ਹਨ।



Sri Satguru Jagjit Singh Ji Elibrary NamdhariElibrary@gmail.com

ਅਜਿਹੇ ਹਾਲਾਤ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਨੇ ਇਹ ਕਿਹਾ ਸੀ ਕਿ, "ਮੈਂ ਆਪਣੀ ਸਾਰੀ ਤਾਕਤ ਨਾਲ ਇਹ ਕਹਿਣਾ ਚਾਹਾਂਗਾ ਕਿ ਨਾ ਮੈਂ ਦਹਿਸ਼ਤ ਪਸੰਦ ਹਾਂ ਅਤੇ ਨਾ ਹੀ ਸਾਂ, ਸਿਰਫ਼ ਇਨਕਲਾਬੀ ਜੀਵਨ ਦੇ ਸ਼ੁਰੂ ਦੇ ਚੰਦ ਦਿਨਾਂ ਦੇ ਸਿਵਾਏ। ਮੈਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਅਸੀਂ ਇਨ੍ਹਾਂ ਤਰੀਕਿਆਂ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ।" ਇਕ ਹੋਰ ਥਾਂ ਉਨ੍ਹਾਂ ਨੇ ਕਿਹਾ ਸੀ, "ਦਹਿਸ਼ਤਪਸੰਦੀ, ਸਾਡੇ ਅੰਦਰ ਇਨਕਲਾਬੀ ਸੋਚ ਦੀ ਪਕੜ ਦੇ ਅਭਾਵਾਂ ਦਾ ਪ੍ਰਗਟਾਵਾ ਹੈ।"

ਭਾਰਤੀ ਸੱਭਿਆਚਾਰ ਅਤੇ ਹਾਲਾਤ ਦੀ ਵਿਸ਼ੇਸ਼ਤਾ ਨੂੰ ਪਹਿਚਾਨਣ ਵਿਚ ਵੀ ਭਗਤ ਸਿੰਘ ਨੇ ਇਨਕਲਾਬੀ ਪਹਿਲ-ਕਦਮੀਂ ਦਿਖਾਈ ਹੈ। ਫਿਰਕਾਪ੍ਰਸਤੀ ਤੇ ਧਾਰਮਿਕ ਜਨੂੰਨ ਦੇ ਸਵਾਲ ਨੂੰ ਉਨ੍ਹਾਂ ਦੇ ਸਾਥੀਆਂ ਨੇ 1926 ਵਿਚ ਇਸ ਤਰ੍ਹਾਂ ਪਹਿਚਾਣਿਆ, "ਮਜ਼ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿਚ ਵੱਡੀ ਰੁਕਾਵਟ ਹਨ। ਇਨ੍ਹਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ" ਅਤੇ ਇਹ ਪਹਿਚਾਣਦੇ ਹੋਏ ਕਿ "ਸਾਡਾ ਅਸਲੀ ਸੰਘਰਸ਼ ਸਾਡੀਆਂ ਆਪਣੀਆਂ ਕਮਜ਼ੋਰੀਆਂ ਵਿਰੁੱਧ ਹੈ, ਜਿਨ੍ਹਾਂ ਦਾ ਲਾਭ ਸਾਡਾ ਦੁਸ਼ਮਣ ਵੀ ਉਠਾਉਂਦਾ ਹੈ ਅਤੇ ਸਾਡੇ ਆਪਣੇ ਵਿਚੋਂ ਕਈ ਖ਼ੁਦਗਰਜ਼ ਲੋਕ ਵੀ।" ਉਨ੍ਹਾਂ ਨੇ ਲੋਕ ਜਾਗ੍ਰਤੀ ਅਤੇ ਮਜ਼ਬੂਤ ਸੰਗਠਨ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਬੜੀ ਸਪੱਸ਼ਟਤਾ ਨਾਲ ਸਮਾਜਕ ਤਰੱਕੀ ਦੇ ਰਾਹ ਵਿਚ ਅੰਦਰੂਨੀ ਤੇ ਬੈਰੂਨੀ ਦੋਨਾਂ ਸਮੱਸਿਆਵਾਂ ਨੂੰ ਆਂਕਿਆ ਅਤੇ ਦੋਨਾਂ ਨੂੰ ਵੰਗਾਰਨ ਲਈ ਕਿਹਾ, "ਦੋਪਾਸੀ ਜੰਗ ਸਾਨੂੰ ਵੰਗਾਰ ਰਹੀ ਹੈ।"

ਜਿਨ੍ਹਾਂ ਨੌਜਵਾਨਾਂ ਨੇ ਦੇਸ਼ ਅਤੇ ਲੋਕਾਂ ਦੇ ਭਵਿੱਖ ਲਈ ਕੰਮ ਕਰਨਾ ਹੈ ਉਨ੍ਹਾਂ ਨੂੰ ਤਿਆਰੀ ਵਾਸਤੇ ਬਹੁਤ ਸਾਰੇ ਗੁਣਾਂ ਅਤੇ ਅਸੂਲਾਂ ਤੋਂ ਜਾਣੂ ਕਰਵਾਉਣ ਅਤੇ ਖ਼ੁਦ ਉਨ੍ਹਾਂ 'ਤੇ ਚੱਲ ਕੇ ਪੱਕੇ ਕਰਨ ਲਈ, ਭਗਤ ਸਿੰਘ ਨੇ ਬਹੁਤ ਹੀ ਕੰਮ ਕੀਤਾ। ਹਰ ਲਿਖਤ ਵਿਚ ਇਨ੍ਹਾਂ ਬਾਰੇ ਜਾਣਕਾਰੀ ਅੰਕਿਤ ਹੈ।

ਭਗਤ ਸਿੰਘ ਭਾਵੇਂ ਜ਼ਿੰਦਗੀ ਦੇ 23 ਸਾਲ ਹੀ ਪੂਰੇ ਕਰ ਸਕਿਆ, ਜਿਨ੍ਹਾਂ ਵਿਚੋਂ ਵੀ ਦੋ ਸਾਲ ਜੇਲ੍ਹ ਦੇ ਬਾਹਰ ਅਤੇ ਦੋ ਸਾਲ ਜੇਲ੍ਹ ਦੇ ਅੰਦਰ, ਉਸਦੇ ਕਰਮਸ਼ੀਲਤਾ ਦੇ ਦਿਨ ਸਨ। ਪਰ ਭਾਰਤੀ ਲੋਕਾਂ ਦੀ ਇਨਕਲਾਬੀ ਸੰਭਾਵਨਾ ਨੂੰ ਪ੍ਰਗਟਾਉਂਦੇ ਹੋਏ ਉਨ੍ਹਾਂ ਨੇ ਚਾਰ ਸਾਲਾਂ ਵਿਚ ਬਿਜਲੀ ਦੀ ਚਾਲ ਨਾਲ ਦਹਾਕਿਆਂ ਨਹੀਂ, ਸਦੀ ਦਾ ਕੰਮ ਪੂਰਾ ਕੀਤਾ। ਜੇਲ੍ਹ ਨੂੰ ਲਾਇਬ੍ਰੇਰੀ ਅਤੇ ਲਾਬੋਰੇਟਰੀ ਵਿਚ ਬਦਲ ਦਿੱਤਾ। ਭਾਰਤੀ ਇਨਕਲਾਬ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਇਨਕਲਾਬੀ ਪਦ-ਚਿੰਨ੍ਹ ਬਣਾਉਣ ਵਿਚ ਉਸਨੇ ਆਖ਼ਰੀ ਮਿੰਟ ਤੱਕ ਬਿਤਾਏ। ਕਿਉਂਕਿ ਉਹ ਜਾਣਦਾ ਸੀ ਕਿ ਸੰਭਾਵਨਾਵਾਂ ਤੇ ਅਸਲੀਅਤ ਦੇ ਦਵੰਦ ਵਿਚ ਅਸਲੀਅਤ ਭਾਰੂ ਹੁੰਦੀ ਹੈ ਅਤੇ ਸੰਭਾਵਨਾਵਾਂ ਅਗੇਰੇ ਪੜਾਅ 'ਤੇ ਪੈ ਜਾਂਦੀਆਂ ਹਨ। ਇਸੇ ਕਰਕੇ ਹਰ ਮਸਲਾ ਜੋ ਵਿਚਾਰ ਅਧੀਨ ਆਇਆ ਤੇ ਉਸ ਉੱਤੇ ਉਨ੍ਹਾਂ ਨੇ ਵਿਚਾਰ ਲਿਖ ਦਿੱਤੇ। ਇਹੀ ਕਾਰਨ ਹੈ "ਹਜ਼ਾਰ ਕੋਸ਼ਿਸ਼ ਕੀ ਓਨੋਂ ਨੇ, ਮਿਟਤਾ ਨਹੀਂ ਹੈ ਨਿਸ਼ਾਨ।" ਅੰਗਰੇਜ਼ ਅਤੇ ਉਸਦੇ ਬਾਅਦ ਵੀ ਕਈ ਪਿਛਾਂਹ-ਖਿੱਚੂ ਤਾਕਤਾਂ ਨੇ ਪੂਰਾ ਜ਼ੋਰ ਲਗਾਇਆ ਪਰ ਭਗਤ ਸਿੰਘ ਹਰ ਵਾਰ ਵੱਧ ਚਮਕ ਕੇ ਅੱਗੇ ਆਇਆ। ਜਦ ਵੀ ਭਗਤ ਸਿੰਘ ਬਾਰੇ ਕੋਈ ਭੁਲੇਖਾ ਖੜ੍ਹਾ ਕਰਨ ਦੀ ਕੋਸ਼ਿਸ਼ ਹੁੰਦੀ ਹੈ, ਉਹ ਬੋਲ ਉੱਠਦਾ ਹੈ। ਉਸ ਦੇ ਤਰਕ ਅੱਗੇ ਸਭ ਦੰਭ ਤੇ ਭਰਮ ਭੱਜ ਖਲੋਂਦੇ ਹਨ।

ਪਿਛਲੇ ਅਰਸੇ ਵਿਚ ਫਿਰਕਾਪ੍ਰਸਤਾਂ ਦਾ ਉਨ੍ਹਾਂ ਦੇ ਇਨਕਲਾਬੀ ਜੀਵਨ ਨੂੰ ਖ਼ਤਮ ਕਰਕੇ ਇਕ ਧਾਰਮਿਕ ਆਦਮੀ ਦੇ ਤੌਰ 'ਤੇ ਦਿਖਾਉਣ ਦਾ ਯਤਨ, 'ਮੈਂ ਨਾਸਤਿਕ ਕਿਉਂ ਹਾਂ ?' ਨੇ



Sri Satguru Jagjit Singh Ji Elibrary NamdhariElibrary@gmail.com

ਭਸਮ ਕਰ ਦਿੱਤਾ। ਇਸਦੇ ਨਾਲ ਹੀ ਭਗਤ ਸਿੰਘ ਦੀ ਵਿਗਿਆਨਕ ਸੋਚ ਦਾ ਪੱਖ ਉੱਘੜ ਕੇ ਲੋਕਾਂ ਦੇ ਸਾਹਮਣੇ ਆਇਆ।

ਭਗਤ ਸਿੰਘ ਨੇ ਕਿਹਾ, "ਜਿਹੜਾ ਵੀ ਬੰਦਾ ਪ੍ਰਗਤੀ ਦਾ ਹਾਮੀ ਹੈ, ਤਾਂ ਉਹਦੇ ਲਈ ਪੁਰਾਣੇ ਅਕੀਦੇ ਨੂੰ ਨਾ ਮੰਨਣਾ ਅਤੇ ਇਨ੍ਹਾਂ ਨੂੰ ਚੈਲੰਜ ਕਰਨਾ ਜ਼ਰੂਰੀ ਹੋ ਜਾਂਦਾ ਹੈ। ਉਹਦੇ ਲਈ ਜ਼ਰੂਰੀ ਹੈ ਕਿ ਉਹ ਪ੍ਰਚਲਿਤ ਵਿਸ਼ਵਾਸ ਦੀ ਇਕ-ਇਕ ਗੱਲ ਨੂੰ ਦਲੀਲ ਉੱਤੇ ਪਰਖੇ...ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਾਰੇ ਦੇ ਸਾਰੇ ਪੁਰਾਤਨ ਵਿਸ਼ਵਾਸਾਂ ਨੂੰ ਚੈਲੰਜ ਕਰਨਾ ਪਏਗਾ...ਉਹਦਾ ਪਹਿਲਾ ਕੰਮ ਇਹ ਹੈ ਕਿ ਉਹ ਪੁਰਾਣੇ ਵਿਸ਼ਵਾਸ ਨੂੰ ਤਹਿਸ ਨਹਿਸ ਕਰਕੇ ਨਵੇਂ ਵਿਚਾਰਾਂ ਦੇ ਫ਼ਲਸਫ਼ੇ ਦੀ ਉਸਾਰੀ ਲਈ ਜ਼ਮੀਨ ਤਿਆਰ ਕਰੇ।" ਅਜੋਕੇ ਸਮੇਂ ਵਿਚ ਇਹ ਸੁਨੇਹਾ ਕਿੰਨਾ ਮਹੱਤਵਪੂਰਨ ਹੈ। ਭਗਤ ਸਿੰਘ ਸਿਰਫ਼ ਸਾਮਰਾਜ ਦੇ ਵਿਰੁੱਧ ਨਿਧੜਕ ਹੋ ਕੇ ਹੀ ਨਹੀਂ ਲੜਿਆ ਸਗੋਂ ਸਮਾਜਕ ਪੱਛੜੇਪਨ ਅਤੇ ਵਿਚਾਰਧਾਰਕ ਅੰਧ-ਵਿਸ਼ਵਾਸ ਨਾਲ ਵੀ ਓਨੀ ਹੀ ਨਿਧੜਕਤਾ ਅਤੇ ਬੇਖ਼ੌਫ਼ੀ ਨਾਲ ਟਕਰਾਇਆ ਹੈ।

ਭਗਤ ਸਿੰਘ ਵਿਚਾਰਧਾਰਾ, ਗਾਂਧੀਵਾਦੀ ਵਿਚਾਰਾਂ ਨੂੰ ਨਪੁੰਸਕ ਸਮਝ ਕੇ ਉਸ ਦੀ ਮੁਖਾਲਫ਼ਤ ਕਰਦੀ ਸੀ ਪਰ ਜਦ ਗਾਂਧੀਵਾਦ ਦੇ ਇਤਿਹਾਸਕ ਰੋਲ ਨੂੰ ਆਂਕਣ ਦੀ ਗੱਲ ਆਈ ਤਾ ਇਕ ਵਿਗਿਆਨਕ ਯਥਾਰਥਵਾਦੀ ਵਾਂਗ ਉਹ ਕਹਿੰਦੇ ਸਨ "ਗਾਂਧੀ ਇਕ ਦਿਆਲੂ ਮਾਨਵਤਾਵਾਦੀ ਆਦਮੀ ਹੈ ਪਰ ਅਜਿਹੇ ਦਿਆਲੂਪੁਣੇ ਨਾਲ ਸਮਾਜਕ ਤਬਦੀਲੀ ਨਹੀਂ ਆਉਂਦੀ, ਸਗੋਂ ਉਸ ਲਈ ਇਕ ਵਿਗਿਆਨਕ ਅਤੇ ਗਤੀਸ਼ੀਲ ਸਮਾਜਿਕ ਸ਼ਕਤੀ ਦੀ ਜ਼ਰੂਰਤ ਹੈ।" ਉਨ੍ਹਾਂ ਨੇ 2 ਫ਼ਰਵਰੀ 1931 ਨੂੰ ਲਿਖੇ ਇਕ ਲੰਬੇ ਲੇਖ ਵਿਚ ਲਿਖਿਆ ਕਿ "ਸਾਨੂੰ ਕਾਂਗਰਸ ਲਹਿਰ ਦੀਆਂ ਸੰਭਾਵਨਾਵਾਂ, ਹਾਰਾਂ ਅਤੇ ਪ੍ਰਾਪਤੀਆਂ ਬਾਰੇ ਕਿਸੇ ਕਿਸਮ ਦਾ ਭਰਮ ਨਹੀਂ ਹੋਣਾ ਚਾਹੀਦਾ। ਇਹ ਲਹਿਰ, ਜੋ ਅੱਜ ਹੈ, ਨੂੰ ਗਾਂਧੀਵਾਦ ਕਹਿਣਾ ਹੀ ਠੀਕ ਹੈ। ...ਇਸ ਦਾ ਤਰੀਕਾ ਅਨੂਠਾ ਹੈ, ਪਰ ਇਸਦੇ ਵਿਚਾਰ, 'ਵਿਚਾਰੇ ਲੋਕਾਂ' ਦੇ ਲਈ ਕਿਸੇ ਕੰਮ ਦੇ ਨਹੀਂ। ਗਾਂਧੀਵਾਦ, ਸਾਬਰਮਤੀ ਦੇ ਸੰਤ ਨੂੰ ਕੋਈ ਸਥਾਈ ਚੇਲੇ ਨਹੀਂ ਦੇ ਸਕੇਗਾ। ...ਇਸਨੂੰ ਚਲਾਉਣ ਵਾਲੇ ਵੀ ਦੇਸ਼ ਦੇ ਅਜਿਹੇ ਲੋਕ ਹਨ, ਜਿਨ੍ਹਾਂ ਦਾ ਹਿਤ ਇਸ ਨਾਲ ਬੱਝਾ ਹੈ ਅਤੇ ਉਹ ਆਪਣੇ ਹਿਤਾਂ ਨਾਲ ਬੁਰਜਵਾ ਹੱਠ ਰਾਹੀਂ ਚਿਪਕੇ ਹੋਏ ਹਨ। ਜੇ ਇਨਕਲਾਬੀ ਖ਼ੂਨ ਨਾਲ ਇਸਨੂੰ ਗਰਮਾਇਆ ਨਾ ਗਿਆ ਤਾਂ ਇਸਦਾ ਗਤੀਹੀਣ ਹੋਣਾ ਲਾਜ਼ਮੀ ਹੈ। ਇਸਨੂੰ ਤਾਂ ਇਸਦੇ ਦੋਸਤਾਂ ਤੋਂ ਬਚਾਉਣ ਦੀ ਲੋੜ ਹੈ।"

ਪਰ ਜਿਵੇਂ ਭਗਤ ਸਿੰਘ ਨੇ ਕਿਹਾ ਸੀ ਕਿ ਕਿਸੇ ਵੀ ਹਾਲਾਤ ਦੇ ਵਿਸ਼ਲੇਸ਼ਨ ਦਾ ਅਸਲ ਪਹਿਲੂ ਹੈ, ਆਪ ਸਮਝਣਾ ਅਤੇ ਲੋਕਾਂ ਨੂੰ ਚੇਤੰਨ ਕਰਨ ਦੇ ਕਾਬਲ ਹੋਣਾ। ਇਸੇ ਸਪਿਰਟ ਵਿਚ ਗਾਂਧੀਵਾਦ ਦਾ ਯਥਾਰਥਕ ਅੰਦਾਜ਼ਾ ਲਗਾਉਂਦੇ ਹੋਏ ਉਹ ਕਹਿੰਦੇ ਹਨ, "ਇਕ ਤਰੀਕੇ ਨਾਲ, ਗਾਂਧੀਵਾਦ ਆਪਣੇ ਭਾਣਾ ਮੰਨਣ ਦੇ ਮੱਤ ਰੱਖਣ ਦੇ ਬਾਵਜੂਦ, ਇਨਕਲਾਬੀ ਵਿਚਾਰਾਂ ਦੇ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਕਿਉਂਕਿ ਇਹ ਜਨਤਕ ਐਕਸ਼ਨ 'ਤੇ ਨਿਰਭਰ ਕਰਦਾ ਹੈ, ਭਾਵੇਂ ਉਹ ਜਨਤਾ ਵਾਸਤੇ ਨਹੀਂ ਹਨ। ਉਨ੍ਹਾਂ ਨੇ ਕਿਰਤੀਆਂ ਨੂੰ ਲਹਿਰ ਵਿਚ ਹਿੱਸੇਦਾਰ ਬਣਾ ਕੇ, ਕਿਰਤੀ ਇਨਕਲਾਬ ਲਈ ਰਾਹ ਪਾ ਦਿੱਤਾ ਹੈ।" ਅਤੇ ਫਿਰ ਕਹਿੰਦੇ ਹਨ "ਇਨਕਲਾਬੀਆਂ ਨੂੰ 'ਅਹਿੰਸਾ ਦੇ ਫਰਿਸ਼ਤੇ' ਨੂੰ ਉਸਦਾ ਯੋਗ ਥਾਂ ਦੇਣਾ ਚਾਹੀਦਾ ਹੈ।"

ਇਸ ਤਰ੍ਹਾਂ ਭਗਤ ਸਿੰਘ ਜਿਥੇ ਸਾਨੂੰ ਪ੍ਰੇਰਨਾ ਦਿੰਦਾ ਹੈ, ਨਿਸ਼ਕਾਮ ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਚਾਈ ਲਈ ਖੜੇ ਹੋਣ ਦੀ, ਉੱਥੇ ਵਿਚਾਰਧਾਰਕ ਪ੍ਰਪੱਕਤਾ ਅਤੇ ਤਰਕਵਾਦੀ ਵਿਗਿਆਨਕ ਤਰੀਕੇ ਨਾਲ ਇਤਿਹਾਸ, ਆਪਣੇ ਆਲੇ-ਦੁਆਲੇ ਅਤੇ ਭਵਿੱਖ ਦੇ ਮਸਲਿਆਂ ਦਾ ਵਿਸ਼ਲੇਸ਼ਨ ਕਰਨ ਲਈ ਤਰੀਕਾ ਵੀ ਸਿਖਾਉਂਦਾ ਹੈ।



Sri Satguru Jagjit Singh Ji Elibrary NamdhariElibrary@gmail.com

ਪਰ ਭਗਤ ਸਿੰਘ ਕਹਿੰਦਾ ਹੈ, "ਲੋੜ ਹੈ ਉਨ੍ਹਾਂ ਨੌਜਵਾਨਾਂ ਦੀ ਜੋ ਪਹਿਲ-ਕਦਮੀ ਕਰ ਸਕਦੇ ਹੋਣ, ਆਜ਼ਾਦਾਨਾ ਸੋਚ ਸਕਦੇ ਹੋਣ, ਇਨਕਲਾਬੀ ਅਗਵਾਈ ਦੇ ਸਕਦੇ ਹੋਣ ਅਤੇ ਸੇਵਾ ਕਰਨ, ਕਸ਼ਟ ਝੱਲਣ ਅਤੇ ਕੁਰਬਾਨੀ ਦੇ ਅਸੂਲਾਂ 'ਤੇ ਚਲ ਸਕਦੇ ਹੋਣ।" ਪਰ ਜਦ ਅਸੀਂ ਪੜ੍ਹੀਏ ਤਾਂ ਭਗਤ ਸਿੰਘ ਦੀ ਇਸ ਤਾੜਨਾ ਨੂੰ ਵੀ ਯਾਦ ਰੱਖੀਏ : "ਇਹਨੂੰ ਅੱਖਾਂ ਬੰਦ ਕਰਕੇ ਨਾ ਪੜ੍ਹੋ। ਇਹ ਨਾ ਸਮਝ ਲਓ ਕਿ ਇਸ ਵਿਚ ਜੋ ਲਿਖਿਆ ਹੈ, ਉਹ ਸਹੀ ਹੈ। ਇਸਨੂੰ ਪੜ੍ਹੋ, ਇਸਦੀ ਆਲੋਚਨਾ ਕਰੋ। ਸ਼ਹੀਦ ਭਗਤ ਸਿੰਘ ਇਕ ਹੋਰ ਗੁਰੂ ਨਹੀਂ, ਇਨਕਲਾਬੀ ਸਾਥੀ ਬਣਨਾ ਲੋਚਦਾ ਹੈ। ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ ਵਿਚ ਦੋ ਸਤਹ ਦੀਆਂ ਲਿਖਤਾਂ ਹਨ, ਇਕ ਜੋ ਆਮ ਦੇਸ਼ ਵਾਸੀਆਂ ਨੂੰ ਸੰਬੋਧਨ ਹਨ ਤੇ ਕੁਝ ਬਹੁਤ ਉੱਚ ਪੱਧਰੀ ਜੋ ਆਪਣੇ ਗਹਿਰੇ ਇਨਕਲਾਬੀ ਸਾਥੀਆਂ ਨੂੰ ਸੰਬੋਧਨ ਹਨ। ਪੜ੍ਹਨ ਵੇਲੇ ਤੇ ਵਿਚਾਰ ਕਰਨ ਵੇਲੇ ਇਸ ਫ਼ਰਕ ਨੂੰ ਸਮਝਣ ਦੀ ਬਹੁਤ ਲੋੜ ਹੈ ਤਾਂ ਕਿ ਅਸੀਂ ਆਪਣੇ ਪੱਧਰ ਨੂੰ ਉੱਪਰ ਉਠਾ ਤੇ ਉਨ੍ਹਾਂ ਲਿਖਤਾਂ ਦਾ ਠੀਕ ਜਾਇਜ਼ਾ ਲਗਾ ਸਕੀਏ।

ਆਸ ਹੈ, ਸ਼ਹੀਦ ਭਗਤ ਸਿੰਘ ਖੋਜ ਕਮੇਟੀ ਦੀ ਇਹ ਕੋਸ਼ਿਸ਼, ਅੱਜ ਦੇ ਮਸਲਿਆਂ ਨੂੰ ਪਰਖਣ ਵਿਚ, ਭਗਤ ਸਿੰਘ ਨਾਲ ਵਿਚਾਰ ਵਟਾਂਦਰਾ ਕਰਨ ਲਈ, ਇਕ ਯਥਾਰਥਕ ਚਰਚਾ ਸ਼ੁਰੂ ਕਰਨ ਵਿਚ ਮਦਦਗਾਰ ਸਾਬਤ ਹੋਵੇਗੀ।


ਮਾਰਚ, 1985

ਜਗਮੋਹਨ ਸਿੰਘ
ਸਕੱਤਰ
ਸ਼ਹੀਦ ਭਗਤ ਸਿੰਘ ਖੋਜ ਕਮੇਟੀ
2409, ਕ੍ਰਿਸ਼ਨਾ ਨਗਰ, ਲੁਧਿਆਣਾ।

●



Sri Satguru Jagjit Singh Ji Elibrary NamdhariElibrary@gmail.com



ਸ਼ਹੀਦ ਕਰਤਾਰ ਸਿੰਘ ਸਰਾਭਾ
ਗਦਰ ਪਾਰਟੀ ਦੇ ਹੀਰੋ ਭਗਤ ਸਿੰਘ ਦੀ ਪ੍ਰੇਰਨਾ ਦੇ ਸ੍ਰੋਤ
(ਸ਼ਹਾਦਤ 16 ਨਵੰਬਰ 1915)



Sri Satguru Jagjit Singh Ji Elibrary NamdhariElibrary@gmail.com



**ਸ਼ਹੀਦ ਸ਼ਿਵ ਰਾਮ ਰਾਜਗੁਰੂ**

(ਸ਼ਹਾਦਤ 23 ਮਾਰਚ, 1931)



Sri Satguru Jagjit Singh Ji Elibrary NamdhariElibrary@gmail.com



**ਸ਼ਹੀਦ ਸੁਖਦੇਵ**
(ਸ਼ਹਾਦਤ 23 ਮਾਰਚ, 1931)



Sri Satguru Jagjit Singh Ji Elibrary NamdhariElibrary@gmail.com



**ਸ਼ਹੀਦ ਭਗਵਤੀ ਚਰਨ ਵੋਹਰਾ**

**ਲਾਹੌਰ ਰਾਵੀ ਕੰਢੇ ਬੰਬ ਵਿਸਫੋਟ ਨਾਲ ਸ਼ਹਾਦਤ**

**(27 ਮਈ, 1930)**



Sri Satguru Jagjit Singh Ji Elibrary NamdhariElibrary@gmail.com



**ਸ਼ਹੀਦ ਮਹਾਂ ਵੀਰ ਸਿੰਘ**

**ਕਾਲੇਪਾਣੀ ਕੈਦ ਦੌਰਾਨ ਭੁੱਖ ਹੜਤਾਲ ਨਾਲ ਸ਼ਹਾਦਤ**

**(17 ਮਈ, 1933)**



Sri Satguru Jagjit Singh Ji Elibrary NamdhariElibrary@gmail.com



ਸ਼ਹੀਦ ਜਤਿੰਦਰ ਨਾਥ ਦਾਸ
63 ਦਿਨ ਲੰਮੀ ਹੜਤਾਲ ਤੋਂ ਬਾਅਦ ਸ਼ਹਾਦਤ
(13 ਸਤੰਬਰ, 1929)



Sri Satguru Jagjit Singh Ji Elibrary NamdhariElibrary@gmail.com



**ਸ਼ਹੀਦ ਚੰਦਰ ਸ਼ੇਖਰ ਆਜ਼ਾਦ**
ਅਲਾਹਾਬਾਦ ਦੇ ਐੱਲਫਰੈਡ ਪਾਰਕ
ਵਿਚ ਪੁਲਿਸ ਮੁਕਾਬਲੇ
ਵਿਚ ਸ਼ਹਾਦਤ
(27 ਫਰਵਰੀ, 1931)



**ਵੋਹਰਾ ਪਰਿਵਾਰ (ਸੰਨ 1929)**
ਸ਼ਹੀਦ ਭਗਵਤੀ ਚਰਨ ਵੋਹਰਾ
ਤੇ ਦੁਰਗਾ ਭਾਬੀ
ਆਪਣੇ ਇਕਲੌਤੇ ਬੱਚੇ ਸਚੀ
ਨਾਲ

Sri Satguru Jagjit Singh Ji Elibrary NamdhariElibrary@gmail.com



ਸ਼ਹੀਦ ਭਗਤ ਸਿੰਘ ਦੇ ਸਾਥੀ ਡਾ. ਗਿਆ ਪ੍ਰਸਾਦ, ਸ੍ਰੀ ਸ਼ਿਵ ਵਰਮਾ, ਠਾਕਰ ਰਾਮ ਸਿੰਘ, ਲੇਖਕ ਜਗਮੋਹਨ ਸਿੰਘ ਤੇ ਡਾ. ਅਮਰਜੀਤ ਕੌਰ ਨਾਲ ਲੁਧਿਆਣਾ ਵਿਖੇ।



Sri Satguru Jagjit Singh Ji Elibrary NamdhariElibrary@gmail.com

# Ancestors of Shahid Bhagat Singh



S. Arjun Singh
(Grand Father)



S. Kishan Singh
(Father)



Smt. Vidya Vati
(Mother)



Smt. Harnam Kaur
(W/o S. Ajit Singh)



S. Ajit Singh
(Uncle)



S. Swaran Singh
(Uncle)



Smt. Hukam Kaur
(W/o S. Swaran Singh)



Sri Satguru Jagjit Singh Ji Elibrary NamdhariElibrary@gmail.com






12 ਸਾਲ ਦਾ ਅੱਲੜ ਭਗਤ ਸਿੰਘ



Sri Satguru Jagjit Singh Ji Elibrary NamdhariElibrary@gmail.com




**ਸ਼ਹੀਦ ਭਗਤ ਸਿੰਘ, ਪਹਿਲੀ ਗ੍ਰਿਫ਼ਤਾਰੀ ਸਮੇਂ**
**ਲਾਹੌਰ (ਮਈ 1927)**



Sri Satguru Jagjit Singh Ji Elibrary NamdhariElibrary@gmail.com

1928 के जनवरी और फरवरी के महीनो में शहीद भगत सिंह भारत की आजादी के परवानो की जीवनीयां परचारेने और परसाने में जी जान से लगे थे। उस समय यह पत्र दिल्ली से प्रकाशित होने वाली पत्रिका महारथी को लिखा गया था। पहली बार देबारा प्रकाशित किया जा रहा है।



(ਪੰਜਾਬੀ ਦਸਤਖਤ)

ਲਿਖਤਾਂ 'ਜੇਲ ਨੋਟ ਬੁੱਕ' ਵਿਚੋਂ ਇਕ ਸਫ਼ਾ



Sri Satguru Jagjit Singh Ji Elibrary NamdhariElibrary@gmail.com



ਦੁਰਗਾ ਭਾਬੀ, ਸ.ਮੱਖਣ ਸਿੰਘ ਜੀਵਨ ਸਾਥੀ ਬੀਬੀ ਅਮਰ ਕੌਰ ਤੇ ਮਨਜੀਤ ਸਿੰਘ ਨਾਲ ਲੁਧਿਆਣਾ ਵਿਖੇ



Sri Satguru Jagjit Singh Ji Elibrary NamdhariElibrary@gmail.com





ਇਹ ਜੇਬ ਘੜੀ ਤੇ ਬੂਟ ਸ਼ਹੀਦ ਭਗਤ ਸਿੰਘ ਅਸੈਂਬਲੀ ਵਿਚ ਬੰਬ ਧਮਾਕਾ ਕਰਨ ਤੋਂ ਪਹਿਲਾਂ ਆਪਣੇ ਸਾਥੀ ਸ਼੍ਰੀ ਜੈਦੇਵ ਕਪੂਰ ਨੂੰ ਦੇ ਗਏ ਸਨ। ਉਹਨਾਂ ਮੁਤਾਬਕ ਇਹ ਘੜੀ 1915 ਵਿਚ ਗ਼ਦਰ ਪਾਰਟੀ ਦੇ ਗਦਰ ਦਿਨ ਨੂੰ ਮਾਰਕ ਕਰਨ ਲਈ ਸ਼੍ਰੀ ਰਾਮ ਬਿਹਾਰੀ ਬੋਸ ਜੀ ਨੇ ਲਈ ਸੀ ਜੋ ਸ਼੍ਰੀ ਸਚਿੰਦਰ ਨਾਥ ਸਾਨਿਆਲ ਜੀ ਨੂੰ ਦੇ ਗਏ ਸਨ ਜਿਹਨਾਂ 1925-26 ਵਿਚ ਸ਼ਹੀਦ ਭਗਤ ਸਿੰਘ ਨੂੰ ਦਿੱਤੀ।



Sri Satguru Jagjit Singh Ji Elibrary NamdhariElibrary@gmail.com



ਕੌਮੀ ਕਾਲਜ ਲਾਹੌਰ ਵਲੋਂ ਖੇਡੇ ਗਏ ਹਿੰਦੀ ਨਾਟਕ 'ਭਾਰਤ ਦੁਰਦਸ਼ਾ' ਦੀ ਨਾਟਕ ਟੋਲੀ ਨਾਲ ਭਗਤ ਸਿੰਘ (ਸੱਜਿਓਂ ਚੌਥੇ)



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਭਗਤ ਸਿੰਘ ਦਾ ਜੀਵਨ ਵਿਕਾਸ

*—ਪ੍ਰੋ. ਜਗਮੋਹਨ ਸਿੰਘ*

ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਸਾਡੇ ਕੌਮੀ ਇਤਿਹਾਸ ਵਿਚ ਇਕ ਖ਼ਾਸ ਥਾਂ ਰੱਖਦੇ ਹਨ। ਉਨ੍ਹਾਂ ਦੇ ਜੀਵਨ ਵਿਚ ਕੌਮੀ ਜਜ਼ਬੇ ਤੇ ਅੰਤਰਰਾਸ਼ਟਰੀ ਵਿਗਿਆਨਕ ਸੋਚ ਦਾ ਸੁਮੇਲ ਸਾਨੂੰ ਮਿਲਦਾ ਹੈ। ਇਹੀ ਕਾਰਨ ਹੈ ਕਿ ਭਾਰਤ ਦੇ ਲੋਕ ਉਨ੍ਹਾਂ ਲਈ ਇਕ ਖ਼ਾਸ ਪਿਆਰ ਦਾ ਇਜ਼ਹਾਰ ਕਰਦੇ ਹਨ। ਅੱਜ ਦੀਆਂ ਹਾਲਤਾਂ ਵਿਚ ਵੀ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਵਿਚਾਰਧਾਰਾ, ਜੀਵਨ ਅਤੇ ਫ਼ਰਜ਼ ਨਿਭਾਉਣ ਦਾ ਤਰੀਕਾ ਸਾਡੇ ਲਈ ਰਾਹ ਦਿਖਾਉਂਦਾ ਹੈ। ਸ਼ਹੀਦ ਭਗਤ ਸਿੰਘ ਦਾ ਜੀਵਨ ਉਸ ਲਹਿਰ ਦਾ ਸਾਰ ਬਣ ਗਿਆ ਹੈ ਅਤੇ ਉਹਨਾਂ ਦੇ ਆਪਣੇ ਲਫ਼ਜ਼ਾਂ ਵਿਚ ਉਹਨਾਂ ਦਾ ਜੀਵਨ ਵਿਕਾਸ "ਵਕਤ ਅਤੇ ਹਾਲਾਤ ਦਾ ਸਾਡੇ 'ਤੇ ਅਸਰ ਦਾ ਨਤੀਜਾ ਹੈ।" ਇਥੇ ਇਹੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਸੰਬੰਧੀ ਕੁਝ ਜਾਣਿਆ ਜਾਵੇ ਤਾਂ ਕਿ ਅੱਜ ਵੀ ਨੌਜਵਾਨ ਆਪਣੇ ਸਮੇਂ ਦੇ ਵਕਤ ਅਤੇ ਹਾਲਾਤ ਤੋਂ ਸਿੱਖਦੇ ਹੋਏ, ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਜਨਤਾ ਪ੍ਰਤੀ ਸੁਫ਼ਨੇ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਣ।

## ਬਚਪਨ

ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਬੰਗੇ ਚੱਕ 105 ਜ਼ਿਲਾ ਲਾਇਲਪੁਰ ਵਿਚ ਹੋਇਆ। 1907 ਦਾ ਸਾਲ ਪੰਜਾਬ ਦੀ ਕਿਸਾਨ ਦੀ ਜਾਗ੍ਰਤੀ ਦਾ ਸਾਲ ਸੀ, ਜਦ ਬਾਰਾਂ ਵਿਚ 'ਪਗੜੀ ਸੰਭਾਲ ਜੱਟਾ' ਲਹਿਰ ਚੱਲੀ ਸੀ ਅਤੇ ਸ. ਕਿਸ਼ਨ ਸਿੰਘ (ਪਿਤਾ ਜੀ), ਸ. ਅਜੀਤ ਸਿੰਘ (ਚਾਚਾ ਜੀ) ਅਤੇ ਉਨ੍ਹਾਂ ਦੇ ਸਾਥੀ 1857 ਦੀ ਪੰਜਾਹ ਸਾਲਾ ਵਰ੍ਹੇਗੰਢ, ਇਕ ਵਿਸ਼ਾਲ ਆਜ਼ਾਦੀ ਦੀ ਲਹਿਰ ਪੈਦਾ ਕਰਕੇ ਮਨਾਉਣਾ ਚਾਹੁੰਦੇ ਸਨ। ਫ਼ੌਜਾਂ, ਜਨਤਾ ਤੇ ਦੇਸੀ ਰਾਜਿਆਂ ਨੂੰ ਇਕੱਠੇ ਕਰਕੇ ਜ਼ੋਰਦਾਰ ਧੱਕੇ ਨਾਲ ਅੰਗਰੇਜ਼ ਨੂੰ ਭਾਰਤ ਵਿਚੋਂ ਕੱਢ ਕੇ ਭਾਰਤ ਗਣਤੰਤਰ ਸਥਾਪਿਤ ਕਰਨ ਦੀ ਕੋਸ਼ਿਸ਼ ਵਿਚ ਰੁੱਝੇ ਸਨ। ਪਰ ਹਾਲਾਤ ਪੂਰੇ ਸਾਜ਼ਗਰ ਨਾ ਹੋ ਸਕੇ। ਘਰ ਦੇ ਇਸ ਮਾਹੌਲ ਵਿਚ ਭਗਤ ਸਿੰਘ ਦਾ ਬਚਪਨ ਬੀਤਿਆ। ਉਨ੍ਹਾਂ ਦੇ ਪਰਿਵਾਰ ਵਿਚ ਸਭ ਤੋਂ ਪਹਿਲਾਂ ਇਨਕਲਾਬੀ ਪੈਦਾ ਕਰਨ ਵਾਲੇ ਉਨ੍ਹਾਂ ਦੇ ਦਾਦਾ ਜੀ ਸ. ਅਰਜਨ ਸਿੰਘ ਸਨ। ਉਨ੍ਹਾਂ ਨੇ ਆਪਣੇ ਤਿੰਨੇ ਪੁੱਤਰਾਂ ਅਤੇ ਫਿਰ ਪੋਤਿਆਂ ਨੂੰ ਲੋਕਾਂ ਪ੍ਰਤੀ ਪਿਆਰ ਕਰਨ ਲਈ ਪ੍ਰੇਰਿਆ ਤੇ ਲੋਕਾਂ ਦੀ ਮੁਕਤੀ ਲਈ ਅੱਗੇ ਤੋਰਿਆ। ਇਸ ਘਰ ਦਾ ਮਾਹੌਲ ਕੀ ਸੀ, ਇਸ ਬਾਰੇ ਜਾਨਣਾ ਬੜਾ ਦਿਲਚਸਪ ਹੈ। ਬਾਬਾ ਅਰਜਨ ਸਿੰਘ ਇਕ ਸੂਝਵਾਨ ਪੇਂਡੂ ਸਨ। ਮਿਡਲ ਤੱਕ ਪੜ੍ਹ ਕੇ, ਵੈਦਗੀ ਸਿੱਖ ਲਈ ਸੀ ਕਿਉਂਕਿ ਅੰਗਰੇਜ਼ ਦੇ ਪੰਜਾਬ 'ਤੇ ਰਾਜ ਬਾਅਦ ਅਕਾਲਾਂ ਤੇ ਬਿਮਾਰੀਆਂ 'ਚ ਬੜਾ ਵਾਧਾ ਹੋਇਆ ਸੀ। ਇਸ ਲਈ ਆਮ ਆਦਮੀ ਨੂੰ ਡਾਕਟਰੀ ਮਦਦ ਜ਼ਰੂਰੀ ਸੀ। ਪਰ ਵਰਤਦੇ ਸਨ ਲੋਕ ਸੇਵਾ ਲਈ ਲਾਗਤ ਖ਼ਰਚ 'ਤੇ। ਪਿੰਡ ਵਿਚ ਹੀ ਨਹੀਂ ਇਲਾਕੇ ਭਰ ਵਿਚ ਵਿਚਾਰੇ ਸਿੱਧੇ-ਸਾਦੇ ਪੇਂਡੂਆਂ ਵਾਸਤੇ ਜ਼ੁਲਮ, ਦਬਾਅ ਅਤੇ ਲੁੱਟ ਦੇ ਉਲਟ ਲੜਨ ਲਈ ਉਹ ਇਕ ਸਹਾਰਾ ਸਨ। ਉਹ ਆਰੀਆ ਸਮਾਜੀ ਪ੍ਰਭਾਵ ਹੇਠ ਆ ਕੇ ਅੰਧ-



Sri Satguru Jagjit Singh Ji Elibrary NamdhariElibrary@gmail.com

ਵਿਸ਼ਵਾਸਾਂ ਅਤੇ ਛੂਤ-ਛਾਤ ਤੋਂ ਮੁਕਤ ਹੋ ਗਏ ਸਨ ਅਤੇ ਪੋਂਛੂ ਦੱਬੇ ਕੁਚਲੇ ਵਰਗ ਦੇ ਬਹੁਤ ਨੇੜੇ ਆ ਕੇ ਸਹਾਰਾ ਬਣ ਗਏ ਸੀ। ਉਨ੍ਹਾਂ ਨੇ ਅੰਗਰੇਜ਼ ਵਿਰੁੱਧ ਪਹਿਲੀ ਲੜਾਈ ਉਸ ਦਿਨ ਲੜੀ ਸੀ ਜਦ ਖਟਕੜ ਕਲਾਂ (ਜ਼ਿਲ੍ਹਾ ਜਲੰਧਰ ਜੱਦੀ ਪਿੰਡ) ਵਿਚ ਪਲੇਗ ਫ਼ੈਲੀ ਸੀ। ਅੰਗਰੇਜ਼ ਨੇ ਫ਼ੌਜਾਂ ਨਾਲ ਪਿੰਡ ਘੇਰ ਲਿਆ ਅਤੇ ਫ਼ੈਸਲਾ ਕੀਤਾ ਕਿ ਗ਼ਰੀਬ ਕਿਸਾਨਾਂ ਤੇ ਕਾਮਿਆਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਜਾਵੇ ਤਾਂ ਕਿ ਪਲੇਗ ਦੇ ਜਰਮ ਮਰ ਜਾਣ। ਸਾਰੇ ਪਿੰਡ ਵਿਚ ਬਾਬਾ ਅਰਜਨ ਸਿੰਘ ਇਕੱਲੇ ਸਨ ਜਿਨ੍ਹਾਂ ਨੇ ਇਸ ਗੱਲ ਦੀ ਮੁਖ਼ਾਲਫ਼ਤ ਕੀਤੀ। ਉਨ੍ਹਾਂ ਦੀ ਦਲੀਲ ਸੀ ਕਿ ਸਰਕਾਰ ਜਦ ਤਕ ਉਨ੍ਹਾਂ ਨੂੰ ਨਵੇਂ ਮਕਾਨ ਨਹੀਂ ਬਣਾ ਕੇ ਦੇਂਦੀ ਤੇ ਦੂਸਰਾ ਜ਼ਰੂਰੀ ਸਾਮਾਨ ਨਹੀਂ ਦਿੰਦੀ ਤਦ ਤਕ ਅੱਗ ਲਗਾਉਣ ਦਾ ਹੱਕ ਨਹੀਂ। ਲੋਕਾਂ ਤੇ ਬਾਬਾ ਜੀ ਨੇ ਰਲ ਕੇ ਅੰਗਰੇਜ਼ ਸਰਕਾਰ ਨੂੰ ਹਾਰ ਦਿੱਤੀ। ਉਨ੍ਹਾਂ ਦਾ ਭਰਾ, ਜੋ ਲੋਕਾਂ ਦਾ ਪੱਖ ਛੱਡ ਕੇ ਅੰਗਰੇਜ਼ਾਂ ਦੀ ਸੇਵਾ ਕਰ ਰਿਹਾ ਸੀ, ਉਸਦਾ ਪਰਿਵਾਰ ਅੰਗਰੇਜ਼-ਪ੍ਰਸਤ ਹੋ ਗਿਆ ਤੇ ਲੋਕ ਵਿਰੋਧੀ ਵੀ ਤੇ ਬਾਬਾ ਅਰਜਨ ਸਿੰਘ ਲੋਕ-ਪੱਖੀ ਰਿਹਾ ਤੇ ਦੇਸ਼-ਭਗਤ ਪੈਦਾ ਕੀਤੇ। ਸਦਾ ਹੀ, ਲੋਕਾਂ 'ਤੇ ਜ਼ੁਲਮ, ਚਾਹੇ ਉਹ ਪੁਲਸ ਦਾ ਹੋਵੇ, ਚਾਹੇ ਆਪਣੇ ਭਤੀਜਿਆਂ ਵੱਲੋਂ ਜਗੀਰੂ ਲੁੱਟ ਕਰਕੇ, ਬਾਬਾ ਜੀ ਡਾਂਗ ਲੈ ਕੇ ਲੋਕਾਂ ਦੇ ਹੱਕ ਵਿਚ ਡਟਦੇ ਸਨ। ਇਸ ਬਾਰੇ ਉਨ੍ਹਾਂ ਦੀਆਂ ਬੜੀਆਂ ਕਹਾਣੀਆਂ ਹਨ। ਇਸਦੇ ਨਾਲ-ਨਾਲ ਉਹ ਲੋਕਾਂ ਵਿਚ ਫੈਲ ਰਹੇ ਅੰਧ-ਵਿਸ਼ਵਾਸ ਨੂੰ ਤੋੜਦੇ, ਗ਼ੁਲਾਮੀ ਨੂੰ ਕੱਟਦੇ ਅਤੇ ਆਤਮ-ਵਿਸ਼ਵਾਸ ਵੱਲ ਤੋਰਦੇ। ਪਾਖੰਡੀ ਸਾਧਾਂ ਨਾਲ ਤਰਕ ਤੇ ਬਹਿਸ ਕਰਕੇ ਸਾਹਮਣੇ ਉਨ੍ਹਾਂ ਦਾ ਪਾਜ ਉਘਾੜਦੇ ਤੇ ਇਸ ਤਰ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਚੁੰਗਲ ਤੋਂ ਮੁਕਤ ਹੋਣ ਵਿਚ ਮਦਦ ਕਰਦੇ। ਘਰ ਦੇ ਇਸ ਮਾਹੌਲ ਨੇ ਸ. ਕਿਸ਼ਨ ਸਿੰਘ, ਸ. ਅਜੀਤ ਸਿੰਘ ਤੇ ਸਵਰਨ ਸਿੰਘ ਜਿਹੇ ਦੇਸ਼-ਭਗਤ ਪੈਦਾ ਕੀਤੇ ਅਤੇ ਅੱਗੇ ਚੱਲ ਕੇ ਭਗਤ ਸਿੰਘ ਜਿਹਾ ਇਨਕਲਾਬੀ। ਬਾਬਾ ਜੀ ਨੇ ਯਗੋਪਵੀਤ ਵੇਲੇ ਭਗਤ ਸਿੰਘ ਤੇ ਜਗਤ ਸਿੰਘ ਪੋਤਿਆਂ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ ਸੀ ਕਿ ਇਹ ਅੱਜ ਇਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਅਰਪਿਤ ਕਰਦਾ ਹਾਂ। ਬਾਬਾ ਜੀ ਨੇ ਭਗਤ ਸਿੰਘ ਤੇ ਜਗਤ ਸਿੰਘ ਨੂੰ ਪੰਜਾਬ ਦੇ ਤੇ ਭਾਰਤ ਦੇ ਲੋਕਾਂ ਪ੍ਰਤੀ ਕੁਰਬਾਨੀ ਦੇ ਵਿਰਸੇ ਤੋਂ ਕਹਾਣੀ ਰਾਹੀਂ ਜਾਣੂ ਕਰਵਾਇਆ ਸੀ। ਜਗਤ ਸਿੰਘ, ਭਗਤ ਸਿੰਘ ਤੋਂ ਵੱਡੇ ਉਨ੍ਹਾਂ ਦੇ ਭਰਾ ਸਨ, ਜੋ 11 ਸਾਲ ਦੀ ਉਮਰ ਵਿਚ ਬਿਮਾਰੀ ਨਾਲ ਮਰ ਗਏ ਸਨ।

ਬਚਪਨ ਵਿਚ ਭਗਤ ਸਿੰਘ ਨੂੰ ਕਾਮੇ, ਕਿਰਤੀ ਤੇ ਕਿਸਾਨਾਂ ਲਈ ਪਿਆਰ, ਅੰਧ-ਵਿਸ਼ਵਾਸੀ ਤੋਂ ਮੁਕਤੀ ਅਤੇ ਹਰ ਚੀਜ਼ ਨੂੰ ਤਰਕਸ਼ੀਲਤਾ ਨਾਲ ਘੋਖਣਾ ਬਾਬਾ ਜੀ ਤੋਂ ਮਿਲਿਆ ਸੀ। ਪ੍ਰਾਇਮਰੀ ਤਕ ਪੜ੍ਹਾਈ, ਪਿੰਡ ਬੰਗੇ ਪੂਰੀ ਕਰਕੇ, 1916 ਵਿਚ ਲਾਹੌਰ ਡੀ.ਏ.ਵੀ. ਸਕੂਲ ਬੋਰਡਿੰਗ ਵਿਚ ਦਾਖ਼ਲ ਕਰਵਾ ਦਿੱਤਾ। 1914-15 ਵਿਚ ਗ਼ਦਰ ਪਾਰਟੀ ਦੇ ਗ਼ਦਰੀਆਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਘਰ ਆਉਣ ਜਾਣ ਬਣਿਆ ਹੋਇਆ ਸੀ। ਤੇ ਉਸ ਤੋਂ ਬਾਅਦ ਵੀ ਘਰ ਵਿਚ ਗ਼ਦਰ ਪਾਰਟੀ ਦੀਆਂ ਗੱਲਾਂ ਚਲਦੀਆਂ ਸਨ। ਇਸ ਤਰ੍ਹਾਂ ਅੱਠ-ਨੌਂ ਸਾਲ ਦੇ ਭਗਤ ਸਿੰਘ ਨੂੰ ਗ਼ਦਰ ਲਹਿਰ ਦਾ ਸਿੱਧਾ ਸੰਪਰਕ ਵੀ ਪ੍ਰਾਪਤ ਹੋਇਆ। ਸ਼ਹੀਦ ਭਗਤ ਨੇ ਸ਼ਹੀਦ ਕਰਤਾਰ ਸਿੰਘ ਨੂੰ ਆਪਣਾ ਰਾਜਨੀਤਕ ਗੁਰੂ, ਆਗੂ ਤਸੱਵਰ ਕੀਤਾ ਸੀ।

1917 ਵਿਚ ਸ. ਕਿਸ਼ਨ ਸਿੰਘ ਨੇ ਆਪਣਾ ਨਿਵਾਸ ਲਾਹੌਰ ਲੈ ਆਂਦਾ ਅਤੇ ਭਗਤ ਸਿੰਘ ਦੀ ਦਲੇਰੀ, ਸਰੀਰਕ ਕਸਰਤ ਅਤੇ ਦੇਸ਼-ਭਗਤੀ ਦੀ ਸਿਖਲਾਈ ਉਨ੍ਹਾਂ ਨੇ ਆਪਣੀ ਦੇਖ-ਰੇਖ ਵਿਚ ਕੀਤੀ। ਸ. ਭਗਤ ਸਿੰਘ ਸਰੀਰਕ ਤੌਰ 'ਤੇ ਸੁਡੌਲ, ਰਿਸ਼ਟ-ਪੁਸ਼ਟ ਸਨ ਅਤੇ ਗੱਤਕੇ ਦੇ ਬੜੇ ਮਾਹਰ ਵੀ ਬਣ ਗਏ। ਇਥੇ ਮਕਾਨ ਦੇ ਕੋਲ ਇਕ ਵੱਡੀ ਹਵੇਲੀ ਸੀ ਜਿਸ ਵਿਚ ਨਾਮਧਾਰੀ ਗੁਰੂ ਆ ਕੇ ਠਹਿਰਦੇ ਹੁੰਦੇ ਸਨ। ਇਸ ਤਰ੍ਹਾਂ ਬੜਾ ਨਜ਼ਦੀਕ ਹੋ ਕੇ ਇਸ ਲਹਿਰ



Sri Satguru Jagjit Singh Ji Elibrary NamdhariElibrary@gmail.com

ਨੂੰ ਘੋਖਣ ਦਾ ਮੌਕਾ ਵੀ ਭਗਤ ਸਿੰਘ ਨੂੰ ਮਿਲਿਆ ਅਤੇ ਇਸ ਦੇ ਦੇਸ਼-ਭਗਤ ਤੇ ਇਤਿਹਾਸਕ ਰੋਲ ਤੋਂ ਵੀ ਜਾਣੂ ਹੋਏ। ਸ. ਕਿਸ਼ਨ ਸਿੰਘ ਜਦ ਕਦੀ ਕਿਸੇ ਜਨਤਕ ਜਲਸੇ ਵਿਚ ਜਾਂਦੇ ਤਾਂ ਸ. ਭਗਤ ਸਿੰਘ ਵੀ ਨਾਲ ਹੁੰਦੇ ਅਤੇ ਕਈ ਵਾਰ 10 ਤੋਂ 12 ਸਾਲ ਦਾ ਭਗਤ ਸਿੰਘ ਤਕਰੀਰ ਵੀ ਕਰਦਾ। ਇਸ ਤਰ੍ਹਾਂ ਭਗਤ ਸਿੰਘ ਉਸ ਵਕਤ ਦੀਆਂ ਚੱਲ ਰਹੀਆਂ ਜਨਤਕ ਲਹਿਰਾਂ ਦਾ ਤਜਰਬਾ ਹਾਸਲ ਕਰਦੇ ਰਹੇ।

1919, ਪੰਜਾਬ ਅੰਦਰ ਭਾਰੀ ਜਨਤਕ ਲਾਮਬੰਦੀ ਦਾ ਸਾਲ ਸੀ ਅਤੇ ਅੰਗਰੇਜ਼ਾਂ ਵੱਲੋਂ ਭਾਰੀ ਜ਼ੁਲਮ ਦਾ ਸਾਲ ਵੀ ਸੀ। 13 ਅਪ੍ਰੈਲ, 1919 ਨੂੰ ਅੰਮ੍ਰਿਤਸਰ ਜਲ੍ਹਿਆਂਵਾਲੇ ਬਾਗ਼ ਵਿਚ ਨਿਹੱਥੇ, ਚੁਪ-ਚਾਪ ਵਿਚਾਰ ਵਟਾਂਦਰਾ ਕਰਦੇ ਲੋਕਾਂ 'ਤੇ ਅੰਨ੍ਹੇਵਾਹ ਗੋਲੀ ਚਲਾਈ ਗਈ ਅਤੇ ਸੈਂਕੜੇ ਦੇਸ਼ਵਾਸੀ ਮੌਤ ਦੇ ਘਾਟ ਉਤਾਰ ਦਿੱਤੇ ਗਏ। ਪੰਜਾਬ ਵਿਚ ਹਾਹਾਕਾਰ ਮੱਚ ਗਈ। ਥਾਂ-ਥਾਂ ਮਾਰਸ਼ਲ ਲਾਅ ਲਗਾ ਦਿੱਤਾ ਗਿਆ, ਗੁਜਰਾਂਵਾਲੇ ਤਾਂ ਬੰਬ ਵੀ ਸੁੱਟੇ ਗਏ। ਦੂਸਰੇ ਹੀ ਦਿਨ ਭਗਤ ਸਿੰਘ ਜਲ੍ਹਿਆਂਵਾਲੇ ਬਾਗ਼ ਪੁੱਜੇ ਅਤੇ ਖ਼ੂਨ ਦੀ ਲੱਥ ਪੱਥ ਮਿੱਟੀ ਲੈ ਵਾਪਸ ਆ ਗਏ। 12 ਸਾਲ ਦੇ ਭਗਤ ਸਿੰਘ ਦੇ ਮਨ ਅੰਦਰ ਦ੍ਰਿੜਤਾ ਪੈਦਾ ਕਰਨ ਲਈ ਇਹ ਘਟਨਾ, ਜੋ ਉਹ ਅੱਖੀਂ ਦੇਖ ਕੇ ਆਏ ਸਨ, ਬੜੀ ਸਾਕਾਰ ਬਣੀ। ਜਲ੍ਹਿਆਂਵਾਲੇ ਬਾਗ ਦੀ ਮਿੱਟੀ ਭਗਤ ਸਿੰਘ ਦੀ ਅਲਮਾਰੀ ਵਿਚ ਪਈ ਉਨ੍ਹਾਂ ਨੂੰ ਹਮੇਸ਼ਾ ਦੇਸ਼ਵਾਸੀਆਂ ਬਾਰੇ ਯਾਦ ਕਰਾਉਂਦੀ ਸੀ। 17-19 ਜਨਵਰੀ 1921 ਨਾਮਧਾਰੀ ਲਹਿਰ ਤੋਂ ਪਾਬੰਦੀ ਉਠਾਈ ਗਈ ਤਾਂ ਮੁਠੱਡੇ (ਜਲੰਧਰ) ਇਕੱਠ ਹੋਇਆ। ਆਪਣੇ ਪਿਤਾ ਨਾਲ ਭਗਤ ਸਿੰਘ ਇਥੇ ਆਏ ਤੇ ਤਕਰੀਰ ਵੀ ਕੀਤੀ।

1921 ਵਿਚ ਅੰਗਰੇਜ਼ ਸਰਪ੍ਰਸਤੀ ਹੇਠ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਨੇ 6 ਮਾਰਚ ਨੂੰ ਹੋ ਰਹੇ ਦੇਸ਼ ਸੇਵਕ ਸਿੱਖਾਂ ਦੇ ਇਕੱਠ ਨੂੰ ਰੋਕਣ ਲਈ ਗੁੰਡੇ ਬਦਮਾਸ਼ਾਂ ਦੇ ਹਥਿਆਰਬੰਦ ਦਸਤੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਇਸ ਗੁੰਡਾਗਰਦੀ ਦੀ ਰੋਕ ਲਈ 19 ਫਰਵਰੀ ਨੂੰ ਕੁਝ ਸਿੱਖ ਜਥੇ ਨਨਕਾਣਾ ਸਾਹਿਬ ਪਹੁੰਚ ਗਏ। ਮਹੰਤ ਨੇ ਆਪਣੇ ਗੁੰਡਿਆਂ ਦੀ ਮਦਦ ਨਾਲ ਗੁਰਦੁਆਰੇ ਵਿਚ ਕਤਲੇਆਮ ਮਚਾ ਦਿੱਤਾ। ਜਥੇਦਾਰ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਅੱਗ ਲਗਾ ਦਿੱਤੀ ਤੇ ਕਈ ਸਿੱਖਾਂ ਨੂੰ ਜਿਉਂਦੇ ਭੱਠੀਆਂ ਵਿਚ ਪਾ ਕੇ ਸਾੜ ਦਿੱਤਾ। ਇਸ ਸਾਕੇ ਨੇ ਸਾਰੇ ਪਾਸੇ ਹਾਹਾਕਾਰ ਮਚਾ ਦਿੱਤੀ। ਦੇਸ਼-ਭਗਤਾਂ ਦੇ ਮਨਾਂ 'ਤੇ ਇਸ ਅੰਗਰੇਜ਼-ਮਹੰਤ ਦੀ ਮਿਲੀ-ਭੁਗਤ ਦੇ ਵਿਰੁੱਧ ਕਾਫ਼ੀ ਰੋਹ ਵੀ ਪੈਦਾ ਹੋਇਆ। ਭਗਤ ਸਿੰਘ ਲਾਹੌਰ ਤੋਂ ਲਾਇਲਪੁਰ ਜਾਂਦੇ, ਨਨਕਾਣੇ ਸਾਹਿਬ ਗਏ ਅਤੇ ਸਾਰੇ ਸਾਕੇ ਦਾ ਹਾਲ ਦੇਖਿਆ। ਘਰ ਆਉਂਦੇ ਹੋਏ ਸ਼ਹੀਦਾਂ ਦਾ ਕਲੰਡਰ ਵੀ ਲੈਂਦੇ ਆਏ। ਸਾਰੇ ਪੰਜਾਬ 'ਚ ਇਸ ਘਟਨਾ ਦੇ ਰੋਸ ਵਜੋਂ ਕਾਲੇ ਰੰਗ ਦੀ ਪਗੜੀ ਬੰਨ੍ਹੀ ਜਾਣ ਲੱਗੀ। ਭਗਤ ਸਿੰਘ ਵੀ ਕਾਲ਼ੀ ਪੱਗ ਬੰਨ੍ਹਣ ਲੱਗ ਪਏ ਅਤੇ ਉਨ੍ਹਾਂ ਨੇ ਗੁਰਮੁਖੀ ਲਿੱਪੀ ਵੀ ਸਿੱਖਣੀ ਸ਼ੁਰੂ ਕਰ ਦਿੱਤੀ।

ਨਵੰਬਰ 1921 ਵਿਚ ਨਾ-ਮਿਲਵਰਤਨ ਲਹਿਰ, ਸਾਰੇ ਭਾਰਤ ਵਿਚ ਚੱਲੀ। ਵਿਦਿਆਰਥੀਆਂ ਨੂੰ ਸਕੂਲ ਛੱਡਣ ਲਈ ਕਿਹਾ ਗਿਆ। ਭਗਤ ਸਿੰਘ, ਜੋ ਡੀ.ਏ.ਵੀ. ਸਕੂਲ ਵਿਚ ਦਸਵੀਂ ਜਮਾਤ ਵਿਚ ਪੜ੍ਹਦੇ ਸਨ, ਨੇ ਪੜ੍ਹਾਈ ਛੱਡ ਦਿੱਤੀ ਅਤੇ ਕੌਮੀ ਲਹਿਰ ਵਿਚ ਕੁੱਦ ਪਏ। ਬਾਬਾ ਜੀ ਨੂੰ 14 ਨਵੰਬਰ 1921 ਦੇ ਖ਼ਤ ਵਿਚ ਲਿਖਦੇ ਹਨ, "ਅੱਜਕੱਲ ਰੇਲਵੇ ਵਾਲੇ ਹੜਤਾਲ ਦੀ ਤਿਆਰੀ ਕਰ ਰਹੇ ਹਨ। ਉਮੀਦ ਹੈ ਕਿ ਅਗਲੇ ਹਫ਼ਤੇ ਦੇ ਬਾਅਦ ਜਲਦ ਹੀ ਸ਼ੁਰੂ ਹੋ ਜਾਵੇਗੀ।" ਇਹ ਸਤਰਾਂ ਉਨ੍ਹਾਂ ਦੇ ਕੰਮ ਬਾਰੇ ਰੋਸ਼ਨੀ ਪਾਉਂਦੀਆਂ ਹਨ। ਉਹ ਵਿਦੇਸ਼ੀ ਮਾਲ ਦੇ ਤਰਿਸਕਾਰ ਵਿਚ ਵੀ ਬੜੇ ਰੁਝੇ ਰਹੇ। ਪਰ ਨਾ-ਮਿਲਵਰਤਨ ਦੀ ਲਹਿਰ ਦਾ ਅਚਾਨਕ ਹੀ ਵਾਪਸ ਲਏ ਜਾਣ ਨੇ ਦੇਸ਼-ਭਗਤਾਂ ਅਤੇ ਨੌਜਵਾਨਾਂ ਦੇ ਮਨਾਂ 'ਤੇ ਕੁਝ ਐਸਾ ਅਸਰ ਕੀਤਾ ਕਿ ਉਹ ਕੌਮੀ ਲੀਡਰਾਂ ਤੋਂ ਬਦਜ਼ਨ ਹੋ ਗਏ ਤੇ ਕੌਮੀ ਮਸਲਿਆਂ ਦੇ ਹੱਲ ਲਈ ਹੋਰ ਦੁਨੀਆ ਦੇ ਤਜਰਬੇ ਨੂੰ ਘੋਖਣ ਲੱਗੇ।



Sri Satguru Jagjit Singh Ji Elibrary NamdhariElibrary@gmail.com

1922 ਵਿਚ ਦੇਸ਼-ਭਗਤਾਂ ਨੇ ਲਾਹੌਰ ਨੈਸ਼ਨਲ ਕਾਲਜ ਖੋਲ੍ਹਿਆ ਅਤੇ ਸਾਰੇ ਨੌਜਵਾਨਾਂ, ਜਿਨ੍ਹਾਂ ਨੇ ਅੰਗਰੇਜ਼ੀ ਰਾਜ ਦੀ ਨੌਕਰੀ ਕਰਨ ਵਾਲੀ ਵਿੱਦਿਆ ਨੂੰ ਤਿਆਗਿਆ ਸੀ, ਨੂੰ ਦੇਸ਼-ਭਗਤੀ ਤੇ ਇਨਕਲਾਬੀ ਤੱਤ ਵਾਲੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ। ਭਗਤ ਸਿੰਘ ਨੂੰ ਖ਼ਾਸ ਇਮਤਿਹਾਨ ਬਾਅਦ ਦਾਖ਼ਲਾ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੇ ਦਸਵੀਂ ਦਾ ਇਮਤਿਹਾਨ ਅਜੇ ਪਾਸ ਕਰਨਾ ਸੀ। ਇਸ ਦਾਖ਼ਲੇ ਲਈ ਉਨ੍ਹਾਂ ਬਹੁਤ ਸਖ਼ਤ ਮਿਹਨਤ ਕੀਤੀ। ਨੈਸ਼ਨਲ ਕਾਲਜ ਵਿਚ ਵਿਗਿਆਨਕ ਸੋਚ, ਕਿਤਾਬਾਂ ਨੂੰ ਘੋਖਣ, ਨਵੇਂ ਵਿਚਾਰਾਂ ਨੂੰ ਅਪਨਾਉਣ ਅਤੇ ਦੇਸ਼ ਦੇ ਹਾਲਾਤ ਦਾ ਮੁਤਾਲਿਆ ਕਰਨ ਦੇ ਢੰਗ ਸਿਖਾਏ ਜਾਂਦੇ ਸਨ। ਖੁੱਲ੍ਹੀਆਂ ਬਹਿਸਾਂ ਵੀ ਹੁੰਦੀਆਂ ਸਨ। ਇਥੇ ਭਗਤ ਸਿੰਘ ਦਾ ਸੰਬੰਧ ਭਗਵਤੀ ਚਰਨ ਵੋਹਰਾ ਨਾਲ ਹੋਇਆ, ਜੋ ਦੋ ਸਾਲ ਅੱਗੇ ਪੜ੍ਹਦੇ ਸਨ। ਸ਼ਹੀਦ ਵੋਹਰਾ ਪੰਜਾਬ ਵਿਚ ਪਹਿਲੇ ਵਿਅਕਤੀਆਂ ਵਿਚੋਂ ਸਨ, ਜਿਨ੍ਹਾਂ ਪਾਸ ਰੂਸ ਦਾ ਸਾਹਿਤ ਆਉਂਦਾ ਸੀ। ਉਹ ਆਪਣੇ ਨਿੱਜੀ ਜੀਵਨ ਵਿਚ ਮਹਾਨ ਇਨਕਲਾਬੀ ਸਨ ਜਿਸ ਕਰਕੇ ਦੁਰਗਾ ਭਾਬੀ ਇਕ ਆਮ ਇਸਤਰੀ ਤੋਂ ਵਿਆਹ ਬਾਅਦ ਮਹਾਨ ਇਨਕਲਾਬੀ ਬਣੇ। ਸ਼ਹੀਦ ਭਗਵਤੀ ਚਰਨ ਭਗਤ ਸਿੰਘ ਨਾਲ ਬੜਾ ਹੀ ਪਿਆਰ ਕਰਦੇ ਸਨ। ਇਥੇ ਸ਼ਹੀਦ ਸੁਖਦੇਵ ਤੇ ਦੂਸਰੇ ਇਨਕਲਾਬੀਆਂ ਨਾਲ ਹੋਰ ਪਕੇਰੇ ਸੰਬੰਧ ਵੀ ਬਣੇ। ਸ਼ਹੀਦ ਸੁਖਦੇਵ ਤੇ ਭਗਤ ਸਿੰਘ ਹਮ-ਜਮਾਤੀ ਸਨ ਤੇ ਉਨ੍ਹਾਂ ਵਿਚ ਹਰ ਕਿਤਾਬ 'ਤੇ ਬਹਿਸ ਤੇ ਵਿਚਾਰ-ਵਟਾਂਦਰਾ ਵੀ ਚਲਦਾ ਸੀ। ਇਹ ਬਹਿਸ ਆਖ਼ਰੀ ਦਿਨਾਂ ਵਿਚ ਵੀ ਚਲਦੀ ਰਹੀ ਤੇ ਇਸੇ ਕਰਕੇ ਬਹੁਤ ਅਹਿਮ ਮਸਲਿਆਂ ਤੇ ਸ਼ਹੀਦਾਂ ਦੇ ਵਿਚਾਰ ਕਲਮਬੰਦ ਹੋ ਸਕੇ।

1923-24 ਵਿਚ ਵੱਡਾ ਲੜਕਾ ਹੋਣ ਕਰਕੇ ਵਿਆਹ ਦਾ ਚਰਚਾ ਚੱਲ ਰਿਹਾ ਸੀ ਤਾਂ ਆਪ ਘਰ ਛੱਡ ਕੇ ਕਾਨਪੁਰ ਚਲੇ ਗਏ। ਜਾਂਦੇ ਇਕ ਚਿੱਠੀ ਲਿਖ ਕੇ ਰੱਖ ਗਏ ਕਿ ਬਾਬਾ ਜੀ ਦੀ ਪ੍ਰਤਿੱਗਿਆ ਮੁਤਾਬਕ ਮੇਰੀ ਜ਼ਿੰਦਗੀ ਆਜ਼ਾਦੀ ਤੇ ਦੇਸ਼ ਲਈ ਲੱਗ ਚੁੱਕੀ ਹੈ, ਸੋ ਉਹ ਫ਼ਰਜ਼ ਨਿਭਾਉਣ ਲਈ ਜਾ ਰਿਹਾ ਹਾਂ। ਕਿਤੇ ਪਿਤਾ ਜੀ ਨੇ ਤਲਖ਼ੀ ਵਿਚ ਕਿਹਾ ਸੀ ਕਿ ਸ਼ਾਇਦ ਤੂੰ ਸੋਚਦਾ ਹੋਵੇਂਗਾ ਕਿ ਸ. ਅਜੀਤ ਸਿੰਘ ਤੇ ਭਤੀਜੇ ਅਤੇ ਕਿਸ਼ਨ ਸਿੰਘ ਦੇ ਪੁੱਤਰ ਹੋਣ ਕਰਕੇ ਤੇਰਾ ਬੜਾ ਮਾਣ ਹੋਵੇਗਾ, ਇਸ ਕਰਕੇ ਘਰੋਂ ਜਾਣਾ ਚਾਹੁੰਦਾ ਹੈਂ। ਇਸ ਦਾ ਅਸਰ ਇਹ ਹੋਇਆ ਕਿ ਕਾਨਪੁਰ ਗਣੇਸ਼ ਸ਼ੰਕਰ ਵਿਦਿਆਰਥੀ ਜੀ ਪਾਸ ਪ੍ਰਤਾਪ ਅਖ਼ਬਾਰ ਵਿਚ ਇਕ ਅਨਜਾਣ ਦੀ ਤਰ੍ਹਾਂ ਕੰਮ ਕਰਨ ਲੱਗ ਪਏ। ਨੈਸ਼ਨਲ ਕਾਲਜ ਦੇ ਇਕ ਅਧਿਆਪਕ ਜੈ ਚੰਦ ਵਿਦਿਆਲੰਕਾਰ ਨੇ ਇਨ੍ਹਾਂ ਦੇ ਸੰਬੰਧ ਕਾਨਪੁਰ ਦੇ ਇਨਕਲਾਬੀਆਂ ਨਾਲ ਕਰਾ ਦਿੱਤਾ ਸੀ। ਇਥੇ ਇਨ੍ਹਾਂ ਦਾ ਸਾਥ ਬੀ.ਕੇ. ਦੱਤ, ਸ਼ਿਵ ਵਰਮਾ ਅਤੇ ਜੈਦੇਵ ਕਪੂਰ ਨਾਲ ਗੂੜ੍ਹਾ ਹੋ ਗਿਆ ਅਤੇ ਕਾਕੋਰੀ ਦੇ ਦੇਸ਼-ਭਗਤਾਂ, ਸ਼ਹੀਦ ਬਿਸਮਿਲ ਅਤੇ ਚੰਦਰ ਸ਼ੇਖਰ ਆਜ਼ਾਦ ਨਾਲ ਵੀ ਜੁੜ ਗਿਆ। ਦੱਸਿਆ ਜਾਂਦਾ ਹੈ ਕਿ ਇਥੇ ਇਕ ਪਾਰਟੀ ਦੇ ਕੰਮ ਵਾਸਤੇ ਕਿਸੇ ਪਿੰਡ ਜ਼ਬਰਦਸਤੀ ਪੈਸੇ ਲੈਣ ਜਾਣਾ ਪਿਆ। (ਯਾਨੀ ਡਾਕਾ ਮਾਰਨ)। ਇਸਨੇ ਇਕ ਬਹੁਤ ਵੱਡਾ ਸਵਾਲ ਉਨ੍ਹਾਂ ਦੇ ਮਨ ਵਿਚ ਪੈਦਾ ਕੀਤਾ। ਉਹ ਬਹੁਤ ਰੋਏ ਤੇ ਕਹਿਣ ਲੱਗੇ ਕਿ ਆਜ਼ਾਦ ਭਾਰਤ ਦੀ ਕੀ ਤਮੰਨਾ ਲੈ ਕੇ ਅਸੀਂ ਏਦਾਂ ਦੇ ਕੰਮਾਂ ਵਿਚ ਭਟਕੇ ਫਿਰਦੇ ਹਾਂ। ਇਹ ਜ਼ਬਰਦਸਤੀ, ਹਥਿਆਰਾਂ ਦੇ ਜ਼ੋਰ ਪਾਰਟੀ ਲਈ ਪੈਸੇ ਇਕੱਠੇ ਕਰਨਾ ਸਾਨੂੰ ਆਜ਼ਾਦ ਭਾਰਤ ਦੀ ਕੀ ਤਸਵੀਰ ਦੇਵੇਗਾ। ਇਹ ਸਵਾਲ ਕਾਫ਼ੀ ਗਹਿਰਾ ਸੀ ਤੇ ਇਸਦੇ ਜਵਾਬ ਦੀ ਖੋਜ ਵੀ ਇਥੋਂ ਸ਼ੁਰੂ ਹੋ ਗਈ। ਕਾਨਪੁਰ ਉਸ ਵੇਲੇ ਸ਼ੋਕਤ ਉਸਮਾਨੀ ਦੇ ਰੂਸ ਤੋਂ ਪਰਤਣ ਬਾਅਦ ਨਵੇਂ ਵਿਚਾਰਾਂ ਦਾ ਰੰਗਮੰਚ ਵੀ ਬਣ ਗਿਆ ਸੀ ਅਤੇ ਪਹਿਲਾ ਬਾਲਸ਼ਵਿਕ ਸਾਜ਼ਸ਼ ਕੇਸ ਵੀ ਇਥੇ ਹੀ ਚੱਲਿਆ ਸੀ। ਰੂਸ, ਆਇਰਲੈਂਡ, ਇਟਲੀ ਤੇ ਦੂਸਰੇ ਦੇਸ਼ਾਂ ਦੇ ਮੁਕਤੀ ਸੰਗਰਾਮਾਂ ਦੀ ਕਹਾਣੀ ਦੀ ਘੋਖ ਏਥੇ ਸ਼ੁਰੂ ਹੋ ਗਈ ਸੀ। ਇਸ ਤਰ੍ਹਾਂ ਨਵੇਂ ਉੱਠੇ ਸਵਾਲ ਦੇ ਜਵਾਬ ਦੀ ਭਾਲ ਹੋ ਰਹੀ ਸੀ।



Sri Satguru Jagjit Singh Ji Elibrary NamdhariElibrary@gmail.com

1924 ਵਿਚ ਬੜੀ ਕੋਸ਼ਿਸ਼ ਬਾਅਦ ਤੇ ਵਿਦਿਆਰਥੀ ਜੀ ਦੇ ਕਹਿਣ 'ਤੇ ਇਕ ਵਾਰ ਵਾਪਸ ਲਾਹੌਰ ਮੁੜ ਆਏ। ਮਾਰਚ 1924 ਵਿਚ ਜੈਤੋ ਦਾ ਮੋਰਚਾ ਲੱਗ ਚੁੱਕਾ ਸੀ ਤੇ ਸ਼ਹੀਦੀ ਜਥੇ ਜੈਤੋ ਨੂੰ ਜਾ ਰਹੇ ਸਨ। ਸਰਕਾਰ ਨੇ ਐਲਾਨ ਕੀਤਾ ਕਿ ਜਥੇ ਨੂੰ ਕੋਈ ਪਾਣੀ ਤਕ ਨਾ ਪਿਲਾਵੇ। ਇਸ ਦਾ ਚੈਲੰਜ ਲੈਂਦੇ ਹੋਏ ਭਗਤ ਸਿੰਘ 13ਵੇਂ ਸ਼ਹੀਦੀ ਜਥੇ ਨੂੰ ਆਪਣੇ ਪਿੰਡ ਬੰਗੇ ਲਿਆਏ, ਪੁਲਸ ਦੀ ਨਾਕਾਬੰਦੀ ਦੇ ਹੁੰਦੇ ਹੋਏ ਲੰਗਰ ਛਕਾਇਆ ਜੋ ਕਿ ਪਹਿਲਾਂ ਹੀ ਕਮਾਦਾਂ ਦੇ ਖੇਤਾਂ ਵਿਚ ਰੱਖਿਆ ਹੋਇਆ ਸੀ। ਇਸ ਵਿਚ ਰੋੜੇ ਪਿੰਡ ਦੇ ਮੁਜਾਰਿਆਂ ਵੱਲੋਂ ਵੀ ਮਦਦ ਮਿਲੀ ਕਿਸੇ ਜ਼ਿਮੀਂਦਾਰ ਜਾਂ ਸਫ਼ੈਦਪੋਸ਼ ਵੱਲੋਂ ਨਹੀਂ। ਉਹ ਤਾਂ ਉਲਟ ਫੜਾਉਣ ਦੇ ਯਤਨਾਂ ਵਿਚ ਸਨ। ਇਸ ਕੰਮ ਨੇ ਜਥੇ ਦਾ ਹੌਸਲਾ ਤਾਂ ਵਧਾਇਆ ਹੀ, ਨਾਲ ਅੰਗਰੇਜ਼ਾਂ ਨੂੰ ਚਣੌਤੀ ਵੀ ਦਿੱਤੀ। ਲੋਕਾਂ ਦੇ ਹੌਸਲੇ ਵੀ ਬਹੁਤ ਵਧੇ। ਜਥੇ ਨੂੰ ਬੜਾ ਜਜ਼ਬਾਤੀ ਲੈਕਚਰ ਦਿੱਤਾ, ਜਿਸ ਬਾਰੇ ਪਿੰਡ ਦੇ ਮਰਾਸੀ ਨੇ ਦੱਸਿਆ ਕਿ ਉਹ ਸੁਣ ਕੇ ਬੜੀ ਦੇਰ ਰੋਂਦਾ ਰਿਹਾ। ਇਸ ਹੌਸਲੇ ਵਾਲੇ ਕੰਮ ਕਰਕੇ ਭਗਤ ਸਿੰਘ ਦੇ ਪੁਲਸ ਵਰੰਟ ਨਿਕਲ ਗਏ। ਪਿਤਾ ਜੀ ਨੇ ਉਨ੍ਹਾਂ ਨੂੰ ਹੁਣ ਆਪ ਕਾਨਪੁਰ ਭੇਜ ਦਿੱਤਾ ਤਾਂ ਕਿ 6 ਮਹੀਨੇ ਦੀ ਮਿਆਦ ਪੁੱਗ ਜਾਏ। ਇਹ ਭਗਤ ਸਿੰਘ ਵਾਸਤੇ ਸੁਨਹਿਰੀ ਮੌਕਾ ਸੀ, ਆਪਣੇ ਇਨਕਲਾਬੀ ਸਾਥੀਆਂ ਨਾਲ ਸੰਬੰਧ ਪੱਕੇ ਕਰਨ ਦਾ।

ਗਣੇਸ਼ ਸ਼ੰਕਰ ਵਿਦਿਆਰਥੀ ਜੀ ਨੇ ਆਪ ਨੂੰ ਅਲੀਗੜ੍ਹ, ਜ਼ਿਲੇ ਦੇ ਪਿੰਡ ਸਾਦੀਪੁਰ ਵਿਚ ਨੈਸ਼ਨਲ ਸਕੂਲ ਦੇ ਹੈੱਡਮਾਸਟਰ ਲਗਾ ਦਿੱਤਾ। ਇਸ ਨੇ ਨੌਜਵਾਨਾਂ ਵਿਚ ਕੌਮੀ ਤੇ ਇਨਕਲਾਬੀ ਰੂਹ ਪੈਦਾ ਕਰਨ ਦੇ ਤਜਰਬੇ ਦਾ ਮੌਕਾ ਦਿੱਤਾ। ਇਸ ਦੌਰਾਨ ਕਾਨਪੁਰ ਵਿਚ ਬੜਾ ਵੱਡਾ ਹੜ੍ਹ ਆਇਆ ਤਾਂ ਭਗਤ ਸਿੰਘ ਦੀ ਹੜ੍ਹ ਪੀੜਤਾਂ ਨੂੰ ਮਦਦ ਦੇਣ ਦੀ ਲਗਨ ਤੇ ਸੇਵਾ ਦੀ ਸਭ ਨੇ ਬਹੁਤ ਸ਼ਲਾਘਾ ਕੀਤੀ। ਸ਼ਾਇਦ ਸਰਕਾਰ ਦੀ ਲੋਕਾਂ ਨੂੰ ਮਦਦ ਦੇਣ ਦੀ ਢਿੱਲ ਨੇ ਆਪ ਦੇ ਅੰਦਰ ਕੁਝ ਹੋਰ ਗਹਿਰੇ ਸਵਾਲ ਜ਼ਰੂਰ ਖੜ੍ਹੇ ਕੀਤੇ ਹੋਣਗੇ। ਬੀ. ਕੇ. ਦੱਤ ਜੀ ਮੁਤਾਬਕ "ਦੁਨੀਆ ਦੇ ਇਨਕਲਾਬੀ ਤਜਰਬੇ ਦੀ ਘੋਖ, ਬੜੀ ਲਗਨ ਨਾਲ ਜਾਰੀ ਰਹੀ।"

1924 ਵਿਚ ਸ. ਕਿਸ਼ਨ ਸਿੰਘ ਭਗਤ ਸਿੰਘ ਨੂੰ ਬੈਲਗਾਮ ਕਾਂਗਰਸ ਵਿਚ ਇਕ ਡੈਲੀਗੇਟ ਦੇ ਨਾਤੇ, ਲੈ ਕੇ ਗਏ। ਇਥੇ ਦੇਸ਼ ਦੇ ਲੀਡਰਾਂ ਨੂੰ ਕੋਲੋਂ ਹੋ ਕੇ ਦੇਖਣ ਦਾ ਮੌਕਾ ਮਿਲਿਆ। ਪਰ ਆਜ਼ਾਦ ਭਾਰਤ ਕੀ ਹੋਵੇਗਾ, ਦਾ ਜਵਾਬ ਨਾ ਮਿਲਿਆ। ਪੁਰਾਣੇ ਇਨਕਲਾਬੀ ਨਿਰਲੰਬਾ ਸਵਾਮੀ ਨਾਲ ਭਗਤ ਸਿੰਘ ਦੀ ਮੁਲਾਕਾਤ ਸ. ਕਿਸ਼ਨ ਸਿੰਘ ਜੀ ਨੇ ਕਰਾਈ। ਸਵਾਲ ਜਵਾਬ ਬਾਅਦ ਸਵਾਮੀ ਜੀ ਨੇ ਕਿਹਾ ਕਿ "ਭਗਤ ਸਿੰਘ ਬੜਾ ਵੱਡਾ ਇਨਕਲਾਬੀ ਬਣ ਰਿਹਾ ਹੈ, ਸੋ ਸ. ਕਿਸ਼ਨ ਸਿੰਘ ਜੀ ਇਸ ਨੂੰ ਅੱਗੇ ਵਧਣ ਦਿਓ।"

1925 ਦੇ ਸ਼ੁਰੂ ਵਿਚ ਭਗਤ ਸਿੰਘ ਦਾ ਲਾਹੌਰ ਤੋਂ ਕਾਨਪੁਰ ਆਉਣ ਜਾਣ ਬਣਿਆ ਰਿਹਾ ਅਤੇ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਉਹ "ਸਿਰਫ਼ ਰੋਮਾਂਟਕ ਵਿਚਾਰਵਾਦੀ ਇਨਕਲਾਬੀ" ਸੀ। ਭਾਵੇਂ ਸਮਾਜਵਾਦ ਤੇ ਕਮਿਊਨਿਜ਼ਮ ਦੇ ਵਿਚਾਰ, ਕ੍ਰਾਂਤੀਕਾਰੀਆਂ ਵਿਚ ਆ ਚੁੱਕੇ ਸਨ ਤੇ ਰਾਜਿੰਦਰ ਲੇਹੜੀ ਕਾਕੋਰੀ ਦੇ ਸ਼ਹੀਦਾਂ ਵਿਚੋਂ ਇਸ ਬਾਰੇ ਕਾਫ਼ੀ ਪੜ੍ਹੇ ਲਿਖੇ ਸਨ, ਪਰ ਅਮਲ ਵਿਚ ਦੂਰੀ ਬਣੀ ਹੋਈ ਸੀ। ਭਾਵੇਂ ਆਪਣੇ ਸਭ ਤੋਂ ਛੋਟੇ ਭਰਾ ਦਾ ਨਾਂ 'ਰਾਜਿੰਦਰ' ਭਗਤ ਸਿੰਘ ਨੇ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਰੱਖਿਆ ਸੀ, ਪਰ ਇਸ ਅਮਲੀ ਤਰੁੱਟੀ ਤੋਂ ਜਾਣੂ ਵੀ ਸਨ। 9 ਅਗਸਤ, 1925 ਨੂੰ ਕਾਕੋਰੀ ਵਿਖੇ ਪਾਰਟੀ ਦੇ ਕੰਮ ਨੂੰ ਤੇਜ਼ ਕਰਨ ਲਈ ਸਰਕਾਰੀ ਖ਼ਜ਼ਾਨਾ ਖੋਹਿਆ ਗਿਆ, ਪਰ ਇਸ ਦੇ ਨਾਲ ਹੀ ਸ਼ਹੀਦ ਬਿਸਮਿਲ ਤੇ ਉਨ੍ਹਾਂ ਦੇ ਸਾਥੀ ਫੜੇ ਗਏ। ਸਿਰਫ਼ ਚੰਦਰ ਸ਼ੇਖਰ ਆਜ਼ਾਦ ਜੋ ਮਫ਼ਰੂਰ ਰਹੇ ਆਗੂਆਂ ਵਿਚੋਂ ਬਚੇ। ਪਾਰਟੀ ਦਾ ਨਵੇਂ ਸਿਰਿਉਂ ਗੱਠਜੋੜ ਦਾ ਸਾਰਾ ਭਾਰ ਭਗਤ ਸਿੰਘ ਨੇ ਲੈ ਲਿਆ। ਇਸ ਤੋਂ ਪਹਿਲਾਂ ਪਾਰਟੀ ਦਾ ਨਾਂ ਹਿੰਦੋਸਤਾਨ ਰੀਪਬਲੀਕਨ ਪਾਰਟੀ ਸੀ। ਜਿਸ ਹਾਲਾਤ ਦਾ ਮੁਕਾਬਲਾ ਕਰਨਾ



Sri Satguru Jagjit Singh Ji Elibrary NamdhariElibrary@gmail.com

ਪਿਆ, ਭਗਤ ਸਿੰਘ ਦੇ ਲਫ਼ਜ਼ਾਂ ਵਿਚ ਹੀ "ਫੇਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉੱਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਨ ਇਹਦੀ ਹੋਂਦ ਹੀ ਖ਼ਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ-ਨਹੀਂ-ਸਗੋਂ ਆਗੂ ਵੀ ਸਾਡਾ ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫ਼ਲਤਾ ਦਾ ਯਕੀਨ ਹੋ ਜਾਵੇਗਾ। ਇਹ ਮੇਰੇ ਇਨਕਲਾਬੀ ਜੀਵਨ ਵਿਚ ਆਇਆ ਵੱਡਾ ਮੋੜ ਸੀ।" ਕਾਕੋਰੀ ਕੇਸ ਦੇ ਦੌਰਾਨ ਆਮ ਲੋਕਾਂ ਦੀਆਂ ਗਵਾਹੀਆਂ ਨੇ, ਪਾਰਟੀ ਦੇ ਆਗੂ, ਜੋ ਗਹਿਰੀ ਲਗਨ ਤੇ ਤਿਆਗ ਵਾਲੇ ਸਨ, ਨਿਰਸਵਾਰਥੀ ਵੀ ਸਨ, ਦੀ ਜਨਤਾ ਨਾਲ ਜੁੜਨ ਦੀ ਨਾਕਾਮਯਾਬੀ ਦਾ ਸਵਾਲ ਵੀ ਅੱਗੇ ਲਿਆ ਖੜ੍ਹਾ ਕੀਤਾ ਸੀ।

ਨਵੰਬਰ, 1925 ਵਿਚ ਕਾਕੋਰੀ ਕੇਸ ਦੇ ਦੇਸ਼-ਭਗਤਾਂ ਨੂੰ ਛੁਡਾਉਣ ਦਾ ਪਹਿਲਾ ਯਤਨ ਅਸਫਲ ਰਿਹਾ ਤੇ ਫਿਰ ਦੂਸਰਾ ਯਤਨ ਜਨਵਰੀ-ਫਰਵਰੀ 1926 ਵਿਚ ਕੀਤਾ ਤੇ ਉਹ ਵੀ ਅਸਫਲ ਰਿਹਾ। ਇਸਦੇ ਬਾਅਦ ਇਹ ਗੱਲ ਵਾਜਿਆ ਹੋ ਗਈ ਕਿ ਇਨਕਲਾਬੀ ਲਹਿਰ ਦਾ ਭਾਰ ਨਵੇਂ ਸਾਥੀਆਂ ਨੂੰ ਚੁੱਕਣਾ ਹੀ ਪਵੇਗਾ। ਇਸ ਦੀ ਤਿਆਰੀ ਲਈ ਭਗਤ ਸਿੰਘ ਨੇ ਆਪਣੇ ਸ਼ਬਦਾਂ ਵਿਚ ਕਿਹਾ ਹੈ, "ਅਧਿਐਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ ! ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ਼ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।"

ਇਸਦੇ ਨਾਲ ਹੀ ਇਨਕਲਾਬੀ ਯਥਾਰਥਵਾਦੀ ਭਗਤ ਸਿੰਘ ਨੇ ਰੋਮਾਂਟਕ ਤੇ ਵਿਚਾਰਵਾਦੀ ਦੀ ਥਾਂ ਲੈ ਲਈ। ਪਾਰਟੀ ਦੇ ਨਾਂ ਵਿਚ ਸਮਾਜਵਾਦ ਸ਼ਬਦ ਜੋੜ ਕੇ ਆਜ਼ਾਦ ਭਾਰਤ ਦੀ ਤਸਵੀਰ ਪੇਸ਼ ਕੀਤੀ ਗਈ। ਪਾਰਟੀ ਦਾ ਨਾਂ ਹੋ ਗਿਆ ਹਿੰਦੋਸਤਾਨ ਸਮਾਜਵਾਦੀ ਰੀਪਬਲੀਕਨ ਪਾਰਟੀ। 1927 ਵਿਚ 'ਬੰਦੀ ਜੀਵਨ', 'ਡੈਨਬਰੀਨ ਦੀ ਜੀਵਨੀ' ਆਦਿ ਦਾ ਤਰਜਮਾ ਕਰਕੇ ਭਗਤ ਸਿੰਘ ਨੇ ਦੂਸਰਿਆਂ ਨੂੰ ਵੀ ਪੜ੍ਹਾਉਣਾ ਸ਼ੁਰੂ ਕੀਤਾ। ਭਾਰਤ ਦੀਆਂ ਆਜ਼ਾਦੀ ਦੀਆਂ ਲਹਿਰਾਂ ਤੇ ਸਿਲਸਿਲੇਵਾਰ ਲਿਖਣਾ ਸ਼ੁਰੂ ਕੀਤਾ ਤਾਂ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਤੋਂ ਲੋਕਾਂ ਨੂੰ ਜਾਣੂ ਕਰਾਇਆ ਜਾ ਸਕੇ। ਇਸ ਸਮੇਂ ਦੌਰਾਨ ਭਗਤ ਸਿੰਘ ਨੇ ਬਹੁਤ ਲਿਖਿਆ ਤੇ ਕਿਰਤੀ ਅਖ਼ਬਾਰ ਦੇ ਵਿਚ ਐਡੀਟੋਰੀਅਲ ਬੋਰਡ ਵਿਚ ਰਹੇ। ਉੱਥੇ ਦੁਨੀਆ ਵਿਚ ਪਸਰ ਰਹੇ ਵਿਚਾਰਾਂ ਦੀ ਘੋਖ ਕਰਕੇ ਉਸ ਦੇ ਬਾਰੇ ਲੇਖ ਛਾਪੇ। ਫਰਵਰੀ 1928 ਵਿਚ ਅਲਾਹਾਬਾਦ ਤੋਂ ਨਿਕਲਣ ਵਾਲੇ ਚਾਂਦ ਦੇ ਫ਼ਾਂਸੀ ਅੰਕ ਦਾ ਸੰਪਾਦਨ ਵੀ ਕੀਤਾ। ਮਈ 1927 ਵਿਚ ਕਾਕੋਰੀ ਦੇ ਵੀਰਾਂ ਨਾਲ ਜਾਣ-ਪਛਾਣ ਲੇਖ, ਕਿਰਤੀ ਵਿਚ ਛਪਦੇ ਹੀ ਭਗਤ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ ਹੋਈ। ਇਸ ਸਮੇਂ ਦੀ ਹੀ ਮੰਜੇ 'ਤੇ ਬੈਠਿਆਂ ਦੀ ਫੋਟੋ ਆਮ ਪ੍ਰਚਲਤ ਹੈ। ਪਰ ਪੁਲਸ ਕੁਝ ਪ੍ਰਾਪਤ ਨਾ ਕਰ ਸਕੀ ਤੇ ਜ਼ਮਾਨਤ 'ਤੇ ਛੱਡ ਦਿੱਤਾ।

ਘਰ ਡੇਅਰੀ ਬਣਾ ਦਿੱਤੀ ਗਈ, ਪਰ ਇਨਕਲਾਬੀ ਕੰਮ ਜ਼ੋਰ ਨਾਲ ਚਲਦਾ ਰਿਹਾ। ਨੌਜਵਾਨ ਭਾਰਤ ਸਭਾ ਬਣੀ, ਪੰਜਾਬ ਸਟੂਡੈਂਟ ਯੂਨੀਅਨ ਬਣੀ, ਗ਼ਦਰ ਪਾਰਟੀ ਦਿਨ 'ਤੇ ਫੋਟੋਆਂ ਦਿਖਾਈਆਂ ਗਈਆਂ। ਯਾਨੀ ਕਿ ਜਨਤਾ ਵਿਚ ਜਾਗ੍ਰਤੀ ਦੇ ਹਰ ਸੰਭਵ ਯਤਨ ਕੀਤੇ ਜਾਣ ਲੱਗੇ। ਇਸ ਸਮੇਂ ਕਾਫ਼ੀ ਕੁਝ ਲਿਖਿਆ ਗਿਆ। ਮੁਸੀਬਤਾਂ ਸਹਿਣ ਤੇ ਕੁਰਬਾਨੀਆਂ ਕਰਨ ਦੇ ਮੰਤਵ ਨੂੰ ਵੀ ਪ੍ਰਚਾਰਿਆ ਗਿਆ।



Sri Satguru Jagjit Singh Ji Elibrary NamdhariElibrary@gmail.com

1928 ਵਿਚ ਸਾਈਮਨ ਕਮਿਸ਼ਨ ਦੇ ਵਿਰੋਧ ਵਿਚ ਜਨਤਕ ਲਹਿਰ ਲਾਮਬੰਦ ਕੀਤੀ ਤੇ ਜਦ ਨਵੰਬਰ 1928 ਵਿਚ ਲਾਲਾ ਲਾਜਪਤ ਰਾਏ ਮਰ ਗਏ ਤਾਂ ਦੇਸ਼ ਭਰ ਵਿਚ ਇਕ ਅਜਿਹੀ ਬੇਬਸੀ ਦੀ ਲਹਿਰ ਦੌੜ ਗਈ ਕਿ ਉਸਨੂੰ ਤੋੜਨਾ ਲੋਕਾਂ ਦੀ ਮਾਨਸਕ ਉਲਝਣ ਨੂੰ ਤੋੜਨਾ ਸੀ। ਸੋ ਸਾਂਡਰਸ ਨੂੰ ਮਾਰ ਕੇ ਲੋਕਾਂ ਦੇ ਮਾਨਸਿਕ ਡਰ ਨੂੰ ਤੋੜਿਆ ਗਿਆ। ਇਸ ਨਾਲ ਦੇਸ਼ ਦੇ ਨੇਤਾਵਾਂ ਵਿਚ ਵੀ ਇਨਕਲਾਬੀਆਂ ਲਈ ਸਤਿਕਾਰ ਵਧ ਗਿਆ। ਪਰ ਇਨਕਲਾਬੀ ਕਿਸ ਸੰਕਲਪ ਲਈ ਜੂਝ ਰਹੇ ਹਨ ਇਹ ਲੋਕਾਂ ਸਾਹਮਣੇ ਰੱਖਣ ਦਾ ਵਕਤ ਵੀ ਨਾਲ ਹੀ ਆ ਗਿਆ। 1929 ਵੇਲੇ ਦੁਨੀਆ ਵਿਚ ਸਾਮਰਾਜੀ ਮੰਦਵਾੜੇ ਦਾ ਸਮਾਂ ਸੀ, ਪਬਲਿਕ ਸੇਫਟੀ ਬਿੱਲ ਤੇ ਟਰੇਡ ਡਿਸਪਿਊਟਸ ਬਿੱਲ (ਹੁਣ ਐੱਨ.ਐੱਸ.ਏ. ਤੇ ਜ਼ਰੂਰੀ ਸੇਵਾਵਾਂ ਐਕਟ, 1981, ਇਸ ਦੇ ਹੀ ਬਦਲਵੇਂ ਨਾਂ ਹਨ) ਵਰਗੇ ਕਾਲੇ ਦਮਨਕਾਰੀ ਕਾਨੂੰਨ ਲਿਆ ਕੇ ਕਾਮੇ, ਕਿਰਤੀਆਂ ਦੀਆਂ ਜਥੇਬੰਦੀਆਂ ਦਾ ਦਮਨ ਕਰਨ ਦਾ ਇਰਾਦਾ ਅੰਗਰੇਜ਼ ਸਾਮਰਾਜ ਨੇ ਕੀਤਾ। 8 ਅਪ੍ਰੈਲ 1929 ਨੂੰ ਇਨ੍ਹਾਂ ਦੇ ਖ਼ਿਲਾਫ਼ ਭਾਰਤੀ ਆਵਾਜ਼ ਬੁਲੰਦ ਕਰਨ ਲਈ ਭਗਤ ਸਿੰਘ ਤੇ ਦੱਤ ਨੇ ਦਿੱਲੀ ਅਸੈਂਬਲੀ ਵਿਚ ਬੰਬ ਸੁੱਟਿਆ। ਡੱਟ ਕੇ ਬਿਆਨ ਦਿੱਤਾ ਅਤੇ ਜਨਤਾ ਨੂੰ ਇਨਕਲਾਬ ਦੇ ਅਰਥ ਵੀ ਸਮਝਾ ਦਿੱਤੇ।

ਇਸ ਤੋਂ ਬਾਅਦ ਜੇਲ੍ਹਾਂ ਵਿਚ ਮੰਦੇ ਹਾਲ ਦਾ ਜੋ ਸਾਹਮਣਾ ਰਾਜਨੀਤਿਕ ਕੈਦੀਆਂ ਨੂੰ ਕਰਨਾ ਪੈ ਰਿਹਾ ਸੀ, ਉਸਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਲੰਬੀ ਭੁੱਖ-ਹੜਤਾਲ ਕੀਤੀ ਗਈ। ਜੂਨ 1929 ਤੋਂ ਇਹ ਭੁੱਖ-ਹੜਤਾਲ ਚੱਲੀ। 13 ਸਤੰਬਰ, 1929 ਨੂੰ ਭੁੱਖ-ਹੜਤਾਲ ਦੌਰਾਨ ਜੋਤਿੰਦਰ ਨਾਥ ਸ਼ਹੀਦ ਹੋ ਗਏ। ਕੁਝ ਸ਼ਰਤਾਂ ਮੰਨ ਲਈਆਂ ਗਈਆਂ, ਜਿਸ ਵਿਚ ਕਿਤਾਬਾਂ ਪੜ੍ਹਨ, ਨੋਟਸ ਬਣਾਉਣ ਤੇ ਲਿਖਣ ਦਾ ਹੱਕ ਵੀ ਰਾਜਸੀ ਕੈਦੀਆਂ ਨੂੰ ਮਿਲਿਆ। ਇਸ ਦੌਰਾਨ ਭਾਰਤ ਵਿਚ ਸਾਂਝੀਵਾਲ ਰਾਜ ਦੀ ਕਾਮਯਾਬੀ ਲਈ ਤੇ ਦੂਸਰੇ ਅਹਿਮ ਮਸਲਿਆਂ ਤੇ ਭਗਤ ਸਿੰਘ ਬਹੁਤ ਕੁਝ ਲਿਖ ਸਕੇ। ਇਹ ਸਮਾਂ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਅਮਲੀ ਤੌਰ 'ਤੇ ਇਨਕਲਾਬੀ ਜੀਵਨ ਲੋਕਾਂ ਸਾਹਮਣੇ ਰੱਖਣ ਦਾ ਸੀ। ਹਾਲਾਤਾਂ ਨੂੰ ਸੁਧਾਰਨ ਲਈ ਜੱਦੋ-ਜਹਿਦ ਦਾ।

ਇਸ ਸਾਰੇ ਵਕਤ ਸਮੇਂ ਪਹਿਲਕਦਮੀ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਹੱਥਾਂ ਵਿਚ ਰਹੀ, ਚਾਹੇ ਜੇਲ੍ਹ ਸੁਧਾਰ ਦੀ ਗੱਲ ਸੀ ਜਾਂ ਲਾਹੌਰ ਸਾਜ਼ਸ਼ ਕੇਸ ਦਾ ਮੁਕੱਦਮਾ। ਹਰ ਕਦਮ 'ਤੇ ਸਮਾਜਵਾਦ ਦੇ ਮਨੋਰਥ ਦਾ ਪ੍ਰਚਾਰ ਚਲਦਾ ਰਿਹਾ। ਆਪਣੇ ਮੁਕੱਦਮੇ ਦੀ ਸੰਜੀਦਗੀ ਦੇ ਬਾਵਜੂਦ ਉਨ੍ਹਾਂ ਦਾ ਮੁਕੱਦਮੇ ਵੱਲ ਰਵੱਈਆ ਮਖੌਲਕੁਨ ਰਿਹਾ ਤੇ ਲੋਕਾਂ ਵਿਚ ਭਗਤ ਸਿੰਘ ਤੇ ਉਸਦੇ ਸਾਥੀਆਂ ਦਾ ਪਿਆਰ ਵਧਦਾ ਗਿਆ ਤੇ ਅੰਗਰੇਜ਼ ਸਾਮਰਾਜ ਦਾ ਡਰ ਲੋਕਾਂ ਵਿਚ ਖ਼ਤਮ ਹੁੰਦਾ ਗਿਆ।

ਇਸ ਸਮੇਂ ਦੌਰਾਨ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਵਿਚ ਇਸ ਸਮਾਜਵਾਦ ਦੀ ਮੰਜ਼ਿਲ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਨ ਬਾਰੇ ਲੇਖ ਲਿਖੇ ਜਾਂਦੇ ਰਹੇ।

ਆਖ਼ਰ 7 ਅਕਤੂਬਰ 1930 ਨੂੰ ਮੁਕੱਦਮੇ ਦਾ ਡਰਾਮਾ ਖ਼ਤਮ ਹੋਇਆ। ਸਜ਼ਾ, ਫ਼ਾਂਸੀ ਤਿੰਨਾਂ ਸਾਥੀਆਂ ਨੂੰ ਦਿੱਤੀ ਗਈ। ਪਰ ਜੇਲ੍ਹ ਕੋਠੜੀ ਦੇ 6 ਮਹੀਨੇ ਵੀ ਉਨ੍ਹਾਂ ਇਨਕਲਾਬ ਦੀ ਸਫਲਤਾ ਲਈ ਵਿਚਾਰ ਕਰਦੇ, ਸਾਥੀਆਂ ਨਾਲ ਵਿਚਾਰ ਸਾਂਝੇ ਕਰਦੇ ਗੁਜ਼ਾਰੇ। ਇਹ ਲਿਖਤਾਂ ਤੁਸੀਂ ਇਥੇ ਪੜ੍ਹ ਸਕੋਗੇ।

23 ਮਾਰਚ, 1931 ਦੇ ਆਖ਼ਰੀ ਦਿਨ ਭਗਤ ਸਿੰਘ ਲੈਨਿਨ ਪੜ੍ਹ ਰਹੇ ਸਨ। ਇਸ ਵਿਚ ਵੀ ਇਕ ਸੁਨੇਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਉਸ ਵਕਤ ਦਾ 'ਸਫਲ ਤਜਰਬਾ' ਗਹਿਰੀ



Sri Satguru Jagjit Singh Ji Elibrary NamdhariElibrary@gmail.com

ਤਵੱਜੋ ਮੰਗਦਾ ਹੈ ਅਤੇ ਆਜ਼ਾਦੀ ਤੇ ਬਰਾਬਰੀ ਦੀ ਮੰਜ਼ਲ ਵੱਲ ਵਧਣ ਲਈ, ਭਾਰਤ ਦੇ ਲੋਕਾਂ ਦੇ ਮਸਲੇ ਹੱਲ ਕਰਨ ਲਈ ਉਸ ਤਜਰਬੇ ਦੇ ਅਧਿਐਨਾਂ ਨਾਲ, ਅਗਵਾਈ ਲਈ ਜਾਵੇ।

ਜਿਸ ਤਰੀਕੇ ਨਾਲ ਸ਼ਹੀਦ ਭਗਤ ਸਿੰਘ ਨੇ ਆਜ਼ਾਦ ਭਾਰਤ ਦੇ ਸੰਕਲਪ ਨੂੰ ਸਾਹਮਣੇ ਲਿਆਂਦਾ ਹੈ। ਉਸੇ ਤਰ੍ਹਾਂ ਇਕ ਇਨਕਲਾਬੀ ਨੂੰ ਕਿਵੇਂ ਜੀਵਨ ਦੇ ਮਸਲੇ ਘੋਖਣੇ ਤੇ ਉਨ੍ਹਾਂ ਦੇ ਹੱਲ ਲਈ ਵਧਣਾ ਚਾਹੀਦਾ ਹੈ ਉਸ ਦਾ ਤਜਰਬਾ ਵੀ ਸਾਡੇ ਸਾਹਮਣੇ ਰੱਖਿਆ ਹੈ। ਇਹ ਜੀਵਨ ਵਿਕਾਸ ਇਕ ਵਿਗਿਆਨਕ ਇਨਕਲਾਬੀ ਵਿਕਾਸ ਦਾ ਰਾਹ ਦਿਖਾਂਦਾ ਹੈ, ਜਿਸ ਨੂੰ ਅਮਲੀ ਜੀਵਨ ਵਿਚ ਹਰ ਮਨੁੱਖ ਮਿਹਨਤ ਕਰਕੇ ਅਪਨਾ ਸਕਦਾ ਹੈ।

●



Sri Satguru Jagjit Singh Ji Elibrary NamdhariElibrary@gmail.com

ਪਾਠ–1

# ਘਰੋਂ ਦੇਸ਼ ਸੇਵਾ ਲਈ ਜਾਣ ਤਕ

## 1. ਬਾਬਾ ਜੀ ਨੂੰ ਇਕ ਚਿੱਠੀ

ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਹੋਇਆ। ਉਹ ਸਮਾਂ ਸੀ ਜਦ ਉਨ੍ਹਾਂ ਦੇ ਚਾਚਾ ਸ. ਅਜੀਤ ਸਿੰਘ ਨੂੰ 'ਪਗੜੀ ਸੰਭਾਲ ਜੱਟਾ' ਲਹਿਰ ਚਲਾਉਣ ਕਰਕੇ ਅੰਗਰੇਜ਼ ਸਰਕਾਰ ਨੇ ਲਾਲਾ ਲਾਜਪਤ ਰਾਏ ਦੇ ਨਾਲ ਮਾਂਡਲੇ ਜਲਾਵਤਨ ਕੀਤਾ ਹੋਇਆ ਸੀ ਅਤੇ ਉਹ ਨਵੰਬਰ 1907 ਵਿਚ ਵਾਪਸ ਘਰ ਪਰਤੇ ਸਨ।

ਬਚਪਨ ਵਿਚ ਪਾਲਣ-ਪੋਸ਼ਣ ਬਾਬਾ ਅਰਜਨ ਸਿੰਘ ਨੇ ਕੀਤਾ। ਬਾਬਾ ਜੀ ਨੇ ਲੋਕ ਪਿਆਰ, ਸਮਾਜਕ ਚੇਤਨਾ, ਤਰਕ ਅਤੇ ਸਮਾਜਕ ਤਬਦੀਲੀ ਲਈ ਦ੍ਰਿੜ੍ਹਤਾ ਦਿੱਤੀ। ਸਕੂਲ ਦੇ ਪਹਿਲੇ ਚਾਰ ਸਾਲਾਂ ਦੀ ਪੜ੍ਹਾਈ ਵੀ ਪਿੰਡ ਬੰਗਾ ਚੱਕ ਨੰ. 105 ਗੁਗੇਰਾ ਬਰਾਂਚ ਜ਼ਿਲਾ ਲਾਇਲਪੁਰ ਵਿਚ ਹੀ ਕੀਤੀ ਅਤੇ ਅੱਗੇ ਪੜ੍ਹਾਈ ਵਾਸਤੇ ਆਪਣੇ ਪਿਤਾ ਜੀ ਪਾਸ ਲਾਹੌਰ ਆ ਗਿਆ। ਲਾਹੌਰ ਗ਼ਦਰ ਪਾਰਟੀ ਦੇ ਸ਼ਹੀਦਾਂ ਤੇ ਦੇਸ਼-ਭਗਤਾਂ ਦੀ ਆਵਾਜ਼ ਤੇ ਯਾਦਾਂ ਨਾਲ ਗੂੰਜ ਰਿਹਾ ਸੀ।

ਭਗਤ ਸਿੰਘ ਜੀ ਦਾ ਪਹਿਲਾ ਖ਼ਤ, ਜੋ ਸਾਡੇ ਤੱਕ ਪੁੱਜ ਸਕਿਆ ਹੈ, ਉਹ 22 ਜੁਲਾਈ, 1918 ਦਾ ਹੈ ਅਤੇ ਦਾਦਾ ਜੀ ਨੂੰ ਲਿਖਿਆ ਹੋਇਆ ਹੈ। ਭਗਤ ਸਿੰਘ ਤਦ ਛੇਵੀਂ ਜਮਾਤ ਵਿਚ ਪੜ੍ਹਦੇ ਸਨ। ਉਨ੍ਹੀਂ ਦਿਨੀਂ ਬਾਬਾ ਜੀ ਖਟਕੜ ਕਲਾਂ ਆਏ ਹੋਏ ਸਨ। ਇਹ ਖ਼ਤ ਉਰਦੂ ਵਿਚ ਲਿਖਿਆ ਗਿਆ ਸੀ।

* * *

ਓਮ

ਲਾਹੌਰ

22.7.1918

ਸ੍ਰੀਮਾਨ ਪੂਜਨੀਕ ਬਾਬਾ ਜੀ,

ਨਮਸਤੇ

ਬੇਨਤੀ ਇਹ ਹੈ ਕਿ ਖ਼ਤ ਤੁਹਾਡਾ ਮਿਲਿਆ। ਪੜ੍ਹ ਕੇ ਦਿਲ ਨੂੰ ਖ਼ੁਸ਼ੀ ਹਾਸਲ ਹੋਈ। ਇਮਤਿਹਾਨ ਬਾਰੇ ਇਹ ਹੈ ਕਿ ਪਹਿਲਾਂ ਇਸ ਵਾਸਤੇ ਨਹੀਂ ਲਿਖਿਆ ਸੀ, ਸਾਨੂੰ ਦੱਸਿਆ ਨਹੀਂ ਸੀ। ਹੁਣ ਸਾਨੂੰ ਅੰਗਰੇਜ਼ੀ ਅਤੇ ਸੰਸਕ੍ਰਿਤ ਦਾ ਨਤੀਜਾ ਦੱਸਿਆ ਹੈ। ਉਸ ਵਿਚ ਮੈਂ ਪਾਸ ਹਾਂ। ਸੰਸਕ੍ਰਿਤ ਵਿਚ ਮੇਰੇ 150 ਨੰਬਰਾਂ ਵਿਚੋਂ 110 ਨੰਬਰ ਹਨ, ਅੰਗਰੇਜ਼ੀ ਵਿਚ 150 ਵਿਚੋਂ 68 ਨੰਬਰ ਹਨ। ਜੋ 150 ਨੰਬਰਾਂ ਵਿਚੋਂ 50 ਨੰਬਰ ਲੈ ਜਾਏ, ਉਹ ਪਾਸ ਹੁੰਦਾ ਹੈ। ਨੰਬਰ 68 ਲੈ ਕੇ ਚੰਗਾ ਪਾਸ ਹੋ ਗਿਆ ਹਾਂ। ਕਿਸੇ ਤਰ੍ਹਾਂ ਦਾ ਫ਼ਿਕਰ ਨਾ ਕਰਨਾ। ਬਾਕੀ ਨਹੀਂ ਦੱਸਿਆ ਅਤੇ



Sri Satguru Jagjit Singh Ji Elibrary NamdhariElibrary@gmail.com

ਛੁੱਟੀਆਂ, 8 ਅਗਸਤ ਨੂੰ ਪਹਿਲੀ ਛੁੱਟੀ ਹੋਵੇਗੀ। ਤੁਸੀਂ ਕਦੋਂ ਆਓਗੇ, ਲਿਖਣਾ।

ਤੁਹਾਡਾ ਤਾਬੇਦਾਰ,
ਭਗਤ ਸਿੰਘ

* * *

## 2. ਗੁਰਮੁਖੀ ਵਿਚ ਲਿਖਿਆ ਪਹਿਲਾ ਖ਼ਤ

13 ਅਪ੍ਰੈਲ, 1919 ਜਲਿਆਂਵਾਲੇ ਬਾਗ਼ ਵਿਚ ਅੰਗਰੇਜ਼ਾਂ ਨੇ ਬੇਰਹਿਮ ਕਤਲੇਆਮ ਕੀਤਾ। 12 ਸਾਲਾ ਭਗਤ ਸਿੰਘ ਦੂਸਰੇ ਦਿਨ ਉੱਥੇ ਪੁੱਜੇ ਅਤੇ ਖ਼ੂਨ ਦੀ ਭਿੱਜੀ ਮਿੱਟੀ ਲੈ ਕੇ ਜਦ ਘਰ ਆਏ ਤਾਂ ਕਈ ਸਵਾਲ ਉਨ੍ਹਾਂ ਦੇ ਮਨ 'ਤੇ ਭਾਰੂ ਸਨ। ਆਪਣੀ ਭੈਣ ਅਮਰ ਕੌਰ ਨਾਲ ਉਨ੍ਹਾਂ ਨੇ ਆਪਣਾ ਮਨ ਦਾ ਭਾਰ ਸਾਂਝਾ ਕੀਤਾ।

21 ਫਰਵਰੀ, 1921 ਨੂੰ ਮਹੰਤ ਨਰਾਇਣ ਦਾਸ ਨੇ ਨਨਕਾਣਾ ਸਾਹਿਬ 150 ਸਿੱਖਾਂ ਨੂੰ ਬਹੁਤ ਹੀ ਬੇਰਹਿਮੀ ਨਾਲ ਮਾਰਿਆ ਤੇ ਕਈਆਂ ਨੂੰ ਜ਼ਿੰਦਾ ਹੀ ਜਲਾ ਦਿੱਤਾ। ਲਾਹੌਰ ਤੋਂ ਬੰਗੇ ਨੂੰ ਜਾਂਦੇ ਹੋਏ ਭਗਤ ਸਿੰਘ ਇਹ ਸਾਰਾ ਮੌਕਾ ਦੇਖ ਕੇ ਗਏ ਅਤੇ 5 ਮਾਰਚ ਨੂੰ ਹੋਈ ਵੱਡੀ ਕਾਨਫ਼ਰੰਸ ਵੀ ਵੇਖੀ। ਉਹ ਨਨਕਾਣਾ ਸਾਹਿਬ ਦੇ ਇਸ ਸਾਕੇ ਬਾਰੇ ਇਕ ਕਲੰਡਰ ਵੀ ਲੈਂਦੇ ਆਏ ਸਨ। ਇਸ ਘਟਨਾ ਨਾਲ ਸਾਰੇ ਪੰਜਾਬ ਦੇ ਪਿੰਡਾਂ ਵਿਚ ਅੰਗਰੇਜ਼ ਸਰਕਾਰ, ਜਿਨ੍ਹਾਂ ਨੇ ਮਹੰਤਾਂ ਦੀ ਮਦਦ ਕੀਤੀ ਸੀ, ਵਿਰੁੱਧ ਲਹਿਰ ਉੱਠੀ। ਹਰ ਪਿੰਡ ਵਿਚ ਕਾਲ਼ੀਆਂ ਪੱਗਾਂ ਬੰਨ੍ਹਣ ਅਤੇ ਪੰਜਾਬੀ ਪੜ੍ਹਨ ਦੀ ਰੌ ਚਲ ਪਈ। ਭਗਤ ਸਿੰਘ ਨੇ ਵੀ ਇਸ ਅਸਰ ਨੂੰ ਕਬੂਲਿਆ। ਬੀਬੀ ਅਮਰ ਕੌਰ ਤੇ ਭਗਤ ਸਿੰਘ ਨੇ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖੀ। ਇਹ ਖ਼ਤ ਉਸ ਵੇਲੇ ਦਾ ਹੈ। ਚਾਚਾ ਸਵਰਨ ਸਿੰਘ, ਜੋ 1910 ਵਿਚ ਜੇਲ ਅੰਦਰ ਦਿੱਤੀਆਂ ਯਾਤਨਾਵਾਂ ਕਰਕੇ ਸ਼ਹੀਦ ਹੋ ਗਏ ਸਨ, ਦੀ ਧਰਮ ਪਤਨੀ ਚਾਚੀ ਹੁਕਮ ਕੌਰ ਨੂੰ ਲਿਖੀ ਗਈ ਸੀ। ਸ਼ਬਦ ਜੋੜ ਜਿਵੇਂ ਕਿਵੇਂ ਦਿੱਤੇ ਜਾ ਰਹੇ ਹਨ। ਗੁਰਮੁਖੀ ਲਿੱਪੀ ਵਿਚ ਲਿਖਿਆ ਇਹ ਪਹਿਲਾ ਖ਼ਤ ਹੈ। ਬਾਅਦ ਵਿਚ ਪੰਜਾਬੀ ਵਿਚ ਭਗਤ ਸਿੰਘ ਨੇ ਬਹੁਤ ਲੇਖ ਲਿਖੇ। ਚਾਚੀ ਜੀ ਪਿੰਡ ਬੰਗੇ ਰਹਿੰਦੇ ਸਨ ਅਤੇ ਭਗਤ ਸਿੰਘ ਲਾਹੌਰ। ਆਪਣੀ ਦਾਦੀ ਜੀ ਨੂੰ, ਮਾਤਾ ਜੀ ਅਤੇ ਮਾਂ ਨੂੰ ਬੇਬੇ ਕਹਿ ਕੇ ਸੱਦਦੇ ਸਨ।

* * *

5 ਨਵੰਬਰ, 1921

ਮੇਰੇ ਪਰਮ ਪਿਯਾਰੀ ਚਾਚੀ ਜੀ,

ਨਮਸਤੇ

ਮੈਨੂੰ ਖ਼ਤ ਲਿਘਨ (ਲਿਖਨ) ਵਿਚ ਦੇਰੀ ਹੋ ਗਈ ਹੈ। ਸੋ ਉਮੀਦ ਹੈ ਕਿ ਤੁਸਾਂ ਮੁਆਫ਼ ਕਰੋਗੇ। ਭਾਈਯਾ ਜੀ (ਪਿਤਾ ਜੀ ਕ੍ਰਿਸ਼ਨ ਸਿੰਘ) ਦਿੱਲੀ ਨੂੰ ਗਏ ਹੋਏ ਹਨ। ਭੇਭੇ (ਬੇਬੇ) ਮੋਰਾਂਵਾਲੀ ਨੂੰ ਗਈ ਹੋਇ (ਹੋਈ) ਹੈ। ਬਾਕੀ ਸਭ ਰਾਜੀ ਖ਼ੁਸ਼ੀ ਹੈ। ਵੱਡੀ ਚਾਚੀ ਜੀ ਨੂੰ ਮੱਥਾ ਟੇਕਨਾ। ਮਾਤਾ ਜੀ ਨੂੰ ਭੀ ਮੱਥਾ ਟੇਕਨਾ। ਕੁਲਤਾਰ ਕੁਲਬੀਰ ਸਿੰਘ ਜੀ ਨੂੰ ਸਤਿ ਸ੍ਰੀ ਅਕਾਲ ਯਾਂ ਨਮਸਤੇ।

ਆਪ ਦਾ ਆਗਯਾਕਾਰੀ,
ਭਗਤ ਸਿੰਘ

* * *



Sri Satguru Jagjit Singh Ji Elibrary NamdhariElibrary@gmail.com

## 3. ਬਾਬਾ ਜੀ ਨੂੰ ਇਕ ਹੋਰ ਖ਼ਤ

1921 ਵਿਚ ਨਾ-ਮਿਲਵਰਤਨ ਲਹਿਰ ਦਾ ਦੇਸ਼ ਵਿਚ ਜ਼ੋਰ ਸੀ। ਭਗਤ ਸਿੰਘ ਨੇ ਇਸ ਦਾ ਅਸਰ ਵੀ ਕਬੂਲਿਆ। ਇਹ ਖ਼ਤ ਉਰਦੂ ਵਿਚ ਦਾਦਾ ਜੀ ਨੂੰ ਲਿਖਿਆ ਸੀ। ਦਾਦਾ ਜੀ ਪਿੰਡ ਬੰਗੇ (ਲਾਇਲਪੁਰ) ਸਨ ਅਤੇ ਭਗਤ ਸਿੰਘ ਆਪਣੇ ਪਿਤਾ ਜੀ ਨਾਲ ਲਾਹੌਰ। ਕਿਤਾਬਾਂ ਪੜ੍ਹਨ ਦਾ ਸ਼ੌਕ ਸ਼ੁਰੂ ਹੋ ਗਿਆ ਸੀ ਅਤੇ ਰੇਲਵੇ ਵਾਲਿਆਂ ਦੀ ਹੜਤਾਲ ਦੀ ਕੋਸ਼ਿਸ਼ ਬਾਰੇ ਚੇਤੰਨਤਾ ਵੀ ਇਸ ਖ਼ਤ ਵਿਚ ਲਿਖੀ ਗਈ ਹੈ।

* * *

ਓਮ

ਲਾਹੌਰ

14.11.1921

ਸ੍ਰੀਮਾਨ ਪੂਜਨੀਕ ਬਾਬਾ ਜੀ,

ਨਮਸਤੇ

ਅਰਜ ਇਹ ਹੈ ਕਿ ਇਥੇ ਖੈਰੀਅਤ ਹੈ ਅਤੇ ਤੁਹਾਡੀ ਖੈਰੀਅਤ ਪਰਮਾਤਮਾ ਤੋਂ ਨੇਕ ਮੰਗਦਾ ਹਾਂ। ਸਮਾਚਾਰ ਇਹ ਹੈ ਕਿ ਤੁਹਾਡੀ ਮੁੱਦਤ ਤੋਂ ਕੋਈ ਚਿੱਠੀ ਨਹੀਂ ਮਿਲੀ। ਕੀ ਸਬੱਬ ਹੈ? ਕੁਲਵੀਰ ਸਿੰਘ ਕਰਤਾਰ ਸਿੰਘ ਦੀ ਖ਼ੈਰੀਅਤ ਬਾਰੇ ਜਲਦੀ ਜਾਣੂ ਕਰਵਾਉਣਾ। ਬੇਬੇ ਜੀ ਹਾਲੇ ਮੋਰਾਂਵਲੀ ਤੋਂ ਨਹੀਂ ਆਏ। ਬਾਕੀ ਸਭ ਖ਼ੈਰੀਅਤ ਹੈ।

ਤੁਹਾਡਾ ਤਾਬੇਦਾਰ,

ਭਗਤ ਸਿੰਘ

(ਕਾਰਡ ਦੇ ਦੂਜੇ ਪਾਸੇ)

ਮਾਤਾ ਜੀ ਨੂੰ ਨਮਸਤੇ। ਚਾਚੀ ਸਾਹਿਬਾ ਨੂੰ ਨਮਸਤੇ। ਮੰਗੂ ਚਮਾਰ ਅਜੇ ਤਕ ਤਾਂ ਨਹੀਂ ਆਇਆ। ਮੈਂ ਇਕ ਪੁਰਾਣੀ ਕਿਤਾਬ ਮੁੱਲ ਲੈ ਲਈ ਸੀ, ਜੋ ਕਿ ਬਹੁਤ ਸਸਤੀ ਮਿਲ ਗਈ ਸੀ।

(ਕਾਰਡ ਦੀਆਂ ਲਾਇਨਾਂ ਵਿਚ ਉਲਟੇ ਰੁਖ਼)

ਅੱਜਕੱਲ ਰੇਲਵੇ ਵਾਲੇ ਹੜਤਾਲ ਦੀ ਤਿਆਰੀ ਕਰ ਰਹੇ ਹਨ। ਉਮੀਦ ਹੈ ਕਿ ਅਗਲੇ ਹਫ਼ਤੇ ਦੇ ਬਾਅਦ ਜਲਦੀ ਸ਼ੁਰੂ ਹੋ ਜਾਏਗੀ।

* * *

## 4. ਅਲਵਿਦਾ ਏ ਘਰ, ਹਮ ਦੇਸ਼ ਸੇਵਾ ਕਰਤੇ ਹੈਂ

1921 ਵਿਚ ਨਾ-ਮਿਲਵਰਤਨ ਦੇ ਸੱਦੇ 'ਤੇ ਭਗਤ ਸਿੰਘ ਨੇ ਡੀ.ਏ.ਵੀ. ਸਕੂਲ ਛੱਡ ਦਿੱਤਾ। ਉਸ ਵੇਲੇ ਉਹ 10ਵੀਂ ਦਾ ਵਿਦਿਆਰਥੀ ਸੀ। ਨੈਸ਼ਨਲ ਕਾਲਜ ਲਾਹੌਰ ਵਿਚ ਦਾਖ਼ਲੇ ਲਈ ਇਕ ਖ਼ਾਸ ਇਮਤਿਹਾਨ ਪਾਸ ਕਰਨਾ ਪਿਆ। ਇਸ ਲਈ ਭਗਤ ਸਿੰਘ ਨੇ ਬਹੁਤ ਸਖ਼ਤ ਮਿਹਨਤ ਕੀਤੀ। ਨੈਸ਼ਨਲ ਕਾਲਜ ਵਿਚ ਭਗਤ ਸਿੰਘ ਦੀ ਰਾਜਨੀਤਕ ਤੇ ਇਨਕਲਾਬੀ ਚੇਤਨਤਾ ਬੜੀ ਹੀ ਤੇਜ਼ੀ ਨਾਲ ਵਧੀ, ਭਗਵਤੀ ਚਰਨ ਵੋਹਰਾ ਤੇ ਸੁਖਦੇਵ ਵਰਗੇ ਕਈ ਇਨਕਲਾਬੀ ਸਾਥੀ ਅਤੇ ਇਨਕਲਾਬੀ ਭਾਈ ਪਰਮਾਨੰਦ, ਪ੍ਰਿੰਸੀਪਲ ਛਬੀਲਦਾਸ ਅਤੇ ਜੈ ਚੰਦ ਵਿਦਿਆਲੰਕਾਰ ਵਰਗੇ ਅਧਿਆਪਕਾਂ ਦਾ ਸੰਪਰਕ ਬਣਿਆ।



Sri Satguru Jagjit Singh Ji Elibrary NamdhariElibrary@gmail.com

ਵੱਡੇ ਭਾਈ ਜਗਤ ਸਿੰਘ ਦੇ 11 ਸਾਲ ਦੀ ਉਮਰੇ ਮਰ ਜਾਣ ਬਾਅਦ ਭਗਤ ਸਿੰਘ ਹੁਣ ਘਰ ਵਿਚ ਵੱਡੇ ਬੱਚੇ ਦੀ ਥਾਂ ਸੀ। ਦਾਦੀ ਜੀ ਦੀ ਇੱਛਾ ਸੀ ਕਿ ਵਿਆਹ ਜਲਦੀ ਹੋ ਜਾਵੇ। ਇਸੇ ਸਵਾਲ 'ਤੇ ਭਗਤ ਸਿੰਘ ਘਰ ਛੱਡ ਕੇ ਕਾਨਪੁਰ ਚਲੇ ਗਏ ਸਨ। ਇਹ 1923 ਦੀ ਗੱਲ ਹੈ। ਘਰੋਂ ਜਾਣ ਸਮੇਂ ਇਹ ਖ਼ਤ ਆਪਣੇ ਪਿਤਾ ਕਿਸ਼ਨ ਸਿੰਘ ਦੇ ਨਾਂ ਛੱਡ ਗਏ ਸਨ। ਖ਼ਤ ਉਰਦੂ ਵਿਚ ਹੈ। ਦਲੀਲ ਦੀ ਤੇਜ਼ੀ ਇਸ ਖ਼ਤ ਦੀ ਖ਼ਾਸੀਅਤ ਹੈ।

ਪੂਜਨੀਕ ਪਿਤਾ ਜੀ,

ਨਮਸਤੇ

ਮੇਰੀ ਜ਼ਿੰਦਗੀ ਮਹਾਨ ਮਕਸਦ ਭਾਵ ਭਾਰਤ ਦੀ ਆਜ਼ਾਦੀ ਦੇ ਅਸੂਲ ਦੇ ਲੇਖੇ ਲੱਗ ਚੁੱਕੀ ਹੈ। ਇਸ ਲਈ ਮੇਰੀ ਜ਼ਿੰਦਗੀ ਵਿਚ ਆਰਾਮ ਤੇ ਦੁਨਿਆਵੀ ਖ਼ਾਹਸ਼ਾਂ ਵਾਸਤੇ ਕੋਈ ਖਿੱਚ ਨਹੀਂ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਜਦ ਮੈਂ ਨਿੱਕਾ ਹੁੰਦਾ ਸੀ ਤਾਂ ਬਾਪੂ ਜੀ ਨੇ ਮੇਰੇ ਯਗਿਓਪਵੀਤ ਵੇਲੇ ਐਲਾਨ ਕੀਤਾ ਸੀ ਕਿ ਮੈਨੂੰ ਦੇਸ਼ ਸੇਵਾ ਦੇ ਲੇਖੇ ਲਾ ਦਿੱਤਾ ਗਿਆ ਹੈ। ਸੋ ਮੈਂ ਉਸ ਵੇਲੇ ਦੀ ਪ੍ਰਤਿੱਗਿਆ ਪੂਰੀ ਕਰ ਰਿਹਾ ਹਾਂ।

ਆਸ ਹੈ ਤੁਸੀਂ ਮੈਨੂੰ ਮੁਆਫ਼ ਕਰੋਗੇ।

ਤੁਹਾਡਾ ਤਾਬੇਦਾਰ,

ਭਗਤ ਸਿੰਘ

●



Sri Satguru Jagjit Singh Ji Elibrary NamdhariElibrary@gmail.com

## ਪਾਠ—2
# ਸਾਹਿਤ ਤੇ ਲੋਕ ਚੇਤੰਨਤਾ

## 5. ਪੰਜਾਬ ਦੀ ਭਾਸ਼ਾ ਅਤੇ ਲਿੱਪੀ ਦੇ ਮਜ਼ਮੂਨ ਸਬੰਧੀ ਮਸਲਾ

[1923-24 ਦੀ ਗੱਲ ਹੈ। ਪੰਜਾਬ ਹਿੰਦੀ ਸਾਹਿਤ ਸੰਮੇਲਨ ਨੇ ਪੰਜਾਬ ਦੀ ਭਾਸ਼ਾ ਅਤੇ ਲਿੱਪੀ ਦੇ ਮਸਲੇ 'ਤੇ ਲੇਖ ਸੱਦੇ ਸਨ। ਸਭ ਤੋਂ ਵਧੀਆ ਲੇਖ 'ਤੇ 50 ਰੁਪੈ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ। ਇਹ ਸਮਾਂ ਸੀ ਜਦੋਂ ਭਾਸ਼ਾ ਦੇ ਮਸਲੇ 'ਤੇ ਬਹਿਸ ਪੰਜਾਬ ਭਰ ਵਿਚ ਚਲਾਈ ਜਾ ਰਹੀ ਸੀ। ਇਕ ਪਾਸੇ ਉਰਦੂ ਤੇ ਦੂਜੇ ਪਾਸੇ ਹਿੰਦੀ ਭਾਸ਼ਾ ਦਾ ਪੱਖ ਲਿਆ ਜਾ ਰਿਹਾ ਸੀ। ਭਗਤ ਸਿੰਘ, ਜੋ ਕਿ ਨੈਸ਼ਨਲ ਕਾਲਜ ਦੇ ਵਿਦਿਆਰਥੀ ਸਨ, ਨੇ ਇਹ ਲੇਖ ਉਸ ਮੁਕਾਬਲੇ ਲਈ ਲਿਖਿਆ ਸੀ। ਇਹ ਸਰਵ-ਉੱਤਮ ਲੇਖਾਂ ਵਿਚੋਂ ਇੱਕ ਹੋਣ ਕਾਰਨ, ਸੰਮੇਲਨ ਦੇ ਪ੍ਰਧਾਨ ਸਕੱਤਰ ਸ੍ਰੀ ਭੀਮਸੈਨ ਵਿਦਿਆਲੰਕਾਰ ਨੇ ਸਾਂਭੀ ਰੱਖਿਆ ਤੇ 28 ਫਰਵਰੀ, 1933 ਦੇ ਹਿੰਦੀ ਸੰਦੇਸ਼ ਨਾਮੀ ਅਖ਼ਬਾਰ ਵਿਚ ਛਾਪਿਆ ਗਿਆ। ਭਗਤ ਸਿੰਘ ਦੇ ਸਾਥੀ ਯਸ਼ਪਾਲ ਜੀ ਨੇ ਵੀ ਇਸ ਲੇਖ ਮੁਕਾਬਲੇ ਲਈ ਆਪਣਾ ਲੇਖ ਦਿੱਤਾ ਸੀ। ਇਸ ਸੰਪਾਦਕ ਨੇ ਉਨ੍ਹਾਂ ਨੂੰ ਇਹ ਲੇਖ ਜਦ ਦਿਖਾਇਆ ਸੀ ਤਾਂ ਉਨ੍ਹਾਂ ਇਸ ਦੀ ਹੋਂਦ ਸਵੀਕਾਰ ਕੀਤੀ ਸੀ। 1923-24 ਵਿਚ ਪੰਜਾਬ ਵਿਚ ਭਾਸ਼ਾ ਦੇ ਨਾਂ 'ਤੇ ਇਕ ਵੱਡਾ ਵਖਰੇਵਾਂ ਤੇ ਬਹਿਸ ਚੱਲ ਰਹੀ ਸੀ। ਉਸ ਬਹਿਸ ਵਿਚ ਭਗਤ ਸਿੰਘ ਦਾ ਤਰਕ ਸਮਝਣ ਵਾਲਾ ਹੈ। ਉਨ੍ਹਾਂ ਦੀ ਸਲਾਹ ਕਿ ਮਾਮਲਾ ਮਜ਼ਹਬੀ ਵਿਚਾਰਾਂ ਤੋਂ ਉੱਪਰ ਉੱਠ ਕੇ ਲੋਕ ਜਾਗ੍ਰਤੀ ਨੂੰ ਮੁੱਖ ਰੱਖ ਕੇ ਹੀ ਹੱਲ ਹੋ ਸਕਦਾ ਹੈ।

ਇਹ ਭਗਤ ਸਿੰਘ ਦਾ ਪਹਿਲਾ ਲੇਖ ਹੈ, ਜੋ ਅੱਜ ਸਾਨੂੰ ਪ੍ਰਾਪਤ ਹੈ। ਇਸ ਵਿਚ ਮੁੱਢਲਾ ਮੁੱਦਾ ਦੇਸ਼ ਵਿਚ ਕਰਾਂਤੀ ਲਈ, ਤੇ ਸਮਾਜਿਕ ਤਰੱਕੀ ਲਈ ਸਾਹਿਤ ਦੀ ਜ਼ਰੂਰਤ ਨੂੰ ਪਛਾਣਦੇ ਹੋਏ ਭਾਸ਼ਾ ਦੀ ਮਹੱਤਤਾ ਨੂੰ ਲੈ ਕੇ ਪੰਜਾਬ ਦੀ ਭਾਸ਼ਾ ਅਤੇ ਲਿੱਪੀ 'ਤੇ ਵਿਚਾਰ ਪ੍ਰਗਟਾਏ ਗਏ ਹਨ। ਇਸ ਲੇਖ ਦੇ ਲਿਖਣ ਵੇਲੇ, ਭਗਤ ਸਿੰਘ ਅੰਦਰ ਵਿਗਿਆਨਕ ਸੋਚ ਤੇ ਤਰਕ ਕਾਫ਼ੀ ਪਸਰ ਤੇ ਪੁਖਤਾ ਹੋ ਗਿਆ ਮਿਲਦਾ ਹੈ। —ਸੰਪਾਦਕ]

"ਕਿਸੇ ਸਮਾਜ ਤੇ ਦੇਸ਼ ਨੂੰ ਪਹਿਚਾਨਣ ਦੇ ਲਈ ਉਸ ਸਮਾਜ ਜਾਂ ਦੇਸ਼ ਦੇ ਸਾਹਿਤ ਨਾਲ ਜਾਣ-ਪਛਾਣ ਹੋਣ ਦੀ ਸਭ ਤੋਂ ਵੱਧ ਜ਼ਰੂਰਤ ਹੁੰਦੀ ਹੈ, ਕਿਉਂਕਿ ਸਮਾਜ ਦੇ ਪਰਾਣਾਂ ਦੀ ਚੇਤਨਾ ਉਸ ਸਮਾਜ ਦੇ ਸਾਹਿਤ ਵਿਚ ਹੀ ਜ਼ਾਹਰ ਹੋਇਆ ਕਰਦੀ ਹੈ।"

ਉਪਰੋਕਤ ਉਕਤੀ ਦਾ ਇਤਿਹਾਸ ਗਵਾਹ ਹੈ, ਜਿਸ ਦੇਸ਼ ਦੇ ਸਾਹਿਤ ਦਾ ਵਹਾਅ ਜਿਸ ਪਾਸੇ ਵਗਦਾ ਹੈ, ਠੀਕ ਉਸੇ ਪਾਸੇ ਉਹ ਦੇਸ਼ ਵੀ ਵਧ ਰਿਹਾ ਹੁੰਦਾ ਹੈ। ਕਿਸੇ ਵੀ ਜਾਤੀ ਦੀ ਉੱਨਤੀ ਲਈ, ਉੱਚ ਕੋਟੀ ਦੇ ਸਾਹਿਤ ਦੀ ਲੋੜ ਹੁੰਦੀ ਹੈ। ਜਿਉਂ ਜਿਉਂ ਦੇਸ਼ ਦਾ ਸਾਹਿਤ ਉੱਚਾ ਉੱਠਦਾ ਹੈ, ਤਿਉਂ ਤਿਉਂ ਦੇਸ਼ ਤਰੱਕੀ ਕਰਦਾ ਜਾਂਦਾ ਹੈ। ਦੇਸ਼-ਭਗਤ, ਚਾਹੇ ਉਹ ਨਿਰੇ ਸਮਾਜ ਸੁਧਾਰਕ ਹੋਣ ਜਾਂ ਰਾਜਨੀਤਕ ਨੇਤਾ, ਉਹ ਸਭ ਤੋਂ ਵੱਧ ਧਿਆਨ ਦੇਸ਼ ਦੇ ਸਾਹਿਤ ਵੱਲ ਹੀ ਦੇਂਦੇ ਹਨ। ਜੇ ਉਹ ਮੌਕੇ ਦੇ ਮਸਲਿਆਂ ਜਾਂ ਹਾਲਤਾਂ ਦੇ ਮੁਤਾਬਕ ਨਵਾਂ ਸਾਹਿਤ ਨਹੀਂ



Sri Satguru Jagjit Singh Ji Elibrary NamdhariElibrary@gmail.com

ਸਿਰਜਦੇ ਤਾਂ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਬਗ਼ੈਰ ਫਲ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਕੰਮ ਸਥਾਈ ਰੂਪ ਨਹੀਂ ਲੈ ਪਾਉਂਦੇ।

ਸ਼ਾਇਦ ਗੈਰੀਬਾਲਡੀ ਨੂੰ ਏਨੀ ਜਲਦੀ ਫ਼ੌਜਾਂ ਨਾ ਮਿਲ ਸਕਦੀਆਂ ਜੇ ਮੇਜਨੀ ਨੇ 30 ਸਾਲ ਦੇਸ਼ ਵਿਚ ਸਾਹਿਤ ਅਤੇ ਸਾਹਿਤਕ ਜਾਗ੍ਰਿਤੀ ਪੈਦਾ ਕਰਨ ਵਾਸਤੇ ਨਾ ਲਗਾਏ ਹੁੰਦੇ। ਆਇਰਲੈਂਡ ਮੁੜ ਜਾਗ੍ਰਿਤੀ ਦੇ ਨਾਲ ਹੀ ਗੈਲਿਕ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਵੀ ਬੜੀ ਤੇਜ਼ੀ ਨਾਲ ਕੀਤੀਆਂ ਗਈਆਂ। ਸ਼ਾਸਕ ਲੋਕ ਆਇਰਿਸ਼ੀ ਲੋਕਾਂ ਨੂੰ ਦਬਾਈ ਰੱਖਣ ਲਈ ਉਨ੍ਹਾਂ ਦੀ ਭਾਸ਼ਾ ਦਾ ਦਮਨ ਵੀ ਕਰਨਾ ਓਨਾ ਹੀ ਜ਼ਰੂਰੀ ਸਮਝਦੇ ਸੀ। ਏਥੋਂ ਤਕ ਕਿ ਗੈਲਿਕ ਭਾਸ਼ਾ ਵਿਚ ਇਕ ਅੱਧ ਕਵਿਤਾ ਰੱਖਣ ਦੇ ਕਾਰਨ ਛੋਟੇ-ਛੋਟੇ ਬੱਚਿਆਂ ਨੂੰ ਸਜ਼ਾ ਦਿੱਤੀ ਜਾਂਦੀ ਸੀ। ਰੂਸੋ, ਵਾਲਟੀਅਰ ਦੇ ਸਾਹਿਤ ਦੇ ਬਗ਼ੈਰ ਫ਼ਰਾਂਸ ਦੀ ਰਾਜ ਕਰਾਂਤੀ ਨਹੀਂ ਆ ਸਕਦੀ ਸੀ। ਜੇ ਟਾਲਸਟਾਏ, ਕਾਰਲ ਮਾਰਕਸ ਅਤੇ ਮੈਕਸਿਮ ਗੋਰਕੀ ਆਦਿ ਨੇ ਨਵਾਂ ਸਾਹਿਤ ਪੈਦਾ ਕਰਨ ਵਿਚ ਸਾਲਾਂ ਭਰ ਦੀ ਮਿਹਨਤ ਨਾ ਪਾਈ ਹੁੰਦੀ ਤਾਂ ਰੂਸ ਵਿਚ ਕਰਾਂਤੀ ਨਹੀਂ ਹੋ ਸਕਦੀ ਸੀ, ਕਮਿਊਨਿਜ਼ਮ ਦਾ ਪ੍ਰਚਾਰ ਤੇ ਪਰਸਾਰ ਤਾਂ ਦੂਰ ਰਿਹਾ।

ਇਹੀ ਹਾਲਤ ਅਸੀਂ ਸਮਾਜਿਕ ਅਤੇ ਧਾਰਮਿਕ ਸੁਧਾਰਕਾਂ ਵਿਚ ਦੇਖ ਸਕਦੇ ਹਾਂ। ਕਬੀਰ ਦੇ ਸਾਹਿਤ ਦੇ ਕਾਰਨ ਉਨ੍ਹਾਂ ਦੇ ਭਾਵਾਂ ਦਾ ਪੱਕਾ ਪ੍ਰਭਾਵ ਦਿਸ ਸਕਿਆ। ਅੱਜ ਤੱਕ ਉਨ੍ਹਾਂ ਦੀ ਮਧੁਰ, ਤੇ ਸਰਲ ਕਵਿਤਾਵਾਂ ਨੂੰ ਸੁਣ ਕੇ ਲੋਕ ਮੁਗਧ ਹੋ ਜਾਂਦੇ ਹਨ।

ਠੀਕ ਇਹੀ ਗੱਲ ਗੁਰੂ ਨਾਨਕ ਦੇਵ ਜ਼ੀ ਦੇ ਬਾਰੇ ਕਹੀ ਜਾ ਸਕਦੀ ਹੈ। ਸਿੱਖ ਗੁਰੂਆਂ ਨੇ ਆਪਣੇ ਮੱਤ ਦੇ ਪ੍ਰਚਾਰ ਨਾਲ ਜਦ ਨਵੇਂ ਸੰਪਰਦਾਏ ਦੀ ਨੀਂਹ ਰੱਖਣੀ ਸ਼ੁਰੂ ਕੀਤੀ ਤਾਂ ਉਸ ਸਮੇਂ ਉਨ੍ਹਾਂ ਨੇ ਨਵੇਂ ਸਾਹਿਤ ਦੀ ਲੋੜ ਵੀ ਮਹਿਸੂਸ ਕੀਤੀ ਅਤੇ ਇਸੇ ਵਿਚਾਰ ਨਾਲ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਬਣਾਈ। ਸਦੀਆਂ ਤਕ ਲਗਾਤਾਰ ਲੜਾਈਆਂ ਕਰਕੇ ਅਤੇ ਮੁਸਲਮਾਨਾਂ ਦੇ ਹਮਲਿਆਂ ਦੇ ਕਾਰਨ ਪੰਜਾਬ ਵਿਚ ਸਾਹਿਤ ਦੀ ਘਾਟ ਆ ਗਈ ਸੀ। ਹਿੰਦੀ ਭਾਸ਼ਾ ਵੀ ਗੁੰਮ ਜਿਹੀ ਹੋ ਗਈ ਸੀ, ਜਿਸ ਵੇਲੇ ਕਿਸੇ ਭਾਰਤੀ ਲਿੱਪੀ ਨੂੰ ਹੀ ਅਪਨਾਉਣ ਦੇ ਲਈ ਉਨ੍ਹਾਂ ਨੇ ਕਸ਼ਮੀਰੀ ਲਿੱਪੀ ਨੂੰ ਅਪਨਾ ਲਿਆ। ਇਸਦੇ ਬਾਅਦ ਗੁਰੂ ਅਰਜੁਨ ਦੇਵ ਜੀ ਅਤੇ ਭਾਈ ਗੁਰਦਾਸ ਜੀ ਨੇ ਯਤਨ ਕਰਕੇ ਆਦਿ ਗ੍ਰੰਥ ਰਚਿਆ। ਆਪਣੀ ਲਿੱਪੀ ਅਤੇ ਆਪਣਾ ਸਾਹਿਤ ਬਣਾ ਕੇ ਆਪਣੇ ਮੱਤ ਨੂੰ ਸਥਾਈ ਰੂਪ ਦੇਣ ਵਿਚ ਉਨ੍ਹਾਂ ਨੇ ਇਹ ਬਹੁਤ ਪ੍ਰਭਾਵਸ਼ਾਲੀ ਤੇ ਉਪਯੋਗੀ ਕਦਮ ਉਠਾਇਆ ਸੀ।

ਉਸਦੇ ਬਾਅਦ ਜਿਵੇਂ ਜਿਵੇਂ ਹਾਲਾਤ ਬਦਲਦੇ ਗਏ, ਤਿਵੇਂ ਤਿਵੇਂ ਸਾਹਿਤ ਦੀ ਧਾਰਾ ਵੀ ਬਦਲਦੀ ਗਈ। ਗੁਰੂਆਂ ਦੇ ਲਗਾਤਾਰ ਬਲੀਦਾਨ ਤੇ ਕਸ਼ਟ ਸਹਿਣ ਨਾਲ ਹਾਲਾਤ ਬਦਲਦੇ ਗਏ। ਜਿਥੇ ਪਹਿਲੇ ਗੁਰੂ ਦਾ ਉਪਦੇਸ਼ ਸੀ : ਭਗਤੀ ਅਤੇ ਆਪਣੇ ਆਪ ਨੂੰ ਭੁਲ ਜਾਣ ਦੇ ਭਾਵ ਸੁਣਦੇ ਹਾਂ ਅਤੇ ਹੇਠ ਲਿਖੇ ਪਦ ਵਿਚ ਕਮਾਲ ਆਜੀਜ਼ੀ ਦਾ ਭਾਵ ਪਾਉਂਦੇ ਹਾਂ।

ਨਾਨਕ ਨਨੇਂ ਹੋ ਰਹੇ, ਜੈਸੀ ਨਨਹੀਂ ਦੂਬ।
ਔਰ ਘਾਸ ਜਰਿ ਜਾਤ ਹੈ, ਦੂਬ ਖੂਬ ਕੀ ਖੂਬ॥

ਉਥੇ ਅਸੀਂ ਨੌਵੇਂ ਗੁਰੂ ਸ੍ਰੀ ਤੇਗ਼ ਬਹਾਦਰ ਜੀ ਦੇ ਉਪਦੇਸ਼ ਵਿਚ ਦੱਬੇ ਲੋਕਾਂ ਦੀ ਹਮਦਰਦੀ ਅਤੇ ਮਦਦ ਦਾ ਭਾਵ ਪਾਉਂਦੇ ਹਾਂ।

ਬਾਂਹ ਜਿਨਾਂ ਦੀ ਪਕੜੀਏ, ਸਿਰ ਦੀਜੇ ਬਾਂਹ ਨਾ ਛੋੜੀਏ।
ਗੁਰੂ ਤੇਗ਼ ਬਹਾਦਰ ਬੋਲਿਆ, ਧਰਤੀ ਪੈ ਧਰਮ ਨਾ ਛੋੜੀਏ।



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੇ ਬਲੀਦਾਨ ਬਾਅਦ ਅਸੀਂ ਇਕਦਮ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ ਵਿਚ ਕਸ਼ੱਤਰੀ ਧਰਮ ਦਾ ਭਾਵ ਪਾਉਂਦੇ ਹਾਂ। ਜਦ ਉਨ੍ਹਾਂ ਨੇ ਦੇਖਿਆ ਕੇ ਹੁਣ ਕੇਵਲ ਭਗਤੀ-ਭਾਵ ਦੇ ਨਾਲ ਹੀ ਕੰਮ ਨਹੀਂ ਚੱਲੇਗਾ ਤਾਂ ਉਨ੍ਹਾਂ ਨੇ ਚੰਡੀ ਦੀ ਪੂਜਾ ਵੀ ਆਰੰਭ ਕਰ ਦਿੱਤੀ ਅਤੇ ਭਗਤੀ ਅਤੇ ਕਸ਼ੱਤਰੀ ਧਰਮ ਦਾ ਮੇਲ ਕਰਕੇ ਸਿੱਖ ਸਮੂਦਾਏ ਨੂੰ ਭਗਤਾਂ ਅਤੇ ਯੋਧਿਆਂ ਦਾ ਇਕੱਠ ਬਣਾ ਦਿੱਤਾ। ਉਨ੍ਹਾਂ ਦੀ ਕਵਿਤਾ (ਸਾਹਿਤ) ਵਿਚ ਅਸੀਂ ਨਵਾਂ ਭਾਵ ਦੇਖਦੇ ਹਾਂ।

ਇਹ ਲਿਖਦੇ ਹਨ :

> ਜੇ ਤੋਹੇ ਪ੍ਰੇਮ ਖੇਲਣ ਕਾ ਚਾਓ, ਸਿਰ ਧਰ ਤਲੀ ਗਲੀ ਮੋਰੀ ਆਓ।
> ਜੇ ਇਤ ਮਾਰਗ ਪੈਰ ਧਰੀਜੇ, ਸਿਰ ਦੀਜੇ ਕਾਣ ਨਾ ਕੀਜੈ॥

ਅਤੇ ਫਿਰ...........

> ਸੂਰਾ ਸੋ ਪਹਿਚਾਨੀਏ, ਜੋ ਲੜੇ ਦੀਨ ਕੇ ਹੇਤ।
> ਪੁਰਜਾ ਪੁਰਜਾ ਕੱਟ ਮਰੇ, ਕਬੂੰ ਨਾ ਛਾਡੇ ਖੇਤ॥

ਅਤੇ ਫਿਰ ਇਕਾ ਇਕ ਖੜਗਾਗ ਦੀ ਪੂਜਾ ਸ਼ੁਰੂ ਹੋ ਜਾਂਦੀ ਹੈ :

> ਖਗ ਖੰਡ ਵਿਹੰਡ, ਖਲ ਦਲ ਖੰਡ ਚਮਤਿ ਰਨ ਮੰਡ ਪ੍ਰਚੰਡ।
> ਭੁਜ ਦੰਡ ਅਖੰਡ, ਤੇਜ ਪਰਚੰਡ ਜੋਤੇ ਅਭੰਡ ਭਾਨੂ ਪ੍ਰਭਨ॥

ਇਨ੍ਹਾਂ ਭਾਵਾਂ ਨੂੰ ਲੈ ਕੇ ਬਾਬਾ ਬੰਦਾ ਆਦਿ ਮੁਸਲਮਾਨਾਂ ਦੇ ਵਿਰੁੱਧ ਲਗਾਤਾਰ ਯੁੱਧ ਕਰਦੇ ਰਹੇ, ਪਰ ਉਸਦੇ ਬਾਅਦ ਅਸੀਂ ਦੇਖਦੇ ਹਾਂ ਕੇ ਜਦ ਸਿੱਖ ਸੰਪਰਦਾਅ ਇਕ ਅਰਾਜਕਤਾ ਦਾ ਸਮੂਹ ਰਹਿ ਜਾਂਦਾ ਹੈ ਅਤੇ ਜਦ ਉਹ ਗੈਰ-ਕਾਨੂੰਨੀ ਕਰਾਰ ਦਿੱਤੇ ਜਾਂਦੇ ਹਨ, ਤਦ ਉਨ੍ਹਾਂ ਨੂੰ ਲਗਾਤਾਰ ਜੰਗਲਾਂ ਵਿਚ ਹੀ ਰਹਿਣਾ ਪੈਂਦਾ ਹੈ। ਹੁਣ ਨਵੇਂ ਸਾਹਿਤ ਦੀ ਸਿਰਜਣਾ ਨਹੀਂ ਹੋ ਸਕਦੀ। ਉਨ੍ਹਾਂ ਵਿਚ ਨਵੇਂ ਭਾਵ ਨਹੀਂ ਭਰੇ ਜਾ ਸਕਦੇ। ਉਨ੍ਹਾਂ ਵਿਚ ਵਿਦਿਆਰਥੀਆਂ ਦੀ ਬਿਰਤੀ ਸੀ, ਵੀਰਤਾ ਅਤੇ ਬਲੀਦਾਨ ਦਾ ਭਾਵ ਸੀ ਅਤੇ ਮੁਸਲਮਾਨ ਸ਼ਾਸਕਾਂ ਦੇ ਵਿਰੁੱਧ ਜੰਗ ਕਰਦੇ ਰਹਿਣ ਦਾ ਭਾਵ ਸੀ, ਪਰ ਉਸਦੇ ਬਾਅਦ ਕੀ ਕਰਨਾ ਹੋਵੇਗਾ, ਉਸਨੂੰ ਉਹ ਭਲੀ-ਭਾਂਤ ਨਹੀਂ ਸਮਝ ਸਕੇ। ਤਾਂ ਹੀ ਤੇ ਉਨ੍ਹਾਂ ਵੀਰ ਯੋਧਿਆਂ ਦੇ ਸਮੂਹ (ਮਿਸਲਾਂ) ਆਪਸ ਵਿਚ ਭਿੜ ਗਈਆਂ। ਏਥੇ ਤਕ ਕਿ ਮੌਕੇ ਲਈ ਠੀਕ ਭਾਵਾਂ ਦੀ ਘਾਟ ਬਹੁਤ ਬੁਰੀ ਤਰ੍ਹਾਂ ਰੜਕਦੀ ਹੈ। ਜੇ ਬਾਅਦ ਵਿਚ ਰਣਜੀਤ ਸਿੰਘ ਜਿਹਾ ਵੀਰ ਯੋਧਾ ਅਤੇ ਚਾਲਾਕ ਸ਼ਾਸਕ ਨਾ ਨਿਕਲ ਆਉਂਦਾ ਤਾਂ ਸਿੱਖਾਂ ਨੂੰ ਇਕੱਠ ਕਰਨ ਲਈ ਕੋਈ ਉੱਚ ਆਦਰਸ਼ ਅਥਵਾ ਭਾਵ ਬਾਕੀ ਨਹੀਂ ਰਹਿ ਗਿਆ ਸੀ।

ਇਸ ਸਾਰੀ ਗੱਲਬਾਤ ਦੇ ਨਾਲ ਇਕ ਹੋਰ ਗੱਲ ਦਾ ਖ਼ਾਸ ਧਿਆਨ ਰੱਖਣ ਵਾਲਾ ਹੈ। ਸੰਸਕ੍ਰਿਤ ਦਾ ਸਾਰਾ ਸਾਹਿਤ ਹਿੰਦੂ ਸਮਾਜ ਨੂੰ ਮੁੜ ਸੁਰਜੀਤ ਨਾ ਕਰ ਸਕਿਆ। ਇਸ ਲਈ ਮੌਕੇ ਮੁਤਾਬਕ ਭਾਸ਼ਾ ਵਿਚ ਨਵੇਂ ਸਾਹਿਤ ਦੀ ਸਿਰਜਣਾ ਕੀਤੀ ਗਈ। ਉਸ ਮੌਕੇ ਮੁਤਾਬਕ ਭਾਵ ਦੇ ਸਾਹਿਤ ਨੇ ਆਪਣਾ ਜੋ ਪ੍ਰਭਾਵ ਦਿਖਾਇਆ ਉਹੀ ਅਸੀਂ ਅੱਜ ਤਕ ਅਨੁਭਵ ਕਰਦੇ ਹਾਂ। ਇਕ ਅੱਛੇ ਸਮਝਦਾਰ ਆਦਮੀ ਲਈ ਔਖੀ ਸੰਸਕ੍ਰਿਤ ਦੇ ਮੰਤਰ ਅਤੇ ਪੁਰਾਣੀ ਅਰਬੀ ਦੀਆਂ ਆਇਤਾਂ ਏਨੀਆਂ ਅਸਰਦਾਰ ਨਹੀਂ ਹੋ ਸਕਦੀਆਂ ਜਿੰਨੀਆਂ ਕੇ ਉਸਦੀ ਆਪਣੀ ਸਾਧਾਰਨ ਭਾਸ਼ਾ ਦੀਆਂ ਸਾਧਾਰਨ ਗੱਲਾ।

ਉੱਪਰ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਦਾ ਸੰਖੇਪ ਇਤਿਹਾਸ ਲਿਖਿਆ ਗਿਆ ਹੈ। ਹੁਣ ਅਸੀਂ ਵਰਤਮਾਨ ਹਾਲਾਤ 'ਤੇ ਆਉਂਦੇ ਹਾਂ। ਲਗਭਗ ਇਕੋ ਹੀ ਸਮੇਂ 'ਤੇ ਬੰਗਾਲ



Sri Satguru Jagjit Singh Ji Elibrary NamdhariElibrary@gmail.com

ਵਿਚ ਸਵਾਮੀ ਵਿਵੇਕਾਨੰਦ ਅਤੇ ਪੰਜਾਬ ਵਿਚ ਸਵਾਮੀ ਰਾਮਤੀਰਥ ਪੈਦਾ ਹੋਏ। ਦੋਨੋਂ ਹੀ ਇਕੋ ਦਰਜੇ ਦੇ ਮਹਾਂਪੁਰਸ਼ ਸਨ। ਦੋਨਾਂ ਨੇ ਵਿਦੇਸ਼ਾਂ ਵਿਚ ਭਾਰਤੀ ਤੱਤਵ ਗਿਆਨ ਦੀ ਧਾਂਕ ਜਮਾ ਕੇ ਖ਼ੁਦ ਜਗਤ ਪ੍ਰਸਿੱਧੀ ਪ੍ਰਾਪਤ ਕੀਤੀ। ਪਰ ਸਵਾਮੀ ਵਿਵੇਕਾਨੰਦ ਦਾ ਮਿਸ਼ਨ ਬੰਗਾਲ ਵਿਚ ਇਕ ਪੱਕੀ ਸੰਸਥਾ ਬਣ ਗਿਆ। ਪਰ ਪੰਜਾਬ ਵਿਚ ਸਵਾਮੀ ਰਾਮਤੀਰਥ ਦੀ ਯਾਦਗਾਰ ਤਕ ਨਹੀਂ ਦਿੱਸਦੀ। ਉਨ੍ਹਾਂ ਦੋਨਾਂ ਦੇ ਵਿਚਾਰਾਂ ਵਿਚ ਭਾਰੀ ਫ਼ਰਕ ਰਹਿਣ 'ਤੇ ਵੀ ਇੱਕ ਗਹਿਰੀ ਇਕਸਾਰਤਾ ਦੇਖਦੇ ਹਾਂ। ਜਿਥੇ ਸਵਾਮੀ ਵਿਵੇਕਾਨੰਦ ਕਰਮਯੋਗ ਦਾ ਪ੍ਰਚਾਰ ਕਰ ਰਹੇ ਸਨ, ਉੱਥੇ ਸਵਾਮੀ ਰਾਮਤੀਰਥ ਜੀ ਮਸਤਾਨਾਵਾਰ ਗਾਇਆ ਕਰਦੇ ਸਨ :

ਹਮ ਰੂਖੇ ਟੁਕੜੇ ਖਾਏਂਗੇ, ਭਾਰਤ ਪਰ ਵਾਰੇ ਜਾਏਂਗੇ।
ਹਮ ਸੂਖੇ ਚਨੇ ਚਬਾਏਂਗੇ, ਭਾਰਤ ਕੀ ਬਾਤ ਬਨਾਏਂਗੇ।
ਹਮ ਨੰਗੇ ਉਮਰ ਬਿਤਾਏਂਗੇ, ਭਾਰਤ ਪਰ ਜਾਨ ਮਿਟਾਏਂਗੇ।

ਉਹ ਕਈ ਵਾਰ ਅਮਰੀਕਾ ਵਿਚ ਅਸਤ ਹੁੰਦੇ ਸੂਰਜ ਨੂੰ ਦੇਖ ਕੇ ਆਂਸੂ ਵਗਾਉਂਦੇ ਹੋਏ ਕਹਿ ਉੱਠਦੇ ਸਨ—"ਤੂੰ ਹੁਣ ਮੇਰੇ ਪਿਆਰੇ ਭਾਰਤ ਵਿਚ ਚੜ੍ਹਨ ਜਾ ਰਿਹਾ ਹੈ, ਮੇਰੇ ਇਨ੍ਹਾਂ ਆਂਸੂਆਂ ਨੂੰ ਭਾਰਤ ਦੇ ਸੁੰਦਰ ਹਰੇ ਖੇਤਾਂ ਵਿਚ ਉਸ ਦੀਆਂ ਬੂੰਦਾਂ ਦੇ ਰੂਪ ਵਿਚ ਰੱਖ ਦੇਣਾ।" ਏਨਾ ਮਹਾਨ ਦੇਸ਼ ਅਤੇ ਈਸ਼ਵਰ ਭਗਤ ਸਾਡੇ ਸੂਬੇ ਵਿਚ ਪੈਦਾ ਹੋਇਆ ਹੋਵੇ, ਪਰ ਉਸਦੀ ਯਾਦਗਾਰ ਤਕ ਨਾ ਦਿੱਸੇ, ਇਸਦਾ ਕਾਰਨ ਸਾਹਿਤਕ ਪਿਛੜਿਆਪਨ ਦੇ ਇਲਾਵਾ ਹੋਰ ਕੀ ਹੋ ਸਕਦਾ ਸੀ।

ਇਹ ਗੱਲ ਅਸੀਂ ਹਰ ਪੈਰ ਪੈਰ 'ਤੇ ਅਨੁਭਵ ਕਰਦੇ ਹਾਂ। ਬੰਗਾਲ ਦੇ ਮਹਾਪੁਰਸ਼ ਸ੍ਰੀ ਰਵਿੰਦਰ ਠਾਕੁਰ ਅਤੇ ਸ੍ਰੀ ਕੇਸ਼ਵ ਚੰਦਰ ਸੇਨ ਦੀ ਟੱਕਰ ਦੇ ਪੰਜਾਬ ਵਿਚ ਕਈ ਮਹਾਪੁਰਸ਼ ਹੋਏ ਹਨ, ਪਰ ਉਨ੍ਹਾਂ ਦੀ ਉਹ ਕਦਰ ਨਹੀਂ ਅਤੇ ਮਰਨ ਦੇ ਬਾਅਦ ਉਹ ਜਲਦੀ ਹੀ ਭੁਲਾ ਦਿੱਤੇ ਗਏ, ਜਿਵੇਂ ਗੁਰੂ ਗਿਆਨ ਸਿੰਘ ਜੀ ਇਤਿਆਦਿ। ਇਸ ਸਾਰੇ ਦੀ ਤਹਿ ਵਿਚ ਅਸੀਂ ਦੇਖਦੇ ਹਾਂ ਕਿ ਇੱਕ ਹੀ ਮੁੱਖ ਕਾਰਨ ਹੈ ਅਤੇ ਉਹ ਹੈ ਸਾਹਿਤਕ ਰੁਚੀ ਜਾਗ੍ਰਿਤੀ ਦੀ ਪੂਰੀ ਤਰ੍ਹਾਂ ਘਾਟ।

ਇਹ ਤਾਂ ਪੱਕੀ ਗੱਲ ਹੈ ਕਿ ਸਾਹਿਤ ਦੇ ਬਿਨਾਂ ਕੋਈ ਦੇਸ਼ ਅਤੇ ਜਾਤੀ ਉਨਤੀ ਨਹੀਂ ਕਰ ਸਕਦੀ। ਪਰ ਸਾਹਿਤ ਲਈ ਸਭ ਤੋਂ ਪਹਿਲਾਂ ਭਾਸ਼ਾ ਦੀ ਜ਼ਰੂਰਤ ਹੁੰਦੀ ਹੈ ਅਤੇ ਪੰਜਾਬ ਵਿਚ ਉਹ ਨਹੀਂ ਹੈ। ਇੰਨੇ ਦਿਨਾਂ ਤੋਂ ਇਹ ਘਾਟ ਮਹਿਸੂਸ ਕਰਦੇ ਰਹਿਣ 'ਤੇ ਵੀ ਅਜੇ ਤਕ ਭਾਸ਼ਾ ਦਾ ਕੋਈ ਫੈਸਲਾ ਨਹੀਂ ਹੋ ਪਾਇਆ। ਇਸਦਾ ਮੁੱਖ ਕਾਰਨ ਹੈ ਸਾਡੇ ਸੂਬੇ ਦੀ ਬਦਕਿਸਮਤੀ ਨਾਲ ਭਾਸ਼ਾ ਨੂੰ ਮਜ਼ਹਬੀ ਮਸਲਾ ਬਣਾ ਦੇਣਾ। ਦੂਸਰੇ ਸੂਬਿਆਂ ਵਿਚ ਅਸੀਂ ਦੇਖਦੇ ਹਾਂ ਕਿ ਮੁਸਲਮਾਨਾਂ ਨੇ ਸੂਬਾਈ ਭਾਸ਼ਾ ਨੂੰ ਖ਼ੂਬ ਅਪਨਾ ਲਿਆ ਹੈ। ਬੰਗਾਲ ਦੇ ਸਾਹਿਤਕ ਖੇਤਰ ਵਿਚ ਕਵੀ ਨਜ਼ਰ-ਉਲ-ਇਸਲਾਮ ਇਕ ਚਮਕਦਾ ਸਿਤਾਰਾ ਹੈ। ਹਿੰਦੀ ਕਵੀਆਂ ਵਿਚ ਲਤੀਫ ਹੁਸੈਨ 'ਨਟਵਰ' ਉਲੇਖਨੀਆ ਹੈ। ਏਸੇ ਤਰ੍ਹਾਂ ਗੁਜਰਾਤ ਵਿਚ ਵੀ ਹੈ, ਪਰ ਬਦਕਿਸਮਤੀ ਹੈ ਪੰਜਾਬ ਦੀ। ਏਥੇ ਮੁਸਲਮਾਨਾਂ ਦਾ ਸਵਾਲ ਤਾਂ ਵੱਖਰਾ ਰਿਹਾ, ਹਿੰਦੂ ਸਿੱਖ ਵੀ ਇਸ ਗੱਲ 'ਤੇ ਨਹੀਂ ਮਿਲ ਸਕੇ।

ਪੰਜਾਬ ਦੀ ਭਾਸ਼ਾ ਦੂਸਰੇ ਸੂਬਿਆਂ ਦੀ ਤਰ੍ਹਾਂ ਪੰਜਾਬੀ ਹੀ ਹੋਣੀ ਚਾਹੀਦੀ ਸੀ, ਫਿਰ ਕਿਉਂ ਨਹੀਂ ਹੋਈ, ਇਹ ਸਵਾਲ ਸਹਿਵਨ ਹੀ ਉੱਠਦਾ ਹੈ। ਪਰ ਏਥੋਂ ਦੇ ਮੁਸਲਮਾਨਾਂ ਨੇ ਉਰਦੂ ਨੂੰ ਅਪਨਾਇਆ। ਮੁਸਲਮਾਨਾ ਵਿਚ ਭਾਰੀਅਤਾ ਦੀ ਹਰ ਤਰ੍ਹਾਂ ਘਾਟ ਹੈ, ਇਸ ਲਈ ਉਹ ਸਾਰੇ ਭਾਰਤ ਵਿਚ ਭਾਰੀਅਤਾ ਦੀ ਮਹੱਤਤਾ ਨਾ ਸਮਝ ਕੇ ਅਰਬੀ ਲਿੱਪੀ ਅਤੇ ਫਾਰਸੀ ਭਾਸ਼ਾ ਦਾ



Sri Satguru Jagjit Singh Ji Elibrary NamdhariElibrary@gmail.com

ਪਰਚਾਰ ਕਰਨਾ ਚਾਹੁੰਦੇ ਹਨ। ਸਾਰੇ ਭਾਰਤ ਦੀ ਇਕ ਭਾਸ਼ਾ ਅਤੇ ਉਹ ਵੀ ਹਿੰਦੀ ਹੋਣ ਦਾ ਮਹੱਤਵ ਉਨਾਂ ਦੀ ਸਮਝ ਵਿਚ ਨਹੀਂ ਆਉਂਦਾ। ਇਸ ਲਈ ਉਹ ਤਾਂ ਆਪਣੀ ਉਰਦੂ ਦੀ ਰੱਟ ਲਗਾਂਦੇ ਰਹੇ ਅਤੇ ਇਕ ਪਾਸੇ ਹੋ ਕੇ ਬੈਠ ਗਏ।

ਫਿਰ ਸਿੱਖਾਂ ਦੀ ਵਾਰੀ ਆਈ। ਉਨ੍ਹਾਂ ਦਾ ਸਾਰਾ ਸਾਹਿਤ ਗੁਰਮੁੱਖੀ ਲਿੱਪੀ ਵਿਚ ਹੈ। ਭਾਸ਼ਾ ਵਿਚ ਔਛੀ ਖ਼ਾਸੀ ਹਿੰਦੀ ਹੈ। ਪਰ ਮੁੱਖ ਪੰਜਾਬੀ ਭਾਸ਼ਾ ਹੈ। ਇਸ ਲਈ ਸਿੱਖਾਂ ਨੇ ਗੁਰਮੁਖੀ ਲਿੱਪੀ ਵਿਚ ਲਿਖੀ ਜਾਣ ਵਾਲੀ ਪੰਜਾਬੀ ਭਾਸ਼ਾ ਨੂੰ ਅਪਨਾ ਲਿਆ। ਉਹ ਉਸਨੂੰ ਕਿਸੇ ਤਰ੍ਹਾਂ ਛੱਡ ਨਹੀਂ ਸਕਦੇ। ਉਹ ਉਸ ਨੂੰ ਮਜਹਬੀ ਭਾਸ਼ਾ ਬਣਾ ਕੇ ਉਸ ਨਾਲ ਚਿਪਕ ਗਏ ਹਨ।

ਏਧਰ ਆਰੀਆ ਸਮਾਜ ਦਾ ਸੰਚਾਰ ਹੋਇਆ। ਸਵਾਮੀ ਦਯਾਨੰਦ ਸਰਸਵਤੀ ਨੇ ਸਾਰੇ ਭਾਰਤਵਰਸ਼ ਵਿਚ ਹਿੰਦੀ ਦਾ ਪਰਚਾਰ ਕਰਨ ਦਾ ਭਾਵ ਰੱਖਿਆ। ਹਿੰਦੀ ਭਾਸ਼ਾ ਆਰੀਆ ਸਮਾਜ ਦਾ ਇੱਕ ਧਾਰਮਿਕ ਅੰਗ ਬਣ ਗਈ। ਧਾਰਮਿਕ ਅੰਗ ਬਣ ਜਾਣ ਦਾ ਇਕ ਲਾਭ ਤਾਂ ਹੋਇਆ ਕਿ ਸਿੱਖਾਂ ਦੀ ਕੱਟੜਤਾ ਨਾਲ ਪੰਜਾਬੀ ਦੀ ਰੱਖਿਆ ਹੋ ਗਈ ਅਤੇ ਆਰੀਆ ਸਮਾਜੀਆਂ ਦੀ ਕੱਟੜਤਾ ਨਾਲ ਹਿੰਦੀ ਭਾਸ਼ਾ ਨੇ ਆਪਣਾ ਥਾਂ ਬਣਾ ਲਿਆ।

ਆਰੀਆ ਸਮਾਜ ਦੇ ਸ਼ੁਰੂ ਦੇ ਦਿਨਾਂ ਵਿਚ ਸਿੱਖਾਂ ਅਤੇ ਆਰੀਆ ਸਮਾਜੀਆਂ ਦੀਆਂ ਧਾਰਮਿਕ ਸਭਾਵਾਂ ਇਕ ਥਾਂ ਹੀ ਹੁੰਦੀਆਂ ਸਨ। ਤਦ ਉਨ੍ਹਾਂ ਵਿਚ ਕੋਈ ਭੇਦ-ਭਾਵ ਨਹੀਂ ਸੀ, ਪਰ ਪਿੱਛੋਂ 'ਸਤਿਆਰਥ ਪ੍ਰਕਾਸ਼' ਦੇ ਕਿਸੇ ਦੋ-ਇਕ ਵਾਕਾਂ ਦੇ ਕਾਰਨ ਆਪਸ ਵਿਚ ਮਨਾਂ ਦੀ ਦੂਰੀ ਬਹੁਤ ਵੱਧ ਗਈ, ਅਤੇ ਇਕ-ਦੂਜੇ ਤੋਂ ਘਿਰਣਾ ਹੋਣ ਲੱਗੀ। ਇਸੇ ਵਹਾਅ ਵਿਚ ਵਹਿ ਕੇ ਸਿੱਖ ਲੋਗ ਹਿੰਦੀ ਭਾਸ਼ਾ ਨੂੰ ਵੀ ਘਿਰਣਾ ਦੀ ਨਜ਼ਰ ਨਾਲ ਦੇਖਣ ਲੱਗੇ। ਦੂਸਰਿਆਂ ਨੇ ਇਸ ਵੱਲ ਬਿਲਕੁਲ ਹੀ ਧਿਆਨ ਨਾ ਦਿੱਤਾ।

ਬਾਅਦ ਵਿਚ ਕਹਿੰਦੇ ਹਨ ਕਿ ਆਰੀਆ ਸਮਾਜੀ ਨੇਤਾ ਮਹਾਰਾਜ ਹੰਸਰਾਜ ਜੀ ਨੇ ਲੋਕਾਂ ਨੂੰ ਕੁਝ ਏਸ ਤਰ੍ਹਾਂ ਸਲਾਹ ਦਿੱਤੀ ਸੀ ਕਿ ਜੇ ਉਹ ਹਿੰਦੀ ਲਿੱਪੀ ਨੂੰ ਅਪਨਾ ਲੈਣ, ਤਾਂ ਹਿੰਦੀ ਲਿੱਪੀ ਵਿਚ ਲਿਖੀ ਜਾਣ ਵਾਲੀ ਪੰਜਾਬੀ ਭਾਸ਼ਾ ਯੂਨੀਵਰਸਿਟੀ ਵਿਚ ਮੰਜ਼ੂਰ ਕਰਵਾ ਲੈਣਗੇ। ਪਰ ਬਦਕਿਸਮਤੀ ਕਿ ਲੋਗ ਤੰਗ ਦਾਇਰੇ ਤੇ ਸੋਚ ਕਾਰਨ ਅਤੇ ਸਾਹਿਤਕ ਜਾਗ੍ਰਿਤੀ ਦੇ ਨਾ ਰਹਿਣ ਦੇ ਕਾਰਨ ਇਸ ਗੱਲ ਦੀ ਮਹੱਤਤਾ ਨੂੰ ਸਮਝ ਹੀ ਨਹੀਂ ਸਕੇ ਅਤੇ ਉਸ ਤਰ੍ਹਾਂ ਹੋ ਹੀ ਨਹੀਂ ਸਕਿਆ। ਖ਼ੈਰ ! ਇਸ ਵੇਲੇ ਪੰਜਾਬ ਵਿਚ ਤਿੰਨ ਮਤ ਹਨ। ਪਹਿਲਾ ਮੁਸਲਮਾਨਾਂ ਦਾ ਉਰਦੂ ਸੰਬੰਧੀ ਕੱਟੜ ਪੱਖਪਾਤ, ਦੂਸਰਾ ਆਰੀਆ ਸਮਾਜੀਆਂ ਤੇ ਕੁਝ ਹਿੰਦੂਆਂ ਦਾ ਹਿੰਦੀ ਬਾਰੇ, ਤੀਸਰਾ ਪੰਜਾਬੀ ਦਾ।

ਇਸੇ ਸਮੇਂ ਅਸੀਂ ਇਕ ਇਕ ਭਾਸ਼ਾ ਦੇ ਸੰਬੰਧ ਵਿਚ ਕੁਝ ਵਿਚਾਰ ਕਰੀਏ ਤਾਂ ਗ਼ਲਤ ਨਹੀਂ ਹੋਵੇਗਾ। ਸਭ ਤੋਂ ਪਹਿਲਾਂ ਅਸੀਂ ਮੁਸਲਮਾਨਾਂ ਦੇ ਵਿਚਾਰ ਰੱਖਾਂਗੇ। ਉਹ ਉਰਦੂ ਦੇ ਕੱਟੜ ਪੱਖਪਾਤੀ ਹਨ। ਇਸ ਵੇਲੇ ਪੰਜਾਬ ਵਿਚ ਇਸ ਭਾਸ਼ਾ ਦਾ ਜ਼ੋਰ ਵੀ ਹੈ। ਅਦਾਲਤ ਦੀ ਭਾਸ਼ਾ ਵੀ ਇਹੀ ਹੈ। ਅਤੇ ਫਿਰ ਮੁਸਲਮਾਨ ਸੱਜਣਾਂ ਦਾ ਕਹਿਣਾ ਵੀ ਇਹ ਹੈ ਕਿ ਉਰਦੂ ਲਿੱਪੀ ਵਿਚ ਜ਼ਿਆਦਾ ਗੱਲ ਥੋੜੇ ਥਾਂ ਵਿਚ ਲਿਖੀ ਜਾ ਸਕਦੀ ਹੈ। ਇਹ ਸਭ ਠੀਕ ਹੈ, ਪਰ ਸਾਡੇ ਸਾਹਮਣੇ ਇਸ ਵੇਲੇ ਮੁੱਖ ਸਵਾਲ ਭਾਰਤ ਨੂੰ ਇਕ ਰਾਸ਼ਟਰ ਬਣਾਉਣਾ ਹੈ। ਇਕ ਰਾਸ਼ਟਰ ਬਣਾਉਣ ਲਈ ਇਕ ਭਾਸ਼ਾ ਦਾ ਹੋਣਾ ਜ਼ਰੂਰੀ ਹੈ। ਪਰ ਇਹ ਇਕਦਮ ਨਹੀਂ ਹੋ ਸਕਦਾ। ਉਸਦੇ ਲਈ ਕਦਮ ਕਦਮ ਚੱਲਣਾ ਪੈਣਾ ਹੈ। ਜੇ ਅਸੀਂ ਭਾਰਤ ਦੀ ਇਕ ਭਾਸ਼ਾ ਨਹੀਂ ਬਣਾ ਸਕੇ ਤਾਂ ਘੱਟੋ-ਘੱਟ ਲਿੱਪੀ ਤਾਂ ਇਕ ਬਣਾ ਦੇਣੀ ਚਾਹੀਦੀ ਹੈ। ਉਰਦੂ ਲਿੱਪੀ ਨੂੰ ਤਾਂ ਸਰਵਾਂਗ ਸੰਪੂਰਨ ਨਹੀਂ ਕਿਹਾ



Sri Satguru Jagjit Singh Ji Elibrary NamdhariElibrary@gmail.com

ਜਾ ਸਕਦਾ, ਅਤੇ ਫਿਰ ਸਭ ਤੋਂ ਵੱਡੀ ਗੱਲ 'ਤਾਂ ਇਹ ਹੈ ਕਿ ਉਸਦਾ ਅਧਾਰ ਫਾਰਸੀ ਭਾਸ਼ਾ ਉੱਤੇ ਹੈ। ਉਰਦੂ ਕਵੀਆਂ ਦੀ ਉਡਾਨ ਚਾਹੇ ਉਹ ਹਿੰਦੀ (ਭਾਰਤੀ) ਹੀ ਕਿਉਂ ਨਾ ਹੋਣ, ਇਰਾਨ ਦੀ ਸਾਕੀ ਅਤੇ ਅਰਬ ਦੀਆਂ ਖਜੂਰਾਂ ਨੂੰ ਜਾ ਪਹੁੰਚਦੀ ਹੈ। ਕਾਜੀ ਨਜ਼ਰ ਉਲ ਇਸਲਾਮ ਦੀ ਕਵਿਤਾ ਮਿੱਚ ਤਾਂ ਧੂਰਜਟੀ, ਵਿਸ਼ਵਾਮਿਤਰ ਅਤੇ ਦੁਰਵਾਸਾ ਦੀ ਚਰਚਾ ਬਾਰ ਬਾਰ ਹੈ। ਪਰ ਸਾਡੇ ਪੰਜਾਬੀ ਹਿੰਦੀ-ਉਰਦੂ ਕਵੀ ਇਸ ਪਾਸੇ ਧਿਆਨ ਤਕ ਹੀ ਨਹੀਂ ਦੇ ਸਕੇ। ਕੀ ਇਹ ਦੁੱਖ ਦੀ ਗੱਲ ਨਹੀਂ? ਇਸਦਾ ਮੁੱਖ ਕਾਰਨ ਭਾਰਤੀਅਤਾ ਅਤੇ ਭਾਰਤੀ ਸਾਹਿਤ ਵਿਚ ਉਨ੍ਹਾਂ ਦੀ ਅਣਭਿਜਤਾ ਹੈ। ਉਨ੍ਹਾਂ ਵਿਚ ਭਾਰਤੀਅਤਾ ਆ ਹੀ ਨਹੀਂ ਪਾਉਂਦੀ, ਫਿਰ ਉਨ੍ਹਾਂ ਦੇ ਰਚਿਤ ਸਾਹਿਤ ਵਿਚ ਅਸੀਂ ਕਿੱਥੇ ਤਕ ਭਾਰਤੀ ਬਣ ਸਕਦੇ ਹਾਂ? ਕੇਵਲ ਉਰਦੂ ਪੜ੍ਹਨ ਵਾਲੇ ਵਿਦਿਆਰਥੀ ਭਾਰਤ ਦੇ ਪੁਰਾਣੇ ਸਾਹਿਤ ਦਾ ਗਿਆਨ ਨਹੀਂ ਹਾਸਲ ਕਰ ਸਕਦੇ। ਇਹ ਨਹੀਂ ਕਿ ਉਰਦੂ ਵਰਗੀ ਸਾਹਿਤਕ ਭਾਸ਼ਾ ਵਿਚ ਉਨ੍ਹਾਂ ਗਰੰਥਾਂ ਦਾ ਅਨੁਵਾਦ ਨਹੀਂ ਹੋ ਸਕਦਾ, ਪਰ ਉਸ ਵਿਚ ਠੀਕ ਉਸੇ ਤਰ੍ਹਾਂ ਦਾ ਅਨੁਵਾਦ ਹੋ ਸਕਦਾ ਹੈ ਜਿਵੇਂ ਕਿ ਇਕ ਇਰਾਨੀ ਨੂੰ ਭਾਰਤੀ ਸਾਹਿਤ ਸੰਬੰਧੀ ਗਿਆਨ ਪਾਉਣ ਲਈ ਜ਼ਰੂਰੀ ਹੈ।

ਅਸੀਂ ਆਪਣੇ ਉੱਪਰਲੇ ਕਥਨ ਬਾਰੇ ਸਿਰਫ਼ ਏਨਾ ਹੀ ਕਹਾਂਗੇ ਕਿ ਜਦ ਸਾਧਾਰਨ ਆਰੀਆ ਅਤੇ ਸਵਰਾਜ ਆਦਿ ਸ਼ਬਦਾਂ ਨੂੰ ਆਰੀਆ ਅਤੇ ਸਵੈ-ਰਾਜਿਯਾ ਲਿਖਿਆ ਤੇ ਪੜ੍ਹਿਆ ਜਾਂਦਾ ਹੈ ਤਾਂ ਗੂੜ ਤੱਤ ਵਿਗਿਆਨ ਬਾਰੇ ਵਿਸ਼ਿਆਂ ਦੀ ਚਰਚਾ ਹੀ ਕੀ ਹੈ? ਅਜੇ ਉਸ ਦਿਨ ਸ੍ਰੀ ਲਾਲਾ ਹਰਦਿਆਲ ਜੀ ਐੱਮ.ਏ. ਦੀ ਉਰਦੂ ਕਿਤਾਬ "ਕੌਮਾਂ ਕਿਸ ਤਰ੍ਹਾਂ ਜ਼ਿੰਦਾ ਰਹਿ ਸਕਦੀਆਂ ਹਨ?" ਦਾ ਅਨੁਵਾਦ ਕਰਦੇ ਹੋਏ ਸਰਕਾਰੀ ਅਨੁਵਾਦਕ ਨੇ ਰਿਸ਼ੀ ਨਚੀਕੇਤਾ ਨੂੰ ਉਰਦੂ ਵਿਚ ਲਿਖੇ ਹੋਣ ਕਰਕੇ ਨੀਚੀ ਕੁਤਿਆ ਸਮਝ ਕੇ। "ਏ ਬਿੱਚ ਆਫ ਲੋਅ ਆਰੀਜਨ" ਅਨੁਵਾਦ ਕਰ ਦਿੱਤਾ ਸੀ। ਇਸ ਵਿਚ ਨਾ ਲਾਲਾ ਹਰਦਿਆਲ ਜੀ ਦਾ ਦੋਸ਼ ਸੀ ਤੇ ਨਾ ਹੀ ਅਨੁਵਾਦਕ ਮਹਾਰਾਜ ਦਾ। ਇਸ ਵਿਚ ਕਸੂਰ ਸੀ ਉਰਦੂ ਲਿੱਪੀ ਦਾ ਅਤੇ ਉਰਦੂ ਭਾਸ਼ਾ ਦੀ ਹਿੰਦੀ ਭਾਸ਼ਾ ਅਤੇ ਸਾਹਿਤ ਤੋਂ ਵੱਖਰੇਪਨ ਦਾ।

ਬਾਕੀ ਭਾਰਤ ਵਿਚ ਭਾਰਤੀ ਭਾਸ਼ਾਵਾਂ ਅਤੇ ਲਿੱਪੀਆਂ ਪਰਚਲਤ ਹਨ। ਐਸੀ ਹਾਲਤ ਵਿਚ ਪੰਜਾਬ ਵਿਚ ਉਰਦੂ ਦਾ ਪਰਚਾਰ ਕਰਕੇ ਕੀ ਅਸੀਂ ਭਾਰਤ ਤੋਂ ਇਕਦਮ ਅਲੱਗ ਥਲੱਗ ਹੋ ਜਾਈਏ? ਨਹੀਂ। ਅਤੇ ਫਿਰ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਰਦੂ ਦੇ ਕੱਟੜਪੱਖੀ ਮੁਸਲਮਾਨ ਲੇਖਕਾਂ ਦੇ ਉਰਦੂ ਵਿਚ ਫ਼ਾਰਸੀ ਦਾ ਵੀ ਵੱਧ ਜ਼ੋਰ ਰਹਿੰਦਾ ਹੈ। 'ਜ਼ਿਮੀਂਦਾਰ' ਅਤੇ 'ਸਿਆਸਤ' ਆਦਿ ਮੁਸਲਮਾਨ ਸਮਾਚਾਰ-ਪੱਤਰਾਂ ਵਿਚ ਤਾਂ ਅਰਬੀ ਦਾ ਜ਼ੋਰ ਰਹਿੰਦਾ ਹੈ, ਜਿਸਨੂੰ ਇਕ ਸਧਾਰਣ ਆਦਮੀ ਸਮਝ ਹੀ ਨਹੀਂ ਸਕਦਾ। ਏਸ ਹਾਲਤ ਵਿਚ ਇਸਦਾ ਪਰਚਾਰ ਕਿਵੇਂ ਕੀਤਾ ਜਾ ਸਕਦਾ ਹੈ? ਅਸੀਂ ਤਾਂ ਚਾਹੁੰਦੇ ਹਾਂ ਕਿ ਮੁਸਲਮਾਨ ਭਰਾ ਵੀ ਆਪਣੇ ਮਜ਼ਹਬ 'ਤੇ ਪੱਕੇ ਰਹਿੰਦੇ ਹੋਏ ਠੀਕ ਉਸੇ ਤਰ੍ਹਾਂ ਭਾਰਤੀ ਬਣ ਜਾਣ ਜਿਵੇਂ ਕਿ ਕਮਾਲ ਟਰਕ (ਕਮਾਲ ਪਾਸ਼ਾ ਟਰਕੀ ਦੇ ਇਕ ਲੀਡਰ) ਹੈ। ਭਾਰਤ ਦਾ ਬੇੜਾ ਪਾਰ ਤਾਂ ਹੀ ਹੋ ਸਕੇਗਾ। ਸਾਨੂੰ ਭਾਸ਼ਾ ਦੇ ਸਵਾਲ ਨੂੰ ਜਜ਼ਬਾਤੀ ਮਸਲਾ ਨਾ ਬਣਾ ਕੇ ਖ਼ੂਬ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਦੇਖਣਾ ਚਾਹੀਦਾ ਹੈ।

ਇਸਦੇ ਬਾਅਦ ਅਸੀਂ ਹਿੰਦੀ-ਪੰਜਾਬੀ ਭਾਸ਼ਾਵਾਂ ਦੀ ਸਮੱਸਿਆ 'ਤੇ ਵਿਚਾਰ ਕਰਾਂਗੇ। ਬਹੁਤ ਸਾਰੇ ਆਦਰਸ਼ਵਾਦੀ ਸੱਜਣ ਸਾਰੇ ਜਗਤ ਨੂੰ ਇਕ ਰਾਸ਼ਟਰ, ਵਿਸ਼ਵ ਰਾਸ਼ਟਰ ਬਣਿਆ ਹੋਇਆ ਦੇਖਣਾ ਚਾਹੁੰਦੇ ਹਨ। ਇਹ ਆਦਰਸ਼ ਬਹੁਤ ਸੁੰਦਰ ਹੈ। ਸਾਨੂੰ ਵੀ ਇਸੇ ਆਦਰਸ਼ ਨੂੰ



Sri Satguru Jagjit Singh Ji Elibrary NamdhariElibrary@gmail.com

ਸਾਹਮਣੇ ਰੱਖਣਾ ਚਾਹੀਦਾ ਹੈ। ਇਸ ਉੱਤੇ ਪੂਰੀ ਤਰ੍ਹਾਂ ਅੱਜ ਨਹੀਂ ਚਲਿਆ ਜਾ ਸਕਦਾ, ਪਰ ਸਾਡਾ ਹਰ ਕਦਮ, ਸਾਡਾ ਹਰ ਇਕ ਕੰਮ ਇਸ ਸੰਸਾਰ ਦੀਆਂ ਸਾਰੀਆਂ ਜਾਤੀਆਂ, ਦੇਸ਼ਾਂ ਤੇ ਕੌਮਾਂ ਨੂੰ ਇੱਕ ਮਜ਼ਬੂਤ ਸੂਤਰ ਵਿਚ ਬੰਨ੍ਹ ਕੇ ਸੁਖ ਵਧਾਉਣ ਦੇ ਵਿਚਾਰ ਨਾਲ ਉੱਠਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸਾਨੂੰ ਆਪਣੇ ਦੇਸ਼ ਵਿਚ ਏਸ ਆਦਰਸ਼ ਨੂੰ ਕਾਇਮ ਕਰਨਾ ਹੋਵੇਗਾ। ਸਾਰੇ ਦੇਸ਼ ਵਿਚ ਇਕ ਭਾਸ਼ਾ, ਇਕ ਲਿੱਪੀ, ਇੱਕ ਸਾਹਿਤ, ਇਕ ਆਦਰਸ਼ ਅਤੇ ਇਕ ਰਾਸ਼ਟਰ ਬਣਾਉਣਾ ਪਵੇਗਾ। ਪਰ ਸਾਰੀਆਂ ਏਕਤਾਵਾਂ ਤੋਂ ਪਹਿਲਾਂ ਇਕ ਭਾਸ਼ਾ ਦਾ ਹੋਣਾ ਜ਼ਰੂਰੀ ਹੈ ਤਾਂ ਕਿ ਅਸੀਂ ਇਕ ਦੂਸਰੇ ਨੂੰ ਭਲੀ-ਭਾਂਤ ਸਮਝ ਸਕੀਏ। ਇਕ ਪੰਜਾਬੀ ਅਤੇ ਮਦਰਾਸੀ ਇਕ ਦੂਸਰੇ ਦਾ ਮੂੰਹ ਹੀ ਨਾ ਦੇਖੀ ਜਾਣ, ਸਗੋਂ ਇਕ ਦੂਸਰੇ ਦੇ ਵਿਚਾਰ ਅਤੇ ਭਾਵ ਜਾਨਣ ਦਾ ਯਤਨ ਕਰਨ, ਪਰ ਇਹ ਪਰਾਈ ਭਾਸ਼ਾ ਅੰਗਰੇਜ਼ੀ ਵਿਚ ਨਹੀਂ, ਬਲਕਿ ਹਿੰਦੋਸਤਾਨ ਦੀ ਆਪਣੀ ਭਾਸ਼ਾ ਹਿੰਦੀ ਵਿਚ। ਇਹ ਆਦਰਸ਼ ਵੀ ਪੂਰਾ ਹੁੰਦੇ ਹੁੰਦੇ ਕਈ ਸਾਲ ਲੱਗਣਗੇ। ਇਸ ਕੋਸ਼ਿਸ਼ ਵਿਚ ਸਭ ਤੋਂ ਪਹਿਲਾਂ ਸਾਹਿਤਕ ਜਾਗ੍ਰਤੀ ਪੈਦਾ ਕਰਨੀ ਚਾਹੀਦੀ ਹੈ। ਕੇਵਲ ਗਿਣਤੀ ਦੇ ਕੁਝ ਇਕ ਵਿਅਕਤੀਆਂ ਵਿਚ ਨਹੀਂ, ਸਗੋਂ ਸਰਵ ਸਾਧਾਰਨ ਵਿਚ। ਆਮ ਸਾਧਾਰਨ ਵਿਚ, ਸਾਹਿਤਕ ਜਾਗ੍ਰਤੀ ਪੈਦਾ ਕਰਨ ਦੇ ਲਈ ਉਨ੍ਹਾਂ ਦੀ ਆਪਣੀ ਹੀ ਭਾਸ਼ਾ ਜ਼ਰੂਰੀ ਹੈ। ਏਸ ਤਰਕ ਦੇ ਆਧਾਰ 'ਤੇ ਅਸੀਂ ਕਹਿੰਦੇ ਹਾਂ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਹੀ ਆਪ ਨੂੰ ਸਫਲ ਬਣਾ ਸਕਦੀ ਹੈ।

ਅਜੇ ਤਕ ਪੰਜਾਬੀ ਸਾਹਿਤਕ ਭਾਸ਼ਾ ਨਹੀਂ ਬਣ ਸਕੀ ਹੈ ਅਤੇ ਸਾਰੇ ਪੰਜਾਬ ਦੀ ਇਕ ਭਾਸ਼ਾ ਵੀ ਉਹ ਨਹੀਂ ਹੈ। ਗੁਰਮੁਖੀ ਲਿੱਪੀ ਵਿਚ ਲਿਖੀ ਜਾਣ ਵਾਲੀ ਮੱਧ ਪੰਜਾਬ ਦੀ ਬੋਲਚਾਲ ਦੀ ਭਾਸ਼ਾ ਨੂੰ ਹੀ ਇਸ ਸਮੇਂ ਤਕ ਪੰਜਾਬੀ ਕਿਹਾ ਜਾਂਦਾ ਹੈ। ਉਹ ਨਾ ਤਾਂ ਅਜੇ ਤਕ ਵਿਸ਼ੇਸ਼ ਰੂਪ ਵਿਚ ਪ੍ਰਚਾਰਤ ਹੀ ਹੋ ਸਕੀ ਹੈ ਅਤੇ ਨਾ ਹੀ ਸਾਹਿਤਕ ਅਤੇ ਨਾ ਹੀ ਵਿਗਿਆਨਕ ਹੀ ਬਣ ਸਕੀ ਹੈ। ਇਸ ਵੱਲ ਪਹਿਲਾਂ ਤਾਂ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ ਪਰ ਹੁਣ ਜੋ ਸੱਜਣ ਇਸ ਵੱਲ ਧਿਆਨ ਵੀ ਦੇ ਰਹੇ ਹਨ ਉਨ੍ਹਾਂ ਨੂੰ ਲਿੱਪੀ ਦੀ ਅਪੂਰਨਤਾ ਬਹੁਤ ਹੀ ਰੜਕਦੀ ਹੈ। ਜੁੜਵੇਂ ਅੱਖਰਾਂ ਦੀ ਘਾਟ ਅਤੇ ਹਲੰਤ ਨਾ ਲਿਖ ਸਕਣਾ ਆਦਿ ਦੇ ਕਾਰਨ ਉਸ ਵਿਚ ਸਾਰੇ ਸ਼ਬਦ ਠੀਕ ਠੀਕ ਨਹੀਂ ਲਿਖੇ ਜਾ ਸਕਦੇ, ਹੋਰ ਤਾਂ ਹੋਰ, ਪੂਰਣ ਸ਼ਬਦ ਵੀ ਨਹੀਂ ਲਿਖਿਆ ਜਾ ਸਕਦਾ। ਇਹ ਲਿੱਪੀ ਤਾਂ ਉਰਦੂ ਤੋਂ ਵੀ ਵੱਧ ਅਪੂਰਣ ਹੈ ਅਤੇ ਜਦ ਸਾਡੇ ਸਾਹਮਣੇ ਵਿਗਿਆਨਕ ਸਿਧਾਂਤਾਂ ਤੇ ਨਿਰਭਰ ਸਰਵਾਗ-ਸੰਪੂਰਨ ਹਿੰਦੀ ਲਿੱਪੀ ਪ੍ਰਾਪਤ ਹੈ, ਫਿਰ ਉਸ ਨੂੰ ਅਪਨਾਉਣ ਵਿਚ ਹਿਚਕਚਾਹਟ ਕਿਉਂ? ਗੁਰਮੁਖੀ ਲਿੱਪੀ ਤਾਂ ਹਿੰਦੀ ਅੱਖਰਾਂ ਦਾ ਹੀ ਵਿਗੜਿਆ ਹੋਇਆ ਰੂਪ ਹੈ। ਆਰੰਭ ਵਿਚ ਉਸ ਦਾ ਤ ਦਾ ਓ, ਅ ਦਾ ਅ ਬਣ ਗਿਆ ਹੈ ਅਤੇ ਸ, ਟ, ਠ ਆਦਿ ਤਾਂ ਉਹ ਹੀ ਅੱਖਰ ਹਨ। ਸਾਰੇ ਨਿਯਮ ਮਿਲਦੇ ਹਨ ਫਿਰ ਇਕਦਮ ਉਸੇ ਨੂੰ ਹੀ ਅਪਨਾ ਲੈਣ ਨਾਲ ਕਿੰਨਾ ਲਾਭ ਹੋਵੇਗਾ? ਸਰਵਾਂਗ ਸੰਪੂਰਨ ਲਿੱਪੀ ਨੂੰ ਅਪਨਾਉਂਦੇ ਹੀ ਪੰਜਾਬੀ ਭਾਸ਼ਾ ਤਰੱਕੀ ਕਰਨੀ ਸ਼ੁਰੂ ਕਰ ਦੇਵੇਗੀ। ਅਤੇ ਉਸਦੇ ਪਰਚਾਰ ਵਿਚ ਮੁਸ਼ਕਲ ਵੀ ਕੀ ਹੈ? ਪੰਜਾਬ ਦੀਆਂ ਹਿੰਦੂ ਔਰਤਾਂ ਇਸ ਲਿੱਪੀ ਤੋਂ ਚੰਗੀ ਤਰ੍ਹਾਂ ਜਾਣੂ ਹਨ। ਡੀ.ਏ.ਵੀ. ਸਕੂਲਾਂ ਅਤੇ ਸਨਾਤਨ ਧਰਮ ਸਕੂਲਾਂ ਵਿਚ ਹਿੰਦੀ ਦੀ ਪੜ੍ਹਾਈ ਜਾਂਦੀ ਹੈ। ਇਸ ਪਾਸੇ ਮੁਸ਼ਕਲ ਹੀ ਕੀ ਹੈ? ਹਿੰਦੀ ਦੇ ਪੱਖਧਾਰੀ ਸੱਜਣਾਂ ਨੂੰ ਅਸੀਂ ਕਹਾਂਗੇ ਕਿ ਯਕੀਨੀ ਹੀ ਹਿੰਦੀ ਭਾਸ਼ਾ ਹੀ ਆਖ਼ਰਕਾਰ ਸਾਰੇ ਭਾਰਤ ਦੀ ਇਕ ਭਾਸ਼ਾ ਬਣੇਗੀ, ਪਰ ਪਹਿਲਾਂ ਤੋਂ ਹੀ ਇਸਦਾ ਪ੍ਰਚਾਰ ਕਰਨ ਨਾਲ ਬਹੁਤ ਆਸਾਨੀ ਹੋਵੇਗੀ। ਹਿੰਦੀ ਲਿੱਪੀ ਦੇ ਅਪਣਾਉਣ ਨਾਲ ਹੀ ਪੰਜਾਬੀ ਹਿੰਦੀ ਜਿਹੀ



Sri Satguru Jagjit Singh Ji Elibrary NamdhariElibrary@gmail.com

ਬਣ ਜਾਂਦੀ ਹੈ। ਫਿਰ ਤਾਂ ਕੋਈ ਫਰਕ ਹੀ ਨਹੀਂ ਰਹੇਗਾ ਅਤੇ ਇਸਦੀ ਜ਼ਰੂਰਤ ਵੀ ਹੈ। ਇਸ ਲਈ ਕਿ ਆਮ ਆਦਮੀ ਨੂੰ ਸਿੱਖਿਅਤ ਕੀਤਾ ਜਾ ਸਕੇ ਅਤੇ ਉਹ ਆਪਣੀ ਭਾਸ਼ਾ ਦੇ ਆਪਣੇ ਸਾਹਿਤ ਨਾਲ ਹੀ ਹੋ ਸਕਦਾ ਹੈ। ਪੰਜਾਬੀ ਦੀ ਇਹ ਕਵਿਤਾ ਹੀ ਦੇਖੋ।

ਓ ਰਾਹੀਆ ਰਾਹੇ ਜਾਂਦਿਆ, ਸੁਣ ਜਾ ਗੱਲ ਮੇਰੀ।
ਸਿਰ 'ਤੇ ਪੱਗ ਤੇਰੇ ਵਲਾਇਤ ਦੀ, ਇਹਨੂੰ ਫੂਕ ਮੁਆਤੜਾ ਲਾ॥

ਅਤੇ ਇਸ ਦੇ ਮੁਕਾਬਲੇ ਵਿਚ ਹਿੰਦੀ ਦੀਆਂ ਬਹੁਤ ਬਹੁਤ ਸੋਹਣੀਆਂ ਕਵਿਤਾਵਾਂ ਕੁਝ ਅਸਰ ਨਹੀਂ ਕਰ ਸਕਣਗੀਆਂ, ਕਿਉਂਕਿ ਉਹ ਅਜੇ ਆਮ ਸਾਧਾਰਨ ਦੇ ਦਿਲ ਦੇ ਠੀਕ ਅੰਦਰ ਆਪਣਾ ਥਾਂ ਨਹੀਂ ਬਣਾ ਸਕਦੀਆਂ ਹਨ। ਉਹ ਅਜੇ ਵੀ ਬਹੁਤ ਹੀ ਓਪਰੀਆਂ ਜਿਹੀਆਂ ਦਿਖਾਈ ਦਿੰਦੀਆਂ ਹਨ। ਕਾਰਨ ਕਿ ਹਿੰਦੀ ਦਾ ਆਧਾਰ ਸੰਸਕ੍ਰਿਤ ਹੈ। ਪੰਜਾਬ ਉਸ ਤੋਂ ਮੀਲਾਂ ਦੂਰ ਹੋ ਚੁੱਕਾ ਹੈ। ਪੰਜਾਬੀ ਵਿਚ ਫ਼ਾਰਸੀ ਨੇ ਆਪਣਾ ਅਸਰ ਵੱਧ ਪਾਇਆ ਹੈ। ਯਾਨੀ ਕਿ ਚੀਜ਼ ਦੀ ਜਮ੍ਹਾ ਚੀਜ਼ੇਂ ਨਾ ਹੋ ਕੇ ਚੀਜ਼ਾਂ ਫ਼ਾਰਸੀ ਤਰ੍ਹਾਂ ਬਣ ਗਈਆਂ ਹਨ।

ਇਹ ਅਸੂਲ ਆਖ਼ਰ ਤਕ ਕੰਮ ਕਰਦਾ ਦਿਖਾਈ ਦਿੰਦਾ ਹੈ। ਕਹਿਣ ਦਾ ਭਾਵ ਹੈ ਕਿ ਪੰਜਾਬੀ ਭਾਸ਼ਾ ਨੂੰ ਹਿੰਦੀ ਲਿੱਪੀ ਵਿਚ ਲਿਖੇ ਜਾਣ ਉੱਤੇ ਅਤੇ ਉਸਦੇ ਸਾਹਿਤਕ ਬਣਾਉਣ ਦੇ ਯਤਨ ਵਿਚ ਯਕੀਨੀ ਹੀ ਇਹ ਹਿੰਦੀ ਦੇ ਨੇੜੇ ਆ ਜਾਏਗੀ।

ਸੋ ਸਾਰੇ ਮੁੱਖ ਦਲੀਲਾਂ ਤੇ ਦਲੀਲ ਦਿੱਤੀ ਜਾ ਚੁੱਕੀ ਹੈ। ਹੁਣ ਸਿਰਫ਼ ਇਕ ਗੱਲ ਕਹਾਂਗੇ। ਬਹੁਤ ਸਾਰੇ ਸੱਜਣਾਂ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਵਿਚ ਮਿਠਾਸ, ਸੁੰਦਰਤਾ ਅਤੇ ਭਾਵੁਕਤਾ ਨਹੀਂ ਹੈ। ਇਹ ਸਰਾਸਰ ਬੇ-ਬੁਨਿਆਦ ਹੈ। ਅਜੇ ਉਸ ਦਿਨ—

"ਲਛੀਏ ਜਿਥੇ ਤੂੰ ਪਾਣੀ ਡੋਲਿਆ, ਓਥੇ ਉੱਗ ਪਏ ਸੰਦਲ ਦੇ ਬੂਟੇ" ਵਾਲੇ ਗੀਤ ਦੀ ਮਿਠਾਸ, ਨੇ ਕਵੀ ਇੰਦ੍ਰ ਰਾਵਿੰਦਰ (ਰਾਬਿੰਦਰ ਨਾਥ ਟੈਗੋਰ) ਤਕ ਨੂੰ ਮੋਹਿਤ ਕਰ ਲਿਆ ਸੀ ਅਤੇ ਉਹ ਝੱਟ ਅੰਗਰੇਜ਼ੀ ਵਿਚ ਅਨੁਵਾਦ ਕਰਨ ਲੱਗੇ।

**O Lachi where thy spilt water, where thy split water water...etc. etc.**

ਅਤੇ ਬਹੁਤ ਸਾਰੇ ਹੋਰ ਉਦਾਹਰਨ ਵੀ ਦਿੱਤੇ ਜਾ ਸਕਦੇ ਹਨ। ਹੇਠ ਲਿਖੇ ਵਾਕ ਕੀ ਕਿਸੇ ਹੋਰ ਭਾਸ਼ਾ ਦੀ ਕਵਿਤਾਵਾਂ ਨਾਲੋਂ ਘੱਟ ਹਨ?

ਪਿੱਪਲ ਦੇ ਪੱਤਿਆ ਵੇ ਕੇਹੀ ਖੜਖੜ ਲਾਈ ਆ।
ਪੱਤ ਝੜੇ ਪੁਰਾਣੇ ਹੁਣ ਰੁੱਤ ਨਵਿਆਂ ਦੀ ਆਈ ਆ॥

ਅਤੇ ਫਿਰ ਪੰਜਾਬੀ ਇਕੱਲਾ ਬੈਠਾ ਹੋਵੇ ਜਾਂ ਇਕੱਠ ਵਿਚ ਤਾਂ ਗੌਹਰ ਦੇ ਇਹ ਪਦ ਜਿੰਨਾ ਅਸਰ ਕਰਨਗੇ ਓਨਾ ਹੋਰ ਕੋਈ ਭਾਸ਼ਾ ਕੀ ਕਰ ਸਕੇਗੀ?

ਲਾਮ ਲੱਖਾਂ ਤੇ ਕਰੋੜਾਂ ਦੇ ਸ਼ਾਹ ਵੇਖੇ,
ਨਾ ਮੁਸਾਫਿਰਾਂ ਕੋਈ ਉਧਾਰ ਦੇਂਦਾ,
ਦਿਨੇ ਰਾਤ ਜਿਨ੍ਹਾਂ ਦੇ ਕੂਚ ਡੇਰੇ,
ਨਾ ਉਨ੍ਹਾਂ ਦੇ ਥਾਈਂ ਕੋਈ ਇਤਬਾਰ ਦੇਂਦਾ।
ਭੌਰੇ ਬਹਿੰਦੇ ਗੁਲਾਂ ਦੀ ਵਾਸ਼ਨਾ ਤੇ,
ਨਾ ਸੱਪਾਂ ਦੇ ਮੂੰਹਾਂ 'ਤੇ ਕੋਈ ਪਿਆਰ ਦੇਂਦਾ,



Sri Satguru Jagjit Singh Ji Elibrary NamdhariElibrary@gmail.com

ਗੌਹਰ ਸਮੇਂ ਸਲੂਕ ਹਨ ਜਿਉਂਦਿਆਂ ਦੇ,
ਮੋਇਆਂ ਗਿਆਂ ਨੂੰ ਹਰ ਕੋਈ ਵਿਸਾਰ ਦੇਂਦਾ।

ਅਤੇ ਫਿਰ—

ਜ਼ੀਮ ਜਿਉਂਦਿਆਂ ਨੂੰ ਕਿਉਂ ਮਾਰਨਾ ਏਂ,
ਜੇਕਰ ਨਹੀਂ ਤੂੰ ਮੋਇਆਂ ਨੂੰ ਜਿਓਣ ਜੋਗਾ,
ਘਰ ਆਏ ਸਵਾਲੀ ਨੂੰ ਕਿਉਂ ਘੂਰਨਾ ਏਂ,
ਜੇਕਰ ਨਹੀਂ ਤੂੰ ਹੱਥੀਂ ਖੈਰ ਪਾਓਣ ਜੋਗਾ,
ਮਿਲੇ ਦਿਲਾਂ ਨੂੰ ਕਿਉਂ ਵਿਛੋੜਨਾ ਏਂ,
ਜੇਕਰ ਨਹੀਂ ਤੂੰ ਵਿਛੜਿਆਂ ਨੂੰ ਮਿਲਾਓਣ ਜੋਗਾ,
ਗੌਹਰਾ ਬਦੀਆਂ ਰੱਖ ਬੰਦ ਖਾਨੇ,
ਜੇਕਰ ਤੂੰ ਨਹੀਂ ਏ ਨੇਕੀਆਂ ਕਮਾਓਣ ਜੋਗਾ।

ਅਤੇ ਫਿਰ ਹੁਣ ਤਾਂ ਦਰਦ, ਮਸਤਾਨਾ, ਦੀਵਾਨਾ ਬਹੁਤ ਹੀ ਚੰਗੇ ਚੰਗੇ ਕਵੀ ਪੰਜਾਬੀ ਦੀ ਕਵਿਤਾ ਦਾ ਭੰਡਾਰ ਵਧਾ ਰਹੇ ਹਨ।

ਏਹੋ ਜਿਹੀ ਮਿੱਠੀ, ਏਹੋ ਜਿਹੀ ਆਨੰਦਦਾਇਕ ਭਾਸ਼ਾ ਨੂੰ ਪੰਜਾਬੀਆਂ ਨੇ ਹੀ ਨਾ ਅਪਨਾਇਆ, ਇਹੀ ਤਾਂ ਦੁੱਖ ਹੈ। ਹੁਣ ਵੀ ਨਹੀਂ ਅਪਨਾਉਂਦੇ ਮਸਲਾ ਇਹ ਹੈ। ਹਰ ਇਕ ਆਪਣੀ ਗੱਲ ਦੇ ਪਿੱਛੇ ਮਜ਼ਹਬੀ ਡੰਡਾ ਲਈ ਖੜਾ ਹੈ। ਇਸ ਅੜਿੰਗੇ ਨੂੰ ਕਿਸੇ ਤਰ੍ਹਾਂ ਦੂਰ ਕੀਤਾ ਜਾਏ। ਇਹੀ ਪੰਜਾਬ ਦੀ ਭਾਸ਼ਾ ਅਤੇ ਲਿੱਪੀ ਬਾਰੇ ਮਸਲਾ ਹੈ, ਪਰ ਆਸ਼ਾ ਸਿਰਫ਼ ਏਨੀ ਹੈ ਕਿ ਸਿੱਖਾਂ ਵਿਚ ਇਸ ਸਮੇਂ ਸਾਹਿਤਕ ਜਾਗ੍ਰਿਤੀ ਪੈਦਾ ਹੋ ਰਹੀ ਹੈ। ਹਿੰਦੂਆਂ ਵਿਚ ਵੀ ਹੈ। ਸਾਰੇ ਸਮਝਦਾਰ ਲੋਕ ਮਿਲ ਬੈਠ ਕੇ ਨਿਸ਼ਚਾ ਹੀ ਕਿਉਂ ਨਹੀਂ ਕਰ ਲੈਂਦੇ ! ਇਹੀ ਇਕ ਉਪਾਅ ਹੈ ਇਸ ਮਸਲੇ ਦੇ ਹੱਲ ਦਾ। ਮਜ਼ਹਬੀ ਵਿਚਾਰਾਂ ਤੋਂ ਉੱਪਰ ਉੱਠ ਕੇ ਇਸ ਸਵਾਲ 'ਤੇ ਗੌਰ ਕੀਤਾ ਜਾ ਸਕਦਾ ਹੈ। ਏਦਾਂ ਹੀ ਕੀਤਾ ਜਾਵੇ ਅਤੇ ਫਿਰ ਅੰਮ੍ਰਿਤਸਰ ਦੇ 'ਪ੍ਰੇਮ' ਜਿਹੇ ਅਖ਼ਬਾਰ ਦੀ ਭਾਸ਼ਾ ਨੂੰ ਜ਼ਰਾ ਸਾਹਿਤਕ ਬਨਾਉਂਦੇ ਹੋਏ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਨੂੰ ਮਨਜ਼ੂਰ ਕਰਵਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਸਭ ਬਖੇੜਾ ਤਹਿ ਹੋ ਜਾਂਦਾ ਹੈ। ਇਸ ਬਖੇੜੇ ਦੇ ਤਹਿ ਹੁੰਦੇ ਹੀ ਪੰਜਾਬ ਵਿਚ ਏਨਾ ਸੁੰਦਰ ਤੇ ਉੱਚ ਸਾਹਿਤ ਪੈਦਾ ਹੋਵੇਗਾ ਕਿ ਇਹ ਭਾਰਤ ਦੀਆਂ ਉੱਤਮ ਭਾਸ਼ਾਵਾਂ ਵਿਚ ਗਿਣੀ ਜਾਣ ਲੱਗੇਗੀ।

●



Sri Satguru Jagjit Singh Ji Elibrary NamdhariElibrary@gmail.com

## ਪਾਠ–3

# ਬੱਬਰ ਤੇ ਕਾਕੋਰੀ ਦੇ ਦੇਸ਼-ਭਗਤਾਂ ਨੂੰ ਪ੍ਰਣਾਮ

[1923 ਵਿਚ ਘਰ ਤੋਂ ਦੌੜ ਕੇ ਭਗਤ ਸਿੰਘ ਕਾਨਪੁਰ ਆ ਗਏ ਸਨ। ਦੇਸ਼-ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਜੀ ਦੀ ਦੇਖ-ਰੇਖ ਵਿਚ ਸਪਤਾਹਿਕ ਪ੍ਰਤਾਪ ਦੇ ਸੰਪਾਦਕੀ ਮੰਡਲ ਨਾਲ ਵੀ ਕੰਮ ਕਰਦੇ ਰਹੇ। ਕਾਨਪੁਰ ਵਿਚ ਵੀ ਉਨਾਂ ਦਾ ਸਾਥ ਇਨਕਲਾਬੀ ਸਾਥੀਆਂ ਬੀ.ਕੇ. ਦੱਤ, ਸ਼ਿਵ ਵਰਮਾ, ਜੈ ਦੇਵ ਕਪੂਰ, ਵਿਜੈ ਕੁਮਾਰ ਸਿਨਹਾ ਤੇ ਇਨਕਲਾਬੀ ਪਾਰਟੀ ਦੇ ਦੂਸਰੇ ਸਾਥੀਆਂ ਨਾਲ ਗੂੜ੍ਹਾ ਹੋਇਆ। ਭਾਰਤ ਦੇ ਭਵਿੱਖ ਬਾਰੇ ਲੰਬੇ ਲੰਬੇ ਵਿਚਾਰ-ਵਟਾਂਦਰੇ ਹੋਏ। ਕਾਜ਼ੀ ਨਜ਼ਰੁਲ ਇਸਲਾਮ ਦੀਆਂ ਬੰਗਾਲੀ ਕਵਿਤਾਵਾਂ ਵੀ ਪੜ੍ਹੀਆਂ। ਕਾਨਪੁਰ ਪਹਿਲੀ ਬਾਲਸ਼ਵਿਕ ਸਾਜ਼ਸ਼ ਕੇਸ ਦਾ ਕੇਂਦਰ ਵੀ ਸੀ, ਜਿਸ ਨਾਲ ਰੂਸ ਵਿਚ ਆਏ ਇਨਕਲਾਬ ਤੇ ਉਸਦੇ ਬਾਅਦ ਬਦਲੇ ਹਾਲਾਤ ਬਾਰੇ ਜਾਣਕਾਰੀ ਦਾ ਮੌਕਾ ਵੀ ਮਿਲਿਆ।

ਪੰਜਾਬ ਵਿਚ ਬੱਬਰ ਅਕਾਲੀ ਲਹਿਰ ਚੱਲ ਰਹੀ ਸੀ। ਉਸ ਲਹਿਰ ਦੇ 6 ਸ਼ਹੀਦਾਂ ਦੀ ਫ਼ਾਂਸੀ ਉੱਤੇ ਇੱਕ "ਪੰਜਾਬੀ ਯੁਵਕ" ਦੇ ਨਾਂ ਹੇਠ 15 ਮਾਰਚ, 1926 ਦੇ 'ਪ੍ਰਤਾਪ' ਵਿਚ ਇਹ ਲੇਖ ਹਿੰਦੀ ਵਿਚ ਛਪਿਆ ਸੀ। ਉਸ ਲਹਿਰ ਬਾਰੇ ਜਾਣਕਾਰੀ ਦੇਣ ਦੇ ਨਾਲ ਹੀ ਸਾਢੇ 18 ਸਾਲਾ ਨੌਜਵਾਨ ਭਗਤ ਸਿੰਘ ਦੇ ਮਨੋਭਾਵਾਂ ਦਾ ਇਕ ਚੰਗਾ ਪ੍ਰਤੀਬਿੰਬ ਵੀ ਹੈ। —ਸੰਪਾਦਕ]

* * *

## 6. ਹੋਲੀ ਦੇ ਦਿਨ ਖ਼ੂਨ ਦੇ ਛਿੱਟੇ

### ਬੱਬਰ ਅਕਾਲੀ ਫ਼ਾਂਸੀ 'ਤੇ

*—ਸ਼ਹੀਦ ਭਗਤ ਸਿੰਘ*

ਹੋਲੀ ਵਾਲੇ ਦਿਨ 27 ਫਰਵਰੀ ਦੇ ਦਿਨ ਜਦ ਅਸੀਂ ਖੇਡਣ ਮੱਲ੍ਹਣ ਵਿਚ ਰੁੱਝੇ ਹੋਏ ਸਾਂ ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇਕ ਕੋਨੇ ਵਿਚ ਇਹ ਜ਼ਬਰਦਸਤ ਕਾਂਡ ਕੀਤਾ ਜਾ ਰਿਹਾ ਸੀ। ਸੁਣੋਗੇ ਤਾਂ ਡਰ ਜਾਉਗੇ। ਕੰਬ ਉੱਠੋਗੇ। ਲਾਹੌਰ ਸੈਂਟਰਲ ਜੇਲ੍ਹ ਵਿਚ ਠੀਕ ਉਸ ਦਿਨ 6 ਬੱਬਰ ਅਕਾਲੀ ਫ਼ਾਂਸੀ ਉੱਤੇ ਲਟਕਾ ਦਿੱਤੇ ਗਏ—ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ ਜੀ, ਦਲੀਪ ਸਿੰਘ ਜੀ, ਨੰਦ ਸਿੰਘ ਜੀ, ਕਰਮ ਸਿੰਘ ਜੀ, ਧਰਮ ਸਿੰਘ ਜੀ। ਲਗਪਗ ਦੋ ਵਰ੍ਹਿਆਂ ਤੋਂ ਆਪਣੇ ਇਸ ਜੁਰਮ ਹੇਠ ਜੋ ਲਾਪ੍ਰਵਾਹੀ ਦਿਖਾ ਰਹੇ ਸਨ ਉਸ ਤੋਂ ਇਹ ਜਾਣਿਆ ਜਾ ਸਕਦਾ ਸੀ ਕਿ ਉਹ ਉਸ ਦਿਨ ਦੀ ਉਡੀਕ ਕਿੰਨੇ ਚਾਅ ਨਾਲ ਕਰਦੇ ਸਨ। ਮਹੀਨਿਆਂ ਬਾਅਦ ਜੱਜ ਨੇ ਫ਼ੈਸਲਾ ਸੁਣਾਇਆ। ਪੰਜਾਂ ਨੂੰ ਫ਼ਾਂਸੀ, ਬਹੁਤਿਆਂ ਨੂੰ ਕਾਲ਼ੇ ਪਾਣੀ, ਦੇਸ਼ ਨਿਕਾਲਾ ਅਤੇ ਲੰਬੀਆਂ ਕੈਦਾਂ। ਸਾਰੇ ਗਰਜ ਉੱਠੇ। ਉਹਨਾਂ ਅਕਾਸ਼ ਨੂੰ ਆਪਣੇ ਨਾਅਰਿਆਂ ਨਾਲ ਗੁੰਜਾ ਦਿੱਤਾ। ਅਪੀਲ ਹੋਈ, ਪੰਜ ਦੀ ਥਾਂ ਛੇ ਮੌਤ ਦੀ ਸਜ਼ਾ ਦੇ ਭਾਗੀ ਬਣੇ। ਉਸ ਦਿਨ ਖ਼ਬਰ ਪੜ੍ਹੀ ਕਿ ਰਹਿਮ ਲਈ ਅਪੀਲ ਕੀਤੀ ਹੈ। ਪੰਜਾਬ ਗਵਰਨਰ ਨੇ ਐਲਾਨ ਕੀਤਾ ਕਿ ਅਜੇ ਫਾਂਸੀ ਨਹੀਂ ਦਿੱਤੀ ਜਾਵੇਗੀ।



Sri Satguru Jagjit Singh Ji Elibrary NamdhariElibrary@gmail.com

ਉਡੀਕ ਸੀ, ਪਰ ਚਾਣਚੱਕ ਕੀ ਵੇਖਦੇ ਹਾਂ ਕਿ ਹੋਲੀ ਵਾਲੇ ਦਿਨ ਗ਼ਾਮ ਵਿਚ ਭੁੱਥੋ ਲੋਕਾਂ ਦਾ ਇਕ ਇਕੱਠ ਉਨ੍ਹਾਂ ਬਹਾਦਰਾਂ ਦੇ ਮ੍ਰਿਤਕ ਸਰੀਰਾਂ ਨੂੰ ਸ਼ਮਸ਼ਾਨ ਨੂੰ ਲਈ ਜਾ ਰਿਹਾ ਹੈ। ਚੁਪ-ਚਾਪ ਉਨ੍ਹਾਂ ਦੀ ਅੰਤਮ ਕ੍ਰਿਆ ਹੋ ਗਈ।

ਸ਼ਹਿਰ ਵਿਚ ਉਹੀ ਚਹਿਲ ਪਹਿਲ ਸੀ। ਆਉਣ ਜਾਣ ਵਾਲਿਆਂ ਤੇ ਉਵੇਂ ਹੀ ਰੰਗ ਸੁੱਟਿਆ ਜਾ ਰਿਹਾ ਸੀ। ਕੇਹੀ ਵੱਡੀ ਲਾਪ੍ਰਵਾਹੀ ਸੀ। ਜੇ ਉਹ ਰਾਹੋਂ ਖਿੜਕੇ ਹੋਏ ਸਨ ਤਾਂ ਹੋਣ ਦਿਉ, ਜੇ ਪਾਗਲ ਸਨ ਤਾਂ ਹੋਣ ਦਿਉ। ਉਹ ਨਿੱਡਰ ਦੇਸ਼ ਭਗਤ ਤਾਂ ਸਨ ਉਨ੍ਹਾਂ ਨੇ ਜੋ ਕੁਝ ਵੀ ਕੀਤਾ ਸੀ। ਉਹ ਅਨਿਆਂ ਨਾ ਸਹਾਰ ਸਕੇ, ਦੇਸ਼ ਦੀ ਦਹਿੰਦੀ ਹਾਲਤ ਨਾ ਵੇਖ ਸਕੇ, ਨਿਰਬਲਾਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਉਹਨਾਂ ਲਈ ਅਸਹਿ ਹੋ ਗਏ, ਆਮ ਜਨਤਾ ਦੀ ਲੁੱਟ ਖਸੁੱਟ ਉਹਨਾਂ ਕੋਲੋਂ ਸਹਾਰੀ ਨਾ ਗਈ। ਉਹਨਾਂ ਨੇ ਲਲਕਾਰਿਆ ਅਤੇ ਉਹ ਕੁੱਦ ਪਏ ਕਰਮ ਖੇਤਰ ਵਿਚ। ਉਹ ਸਜੀਵ ਸਨ, ਉਹ ਸੁਹਿਰਦ ਸਨ। ਕਰਮ ਖੇਤਰ ਵਿਚ ਜੂਝਣ-ਵਾਲੇ—ਧੰਨ ਹੈਂ ਤੂੰ ! ਮੌਤ ਦੇ ਬਾਅਦ ਦੋਸਤ ਦੁਸ਼ਮਣ ਸਭ ਬਰਾਬਰ ਹੋ ਜਾਂਦੇ ਹਨ। ਇਹ ਆਦਰਸ਼ ਹੈ ਬਹਾਦਰ ਬੰਦਿਆਂ ਦਾ। ਜੇ ਉਹਨਾਂ ਕੋਈ ਘ੍ਰਿਣਤ ਕੰਮ ਕੀਤਾ ਹੋਵੇ ਤਾਂ ਵੀ ਆਪਣੇ ਦੇਸ਼ ਦੇ ਚਰਨਾਂ ਵਿਚ ਜਿਸ ਦਲੇਰੀ ਅਤੇ ਤੱਤਪਰਤਾ ਨਾਲ ਉਨ੍ਹਾਂ ਆਪਣੇ ਪ੍ਰਾਣ ਚੜ੍ਹਾ ਦਿੱਤੇ ਉਸ ਨੂੰ ਵੇਖਦਿਆਂ ਹੋਇਆਂ ਤਾਂ ਉਹਨਾਂ ਦੀ ਪੂਜਾ ਹੋਣੀ ਚਾਹੀਦੀ ਸੀ। ਸ੍ਰੀ ਟੈਗਰਟ ਵਿਰੋਧੀ ਦਲ ਦੇ ਹੁੰਦਿਆਂ ਹੋਇਆਂ ਵੀ ਯਤਿੰਦਰ ਮੁਕਰਜੀ, ਬੰਗਾਲ ਦੇ ਵੀਰ ਇਨਕਲਾਬੀ ਦੀ ਮੌਤ ਉੱਤੇ ਅਫਸੋਸ ਜ਼ਾਹਰ ਕਰਦੇ ਹੋਏ, ਉਹਨਾਂ ਦੀ ਬੀਰਤਾ, ਦੇਸ਼ ਪ੍ਰੇਮ ਅਤੇ ਕਰਮਸ਼ੀਲਤਾ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕਰ ਸਕਦੇ ਹਨ, ਪਰ ਅਸੀਂ ਕਾਇਰ ਨਰ ਪਸ਼ੂ ਇਕ ਬਿੰਦ ਲਈ ਵੀ ਐਸ਼ ਆਰਾਮ ਛੱਡ ਕੇ ਬਹਾਦਰਾਂ ਦੀ ਮੌਤ ਉੱਤੇ ਆਹ ਭਰਨ ਦਾ ਹੌਸਲਾ ਨਹੀਂ ਕਰਦੇ। ਕਿੰਨੀ ਨਿਰਾਸ਼ਾਜਨਕ ਗੱਲ ਹੈ। ਉਹਨਾਂ ਗ਼ਰੀਬਾਂ ਦਾ ਅਪਰਾਧ ਜੋ ਨੌਕਰਸ਼ਾਹੀ ਦੀ ਨਜ਼ਰ ਵਿਚ ਸੀ ਉਸ ਦੀ ਸਜ਼ਾ ਮਿਲ ਗਈ। ਇਸ ਭਿਆਨਕ ਦੁਖਾਂਤ ਨਾਟਕ ਦੀ ਇਕ ਹੋਰ ਝਾਕੀ ਖਤਮ ਹੋ ਗਈ। ਅਜੇ ਇਸ ਨਾਟਕ ਦਾ ਆਖਰੀ ਪਰਦਾ ਨਹੀਂ ਡਿੱਗਿਆ। ਨਾਟਕ ਅੱਗੇ ਕੁਝ ਦਿਨ ਹੋਰ ਭਿਆਨਕ ਦ੍ਰਿਸ਼ ਦਿਖਾਲੇਗਾ। ਕਹਾਣੀ ਲੰਬੀ ਹੈ ਸੁਣਨ ਲਈ ਜਰਾ ਦੂਰ ਪਿੱਛੇ ਤੀਕ ਜਾਣਾ ਪਵੇਗਾ।

ਨਾਫ਼ਰਮਾਨੀ ਲਹਿਰ ਪੂਰੇ ਜੋਬਨ ਉੱਤੇ ਸੀ। ਪੰਜਾਬ ਕਿਸੇ ਨਾਲੋਂ ਪਿੱਛੇ ਨਹੀਂ ਰਿਹਾ। ਪੰਜਾਬ ਵਿਚ ਸਿੱਖ ਉੱਠੇ। ਘੂਕ ਨੀਂਦਰ ਤੋਂ ਉੱਠੇ ਅਤੇ ਉੱਠੇ ਵੀ ਪੂਰੇ ਜ਼ੋਰਾਂ ਨਾਲ। ਅਕਾਲੀ ਲਹਿਰ ਸ਼ੁਰੂ ਹੋਈ ਸ਼ਹੀਦੀਆਂ ਦੀ ਝੜੀ ਲੱਗ ਗਈ। ਮਾਸਟਰ ਮੋਤਾ ਸਿੰਘ, ਖਾਲਸਾ ਮਿਡਲ ਸਕੂਲ ਮਾਹਲਪੁਰ ਜ਼ਿਲਾ ਹੁਸ਼ਿਆਰਪੁਰ ਦੇ ਪਿਛਲੇ ਹੈੱਡਮਾਸਟਰ ਨੇ ਇਕ ਤਕਰੀਰ ਕੀਤੀ। ਉਹਨਾਂ ਦੇ ਵਾਰੰਟ ਨਿਕਲੇ। ਪਰ ਬਾਦਸ਼ਾਹ ਦੀ ਪ੍ਰਾਹੁਣਚਾਰੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਦੀਆਂ ਤਕਰੀਰਾਂ ਫਿਰ ਵੀ ਹੁੰਦੀਆਂ ਰਹੀਆਂ। ਕੋਟ ਫਤੂਹੀ ਨਾਂ ਦੇ ਇਕ ਪਿੰਡ ਵਿਚ ਭਾਰੀ ਦੀਵਾਨ ਸਜਿਆ। ਪੁਲਿਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ। ਫਿਰ ਵੀ ਮਾਸਟਰ ਮੋਤਾ ਸਿੰਘ ਨੇ ਤਕਰੀਰ ਕੀਤੀ। ਅਖ਼ੀਰ ਪ੍ਰਧਾਨ ਦੀ ਆਗਿਆ ਨਾਲ ਸਾਰੇ ਸਰੋਤੇ ਉੱਠ ਪਏ। ਮਾਸਟਰ ਜੀ ਵੀ ਪਤਾ ਨਹੀਂ ਕਿਧਰ ਗਏ। ਬਹੁਤ ਦਿਨ ਇਸ ਤਰ੍ਹਾਂ ਹੀ ਲੁਕਣ ਮੀਟੀ ਖੇਡੀ ਜਾਂਦੀ ਰਹੀ। ਸਰਕਾਰ ਨੂੰ ਬੁਖਲਾਹਟ ਹੋਈ। ਅੰਤ ਵਿਚ ਇਕ ਹਮਜੋਲੀ ਨੇ ਧੋਖਾ ਦਿੱਤਾ ਅਤੇ ਡੇਢ ਸਾਲ ਬਾਅਦ ਇਕ ਦਿਨ ਮਾਸਟਰ ਸਾਹਿਬ ਫੜ ਲਏ ਗਏ। ਇਹ ਪਹਿਲਾ ਦ੍ਰਿਸ਼ ਸੀ—ਉਸ ਭਿਆਨਕ ਨਾਟਕ ਦਾ।

ਗੁਰੂ ਕੇ ਬਾਗ਼ ਦਾ ਮੋਰਚਾ ਲੱਗਾ। ਨਿਹੱਥਿਆਂ ਉੱਤੇ ਜਦ ਭਾੜੇ ਦੇ ਟੱਟੂ ਟੁੱਟ ਪੈਂਦੇ, ਉਹਨਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਕੁੱਟ ਕੁੱਟ ਅਧਮਰੇ ਕਰ ਦੇਂਦੇ, ਦੇਖਣ ਸੁਣਨ ਵਾਲਿਆਂ ਵਿਚੋਂ ਕੌਣ ਹੋਵੇਗਾ ਜਿਸ ਦਾ ਦਿਲ ਕੰਬ ਨਾ ਉੱਠਿਆ ਹੋਵੇ। ਚਾਰੇ ਪਾਸੇ ਗ੍ਰਿਫ਼ਤਾਰੀਆਂ ਦਾ ਦੌਰ ਸੀ। ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਨਾਂ ਵਰੰਟ ਨਿਕਲੇ ਪਰ ਉਹ ਵੀ ਤਾਂ ਇਸੇ ਪਾਰਟੀ ਦੇ ਸਨ। ਉਨ੍ਹਾਂ ਗ੍ਰਿਫ਼ਤਾਰ ਹੋਣਾ ਨਾ ਮੰਨਿਆ। ਪੁਲਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਫਿਰ ਵੀ ਬਚਦੇ ਹੀ ਰਹੇ। ਉਹਨਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਇਕ ਕਰਾਂਤੀ ਦਲ ਸੀ। ਨਿਹੱਥਿਆਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਇਸ ਕਰਾਂਤੀਪੂਰਨ ਲਹਿਰ ਦੇ ਨਾਲ-ਨਾਲ ਉਹਨਾਂ ਹਥਿਆਰਾਂ ਦੀ ਵਰਤੋਂ ਵੀ ਜ਼ਰੂਰੀ ਸਮਝੀ।

ਇਕ ਪਾਸੇ ਕੁੱਤੇ ਸ਼ਿਕਾਰੀ ਉਹਨਾਂ ਦੀ ਸਹੂ ਕੱਢਣ ਲਈ ਸੁੰਘਦੇ ਫਿਰਦੇ ਸਨ ਦੂਜੇ ਪਾਸੇ ਫ਼ੈਸਲਾ ਹੋਇਆ ਕਿ ਝੋਲੀ ਚੁੱਕਾਂ ਦਾ ਸੁਧਾਰ ਕੀਤਾ ਜਾਵੇ। ਸਰਦਾਰ ਕਿਸ਼ਨ ਸਿੰਘ ਜੀ ਕਹਿੰਦੇ ਸਨ ਕਿ ਆਪਣੀ ਹਿਫ਼ਾਜ਼ਤ ਲਈ ਸਾਨੂੰ ਹਥਿਆਰਬੰਦ ਜ਼ਰੂਰ ਹੋਣਾ ਚਾਹੀਦਾ ਹੈ। ਪਰ ਅਜੇ ਕੋਈ ਹੋਰ ਕਦਮ ਨਹੀਂ ਚੁੱਕਣਾ ਚਾਹੀਦਾ। ਪਰ ਬਹੁਸੰਮਤੀ ਦੂਜੇ ਪਾਸੇ ਸੀ। ਅੰਤ ਵਿਚ ਇਹ ਫ਼ੈਸਲਾ ਹੋਇਆ ਕਿ ਤਿੰਨ ਆਦਮੀ (ਆਪਣੇ) ਨਾਵਾਂ ਦਾ ਐਲਾਨ ਕਰ ਦੇਣ ਅਤੇ ਸਾਰੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲੈਣ ਅਤੇ ਝੋਲੀ ਚੁੱਕਾਂ ਦਾ ਸੁਧਾਰ ਆਰੰਭ ਕਰ ਦੇਣ। ਸ. ਕਰਮ ਸਿੰਘ, ਧੰਨਾ ਸਿੰਘ ਅਤੇ ਉਦੇ ਸਿੰਘ ਜੀ ਅੱਗੇ ਵਧੇ। ਇਹ ਠੀਕ ਸੀ ਜਾਂ ਗ਼ਲਤ। ਇਸ ਨੂੰ ਇਕ ਪਾਸੇ ਰੱਖ ਕੇ ਜ਼ਰਾ-ਉਸ ਸਮੇਂ ਦੀ ਕਲਪਨਾ ਤਾਂ ਕਰੋ ਜਦ ਇਹਨਾਂ ਨਵੀਨ ਬਹਾਦਰਾਂ ਨੇ ਸੁਗੰਧ ਚੁੱਕੀ ਸੀ।

"ਅਸੀਂ ਦੇਸ਼ ਸੇਵਾ ਵਿਚ ਆਪਣਾ ਸਰਬੰਸ ਕੁਰਬਾਨ ਕਰ ਦੇਵਾਂਗੇ, ਅਸੀਂ ਇਹ ਪ੍ਰਤਿੱਗਿਆ ਕਰਦੇ ਹਾਂ ਕਿ ਲੜਦੇ ਲੜਦੇ ਮਰ ਜਾਵਾਂਗੇ ਪਰ ਜੇਲ੍ਹ ਜਾਣਾ ਮਨਜ਼ੂਰ ਨਹੀਂ ਕਰਾਂਗੇ।"

ਜਿਹਨਾਂ ਨੇ ਆਪਣੇ ਪਰਿਵਾਰਾਂ ਦਾ ਮੋਹ ਤਿਆਗ ਦਿੱਤਾ ਸੀ ਉਹ ਜਦੋਂ ਇਹੋ ਜਿਹੀ ਸਹੁੰ ਚੁੱਕ ਰਹੇ ਸਨ, ਉਸ ਸਮੇਂ ਕਿੰਨਾ ਸੋਹਣਾ ਦਿਲਚਸਪ ਪਵਿੱਤਰਤਾ ਨਾਲ ਸੰਜੋਇਆ ਹੋਇਆ ਨਜ਼ਾਰਾ ਹੋਵੇਗਾ। ਆਤਮ-ਤਿਆਗ ਦੀ ਹੱਦ ਕਿੱਥੇ ਹੈ ? ਸਾਹਸ ਦੇ ਅੰਤ ਦਾ ਨਿਵਾਸ ਕਿੱਧਰ ਹੈ ?

ਸ਼ਾਮ ਚੁਰਾਸੀ ਹੁਸ਼ਿਆਰਪੁਰ ਬਰਾਂਚ ਰੇਲਵੇ ਲਾਈਨ ਦੇ ਇਕ ਸਟੇਸ਼ਨ ਦੇ ਨੇੜੇ ਸਭ ਤੋਂ ਪਹਿਲਾਂ ਇਕ ਸੂਬੇਦਾਰ 'ਤੇ ਹੱਥ ਸਾਫ਼ ਕੀਤਾ ਗਿਆ। ਉਸ ਤੋਂ ਬਾਅਦ ਇਹਨਾਂ ਤਿੰਨਾਂ ਜਣਿਆਂ ਨੇ ਆਪਣੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ। ਸਰਕਾਰ ਨੇ ਪੂਰੀ ਤਾਕਤ ਲਾ ਕੇ ਇਹਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਰੁੜਕੇ ਕਲਾਂ ਨੂੰ ਸ. ਕਿਸ਼ਨ ਸਿੰਘ ਗੜਗੱਜ ਫਿਰ ਗਏ। ਉਹਨਾਂ ਦੇ ਨਾਲ ਇਕ ਨੌਜਵਾਨ ਵੀ ਸੀ ਜੋ ਉੱਥੇ ਹੀ ਜ਼ਖ਼ਮੀ ਹੋਣ ਕਾਰਨ ਫੜਿਆ ਗਿਆ। ਪਰ ਕਿਸ਼ਨ ਸਿੰਘ ਉੱਥੋਂ ਵੀ ਆਪਣੇ ਹਥਿਆਰਾਂ ਦੀ ਸਹਾਇਤਾ ਨਾਲ ਬਚ ਨਿਕਲੇ। ਰਸਤੇ ਵਿਚ ਇਕ ਸਾਧ ਮਿਲਿਆ। ਉਹਨੇ ਇਹਨਾਂ ਨੂੰ ਦੱਸਿਆ ਕਿ ਉਸ ਕੋਲ ਇੱਕ ਇਹੋ ਜਿਹੀ ਬੂਟੀ ਹੈ ਜਿਸ ਨਾਲ ਮਨ ਚਾਹਿਆ ਕੰਮ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਝਾਂਸੇ ਵਿਚ ਆ ਕੇ ਇਕ ਦਿਨ ਇਹ ਹਥਿਆਰ ਰੱਖ ਕੇ ਸਾਧੂ ਕੋਲ ਗਏ। ਦਵਾਈ ਰਗੜਨ ਲਈ ਦੇ ਕੇ ਸਾਧੂ ਬੂਟੀ ਲੈਣ ਗਿਆ। ਪੁਲਿਸ ਨੂੰ ਲੈ ਕੇ ਆਇਆ। ਸਰਦਾਰ ਸਾਹਿਬ ਫੜੇ ਗਏ। ਇਹ ਸਾਧੂ ਸੀ.ਆਈ.ਡੀ. ਦੇ ਮਹਿਕਮੇ ਦਾ ਸਬ-ਇੰਸਪੈਕਟਰ ਸੀ। ਬੱਬਰ ਅਕਾਲੀਆਂ ਨੇ ਆਪਣਾ ਕੰਮ ਖ਼ੂਬ ਜ਼ੋਰ ਨਾਲ ਸ਼ੁਰੂ ਕਰ ਦਿੱਤਾ। ਕਿੰਨੇ ਹੀ ਸਰਕਾਰ ਦੇ ਪਿੱਠੂ ਮਾਰ ਦਿੱਤੇ ਗਏ। ਦੁਆਬਾ (ਬਿਆਸ ਅਤੇ ਸਤਲੁਜ ਦੇ ਵਿਚ) ਜਲੰਧਰ ਅਤੇ ਹੁਸ਼ਿਆਰਪੁਰ ਦਾ ਜ਼ਿਲਾ ਪਹਿਲਾਂ



Sri Satguru Jagjit Singh Ji Elibrary NamdhariElibrary@gmail.com

ਹੀ ਭਾਰਤ ਦੇ ਸਿਆਸੀ ਨਕਸ਼ੇ ਵਿਚ ਪ੍ਰਸਿੱਧ ਹੈ। 1915 ਦੇ ਸ਼ਹੀਦਾਂ ਵਿਚ ਵੀ ਜ਼ਿਆਦਾਤਰ ਇਹਨਾਂ ਹੀ ਜ਼ਿਲਿਆਂ ਦੇ ਲੋਕ ਸਨ। ਹੁਣ ਫਿਰ ਇਥੋਂ ਹੀ ਸਰਗਰਮੀਆਂ ਹੋਈਆਂ। ਪੁਲਿਸ ਮਹਿਕਮੇ ਨੇ ਸਾਰੀ ਤਾਕਤ ਖ਼ਰਚ ਕਰ ਦਿੱਤੀ। ਪਰ ਕੁਝ ਨਾ ਬਣਿਆ। ਜਲੰਧਰ ਤੋਂ ਕੁਝ ਦੂਰ ਇਕ ਬਿਲਕੁਲ ਛੋਟੀ ਜਿਹੀ ਨਦੀ ਹੈ। ਉਹਦੇ ਕੰਢੇ ਇੱਕ ਪਿੰਡ ਵਿਚ ਸ. ਕਰਮ ਸਿੰਘ ਜੀ, ਸ. ਧੰਨਾ ਸਿੰਘ ਜੀ, ਸ. ਉਦੇ ਸਿੰਘ ਜੀ ਅਤੇ ਸ. ਅਨੂਪ ਸਿੰਘ ਇਕ ਦੋ ਆਦਮੀਆਂ ਨਾਲ ਬੈਠੇ ਸਨ। ਬੈਠਿਆਂ-ਬੈਠਿਆਂ ਸ. ਧੰਨਾ ਸਿੰਘ ਨੇ ਕਿਹਾ—ਬਾਬਾ ਕਰਮ ਸਿੰਘ ਜੀ ! ਸਾਨੂੰ ਇਥੋਂ ਇਸੇ ਵਕਤ ਤੁਰ ਪੈਣਾ ਚਾਹੀਦਾ ਹੈ, ਮੈਨੂੰ ਕਿਸੇ ਮਾੜੀ ਗੱਲ ਦੇ ਹੋਣ ਦਾ ਸੰਸਾ ਹੋ ਰਿਹਾ ਹੈ। 75 ਸਾਲ ਦੇ ਬਜ਼ੁਰਗ ਸ. ਕਰਮ ਸਿੰਘ ਜੀ ਨੇ ਜ਼ਰਾ ਵੀ ਧਿਆਨ ਨਾ ਦਿੱਤਾ। ਪਰ ਸ. ਧੰਨਾ ਸਿੰਘ ਆਪਣੇ ਨਾਲ 18 ਸਾਲ ਦੇ ਸ. ਦਲੀਪ ਸਿੰਘ ਨੂੰ ਲੈ ਕੇ ਚਲੇ ਗਏ। ਬੈਠਿਆਂ ਬੈਠਿਆਂ ਸ. ਕਰਮ ਸਿੰਘ ਜੀ ਨੇ ਸ. ਅਨੂਪ ਸਿੰਘ ਵੱਲ ਬੜੇ ਧਿਆਨ ਨਾਲ ਵੇਖਦਿਆਂ ਕਿਹਾ—ਅਨੂਪ ਸਿੰਘ ਤੂੰ ਚੰਗਾ ਆਦਮੀ ਨਹੀਂ। ਪਰ ਇਸ ਦੇ ਬਾਅਦ ਉਹਨਾਂ ਆਪਣੀ ਇਸ ਗੱਲ ਵੱਲ ਧਿਆਨ ਨਾ ਦਿੱਤਾ। ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਪੁਲਿਸ ਆ ਧਮਕੀ। ਸਾਰੇ ਬੰਬ ਸ. ਅਨੂਪ ਸਿੰਘ ਦੇ ਕਬਜ਼ੇ ਵਿਚ ਸਨ। ਇਹ ਪਿੰਡ ਵਿਚ ਲੁਕ ਗਏ। ਪੁਲਿਸ ਨੇ ਲੱਖ ਟੱਕਰਾਂ ਮਾਰੀਆਂ ਪਰ ਅਸਫਲ ਰਹੀ। ਅੰਤ ਵਿਚ ਪੁਲਿਸ ਵੱਲੋਂ ਐਲਾਨ ਕੀਤਾ ਗਿਆ ਕਿ ਬਾਗ਼ੀਆਂ ਨੂੰ ਬਾਹਰ ਕੱਢੋ ਨਹੀਂ ਤਾਂ ਪਿੰਡ ਨੂੰ ਅੱਗ ਲਾ ਦਿੱਤੀ ਜਾਵੇਗੀ। ਪਰ ਪਿੰਡ ਵਾਲੇ ਡਟੇ ਰਹੇ।

ਹਾਲਾਤ ਨੂੰ ਵੇਖ ਕੇ ਸਾਰੇ ਆਪ ਹੀ ਬਾਹਰ ਨਿਕਲ ਗਏ। ਸਾਰੇ ਬੰਬ ਅਨੂਪ ਸਿੰਘ ਲੈ ਭੱਜਿਆ ਅਤੇ ਜਾ ਕੇ ਪੁਲਿਸ ਦੇ ਹਵਾਲੇ ਹੋ ਗਿਆ ਬਾਕੀ ਚਾਰੇ ਜਣੇ ਉੱਥੇ ਹੀ ਘਿਰੇ ਹੋਏ ਖੜੇ ਸਨ। ਪੁਲਿਸ ਦੇ ਅੰਗਰੇਜ਼ ਕਪਤਾਨ ਨੇ ਕਿਹਾ ਕਰਮ ਸਿੰਘ ਹਥਿਆਰ ਸੁੱਟ ਦਿਓ, ਤੁਹਾਨੂੰ ਮਾਫ਼ ਕਰ ਦਿੱਤਾ ਜਾਵੇਗਾ। ਬਹਾਦਰ ਨੇ ਲਲਕਾਰ ਕੇ ਜਵਾਬ ਦਿੱਤਾ ਕਿ ਅਸੀਂ ਆਪਣੇ ਦੇਸ਼ ਲਈ ਸੱਚੇ ਇਨਕਲਾਬੀ ਵਾਂਗ ਲੜਦੇ ਲੜਦੇ ਸ਼ਹੀਦ ਹੋ ਜਾਵਾਂਗੇ। ਪਰ ਹਥਿਆਰ ਨਹੀਂ ਸੁੱਟ ਸਕਦੇ। ਉਹਨਾਂ ਆਪਣੇ ਤਿੰਨ ਸਾਥੀਆਂ ਨੂੰ ਲਲਕਾਰਿਆ। ਉਹ ਸ਼ੇਰ ਵਾਂਗ ਗਰਜ ਉੱਠੇ। ਲੜਾਈ ਛਿੜ ਪਈ। ਖ਼ੂਬ ਤਾੜ ਤਾੜ ਗੋਲੀਆਂ ਚੱਲੀਆਂ। ਗੋਲੀ ਬਾਰੂਦ ਖ਼ਤਮ ਹੋਣ 'ਤੇ ਉਹ ਛੰਪੜ ਵਿਚ ਕੁੱਦ ਪਏ ਗੋਲੀਆਂ ਦੇ ਮੀਂਹ ਨਾਲ ਸਾਰੇ ਸੂਰਮੇ ਸ਼ਹੀਦ ਹੋ ਗਏ।

ਸ. ਕਰਮ ਸਿੰਘ ਦੀ ਉਮਰ 75 ਸਾਲ ਸੀ। ਉਹ ਕਨੇਡਾ ਰਹਿ ਚੁੱਕੇ ਸਨ। ਉਨ੍ਹਾਂ ਦਾ ਇਖ਼ਲਾਕ ਪਵਿੱਤਰ ਅਤੇ ਚਰਿੱਤਰ ਆਦਰਸ਼ਕ ਸੀ, ਸਰਕਾਰ ਨੇ ਸਮਝਿਆ ਕਿ ਬੱਬਰ ਅਕਾਲੀ ਖ਼ਤਮ ਹੋ ਗਏ, ਪਰ ਨਿੱਤ ਉਨਤੀ ਕਰ ਰਹੇ ਸਨ। 18 ਵਰ੍ਹਿਆਂ ਦਾ ਦਲੀਪ ਸਿੰਘ ਇਕ ਬਹੁਤ ਸੁਣੱਖਾ, ਸਿਹਤਮੰਦ ਨੌਜਵਾਨ ਸੀ ਅਤੇ ਉਸਦਾ ਡਾਕੂਆਂ ਨਾਲ ਸਾਥ ਹੋ ਗਿਆ ਸੀ। ਧੰਨਾ ਸਿੰਘ ਦੀ ਸਿੱਖਿਆ ਨੇ ਉਸ ਨੂੰ ਡਾਕੂ ਤੋਂ ਇਕ ਸੱਚਾ ਇਨਕਲਾਬੀ ਬਣਾ ਦਿੱਤਾ। ਸਰਦਾਰ ਬੰਤਾ ਸਿੰਘ ਅਤੇ ਵਰਿਆਮ ਸਿੰਘ ਆਦਿ ਕਈ ਪ੍ਰਸਿੱਧ ਡਾਕੂ ਡਾਕੇਜਨੀ ਛੱਡ ਕੇ ਇਹਨਾਂ ਵਿਚ ਆ ਰਲੇ।

ਇਹਨਾਂ ਸਭਨਾਂ ਵਿਚ ਮੌਤ ਦਾ ਡਰ ਨਹੀਂ ਸੀ। ਉਹ ਆਪਣੇ ਪਿਛਲੇ ਕੁਕਰਮਾਂ ਨੂੰ ਧੋ ਦੇਣਾ ਚਾਹੁੰਦੇ ਸਨ। ਇਹਨਾਂ ਦੀ ਗਿਣਤੀ ਜਲਦੀ ਵਧਦੀ ਜਾ ਰਹੀ ਸੀ, ਇਕ ਦਿਨ 'ਮਾਨਹਾਣਾ' ਨਾਂ ਦੇ ਪਿੰਡ ਵਿਚ ਸ. ਧੰਨਾ ਸਿੰਘ ਬੈਠੇ ਸਨ, ਪੁਲਸ ਆ ਗਈ। ਕਈ ਦਿਨਾਂ ਦੇ ਉਨੀਂਦੇ ਕਾਰਨ ਧੰਨਾ ਸਿੰਘ ਜੀ ਸੁੱਤੇ ਪਏ ਹੀ ਫੜ ਲਏ ਗਏ। ਹੱਥਾਂ ਵਿਚ ਹਥਕੜੀ ਲਾ ਦਿੱਤੀ ਗਈ ਅਤੇ ਉਹਨਾਂ ਨੂੰ ਬਾਹਰ ਲਿਆਂਦਾ ਗਿਆ। ਬਾਹਰ ਸਿਪਾਹੀ ਅਤੇ ਦੋ ਅੰਗਰੇਜ਼



Sri Satguru Jagjit Singh Ji Elibrary NamdhariElibrary@gmail.com

ਅਫ਼ਸਰ ਉਹਨਾਂ ਨੂੰ ਘੇਰ ਕੇ ਖੜੇ ਹੋ ਗਏ। ਠੀਕ ਉਸੇ ਵਕਤ ਧਮਾਕਾ ਹੋਇਆ। ਧੰਨਾ ਸਿੰਘ ਨੇ ਬੰਬ ਚਲਾ ਦਿੱਤਾ ਸੀ, ਉਹ ਆਪ ਵੀ ਮਰੇ ਅਤੇ ਨਾਲ ਹੀ ਇਕ ਅੰਗਰੇਜ਼ ਅਫਸਰ ਅਤੇ ਦੱਸ ਸਿਪਾਹੀ। ਬਾਕੀ ਬੁਰੀ ਤਰ੍ਹਾਂ ਜ਼ਖਮੀ ਹੋਏ।

ਇਸ ਹੀ ਮੁੰਡੇਰ ਨਾਂ ਦੇ ਪਿੰਡ ਵਿਚ ਬੰਤਾ ਸਿੰਘ, ਜਵਾਲਾ ਸਿੰਘ ਆਦਿ ਕਈ ਲੋਕ ਘਿਰ ਗਏ। ਇਹ ਸਾਰੇ ਛੱਤ ਉੱਤੇ ਬੈਠੇ ਸਨ। ਗੋਲੀ ਚੱਲੀ ਕੁਝ ਚਿਰ ਤਕ ਚੰਗੀ ਤੜਪ ਹੁੰਦੀ ਰਹੀ ਪਰ ਪੁਲਿਸ ਨੇ ਮਿੱਟੀ ਦਾ ਤੇਲ ਛਿੜਕ ਕੇ ਘਰ ਨੂੰ ਅੱਗ ਲਾ ਦਿੱਤੀ ਫਿਰ ਵੀ ਵਰਿਆਮ ਸਿੰਘ ਬਚ ਨਿਕਲੇ ਅਤੇ ਬੰਤਾ ਸਿੰਘ ਉੱਥੇ ਹੀ ਮਾਰੇ ਗਏ।

ਜੇ ਇਸ ਤੋਂ ਪਹਿਲਾਂ ਦੀਆਂ ਇਕ ਦੋ ਹੋਰ ਵਾਰਦਾਤਾਂ ਦਾ ਵਰਨਣ ਕਰ ਦਿੱਤਾ ਜਾਵੇ ਤਾਂ ਗ਼ੈਰ ਜ਼ਰੂਰੀ ਨਹੀਂ ਹੋਵੇਗਾ। ਬੰਤਾ ਸਿੰਘ ਬਹੁਤ ਹੌਸਲੇ ਵਾਲੇ ਸਨ। ਇਕ ਵੇਰ ਸ਼ਾਇਦ ਜਲੰਧਰ ਛਾਉਣੀ ਵਿਚ ਜਾ ਕੇ ਰਸਾਲੇ ਵਿਚ ਪਹਿਰੇ ਉੱਤੇ ਖੜੇ ਸਿਪਾਹੀ ਦੀ ਘੋੜੀ ਅਤੇ ਰਫਲ ਖੋਹ ਕੇ ਲਿਆਏ ਸਨ। ਜਿਨ੍ਹਾਂ ਦਿਨਾਂ ਵਿਚ ਪੁਲਿਸ ਦੇ ਦਸਤੇ ਇਹਨਾਂ ਦੀ ਭਾਲ ਵਿਚ ਮਾਰੇ-ਮਾਰੇ ਫਿਰਦੇ ਸਨ ਕਿਤੇ ਜੰਗਲ ਵਿਚ ਕਿਸੇ ਦਸਤੇ ਨਾਲ ਇਹਨਾਂ ਦੀ ਮੁਲਾਕਾਤ ਹੋ ਗਈ। ਸਰਦਾਰ ਬੰਤਾ ਸਿੰਘ ਨੇ ਫੌਰਨ ਚਨੌਤੀ ਦਿੱਤੀ—"ਜੇ ਹਿੰਮਤ ਹੈ ਤਾਂ ਦੋ ਹੱਥ ਕਰ ਲਉ।" ਖ਼ੈਰ ਉੱਧਰ ਤਾਂ ਸਨ ਪੈਸੇ ਦੇ ਗ਼ੁਲਾਮ ਤੇ ਇੱਧਰ ਆਤਮ-ਤਿਆਗ ਵਾਲੇ ਇਨਸਾਨ। ਤੁਲਨਾ ਕਿਵੇਂ ਹੋ ਸਕਦੀ ਹੈ? ਸਿਪਾਹੀਆਂ ਦਾ ਦਸਤਾ ਚੁਪਚਾਪ ਚਲਾ ਗਿਆ।

ਇਹਨਾਂ ਨੂੰ ਫੜਨ ਲਈ ਖਾਸ ਤੌਰ 'ਤੇ ਪੁਲਿਸ ਤਾਇਨਾਤ ਕੀਤੀ ਗਈ ਸੀ ਪਰ ਉਹਦੀ ਸੀ ਇਹ ਹਾਲਤ। ਖ਼ੈਰ ਗ੍ਰਿਫ਼ਤਾਰੀਆਂ ਦੀ ਭਰਮਾਰ ਸੀ। ਪਿੰਡ ਪਿੰਡ ਪੁਲਿਸ ਤਾਜ਼ੀਰੀ ਚੌਂਕੀਆਂ ਬਿਠਾਈਆਂ ਜਾਣ ਲੱਗੀਆਂ। ਹੌਲੇ-ਹੌਲੇ ਬੱਬਰਾਂ ਦਾ ਜ਼ੋਰ ਘਟਨ ਲੱਗਾ। ਹੁਣ ਤਕ ਤਾਂ ਜਿਵੇਂ ਇਹਨਾਂ ਦਾ ਰਾਜ ਸੀ ਜਿਥੇ ਜਾਂਦੇ ਕੁਝ ਲੋਕ ਖ਼ੁਸ਼ੀ ਤੇ ਚਾਅ ਨਾਲ ਕੁਝ ਡਰ ਅਤੇ ਸਹਿਮ ਨਾਲ ਇਹਨਾਂ ਦੀ ਆਉ ਭਗਤ ਕਰਦੇ। ਸਰਕਾਰ ਦੇ ਪਿੱਠੂ ਇਕਦਮ ਡਰੇ ਬੈਠੇ ਸਨ। ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਘਰ ਤੋਂ ਨਿਕਲਣ ਦਾ ਹੌਸਲਾ ਹੀ ਉਹਨਾਂ ਨੂੰ ਨਹੀਂ ਸੀ ਪੈਂਦਾ। ਇਹ ਉਹਨੀਂ ਦਿਨੀ ਹੀਰੋ ਸਮਝੇ ਜਾਂਦੇ ਸਨ। ਉਹ ਬੀਰ ਸਨ ਤੇ ਉਹਨਾਂ ਦੀ ਪੂਜਾ—ਪੀਰ ਪੂਜਾ ਸਮਝੀ ਜਾਂਦੀ ਸੀ। ਪਰ ਹੌਲੀ ਹੌਲੀ ਉਹਨਾਂ ਦਾ ਜ਼ੋਰ ਖ਼ਤਮ ਹੋ ਗਿਆ। ਸੈਂਕੜੇ ਹੀ ਫੜੇ ਗਏ। ਮੁਕੱਦਮੇ ਸ਼ੁਰੂ ਹੋਏ।

ਵਰਿਆਮ ਸਿੰਘ ਇਕੱਲੇ ਬਚੇ ਹੋਏ ਸਨ। ਜਲੰਧਰ ਹੁਸ਼ਿਆਰਪੁਰ ਵਿਚ ਪੁਲਿਸ ਦਾ ਜ਼ਿਆਦਾ ਜ਼ੋਰ ਦੇਖ ਕੇ ਉਹ ਲਾਇਲਪੁਰ ਜਾ ਰਹੇ। ਉੱਥੇ ਇੱਕ ਦਿਨ ਬਿਲਕੁਲ ਘਿਰ ਗਏ, ਪਰ ਚੰਗੀ ਤਰ੍ਹਾਂ ਸ਼ਾਨ ਨਾਲ ਲੜਦਿਆਂ ਬਚ ਨਿਕਲੇ। ਪਰ ਬਹੁਤ ਥੱਕ ਗਏ। ਕੋਈ ਸਾਥੀ ਵੀ ਨਹੀਂ ਸੀ। ਹਾਲਤ ਬੜੀ ਅਜੀਬ ਸੀ। ਇਕ ਦਿਨ ਢੇਸੀਆਂ ਨਾਂ ਦੇ ਪਿੰਡ ਆਪਣੇ ਮਾਮੇ ਕੋਲ ਗਏ। ਹਥਿਆਰ ਬਾਹਰ ਰੱਖੇ ਹੋਏ ਸਨ। ਸ਼ਾਮ ਦੀ ਰੋਟੀ ਖਾਣ ਦੇ ਬਾਅਦ ਆਪਣੇ ਹਥਿਆਰਾਂ ਕੋਲ ਜਾ ਰਹੇ ਸਨ ਕਿ ਪੁਲਿਸ ਆ ਧਮਕੀ, ਘਿਰ ਗਏ। ਅੰਗਰੇਜ਼ ਨਾਇਕ ਨੇ ਉਹਨਾਂ ਨੂੰ ਪਿੱਛੋਂ ਦੀ ਆ ਕੇ ਫੜ ਲਿਆ। ਉਹਨਾਂ ਦੀ ਕਿਰਪਾਨ ਨੇ ਹੀ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਫਿਰ ਉਹ ਥੱਲੇ ਡਿੱਗ ਪਏ। ਹਥਕੜੀ ਲਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਗਈਆਂ ਤਾਂ ਗੋਲੀ ਨਾਲ ਮਾਰ ਦਿੱਤੇ ਗਏ। ਇਸ ਮੌਕੇ 'ਤੇ ਇੱਕ ਅੰਗਰੇਜ਼ ਵੀ ਬੁਰੀ ਤਰ੍ਹਾਂ ਫੱਟੜ ਹੋਇਆ ਸੀ। ਇਹ ਘਟਨਾ 1924 ਦੇ ਅਖੀਰ ਦੀ ਹੈ—(8 ਜੂਨ 1924)। ਦੋ ਵਰ੍ਹੇ ਦੀ ਪੂਰੀ ਸਖ਼ਤੀ ਦੇ ਬਾਅਦ ਅਕਾਲੀ ਜੱਥੇ ਦਾ ਅੰਤ ਹੋ ਗਿਆ। ਉੱਧਰ ਮੁਕੱਦਮਾ ਚੱਲਣ ਲੱਗਾ ਜਿਸਦਾ



Sri Satguru Jagjit Singh Ji Elibrary NamdhariElibrary@gmail.com

ਨਤੀਜਾ ਉੱਪਰ ਲਿਖ ਆਏ ਹਾਂ ? ਅਤੇ ਉਸ ਦਿਨ ਇਨ੍ਹਾਂ ਸੂਰਬੀਰਾਂ ਨੇ ਛੇਤੀ ਫਾਂਸੀ 'ਤੇ ਚੜ੍ਹਾਏ ਜਾਣ ਦੀ ਮੰਗ ਕੀਤੀ ਸੀ। ਉਨ੍ਹਾਂ ਦੀ ਇਹ ਇੱਛਾ ਪੂਰੀ ਹੋ ਗਈ। ਉਹ ਸ਼ਾਂਤ ਹੋ ਗਏ।

* * *

## 7. ਕਾਕੋਰੀ ਦੇ ਵੀਰਾਂ ਦੀ ਜਾਣ-ਪਛਾਣ ।

[9 ਅਗਸਤ, 1925 ਨੂੰ ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉੱਲਾ ਅਤੇ ਉਹਨਾਂ ਦੇ ਦੂਸਰੇ ਕਰਾਂਤੀਕਾਰੀ ਸਾਥੀਆਂ ਨੇ ਇਨਕਲਾਬੀ ਪਾਰਟੀ ਲਈ ਫੰਡ ਇਕੱਠੇ ਕਰਨ ਦੇ ਲਈ ਲਖਨਊ ਦੇ ਕੋਲ ਕਾਕੋਰੀ ਵਿਖੇ ਗੱਡੀ ਰੋਕ ਕੇ ਸਰਕਾਰੀ ਖ਼ਜ਼ਾਨਾ ਖੋਹਿਆ। ਇਸ ਦੇ ਬਾਅਦ ਸਵਾਏ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੇ ਬਾਕੀ ਸਾਰੇ ਕ੍ਰਾਂਤੀਕਾਰੀ ਫੜੇ ਗਏ। ਭਗਤ ਸਿੰਘ ਵੀ ਕਾਨਪੁਰ ਨਿਵਾਸ ਵੇਲੇ ਹਿੰਦੋਸਤਾਨ ਰੀਪਬਲੀਕਨ ਪਾਰਟੀ ਵਿਚ ਭਰਤੀ ਹੋ ਚੁੱਕੇ ਸਨ। ਉਹਨਾਂ ਦੇ ਆਪਣੇ ਸ਼ਬਦਾਂ ਵਿਚ "ਫੇਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲੈਣ ਦਾ ਵੇਲਾ ਆਇਆ।" ਭਗਤ ਸਿੰਘ ਨੇ ਰੋਮਾਂਟਕ ਵਿਚਾਰਵਾਦੀ ਇਨਕਲਾਬੀ ਤੋਂ ਇੱਕ ਵੱਡਾ ਮੋੜਾ ਕੱਟਿਆ ਅਤੇ ਭਗਤ ਸਿੰਘ ਦੇ ਹੀ ਲਫ਼ਜ਼ਾਂ ਵਿਚ "ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ।"

ਇੱਕ ਸਵਾਲ, ਜੋ ਇਸ ਸਮੇਂ ਭਗਤ ਸਿੰਘ ਦੇ ਮਨ ਵਿਚ ਸੀ, ਉਹ ਸੀ ਕਿ ਉਨ੍ਹਾਂ ਦੇ ਨੇਤਾ ਬਹੁਤ ਹੀ ਉੱਚ ਆਦਰਸ਼, ਲਗਨ ਤੇ ਤਿਆਗ ਵਾਲੇ ਹੋਣ ਦੇ ਬਾਵਜੂਦ ਲੋਕਾਂ ਦੀ ਚੇਤਨਾ ਦਾ ਹਿੱਸਾ ਨਹੀਂ ਬਣ ਸਕੇ। ਇਹੀ ਸਵਾਲ ਬੱਬਰ ਅਕਾਲੀਆਂ ਸ਼ਹੀਦਾਂ ਬਾਰੇ ਲਿਖਦੇ ਹੋਏ ਉਨ੍ਹਾਂ ਨੇ ਉਠਾਇਆ ਹੈ।

ਕਾਕੋਰੀ ਕੇਸ ਵਿਚ ਸਜ਼ਾਵਾਂ ਹੋਣ ਦੇ ਬਾਅਦ, ਭਗਤ ਸਿੰਘ ਨੇ ਪੰਜਾਬ ਮੁੜ ਕੇ ਸਚਿੰਦਰ ਨਾਥ ਸਾਨਿਆਲ ਦੀ ਕਿਤਾਬ ਬੰਦੀ ਜੀਵਨ ਦਾ ਪੰਜਾਬੀ ਅਨੁਵਾਦ ਛਪਾਇਆ। ਇਸ ਦਾ ਇਸ਼ਤਿਹਾਰ 'ਕਿਰਤੀ' ਦੇ ਮਈ ਤੇ ਜੂਨ, 1927 ਦੇ ਰਸਾਲੇ ਵਿਚ ਛਪੇ। ਮਈ 1927 ਵਿਚ 'ਵਿਦਰੋਹੀ' ਦੇ ਨਾਂ ਹੇਠ ਇੱਕ ਲੇਖ ਕਾਕੋਰੀ ਦੇ ਵੀਰਾਂ ਨਾਲ ਜਾਣ-ਪਛਾਣ ਵੀ ਛਾਪਿਆ। ਇਸ ਲੇਖ ਦੇ ਛਪਦੇ ਹੀ ਪੰਜਾਬ ਪੁਲਿਸ ਨੇ ਭਗਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਤੇ ਉਸ ਗ੍ਰਿਫ਼ਤਾਰੀ ਸਮੇਂ ਦੀ ਹੀ ਹੈ, ਮਸ਼ਹੂਰ ਫੋਟੋ ਮੰਜੀ 'ਤੇ ਬੈਠਿਆਂ, ਹੱਥਕੜੀ ਲੱਗਿਆਂ ਦੀ ਹੈ। ਇਸ ਫੋਟੋ ਨੂੰ ਫਾਂਸੀ ਕੋਠੜੀ ਵਿਚਲੀ ਫੋਟੋ ਕਹਿ ਕੇ ਭਗਤ ਸਿੰਘ ਦੇ ਵਿਚਾਰਾਂ ਬਾਰੇ ਬਹੁਤ ਭੁਲੇਖੇ ਖੜੇ ਕਰਨ ਦੇ ਯਤਨ ਕੀਤੇ ਗਏ ਹਨ।

ਅੱਛਾ ਪੜ੍ਹੋ ਕਾਕੋਰੀ ਦੇ ਦੇਸ਼-ਭਗਤਾਂ ਬਾਰੇ ਭਗਤ ਸਿੰਘ ਦੇ ਵਿਚਾਰ ! —ਸੰਪਾਦਕ]

ਅੱਗੇ ਕਿਰਤੀ ਵਿਚ ਕਾਕੋਰੀ ਦੇ ਵਿਸ਼ੇ ਵਿਚ ਕੁਝ ਲਿਖਿਆ ਜਾ ਚੁੱਕਾ ਹੈ। ਅੱਜ ਅਸੀਂ ਕਾਕੋਰੀ ਸਾਜ਼ਸ਼ ਅਤੇ ਉਨ੍ਹਾਂ ਵੀਰਾਂ ਦੇ ਬਾਰੇ ਵਿਚ ਕੁਝ ਲਿਖਾਂਗੇ ਜਿਨ੍ਹਾਂ ਨੂੰ ਕਿ ਉਹਦੇ ਸੰਬੰਧ ਵਿਚ ਸਖ਼ਤ ਸਜ਼ਾਵਾਂ ਮਿਲੀਆਂ ਹਨ।

9 ਅਗਸਤ 1924 ਨੂੰ ਇਕ ਛੋਟੇ ਜਿਹੇ ਸਟੇਸ਼ਨ ਕਾਕੋਰੀ ਤੋਂ ਇਕ ਪੈਸੰਜਰ ਟ੍ਰੇਨ ਚੱਲੀ। ਇਹ ਸਟੇਸ਼ਨ ਲਖਨਊ ਤੋਂ 8 ਮੀਲ ਦੂਰ ਹੈ। ਗੱਡੀ ਮੀਲ ਡੇਢ ਮੀਲ ਗਈ ਹੋਊ, ਕਿ ਸੈਕੰਡ ਕਲਾਸ ਵਿਚ ਬੈਠੇ ਹੋਏ ਤਿੰਨਾਂ ਨੌਜਵਾਨਾਂ ਨੇ ਗੱਡੀ ਖੜੀ ਕਰ ਲਈ ਅਤੇ ਹੋਰਨਾਂ ਰਲ ਕੇ ਸਰਕਾਰੀ ਖ਼ਜ਼ਾਨਾ, ਜੋ ਉਸ ਗੱਡੀ ਵਿਚ ਜਾ ਰਿਹਾ ਸੀ, ਲੁੱਟ ਲਿਆ। ਉਹਨਾਂ ਨੇ ਪਹਿਲੋਂ ਹੀ ਜ਼ੋਰ ਨਾਲ ਆਵਾਜ਼ ਦੇ ਕੇ ਸਭ ਮੁਸਾਫਰਾਂ ਨੂੰ ਸਮਝਾ ਦਿੱਤਾ ਸੀ ਕਿ ਉਹ ਡਰਨ ਨਾ, ਕਿਉਂਕਿ ਉਨ੍ਹਾਂ ਦਾ ਇਰਾਦਾ ਮੁਸਾਫਰਾਂ ਨੂੰ ਤੰਗ ਕਰਨ ਦਾ ਨਹੀਂ। ਕੇਵਲ ਸਰਕਾਰੀ ਖ਼ਜ਼ਾਨਾ ਲੁੱਟਣ ਦਾ ਹੈ। ਖ਼ੈਰ ਉਹ ਗੋਲੀਆਂ ਚਲੌਂਦੇ ਰਹੇ, ਇਕ ਆਦਮੀ ਗੱਡੀ 'ਚੋਂ ਉੱਤਰ ਖਲੋਤਾ ਅਤੇ ਗੋਲੀ ਲੱਗ ਜਾਣ ਕਰਕੇ ਮਰ ਗਿਆ।



Sri Satguru Jagjit Singh Ji Elibrary NamdhariElibrary@gmail.com

ਸਰਕਾਰੀ ਅਫ਼ਸਰ ਹਾਰਟਨ, ਸੀ.ਆਈ.ਡੀ. ਏਸ ਦੀ ਖੋਜ 'ਤੇ ਲੱਗਾ। ਉਹਨੂੰ ਪਹਿਲੋਂ ਤੋਂ ਹੀ ਨਿਸਚਾ ਹੋ ਗਿਆ ਸੀ ਕਿ ਏਹ ਡਾਕਾ ਜੁਗ-ਪਲਟਾਊ ਜੱਥੇ ਦਾ ਹੈ। ਉਸ ਨੇ ਸਾਰੇ ਸ਼ੱਕੀ ਆਦਮੀਆਂ ਦੀ ਦੇਖਭਾਲ ਸ਼ੁਰੂ ਕਰ ਦਿੱਤੀ। ਇੰਨੇ ਚਿਰ ਵਿਚ ਜੁਗ-ਪਲਟਾਊ ਜੱਥੇ ਦੀ ਪ੍ਰਾਂਤਕ ਕੌਂਸਲ ਦੀ ਇਕ ਮੀਟਿੰਗ ਮੇਰਠ ਰੱਖੀ ਗਈ। ਸਰਕਾਰ ਨੂੰ ਉਸਦਾ ਪਤਾ ਲੱਗ ਗਿਆ। ਉੱਥੇ ਖ਼ੂਬ ਦੇਖਭਾਲ ਰੱਖੀ ਗਈ।

ਫੇਰ ਸਤੰਬਰ ਦੇ ਅਖ਼ੀਰ ਵਿਚ ਹਾਰਟਨ ਨੇ ਗ੍ਰਿਫ਼ਤਾਰੀਆਂ ਦੇ ਵਾਰੰਟ ਜਾਰੀ ਕੀਤੇ ਅਤੇ 26 ਸਤੰਬਰ ਨੂੰ ਬਹੁਤ ਸਾਰੀਆਂ ਤਲਾਸ਼ੀਆਂ ਲਈਆਂ ਅਤੇ ਬਹੁਤ ਸਾਰੇ ਆਦਮੀ ਫੜ ਲਏ, ਕੁਝ ਫੜੇ ਨਾ ਗਏ। ਜਿਨ੍ਹਾਂ ਵਿਚੋਂ ਇਕ ਸ੍ਰੀ ਰਾਜੇਂਦਰ ਨਾਥ ਲਾਹਿੜੀ ਦਖਿਨੇਸ਼ਵਰ ਬੰਬ ਕੇਸ ਵਿਚ ਫੜੇ ਗਏ ਅਤੇ ਉੱਥੇ ਉਨ੍ਹਾਂ ਨੂੰ ਦਸ ਸਾਲ ਦੀ ਕੈਦ ਹੋ ਗਈ ਅਤੇ ਸ੍ਰੀ ਅਸ਼ਫਾਕ ਉੱਲਾ ਅਤੇ ਸਚੀਂਦਰ ਬਖਸ਼ੀ ਪਿੱਛੋਂ ਪਕੜੇ ਗਏ, ਉਨ੍ਹਾਂ 'ਤੇ ਅੱਡਰਾ ਮੁਕੱਦਮਾ ਚਲਦਾ ਹੈ।

ਜੱਜ ਦੇ ਫੈਸਲੇ ਤੋਂ ਇਹ ਮਲੂਮ ਹੁੰਦਾ ਹੈ ਕਿ ਨਾ-ਮਿਲਵਰਤਣ ਦੀ ਲਹਿਰ ਦਬ ਜਾਣ 'ਤੇ ਦੇਸ਼-ਭਗਤ ਨੌਜਵਾਨਾਂ ਦਾ ਸ਼ਾਂਤੀ ਤੋਂ ਵਿਸ਼ਵਾਸ ਉੱਡ ਗਿਆ ਅਤੇ ਉਹਨਾਂ ਨੇ ਜੁਗ-ਪਲਟਾਊ ਜੱਥਾ ਕਾਇਮ ਕੀਤਾ। ਸ੍ਰੀ ਜੋਗੇਸ਼ ਚੰਦਰ ਚੱਟੋਪਾਧਯਾ (Chatterji) ਬੰਗਾਲ ਵਿਚੋਂ ਏਸ ਜਥੇ ਦਾ ਸੰਗਠਨ ਕਰਨ ਵਾਸਤੇ ਯੂ.ਪੀ. ਵਿਚ ਆਏ ਅਤੇ ਪੱਕਾ ਕੰਮ ਕਰਕੇ ਸਤੰਬਰ 1924 ਵਿਚ ਵਾਪਸ ਟੁਰ ਗਏ। ਉਸ ਵੇਲੇ ਬੰਗਾਲ ਵਿਚ ਆਰਡੀਨੈਂਸ ਪਾਸ ਹੋ ਚੁੱਕਾ ਸੀ ਅਤੇ ਆਪ ਜਾਂਦਿਆਂ ਹੀ ਹਾਉੜਾ ਪੁਲ ਉੱਤੇ ਪਕੜੇ ਗਏ। ਤਲਾਸ਼ੀ ਲੈਣ ਪੁਰ ਆਪਦੇ ਕੋਲੋਂ ਇਕ ਕਾਗ਼ਜ਼ ਨਿਕਲਿਆ ਜਿਸ ਉੱਤੇ ਯੂ.ਪੀ. ਦੀ ਪ੍ਰਾਂਤਕ ਕੌਂਸਲ ਦੀ ਕਿਸੇ ਇਕੱਤਰਤਾ ਦਾ ਅਤੇ ਯੂ.ਪੀ. ਵਿਚ ਆਪਣੇ ਜਥੇ ਦੇ ਸੰਗਠਨ ਦਾ ਹਾਲ ਲਿਖਿਆ ਹੋਇਆ ਸੀ। ਖ਼ੈਰ ! ਫੇਰ ਕੰਮ ਚੱਲਣ ਲੱਗ ਪਿਆ ਅਤੇ ਕੰਮ ਚਲਾਉਣ ਦੀ ਖ਼ਾਤਰ ਕਈ ਡਾਕੇ ਵੀ ਮਾਰੇ ਗਏ। ਜੱਜ ਦੇ ਵਿਚਾਰ ਅਨੁਸਾਰ ਏਸ ਦਲ ਦੇ ਆਗੂ ਹਨ ਸ੍ਰੀ ਸਚੀਂਦਰ ਨਾਥ ਸਾਨਯਾਲ।

ਸ੍ਰੀ ਸਚੀਂਦਰ ਨਾਥ ਸਾਨਯਾਲ ਦਾ ਨਾਮ ਕਿਸ ਕੋਲੋਂ ਗੁੱਝਾ ਹੈ ! ਆਪ ਹੀ ਬੰਦੀਜੀਵਨ ਜੇਹੀ ਮਸ਼ਹੂਰ ਅਤੇ ਵਧੀਆ ਪੁਸਤਕ ਦੇ ਲੇਖਕ ਹਨ। ਬਨਾਰਸ ਦੇ ਰਹਿਣ ਵਾਲੇ ਹਨ, ਅਤੇ 1915 ਦੀ ਗ਼ਦਰ ਲਹਿਰ ਵਿਚ ਆਪ ਨੇ ਖ਼ੂਬ ਕੰਮ ਕੀਤਾ ਸੀ। ਆਪ ਬਨਾਰਸ ਸਾਜ਼ਸ਼ ਦੇ ਲੀਡਰ ਅਤੇ ਸ੍ਰੀ ਰਾਸ ਬਿਹਾਰੀ ਦੀ ਸੱਜੀ ਬਾਂਹ ਸਨ। ਉਦੋਂ ਉਮਰ ਕੈਦ ਹੋਈ ਸੀ, ਪਰ 1920 ਵਿਚ ਛੁਟ ਗਏ ਸਨ। ਫੇਰ ਆਪ ਆਪਣੇ ਪਿਛਲੇ ਕੰਮ ਉੱਤੇ ਹੀ ਡੱਟ ਗਏ ਅਤੇ ਸੰਨ 1925 ਦੇ ਸ਼ੁਰੂ ਵਿਚ 'ਦੀ ਰਿਵੋਲਯੂਸ਼ਨਰੀ' (ਬਾਗ਼ੀ) ਪਰਚਾ ਇਕੋ ਦਿਨ ਸਾਰੇ ਹਿੰਦੋਸਤਾਨ ਵਿਚ ਵੰਡਿਆ ਗਿਆ ਸੀ। ਉਸ ਦੀ ਭਾਸ਼ਾ ਅਤੇ ਵਧੀਆ ਵਿਚਾਰਾਂ ਦੀ ਅੰਗਰੇਜ਼ੀ ਅਖ਼ਬਾਰਾਂ ਨੇ ਵੀ ਖ਼ੂਬ ਪ੍ਰਸ਼ੰਸਾ ਕੀਤੀ ਸੀ। ਆਪ ਫਰਵਰੀ ਵਿਚ ਪਕੜੇ ਗਏ। ਆਪ ਉੱਤੇ ਉਸਦੇ ਮੁਤੱਲਕ ਮੁਕੱਦਮਾ ਚਲਾਇਆ ਗਿਆ, ਅਤੇ ਆਪ ਨੂੰ ਦੋ ਸਾਲ ਦੀ ਸਜ਼ਾ ਹੋਈ। ਉੱਥੋਂ ਆਪ ਹੋਰਾਂ ਨੂੰ ਕਾਕੋਰੀ ਦੇ ਮੁਕੱਦਮੇ ਵਿਚ ਘਸੀਟ ਲਿਆਂਦਾ ਗਿਆ। ਆਪ ਹੋਰੀਂ ਬੜੇ ਜ਼ਿੰਦਾ ਦਿਲ ਹਨ। ਕੋਰਟ ਵਿਚ ਆਪ ਖ਼ੁਸ਼ ਰਹਿਣਾ ਅਤੇ ਹੋਰਨਾਂ ਨੂੰ ਖ਼ੁਸ਼ ਰੱਖਣਾ ਹੀ ਆਪ ਦਾ ਕੰਮ ਸੀ। ਆਪ ਨੇ ਆਪਣੀ ਜਿਰਹਾ ਆਪ ਹੀ ਕੀਤੀ ਸੀ। ਜੱਜ ਆਪ ਨੂੰ ਹੀ ਸਭ ਦਾ ਗੁਰੂ ਕਹਿੰਦਾ ਹੈ। ਬੰਦੀ ਜੀਵਨ ਦਾ ਹਿੰਦੀ, ਗੁਜਰਾਤੀ ਅਤੇ ਪੰਜਾਬੀ ਵਿਚ ਉਲੱਥਾ ਹੋ ਚੁੱਕਾ ਹੈ।

ਆਪ ਅੰਗਰੇਜ਼ੀ ਅਤੇ ਬੰਗਾਲੀ ਦੇ ਉੱਚੇ ਦਰਜੇ ਦੇ ਲੇਖਕ ਹਨ। ਹੁਣ ਆਪ ਹੋਰਾਂ ਨੂੰ ਦੋ ਉਮਰ ਕੈਦਾਂ ਹੋ ਗਈਆਂ ਹਨ।



Sri Satguru Jagjit Singh Ji Elibrary NamdhariElibrary@gmail.com

ਆਪ ਦੇ ਨਾਲ ਆਪ ਦਾ ਛੋਟਾ ਭਾਈ ਸ੍ਰੀ ਭੂਪਿੰਦਰ ਨਾਥ ਸ਼ਾਨਯਾਲ ਵੀ ਘਸੀਟਿਆ ਗਿਆ ਹੈ। ਉਹ ਗ਼ਰੀਬ ਬੀ.ਏ. ਵਿਚ ਪੜ੍ਹਦਾ ਸੀ। ਪਕੜਿਆ ਗਿਆ ਅਤੇ ਉਹਨੂੰ 5 ਸਾਲ ਦੀ ਕੈਦ ਹੋ ਗਈ।

ਸ੍ਰੀ ਸਚੀਂਦਰ ਤੋਂ ਬਾਅਦ ਬਹੁਤ ਮਸ਼ਹੂਰ ਅਤੇ ਉੱਘਾ ਵੀਰ ਸ੍ਰੀ ਰਾਮ ਪਰਸ਼ਾਦ ਹੈ। ਆਪ ਜੀ ਵਰਗਾ ਸੋਹਣਾ ਮਜ਼ਬੂਤ ਜਵਾਨ ਲੱਭਿਆਂ ਵੀ ਮਿਲਣਾ ਮੁਸ਼ਕਿਲ ਹੈ। ਬੜਾ ਲਾਇਕ ਆਦਮੀ ਹੈ। ਹਿੰਦੀ ਦਾ ਵੱਡਾ ਲੇਖਕ ਹੈ। ਆਪ ਨੇ 'ਕੈਥੇਰਾਇਨ', 'ਬਲਸ਼ਵੇਕਾਂ ਦੇ ਕੰਮ', 'ਮਨ ਕੀ ਲਹਿਰ' ਆਦਿ ਅਨੇਕ ਪੁਸਤਕਾਂ ਲਿਖੀਆਂ ਹਨ। ਆਪ ਉਰਦੂ ਦੇ ਮੰਨੇ ਹੋਏ ਕਵੀ ਹਨ। ਆਪ ਦੀ ਉਮਰ 28 ਬਰਸਾਂ ਦੀ ਹੈ, ਪਹਿਲੋਂ ਮੈਨਪੁਰੀ ਸਾਜ਼ਸ਼ 1919 ਵਿਚ ਆਪ ਦੇ ਵਾਰੰਟ ਨਿਕਲੇ ਅਤੇ ਆਪ ਦੇ ਗੁਰੂ ਸ੍ਰੀ ਗੇਂਦਾ ਲਾਲ ਜੀ (ਦਿਕਸ਼ਿਤ) ਆਦਿ ਪਕੜੇ ਗਏ। ਪਰੰਤੂ ਆਪ ਨੇਪਾਲ ਨੂੰ ਚਲੇ ਗਏ ਅਤੇ ਉੱਥੇ ਬੜੀਆਂ ਔਕੜਾਂ ਸਹਿ-ਸਹਿ ਗੁਜ਼ਾਰਾ ਕਰਦੇ ਰਹੇ ! ਸਾਰਾ ਦਿਨ ਹਲ ਵਾਹੁਣਾ, ਕਹੀ ਚਲੌਣੀ, ਮੇਹਨਤ ਤੇ ਮੁਸ਼ੱਕਤ ਘਾਲਣੀ ਅਤੇ ਰਾਤ ਨੂੰ ਕੇਵਲ ਡੇਢ ਆਨਾ ਮਿਲਣਾ, ਜਿਸ ਨਾਲ ਰੱਜ ਕੇ ਰੋਟੀ ਵੀ ਨਹੀਂ ਸਨ ਖਾ ਸਕਦੇ। ਕਈ ਵਾਰ ਤਾਂ ਘਾ ਤੀਕ ਖਾਣਾ ਪਿਆ। ਪਰੰਤੂ ਮਜ਼ਾ ਇਹ, ਫੇਰ ਵੀ ਬੈਠ ਕੇ ਕਵਿਤਾ ਕਰਨੀ ਅਤੇ ਭਾਰਤ ਮਾਤਾ ਦੀ ਯਾਦ ਅਤੇ ਪ੍ਰੇਮ ਵਿਚ ਅੱਥਰੂ ਵਗੌਣੇ ਅਤੇ ਗੀਤ ਗੌਣੇ ਇਹੋ ਜਹੇ ਨੌਜਵਾਨ ਕਿੱਥੋਂ ਮਿਲ ਸਕਦੇ ਹਨ ? ਆਪ ਯੁੱਧ ਵਿਦਿਆ ਵਿਚ ਬੜੇ ਨਿਪੁੰਨ ਹਨ ਅਤੇ ਅੱਜ ਉਹਨਾਂ ਨੂੰ ਫਾਂਸੀ ਦੀ ਸਜ਼ਾ ਮਿਲਣ ਦਾ ਕਾਰਨ ਵੀ ਬਹੁਤ ਹੱਦ ਤੀਕ ਇਹੋ ਗੱਲ ਹੋਈ ਹੈ। ਇਸ ਵੀਰ ਨੂੰ ਫ਼ਾਂਸੀ ਦੀ ਸਜ਼ਾ ਮਿਲੀ, ਅਤੇ ਆਪ ਹੋਰੀਂ ਹੱਸ ਪਏ। ਇਹੋ ਜਿਹਾ ਨਿੱਡਰ ਵੀਰ, ਇਹੋ ਜਿਹਾ ਸੋਹਣਾ ਜਵਾਨ, ਇਹੋ ਜਿਹਾ ਲਾਇਕ ਅਤੇ ਉੱਚੇ ਦਰਜੇ ਦਾ ਵੀ ਲੇਖਕ ਅਤੇ ਨਿਰਭਯਯੋਧਾ ਮਿਲਣਾ ਮੁਸ਼ਕਿਲ ਹੈ।

ਤੀਜੇ ਵੀਰ ਸ੍ਰੀ ਰਾਜੇਂਦਰ ਨਾਥ ਲਹਿਰੀ ਹਨ। 24 ਬਰਸ ਦਾ ਡਾਢਾ ਸੋਹਣਾ ਜਵਾਨ ਐੱਮ.ਏ. ਹਿੰਦੂ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਜੱਜ ਕਹਿੰਦਾ ਹੈ ਕਿ ਇਹ ਜੁੱਗ-ਪਲਾਊ ਜਥੇ ਦਾ ਇਕ ਮਜ਼ਬੂਤ ਥੰਮ ਹੈ। ਆਪ ਗੱਡੀ ਰੋਕਣ ਵਾਲਿਆਂ ਵਿਚੋਂ ਸਨ। ਬਾਹਰੋਂ ਹੈ ਸੀ ਮਾੜਾ ਜਿਹਾ, ਸੁੱਕਿਆ ਜਿਹਾ। ਕਲਕੱਤੇ ਕੋਲ ਦਾਖਨੇਸ਼ਵਰ ਬੰਬ ਫੈਕਟਰੀ ਵਿਚ ਪਕੜਿਆ ਗਿਆ, ਉੱਥੇ ਦਸ ਸਾਲ ਦੀ ਕੈਦ ਹੋਈ। ਖ਼ੁਸ਼ੀ ਵਿਚ ਮੋਟਾ ਹੋਣ ਲੱਗ ਪਿਆ। ਕਾਕੋਰੀ ਦੇ ਮੁਕੱਦਮੇ ਵਿਚ ਤਾਂ ਖ਼ੂਬ ਸਰੀਰ ਭਰ ਗਿਆ ਸੀ ਅਤੇ ਹੁਣ ਫਾਂਸੀ ਦੀ ਸਜ਼ਾ ਹੋ ਗਈ ਹੈ।

ਵੀਰ ਰੋਸ਼ਨ ਸਿੰਘ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਹੈ। ਆਪ ਪਹਿਲੇ ਪੁਲਿਸ ਦੀ ਮਦਦ ਕਰਦੇ ਹੁੰਦੇ ਸਨ ਅਤੇ ਬਹੁਤ ਸਾਰੇ ਡਾਕੂ ਪਕੜਾਏ ਸਨ। ਆਪ ਵੀ ਫਸ ਗਏ। ਪਰ ਕੋਈ ਡਾਕੂ ਤਾਂ ਨਹੀਂ ਹਨ। ਜੱਜ ਵੀ ਆਖਦਾ ਹੈ, ਇਹ ਨੌਜਵਾਨ ਸੱਚੇ ਦੇਸ਼ ਸੇਵਕ ਸਨ। ਅੱਛਾ ! ਏਸ ਵੀਰ ਨੂੰ ਵੀ ਬਾਰ-ਬਾਰ ਨਮਸਕਾਰ !

ਉਸ ਤੋਂ ਬਾਅਦ ਸ੍ਰੀ ਮਨਮੱਥਨਾਥ ਗੁਪਤਾ ਦੀ ਵਾਰੀ ਔਂਦੀ ਹੈ। ਆਪ ਕਾਂਸੀ ਵਿਦਿਆ ਪੀਠ ਦੇ ਬੀ.ਏ. ਦੇ ਵਿਦਿਆਰਥੀ ਸਨ। 18 ਬਰਸ ਦੀ ਉਮਰ ਹੈ। ਬੰਗਾਲੀ, ਗੁਜਰਾਤੀ, ਮਰਾਠੀ, ਉੜੀਯਾ, ਹਿੰਦੀ, ਅੰਗਰੇਜ਼ੀ ਅਤੇ ਫ੍ਰੈਂਚ ਆਦਿ ਅਨੇਕ ਭਾਸ਼ਾਏਂ ਆਪ ਨੇ ਪੜ੍ਹ ਲੀਤੀਆਂ ਸਨ। ਜੱਜ ਨੇ ਆਪ ਨੂੰ ਡਾਕਿਆਂ ਵਿਚ ਸ਼ਾਮਿਲ ਕਰਕੇ 14 ਸਾਲ ਦੀ ਸਖ਼ਤ ਸਜ਼ਾ ਦਿੱਤੀ ਹੈ। ਆਪ ਜੀ ਬੜੇ ਨਿਰਭਯ ਹਨ ਤੇ ਏਹ ਸਜ਼ਾ ਸੁਣ ਕੇ ਹੱਸ ਪਏ। ਅੱਜਕੱਲ੍ਹ ਜੇਲ੍ਹ ਵਿਚ ਭੁੱਖ ਹੜਤਾਲ ਕੀਤੀ ਬੈਠੇ ਹਨ। ਆਪ ਨੂੰ ਗ਼ੈਰ ਸਰਕਾਰੀ ਮੈਂਬਰ ਨੇ ਜੇਲ੍ਹ ਵਿਚ ਮਿਲ ਕੇ ਪੁੱਛਿਆ ਕਿ ਤੁਸੀਂ



Sri Satguru Jagjit Singh Ji Elibrary NamdhariElibrary@gmail.com

ਖਾਣਾ ਕਿਉਂ ਨਹੀਂ ਖਾਂਦੇ, ਤਾਂ ਆਪ ਨੇ ਉੱਤਰ ਦਿੱਤਾ ਕਿ ਅਸੀਂ ਆਦਮੀ ਹਾਂ, ਸਾਡੇ ਨਾਲ ਆਦਮੀਆਂ ਵਾਲਾ ਸਲੂਕ ਹੋਣਾ ਚਾਹੀਦਾ ਹੈ। ਮੈਂ ਨਹੀਂ ਸਮਝਦਾ ਕਿ ਏਸ ਪਸ਼ੂਆਂ ਵਰਗੇ ਵਰਤਾਵ ਨੂੰ ਸਹਿੰਦਾ ਹੋਇਆ ਮੈਂ 14 ਸਾਲ ਜੀਊਂ ਸਕਾਂਗਾ। ਤਿਲ ਤਿਲ ਕਰ ਕੇ ਮਰਨ ਨਾਲੋਂ ਇਕੋ ਵੇਰੀ ਮਰ ਜਾਣਾ ਅੱਛਾ ਹੈ। ਆਪ ਪਹਿਲੋਂ ਨਾ-ਮਿਲਵਰਤਨ ਵਿਚ ਵੀ ਜੇਲ੍ਹ ਜਾ ਚੁੱਕੇ ਹਨ।

ਹੁਣ ਜਿਸ ਨੌਜਵਾਨ ਦਾ ਜ਼ਿਕਰ ਆਵੇਗਾ ਉਸ ਨੂੰ ਜੇ ਅਸੀਂ ਮਹਾਂਪੁਰਸ਼ ਕਹਿ ਦੇਈਏ ਤਾਂ ਕੁਝ ਝੂਠ ਨਾ ਹੋਊਗਾ। ਉਹ ਵੀਰ ਸ੍ਰੀ ਜੋਗੇਸ਼ ਚੰਦਰ ਚੈਟਰਜੀ ਹਨ। ਆਪ ਕੁਮਿੱਲਾ (ਢਾਕਾ) ਦੇ ਰਹਿਣ ਵਾਲੇ ਹਨ। ਆਪ ਬੀ.ਏ. ਵਿਚ ਫ਼ਿਲਾਸਫ਼ੀ ਦੇ ਵਿਦਿਆਰਥੀ ਸਨ। ਪ੍ਰੋਫੈਸਰ ਆਪ 'ਤੇ ਬਹੁਤ ਖੁਸ਼ ਸਨ ਅਤੇ ਕਹਿੰਦੇ ਸਨ, ਮੁੰਡਾ ਬੜਾ ਹੋਣਹਾਰ ਹੈ। ਪਰੰਤੂ ਆਪ ਨੇ ਕਾਲਜ ਤਾਂ ਕੀ, ਸਾਰੀ ਦੁਨੀਆ ਦੀ ਫ਼ਿਲਾਸਫ਼ੀ ਉੱਤੇ ਲੱਤ ਮਾਰ ਦਿੱਤੀ ਅਤੇ ਸਭ ਕੁਝ ਛੱਡ ਕੇ ਜੁਗ-ਪਲਟਾਊ ਜੱਥੇ ਵਿਚ ਜਾ ਮਿਲੇ। ਆਪ ਹੋਰਾਂ ਨੂੰ ਡੀਫੈਂਸ ਆਫ਼ ਇੰਡੀਆ ਐਕਟ (Defence of India) ਅਨੁਸਾਰ ਗ੍ਰਿਫ਼ਤਾਰ ਕੀਤਾ ਗਿਆ ਅਤੇ ਅਕਹਿ ਤੇ ਅਸਹਿ ਕਸ਼ਟ ਦਿੱਤੇ ਗਏ। ਇਕ ਦਿਨ ਆਪ ਦੇ ਸਿਰ ਵਿਚ ਪਾਖਾਨਾ ਪਾ ਦਿੱਤਾ ਗਿਆ ਅਤੇ ਚਾਰ ਦਿਨ ਕੋਠੜੀ ਵਿਚ ਬੰਦ ਰੱਖਿਆ। ਮੂੰਹ ਧੋਣ ਨੂੰ ਪਾਣੀ ਵੀ ਨਾ ਦਿੱਤਾ ਅਤੇ ਬੁਰੀ ਤਰ੍ਹਾਂ ਮਾਰ ਮਾਰ ਕੇ ਸਾਰਾ ਜਿਸਮ ਜ਼ਖ਼ਮੀਂ ਕਰ ਦਿੱਤਾ। ਪਰੰਤੂ ਆਪ ਪਾਸ ਚੁਪ ਤੋਂ ਵਧੀਕ ਕੀ ਰੱਖਿਆ ਹੋਇਆ ਸੀ।

1920 ਵਿਚ ਛੁੱਟੇ ਤਾਂ ਇਕ ਮਾਮੂਲੀ ਜਿਹੇ ਵਾਲੰਟੀਅਰ ਵਾਂਗੂੰ ਕਾਂਗਰਸ ਵਿਚ ਕੰਮ ਕਰਦੇ ਰਹੇ। ਘਰੋਂ ਗਰੀਬ ਹੈ, ਪਰ ਆਪਣਾ ਘਰ ਤਬਾਹ ਕਰਕੇ ਹੀ ਦੁਨੀਆ ਦੀ ਸੇਵਾ ਹੋਇਆ ਕਰਦੀ ਹੈ। ਆਪ ਹੋਰੀਂ 1923 ਵਿਚ ਯੂ.ਪੀ. ਵਿਚ ਆ ਗਏ ਅਤੇ ਫੇਰ ਵੀ ਜੁੱਗ-ਪਲਟਾਊ ਜੱਥੇ ਦੀ ਨੀਂਹ ਰੱਖੀ। 1924 ਵਿਚ ਬੰਗਾਲ ਨੂੰ ਵਾਪਸ ਗਏ ਅਤੇ ਪਕੜੇ ਗਏ। ਪਹਿਲੋਂ ਆਪ ਨੂੰ ਆਰਡੀਨੈਂਸ ਅਨੁਸਾਰ ਪਕੜਿਆ ਗਿਆ। ਫੇਰ ਇਥੇ ਕਾਕੋਰੀ ਵਿਚ ਲਿਆਂਦਾ ਗਿਆ। ਆਪ ਨੂੰ ਦਸ ਸਾਲ ਦੀ ਸਜ਼ਾ ਹੋਈ ਹੈ। ਡਾਢਾ ਖ਼ੂਬਸੂਰਤ ਨੌਜਵਾਨ ਹੈ। ਜੱਜ ਨੇ ਆਪਦੀ ਬੜੀ ਪ੍ਰਸ਼ੰਸਾ ਕੀਤੀ ਹੈ।

ਸ੍ਰੀ ਗੋਬਿੰਦ ਚਰਣਕਾਰ ਉਰਫ਼ ਸੀ.ਡੀ.ਐੱਨ. ਚੌਧਰੀ ਲਖਨਊ ਵਿਚੋਂ ਪਕੜੇ ਗਏ ਸਨ। ਆਪ ਬਹੁਤ ਪੁਰਾਣੇ ਜੁਗ-ਪਲਟਾਊ ਹਨ। 1918 ਜਾਂ 1919 ਵਿਚ ਢਾਕਾ ਵਿਚ ਪੁਲਸ ਆਪ ਨੂੰ ਪਕੜਨ ਵਾਸਤੇ ਆਈ। ਆਪ ਨੇ ਗੋਲੀਆਂ ਦਾ ਜਵਾਬ ਗੋਲੀਆਂ ਨਾਲ ਦਿੱਤਾ ਅਤੇ ਗੋਲੀਆਂ ਵਿਚੋਂ ਲੜਦੇ ਲੜਾਉਂਦੇ ਭੱਜ ਨਿਕਲੇ, ਪਰੰਤੂ ਗੋਲੀਆਂ ਖ਼ਤਮ ਹੋ ਗਈਆਂ ਸਨ ਅਤੇ ਆਪ ਜ਼ਖਮੀ ਹੋ ਗਏ ਸਨ। ਪਕੜੇ ਗਏ, ਕਾਲਾ ਪਾਣੀ ਮਿਲਿਆ ਸੀ। 1922 ਵਿਚ ਬਹੁਤ ਬੀਮਾਰ ਹੋ ਗਏ ਸਨ, ਤਦ ਛੱਡੇ ਗਏ। 1924 ਵਿਚ ਫਿਰ ਪਕੜੇ ਗਏ ਅਤੇ ਹੁਣ 10 ਸਾਲ ਦੀ ਕੈਦ ਹੋ ਗਈ ਹੈ।

ਹੁਣ ਸ੍ਰੀ ਸੁਰੇਸ਼ ਚੰਦਰ ਭੱਟਾਚਾਰਜੀ ਦੇ ਮੁਤੱਲਕ ਕੁਝ ਲਿਖਾਂਗੇ। ਆਪ ਵੀ ਬਨਾਰਸ ਦੇ ਰਹਿਣ ਵਾਲੇ ਸਨ। ਬਨਾਰਸ ਸਾਜ਼ਿਸ਼ ਦੇ ਸਮੇਂ ਆਪ ਦੀ ਉਮਰ 16 ਸਾਲ ਦੀ ਸੀ, ਪਕੜੇ ਗਏ। ਪਰ ਕੁਝ ਸਾਬਿਤ ਨਾ ਹੋਣ ਕਰਕੇ ਛੁੱਟ ਗਏ ਅਤੇ ਫੇਰ ਨਜ਼ਰਬੰਦ ਕਰਕੇ ਬੁੰਦੇਲਖੰਡ ਵਿਚ ਰੱਖੇ ਗਏ। ਆਪ ਹਿੰਦੀ ਦੇ ਬੜੇ ਉੱਘੇ ਲੇਖਕ ਹਨ। ਕਾਨਪੁਰ ਦੇ "ਪ੍ਰਤਾਪ" ਜੈਸੇ ਮਸ਼ਹੂਰ ਅਖ਼ਬਾਰ ਦੇ ਸਹਿਕਾਰੀ ਸੰਪਾਦਕ ਸਨ। ਆਪ ਬਨਾਰਸ ਤੋਂ ਪਕੜੇ ਗਏ ਅਤੇ ਹੁਣ ਆਪ ਹੋਰਾਂ ਨੂੰ ਸੱਤ ਸਾਲ ਦੀ ਕੈਦ ਹੋਈ ਹੈ। ਆਪ ਬਹੁਤ ਸੋਹਣਾ ਗੌਣ ਵਾਲੇ ਹਨ। ਜੇਲ੍ਹ ਵਿਚ ਆਪ ਯੋਗ ਕਰਦੇ ਹੁੰਦੇ ਸਨ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਰਾਜ ਕੁਮਾਰ ਸਿੰਹਾ ਕਾਨਪੁਰ ਦੇ ਰਹਿਣ ਵਾਲੇ ਹਨ। ਆਪ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਬੀ.ਏ. ਵਿਚ ਪੜ੍ਹਦੇ ਸਨ। ਪਕੜੇ ਗਏ। ਆਪ ਦੇ ਕਮਰੇ ਵਿਚੋਂ ਦੋ ਰਾਈਫਲਾਂ ਨਿਕਲੀਆਂ। ਬਹੁਤ ਸੋਹਣਾ ਗੌਣ ਵਾਲੇ ਅਤੇ ਵੇਖਣ ਨੂੰ ਵੀ ਆਪ ਡਾਢੇ ਸੋਹਣੇ ਹਨ। ਜੋਸ਼ੀਲੇ ਬਹੁਤ ਹਨ। ਸ੍ਰੀ ਦਾਮੋਦਰ ਸਵਰੂਪ ਬਹੁਤ ਬੀਮਾਰ ਹੋਣ 'ਤੇ ਵੀ ਪਰ ਜਦੋਂ ਕੋਰਟ ਵਿਚ ਬੁਲਾਏ ਗਏ ਤੇ ਆਪ ਨੂੰ ਜੋਸ਼ ਆ ਗਿਆ ਤੇ ਆਪ ਨੇ ਜੱਜ ਨੂੰ ਖ਼ੂਬ ਸੁਣਾਈਆਂ। ਜੱਜ ਨੇ ਆਖਿਆ ਫ਼ੈਸਲੇ ਵੇਲੇ ਤੈਨੂੰ ਇਸ ਦਾ ਮਜ਼ਾ ਚਖਾਇਆ ਜਾਏਗਾ। ਵੀਰ ਨੌਜਵਾਨ ਨੂੰ ਦਸ ਸਾਲ ਦੀ ਸਜ਼ਾ ਹੋ ਗਈ। ਜੀਵਨ ਇਕ ਤਰ੍ਹਾਂ ਦਾ ਤਬਾਹ ਹੋ ਗਿਆ ਪਰ ਆਪ ਹੱਸ ਪਏ। ਧੰਨ ਹਨ ਇਹ ਵੀਰ ਅਤੇ ਧੰਨ ਹਨ ਇਹਨਾਂ ਨੂੰ ਜਨਮ ਦੇਣ ਵਾਲੀਆਂ ਬੀਰ ਮਾਂਵਾਂ।

ਸ੍ਰੀ ਵਿਸ਼ਨੂੰ ਸਰਣ ਦੁਬਲਿਸ ਮੇਰਠ ਰਹਿਣ ਵਾਲੇ ਸਨ। ਵੈਸ਼ ਯਤੀਮਖ਼ਾਨੇ ਦੇ ਸੁਪਰਟੈਂਡੈਂਟ ਸਨ। ਬੀ.ਏ. ਵਿਚੋਂ ਨਾ-ਮਿਲਵਰਤਨ ਕਰ ਦਿੱਤਾ ਸੀ। ਅਤੇ ਮੇਰਠ ਨੂੰ ਉਹਨਾਂ ਨੇ ਦੂਜਾ ਬਾਰਦੋਲੀ ਬਣਾ ਦਿੱਤਾ ਸੀ। ਔਰ ਸਿਵਲ ਨਾਫਰਮਾਨੀ ਵਾਸਤੇ ਤਿਆਰ ਹੋ ਗਏ ਸਨ। ਬੜੇ ਸੋਹਣੇ ਵਕਤਾ ਹਨ। ਆਪ ਦੇ ਘਰ ਜੁਗ-ਪਲਟਾਊਆਂ ਦੀ ਮੀਟਿੰਗ ਹੋਈ ਸੀ। ਆਪ ਨੂੰ 7 ਸਾਲ ਦੀ ਸਜ਼ਾ ਹੋ ਗਈ ਹੈ।

ਸ੍ਰੀ ਰਾਮ ਦੁਲਾਰੇ ਨੂੰ ਵੀ 7 ਸਾਲ ਦੀ ਸਜ਼ਾ ਹੋਈ ਹੈ। ਆਪ ਕਾਨਪੁਰ ਨਿਵਾਸੀ ਸਨ। ਸਕਾਊਟ ਮਾਸਟਰ ਕਾਂਗਰਸ ਦੇ ਜੋਸ਼ੀਲੇ ਸੇਵਕ ਸਨ।

6 ਅਪ੍ਰੈਲ ਨੂੰ ਫ਼ੈਸਲਾ ਸੁਣਾਇਆ ਗਿਆ। ਉਸ ਦਿਨ ਸਾਰੇ ਵੀਰ ਗੌਂਦੇ ਆਏ ਸਨ।

"ਸਰ ਫਿਰੋਸ਼ੀ ਕੀ ਤਮੰਨਾ, ਅਬ ਹਮਾਰੇ ਦਿਲ ਮੇਂ ਹੈ।

ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।"

ਸਜ਼ਾਵਾਂ ਲਾਪਰਵਾਹੀ ਨਾਲ ਸੁਣੀਆਂ ਅਤੇ ਹੱਸ ਪਏ। ਉਸ ਤੋਂ ਬਾਅਦ ਦੁੱਖ ਦੀ ਘੜੀ ਆ ਗਈ। ਜਿਹਨਾਂ ਬੀਰਾਂ ਨੇ ਇਕੱਠਿਆਂ ਸਮੁੰਦਰ ਵਿਚ ਬੇੜੀਆਂ ਠੇਲ੍ਹੀਆਂ ਸਨ ਉਹਨਾਂ ਦੇ ਹੀ ਜੁਦੇ ਹੋਣ ਦੀ ਘੜੀ ਆ ਗਈ। "ਜੁੱਗ-ਪਲਟਾਊ ਲੋਕਾਂ ਵਿਚ ਜੋ ਅਗਾਧ ਅਤੇ ਗੰਭੀਰ ਪ੍ਰੇਮ ਹੁੰਦਾ ਹੈ ਉਸਨੂੰ ਸਾਧਾਰਨ ਦੁਨੀਆਦਾਰ ਆਦਮੀ ਅਨੁਭਵ ਨਹੀਂ ਕਰ ਸਕਦੇ" ਸ੍ਰੀ ਰਾਸ ਬਿਹਾਰੀ ਦੇ ਏਸ ਵਾਕ ਦਾ ਅਰਥ ਵੀ ਅਸੀਂ ਲੋਕ ਨਹੀਂ ਸਮਝ ਸਕਦੇ। ਜਿਨ੍ਹਾਂ "ਸਿਰ ਧਰ ਤਲੀ" "ਪ੍ਰੇਮ ਦੀ ਗਲੀ" ਵਿਚ ਪੈਰ ਰੱਖ ਦਿੱਤਾ ਹੋਵੇ ਉਹਨਾਂ ਦੀ ਮਹਿਮਾ ਨੂੰ ਸਾਡੇ ਵਰਗੇ ਨਿਕ੍ਰਿਸ਼ਟ ਆਦਮੀ ਕੀ ਸਮਝ ਸਕਦੇ ਹਨ? ਉਹਨਾਂ ਦਾ ਆਪਸ ਵਿਚ ਕਿੰਨਾ ਗੂੜ੍ਹਾ ਪ੍ਰੇਮ ਹੁੰਦਾ ਹੈ, ਉਹ ਅਸੀਂ ਸੁਫ਼ਨੇ ਵਿਚ ਵੀ ਨਹੀਂ ਜਾਣ ਸਕਦੇ। ਡੇਢ ਸਾਲ ਤੋਂ ਆਪਣੇ ਜੀਵਨ ਦੇ ਅੰਧਕਾਰਮਯ ਭਵਿੱਸ਼ਯ ਦੀ ਇੰਤਜ਼ਾਰ ਵਿਚ ਰਲ ਮਿਲ ਕੇ ਬੈਠੇ ਸਨ। ਉਹ ਘੜੀ ਆਈ, ਤਿੰਨਾਂ ਨੂੰ ਫਾਂਸੀ, ਇਕ ਨੂੰ ਉਮਰ ਕੈਦ, ਇਕ ਨੂੰ 14 ਬਰਸ ਦੀ ਕੈਦ, 5 ਨੂੰ 10 ਬਰਸ ਦੀ ਕੈਦ ਅਤੇ ਬਾਕੀਆਂ ਨੂੰ 5 ਸਾਲ ਤੋਂ ਦਸ ਸਾਲ ਦੀ ਸਖ਼ਤ ਕੈਦ ਸੁਣਾ ਕੇ ਜੱਜ ਉਨ੍ਹਾਂ ਨੂੰ ਉਪਦੇਸ਼ ਕਰਨ ਲੱਗ ਪਿਆ "ਤੁਸੀਂ ਸੱਚੇ ਸੇਵਕ ਅਤੇ ਤਿਆਗੀ ਹੋ। ਪਰ ਤੁਸੀਂ ਗ਼ਲਤ ਰਾਹ ਉੱਤੇ ਟੁਰੇ ਹੋ।" ਗ਼ਰੀਬ ਭਾਰਤ ਵਿਚ ਹੀ ਸੱਚੇ ਦੇਸ਼-ਭਗਤਾਂ ਦਾ ਏਹ ਹਾਲ ਹੁੰਦਾ ਹੈ। ਜੱਜ ਉਨ੍ਹਾਂ ਨੂੰ ਫੇਰ ਵੀ ਆਪਣੇ ਕੰਮਾਂ ਦੇ ਵਿਚਾਰ ਕਰਨ ਲਈ ਕਹਿ ਕੇ ਟੁਰ ਗਿਆ ਅਤੇ ਫੇਰ......। ਫੇਰ ਕੀ ਹੋਇਆ? ਕੀ ਪੁੱਛਦੇ ਹੋ? ਜੁਦਾਈ ਦੀ ਘੜੀ ਬੜੀ ਬੁਰੀ ਹੁੰਦੀ ਹੈ। ਜਿਨ੍ਹਾਂ ਨੂੰ ਸਦਾ ਲਈ ਜੁਦਾ ਕਰ ਦਿੱਤਾ ਗਿਆ, ਜਿਨ੍ਹਾਂ ਨੂੰ ਫਾਂਸੀ ਮਿਲ ਗਈ, ਜਿਨ੍ਹਾਂ ਨੂੰ ਉਮਰ ਵਾਸਤੇ ਜੇਲ੍ਹ ਵਿਚ ਬੰਦੀ ਕਰ ਦਿੱਤਾ ਗਿਆ, ਉਨ੍ਹਾਂ ਦੇ ਦਿਲਾਂ ਦਾ ਹਾਲ ਅਸੀਂ ਨਹੀਂ ਸਮਝ ਸਕਦੇ। ਅਸੀਂ ਕਦਮ-ਕਦਮ ਉੱਤੇ ਰੋਣ ਬੈਠ



Sri Satguru Jagjit Singh Ji Elibrary NamdhariElibrary@gmail.com

ਜਾਣ ਵਾਲੇ ਹਿੰਦੁਸਤਾਨੀ, ਐਵੇਂ ਥਰ-ਥਰ ਕੰਬਣ ਲੱਗ ਪੈਣ ਵਾਲੇ ਕਾਇਰ ਹਿੰਦੁਸਤਾਨੀ, ਉਨ੍ਹਾਂ ਨੂੰ ਕੀ ਸਮਝ ਸਕਦੇ ਹਾਂ? ਛੋਟਿਆਂ ਨੇ ਵੱਡਿਆਂ ਦੇ ਪੈਰਾਂ 'ਤੇ ਝੁਕ ਕੇ ਨਮਸਕਾਰ ਕੀਤਾ। ਉਨ੍ਹਾਂ ਨੇ ਛੋਟਿਆਂ ਨੂੰ ਅਸ਼ੀਰਵਾਦ ਦਿੱਤੀ, ਘੁੱਟ ਘੁੱਟ ਜੱਫੀਆਂ ਪਾਈਆਂ ਅਤੇ ਆਹ ਭਰ ਕੇ ਰਹਿ ਗਏ। ਤੋਰ ਦਿੱਤੇ ਗਏ। ਜਾਂਦਿਆਂ ਸ੍ਰੀ ਰਾਮ ਪ੍ਰਸਾਦ ਜੀ ਨੇ ਬੜੇ ਦਰਦਨਾਕ ਲਹਿਜੇ ਵਿਚ ਕਿਹਾ—

*ਦਰੋ ਦੀਵਾਰ ਪੇ ਹਸਰਤ ਸੇ ਨਜ਼ਰ ਕਰਤੇ ਹੈਂ !*

*ਖ਼ੁਸ਼ ਰਹੋ ਐਹਲੇ-ਵਤਨ ਹਮ ਤੋ ਸਫ਼ਰ ਕਰਤੇ ਹੈਂ !*

ਇਹ ਕਹਿ ਕੇ ਉਹ ਲੰਮੀ, ਬੜੀ ਦੂਰ ਦੀ ਯਾਤਰਾ 'ਤੇ ਟੁਰ ਗਏ। ਦਰਵਾਜ਼ੇ ਤੋਂ ਨਿਕਲਣ ਲੱਗੇ, ਉਸ ਕਚਹਿਰੀ ਦੇ ਵੱਡੇ ਭਾਰੀ ਰੈਂਕਨ ਥਿਯੇਟਰ ਹਾਲ ਦੀ ਡਰਾਵਣੀ ਚੁੱਪ ਨੂੰ ਇੱਕ ਆਹ ਭਰਕੇ ਤੋੜਦਿਆਂ ਹੋਇਆਂ ਉਨ੍ਹਾਂ ਨੇ ਫੇਰ ਕਿਹਾ—

*"ਹਾਯ ਹਮ ਜਿਸ ਪਰ ਭੀ ਤੱਯਾਰ ਥੇ ਮਰ ਜਾਨੇ ਕੋ !*

*ਜੀਤੇ ਜੀ ਹਮ ਸੇ ਛੁੜਾਇਆ ਉਸੀ ਕਾਸ਼ਾਨੇ ਕੋ !"*

ਅਸੀਂ ਲੋਕੀਂ ਇਕ ਆਹ ਭਰ ਕੇ ਸਮਝ ਬੈਂਹਦੇ ਹਾਂ ਕਿ ਸਾਡਾ ਫਰਜ਼ ਪੂਰਾ ਹੋ ਗਿਆ। ਸਾਨੂੰ ਅੱਗ ਨਹੀਂ ਲੱਗ ਉੱਠਦੀ, ਅਸੀਂ ਤੜਪ ਨਹੀਂ ਉੱਠਦੇ, ਅਸੀਂ ਇੰਨੇ ਮੁਰਦੇ ਹੋ ਗਏ ਹਾਂ। ਅੱਜ ਉਹ ਭੁੱਖ ਹੜਤਾਲ ਕਰੀ ਬੈਠੇ ਹਨ ਅਤੇ ਤੜਫਦੇ ਹਨ, ਔਰ ਅਸੀਂ ਚੁਪ-ਚਾਪ ਸਭ ਤਮਾਸ਼ਾ ਦੇਖ ਰਹੇ ਹਾਂ। ਈਸ਼ਵਰ ਉਨ੍ਹਾਂ ਨੂੰ ਬਲ ਅਤੇ ਸ਼ਕਤੀ ਦੇਵੇ ਕਿ ਉਹ ਵੀਰਤਾ ਨਾਲ ਆਪਣੇ ਦਿਹਾੜੇ ਪੂਰੇ ਕਰਨ ਅਤੇ ਉਨ੍ਹਾਂ ਵੀਰਾਂ ਦੀਆਂ ਕੁਰਬਾਨੀਆਂ ਰੰਗ ਲਿਆਵਣ !

—ਲੇਖਕ "ਵਿਦ੍ਰੋਹੀ"

* * *

## 8. ਮੈਂ ਫੇਰ ਜਨਮ ਧਾਰਾਂਗਾ

[ਆਪਣੇ ਕਾਕੋਰੀ ਦੇ ਸਾਥੀਆਂ ਦਾ ਪੈਗ਼ਾਮ ਕਿਰਤੀ ਮਾਸਕ ਪੱਤਰ ਰਾਹੀਂ, ਭਗਤ ਸਿੰਘ ਪੰਜਾਬ ਦੇ ਲੋਕਾਂ ਤਕ ਪਹੁੰਚਾਂਦੇ ਰਹੇ। ਉਨ੍ਹਾਂ ਦੇ ਕਲਮੀ ਨਾਂ "ਵਿਦ੍ਰੋਹੀ" ਹੇਠ ਜੋ ਲੇਖ ਛਪੇ ਉਹ ਵੀ ਦੇਥੇ ਦੇ ਰਹੇ ਹਾਂ।

ਭਗਤ ਸਿੰਘ ਕਾਕੋਰੀ ਦੇ ਸ਼ਹੀਦ ਰਾਜਿੰਦਰ ਲਹਿਰੀ ਤੋਂ ਏਨੇ ਪ੍ਰਭਾਵਤ ਹੋਏ ਕਿ ਆਪਣੇ ਸਭ ਤੋਂ ਛੋਟੇ ਭਾਈ, ਜਿਸ ਦਾ ਜਨਮ 1927 ਵਿਚ ਹੋਇਆ, ਦਾ ਨਾਂ ਰਾਜਿੰਦਰ ਰੱਖਿਆ। ਕਾਰਨ ਸੀ ਕਿ ਉਹ ਵਿਚਾਰਕ ਤੌਰ 'ਤੇ ਦੂਸਰੇ ਸਾਥੀਆਂ ਤੋਂ ਵੱਧ ਅੱਗੇ ਸਨ, ਸਮਾਜਵਾਦ, ਸਾਮਵਾਦ ਤੋਂ ਉਹ ਕਾਫੀ ਜਾਣੂ ਸਨ।

ਇਹ ਖ਼ਤ ਅਕਤੂਬਰ 1927 ਨੂੰ ਕਿਰਤੀ ਵਿਚ ਛਪਿਆ।

ਸ਼ਹੀਦ ਰਾਜਿੰਦਰ ਸਿੰਘ ਲਹਿਰੀ ਦਾ ਇੱਕ ਖ਼ਤ

—ਸੰਪਾਦਕ]

ਕਾਕੋਰੀ ਦੇ ਸਾਜ਼ਸ਼ ਕੇਸ ਵਿਚ ਜਿਹੜੇ ਚਹੁੰ ਭਾਈਆਂ ਨੂੰ ਫਾਂਸੀ ਦੀ ਸਜ਼ਾ ਹੋਈ ਹੈ। ਉਹਨਾਂ ਦੇ ਨਾਮ ਇਹ ਹਨ—

1. ਰਾਮ ਪ੍ਰਸ਼ਾਦ, 2. ਰਾਜਿੰਦਰ ਨਾਥ ਲਹਿਰੀ, 3. ਰੋਸ਼ਨ ਸਿੰਘ, 4. ਅਸ਼ਫਾਕ ਉੱਲਾ ਖ਼ਾਨ।



Sri Satguru Jagjit Singh Ji Elibrary NamdhariElibrary@gmail.com

ਇਹਨਾਂ ਵਿਚੋਂ ਰਾਜਿੰਦਰ ਨਾਥ ਲਹਿਰੀ, ਐੱਮ.ਏ. ਜਮਾਤ ਦਾ ਵਿਦਿਆਰਥੀ ਸੀ। ਇਹ ਬਨਾਰਸ ਯੂਨੀਵਰਸਿਟੀ ਵਿਚ ਪੜ੍ਹਦਾ ਸੀ, ਇਹ 1925 ਵਿਚ ਫੜਿਆ ਗਿਆ ਸੀ। ਇਸ ਦਾ ਵੀ ਅਪੀਲ 'ਤੇ ਰਹਿਮ ਦੀ ਦਰਖ਼ਾਸਤ ਕੀਤੀ ਗਈ ਸੀ। ਪਰ ਉਹ ਸਭ ਨਾ-ਮਨਜ਼ੂਰ ਹੋ ਗਈਆਂ।

ਇਸ ਬਹਾਦਰ ਭਾਈ ਨੇ ਹੇਠ ਲਿਖੀ ਚਿੱਠੀ ਆਪਣੇ ਵੱਡੇ ਭਰਾਤਾ ਨੂੰ ਲਿਖੀ ਹੈ—

ਮੇਰੇ ਪਿਆਰੇ ਵੀਰ !

ਅੱਜ ਮੈਨੂੰ ਸੁਪਰਟੈਂਡੈਂਟ ਨੇ ਦੱਸਿਆ ਹੈ, ਕਿ ਵਾਇਸਰਾਏ ਨੇ ਮੇਰੀ ਰਹਿਮ ਦੀ ਦਰਖ਼ਾਸਤ ਨਾ-ਮਨਜ਼ੂਰ ਕਰ ਦਿੱਤੀ ਹੈ। ਜੇਲ੍ਹ ਦੇ ਨਿਯਮਾਂ ਅਨੁਸਾਰ ਮੈਨੂੰ ਇਕ ਹਫ਼ਤੇ ਦੇ ਅੰਦਰ-ਅੰਦਰ ਫਾਹੇ ਟੰਗਿਆ ਜਾਵੇਗਾ। ਤੈਨੂੰ ਮੇਰੇ ਲਈ ਅਫ਼ਸੋਸ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਮੈਂ ਪੁਰਾਣਾ ਸਰੀਰ ਛੱਡ ਕੇ ਨਵਾਂ ਜਨਮ ਧਾਰਨ ਲੱਗਾ ਹਾਂ। ਤੁਹਾਨੂੰ ਇਥੇ ਆ ਕੇ ਹੁਣ ਮੁਲਾਕਾਤ ਕਰਨ ਦੀ ਲੋੜ ਨਹੀਂ, ਕਿਉਂਕਿ, ਕੁਛ ਦਿਨ ਪਹਿਲਾਂ ਤੁਸੀਂ ਮੁਲਾਕਾਤ ਕਰ ਚੁੱਕੇ ਹੋਏ ਹੋ। ਜਦ ਮੈਂ ਲਖਨਊ ਸਾਂ, ਤਾਂ ਭੈਣ ਨੇ ਦੋ ਵਾਰ ਮੇਰੀ ਮੁਲਾਕਾਤ ਕੀਤੀ ਸੀ ! ਮੇਰੀ ਸਾਰਿਆਂ ਨੂੰ ਪ੍ਰਣਾਮ ਕਰਨੀ ਅਤੇ ਲੜਕਿਆਂ ਨੂੰ ਪਿਆਰ।

ਆਪ ਦਾ ਪਿਆਰਾ,
ਰਾਜਿੰਦਰ ਨਾਥ ਲਹਿਰੀ।

ਇਸ ਚਿੱਠੀ ਨੇ ਫੇਰ ਸਾਨੂੰ ਭਾਈ ਕਰਤਾਰ ਸਿੰਘ ਜੀ ਸਰਾਭਾ ਅਤੇ ਭਾਈ ਪਿੰਗਲੇ ਆਦਿ ਦਾ ਵੇਲਾ ਯਾਦ ਕਰਾ ਦਿੱਤਾ ਹੈ, ਤੇ ਸਾਡੇ ਪੁਰਾਣੇ ਜ਼ਖ਼ਮਾਂ ਨੂੰ ਫੇਰ ਹਰੇ ਕਰ ਦਿੱਤਾ ਹੈ।

* * *

## 9. ਸ਼ਹੀਦੇ-ਵਤਨ ਸ੍ਰੀ ਰਾਮ ਪ੍ਰਸ਼ਾਦ ਦਾ ਅੰਤਮ ਸੰਦੇਸ਼!

[ਦਸੰਬਰ, 1927 ਨੂੰ ਕਾਕੋਰੀ ਦੇ ਚਾਰ ਸ਼ਹੀਦਾਂ ਨੂੰ ਫਾਂਸੀ ਦਿੱਤੀ ਗਈ। ਜਨਵਰੀ 1928 ਦੇ ਕਿਰਤੀ ਵਿਚ ਭਗਤ ਸਿੰਘ ਨੇ ਹੇਠ ਲਿਖੇ ਲੇਖ ਛਪਾਏ। —ਸੰਪਾਦਕ]

ਆਪ ਨੇ ਇਕ ਲੇਖ "ਨਿਜ-ਜੀਵਨ ਛਟਾ" ਨਾਮਕ ਲਿਖਿਆ ਸੀ। ਉਹ ਹੀ ਗੋਰਖਪੁਰ ਦੇ ਸਵਦੇਸ਼ ਅਖ਼ਬਾਰ ਵਿਚ ਛਪਿਆ ਸੀ ! ਉਸੇ ਦਾ ਹੀ ਸੰਖੇਪ ਅਸੀਂ ਪਾਠਕਾਂ ਦੀ ਸੇਵਾ ਵਿਚ ਰੱਖਦੇ ਹਾਂ ਤਾਂ ਕਿ ਉਹ ਜਾਣ ਸਕਣ ਕਿ ਉਸ ਜੁਗ-ਪਲਟਾਊ ਵੀਰ ਦੇ ਮਰਦਿਆਂ ਵੇਰੀਂ ਕੀ ਵਿਚਾਰ ਸਨ।

ਆਪ 16 ਤਾਰੀਖ ਨੂੰ ਲਿਖਦੇ ਹਨ—

19 ਤਾਰੀਖ ਸਵੇਰੇ ਸਾਢੇ 6 ਵਜੇ ਫ਼ਾਂਸੀ ਦਾ ਵਕਤ ਨਿਸਚਿਤ ਹੋ ਚੁੱਕਾ ਹੈ। ਕੋਈ ਚਿੰਤਾ ਨਹੀਂ ਈਸ਼ਵਰ ਦੀ ਕ੍ਰਿਪਾ ਨਾਲ ਮੈਂ ਫੇਰ ਵੀ ਬਾਰ-ਬਾਰ ਜਨਮ ਧਾਰਨ ਕਰਾਂਗਾ ਅਤੇ ਮੇਰਾ ਉਦੇਸ਼ ਹੋਵੇਗਾ ਕਿ ਸੰਸਾਰ ਵਿਚ ਪੂਰੀ ਆਜ਼ਾਦੀ ਵਰਤਾਈ ਜਾਵੇ ਕਿ ਕੁਦਰਤ ਦੀਆਂ ਦਾਤਾਂ 'ਤੇ ਸਭਨਾਂ ਦਾ ਇਕੋ ਜੇਹਾ ਹੱਕ ਹੋਵੇ, ਕੋਈ ਕਿਸੇ 'ਤੇ ਹਕੂਮਤ ਨਾ ਕਰੇ। ਸਭ ਥਾਂ ਲੋਕਾਂ ਦੇ ਆਪਣੇ ਪੰਚਾਇਤੀ ਰਾਜ ਕਾਇਮ ਹੋਣ। ਹੁਣ ਮੈਂ ਉਹਨਾਂ ਗੱਲਾਂ ਦਾ ਉਲੇਖ ਕਰ ਦੇਣਾ ਵੀ ਜ਼ਰੂਰੀ ਸਮਝਦਾ ਹਾਂ ਜੋ ਕਿ ਸੈਸ਼ਨ ਜੱਜ ਦੇ ਛੇ ਅਪ੍ਰੈਲ 1927 ਦੇ ਫ਼ੈਸਲੇ ਦੇ ਬਾਅਦ ਕਾਕੋਰੀ ਵਾਲੇ ਕੈਦੀਆਂ ਨਾਲ ਹੋਇਆ। 18 ਜੁਲਾਈ ਨੂੰ ਅਵਧ ਚੀਫ ਕੋਰਟ ਵਿਚ ਅਪੀਲ ਹੋਈ। ਉਹ ਸਿਰਫ਼ ਮੌਤ ਦੀ ਸਜ਼ਾ ਵਾਲੇ ਚਾਰ ਕੈਦੀਆਂ ਵੱਲੋਂ ਸੀ। ਪਰ ਪੁਲਸ ਵੱਲੋਂ ਸਜ਼ਾ ਵਧਾਉਣ ਦੀ ਅਪੀਲ ਹੋਈ। ਫੇਰ ਬਾਕੀ ਕੈਦੀਆਂ ਨੇ ਵੀ ਅਪੀਲ ਕਰ ਦਿੱਤੀ, ਪਰ ਸ੍ਰੀ ਸਚੀਂਦਰ ਨਾਥ



Sri Satguru Jagjit Singh Ji Elibrary NamdhariElibrary@gmail.com

ਸਾਨਯਾਲ, ਸ੍ਰੀ ਭੂਪੇਂਦਰ ਨਾਥ ਸਾਨਯਾਲ ਅਤੇ ਇਕਬਾਲੀਆ ਗਵਾਹ ਬਨਵਾਰੀ ਲਾਲ ਨੇ ਅਪੀਲ ਨਹੀਂ ਕੀਤੀ ਸੀ ਅਤੇ ਫੇਰ ਪ੍ਰਣਵੇਸ਼ ਚੈਟਰਜੀ ਨੇ ਇਕਬਾਲ ਕਰ ਲਿਆ ਅਤੇ ਅਪੀਲ ਵਾਪਸ ਲੈ ਲਈ। ਫਾਂਸੀ ਵਾਲਿਆਂ ਦੀ ਸਜ਼ਾ ਬਹਾਲ ਰਹੀ ਅਤੇ ਸ੍ਰੀ ਜੋਗੇਸ਼ ਚੰਦਰ ਚੈਟਰਜੀ ਸ੍ਰੀ ਗੋਬਿੰਦ ਚਰਣ ਕਾਰ ਅਤੇ ਸ੍ਰੀ ਮੁਕੰਦੀ ਲਾਲ ਜੀ ਦੀ ਦਸ ਸਾਲ ਤੋਂ ਉਮਰ ਕੈਦ ਹੋ ਗਈ। ਸ੍ਰੀ ਸੁਰੇਸ਼ ਚੰਦਰ ਭੱਟਾਚਾਰਜੀ ਅਤੇ ਸ੍ਰੀ ਵਿਸ਼ਨੂੰ ਸ਼ਰਣ ਦੁਬਲਿਸ਼ ਦੀ 7-7 ਸਾਲ ਤੋਂ ਵਧਾ ਕੇ 10-10 ਸਾਲ ਦੀ ਸਜ਼ਾ ਕਰ ਦਿੱਤੀ। ਰਾਮ ਨਾਥ ਪਾਂਡੇ ਦੀ 3 ਸਾਲ ਅਤੇ ਪ੍ਰਣਵੇਸ਼ ਨੂੰ ਚਾਰ ਸਾਲ ਰਹਿ ਗਈ! ਪ੍ਰੇਮ ਕ੍ਰਿਸ਼ਨ ਖੰਨਾ ਤੋਂ ਡਕੈਤੀ ਦੀ ਸਜ਼ਾ ਘਟਾ ਦਿੱਤੀ ਅਤੇ 5 ਬਰਸ ਕੈਦ ਰਹਿ ਗਈ। ਬਾਕੀਆਂ ਦੀਆਂ ਅਪੀਲਾਂ ਖਾਰਜ ਹੋ ਗਈਆਂ। ਅਸ਼ਫ਼ਾਕ ਦੀ ਮੌਤ ਦੀ ਸਜ਼ਾ ਓਨੀ ਹੀ ਰਹੀ, ਸਚੀਂਦਰ ਨਾਥ ਬਕਸ਼ੀ ਨੇ ਅਪੀਲ ਹੀ ਨਹੀਂ ਸੀ ਕੀਤੀ।

ਮੈਂ ਅਪੀਲ ਤੋਂ ਪਹਿਲੋਂ ਹੀ ਗਵਰਨਰ ਪਾਸ ਇਕ ਦਰਖ਼ਾਸਤ ਲਿਖ ਘੱਲੀ ਸੀ, ਜਿਸ ਵਿਚ ਕਿਹਾ ਸੀ ਕਿ ਮੈਂ ਖੁਫ਼ੀਆ ਸਾਜ਼ਸ਼ਾਂ ਵਿਚ ਕੋਈ ਹਿੱਸਾ ਨਾ ਲਿਆ ਕਰਾਂਗਾ ਅਤੇ ਕੋਈ ਤਅੱਲਕ ਨਾ ਰੱਖਾਂਗਾ। ਇਸੇ ਦਰਖਾਸਤ ਦਾ ਰਹਿਮ ਦੀ ਅਪੀਲ ਵਿਚ ਵੀ ਜ਼ਿਕਰ ਕਰ ਦਿੱਤਾ ਸੀ। ਪਰ ਜੱਜਾਂ ਨੇ ਕੋਈ ਧਿਆਨ ਦੇਣਾ ਜ਼ਰੂਰੀ ਨਾ ਸਮਝਿਆ। ਜੇਲ੍ਹ 'ਚੋਂ ਆਪਣੀ ਬਹਿਸ ਆਪ ਲਿਖ ਕੇ ਚੀਫ਼ ਕੋਰਟ ਵਿਚ ਘੱਲੀ, ਪਰ ਜੱਜਾਂ ਨੇ ਕਿਹਾ ਕਿ ਇਹ ਬਹਿਸ ਰਾਮ ਪ੍ਰਸ਼ਾਦ ਦੀ ਲਿਖੀ ਹੋਈ ਨਹੀਂ, ਜ਼ਰੂਰ ਕਿਸੇ ਬੜੇ ਸਿਆਣੇ ਆਦਮੀ ਦੀ ਮਦਦ ਨਾਲ ਲਿਖੀ ਗਈ ਹੈ ਅਤੇ ਉਨ੍ਹਾਂ ਉਲਟਾ ਕਹਿ ਦਿੱਤਾ ਕਿ ਰਾਮ ਪ੍ਰਸ਼ਾਦ ਬੜਾ ਖੌਫਨਾਕ ਜੁੱਗ-ਪਲਟਾਊ ਹੈ, ਅਤੇ ਜੇ ਛੁੱਟ ਗਿਆ ਤਾਂ ਫੇਰ ਉਹੀ ਕੰਮ ਕਰੇਗਾ।

ਉਹਨਾਂ ਅਕਲਮੰਦੀ ਸਮਝਦਾਰੀ ਆਦਿ ਦੀ ਪ੍ਰਸ਼ੰਸਾ ਕਰਕੇ ਕਿਹਾ ਕਿ ਏਹ ਇਕ ਬੇਰਹਿਮੀ ਕਾਤਲ ਹੈ ਜੋ ਉਹਨਾਂ 'ਤੇ ਗੋਲੀ ਚਲਾ ਸਕਦਾ ਹੈ। ਜਿਨ੍ਹਾਂ ਨਾਲ ਉਸ ਦੀ ਕੋਈ ਦੁਸ਼ਮਣੀ ਨਹੀਂ। ਖ਼ੈਰ ਕਲਮ ਉਹਨਾਂ ਦੇ ਹੱਥ ਸੀ ਜੋ ਚਾਹੁੰਦੇ ਲਿਖਦੇ। ਪਰ ਚੀਫ਼ ਕੋਰਟ ਦੇ ਫ਼ੈਸਲੇ ਤੋਂ ਸਾਫ਼ ਜ਼ਾਹਿਰ ਹੁੰਦਾ ਹੈ, ਕਿ ਸਾਨੂੰ ਬਦਲਾ ਲੈਣ ਦੇ ਖ਼ਿਆਲ ਨਾਲ ਹੀ ਮੌਤ ਦੀ ਸਜ਼ਾ ਦਿੱਤੀ ਗਈ ਹੈ।

ਅਪੀਲ ਖ਼ਾਰਜ ਹੋ ਗਈ; ਫੇਰ ਲਾਟ ਅਤੇ ਵਾਇਸਰਾਏ ਪਾਸ ਰਹਿਮ ਦੀ ਦਰਖ਼ਾਸਤ ਦਿੱਤੀ ਗਈ। ਸ੍ਰੀ ਰਾਜਿੰਦਰ ਨਾਥ ਲਹਿਰੀ, ਸ੍ਰੀ ਅਸ਼ਫ਼ਾਕ ਉੱਲਾ ਖ਼ਾਂ, ਸ੍ਰੀ ਰੌਸ਼ਨ ਸਿੰਘ ਅਤੇ ਰਾਮ ਪ੍ਰਸ਼ਾਦ ਦੀ ਮੌਤ ਦੀ ਸਜ਼ਾ ਬਦਲਣ ਵਾਸਤੇ, ਯੂ.ਪੀ. ਕੌਂਸਲ ਦੇ ਕਰੀਬ ਚੁਣੇ ਹੋਏ ਸਭੇ ਮੈਂਬਰਾਂ ਦੇ ਦਸਤਖ਼ਤ ਕਰਕੇ ਇਕ ਦਰਖ਼ਾਸਤ ਦਿੱਤੀ। ਮੇਰੇ ਪਿਤਾ ਦੇ ਯਤਨ ਨਾਲ 250 ਆਨਰੇਰੀ ਮੈਜਿਸਟ੍ਰੇਟਾਂ ਅਤੇ ਬੜੇ ਬੜੇ ਜ਼ਿਮੀਂਦਾਰਾਂ ਦੇ ਦਸਤਖ਼ਤਾਂ ਦੀ ਇਕ ਵੱਖਰੀ ਅਰਜ਼ੀ ਦਿੱਤੀ ਗਈ। ਅਸੈਂਬਲੀ ਅਤੇ ਕੌਂਸਲ ਆਫ਼ ਸਟੇਟ ਦੇ 108 ਮੈਂਬਰਾਂ ਨੇ ਵੀ ਸਾਡੀ ਮੌਤ ਦੀ ਸਜ਼ਾ ਬਦਲਾਉਣ ਵਾਸਤੇ ਵਾਇਸਰਾਏ ਪਾਸ ਦਰਖ਼ਾਸਤ ਦਿੱਤੀ। ਉਹਨਾਂ ਇਹ ਵੀ ਕਿਹਾ ਕਿ ਜੱਜ ਨੇ ਕਿਹਾ ਸੀ ਕਿ ਜੇ ਇਹ ਪਸ਼ਚਾਤਾਪ ਕਰਨ ਤਾਂ ਸਜ਼ਾਵਾਂ ਬਹੁਤ ਘਟਾ ਦਿੱਤੀਆਂ ਜਾਣਗੀਆਂ। ਚੌਹਾਂ ਵੱਲੋਂ ਐਸੇ ਐਲਾਨ ਹੋ ਚੁੱਕੇ ਸਨ ਪਰ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੀਕ ਸਭੇ ਸਾਡੇ ਖ਼ੂਨ ਦੇ ਪਿਆਸੇ ਸਨ ਅਤੇ ਵਾਇਸਰਾਏ ਨੇ ਵੀ ਸਾਡੀ ਕੋਈ ਨਾ ਸੁਣੀ।

ਪੰਡਤ ਮਦਨ ਲਾਲ ਮਾਲਵੀਆ ਜੀ ਹੋਰ ਕਈ ਸੱਜਣਾਂ ਨੂੰ ਲੈ ਕੇ ਵਾਇਸਰਾਏ ਨੂੰ ਮਿਲੇ। ਸਭ ਨੂੰ ਉਮੀਦ ਸੀ ਕਿ ਹੁਣ ਜ਼ਰੂਰ ਹੀ ਮੌਤ ਦੀ ਸਜ਼ਾ ਹਟਾ ਲਈ ਜਾਵੇਗੀ। ਪਰ ਕੀ ਹੋਣਾ ਸੀ। ਚੁਪ-ਚਾਪ ਦੁਸਹਿਰੇ ਤੋਂ ਦੋ ਦਿਨ ਪਹਿਲੋਂ ਹੀ ਸਭ ਜੇਲ੍ਹਾਂ ਨੂੰ ਤਾਰਾਂ ਦੇ ਦਿੱਤੀਆਂ ਗਈਆਂ ਕਿ ਫਾਂਸੀ ਦੀ ਤਾਰੀਖ਼ ਮੁਕੱਰਰ ਹੋ ਗਈ, ਜਦ ਮੈਨੂੰ ਜੇਲ੍ਹ ਦੇ ਸੁਪਰਿੰਟੈਂਡੈਂਟ ਨੇ ਏਹ ਤਾਰ ਸੁਣਾਈ



Sri Satguru Jagjit Singh Ji Elibrary NamdhariElibrary@gmail.com

ਤਾਂ ਮੈਂ ਵੀ ਕਿਹਾ, ਅੱਛਾ ! ਤੁਸੀਂ ਆਪਣਾ ਕੰਮ ਕਰੋ, ਪਰ ਉਨ੍ਹਾਂ ਦੇ ਜ਼ੋਰ ਨਾਲ ਕਹਿਣ ਤੇ ਇਕ ਦਯਾ ਦੀ ਤਾਰ ਬਾਦਸ਼ਾਹ ਨੂੰ ਘੱਲ ਦਿੱਤੀ। ਉਸ ਵੇਲੇ ਪ੍ਰਿਵੀ ਕੌਂਸਲ ਵਿਚ ਵੀ ਅਪੀਲ ਕਰਨ ਦਾ ਖ਼ਿਆਲ ਆ ਗਿਆ। ਸ੍ਰੀ ਮੋਹਨ ਲਾਲ ਸਕਸੈਨਾ ਵਕੀਲ ਨੂੰ ਤਾਰ ਦਿੱਤਾ, ਜਦੋਂ ਉਨ੍ਹਾਂ ਨੂੰ ਦੱਸਿਆ ਕਿ ਵਾਇਸਰਾਏ ਨੇ ਸਭਨਾਂ ਦੀਆਂ ਦਰਖ਼ਾਸਤਾਂ ਨਾ-ਮਨਜ਼ੂਰ ਕਰ ਦਿੱਤੀਆਂ ਹਨ, ਤਾਂ ਕਿਸੇ ਨੂੰ ਯਕੀਨ ਨਹੀਂ ਸੀ ਆਉਂਦਾ। ਉਨ੍ਹਾਂ ਨੂੰ ਕਹਿ ਸੁਣ ਕੇ ਪ੍ਰਿਵੀ ਕੌਂਸਲ ਵਿਚ ਅਪੀਲ ਕਰਵਾਈ। ਨਤੀਜਾ ਪਹਿਲੋਂ ਹੀ ਮਾਲੂਮ ਸੀ। ਅਪੀਲ ਪਹਿਲੋਂ ਹੀ ਖ਼ਾਰਜ ਹੋ ਗਈ।

ਹੁਣ ਸਵਾਲ ਉੱਠੇਗਾ, ਕਿ ਇਹ ਸਭ ਕੁਝ ਪਹਿਲੋਂ ਤੋਂ ਜਾਣਦਿਆਂ ਹੋਇਆਂ ਵੀ ਮੈਂ ਮਾਫ਼ੀਨਾਮੇ, ਤੇ ਦਯਾ ਦੀ ਦਰਖ਼ਾਸਤ, ਤੇ ਅਪੀਲਾਂ 'ਤੇ ਅਪੀਲਾਂ ਕਿਉਂ ਲਿਖ-ਲਿਖ ਘੱਲੀਆਂ ? ਮੈਨੂੰ ਤਾਂ ਇਸਦਾ ਇਹ ਹੀ ਇਕ ਕਾਰਨ ਸਮਝ ਆਉਂਦਾ ਹੈ ਕਿ ਰਾਜਨੀਤੀ ਇਕ ਸ਼ਤਰੰਜ ਦਾ ਖੇਲ ਹੈ। ਸਰਕਾਰ ਨੇ ਬੰਗਾਲ ਆਰਡੀਨੈਂਸ ਦੇ ਕੈਦੀਆਂ ਮੁਤੱਲਕ ਅਸੈਂਬਲੀ ਵਿਚ ਜ਼ੋਰ ਨਾਲ ਕਿਹਾ ਸੀ, ਕਿ ਉਨ੍ਹਾਂ ਦੇ ਖ਼ਿਲਾਫ਼ ਬੜੇ ਸਬੂਤ ਹਨ। ਜੋ ਗਵਾਹਾਂ ਦੀ ਹਿਫਾਜ਼ਤ ਖ਼ਾਤਰ ਅਸੀਂ ਖੁੱਲ੍ਹੀ ਅਦਾਲਤ ਵਿਚ ਪੇਸ਼ ਨਹੀਂ ਕਰਦੇ। ਹਾਲਾਂਕਿ ਦਖਨੇਸ਼ਵਰ ਬੰਬ ਅਤੇ ਸੋਭਾ ਬਾਜ਼ਾਰ ਸਾਜ਼ਿਸ਼ ਦੇ ਮੁਕੱਦਮੇ ਖੁੱਲ੍ਹੀ ਅਦਾਲਤ ਵਿਚ ਚੱਲੇ। ਖ਼ੁਫ਼ੀਆ ਪੁਲਿਸ ਦੇ ਸੁਪਰਡੈਂਟ ਦੇ ਮਾਰਨੇ ਦਾ ਮੁਕੱਦਮਾ ਵੀ ਖੁੱਲ੍ਹੀ ਅਦਾਲਤ ਵਿਚ ਚਲਿਆ ਅਤੇ ਕਾਕੋਰੀ ਕੇਸ ਵੀ ਡੇਢ ਸਾਲ ਚਲਿਆ। ਸਰਕਾਰ ਵੱਲੋਂ 300 ਗਵਾਹ ਪੇਸ਼ ਹੋਏ। ਕਦੇ ਵੀ ਕਿਸੇ ਗਵਾਹ 'ਤੇ ਮੁਸੀਬਤ ਨਾ ਆਈ, ਹਾਲਾਂਕਿ ਇਹ ਵੀ ਕਿਹਾ ਗਿਆ ਸੀ ਕਿ, ਕਾਕੋਰੀ ਸਾਜ਼ਸ਼ ਦਾ ਮੁੱਢ ਕਦੀਮ ਬੰਗਾਲ ਵਿਚ ਹੀ ਹੈ। ਸਰਕਾਰੀ ਐਲਾਨਾਂ ਦਾ ਪੋਲ ਖੋਲ੍ਹਣ ਦੀ ਗਰਜ਼ ਨਾਲ ਹੀ ਮੈਂ ਏਹ ਸਭ ਕੁਝ ਕੀਤਾ, ਮੈਂ ਮਾਫ਼ੀਨਾਮੇ ਵੀ ਲਿਖੇ, ਅਪੀਲਾਂ ਵੀ ਕੀਤੀਆਂ ਪਰ ਕੀ ਹੋਣਾ ਸੀ। ਅਸਲ ਗੱਲ ਤਾਂ ਇਹ ਹੈ ਕਿ ਜ਼ਬਰਦਸਤ ਮਾਰੇ ਵੀ ਤੇ ਰੋਣ ਵੀ ਨਾ ਦੇਵੇ।

ਸਾਡੇ ਜਿਉਂਦੇ ਰਹਿਣ ਨਾਲ ਕਿਤੇ ਗ਼ਦਰ ਨਹੀਂ ਸੀ ਮੱਚ ਚਲਿਆ। ਹੁਣ ਤੀਕ ਭਾਰਤ ਵਿਚ ਜੁੱਗ-ਪਲਟਾਊਆਂ ਦੀ ਏਡੀ ਭਾਰੀ ਸਿਫਾਰਿਸ਼ ਕਦੇ ਵੀ ਨਹੀਂ ਸੀ ਹੋਈ। ਪਰ ਸਰਕਾਰ ਨੂੰ ਏਸ ਨਾਲ ਕੀ ? ਉਸ ਨੂੰ ਆਪਣੀ ਤਾਕਤ 'ਤੇ ਨਾਜ਼ ਹੈ। ਆਪਣੇ ਜ਼ੋਰ ਦਾ ਅਹੰਕਾਰ ਹੈ। ਪਰ ਵਿਲੀਅਮ ਮੈਰਿਸ ਨੇ ਆਪ ਹੀ ਸ਼ਾਹਜਹਾਨਪੁਰ ਅਤੇ ਅਲਾਹਬਾਦ ਦੇ ਦੰਗਿਆਂ ਦੇ ਦੋਸ਼ੀਆਂ ਨੂੰ ਮੌਤ ਦੀਆਂ ਸਜ਼ਾਵਾਂ ਵਾਲਿਆਂ ਦੀ ਮੌਤ ਦੀਆਂ ਸਜ਼ਾਵਾਂ ਮੁਆਫ਼ ਕੀਤੀਆਂ ਸਨ ਅਤੇ ਇਹ ਸਜ਼ਾਵਾਂ ਉਦੋਂ ਮਾਫ਼ ਕੀਤੀਆਂ ਗਈਆਂ ਸਨ ਜਦੋਂ ਕਿ ਨਿੱਤ ਦੰਗੇ ਹੁੰਦੇ ਸਨ। ਜੇ ਸਾਡੀ ਸਜ਼ਾ ਘਟੋਣ ਨਾਲ ਹੋਰਨਾਂ ਦਾ ਹੌਸਲਾ ਵਧਦਾ ਤਾਂ ਮਜ਼ਹਬੀ ਫ਼ਸਾਦਾਂ ਮੁਤੱਲਕ ਵੀ ਇਹੋ ਗੱਲ ਕਹੀ ਜਾ ਸਕਦੀ ਹੈ। ਪਰ ਜੀ, ਇੱਥੇ ਤਾਂ ਮਾਮਲਾ ਹੀ ਕੁਝ ਹੋਰ ਸੀ।

ਅੱਜ ਪ੍ਰਾਣ ਦਿੰਦਿਆਂ ਹੋਇਆਂ ਮੈਨੂੰ ਕੋਈ ਨਿਰਾਸ਼ਾ ਨਹੀਂ ਹੋ ਰਹੀ ਕਿ ਏਹ ਐਵੇਂ ਗਏ। ਕੁਰਬਾਨੀਆਂ ਐਵੇਂ ਹੀ ਜ਼ਾਇਆ ਨਹੀਂ ਜਾਇਆ ਕਰਦੀਆਂ। ਕੀ ਪਤਾ ਕਿ ਸਾਡੇ ਵਰਗੇ ਲੋਕਾਂ ਦੇ ਹੀ ਆਹਾਂ ਭਰਨ ਦਾ ਏਹ ਨਤੀਜਾ ਨਿਕਲਿਆ ਕਿ ਲਾਰਡ ਬਰਕਨ ਹੈਂਡ ਦੇ ਦਿਮਾਗ ਵਿਚ ਹਿੰਦੁਸਤਾਨ ਦੀਆਂ ਜ਼ੰਜੀਰਾਂ ਜਕੜਨ ਦਾ ਖ਼ਿਆਲ ਆਇਆ ਅਤੇ ਰਾਇਲ ਕਮਿਸ਼ਨ ਘੱਲਿਆ ਜਿਸ ਦੇ ਬਾਈਕਾਟ ਲਈ ਕਿ ਹਿੰਦੂ-ਮੁਸਲਮਾਨਾਂ ਦਾ ਫਿਰ ਕੁਝ ਇਕੱਠ ਹੋ ਰਿਹਾ ਹੈ ! ਈਸ਼ਵਰ ਕਰੇ ਇਹਨਾਂ ਨੂੰ ਛੇਤੀ ਹੀ ਅਕਲ ਆ ਜਾਵੇ ਅਤੇ ਏਹ ਫੇਰ ਵੀ ਇਕੱਠੇ ਹੋ ਜਾਣ। ਸਾਡੀ ਅਪੀਲ ਨਾ-ਮਨਜ਼ੂਰ ਹੋਣ ਪੁਰ ਹੀ ਮੈਂ ਮੋਹਣ ਲਾਲ ਸਕਸੈਨਾ ਨੂੰ ਕਿਹਾ ਸੀ ਕਿ ਐਤਕੀਂ ਸਾਡੀ ਯਾਦਗਾਰ ਮਨਾਉਣ ਲਈ ਹੀ ਹਿੰਦੂ-ਮੁਸਲਮਾਨ ਲੀਡਰਾਂ ਨੂੰ ਇਕੱਠੇ ਕੀਤਾ ਜਾਵੇ।

ਸਰਕਾਰ ਨੇ ਸ੍ਰੀ ਅਸ਼ਫਾਕ ਉੱਲਾ ਖ਼ਾਂ ਨੂੰ ਰਾਮ ਪ੍ਰਸ਼ਾਦ ਦਾ ਸੱਜਾ ਹੱਥ ਕਿਹਾ ਹੈ। ਅਸ਼ਫਾਕ ਕੱਟੜ ਮੁਸਲਮਾਨ ਹੋਣ ਪੁਰ ਵੀ ਜੇ ਰਾਮ ਪ੍ਰਸ਼ਾਦ ਜਿਹੇ ਕੱਟੜ ਆਰੀਆ ਸਮਾਜੀ ਦਾ ਜੁੱਗ-



Sri Satguru Jagjit Singh Ji Elibrary NamdhariElibrary@gmail.com

ਪਲਟਾਊ ਯੁੱਗ ਵਿਚ ਸੌਂਜਾ ਹੱਥ ਹੋ ਸਕਦਾ ਹੈ ਤਾਂ ਕੀ ਭਾਰਤ ਦੇ ਹੋਰ ਹਿੰਦੂ ਮੁਸਲਮਾਨ ਆਜ਼ਾਦੀ ਵਾਸਤੇ ਆਪਣੇ ਛੋਟੇ ਛੋਟੇ ਲਾਭ ਭੁੱਲ ਕੇ ਇਕੱਠੇ ਨਹੀਂ ਹੋ ਸਕਦੇ? ਅਸ਼ਫਾਕ ਤਾਂ ਪਹਿਲੇ ਹੀ ਐਸੇ ਮੁਸਲਮਾਨ ਹਨ, ਜਿਨ੍ਹਾਂ ਨੂੰ ਕਿ ਬੰਗਾਲ ਜੁੱਗ-ਪਲਟਾਊ ਪਾਰਟੀ ਦੇ ਸੰਬੰਧ ਵਿਚ ਫਾਂਸੀ ਦਿੱਤੀ ਜਾ ਰਹੀ ਹੈ। ਪਰਮਾਤਮਾ ਨੇ ਮੇਰੀ ਪੁਕਾਰ ਸੁਣ ਲਈ। ਮੇਰਾ ਕੰਮ ਮੁੱਕ ਗਿਆ। ਮੈਂ ਮੁਸਲਮਾਨਾਂ ਵਿਚੋਂ ਇਕ ਨੌਜਵਾਨ ਕੱਢ ਕੇ ਹਿੰਦੁਸਤਾਨ ਨੂੰ ਏਹ ਦਿਖਾਲ ਦਿੱਤਾ ਹੈ ਕਿ ਮੁਸਲਮਾਨ ਨੌਜਵਾਨ ਵੀ ਹਿੰਦੂ-ਨੌਜਵਾਨਾਂ ਨਾਲੋਂ ਵੱਧ ਚੜ੍ਹ ਕੇ ਦੇਸ਼ ਵਾਸਤੇ ਕੁਰਬਾਨੀ ਕਰ ਸਕਦਾ ਹੈ, ਅਤੇ ਉਹ ਸਾਰੇ ਇਮਤਿਹਾਨਾਂ ਵਿਚੋਂ ਕਾਮਯਾਬ ਹੋਇਆ ਹੈ। ਹੁਣ ਇਹ ਕਹਿਣ ਦਾ ਹੌਸਲਾ ਕਿਸੇ ਨੂੰ ਨਹੀਂ ਹੋਣਾ ਚਾਹੀਦਾ ਕਿ ਮੁਸਲਮਾਨਾਂ ਉੱਤੇ ਯਕੀਨ ਨਹੀਂ ਕਰਨਾ ਚਾਹੀਦਾ। ਏਹ ਪਹਿਲਾ ਤਜਰਬਾ ਸੀ, ਜੋ ਪੂਰਾ ਹੋ ਗਿਆ।

ਅਸ਼ਫਾਕ ! ਪਰਮਾਤਮਾ ਤੇਰੀ ਆਤਮਾ ਨੂੰ ਸ਼ਾਂਤੀ ਦੇਵੇ। ਤੂੰ ਮੇਰੀ ਅਤੇ ਹਿੰਦੁਸਤਾਨ ਦੇ ਸਭਨਾਂ ਮੁਸਲਮਾਨਾਂ ਦੀ ਲਾਜ ਰੱਖ ਲਈ ਅਤੇ ਏਹ ਦਿਖਾਲ ਦਿੱਤਾ ਕਿ ਭਾਰਤ ਵਿਚ ਵੀ ਟਰਕੀ ਅਤੇ ਮਿਸਰ ਵਰਗੇ ਮੁਸਲਮਾਨ ਨੌਜਵਾਨ ਮਿਲ ਸਕਦੇ ਹਨ।

ਹੁਣ ਦੇਸ਼ ਨਿਵਾਸੀਆਂ ਅੱਗੇ ਏਹੀ ਪ੍ਰਾਰਥਨਾ ਹੈ ਕਿ ਜੇ ਉਹਨਾਂ ਨੂੰ ਸਾਡੇ ਮਰਨ ਦਾ ਜ਼ਰਾ ਭਰ ਵੀ ਅਫ਼ਸੋਸ ਹੈ ਤਾਂ ਉਹ ਜਿਸ ਕਿਸ ਤਰ੍ਹਾਂ ਵੀ ਹੋਵੇ ਹਿੰਦੂ ਮੁਸਲਿਮ ਏਕਤਾ ਕਰਨ, ਏਹੋ ਸਾਡੀ ਅਖ਼ੀਰੀ ਖਾਹਿਸ਼ ਸੀ, ਏਹੋ ਸਾਡੀ ਯਾਦਗਾਰ ਹੋ ਸਕਦੀ ਹੈ। ਸਾਰੇ ਮਜ਼ਹਬਾਂ ਅਤੇ ਸਾਰੀਆਂ ਪਾਰਟੀਆਂ ਵਾਲਿਆਂ ਨੂੰ ਕਾਂਗਰਸ ਨੂੰ ਹੀ ਪ੍ਰਤੀਨਿਧ ਮੰਨਣਾ ਚਾਹੀਦਾ ਹੈ। ਫੇਰ ਉਹ ਦਿਨ ਦੂਰ ਨਹੀਂ ਜਦ ਅੰਗਰੇਜ਼ਾਂ ਨੂੰ ਹਿੰਦੁਸਤਾਨੀਆਂ ਅੱਗੇ ਸਿਰ ਝੁਕਾਉਣਾ ਪਊਗਾ।

ਜੋ ਕੁਛ ਮੈਂ ਕਹਿ ਰਿਹਾ ਹਾਂ ਠੀਕ ਉਹੋ ਕੁਝ ਸੀ ਅਸ਼ਫਾਕ ਉੱਲਾ ਖ਼ਾਂ ਵਾਰਸੀ ਦਾ ਖ਼ਿਆਲ ਹੈ। ਮੈਂ ਅਪੀਲ ਲਿਖਣ ਵੇਲੇ ਲਖਨਊ ਜੇਲ੍ਹ ਵਿਚ ਉਹਨਾਂ ਨਾਲ ਸਭ ਗੱਲਬਾਤ ਕੀਤੀ ਸੀ। ਸ੍ਰੀ ਅਸ਼ਫਾਕ ਤਾਂ ਰਹਿਮ ਦੀ ਦਰਖ਼ਾਸਤ ਵਾਸਤੇ ਮੰਨਦੇ ਹੀ ਨਹੀਂ ਸਨ। ਉਹਨਾਂ ਤਾਂ ਸਿਰਫ਼ ਮੇਰੀ ਜ਼ਿਦ ਉੱਤੇ ਮੇਰੇ ਹੀ ਕਹਿਣ ਪੁਰ ਐਸਾ ਕੀਤਾ ਸੀ।

ਮੈਂ ਤਾਂ ਸਰਕਾਰ ਨੂੰ ਇਥੋਂ ਤੀਕ ਵੀ ਕਿਹਾ ਸੀ ਕਿ ਜਦੋਂ ਤੀਕ ਉਸ ਨੂੰ ਯਕੀਨ ਨਾ ਹੋਵੇ, ਤਦੋਂ ਤੀਕ ਮੈਨੂੰ ਜੇਲ੍ਹ ਵਿਚ ਬੰਦ ਰੱਖੇ ਜਾਂ ਕਿਸੇ ਦੂਸਰੇ ਦੇਸ਼ ਨੂੰ ਘੱਲ ਦੇਵੇ ਅਤੇ ਹਿੰਦੁਸਤਾਨ ਨੂੰ ਨਾ ਆਉਣ ਦੇਵੇ। ਪਰ ਸਰਕਾਰ ਨੇ ਕੀ ਕਰਨਾ ਸੀ। ਸਰਕਾਰ ਨੂੰ ਏਹ ਹੀ ਮਨਜ਼ੂਰ ਸੀ ਕਿ ਸਾਨੂੰ ਜ਼ਰੂਰ ਫਾਂਸੀ ਦੇ ਦਿੱਤੀ ਜਾਵੇ, ਹਿੰਦੁਸਤਾਨੀਆਂ ਦੇ ਜਲੇ ਦਿਲਾਂ 'ਤੇ ਨਮਕ ਛਿੜਕਿਆ ਜਾਵੇ ਅਤੇ ਉਹ ਤੜਪ ਉੱਠਣ ਕੁਝ ਸੰਭਲ ਜਾਣ ਅਤੇ ਫੇਰ ਸਾਡੇ ਜਨਮ ਧਾਰ ਕੇ ਕੰਮ ਲਈ ਤਿਆਰ ਹੁੰਦਿਆਂ ਤੀਕ ਦੇਸ਼ ਦੀ ਹਾਲਤ ਸੁਧਰ ਚੁੱਕੀ ਹੋਵੇ।

ਹੁਣ ਤਾਂ ਮੇਰੀ ਏਹ ਰਾਇ ਹੈ ਕਿ ਅੰਗਰੇਜ਼ੀ ਅਦਾਲਤ ਅੱਗੇ ਨਾ ਤਾਂ ਬਿਆਨ ਦੇਵੇ ਤੇ ਨਾ ਹੀ ਕੋਈ ਸਫ਼ਾਈ ਪੇਸ਼ ਕਰੇ। ਅਪੀਲ ਕਰਨ ਦੇ ਵਿਚ ਇਕ ਵਜ੍ਹਾ ਏਹ ਵੀ ਸੀ, ਕਿ ਫਾਂਸੀ ਦੀ ਤਾਰੀਖ਼ ਬਦਲਵਾ ਕੇ ਮੈਂ ਇਕ ਵੇਰੀਂ ਦੇਸ਼ ਵਾਲਿਆਂ ਦੀ ਸਹਾਇਤਾ ਅਤੇ ਨੌਜਵਾਨਾਂ ਦਾ ਦਮ ਦੇਖਾਂ। ਏਸ ਵਿਚ ਮੈਨੂੰ ਬੜੀ ਮਾਯੂਸੀ ਹੋਈ। ਮੈਂ ਇਰਾਦਾ ਕੀਤਾ ਸੀ, ਕਿ ਹੋ ਸਕੇ ਤਾਂ ਜੇਲ੍ਹ ਵਿਚੋਂ ਹੀ ਦੌੜ ਜਾਵਾਂ। ਜੇ ਏਹ ਹੋ ਜਾਂਦਾ ਤਾਂ ਬਾਕੀ ਤਿੰਨਾਂ ਦੀ ਮੌਤ ਦੀ ਸਜ਼ਾ ਵੀ ਮਾਫ਼ ਹੋ ਜਾਂਦੀ। ਜੇ ਸਰਕਾਰ ਨਾ ਕਰਦੀ ਤਾਂ ਮੈਂ ਕਰਵਾ ਲੈਂਦਾ। ਏਸ ਦਾ ਤਰੀਕਾ ਮੈਨੂੰ ਖ਼ੂਬ ਆਉਂਦਾ ਸੀ। ਮੈਂ ਬਾਹਰ ਨਿਕਲਣ ਵਾਸਤੇ ਬੜੇ ਯਤਨ ਕੀਤੇ ਪਰ ਬਾਹਰੋਂ ਕੋਈ ਸਹਾਇਤਾ ਨਾ ਮਿਲੀ। ਅਫ਼ਸੋਸ ਤਾਂ ਇਸੇ ਗੱਲ ਦਾ ਹੈ ਕਿ ਜਿਸ ਦੇਸ਼ ਵਿਚ ਮੈਂ ਏਡਾ ਵੱਡਾ ਜੁੱਗ-ਪਲਟਾਊ ਦਲ ਖੜਾ ਕਰ ਦਿੱਤਾ ਸੀ ਉੱਥੇ ਹੀ ਮੈਨੂੰ ਆਪਣੀ ਰੱਖਿਆ ਲਈ ਇਕ ਪਿਸਤੌਲ ਨਾ ਮਿਲ ਸਕਿਆ।



Sri Satguru Jagjit Singh Ji Elibrary NamdhariElibrary@gmail.com

ਕੋਈ ਨੌਜਵਾਨ ਮੇਰੀ ਸਹਾਇਤਾ ਨੂੰ ਨਾ ਆਏ। ਮੇਰੀ ਨੌਜਵਾਨਾਂ ਅੱਗੇ ਬੇਨਤੀ ਹੈ ਕਿ ਜਦੋਂ ਤੀਕ ਬਹੁਤ ਸਾਰੇ ਲੋਕ ਪੜ੍ਹ ਨਾ ਜਾਣ ਤਦੋਂ ਤੀਕ ਕੋਈ ਵੀ ਖੁਫ਼ੀਆ ਪਾਰਟੀਆਂ ਵੱਲ ਧਿਆਨ ਨਾ ਦੇਵੇ। ਜੇ ਦੇਸ਼ ਦੀ ਸੇਵਾ ਦੀ ਖਾਹਿਸ਼ ਹੋਵੇ ਤਾਂ ਖੁੱਲ੍ਹਾ ਕੰਮ ਕਰਨ। ਵਿਹਲਿਆਂ ਗੱਲਾਂ ਸੁਣ ਸੁਣ ਕੇ ਖ਼ਿਆਲੀ-ਸਬਜ਼-ਬਾਗ਼ ਦੇਖ-ਦੇਖ ਕੇ ਆਪਣੇ ਜੀਵਨਾਂ ਨੂੰ ਮੁਸੀਬਤਾਂ ਵਿਚ ਨਾ ਪਾਉਣਾ। ਹਾਲੇ ਖੁਫ਼ੀਆ ਕੰਮ ਕਰਨ ਦਾ ਵੇਲਾ ਨਹੀਂ ਆਇਆ। ਅਸਾਨੂੰ ਐਸ ਮੁਕੱਦਮੇ ਦੇ ਦੌਰਾਨ ਬੜੇ ਅਨੁਭਵ ਹੋਏ, ਬੜੇ ਤਜਰਬੇ ਹੋਏ, ਪਰ ਉਨ੍ਹਾਂ ਦਾ ਲਾਭ ਉਠਾਉਣ ਦਾ ਮੌਕਾ ਸਾਨੂੰ ਸਰਕਾਰ ਨੇ ਨਾ ਦਿੱਤਾ। ਪਰ ਇਸੇ ਗੱਲ ਲਈ ਹਿੰਦੁਸਤਾਨ ਅਤੇ ਇੰਗਲਿਸਤਾਨ ਦੀ ਅੰਗਰੇਜ਼ ਸਰਕਾਰ ਬਹੁਤ ਪਛਤਾਵੇਗੀ।

ਮੁਲਾਕਾਤ ਵੇਲੇ ਆਪ ਨੇ ਇਹ ਵੀ ਕਿਹਾ ਸੀ ਕਿ "ਜੁੱਗ-ਪਲਟਾਊ ਲੋਕਾਂ ਵਿਚ ਵੀ ਹੌਸਲੇ ਦੀ ਬੜੀ ਕਮੀ ਹੈ ਅਤੇ ਲੋਕਾਂ ਦੀ ਉਨ੍ਹਾਂ ਨਾਲ ਅਜੇ ਤੀਕ ਹਮਦਰਦੀ ਨਹੀਂ, ਨਾਲੇ ਇਨ੍ਹਾਂ ਵਿਚ ਵੀ ਸੂਬੇ-ਬੰਦੀ ਦਾ ਖ਼ਿਆਲ ਬਹੁਤ ਹੈ। ਆਪਸ ਵਿਚ ਅਜੇ ਤੀਕ ਪੂਰਾ-ਪੂਰਾ ਵਿਸ਼ਵਾਸ ਵੀ ਨਹੀਂ" ਇਨ੍ਹਾਂ ਗੱਲਾਂ ਕਰਕੇ ਹੀ ਸਾਡੀਆਂ ਹਸਰਤਾਂ ਦਿਲਾਂ ਦੀਆਂ ਦਿਲਾਂ ਵਿਚ ਹੀ ਰਹਿ ਗਈਆਂ। ਜ਼ਬਾਨੀ ਇਕਰਾਰ ਕਰਨ 'ਤੇ ਹੀ ਮੈਨੂੰ 5000 ਰੁਪਏ ਨਕਦ ਦਾ ਵਲੈਤ ਭੇਜ ਕੇ ਬੈਰਿਸਟਰੀ ਪਾਸ ਕਰਨ ਲਈ ਵਾਇਦਾ ਮਿਲਦਾ ਸੀ, ਪਰ ਇਸ ਨੂੰ ਘੋਰ ਪਾਪ ਸਮਝ ਕੇ ਮੈਂ ਇਸ ਗੱਲ 'ਤੇ ਧਿਆਨ ਵੀ ਨਾ ਦਿੱਤਾ। ਪਰ ਅਫ਼ਸੋਸ ਤਾਂ ਇਹ ਹੈ ਕਿ ਬੜੇ ਬੜੇ ਵਿਸ਼ਵਾਸੀ ਕਹੇ ਜਾਣ ਵਾਲੇ ਸਾਥੀਆਂ ਨੇ ਆਪਣੇ ਸੁੱਖ ਲਈ ਲੁਕ ਲੁਕ ਕੇ ਪਾਰਟੀ ਨੂੰ ਧੋਖਾ ਦਿੱਤਾ ਅਤੇ ਸਾਡੇ ਨਾਲ ਦਗਾ ਕੀਤਾ। (ਵਿਦਰੋਹੀ)

* * *

## 10. ਦੇਸ਼ ਵਾਸੀਆਂ ਦੇ ਨਾਂ,

### ਸ਼ਹੀਦ ਅਸ਼ਫਾਕ ਦਾ ਫਾਂਸੀ ਘਰ ਤੋਂ ਸੰਦੇਸ਼

[ਏਥੇ ਅਸੀਂ ਸ਼ਹੀਦ ਅਸ਼ਫਾਕ ਦਾ ਫਾਂਸੀ ਘਰ ਤੋਂ ਭੇਜਿਆ ਸੰਦੇਸ਼ ਵੀ ਆਪਣੇ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਾਂ। ਇਹ ਸਿੱਧੇ ਭਗਤ ਸਿੰਘ ਜੀ ਵਲੋਂ ਪੇਸ਼ ਕੀਤਾ ਨਹੀਂ, ਪਰ ਉਸ ਸਮੇਂ ਦੇ ਦੂਸਰੇ ਅਖ਼ਬਾਰਾਂ ਵਿਚ ਛਪਿਆ ਸੀ। 16 ਦਸੰਬਰ, 1927 ਫਾਂਸੀ ਤੋਂ ਤਿੰਨ ਦਿਨ ਪਹਿਲਾਂ ਫੈਜ਼ਾਬਾਦ ਜੇਲ੍ਹ ਵਿਚੋਂ ਇਹ ਦੇਸ਼ ਵਾਸੀਆਂ ਲਈ ਭੇਜਿਆ ਗਿਆ ਸੀ। —ਸੰਪਾਦਕ]

ਪਿਆਰੇ ਦੇਸ਼ ਵਾਸੀਓ,

ਭਾਰਤ ਮਾਤਾ ਦੇ ਰੰਗ-ਮੰਚ 'ਤੇ ਅਸੀਂ ਆਪਣਾ ਪਾਰਟ (ਹਿੱਸਾ) ਅਦਾ ਕਰ ਚੁੱਕੇ ਹਾਂ, ਗ਼ਲਤ ਜਾਂ ਸਹੀ, ਅਸੀਂ ਜੋ ਵੀ ਕੀਤਾ ਆਜ਼ਾਦੀ ਹਾਸਲ ਕਰਨ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਕੀਤਾ। ਸਾਡੇ ਆਪਣੇ (ਭਾਵ ਕਾਂਗਰਸੀ ਨੇਤਾਵਾਂ ਤੋਂ ਹੈ—ਸੰਪਾਦਕ) ਸਾਡੀ ਨਿੰਦਾ ਕਰਨ ਜਾਂ ਪ੍ਰਸੰਸਾ, ਪਰ ਸਾਡੇ ਦੁਸ਼ਮਣਾਂ ਤਕ ਨੂੰ ਸਾਡੇ ਹੌਸਲੇ ਅਤੇ ਵੀਰਤਾ ਦੀ ਪ੍ਰਸ਼ੰਸਾ ਕਰਨੀ ਪਈ ਹੈ। ਲੋਕ ਕਹਿੰਦੇ ਹਨ, ਅਸਾਂ ਮੁਲਕ ਵਿਚ ਆਤੰਕ ਫੈਲਾਣਾ (Terrorism) ਚਾਹਿਆ ਹੈ। ਇਹ ਗ਼ਲਤ ਹੈ, ਏਨੇ ਲੰਬੇ ਸਮੇਂ ਤਕ ਮੁਕੱਦਮਾ ਚਲਦਾ ਰਿਹਾ। ਸਾਡੇ ਵਿਚੋਂ ਬਹੁਤ ਸਾਰੇ ਬਹੁਤ ਦਿਨਾਂ ਤਕ ਆਜ਼ਾਦ ਰਹੇ ਅਤੇ ਅੱਜ ਵੀ ਕੁਝ ਆਜ਼ਾਦ ਹਨ। (ਇਸ਼ਾਰਾ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਵੱਲ ਹੈ। —ਸੰਪਾਦਕ) ਫਿਰ ਵੀ ਅਸਾਂ ਜਾਂ ਸਾਡੇ ਕਿਸੇ ਸਾਥੀ ਨੇ ਕਿਸੇ ਆਪਣੇ ਨੁਕਸਾਨ ਪਹੁੰਚਾਉਣ ਵਾਲੇ 'ਤੇ ਗੋਲੀ ਨਹੀਂ ਚਲਾਈ। ਸਾਡਾ ਇਹ ਉਦੇਸ਼ ਨਹੀਂ ਸੀ, ਅਸੀਂ ਤਾਂ ਆਜ਼ਾਦੀ ਪ੍ਰਾਪਤ ਕਰਨ ਲਈ ਦੇਸ਼ ਭਰ ਵਿਚ ਇਨਕਲਾਬ ਲਿਆਉਣਾ ਚਾਹੁੰਦੇ ਸਾਂ।



Sri Satguru Jagjit Singh Ji Elibrary NamdhariElibrary@gmail.com

ਜੱਜਾਂ ਨੇ ਸਾਨੂੰ ਨਿਰਦਈ, ਬਰਬਰ, ਮਨੁੱਖ ਕਲੰਕੀ ਆਦਿ ਨਾਵਾਂ ਨਾਲ ਗਰਦਾਨਿਆ ਹੈ। ਸਾਡੇ ਹੁਕਮਰਾਨਾਂ ਦੀ ਕੌਮ ਦੇ ਜਨਰਲ ਡਾਇਰ ਨੇ ਨਿਹੱਥਿਆਂ 'ਤੇ ਗੋਲੀਆਂ ਚਲਾਈਆਂ ਸਨ ਅਤੇ ਚਲਾਈਆਂ ਵੀ ਔਰਤਾਂ, ਮਨੁੱਖਾਂ, ਬੱਚਿਆਂ ਅਤੇ ਬੁੱਢਿਆਂ ਤਕ ਉੱਤੇ ਸਨ। ਇਨਸਾਫ ਦੇ ਇਨ੍ਹਾਂ ਠੇਕੇਦਾਰਾਂ ਨੇ ਆਪਣੇ ਇਨ੍ਹਾਂ ਭਾਈ ਬੰਧੂਆਂ ਨੂੰ ਕਿਨ੍ਹਾਂ ਵਿਸ਼ਲੇਸ਼ਣਾਂ ਨਾਲ ਸੰਬੋਧਿਤ ਕੀਤਾ ਸੀ? ਫਿਰ ਸਾਡੇ ਹੀ ਨਾਲ ਇਹ ਸਲੂਕ ਕਿਉਂ ?

ਹਿੰਦੁਸਤਾਨੀ ਵੀਰੋ ! ਆਪ ਭਾਵੇਂ ਕਿਸੇ ਮਜ਼ਹਬ ਜਾਂ ਫਿਰਕੇ ਨੂੰ ਮੰਨਣ ਵਾਲੇ ਹੋਵੋ, ਦੇਸ਼ ਦੇ ਕੰਮ ਵਿਚ ਸਾਥ ਦਿਉ। ਐਵੇਂ ਵਿਅਰਥ ਆਪਸ ਵਿਚ ਨਾ ਲੜੋ। ਰਾਹ ਭਾਵੇਂ ਵੱਖਰੇ ਹੋਣ ਪਰ ਉਦੇਸ਼ ਸਭ ਦਾ ਇਕ ਹੈ। ਸਭ ਧਰਮ ਇਕ ਹੀ ਉਦੇਸ਼ ਦੀ ਪੂਰਤੀ ਦੇ ਸਾਧਨ ਹਨ ਫਿਰ ਇਹ ਵਿਅਰਥ ਦੇ ਝਗੜੇ ਟੰਟੇ ਕਿਉਂ ? ਇਕ ਹੋ ਕੇ ਆਪ ਮੁਲਕ ਦੀ ਨੌਕਰਸ਼ਾਹੀ ਦਾ ਮੁਕਾਬਲਾ ਕਰੋ ਅਤੇ ਆਪਣੇ ਮੁਲਕ ਨੂੰ ਆਜ਼ਾਦ ਕਰਾਓ। ਦੇਸ਼ ਦੇ ਸੱਤ ਕਰੋੜ ਮੁਸਲਮਾਨਾਂ ਵਿਚੋਂ ਮੈਂ ਪਹਿਲਾ ਮੁਸਲਮਾਨ ਹਾਂ ਜਿਹੜਾ ਕਿ ਮੁਲਕ ਦੀ ਆਜ਼ਾਦੀ ਲਈ ਫਾਂਸੀ ਚੜ੍ਹ ਰਿਹਾ ਹਾਂ। ਇਹ ਸੋਚ ਕੇ ਮੈਨੂੰ ਫ਼ਖ਼ਰ ਹੁੰਦਾ ਹੈ।

ਅੰਤ ਵਿਚ ਮੇਰਾ ਸਭ ਨੂੰ ਸਲਾਮ !

ਹਿੰਦੁਸਤਾਨ ਆਜ਼ਾਦ ਹੋ !

ਮੇਰੇ ਵੀਰ ਖ਼ੁਸ਼ ਰਹਿਣ !

ਆਪ ਦਾ ਵੀਰ,

**ਅਸ਼ਫਾਕ**

(ਇਤਿਹਾਸਕ ਖੋਜ ਮੁਤਾਬਕ ਇਕ ਸੌ ਦੇ ਕਰੀਬ ਮੁਸਲਮਾਨ ਗ਼ਦਰ ਪਾਰਟੀ ਵਿਚ ਸ਼ਹੀਦ ਹੋਏ, ਫਾਂਸੀਆਂ 'ਤੇ ਚੜ੍ਹੇ ਤੇ ਕਈ ਸੈਂਕੜੇ 1957 ਵਿਚ। ਪਰ ਸ਼ਹੀਦ ਨੂੰ ਆਪਣੇ ਰਾਹ ਤੋਂ ਹਟਾਉਣ ਲਈ, ਤੇ ਧੋਖਾ ਦੇਣ ਲਈ ਪੁਲਿਸ ਨੇ ਇਕ ਵਾਰ ਕਿਹਾ ਸੀ, ਕਿ ਤੂੰ ਤਾਂ ਇਕੋ ਮੁਸਲਮਾਨ ਹੈਂ, ਏਧਰ ਸ਼ਹੀਦ ਹੋਣ ਵਾਲਾ, ਸ਼ਾਇਦ ਇਸੇ ਕਰਕੇ ਹੀ ਉਨ੍ਹਾਂ ਇਹ ਲਿਖਿਆ ਹੈ। —ਸੰਪਾਦਕ)

❋ ❋ ❋

## 11. ਕਾਕੋਰੀ ਦੇ ਸ਼ਹੀਦਾਂ ਦੀ ਫ਼ਾਂਸੀ ਦੇ ਹਾਲਾਤ

[ਹੇਠਾਂ ਅਸੀਂ ਜਨਵਰੀ 1928 ਦੇ 'ਕਿਰਤੀ' ਵਿਚ ਭਗਤ ਸਿੰਘ ਨੇ ਇਕ ਹੋਰ ਲੇਖ ਕਾਕੋਰੀ ਦੇ ਸ਼ਹੀਦਾਂ ਬਾਰੇ ਲਿਖਿਆ। ਇਹ ਉਨ੍ਹਾਂ ਦੇ ਕਲਮੀ ਨਾਂ 'ਵਿਦਰੋਹੀ' ਹੇਠ ਛਪਿਆ ਪੜ੍ਹੋ!
—ਸੰਪਾਦਕ]

'ਕਿਰਤੀ' ਦੇ ਪਾਠਕਾਂ ਨੂੰ ਪਹਿਲੋਂ ਕਿਸੇ ਪਰਚੇ ਵਿਚ ਅਸੀਂ ਕਾਕੋਰੀ ਦੇ ਮੁਕੱਦਮੇ ਦੇ ਹਾਲਾਤ ਦੱਸ ਚੁੱਕੇ ਹਾਂ। ਹੁਣ ਇਹਨਾਂ ਚਾਰ ਵੀਰਾਂ ਦੇ ਫ਼ਾਂਸੀ ਦਿੱਤੇ ਜਾਣ ਦੇ ਹਾਲ ਦੱਸਦੇ ਹਾਂ।

17 ਦਸੰਬਰ, 1927 ਨੂੰ ਸ੍ਰੀ ਰਾਜਿੰਦਰ ਨਾਥ ਲਹਿਰੀ ਨੂੰ ਗੋਂਡਾ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਅਤੇ 19 ਦਸੰਬਰ, 1927 ਨੂੰ ਸ੍ਰੀ ਰਾਮ ਪ੍ਰਸ਼ਾਦ ਜੀ 'ਬਿਸਮਿਲ' ਨੂੰ ਗੋਰਖਪੁਰ ਜੇਲ੍ਹ ਵਿਚ, ਸ੍ਰੀ ਅਸ਼ਫਾਕ-ਉੱਲਾ ਨੂੰ ਫੈਜ਼ਾਬਾਦ ਜੇਲ੍ਹ ਵਿਚ ਅਤੇ ਸ੍ਰੀ ਰੋਸ਼ਨ ਸਿੰਘ ਜੀ ਨੂੰ ਇਲਾਹਾਬਾਦ ਜੇਲ੍ਹ ਵਿਚ ਫਾਂਸੀ ਚਾੜ੍ਹ ਦਿੱਤਾ ਗਿਆ।

ਏਸ ਮੁਕੱਦਮੇ ਦੇ ਸੈਸ਼ਨ ਜੱਜ ਮਿ. ਹੇਮਿਲਟਨ ਨੇ ਫ਼ੈਸਲਾ ਦੇਂਦਿਆਂ ਹੋਇਆ ਕਿਹਾ ਸੀ ਕਿ ਇਹ ਨੌਜਵਾਨ ਦੇਸ਼-ਭਗਤ ਹਨ, ਅਤੇ ਇਹਨਾਂ ਅਪਨੇ ਕਿਸੀ ਫ਼ਾਇਦੇ ਵਾਸਤੇ ਕੁਝ ਵੀ



Sri Satguru Jagjit Singh Ji Elibrary NamdhariElibrary@gmail.com

ਨਹੀਂ ਕੀਤਾ ਅਤੇ ਜੇਕਰ ਉਹ ਆਪਣੇ ਕੀਤੇ ਤੇ ਪਸ਼ਚਾਤਾਪ ਕਰਨ ਤਾਂ ਉਹਨਾਂ ਦੀਆਂ ਸਜ਼ਾਵਾਂ ਵਿਚ ਰਿਐਤ ਕੀਤੀ ਜਾ ਸਕੇਗੀ। ਉਹਨਾਂ ਚਾਰੇ ਵੀਰਾਂ ਵੱਲੋਂ ਇਸ ਮਤਲਬ ਦੇ ਐਲਾਨ ਵੀ ਨਿਕਲ ਗਏ, ਪਰ ਉਹਨਾਂ ਨੂੰ ਫ਼ਾਂਸੀ ਦਿੱਤਿਆਂ ਬਿਨਾਂ ਡਾਇਣ ਨੌਕਰਸ਼ਾਹੀ ਨੂੰ ਠੰਡ ਕਿਵੇਂ ਪੈਂਦੀ। ਅਪੀਲ ਵਿਚ ਬਹੁਤ ਸਾਰਿਆਂ ਦੀਆਂ ਸਜ਼ਾਵਾਂ ਵਧਾ ਦਿੱਤੀਆਂ ਗਈਆਂ। ਫੇਰ ਨਾ ਤਾਂ ਗਵਰਨਰ ਤੇ ਨਾ ਵਾਇਸਰਾਏ ਨੇ ਹੀ ਉਹਨਾਂ ਦੀਆਂ ਜਵਾਨੀਆਂ ਵੱਲ ਧਿਆਨ ਦਿੱਤਾ ਅਤੇ ਪ੍ਰਿਵੀ ਕੌਂਸਲ ਨੇ ਉਹਨਾਂ ਦੀ ਅਪੀਲ ਸੁਣਨ ਤੋਂ ਪਹਿਲੇ ਹੀ ਖਾਰਜ ਕਰ ਦਿੱਤੀ। ਯੂ.ਪੀ. ਦੀ ਕੌਂਸਲ ਦੇ ਬਹੁਤ ਸਾਰੇ ਮੈਂਬਰਾਂ, ਅਸੰਬਲੀ ਅਤੇ ਕੌਂਸਲ ਆਫ ਸਟੇਟ ਦੇ ਬਹੁਤ ਸਾਰੇ ਮੈਂਬਰਾਂ ਵਾਇਸਰਾਏ ਨੂੰ ਉਨ੍ਹਾਂ ਦੀ ਜਵਾਨੀ ਤੇ ਤਰਸ ਖਾਣ ਦੀ ਦਰਖ਼ਾਸਤ ਦਿੱਤੀ, ਪਰ ਕੀ ਹੋਣਾ ਸੀ? ਉਹਨਾਂ ਦੇ ਏਨੇ ਹੱਥ ਪੈਰ ਮਾਰਨ ਦਾ ਕੋਈ ਨਤੀਜਾ ਨਾ ਨਿਕਲਿਆ। ਯੂ.ਪੀ. ਦੀ ਕੌਂਸਲ ਵਿਚ ਸਵਰਾਜਿਸਟ ਆਗੂਆਂ ਸ੍ਰੀ ਗੋਬਿੰਦ ਵਲਭ ਪੰਤ ਹੋਰੀਂ ਉਹਨਾਂ ਦੇ ਮਾਮਲੇ 'ਤੇ ਬਹਿਸ ਵਾਸਤੇ ਅਤੇ ਆਪਣਾ ਮਤ ਵਾਇਸਰਾਏ ਅਤੇ ਲਾਟ ਨੂੰ ਭੇਜਣ ਵਾਸਤੇ ਰੌਲਾ ਪਾਉਂਦੇ ਸਨ, ਅਤੇ ਪਹਿਲੋਂ ਤਾਂ ਪ੍ਰੈਜ਼ੀਡੈਂਟ ਸਾਹਿਬ ਹੀ ਆਗਿਆ ਨਹੀਂ ਦੇਂਦੇ ਸਨ, ਪਰ ਬਹੁਤ ਸਾਰੇ ਮੈਂਬਰਾਂ ਰਲ ਕੇ ਕਿਹਾ, ਤਾਂ ਸੋਮਵਾਰ ਨੂੰ ਬਹਿਸ ਵਾਸਤੇ ਮਨਜ਼ੂਰੀ ਮਿਲੀ, ਪਰ ਫੇਰ ਅੰਗਰੇਜ਼ ਛੋਟੇ ਪ੍ਰਧਾਨ ਨੇ, ਜੋ ਕਿ ਉਸ ਵੇਲੇ ਪ੍ਰਧਾਨ ਦਾ ਕੰਮ ਕਰ ਰਿਹਾ ਸੀ, ਸੋਮਵਾਰ ਨੂੰ ਕੌਂਸਲ ਦੀ ਹੀ ਛੁੱਟੀ ਕਰ ਦਿੱਤੀ। ਹੋਮ ਮੈਂਬਰ ਨਵਾਬ ਛਤਾਰੀ ਦੇ ਬੂਹੇ 'ਤੇ ਜਾ ਪਿਟੇ, ਪਰ ਉਹਨਾਂ ਦੇ ਕੰਨ 'ਤੇ ਜੂੰ ਤੀਕ ਵੀ ਨਾ ਸਰਕੀ ਅਤੇ ਕੌਂਸਲ ਵਿਚ ਉਹਨਾਂ ਦੇ ਸੰਬੰਧ ਵਿਚ ਇਕ ਸ਼ਬਦ ਵੀ ਨਾ ਕਿਹਾ ਜਾ ਸਕਿਆ ਅਤੇ ਉਹ ਫਾਂਸੀ ਲਟਕਾ ਹੀ ਦਿੱਤੇ ਗਏ। ਇਸੇ ਗੁੱਸੇ ਨਾਲ, ਇਸੇ ਨੀਚਤਾ ਨਾਲ, ਰੂਸੀ ਜ਼ਾਰ ਅਤੇ ਫਰਾਂਸੀ ਲੂਇਸ ਬਾਦਸ਼ਾਹ ਹੋਣਹਾਰ ਨੌਜਵਾਨਾਂ ਨੂੰ ਫਾਹੇ ਲਾ-ਲਾ ਕੇ ਦਿਲਾਂ ਦੇ ਮੱਤੜੇ ਕੱਢਦੇ ਰਹੇ, ਪਰ ਉਹਨਾਂ ਦੇ ਰਾਜਾਂ ਦੀਆਂ ਨੀਹਾਂ ਖੋਖਲੀਆਂ ਹੋ ਗਈਆਂ ਤੇ ਤਖ਼ਤ ਉਲਟ ਗਏ। ਇਸੇ ਗ਼ਲਤ ਤਰੀਕੇ ਦਾ ਅੱਜ ਫੇਰ ਇਸਤੇਮਾਲ ਹੋ ਰਿਹਾ ਹੈ। ਦੇਖੀਏ ਜੇ ਐਤਕੀਂ ਇਨ੍ਹਾਂ ਦੀਆਂ ਹੀ ਮੁਰਾਦਾਂ ਬਰ ਆ ਸਕਣ। ਅਸੀਂ ਹੇਠਾਂ ਉਨ੍ਹਾਂ ਚੌਹਾਂ ਵੀਰਾਂ ਦੇ ਹਾਲਾਤ ਸੰਖੇਪ ਨਾਲ ਲਿਖਦੇ ਹਾਂ ਜਿਸ ਤੋਂ ਪਤਾ ਚਲੇਗਾ ਕਿ ਏਹ ਅਮੁੱਲੇ ਰਤਨ ਮੌਤ ਦੇ ਸਾਹਮਣੇ ਖਲੋ ਕੇ ਵੀ ਕਿਸ ਬਹਾਦਰੀ ਨਾਲ ਹੱਸ ਰਹੇ ਸਨ।

## ਸ੍ਰੀ ਰਾਜਿੰਦਰ ਨਾਥ ਲਹਿਰੀ !

ਆਪ ਹਿੰਦੂ ਯੂਨੀਵਰਸਿਟੀ ਬਨਾਰਸ ਦੇ ਐਮ.ਏ. ਦੇ ਵਿਦਿਆਰਥੀ ਸਨ। 1925 ਵਿਚ ਜੋ ਕਲਕੱਤੇ ਕੋਲ ਦਾ ਦਾਖਨੇਸ਼ਵਰ ਬੰਬ ਫੈਕਟਰੀ ਪਕੜੀ ਗਈ ਸੀ, ਉਸ ਵਿਚ ਆਪ ਵੀ ਫੜੇ ਗਏ ਸਨ ਅਤੇ ਆਪ ਨੂੰ ਸੱਤ ਸਾਲ ਦੀ ਕੈਦ ਹੋ ਗਈ ਸੀ। ਉੱਥੋਂ ਆਪ ਹੋਰਾਂ ਨੂੰ ਲਖਨਊ ਲਿਆਂਦਾ ਗਿਆ ਅਤੇ ਕਾਕੋਰੀ ਕੇਸ ਵਿਚ ਆਪ ਨੂੰ ਫ਼ਾਂਸੀ ਦੀ ਸਜ਼ਾ ਦੇ ਦਿੱਤੀ ਗਈ। ਬਾਰਾਂਬੰਕੀ ਜੇਲ੍ਹ ਅਤੇ ਗੌਂਡਾ ਜੇਲ੍ਹ ਵਿਚ ਆਪ ਨੂੰ ਰੱਖਿਆ ਗਿਆ ਸੀ। ਆਪ ਮੌਤ ਨੂੰ ਸਾਹਮਣੇ ਖਲੋਤੀ ਵੇਖ ਕੇ ਘਬਰਾਏ ਨਹੀਂ ਬਲਕਿ ਸਦਾ ਹੱਸਦੇ ਰਹਿੰਦੇ ਸਨ। ਆਪ ਦਾ ਸੁਭਾਅ ਬੜਾ ਹਾਸੇ ਦਾ ਅਤੇ ਨਿਰਭੈ ਸੀ। ਆਪ ਮੌਤ ਦਾ ਮਜ਼ਾਕ ਕਰਦੇ ਹੁੰਦੇ ਸਨ। ਆਪ ਦੇ ਦੋ ਪੱਤਰ ਸਾਡੇ ਸਾਹਮਣੇ ਹਨ। ਇਕ 6 ਅਕਤੂਬਰ ਨੂੰ ਉਦੋਂ ਲਿਖਿਆ ਸੀ ਜਦੋਂ ਵਾਇਸਰਾਏ ਨੇ ਰਹਿਮ ਦੀ ਦਰਖ਼ਾਸਤ ਨਾ-ਮਨਜ਼ੂਰ ਕੀਤੀ ਸੀ। ਆਪ ਲਿਖਦੇ ਹਨ :

ਛੇ ਮਹੀਨੇ ਬਾਰਾਂਬੰਕੀ ਅਤੇ ਗੌਂਡਾ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੰਦ ਰਹਿਣ ਤੋਂ ਬਾਅਦ ਅੱਜ ਮੈਨੂੰ ਦੱਸਿਆ ਹੈ ਕਿ ਇਕ ਹਫ਼ਤੇ ਦੇ ਅੰਦਰ ਅੰਦਰ ਫਾਂਸੀ ਦੇ ਦਿੱਤੀ ਜਾਵੇਗੀ, ਕਿਉਂਕਿ ਵਾਇਸਰਾਏ ਨੇ ਦਰਖ਼ਾਸਤ ਨਾ-ਮਨਜ਼ੂਰ ਕਰ ਦਿੱਤੀ ਹੈ। ਹੁਣ ਮੈਂ ਆਪਣਾ ਫਰਜ਼



Sri Satguru Jagjit Singh Ji Elibrary NamdhariElibrary@gmail.com

ਸਮਝਦਾ ਹਾਂ ਕਿ ਆਪਣੇ ਇਨ੍ਹਾਂ ਮਿੱਤਰਾਂ ਦਾ (ਇੱਥੇ ਉਨ੍ਹਾਂ ਦੇ ਨਾਮ ਹਨ) ਧੰਨਵਾਦ ਕਰ ਜਾਵਾਂ, ਜਿਨ੍ਹਾਂ ਮੇਰੇ ਵਾਸਤੇ ਬਹੁਤ ਸਾਰੀ ਕੋਸ਼ਿਸ਼ ਕੀਤੀ। ਤੁਸੀਂ ਮੇਰਾ ਆਖ਼ਰੀ ਨਮਸਕਾਰ ਕਬੂਲ ਕਰੋ। ਸਾਡੇ ਵਾਸਤੇ ਮਰਨਾ ਪੁਰਾਣੇ ਕੱਪੜੇ ਬਦਲਣ ਤੋਂ ਵਧੀਕ ਕੁਝ ਵੀ ਨਹੀਂ, (ਇਥੇ ਜੇਲ੍ਹ ਵਾਲਿਆਂ ਨੇ ਕੁਝ ਕੱਟ ਵੱਢ ਕੀਤੀ ਹੈ, ਜੋ ਬਿਲਕੁਲ ਪੜ੍ਹ ਨਹੀਂ ਹੁੰਦਾ) ਮੌਤ ਆ ਰਹੀ ਹੈ। ਹੱਸਦਾ ਹੱਸਦਾ ਬੜੀ ਖ਼ੁਸ਼ੀ ਤੇ ਚਾਵ ਦੇ ਨਾਲ ਮੈਂ ਉਸ ਨੂੰ ਘੁੱਟ ਕੇ ਜੱਫੀ ਪਾ ਲਵਾਂਗਾ। ਜੇਲ੍ਹ ਦੇ ਕਾਨੂੰਨ ਦੇ ਮੁਤਾਬਿਕ ਹੋਰ ਨਹੀਂ ਲਿਖ ਸਕਦਾ, ਤੁਹਾਨੂੰ ਨਮਸਕਾਰ, ਦੇਸ਼ ਦੇ ਦਰਦ-ਮੰਦਾਂ ਨੂੰ ਨਮਸਕਾਰ, ਬੰਦੇ ਮਾਤਰਮ।

ਆਪ ਦਾ

ਰਾਜਿੰਦਰ ਨਾਥ ਲਹਿਰੀ

ਫੇਰ ਇਸ ਖ਼ਤ ਦੇ ਬਾਅਦ ਹੀ ਫ਼ਾਂਸੀ ਨਹੀਂ ਹੋ ਸਕੀ, ਕਿਉਂਕਿ ਪ੍ਰਿਵੀ ਕੌਂਸਲ ਵਿਚ ਅਪੀਲ ਕੀਤੀ ਗਈ ਸੀ। ਦੂਜਾ ਪੱਤਰ ਆਪ ਨੇ 14 ਦਸੰਬਰ ਨੂੰ ਇਕ ਮਿੱਤਰ ਦੇ ਨਾਉਂ ਲਿਖਿਆ ਸੀ :

ਕੱਲ ਮੈਨੂੰ ਪਤਾ ਲੱਗਾ ਹੈ ਕਿ ਪ੍ਰੀਵੀ ਕੌਂਸਲ ਨੇ ਮੇਰੀ ਅਪੀਲ ਖਾਰਜ ਕਰ ਦਿੱਤੀ ਹੈ। ਤੁਸੀਂ ਸਾਨੂੰ ਬਚਾਉਣ ਦਾ ਬੜਾ ਯਤਨ ਕੀਤਾ ਪਰ ਮਾਲੂਮ ਹੁੰਦਾ ਹੈ ਕਿ ਦੇਸ਼ ਦੀ ਯਗਵੇਦੀ ਤੇ ਸਾਡੇ ਪ੍ਰਾਣਾਂ ਦੀ ਕੁਰਬਾਨੀ ਦੀ ਹੀ ਲੋੜ ਹੈ। ਮੌਤ ਕੀ ਹੈ? ਜੀਵਨ ਦੀ ਦੂਜੀ ਦਿਸ਼ਾ ਦੇ ਸਿਵਾਏ ਕੁਝ ਨਹੀਂ। ਜੀਵਨ ਕੀ ਹੈ? ਮੌਤ ਦੀ ਦੂਜੀ ਦਿਸ਼ਾ ਦਾ ਹੀ ਨਾਉਂ ਹੈ। ਫੇਰ ਡਰਨ ਦੀ ਕੀ ਲੋੜ ਹੈ? ਇਹ ਤਾਂ ਕੁਦਰਤੀ ਗੱਲ ਹੈ ਕਿ ਓਨੀ ਹੀ ਕੁਦਰਤੀ ਜਿੰਨਾ ਕਿ ਸਵੇਰੇ ਸੂਰਜ ਦਾ ਉੱਗਣਾ ਜੇ ਇਹ ਗੱਲ ਸੱਚ ਹੈ ਕਿ ਇਤਿਹਾਸ ਪਲਟਾ ਖਾਇਆ ਕਰਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਸਾਡੀ ਕੁਰਬਾਨੀ ਐਵੇਂ ਨਹੀਂ ਜਾਂਦੀ।

ਮੇਰਾ ਨਮਸਕਾਰ ਸਭ ਨੂੰ—ਅੰਤਮ ਨਮਸਕਾਰ।

ਆਪ ਦਾ—

ਰਾਜਿੰਦਰ ਨਾਥ ਲਹਿਰੀ

ਕਿੰਨਾ ਭੋਲਾ, ਕਿੰਨਾ ਸੋਹਣਾ ਅਤੇ ਨਿਰਭੈਤਾ ਭਰਿਆ ਖ਼ਤ ਹੈ ਅਤੇ ਕਿੰਨਾ ਭੋਲਾ ਇਹਨਾਂ ਦਾ ਲੇਖਕ ਹੈ? ਫੇਰ ਇਹਨਾਂ ਨੂੰ ਹੀ ਦੂਜਿਆਂ ਕੋਲੋਂ ਦੋ ਦਿਨਾਂ ਪਹਿਲੋਂ ਫ਼ਾਂਸੀ ਦੇ ਦਿੱਤੀ ਗਈ। ਫ਼ਾਂਸੀ ਦੇ ਵੇਲੇ ਆਪ ਦੇ ਹੱਥਕੜੀ ਪਹਿਨੌਣ ਦਾ ਬੰਦੋਬਸਤ ਕੀਤਾ ਜਾਣ ਲੱਗਾ, ਤੇ ਆਪ ਨੇ ਕਿਹਾ, ਕੀ ਲੋੜ ਹੈ ! ਤੁਸੀਂ ਮੈਨੂੰ ਰਾਹ ਦੱਸੀ ਜਾਉ ਮੈਂ ਆਪ ਹੀ ਉਧਰ ਨੂੰ ਚੱਲ ਪੈਂਦਾ ਹਾਂ। ਅਰਥੀ ਦਾ ਜਲੂਸ ਕੱਢਿਆ ਗਿਆ ਅਤੇ ਬੜੇ ਜੋਸ਼ ਨਾਲ ਅੰਤਮ ਕ੍ਰਿਆ ਕੀਤੀ ਗਈ। ਉੱਥੇ ਯਾਦਗਾਰ ਬਨਾਉਣ ਦੀ ਸਲਾਹ ਕੀਤੀ ਜਾਂਦੀ ਹੈ।

## ਸ੍ਰੀ ਰੋਸ਼ਨ ਸਿੰਘ ਜੀ !

ਆਪ ਨੂੰ 19 ਦਸੰਬਰ ਨੂੰ ਅਲਾਹਾਬਾਦ ਫ਼ਾਂਸੀ ਦਿੱਤੀ ਗਈ। ਉਨ੍ਹਾਂ ਦਾ ਇਕ ਆਖ਼ਰੀ ਖ਼ਤ 13 ਦਸੰਬਰ ਦਾ ਲਿਖਿਆ ਹੋਇਆ ਹੈ। ਆਪ ਲਿਖਦੇ ਹਨ—

ਇਸੇ ਹਫ਼ਤੇ ਵਿਚ ਫ਼ਾਂਸੀ ਹੋ ਜਾਵੇਗੀ ! ਈਸ਼ਵਰ ਅੱਗੇ ਬੇਨਤੀ ਹੈ ਕਿ ਤੁਹਾਡੇ ਪ੍ਰੇਮ ਦਾ ਤੁਹਾਨੂੰ ਬਦਲਾ ਦੇਵੇ। ਤੁਸੀਂ ਮੇਰੇ ਲਈ ਕੋਈ ਗ਼ਮ ਨਾ ਕਰਨਾ ਮੇਰੀ ਮੌਤ ਤਾਂ ਖ਼ੁਸ਼ੀ ਵਾਲੀ ਹੈ। ਚਾਹੀਦਾ ਤਾਂ ਇਹ ਹੈ ਕਿ ਕੋਈ ਬਦਫੈਲੀ ਕਰਕੇ ਬਦਨਾਮ ਹੋ ਕੇ ਨਾ ਮਰੇ ਅਤੇ ਅੰਤ ਵੇਲੇ ਈਸ਼ਵਰ ਯਾਦ ਰਹੇ। ਸੋ ਏਹ ਦੋਨੋਂ ਗੱਲਾਂ ਹਨ। ਇਸ ਲਈ ਕੋਈ ਗ਼ਮ ਨਹੀਂ ਕਰਨਾ ਚਾਹੀਦਾ।



Sri Satguru Jagjit Singh Ji Elibrary NamdhariElibrary@gmail.com

ਦੋ ਸਾਲ ਬਾਲ ਬੱਚਿਆਂ ਤੋਂ ਅਲੱਗ ਰਿਹਾ ਹਾਂ। ਈਸ਼ਵਰ ਦੇ ਭਜਨ ਦਾ ਖ਼ੂਬ ਮੌਕਾ ਮਿਲਿਆ। ਇਸ ਕਰਕੇ ਮੋਹ ਮਾਇਆ ਸਭ ਹਟ ਗਈ। ਹੁਣ ਕੋਈ ਚਾਹ ਬਾਕੀ ਨਹੀਂ। ਮੈਨੂੰ ਯਕੀਨ ਹੈ ਕਿ ਜੀਵਨ ਦੀ ਦੁੱਖ ਭਰੀ ਯਾਤਰਾ ਖ਼ਤਮ ਕਰਕੇ ਸੁੱਖ ਦੇ ਥਾਓਂ ਜਾ ਰਿਹਾ ਹਾਂ। ਸ਼ਾਸਤਰਾਂ ਵਿਚ ਲਿਖਿਆ ਹੈ ਕਿ ਯੁੱਧ ਵਿਚ ਮਰਨ ਵਾਲਿਆਂ ਦੀ ਰਿਸ਼ੀਆਂ ਵਰਗੀ ਹੀ ਰਹਿਤ ਹੁੰਦੀ ਹੈ।(ਇਥੋਂ ਕੱਟਿਆ ਹੋਇਆ ਹੈ।)

ਜ਼ਿੰਦਗੀ ਜ਼ਿੰਦਾ ਦਿਲੀ ਕੋ ਜਾਨਿਐ ਰੋਸ਼ਨ ! ਵਰਨਾ ਕਿਤਨੇ ਮਰੇ ਔਰ ਪੈਦਾ ਹੋਤੇ ਜਾਤੇ ਹੈਂ। ਆਖ਼ਰੀ ਨਮਸਤੇ।

ਸ੍ਰੀ ਰੋਸ਼ਨ ਸਿੰਘ ਰਾਏ ਬਰੇਲੀ ਦੇ ਕੰਮ ਕਰਨ ਵਾਲਿਆਂ ਵਿਚੋਂ ਸਨ। ਕ੍ਰਿਸਾਨ ਏਜੀਟੇਸਨ ਵਿਚ ਜੇਲ੍ਹ ਜਾ ਚੁੱਕੇ ਸਨ। ਸਭ ਨੂੰ ਯਕੀਨ ਸੀ ਕਿ ਹਾਈ ਕੋਰਟ ਵਿਚ ਆਪ ਦੀ ਮੌਤ ਦੀ ਸਜ਼ਾ ਹਟ ਜਾਵੇਗੀ ਕਿਉਂਕਿ ਆਪ ਦੇ ਖ਼ਿਲਾਫ਼ ਕੁਝ ਵੀ ਨਹੀਂ ਸੀ। ਪਰ ਫੇਰ ਵੀ ਉਹ ਅੰਗਰੇਜ਼-ਸ਼ਾਹੀ ਦੇ ਸ਼ਿਕਾਰ ਹੋ ਹੀ ਗਏ ਅਤੇ ਫ਼ਾਂਸੀ ਲਟਕਾ ਦਿੱਤੇ ਗਏ। ਤਖ਼ਤੇ 'ਤੇ ਖਲੋਣ ਪੁਰ ਆਪ ਦੇ ਮੂੰਹ ਤੋਂ ਜੋ ਆਵਾਜ਼ ਨਿਕਲੀ, ਉਹ ਇਹ ਸੀ।

"ਬੰਦੇ-ਮਾਤਰਮ"

ਆਪ ਦੀ ਅਰਥੀ ਦਾ ਜਲੂਸ ਨਾ ਕੱਢਣ ਦਿੱਤਾ ਗਿਆ। ਲਾਸ਼ ਦੀ ਫ਼ੋਟੋ ਲੈ ਕੇ ਦੁਪਹਿਰ ਨੂੰ ਆਪ ਦਾ ਦਾਹ ਸੰਸਕਾਰ ਕੀਤਾ ਗਿਆ।

## ਸ੍ਰੀ ਅਸ਼ਫਾਕ ਉੱਲਾ

ਏਹ ਮਸਤਾਨਾ ਕਵੀ ਵੀ ਹੈਰਾਨ ਕਰਨ ਵਾਲੀ ਖ਼ੁਸ਼ੀ ਨਾਲ ਫ਼ਾਂਸੀ ਚੜ੍ਹਿਆ। ਬੜਾ ਸੋਹਣਾ ਅਤੇ ਲੰਬਾ ਚੌੜਾ ਜਵਾਨ ਸੀ। ਜੇਹਲ ਵਿਚ ਕੁਝ ਮਾੜਾ ਹੋ ਗਿਆ ਸੀ। ਆਪ ਨੇ ਮੁਲਾਕਾਤ ਵੇਲੇ ਦੱਸਿਆ ਕਿ ਮਾੜਾ ਹੋਣ ਦਾ ਕਾਰਨ ਗ਼ਮ ਫ਼ਿਕਰ ਨਹੀਂ ਬਲਕਿ ਰੱਬ ਦੀ ਯਾਦ ਵਿਚ ਮਸਤ ਰਹਿਣ ਖ਼ਾਤਰ ਰੋਟੀ ਬਹੁਤ ਥੋੜ੍ਹੀ ਖਾਂਦਾ ਹਾਂ। ਫ਼ਾਂਸੀ ਤੋਂ ਇਕ ਦਿਨ ਪਹਿਲੋਂ ਆਪ ਦੀ ਮੁਲਾਕਾਤ ਹੋਈ। ਆਪ ਖ਼ੂਬ ਸਜੇ ਧਜੇ ਸਨ। ਬੜੇ ਬੜੇ ਵਾਲ ਵਾਹੇ ਹੋਏ ਖ਼ੂਬ ਸਜਦੇ ਸਨ। ਬੜੇ ਹੱਸ ਹੱਸ ਕੇ ਗੱਲਾਂ ਕਰਦੇ ਰਹੇ, ਆਪ ਨੇ ਕਿਹਾ ਕੱਲ ਮੇਰੀ ਸ਼ਾਦੀ ਹੋਣ ਵਾਲੀ ਹੈ। ਦੂਜੇ ਦਿਨ ਸਵੇਰੇ 6 ਵਜੇ ਆਪ ਨੂੰ ਫਾਂਸੀ ਦਿੱਤੀ ਗਈ। ਕੁਰਾਨ ਸ਼ਰੀਫ ਦਾ ਬਸਤਾ ਲਟਕਾ ਕੇ, ਹਾਜੀਆਂ ਦੀ ਤਰ੍ਹਾਂ ਵਜ਼ੀਫਾ ਪੜ੍ਹਦੇ ਹੋਏ ਬੜੇ ਹੌਸਲੇ ਨਾਲ ਤੁਰ ਪਏ। ਅੱਗੇ ਜਾ ਕੇ ਤਖ਼ਤੇ ਉੱਤੇ ਰੱਸੀ ਨੂੰ ਚੁੰਮ ਲਿਆ। ਆਪ ਨੇ ਉੱਥੇ ਕਿਹਾ—

"ਮੈਂ ਕਦੇ ਕਿਸੇ ਆਦਮੀ ਦੇ ਖ਼ੂਨ ਨਾਲ ਆਪਣੇ ਹੱਥ ਨਹੀਂ ਰੰਗੇ ਅਤੇ ਮੇਰਾ ਇਨਸਾਫ਼ ਖ਼ੁਦਾ ਦੇ ਸਾਹਮਣੇ ਹੋਵੇਗਾ। ਮੇਰੇ ਉੱਤੇ ਲਾਏ ਗਏ ਸਭੇ ਇਲਜ਼ਾਮ ਗ਼ਲਤ ਹਨ" ਖ਼ੁਦਾ ਦਾ ਨਾਮ ਲੈਂਦਿਆਂ ਰੱਸੀ ਖਿੱਚੀ ਗਈ ਅਤੇ ਉਹ ਕੂਚ ਕਰ ਗਏ। ਉਹਨਾਂ ਦੇ ਰਿਸ਼ਤੇਦਾਰਾਂ ਨੇ ਬੜੀ ਮਿੰਨਤ ਤਰਲੇ ਕਰਕੇ ਉਹਨਾਂ ਦੀ ਲਾਸ਼ ਲਈ ਅਤੇ ਉਹਨੂੰ ਸ਼ਾਹਜਹਾਨ ਪੁਰ ਨੂੰ ਲਿਆਏ। ਲਖਨਊ ਸਟੇਸ਼ਨ 'ਤੇ ਮਾਲ ਗੱਡੀ ਦੇ ਇਕ ਡੱਬੇ ਵਿਚ ਉਹਨਾਂ ਦੀ ਲਾਸ਼ ਨੂੰ ਦੇਖਣ ਦਾ ਮੌਕਾ ਕੁਝ ਸੱਜਣਾਂ ਨੂੰ ਮਿਲਿਆ ਸੀ। ਫ਼ਾਂਸੀ ਦੇ ਦਸ ਘੰਟੇ ਬਾਅਦ ਵੀ ਚੇਹਰੇ 'ਤੇ ਉਸੇ ਤਰ੍ਹਾਂ ਰੌਣਕ ਸੀ। ਏਹ ਮਾਲੂਮ ਹੁੰਦਾ ਸੀ। ਹੁਣੇ ਜਿਹੇ ਹੀ ਸੌਂ ਗਏ ਹਨ। ਪਰ ਅਸ਼ਫਾਕ ਹੋਰੀਂ ਤਾਂ ਐਸੀ ਨੀਂਦ ਸੌਂ ਚੁੱਕੇ ਸਨ, ਜਿੱਥੋਂ ਉਨ੍ਹਾਂ ਕਦੇ ਵੀ ਨਹੀਂ ਜਾਗਣਾ। ਅਸ਼ਫਾਕ ਸ਼ਾਇਰ ਸੀ ਉਨ੍ਹਾਂ ਦਾ ਤਖ਼ੱਲੁਸ ਹਸਰਤ ਸੀ। ਮਰਨ ਤੋਂ ਪਹਿਲੋਂ ਆਪ ਨੇ ਦੋ ਸ਼ੇਅਰ ਕਹੇ ਸਨ—

"ਫਨਾਹ ਹੈ ਸਭਕੇ ਲੀਏ, ਹਮ ਪੈ ਕੁਛ ਨਹੀਂ ਮੌਕੂਫ਼ ! ਬਕਾ ਹੈ ਏਕ ਫਕਤ ਜਾਤੇ ਕਿ ਬ੍ਰਿਆ ਕੇ ਲੀਏ !!"



Sri Satguru Jagjit Singh Ji Elibrary NamdhariElibrary@gmail.com

(ਨਾਸ਼ ਤਾਂ ਸਭ ਦਾ ਹੀ ਹੋਣਾ ਹੈ, ਕੋਈ ਸਾਡੇ ਕੌਲਿਆਂ ਵਾਸਤੇ ਹੀ ਥੋੜਾ ਹੈ। ਨਾ ਮਰਨ ਵਾਲਾ ਤਾਂ ਕੇਵਲ ਇਕ ਪਰਮਾਤਮਾ ਹੈ) ਅਤੇ—

"ਤੰਗ ਆ ਕਰ ਹਮ ਭੀ ਉਨਕੇ ਜ਼ੁਲਮ ਸੇ, ਬੇਦਾਦ ਸੇ, ਚਲ ਦੀਏ ਸੂਏ ਅਦਮ ਜ਼ਿੰਦਾਨੇ ਫੈਜ਼ਾਬਾਦ ਸੇ।" ਸ੍ਰੀ ਅਸ਼ਫਾਕ ਵੱਲੋਂ ਇਕ ਮਾਫ਼ੀਨਾਮਾ ਛਪਿਆ ਸੀ। ਉਸ ਦੇ ਸੰਬੰਧ ਵਿਚ ਸ੍ਰੀ ਰਾਮ ਪਰਸਾਦ ਜੀ ਨੇ ਆਪਣੇ ਆਖ਼ਰੀ ਐਲਾਨ ਵਿਚ ਉਨ੍ਹਾਂ ਦੀ ਪੋਜ਼ੀਸ਼ਨ ਸਾਫ਼ ਕਰ ਦਿੱਤੀ ਹੈ। ਆਪ ਕਹਿੰਦੇ ਹਨ ਕਿ ਅਸ਼ਫਾਕ ਮਾਫ਼ੀਨਾਮਾ ਤਾਂ ਕੀ ਅਪੀਲ ਵਾਸਤੇ ਵੀ ਰਾਜ਼ੀ ਨਹੀਂ ਸਨ। ਆਪ ਨੇ ਕਿਹਾ ਸੀ, ਮੈਂ ਖ਼ੁਦਾ ਤੋਂ ਸਿਵਾ ਕਿਸੇ ਅੱਗੇ ਝੁਕਣਾ ਨਹੀਂ ਚਾਹੁੰਦਾ। ਪਰੰਤੂ ਰਾਮ ਪ੍ਰਸ਼ਾਦ ਹੋਰਾਂ ਦੇ ਕਹਿਣ ਸੁਣਨ ਤੇ ਆਪ ਹੋਰਾਂ ਉਹ ਸਭ ਕੁਝ ਲਿਖਿਆ ਸੀ। ਵਰਨਾ ਮੌਤ ਦਾ ਉਨ੍ਹਾਂ ਨੂੰ ਕੋਈ ਡਰ ਜਾਂ ਭੈਅ ਨਹੀਂ ਸੀ। ਉੱਪਰ ਲਿਖਿਆ ਹਾਲ ਪੜ੍ਹ ਕੇ ਵੀ ਪਾਠਕ ਇਹ ਗੱਲ ਸਮਝ ਸਕਦੇ ਹਨ। ਆਪ ਸ਼ਾਹਜਹਾਨ ਪੁਰ ਦੇ ਰਹਿਣ ਵਾਲੇ ਸਨ ਅਤੇ ਆਪ ਸ੍ਰੀ ਰਾਮ ਪ੍ਰਸ਼ਾਦ ਦੀ ਜੇ ਸੱਜੇ ਹੱਥ ਸਨ। ਮੁਸਲਮਾਨ ਹੋਣ ਦੇ ਬਾਵਜੂਦ ਆਪ ਦਾ ਕੱਟੜ ਆਰੀਆ ਸਮਾਜੀ ਨਾਲ ਹੱਦ ਦਰਜੇ ਦਾ ਪ੍ਰੇਮ ਸੀ। ਦੋਨੋਂ ਪ੍ਰੇਮੀ ਇਕੋ ਬੜੇ ਕੰਮ ਵਾਸਤੇ ਆਪਣੇ ਪ੍ਰਾਣ ਤਿਆਗ ਕੇ ਅਮਰ ਹੋ ਗਏ।

## ਸ੍ਰੀ ਰਾਮ ਪ੍ਰਸ਼ਾਦ 'ਬਿਸਮਿਲ'

ਸ੍ਰੀ ਰਾਮ ਪ੍ਰਸ਼ਾਦ 'ਬਿਸਮਿਲ' ਬੜੇ ਹੋਣਹਾਰ ਨੌਜਵਾਨ ਸਨ। ਗ਼ਜ਼ਬ ਦੇ ਸ਼ਾਇਰ ਸਨ। ਦੇਖਣ ਨੂੰ ਵੀ ਡਾਢੇ ਸੋਹਣੇ ਸਨ। ਲਾਇਕ ਬਹੁਤ ਸਨ। ਜਾਨਣ ਵਾਲੇ ਕਹਿੰਦੇ ਹਨ ਕਿਸੇ ਹੋਰ ਥਾਂ, ਕਿਸੇ ਹੋਰ ਦੇਸ਼ ਜਾਂ ਕਿਸੇ ਹੋਰ ਵੇਲੇ ਪੈਦਾ ਹੋਏ ਹੁੰਦੇ ਤਾਂ ਫ਼ੌਜਾਂ ਦੇ ਜਰਨੈਲ ਬਣਦੇ। ਆਪ ਨੂੰ ਸਾਰੀ ਸਾਜ਼ਿਸ਼ ਦਾ ਨੇਤਾ ਮੰਨਿਆ ਗਿਆ ਹੈ। ਬਹੁਤ ਜ਼ਿਆਦਾ ਭਾਵੇਂ ਨਹੀਂ ਸੀ ਪੜ੍ਹੇ ਹੋਏ ਪਰ ਫੇਰ ਵੀ, ਪੰਡਤ ਜਗਤ ਨਾਰਾਇਣ ਵਰਗੇ ਸਰਕਾਰੀ ਵਕੀਲ ਦੀ ਸੁੱਧ ਬੁੱਧ ਭੁਲਾ ਦੇਂਦੇ ਸਨ। ਫਰੀਦਕੋਟ ਵਿਚ ਆਪਣੀ ਅਪੀਲ ਆਪ ਹੀ ਲਿਖੀ ਸੀ ਜਿਸ ਤੋਂ ਕਿ ਜੱਜਾਂ ਨੂੰ ਕਹਿਣਾ ਪਿਆ ਕਿ ਇਸ ਦੇ ਲਿਖਣ ਵਿਚ ਜ਼ਰੂਰ ਹੀ ਕਿਸੇ ਬੜੇ ਸਿਆਣੇ ਅਤੇ ਲਾਇਕ ਆਦਮੀ ਦਾ ਹੱਥ ਹੈ।

19 ਤਾਰੀਖ ਨੂੰ ਆਪ ਨੂੰ ਫਾਂਸੀ ਲਟਕਾਇਆ ਗਿਆ ਸੀ। 17 ਦੀ ਸ਼ਾਮ ਨੂੰ ਹੀ ਆਪ ਨੂੰ ਜਦ ਦੁੱਧ ਦਿੱਤਾ ਗਿਆ, ਤਾਂ ਆਪ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਹੁਣ ਮੈਂ ਮਾਂ ਦਾ ਹੀ ਦੁੱਧ ਪੀਵਾਂਗਾ। 18 ਨੂੰ ਆਪ ਦੀ ਮੁਲਾਕਾਤ ਹੋਈ। ਮਾਂ ਨੂੰ ਮਿਲਣ ਵੇਲੇ ਆਪ ਦੀਆਂ ਅੱਖੀਆਂ ਵਿਚੋਂ ਅੱਥਰੂ ਕਿਰ ਪਏ। ਮਾਂ ਇਕ ਬੜੀ ਹੌਸਲੇ ਵਾਲੀ ਦੇਵੀ ਸੀ। ਆਪ ਨੂੰ ਕਹਿਣ ਲੱਗੀ। ਹਰੀਸ਼ ਚੰਦਰ ਦੁਧੀਚੀ ਆਦਿ ਬਜ਼ੁਰਗਾਂ ਵਾਂਗੂੰ ਬੀਰਤਾ ਨਾਲ ਧਰਮ ਅਤੇ ਦੇਸ਼ ਵਾਸਤੇ ਜਾਨ ਦੇਹ, ਚਿੰਤਾ ਕਰਨ ਅਤੇ ਪਛਤੌਣ ਦੀ ਲੋੜ ਨਹੀਂ। ਆਪ ਹੱਸ ਪਏ। ਕਿਹਾ 'ਮਾਂ ! ਮੈਨੂੰ ਚਿੰਤਾ ਕਾਹਦੀ ਅਤੇ ਪਛਤਾਵਾ ਕਾਹਦਾ, ਮੈਂ ਕੋਈ ਪਾਪ ਨਹੀਂ ਕੀਤਾ। ਮੈਂ ਮੌਤ ਤੋਂ ਨਹੀ ਡਰਦਾ। ਪਰ ਮਾਂ ! ਅੱਗ ਕੋਲ ਰੱਖਿਆ ਘਿਉ ਪੰਘਰ ਹੀ ਪੈਂਦਾ ਹੈ। ਤੇਰਾ ਮੇਰਾ ਸਬੰਧ ਹੀ ਕੁਝ ਐਸਾ ਹੈ ਕਿ ਪਾਸ ਹੁੰਦਿਆਂ ਸਾਰ ਹੀ ਅੱਖੀਆਂ ਵਿਚੋਂ ਹੰਝੂ ਡਿੱਗ ਪਏ। ਨਹੀਂ ਤਾਂ ਮੈਂ ਤਾਂ ਬੜਾ ਖ਼ੁਸ਼ ਹਾਂ। ਫ਼ਾਂਸੀ ਵਾਸਤੇ ਲੈ ਜਾਣ ਵੇਲੇ ਆਪ ਨੇ ਜ਼ੋਰ ਨਾਲ ਕਿਹਾ, ਬੰਦੇ-ਮਾਤਰਮ "ਭਾਰਤ ਮਾਤਾ ਕੀ ਜੈ" ਅਤੇ ਸ਼ਾਂਤੀ ਨਾਲ ਚਲਦਿਆਂ ਹੋਇਆਂ ਕਿਹਾ—

ਮਾਲਕ ਤੇਰੀ ਰਜ਼ਾ ਰਹੇ ਔਰ ਤੂਹੀਂ ਤੂੰ ਰਹੇ ! ਬਾਕੀ ਨਾ ਮੈਂ ਰਹੂੰ ਨਾ ਮੇਰੀ ਆਰਜ਼ੂ ਰਹੇ।
ਜਬ ਤਕ ਕਿ ਤਨ ਮੇਂ ਜਾਨ ਰਗੋ ਮੇਂ ਲਹੂ ਰਹੇ। ਤੇਰਾ ਹੀ ਜ਼ਿਕਰ, ਤੇਰੀ ਹੀ ਜੁਸਤਜੂ ਰਹੇ।

ਫ਼ਾਂਸੀ ਦੇ ਤਖ਼ਤੇ 'ਤੇ ਖਲੋ ਕੇ ਆਪ ਨੇ ਕਿਹਾ—



Sri Satguru Jagjit Singh Ji Elibrary NamdhariElibrary@gmail.com

"I wish the down fall of the British Empire."
(ਮੈਂ ਬ੍ਰਿਟਿਸ਼ ਐਮਪਾਇਰ ਦੇ ਤਬਾਹ ਹੋਣ ਦੀ ਖ਼ਾਹਸ਼ ਕਰਦਾ ਹਾਂ।)
ਫੇਰ ਇਹ ਸ਼ੇਅਰ ਪੜ੍ਹਿਆ—
ਅਬ ਨਾ ਅਗਲੇ ਵਲਵਲੇ ਹੈਂ,
ਔਰ ਨਾ ਅਰਮਾਨੋਂ ਕੀ ਭੀੜ !
ਏਕ ਮਿਟ ਜਾਨੇ ਕੀ ਹਸਰਤ,
ਅਬ ਦਿਲੇ ਬਿਸਮਿਲ ਮੇਂ ਹੈ !

ਫੇਰ ਈਸ਼ਵਰ ਅੱਗੇ ਪ੍ਰਾਰਥਨਾ ਕੀਤੀ ਅਤੇ ਇਕ ਮੰਤਰ ਪੜ੍ਹਨਾ ਸ਼ੁਰੂ ਕੀਤਾ। ਰੱਸੀ ਖਿੱਚੀ ਗਈ। ਰਾਮ ਪ੍ਰਸ਼ਾਦ ਜੀ ਫ਼ਾਂਸੀ ਲਟਕ ਗਏ। ਅੱਜ ਉਹ ਵੀਰ ਇਸ ਸੰਸਾਰ ਵਿਚ ਨਹੀਂ। ਉਸ ਨੂੰ ਅੰਗਰੇਜ਼ੀ ਸਰਕਾਰ ਨੇ ਆਪਣਾ ਖ਼ੌਫ਼ਨਾਕ ਦੁਸ਼ਮਣ ਸਮਝਿਆ। ਆਮ ਖ਼ਿਆਲ ਹੈ ਕਿ ਉਸ ਦਾ ਕਸੂਰ ਏਹੋ ਸੀ ਕਿ ਉਹ ਏਸ ਗ਼ੁਲਾਮ ਦੇਸ਼ ਵਿਚ ਜੰਮ ਕੇ ਵੀ ਇਕ ਬੜਾ ਭਾਰੀ ਯੋਧਾ ਬਣ ਗਿਆ ਸੀ, ਅਤੇ ਲੜਾਈ ਦੇ ਸਾਰੇ ਇਲਮ ਤੋਂ ਹੀ ਖ਼ੂਬ ਵਾਕਿਫ਼ ਸੀ। ਆਪ ਨੂੰ ਮੈਨਪੁਰੀ ਸਾਜ਼ਿਸ਼ ਦੇ ਲੀਡਰ ਸ੍ਰੀ ਗੇਂਦਾ ਲਾਲ ਦੀਖਸ਼ਿਤ ਜਿਹੇ ਸੂਰਬੀਰ ਨੇ ਖ਼ਾਸ ਤੌਰ 'ਤੇ ਸਿੱਖਿਆ ਦੇ ਕੇ ਤਿਆਰ ਕੀਤਾ ਹੋਇਆ ਸੀ। ਮੈਨਪੁਰੀ ਦੇ ਮੁਕੱਦਮੇ ਦੇ ਵੇਲੇ ਆਪ ਦੌੜ ਕੇ ਨਿਪਾਲ ਚਲੇ ਗਏ ਸਨ। ਹੁਣ ਉਹੋ ਵਿਦਯਾ ਹੀ ਆਪ ਦੀ ਮੌਤ ਦੀ ਇਕ ਬੜੀ ਵਜਾਹ ਹੋ ਗਈ। 7 ਵਜੇ ਆਪ ਦੀ ਲਾਸ਼ ਮਿਲੀ ਤੇ ਬੜਾ ਭਾਰੀ ਜਲੂਸ ਨਿਕਲਿਆ। 'ਸਵਦੇਸ਼ ਪ੍ਰੇਮ' ਕੋਲ ਆਪ ਦੀ ਮਾਤਾ ਨੇ ਕਿਹਾ—

"ਮੈਂ ਆਪਣੇ ਪੁੱਤਰ ਦੀ ਇਸ ਮੌਤ ਤੋਂ ਖ਼ੁਸ਼ ਹਾਂ, ਦੁੱਖੀ ਨਹੀਂ, ਮੈਂ ਸ੍ਰੀ ਰਾਮ ਚੰਦਰ ਜੀ ਵਰਗਾ ਹੀ ਪੁੱਤਰ ਚਾਹੁੰਦੀ ਸਾਂ। ਬੋਲੋ ਸ੍ਰੀ ਰਾਮ ਚੰਦਰ ਜੀ ਕੀ ਜੈ।"

ਇਤਰ ਫੁਲੇਲ ਅਤੇ ਫੁੱਲਾਂ ਦੀ ਵਰਖਾ ਵਿਚ ਉਹਨਾਂ ਦੀ ਲਾਸ਼ ਦਾ ਜਲੂਸ ਜਾ ਰਿਹਾ ਸੀ। ਦੁਕਾਨਦਾਰਾਂ ਨੇ ਉਹਨਾਂ ਉੱਤੋਂ ਦੀ ਪੈਸੇ ਸੁੱਟੇ। 11 ਵਜੇ ਆਪ ਦੀ ਲਾਸ਼ ਸ਼ਮਸ਼ਾਨ ਭੂਮੀ ਵਿਖੇ ਪੁੱਜੀ ਅਤੇ ਅੰਤਮ ਕ੍ਰਿਆ ਸਮਾਪਤ ਕੀਤੀ ਗਈ।

ਆਪ ਦੇ ਆਖ਼ਰੀ ਪੱਤਰ ਦਾ ਕੁਝ ਹਿੱਸਾ ਆਪ ਦੀ ਭੇਟਾ ਕੀਤਾ ਜਾਂਦਾ ਹੈ—

"ਮੈਂ ਖ਼ੂਬ ਸੁਖੀ ਹਾਂ। 19 ਤਾਰੀਖ ਨੂੰ ਸਵੇਰੇ ਜੋ ਹੋਣਾ ਹੈ ਉਸ ਵਾਸਤੇ ਤਿਆਰ ਹਾਂ। ਪਰਮਾਤਮਾ ਕਾਫੀ ਸ਼ਕਤੀ ਬਖਸ਼ਣਗੇ। ਮੇਰਾ ਯਕੀਨ ਹੈ ਕਿ ਮੈਂ ਲੋਕਾਂ ਦੀ ਸੇਵਾ ਲਈ ਫੇਰ ਜਲਦੀ ਹੀ ਜਨਮ ਲਵਾਂਗਾ। ਸਭਨਾਂ ਨੂੰ ਮੇਰਾ ਨਮਸਤੇ ਕਹਿ ਦੇਣਾ। ਦਯਾ ਕਰਕੇ ਇਤਨਾ ਕੰਮ ਹੋਰ ਵੀ ਕਰਨਾ ਕਿ ਮੇਰਾ ਪੰਡਤ ਜਗਤ ਨਾਰਾਇਣ (ਸਰਕਾਰੀ ਵਕੀਲ ਜਿਸ ਇਹਨਾਂ ਨੂੰ ਫ਼ਾਂਸੀ ਦਵਾਉਣ ਲਈ ਬੜਾ ਜ਼ੋਰ ਲਾਇਆ ਸੀ) ਨੂੰ ਅੰਤਮ ਨਮਸਕਾਰ ਕਹਿ ਦੇਣਾ। ਉਹਨਾਂ ਨੂੰ ਸਾਡੇ ਲਹੂ ਭਰੇ ਰੁਪੈ ਨਾਲ ਚੈਨ ਦੀ ਨੀਂਦ ਆਵੇ। ਬੁਢਾਪੇ ਵਿਚ ਪਰਮਾਤਮਾ ਉਹਨਾਂ ਨੂੰ ਸੁਮਤ ਦੇਵੇ।"

ਰਾਮ ਪ੍ਰਸ਼ਾਦ ਜੀ ਦੀਆਂ ਸਾਰੀਆਂ ਹਸਰਤਾਂ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ। ਆਪ ਨੇ ਇਕ ਲੰਮਾ ਚੌੜਾ ਐਲਾਨ ਕੀਤਾ ਹੈ ਜਿਸ ਦਾ ਸੰਖੇਪ ਅਸੀਂ ਦੂਜੀ ਥਾਂ ਦਿੰਦੇ ਹਾਂ। ਫ਼ਾਂਸੀ ਤੋਂ ਦੋ ਦਿਨ ਪਹਿਲੋਂ ਸੀ.ਆਈ.ਡੀ. ਦੇ ਮਿ. ਹੈਮਲਟਨ ਆਪ ਹੋਰਾਂ ਦੀਆਂ ਮਿੰਨਤਾਂ ਕਰਦੇ ਰਹੇ ਕਿ ਤੁਸੀਂ ਜ਼ਬਾਨੀ ਸਭ ਕੁਝ ਦੱਸ ਦੇਵੋ ਅਤੇ ਤੁਸਾਂ ਨੂੰ ਪੰਜ ਹਜ਼ਾਰ ਨਕਦ ਦੇ ਦਿੱਤਾ ਜਾਵੇ ਅਤੇ ਸਰਕਾਰੀ ਖ਼ਰਚ 'ਤੇ ਵਲੈਤ ਭੇਜ ਕੇ ਬੈਰਿਸਟਰੀ ਪੜ੍ਹਾਈ ਜਾਵੇਗੀ। ਪਰ ਆਪ ਇਹਨਾਂ



Sri Satguru Jagjit Singh Ji Elibrary NamdhariElibrary@gmail.com

ਗੱਲਾਂ ਦੀ ਕੀ ਪਰਵਾਹ ਕਰਦੇ ਸਨ। ਆਪ ਹਕੂਮਤਾਂ ਨੂੰ ਠੁਕਰੌਣ ਵਾਲੇ ਕਦੇ-ਕਦੇ ਜਨਮ ਲੈਣ ਵਾਲੇ ਵੀਰਾਂ 'ਚੋਂ ਸਨ। ਮੁਕੱਦਮੇ ਦੇ ਦਿਨਾਂ ਵਿਚ ਆਪ ਨੂੰ ਜੱਜ ਨੇ ਪੁੱਛਿਆ ਸੀ, "ਤੁਹਾਡੇ ਪਾਸ ਕੀ ਡਿਗਰੀ ਹੈ?" ਤਾਂ ਆਪ ਨੇ ਹੱਸ ਕੇ ਜਵਾਬ ਦਿੱਤਾ ਸੀ। "ਸ਼ਾਹਨਸ਼ਾਹ ਬਨਾਉਣ ਵਾਲਿਆਂ ਨੂੰ ਡਿਗਰੀਆਂ ਦੀ ਕੋਈ ਲੋੜ ਨਹੀਂ ਹੁੰਦੀ। ਕਲਾਇਵ ਪਾਸ ਵੀ ਕੋਈ ਡਿਗਰੀ ਨਹੀਂ ਸੀ।" ਅੱਜ ਉਹ ਵੀਰ ਸਾਡੇ ਵਿਚ ਨਹੀਂ ਹਨ ! ਆਹ !!

"ਵਿਦਰੋਹੀ"

* * *

## 12. ਕਾਕੋਰੀ ਦੇ ਸ਼ਹੀਦਾਂ ਲਈ ਪ੍ਰੇਮ ਦੇ ਹੰਝੂ !

[ਜਨਵਰੀ 1928 ਦੇ ਕਿਰਤੀ ਨੇ ਕਾਕੋਰੀ ਦੇ ਸ਼ਹੀਦਾਂ ਬਾਰੇ ਇਕ ਸੰਪਾਦਕੀ ਨੋਟ ਵੀ ਛਾਪਿਆ, ਇਹ ਸ਼ਹੀਦ ਭਗਤ ਸਿੰਘ ਦਾ ਲਿਖਿਆ ਤਾਂ ਨਹੀਂ ਪਰ ਉਨ੍ਹਾਂ ਦੇ ਦੂਸਰੇ ਸਾਥੀਆਂ ਸ਼ਹੀਦ ਭਗਵਤੀ ਚਰਨ ਵੋਹਰਾ ਦਾ ਹੋ ਸਕਦਾ ਹੈ। ਖ਼ੈਰ ਇਹ ਵੀ ਇਤਿਹਾਸਕ ਦਸਤਾਵੇਜ਼ ਹੈ, ਪ੍ਰੇਸ਼ ਕਰ ਰਹੇ ਹਾਂ। —ਸੰਪਾਦਕ]

ਕਾਕੋਰੀ ਕੇਸ ਦੇ ਚਹੁੰ ਬੀਰਾਂ ਨੂੰ ਫ਼ਾਂਸੀ 'ਤੇ ਲਟਕਾ ਦਿੱਤਾ ਗਿਆ ! ਉਹ ਲਾਡਾਂ-ਪਲੇ ਸੂਰਬੀਰ ਹਸੂੰ ਹਸੂੰ ਕਰਦੇ ਸ਼ਹਾਦਤ ਪ੍ਰਾਪਤ ਕਰ ਗਏ ! ਭਾਰਤ ਮਾਤਾ ਦੇ ਚਾਰ ਸਪੁੱਤਰ ਆਪਣੇ ਸੀਸ ਦੇਸ਼ ਤੇ ਕੌਮ ਦੇ ਅਰਪਣ ਕਰ ਗਏ ! ਉਹਨਾਂ ਨੇ ਆਪਣੀ ਪਰਿਤਿੱਗਿਆ, ਆਪਣਾ ਫਰਜ਼ ਪੂਰਾ ਕਰ ਦਿੱਤਾ ! ਉਹ ਇਸ ਪੰਜ ਭੌਤਿਕ ਸਰੀਰ ਦੀ ਕੈਦ ਵਿਚੋਂ ਆਜ਼ਾਦ ਹੋ ਗਏ ਅਤੇ ਸਾਨੂੰ ਗ਼ੁਲਾਮਾਂ ਨੂੰ ਆਪਣੀ ਗ਼ੁਲਾਮੀ ਦੇ ਦੁਖੜੇ ਰੋਣ ਲਈ ਪਿੱਛੇ ਛੱਡ ਗਏ !!!

ਜਿਸ ਦੇਸ਼ ਵਿਚ ਦੇਸ਼-ਭਗਤੀ ਗੁਨਾਹ ਸਮਝਿਆ ਜਾਂਦਾ ਹੋਵੇ, ਜਿਸ ਮੁਲਕ ਵਿਚ ਆਜ਼ਾਦੀ ਦੀ ਖ਼ਾਹਸ਼ ਕਰਨਾ ਬਗ਼ਾਵਤ ਸਮਝਿਆ ਜਾਂਦਾ ਹੋਵੇ, ਜਿਥੇ ਲੋਕ-ਭਲੇ ਦੀ ਸਜ਼ਾ ਮੌਤ ਹੋਵੇ, ਜਿਥੇ ਕੌਮ-ਭਗਤਾਂ ਦੇ ਗਲ ਵਿਚ ਫ਼ਾਂਸੀ ਦਾ ਰੱਸਾ ਪਾਇਆ ਜਾਂਦਾ ਹੋਵੇ, ਉਸ ਮੁਲਕ ਦੀ ਹਾਲਤ ਖ਼ਿਆਲ ਵਿਚ ਭਾਵੇਂ ਆ ਜਾਵੇ, ਪਰ ਬਿਆਨ ਨਹੀਂ ਕੀਤੀ ਜਾ ਸਕਦੀ ਹੈ ! ਕਿਸੇ ਮੁਲਕ ਦੀ ਅਧੋਗਤੀ ਇਸ ਤੋਂ ਵਧੀਕ ਹੋਰ ਕੀ ਹੋ ਸਕਦੀ ਹੈ ! ਪਰ ਜਿਸ ਮੁਲਕ ਵਿਚ ਇਹ ਅਨਿਆਂ ਨਿਤਾਪ੍ਰਤੀ ਹੁੰਦੇ ਹੋਣ, ਜਿਥੇ ਇਹੋ ਜੇਹੇ ਅਤਿਆਚਾਰ ਦਿਨ ਪਰ ਦਿਨ ਹੀ ਹੁੰਦੇ ਰਹਿੰਦੇ ਹੋਣ, ਜੇ ਉੱਥੋਂ ਦੇ ਵਸਨੀਕ ਏਹੋ ਜੇਹੇ ਅਨਿਆਂ, ਏਹੋ ਜਿਹੇ ਜ਼ੁਲਮ ਦੇ ਬਰਖ਼ਿਲਾਫ ਆਵਾਜ਼ ਉਠਾਉਣੀ ਤਾਂ ਕਿਤੇ ਰਹੀ, ਇਕ ਹਾਅ ਵੀ ਨਾ ਭਰ ਸਕਦੇ ਹੋਣ, ਤਾਂ ਉਸ ਦੇਸ਼ ਦੇ ਵਸਨੀਕਾਂ ਦੀ ਹਾਲਤ ਕੇਹੋ ਜੇਹੀ ਹੋਵੇਗੀ ?

ਹਿੰਦੋਸਤਾਨ ਗ਼ੁਲਾਮ ਹੈ ! ਇਸ ਦੀ ਵਾਗ-ਡੋਰ ਵਿਦੇਸ਼ੀਆਂ ਦੇ ਹੱਥ ਵਿਚ ਹੈ। ਇਸ ਨਾਲ ਪ੍ਰੇਮ ਕਰਨਾ ਮੌਤ ਨੂੰ 'ਵਾਜ਼ਾਂ ਮਾਰਨੀਆਂ ਹਨ ! ਇਸ ਦੀ ਆਜ਼ਾਦੀ ਦੇ ਸੁਫਨੇ ਵੇਖਣਾ ਘਰ ਘਾਟ, ਬਾਲ ਬੱਚੇ ਛੱਡ ਕੇ ਜਲਾਵਤਨੀ ਦੀ ਜ਼ਿੰਦਗੀ ਗੁਜ਼ਾਰਨਾ ਹੈ ! ਇਸ ਮਹੀਂਵਾਲ ਦੇ ਪ੍ਰੇਮ ਨੇ ਕਈ ਸੋਹਣੀਆਂ ਨੂੰ ਡੂੰਘੇ ਸਮੁੰਦਰਾਂ ਵਿਚ ਡੋਬਿਆ ! ਇਸ ਦੇ ਪ੍ਰੇਮ ਨੇ ਕਈਆਂ ਪ੍ਰੇਮੀਆਂ ਦੇ ਪੂਰਾਂ ਦੇ ਪੂਰ ਖਪਾਏ ! ਇਸ ਦਾ ਪ੍ਰੇਮ ਅਗਾਧ ਹੈ, ਅਥਾਹ ਹੈ ! ਇਸ ਦੇ ਪ੍ਰੇਮੀ ਬੇਅੰਤ ਹਨ, ਅਣਗਿਣਤ ਹਨ ! ਨਾ ਇਸ ਪ੍ਰੇਮ ਦਾ ਸੁਰ ਪਤਾ ਲੱਗਦਾ ਹੈ, ਨਾ ਇਸ ਦੇ ਪ੍ਰੇਮੀਆਂ ਦੀ ਹਾਥ ਆਉਂਦੀ ਹੈ ! ਏਥੇ ਤਾਂ 'ਚੁੱਪ ਵੇ-ਅੜਿਆ ਚੁੱਪ' ਵਾਲੀ ਹੀ ਗੱਲ ਹੈ !

ਇਹ ਜ਼ੁਲਮ ਕਦ ਤਕ ਰਹੇਗਾ ? ਇਸ ਅਨਿਆਂ ਦਾ ਕਦ ਤਕ ਭਾਂਡਾ ਭੱਜੇਗਾ ? ਬੇਗੁਨਾਹਾਂ ਨੂੰ ਕਦ ਤਕ ਸ਼ਹੀਦ ਕੀਤਾ ਜਾਵੇਗਾ ? ਦੇਸ਼ ਪ੍ਰੇਮੀਆਂ ਨੂੰ ਕਦ ਤਕ ਗੋਲੀ ਦਾ ਨਿਸ਼ਾਨਾ



Sri Satguru Jagjit Singh Ji Elibrary NamdhariElibrary@gmail.com

ਬਣਾਇਆ ਜਾਏਗਾ? ਇਸ ਗੁਲਾਮੀ ਡੈਣ ਦਾ ਸਾਨੂੰ ਕਦ ਤਕ ਅਜੇ ਹੋਰ ਮੂੰਹ ਦੇਖਣਾ ਨਸੀਬ ਹੋਵੇਗਾ? ਆਜ਼ਾਦੀ ਦੇਵੀ ਦੇ ਕਦ ਤਕ ਦਰਸ਼ਨ ਹੋਣਗੇ? ਅਜੇ ਹੋਰ ਕਿੰਨੀਆਂ ਕੁ ਸ਼ਹੀਦੀਆਂ ਪ੍ਰਾਪਤ ਕਰਨੀਆਂ ਪੈਣਗੀਆਂ? ਅਜੇ ਹੋਰ ਕਿੰਨੇ ਕੁ ਫਾਹੇ ਲਾਏ ਜਾਣਗੇ?

ਰੱਬਾ! ਉਹ ਦਿਨ ਕਦ ਆਊ, ਜਦ ਇਹ ਸ਼ਹੀਦੀਆਂ ਰੰਗ ਲਿਔਣਗੀਆਂ! ਈਸ਼ਵਰ ਉਹ ਦਿਨ ਕਦ ਵੇਖਾਂਗੇ ਜਦ ਸਾਡਾ ਬਾਗ ਹਰਿਆ ਭਰਿਆ ਹੋਵੇਗਾ? ਏਥੇ ਪਤ-ਝੜ ਦਾ ਕਿਦਨ ਡੇਰਾ-ਡੰਡਾ ਕੂਚ ਹੋਵੇਗਾ? ਉੱਲੂ ਕਦ ਤਕ ਇਸ ਬਾਗ ਵਿਚ ਡੇਰਾ ਜਮਾਈ ਰੱਖਣਗੇ? ਬੁਲਬੁਲਾਂ ਕਿਹੜੇ ਦਿਨ ਮੁੜ ਏਥੇ ਚਹਿ ਚਹੌਣਗੀਆਂ? ਇਹ ਪਿੰਜਰੇ ਕਦੋਂ ਕੁ ਟੁੱਟਣਗੇ? ਆਜ਼ਾਦੀ ਕਦ ਫੇਰਾ ਪਾਵੇਗੀ, ਉਜੜੇ ਕਦ ਫੇਰ ਵਸਣਗੇ?

ਲੋਕੋ! ਭਾਰਤ ਮਾਤਾ ਦੇ ਚਾਰ ਸੋਹਣੇ ਗੱਭਰੂ ਜਵਾਨ ਫਾਹੇ ਟੰਗ ਦਿੱਤੇ ਗਏ! ਉਹ ਨੌਕਰ-ਸ਼ਾਹੀ ਦੇ ਕੀਨੇ, ਦੁਸ਼ਮਣੀ ਦਾ ਸ਼ਿਕਾਰ ਹੋ ਗਏ! ਕੌਣ ਦੱਸ ਸਕਦਾ ਹੈ ਕਿ ਜੇ ਉਹ ਜੀਉਂਦੇ ਰਹਿੰਦੇ ਤਾਂ ਉਹ ਕਿਹੜੇ ਕਿਹੜੇ ਨੇਕੀ ਦੇ ਕੰਮ ਕਰਦੇ, ਕਿਹੜੇ ਕਿਹੜੇ ਪਰਉਪਕਾਰ ਕਰਦੇ? ਕੌਣ ਕਹਿ ਸਕਦਾ ਹੈ ਕਿ ਉਹਨਾਂ ਦੇ ਰਹਿਣ ਨਾਲ ਸੰਸਾਰ ਅੱਗੇ ਨਾਲੋਂ ਸੋਹਣਾ ਤੇ ਰਹਿਣ ਯੋਗ ਨਾ ਦਿਸਦਾ? ਉਹ ਬੀਰ ਸਨ, ਆਜ਼ਾਦੀ ਦੇ ਆਸ਼ਕ ਹਨ। ਉਹ ਦੇਸ਼ ਤੇ ਕੌਮ ਖਾਤਰ ਆਪਣੀਆਂ ਜਿੰਦੜੀਆਂ ਘੁਮਾ ਗਏ! ਉਹ ਆਪਣੀਆਂ ਮਾਵਾਂ ਦੀਆਂ ਕੁੱਖਾਂ ਸਫ਼ਲ ਕਰ ਗਏ!

ਜੇ ਅੱਜ ਭਾਰਤ ਆਜ਼ਾਦ ਹੁੰਦਾ, ਤਾਂ ਇਹਨਾਂ ਕੁਰਬਾਨੀਆਂ ਦਾ ਮੁੱਲ ਪਾਉਂਦਾ! ਜੇ ਅੱਜ ਹਿੰਦੋਸਤਾਨ ਵਿਚ ਸਾਹ-ਸਤ ਹੁੰਦਾ, ਤਾਂ ਇਹ ਕੁਰਬਾਨੀਆਂ ਅਜਾਈਂ ਨਾ ਜਾਂਦੀਆਂ। ਹਾਏ! ਆਜ਼ਾਦੀ ਦੇ ਬੀਰ ਲੱਦ ਗਏ; ਉਹਨਾਂ ਨੂੰ ਕਿਸੇ ਨਾ ਪਛਾਤਾ। ਉਨ੍ਹਾਂ ਨੂੰ ਕਿਸੇ ਨਾ ਆਖਿਆ, ਤੁਸੀਂ ਸੂਰਬੀਰ ਹੋ, ਤੁਸੀਂ ਬਹਾਦਰ ਹੋ। ਉਹ ਤਾਂ ਧੰਨ ਹਨ, ਜਿਥੇ ਤੁਸੀਂ ਜੰਮੇ-ਪਲੇ ਸਉ! ਜਿਥੇ ਤੁਸੀਂ ਖੇਡੇ ਸਓ! ਉਹ ਰਾਹ ਧੰਨ ਹਨ, ਜਿਥੇ ਤੁਸੀਂ ਫਿਰੇ ਸਓ, ਜਿਥੇ ਤੁਸੀਂ ਨੱਸੇ ਕੁਦੇ ਸਓ! ਬੀਰ, ਮਾਤ-ਭੂਮੀ ਦੇ ਲਾਡਲੇ ਬੀਰ, ਚਲੇ ਗਏ। ਉਹ ਆਪਣੇ ਜਨਮ ਸਫ਼ਲ ਕਰ ਗਏ।

ਗੱਲਾਂ ਕਰਨੀਆਂ ਸੌਖੀਆਂ ਹਨ, ਫੜਾਂ ਮਾਰਨੀਆਂ, ਆਸਾਨ ਹਨ। ਚਗਲ ਚਗਲ ਕਰਨਾ ਹੋਰ ਗੱਲ ਹੈ, ਕੁਰਬਾਨੀ ਦੇਣਾ ਹੋਰ ਗੱਲ ਹੈ। ਪ੍ਰੀਖਿਆ ਅਲੂਣੀ ਸਿਲ ਹੈ, ਇਹ ਚੱਟਣੀ ਕੋਈ ਸੌਖਾ ਕੰਮ ਨਹੀਂ। ਪ੍ਰੀਖਿਆ ਤੋਂ ਵੱਡੇ ਵੱਡੇ ਤੋਬਾ ਤੋਬਾ ਕਰ ਉੱਠੇ ਸਨ। ਪ੍ਰੀਖਿਆ ਅੱਗੇ ਕੋਈ ਜੁਰਤ ਵਾਲਾ ਹੀ ਟਿਕ ਸਕਦਾ ਹੈ। ਇਹਨਾਂ ਬੀਰਾਂ ਨੇ ਕਿਸ ਹੌਸਲੇ, ਕਿਸ ਬਹਾਦਰੀ ਨਾਲ ਪ੍ਰੀਖਿਆ ਦਿੱਤੀ ਹੈ! ਕੀ ਇਹਨਾਂ ਦੀ ਬਹਾਦਰੀ ਕਦੇ ਭੁਲ ਸਕਦੀ ਹੈ? ਧੰਨ ਹਨ ਇਹਨਾਂ ਦੇ ਮਾਪੇ, ਜਿਨ੍ਹਾਂ ਨੇ ਇਹਨਾਂ ਨੂੰ ਜਨਮ ਦਿੱਤਾ। ਧੰਨ ਹਨ ਇਹ ਆਪ, ਜਿਹੜੇ ਕੁਰਬਾਨੀ ਦੇ ਪੁੰਜ, ਆਤਮ-ਤਿਆਗ ਦੇ ਨਮੂਨੇ ਨਿਕਲੇ।

ਜਦ ਕਦੇ ਆਜ਼ਾਦੀ ਦਾ ਇਤਿਹਾਸ ਲਿਖਿਆ ਜਾਵੇਗਾ, ਜਦ ਕਦੇ ਸ਼ਹੀਦਾਂ ਦਾ ਜ਼ਿਕਰ ਆਵੇਗਾ, ਜਦ ਕਦੇ ਭਾਰਤ-ਮਾਤਾ ਲਈ ਕੁਰਬਾਨੀਆਂ ਕਰਨ ਵਾਲਿਆਂ ਦੀ ਚਰਚਾ ਹੋਇਆ ਕਰੇਗੀ, ਤਾਂ ਉੱਥੇ 1. ਰਾਜਿੰਦਰ ਨਾਥ ਲਹਿਰੀ, 2. ਰਾਮ ਪ੍ਰਸ਼ਾਦ ਬਿਸਮਿਲ, 3. ਰੌਸ਼ਨ ਸਿੰਘ ਅਤੇ 4. ਅਸ਼ਫਾਕ-ਉੱਲਾ ਦਾ ਨਾਮ ਜ਼ਰੂਰ ਲਿਆ ਜਾਇਆ ਕਰੇਗਾ। ਉਸ ਵੇਲੇ ਔਣ ਵਾਲੀਆਂ ਨਸਲਾਂ ਇਹਨਾਂ ਸ਼ਹੀਦਾਂ ਅੱਗੇ ਸਿਰ ਝੁਕਾਣਗੀਆਂ ਅਤੇ ਇਹਨਾਂ ਬੀਰਾਂ ਦੇ ਕਾਰਨਾਮੇ ਸੁਣ ਸੁਣ ਕੇ ਸਿਰ ਹਿਲੌਣਗੀਆਂ! ਉਸ ਵੇਲੇ ਇਹ ਕੌਮ ਦਾ ਆਦਰਸ਼ ਮੰਨੇ ਜਾਣਗੇ, ਇਹਨਾਂ ਬਜ਼ੁਰਗਾਂ ਦੀ ਪੂਜਾ ਹੋਵੇਗੀ।

ਅੱਜ ਅਸੀਂ ਕਮਜ਼ੋਰ ਹਾਂ, ਮਾੜੇ ਹਾਂ। ਅੱਜ ਅਸੀਂ ਡਿੱਗੇ ਹੋਏ ਹਾਂ, ਝੂਠੇ ਹਾਂ! ਅੱਜ ਅਸੀਂ ਆਪਣੇ ਦਿਲੀ ਭਾਵ ਨਹੀਂ ਦੱਸ ਸਕਦੇ, ਅੱਜ ਅਸੀਂ ਕਹੀ ਨੂੰ ਕਹੀ ਤੇ ਪਹੌੜੇ ਨੂੰ ਪਹੌੜਾ ਨਹੀਂ



Sri Satguru Jagjit Singh Ji Elibrary NamdhariElibrary@gmail.com

ਆਖ ਸਕਦੇ ! ਕਿਉਂਕਿ ਅਸੀਂ ਕਾਇਰ ਹਾਂ, ਡਰਪੋਕ ਹਾਂ, ਅੱਜ ਸਾਨੂੰ ਸੱਚ ਆਖਣੋਂ ਡਰ ਲੱਗਦਾ ਹੈ। ਕਿਉਂਕਿ ਕਾਨੂੰਨ ਦੀ ਤਲਵਾਰ ਸਾਡੇ ਸਿਰਾਂ 'ਤੇ ਲਟਕਦੀ ਵਿਖਾਈ ਦਿੰਦੀ ਹੈ। ਅੱਜ ਅਸੀਂ ਇਹ ਨਹੀਂ ਆਖ ਸਕਦੇ ਕਿ "ਕਾਕੋਰੀ ਦੇ ਸ਼ਹੀਦੋ ! ਤੁਸਾਂ ਜੋ ਕੁਛ ਕੀਤਾ ਭਾਰਤ ਮਾਤਾ ਦੇ ਬੰਧਨ ਤੋੜਨ ਲਈ ਕੀਤਾ, ਤੁਸਾਂ ਜੋ ਕੁਝ ਘਾਲਣਾ ਘਾਲੀ, ਉਹ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਘਾਲੀ। ਅੱਜ ਅਸੀਂ ਇਹ ਨਹੀਂ ਆਖ ਸਕਦੇ, ਕਿ 'ਤੁਸਾਂ ਆਪਣੇ ਮਤ ਅਨੁਸਾਰ ਚੰਗਾ ਕੀਤਾ !"

ਗੁਲਾਮਾਂ ਦੀ ਅਵਸਥਾ ਕਿੰਨੀ ਡਿੱਗ ਜਾਂਦੀ ਹੈ ! ਗੁਲਾਮਾਂ ਵਿਚ ਕਿੰਨੀ ਗਿਰਾਵਟ ਆ ਜਾਂਦੀ ਹੈ ! ਦੇਵੀ ਗੁਣ ਉਹਨਾਂ 'ਚੋਂ ਕਿੱਦਾਂ ਨੱਸ ਜਾਂਦੇ ਹਨ ! ਉਹ ਕਿਡੇ ਦੰਭੀ ਤੇ ਪਾਖੰਡੀ ਹੋ ਜਾਂਦੇ ਹਨ ! ਉਹ ਕਿਡੇ ਬੁਜ਼ਦਿਲ ਤੇ ਕਾਇਰ ਹੋ ਜਾਂਦੇ ਹਨ ! ਉਹ ਸੱਚੀਆਂ-ਸੱਚੀਆਂ ਮੂੰਹ 'ਤੇ ਨਹੀਂ ਸੁਣਾ ਸਕਦੇ। ਉਹ ਦਿਲ ਵਿਚ ਕੁਛ ਹੋਰ ਰੱਖਦੇ ਹਨ ਤੇ ਬਾਹਰ ਕੁਛ ਹੋਰ। ਉਹਨਾਂ ਦੀ ਹਾਲਤ ਕਿਡੀ ਤਰਸਯੋਗ ਹੋ ਜਾਂਦੀ ਹੈ !

ਇਸ ਹਾਲਤ ਦੇ ਸੁਧਾਰਨ ਦਾ ਇਕੋ ਹੀ ਸਾਧਨ ਹੈ, ਇਸ ਦੁਰਦਸ਼ਾ ਦੇ ਬਦਲਣ ਦਾ ਇਕੋ ਹੀ ਇਲਾਜ ਹੈ, ਇਸ ਦੁੱਖ ਦਾ ਇਕੋ ਹੀ ਦਾਰੂ ਹੈ, ਤੇ ਉਹ ਆਜ਼ਾਦੀ ਹੈ। ਆਜ਼ਾਦੀ ਕੁਰਬਾਨੀਆਂ ਤੋਂ ਬਗੈਰ ਨਹੀਂ ਮਿਲ ਸਕਦੀ ! ਸ਼ਹੀਦਾਂ ਦੀ ਇੱਜ਼ਤ ਕੀਤਿਆਂ, ਸ਼ਹੀਦਾਂ ਦੇ ਕਾਰਨਾਮੇ ਯਾਦ ਕੀਤਿਆਂ ਕੁਰਬਾਨੀਆਂ ਦਾ ਚਾਅ ਉਪਜਦਾ ਹੈ, ਜਿਹੜੀ ਕੌਮ ਸ਼ਹੀਦਾਂ ਨੂੰ ਸ਼ਹੀਦ ਨਹੀਂ ਆਖ ਸਕਦੀ, ਉਸਨੇ ਆਜ਼ਾਦ ਕੀ ਮਿੱਟੀ ਹੋਣਾ ਹੈ?

ਲੋਕੋ ! ਵੇਖੋ ਜੋ ਆਸ਼ਕ ਸੂਲੀ ਚੜ੍ਹਦੇ ? ਉਹ ਮੌਤ ਨਾਲ ਮਜ਼ਾਕਾਂ ਕਰਦੇ ਸਨ ! ਉਹ ਮੌਤ ਨੂੰ ਠੱਠੇ ਕਰਦੇ ਸਨ। ਉਨ੍ਹਾਂ ਨੂੰ ਮੌਤ ਤੋਂ ਭੈ ਨਹੀਂ ਸੀ। ਉਹ ਯਾਰ ਦੀ ਗਲੀ ਵਿਚ ਸੀਸ ਤਲੀ 'ਤੇ ਧਰ ਕੇ ਆਏ ਸਨ। ਉਹਨਾਂ ਨੂੰ ਡਰ ਕਾਹਦਾ ਸੀ, ਉਹ ਤਾਂ ਆਏ ਹੀ ਮਰਨ ਲਈ ਸਨ। ਮੌਤ ਤਾਂ ਉਹ ਪਹਿਲਾਂ ਕਬੂਲ ਚੁੱਕੇ ਸਨ, ਜੀਵਨ ਦੀ ਆਸ ਤਾਂ ਉਹ ਪਹਿਲਾਂ ਲਾਹ ਚੁੱਕੇ ਸਨ। ਉਹ ਤਾਂ ਗਾਉਂਦੇ ਸਨ—

ਏਕ ਮਿਟ ਜਾਣੇ ਕੀ ਹਸਰਤ ਅਬ ਦਿਲੇ ਬਿਸਮਿਲ ਮੇਂ ਹੈ।

ਕਿਥੇ ਅਸੀਂ ਤੇ ਕਿਥੇ ਉਹ। ਕਿਸੇ ਹੋਰ ਹੀ ਦੇਸ਼ ਦੇ ਵਾਸੀ ਸਨ। ਉਹ ਤਾਂ ਗਰੀਬਾਂ ਦੀ ਆਹ ਸੁਣ ਕੇ ਮੈਦਾਨ ਵਿਚ ਨਿਤਰੇ ਸਨ। ਉਹ ਤਾਂ ਭੁੱਖ ਨੰਗ ਨੂੰ ਹਿੰਦੋਸਤਾਨ ਵਿਚੋਂ ਦੂਰ ਕਰਨ ਆਏ ਸਨ। ਉਹ ਤਾਂ ਕਿਰਤੀਆਂ ਤੇ ਕਿਰਸਾਨਾਂ ਦੀ ਸਾਰ ਲੈਣ ਆਏ ਸਨ। ਉਹ ਤਾਂ ਕਿਸੇ ਉੱਚੇ ਆਦਰਸ਼ ਦੇ ਪੁਜਾਰੀ ਸਨ। ਉਹ ਤਾਂ ਕਿਸੇ ਉੱਚੇ ਸੁਫਨੇ ਦੀ ਉਡਾਰੀ ਵਿਚ ਮਸਤ ਸਨ। ਉਹ ਤਾਂ ਉਹ ਨਜ਼ਾਰੇ ਵੇਖਦੇ ਸਨ ਜਿਥੇ ਨਾ ਭੁੱਖ ਹੈ ਨਾ ਨੰਗ ਹੈ। ਜਿਥੇ ਨਾ ਗ਼ਰੀਬੀ ਹੈ ਨਾ ਅਮੀਰੀ। ਜਿਥੇ ਨਾ ਜ਼ੁਲਮ ਹੈ ਨਾ ਅਨਿਆਂ ਹੈ। ਬਸ ਜਿਥੇ ਪ੍ਰੇਮ ਹੈ, ਏਕਤਾ ਹੈ। ਜਿਥੇ ਇਨਸਾਫ ਹੈ, ਆਜ਼ਾਦੀ ਹੈ ! ਜਿਥੇ ਸੁਹੱਪਣ ਹੈ, ਸੁੰਦਰਤਾ ਹੈ। ਪਰ ਅਸੀਂ ? ਅਸੀਂ ? ........ਹਾਏ !

ਕਿਸੇ ਦਾ ਆਦਰਸ਼ ਕਮੌਣਾ, ਆਪ ਖਾਣਾ ਤੇ ਬੱਚਿਆਂ ਦਾ ਪਾਲਣ ਹੁੰਦਾ ਹੈ। ਕਿਸੇ ਦਾ ਆਦਰਸ਼ ਆਪਣੇ ਆਪ ਨੂੰ ਉੱਚੇ ਕਰਨ ਦਾ ਹੁੰਦਾ ਹੈ। ਕਿਸੇ ਦਾ ਆਦਰਸ਼ ਗਰੀਬਾਂ, ਦੁਖੀਆਂ ਨੂੰ ਲੁੱਟ ਕੇ ਧੰਨ ਦੌਲਤ ਇਕੱਠੀ ਕਰਨ ਦਾ ਹੁੰਦਾ ਹੈ, ਕਿਸੇ ਦਾ ਆਦਰਸ਼ ਆਪਣੇ ਸੋਹਣੇ ਸਰੀਰ ਨੂੰ ਤਕਲੀਫ ਤੋਂ ਬਚਾਈ ਰੱਖਣ ਦਾ ਹੁੰਦਾ ਹੈ।

ਕਿਸੇ ਦਾ ਆਦਰਸ਼ ਕੁਛ ਹੁੰਦਾ ਹੈ, ਕਿਸੇ ਦਾ ਕੁਛ ! ਪਰ ਉਨ੍ਹਾਂ ਦਾ ਆਦਰਸ਼ ਦੇਸ਼ ਸੀ, ਉਨ੍ਹਾਂ ਦਾ ਆਦਰਸ਼ ਹਿੰਦੋਸਤਾਨ ਦੀ ਆਜ਼ਾਦੀ ਸੀ। ਉਨ੍ਹਾਂ ਨੂੰ ਕੋਈ ਸੁਆਰਥ ਨਹੀਂ ਸੀ। ਉਨ੍ਹਾਂ ਦੇ ਖਾਣ ਲਈ, ਉਹਨਾਂ ਦੇ ਹੰਢਾਣ ਲਈ ਕਿਸੇ ਗੱਲ ਦਾ ਘਾਟਾ ਨਹੀਂ ਸੀ। ਉਹ ਤਾਂ ਜੋ ਕੁਛ



Sri Satguru Jagjit Singh Ji Elibrary NamdhariElibrary@gmail.com

ਕਰਦੇ ਸਨ, ਲੋਕ ਭਲਾਈ ਦੀ ਖ਼ਾਤਰ, ਲੋਕ-ਸੇਵਾ ਬਦਲੇ ਕਰਦੇ ਸਨ ! ਉਹ ਇਤਨੇ ਕੁਰਬਾਨੀ ਦੇ ਪੁੰਜ ਨਿਕਲੇ, ਕਿ ਆਪਣਾ ਆਪ ਵੀ ਸਾਡੇ ਤੋਂ ਵਾਰ ਗਏ। ਆਓ ! ਇਨ੍ਹਾਂ ਬੀਰਾਂ ਨੂੰ ਪ੍ਰਣਾਮ ਕਰੀਏ।

ਮਾਤ ਭੂਮੀ ਦੇ ਦੁਲਾਰਿਓ ! ਕੀ ਹੋ ਗਿਆ ਜੇ ਅੱਜ ਡਰਦੇ ਅਸੀਂ ਤੁਹਾਡਾ ਨਾਮ ਲਿਖਣੋਂ ਵੀ ਘਬਰਾਉਂਦੇ ਹਾਂ ! ਕੀ ਹੋ ਗਿਆ, ਜੇ ਅੱਜ ਅਸੀਂ ਦਿਲ ਦੀਆਂ ਦੱਸਣ ਤੋਂ ਝਿਜਕਦੇ ਹਾਂ ! ਕੀ ਹੋ ਗਿਆ, ਜੇ ਅੱਜ ਹਿੰਦੋਸਤਾਨ ਵਿਚ ਮੁਰਦੇ-ਆਨ ਛਾਈ ਹੋਈ ਹੈ, ਤੇ ਤੁਹਾਡਾ ਨਾਮ ਲੈਣ ਨਾਲ ਹੀ ਸਾਜ਼ਸੀ ਬਣ ਜਾਈਦਾ ਹੈ। ਕੀ ਹੋ ਗਿਆ, ਜੇ ਕੋਈ ਹਿੰਦੋਸਤਾਨੀ ਵੀ ਤੁਹਾਨੂੰ ਬੁਰਾ ਭਲਾ ਆਖਣ, ਪਰ ਸਮਾਂ ਆਏਗਾ, ਜਦ ਕਿ ਤੁਹਾਡੀ ਕਦਰ ਹੋਵੇਗੀ ਜਦ ਕਿ ਤੁਹਾਨੂੰ ਸ਼ਹੀਦ ਆਖਿਆ ਜਾਏਗਾ, ਜਿਦਾਂ 1857 ਦੇ ਗ਼ਦਰ ਨੂੰ ਹੁਣ 'ਆਜ਼ਾਦੀ ਦੀ ਜੰਗ' ਆਖਿਆ ਜਾਂਦਾ ਹੈ ! ਸਮਾਂ ਸਿੱਧ ਕਰ ਦੇਂਦਾ ਹੈ, ਸਮਾਂ ਸੱਚੀ ਸੱਚੀ ਅਖਵਾ ਦੇਂਦਾ ਹੈ, ਸਮਾਂ ਕਿਸੇ ਦਾ ਲਿਹਾਜ਼ ਨਹੀਂ ਕਰਦਾ ! ਉਸ ਵੇਲੇ ਤੁਸੀਂ ਆਪਣੀ ਅਸਲੀ ਸ਼ਾਨ ਵਿਚ ਚਮਕੋਗੇ, ਤੇ ਉਸ ਵੇਲੇ ਹਿੰਦੋਸਤਾਨ ਤੁਹਾਥੋਂ ਬਲਿਹਾਰ ਬਲਿਹਾਰ ਜਾਏਗਾ।

ਸ਼ਹੀਦ ਬੀਰੋ ! ਅਸੀਂ ਅਕਿਰਤਘਨ ਹਾਂ, ਅਸੀਂ ਤੁਹਾਡੇ ਕੀਤੇ ਨੂੰ ਨਹੀਂ ਜਾਣਦੇ। ਅਸੀਂ ਕਾਇਰ ਹਾਂ, ਅਸੀਂ ਸੱਚ ਸੱਚ ਨਹੀਂ ਆਖ ਸਕਦੇ। ਤੁਸੀਂ ਸਾਨੂੰ ਮਾਫ ਕਰੋ, ਤੁਸੀਂ ਸਾਨੂੰ ਖਿਮਾ ਬਖ਼ਸ਼ੋ। ਸਾਨੂੰ ਮੌਤ ਤੋਂ ਭੈ ਆਉਂਦਾ ਹੈ, ਸਾਡਾ ਦਿਮਾਗ ਸੂਲੀ ਦਾ ਨਾਮ ਸੁਣ ਕੇ ਹੀ ਚੱਕਰ ਖਾ ਜਾਂਦਾ ਹੈ। ਤੁਸੀਂ ਧੰਨ ਸਓ, ਤੁਹਾਡੇ ਵੱਡੇ ਜਿਗਰੇ ਸਨ ਤੁਸਾਂ ਫ਼ਾਂਸੀ ਨੂੰ ਟਿਚ ਸਮਝਿਆ, ਤੁਸਾਂ ਮੌਤ ਨਾਲ ਟਿਚਕਰਾਂ ਕੀਤੀਆਂ ! ਪਰ ਸਾਨੂੰ ? ਸਾਨੂੰ ਚਮੜੀ ਪਿਆਰੀ ਹੈ, ਸਾਨੂੰ ਤਾਂ ਜ਼ਰਾ ਕੁ ਤਕਲੀਫ ਹੀ ਮੌਤ ਹੋ ਕੇ ਵਿਖਾਈ ਦੇਂਦੀ ਹੈ। ਆਜ਼ਾਦੀ ? ਆਜ਼ਾਦੀ ਦਾ ਤਾਂ ਨਾਮ ਸੁਣ ਕੇ ਹੀ ਸਾਨੂੰ ਕੰਬਣੀ ਛਿੜ ਪੈਂਦੀ ਹੈ। ਹਾਂ ! ਗ਼ੁਲਾਮੀ ਨਾਲ ਸਾਡਾ ਪਿਆਰ ਹੈ, ਗ਼ੁਲਾਮੀ ਦੇ ਠੁੱਡਿਆਂ ਵਿਚ ਸਾਨੂੰ ਸੁਆਦ ਆਉਂਦਾ ਹੈ। ਤੁਹਾਡੀ ਨਾੜ ਨਾੜ ਵਿਚੋਂ, ਤੁਹਾਡੀ ਰਗ-ਰਗ ਵਿਚੋਂ ਆਜ਼ਾਦੀ ਦੀਆਂ ਕੂਕਾਂ ਨਿਕਲਦੀਆਂ ਸਨ, ਪਰ ਸਾਡੀ ਨਾੜ-ਨਾੜ ਵਿਚੋਂ, ਸਾਡੀ ਰਗ-ਰਗ ਵਿਚੋਂ ਗ਼ੁਲਾਮੀ ਦੀ ਆਵਾਜ਼ ਨਿਕਲਦੀ ਹੈ। ਤੁਹਾਡਾ ਤੇ ਸਾਡਾ ਕੀ ਮੇਲ ? ਤੁਸੀਂ ਸਾਨੂੰ ਮਾਫ਼ ਕਰੋ, ਤੁਸੀਂ ਸਾਡੇ ਇਹ ਪ੍ਰੇਮ ਦੇ ਹੰਝੂ ਹੀ ਕਬੂਲ ਕਰੋ।

ਆਖੋ, ਧੰਨ ਹਨ, ਕਾਕੋਰੀ ਦੇ ਸ਼ਹੀਦ !!!

●



Sri Satguru Jagjit Singh Ji Elibrary NamdhariElibrary@gmail.com

## ਪਾਠ—4

# ਸਮਕਾਲੀ ਮਸਲੇ ਅਤੇ ਸਮਕਾਲੀ ਵਿਚਾਰ

[1927 ਵਿਚ ਸਾਮਰਾਜ ਆਰਥਕ ਮੰਦਵਾੜੇ ਵੱਲ ਧੱਕ ਹੋ ਰਿਹਾ ਸੀ। ਇਸ ਲਈ ਕਿਰਤੀ ਜਮਾਤ ਦੇ ਜਮਹੂਰੀ ਹੱਕਾਂ 'ਤੇ ਹਮਲੇ ਸ਼ੁਰੂ ਹੋ ਗਏ ਸਨ। ਇੰਗਲੈਂਡ ਵਿਚ ਟ੍ਰੇਡ ਯੂਨੀਅਨ ਬਿੱਲ ਪਾਸ ਹੋ ਰਿਹਾ ਸੀ ਤਾਂ ਕਿਰਤੀ ਨੇ ਮਈ 1927 ਵਿਚ ਇਕ ਲੇਖ ਇਸ ਬਾਰੇ ਛਾਪਿਆ। ਲੇਖਕ ਬਾਰੇ ਤਾਂ ਕੋਈ ਜਾਣਕਾਰੀ ਨਹੀਂ ਪ੍ਰਾਪਤ, ਪਰ ਉਸ ਸਮੇਂ ਦੀ ਵਿਚਾਰਧਾਰਾ ਦਾ ਪ੍ਰਤੀਕ ਹੋਣ ਕਰਕੇ ਏਥੇ ਦਿੱਤਾ ਗਿਆ ਹੈ। ਯਾਦ ਰਹੇ 1929 ਵਿਚ ਜਦ ਭਾਰਤ ਵਿਚ ਟ੍ਰੇਡ ਡਿਸਪਿਊਟ ਬਿੱਲ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਤਾਂ ਭਗਤ ਸਿੰਘ ਤੇ ਦੱਤ ਨੇ ਅਸੈਂਬਲੀ ਹਾਲ ਦਿੱਲੀ 'ਚ ਬੰਬ ਸੁੱਟਿਆ ਸੀ। —ਸੰਪਾਦਕ]

* * *

### 13. ਟਰੇਡ ਯੂਨੀਅਨ ਬਿੱਲ !

ਇੰਗਲਿਸਤਾਨ ਦੇ ਇਕ-ਥਾਂ-ਖਲੋਊ (Condenuative) ਧੜੇ ਦੇ ਲੋਕ ਕਦੇ ਤੋਂ ਹੀ ਇਸ ਗੱਲ ਦੇ ਆਹਰ ਵਿਚ ਸਨ, ਕਿ ਕਿਵੇਂ ਕਿਰਤੀਆਂ ਦੀ ਚੜ੍ਹਦੀ ਤਾਕਤ ਨੂੰ ਰੋਕਿਆ ਜਾਵੇ। ਉਹਨਾਂ ਨੂੰ ਇਹ ਸਾਹਮਣੇ ਨਜ਼ਰ ਆਉਂਦਾ ਸੀ, ਕਿ ਜੇ ਕਿਰਤੀਆਂ ਦੀ ਉਨਤੀ ਨੂੰ ਹੁਣੇ ਹੀ ਨਾ ਰੋਕਿਆ ਗਿਆ, ਤਾਂ ਕਿਰਤੀ ਝਬਦੇ ਹੀ ਰਾਜ ਦੇ ਮਾਲਕ ਬਣ ਜਾਣਗੇ ਅਤੇ ਇਸ ਤਰ੍ਹਾਂ ਉਹਨਾਂ ਨੂੰ ਰਾਜ ਦੀ ਵਾਗਡੋਰ ਛੱਡਣੀ ਪਏਗੀ। ਉਹਨਾਂ ਨੂੰ ਇਹ ਸਾਫ਼ ਪਤਾ ਸੀ ਕਿ ਨਾਮ-ਮਾਤਰ ਸੁਤੰਤਰ (Liberal) ਧੜਾ ਤਾਂ ਕਾਸੇ ਜੋਗਾ ਰਿਹਾ ਹੀ ਨਹੀਂ ਹੈ, ਅਤੇ ਨਾ ਹੁਣ ਝਬਦੇ ਕੋਈ ਆਸ ਹੀ ਹੈ, ਕਿ ਇਹ ਤਾਕਤ ਵਿਚ ਆ ਜਾਏਗਾ। ਇਸ ਲਈ ਜੇ ਉਹਨਾਂ ਨੂੰ ਖ਼ਤਰਾ ਸੀ ਤਾਂ ਕਿਰਤੀਆਂ ਤੋਂ ਹੀ ਸੀ ਤੇ ਕਿਰਤੀਆਂ ਦੀਆਂ ਹੀ ਮੁਸ਼ਕਾਂ ਪਹਿਲਾਂ ਬੰਨ੍ਹ ਲੈਣੀਆਂ, ਉਹਨਾਂ ਨੇ ਠੀਕ ਸਮਝੀਆਂ।

ਇਸ ਕੰਮ ਦੇ ਲਈ ਉਹਨਾਂ ਨੇ ਟਰੇਡ ਯੂਨੀਅਨ ਬਿੱਲ ਦੀ ਕਾਢ ਕੱਢ ਲਈ ਹੈ, ਤੇ ਜਿਸ ਦੇ ਬਾਰੇ ਪਿਛਲੇ ਪਰਚੇ ਵਿਚ ਦੱਸਿਆ ਗਿਆ ਸੀ। ਉਹ ਕਿਰਤੀਆਂ ਦੀ ਸਾਰੀ ਕੀਤੀ ਕੱਤਰੀ ਨੂੰ ਇਹ ਬਿੱਲ ਪਾਸ ਕਰਕੇ ਡੂੰਘੇ ਖੂਹ ਵਿਚ ਸੁੱਟਣਾ ਚਾਹੁੰਦੇ ਹਨ।

ਕਿਰਤੀਆਂ ਨੇ ਇਸ ਬਿੱਲ ਦੇ ਬਰਖ਼ਲਾਫ ਬੜੀ ਜ਼ੋਰਦਾਰ ਆਵਾਜ਼ ਉਠਾਈ ਹੈ। ਉਹਨਾਂ ਆਖਿਆ ਹੈ, ਕਿ ਇਹ ਬਿੱਲ ਇਕ ਸ਼੍ਰੇਣੀ ਦਾ ਦੂਜੀ ਸ਼੍ਰੇਣੀ ਨੂੰ ਮਲੀਆਮੇਟ ਕਰਨ ਲਈ ਸ਼੍ਰੇਣੀ ਬਿੱਲ ਹੈ। ਮਿਸਟਰ ਰਾਮਜ਼ੇ ਮੈਕਡਾਨਲਡ ਵਰਗੇ ਕਿਰਤੀ ਵੀ ਇਸ ਬਿੱਲ ਨੂੰ ਸ਼੍ਰੇਣੀ-ਜੰਗ ਦਾ ਐਲਾਨ ਸਮਝਦੇ ਹਨ ਅਤੇ ਕਿਰਤੀ ਸੰਸਾਰ ਵਿਚ ਸਾਰੇ ਹੀ ਇਸ ਬਿੱਲ ਨਾਲ ਤੂਫਾਨ ਮੱਚ ਗਿਆ ਹੈ। ਕਿਰਤੀ ਫੇਰ ਇਕ ਦਿਨ ਲਈ ਵੱਡੀ ਆਮ ਹੜਤਾਲ ਕਰਨ ਦੀਆਂ ਗੋਂਦਾ ਗੁੰਦ ਰਹੇ ਹਨ ! ਉਹ ਵਿਰੋਧਤਾ ਵਜੋਂ ਜਲਸੇ ਕਰ ਰਹੇ ਹਨ ! ਖ਼ਿਆਲ ਕੀਤਾ ਜਾਂਦਾ ਹੈ, ਕਿ ਪਾਰਲੀਮੈਂਟ ਵਿਚ ਇਸ ਬਿੱਲ 'ਤੇ ਬੜੀ ਘਮਸਾਨ ਦੀ ਬਹਿਸ ਹੋਵੇਗੀ, ਅਤੇ ਕਿਰਤੀ ਆਗੂ, ਜੇ ਖ਼ਰੀਦੇ ਨਾ ਗਏ ਤਾਂ ਜਾਨਾਂ ਤੋੜ-ਤੋੜ ਕੇ ਲੜਨਗੇ !



Sri Satguru Jagjit Singh Ji Elibrary NamdhariElibrary@gmail.com

ਅੱਜਕੱਲ ਜਿਹੜੇ ਲੋਕ ਅੰਗਰੇਜ਼ੀ ਅਖ਼ਬਾਰਾਂ ਪੜ੍ਹਦੇ ਹਨ ਉਹਨਾਂ ਨੂੰ ਪਤਾ ਹੈ ਕਿ ਇਸ ਬਿੱਲ ਦੀ ਕਿੱਦਾਂ ਜ਼ੋਰਦਾਰ ਮੁਖ਼ਾਲਫ਼ਤ ਅੰਗਰੇਜ਼ੀ ਕਿਰਤੀ ਪ੍ਰੈੱਸ ਵਿਚ ਹੋ ਰਹੀ ਹੈ। ਇਸ ਬਿੱਲ ਨੂੰ ਸ਼੍ਰੇਣੀ ਕਾਨੂੰਨ ਆਖਿਆ ਜਾਂਦਾ ਹੈ। ਕਿਰਤੀ ਸਮਝਦੇ ਹਨ ਕਿ ਬਾਲਡਵਿਨ ਦੀ ਸਰਕਾਰ ਨੇ ਉਹਨਾਂ ਦੇ ਮੁੱਢਲੇ ਅਧਿਕਾਰਾਂ 'ਤੇ ਧਾਵਾ ਬੋਲ ਦਿੱਤਾ ਹੈ। ਇਸ ਬਿੱਲ ਨਾਲ ਉਹਨਾਂ ਦੀ ਜਥੇਬੰਦੀ ਦੇ ਖੇਰੂੰ-ਖੇਰੂੰ ਹੋ ਜਾਣ ਦਾ ਸਖ਼ਤ ਖ਼ਤਰਾ ਹੈ। ਕਿਰਤੀਆਂ ਦਾ ਆਪਣਾ ਰੋਜ਼ਾਨਾ ਅਖ਼ਬਾਰ ਡੇਲੀ ਹੈਰਲਡ (Daily Herald) ਲਿਖਦਾ ਹੈ ਕਿ ਇਹ ਬਿੱਲ ਕਿਰਤੀਆਂ ਨੂੰ ਮਾਨਸਕ ਰੋਗੀ ਸਮਝਦਾ ਹੈ ਅਤੇ ਸਖ਼ਤ ਮੁਜਰਮਾਂ ਲਈ ਇਸਨੇ ਸਜ਼ਾ ਵੀ ਮੁਕੱਰਰ ਕਰ ਦਿੱਤੀ ਹੈ, ਇਕ ਹੋਰ ਕਿਰਤੀ ਲੀਡਰ ਨੇ ਇਸ ਨੂੰ ਮਸੋਲਿਨੀ ਵਰਗਾ ਕਾਨੂੰਨ ਦੱਸਿਆ ਹੈ।

ਵੱਡੀ ਹੜਤਾਲ ਦੇ ਵੇਲੇ ਤੋਂ ਹੀ ਇੱਕ ਥਾਂ ਖਲੋਊ ਧੜੇ ਦੇ ਲੋਕ ਇਹ ਮੰਗ ਕਰ ਰਹੇ ਸਨ, ਕਿ ਸਰਕਾਰ ਕੋਈ ਏਹੋ ਜਿਹਾ ਬਿੱਲ ਪਾਰਲੀਮੈਂਟ ਵਿਚ ਪੇਸ਼ ਕਰੇ, ਜਿਸ ਨਾਲ ਕਿ ਸਾਰੇ ਦੇ ਸਾਰੇ ਕਿਰਤੀ ਹੜਤਾਲ ਕਰ ਹੀ ਨਾ ਸਕਣ ਅਤੇ ਜੇ ਇਕ ਯੂਨੀਅਨ ਦੇ ਕਿਰਤੀ ਦੂਜੇ ਕਿਸੇ ਯੂਨੀਅਨ ਦੀ ਹਮਦਰਦੀ ਵਿਚ ਹੜਤਾਲ ਕਰਨ ਤਾਂ ਉਹ ਹੜਤਾਲ ਬੇਕਾਨੂੰਨ ਸਮਝੀ ਜਾਵੇ। ਇਸ ਵੇਲੇ ਕੋਈ ਯੂਨੀਅਨ ਹੜਤਾਲ ਕਰਦੀ ਹੈ ਤਾਂ ਉਹਨਾਂ ਕਿਰਤੀਆਂ ਨੂੰ ਜਿਹੜੇ ਹੜਤਾਲ ਵਿਚ ਸ਼ਾਮਲ ਨਹੀਂ ਹੋਣਗੇ। ਇਹ ਨਹੀਂ ਸਮਝਿਆ ਜਾ ਸਕੇਗਾ ਕਿ ਉਹ ਵੀ ਸ਼ਾਮਲ ਹੋ ਜਾਣ। ਕਿਉਂਕਿ ਜੇ ਕਿਰਤੀ ਪਿਕਟ ਆਦਿ ਕਰਕੇ ਐਸਾ ਕਰਨਗੇ ਤਾਂ ਉਹਨਾਂ ਨੂੰ ਸਜ਼ਾ ਦਿੱਤੀ ਜਾਵੇਗੀ, ਇਸ ਬਿੱਲ ਦੁਆਰਾ ਸਿਵਲ ਸਰਵਿਸ ਦੇ ਕਿਰਤੀਆਂ ਨੂੰ ਕਿਸੇ ਪਾਰਟੀ ਨਾਲ ਸ਼ਾਮਲ ਨਹੀਂ ਹੋਣਾ ਹੋਵੇਗਾ ਅਤੇ ਸਭ ਤੋਂ ਵੱਧ ਕੇ ਸੱਟ, ਜਿਹੜੀ ਕਿ ਕਿਰਤੀਆਂ ਦੀ ਰਾਜਸੀ ਜਥੇਬੰਦੀਆਂ ਨੂੰ ਮਾਰੀ ਗਈ ਹੈ, ਉਹ ਇਹ ਹੈ ਕਿ ਕੋਈ ਕਿਰਤੀ ਰਾਜਸੀ ਕੰਮਾਂ ਲਈ ਉੱਨਾ ਚਿਰ ਚੰਦਾ ਨਹੀਂ ਦੇ ਸਕੇਗਾ, ਜਿੰਨਾ ਚਿਰ ਤਕ ਕਿ ਉਹ ਲਿਖ ਕੇ ਨਾ ਦੇਵੇ ਕਿ ਉਹ ਰਾਜਸੀ ਕੰਮਾਂ ਲਈ ਚੰਦਾ ਦੇਣਾ ਚਾਹੁੰਦਾ ਹੈ। ਇਸ ਤੋਂ ਪਹਿਲਾਂ ਇਹ ਕਾਨੂੰਨ ਸੀ ਕਿ ਰਾਜਸੀ ਕੰਮ ਲਈ ਕਿਰਤੀ ਚੰਦਾ ਇਕੱਠਾ ਕਰ ਸਕਦੇ ਹਨ, ਪਰ ਜਿਹੜੇ ਲੋਕ ਨਹੀਂ ਦੇਣਾ ਚਾਹੁੰਦੇ ਹਨ। ਉਹ ਲਿਖ ਕੇ ਦੇਣ ਕਿ ਉਹ ਨਹੀਂ ਦੇਣਾ ਚਾਹੁੰਦੇ ਹਨ ! ਹੁਣ ਹਾਲਤ ਹੀ ਬਦਲ ਗਈ ਹੈ।

ਇਸ ਅਖੀਰੀ ਅੰਕ ਨਾਲ ਕਿਰਤੀਆਂ ਦੀ ਜਥੇਬੰਦੀ ਨੂੰ ਬੜੀ ਭਾਰੀ ਸੱਟ ਵੱਜੇਗੀ ਅਤੇ ਇਸ ਜ਼ਮਾਨੇ ਵਿਚ ਜਦ ਫਿਰ ਕੋਈ ਪਾਰਟੀ ਰੁਪੈ ਤੋਂ ਬਗ਼ੈਰ ਚੱਲ ਹੀ ਨਹੀਂ ਸਕਦੀ ਹੈ, ਤਾਂ ਇਹ ਸਾਫ਼ ਹੈ, ਕਿ ਕਿਰਤੀ ਪਾਰਟੀ ਦਾ ਰੁਪੈ ਦੀ ਥੁੜ੍ਹ ਖੁਣੋਂ ਗਲ ਘੁਟਣ ਲਈ ਇਹ ਚਾਲ ਚੱਲੀ ਗਈ ਹੈ। ਹੋਰ ਪਾਰਟੀਆਂ ਵਾਂਗੂੰ ਲੇਬਰ ਪਾਰਟੀ ਨੂੰ ਵੀ ਪਾਰਲੀਮੈਂਟ ਵਿਚ ਆਪਣੇ ਮੈਂਬਰ ਖੜ੍ਹੇ ਕਰਨ ਅਤੇ ਉਨ੍ਹਾਂ ਨੂੰ ਕਾਮਯਾਬ ਬਣਾਉਣ ਲਈ ਰੁਪੈ ਦੀ ਲੋੜ ਹੈ। ਤੇ ਜਦ ਦੂਜੀਆਂ ਪਾਰਟੀਆਂ ਜਿੱਦਾਂ ਚਾਹੁਣ, ਰੁਪਏ ਇਕੱਠੇ ਕਰ ਸਕਦੀਆਂ ਹਨ ਅਤੇ ਉਹਨਾਂ ਨੂੰ ਕਦੇ ਪੁੱਛਿਆ ਤਕ ਨਹੀਂ ਗਿਆ ਹੈ, ਤਾਂ ਕੋਈ ਵਜਾ ਨਹੀਂ ਹੈ, ਕਿ ਕਿਰਤੀ ਪਾਰਟੀ ਦੇ ਅੰਦਰਲੇ ਕੰਮਾਂ ਵਿਚ ਕਿਉਂ ਖਾਹ-ਮਖਾਹ ਦੀ ਲੱਤ ਅੜਾਈ ਜਾਵੇ।

ਇਸ ਵੇਲੇ ਤਕ ਕਿਰਤੀ ਰਾਜਸੀ ਪਾਰਟੀ ਆਪਣੇ ਫੰਡ ਟ੍ਰੇਡ ਯੂਨੀਅਨਾਂ ਤੋਂ ਇਕੱਠੇ ਕਰਦੀ ਰਹੀ ਹੈ। ਇਕ ਥਾਂ ਖਲੋਊ ਧੜੇ ਦਾ ਇਹ ਖਿਆਲ ਹੈ ਕਿ ਇਸ ਤਰ੍ਹਾਂ ਜੇ ਕਿਰਤੀ ਪਾਰਟੀ ਦੇ ਫੰਡ ਹੀ ਬੰਦ ਕਰ ਦਿੱਤੇ ਗਏ, ਤਾਂ ਕਿਰਤੀਆਂ ਦੀ ਜਥੇਬੰਦੀਆਂ ਵਿਚ ਆਪੇ ਹੀ ਪਾਟੋ-ਧਾੜ ਹੋ ਜਾਏਗੀ, ਅਤੇ ਇਨ੍ਹਾਂ ਦੇ ਘਰੀਂ ਘਿਓ ਦੇ ਦੀਵੇ ਬਲ਼ ਪੈਣਗੇ। ਇਸ ਤਰ੍ਹਾਂ ਕਿਰਤੀ ਜਥੇਬੰਦੀਆਂ ਦੇ ਟੁੱਟ ਜਾਣ ਨਾਲ ਇਹ ਸਦਾ ਹੀ ਇੰਗਲਿਸਤਾਨ ਦੇ ਰਾਜ 'ਤੇ ਧਰਨਾ ਜਾਰੀ ਰੱਖਣਗੇ। ਪਰ ਕਿਹੜੀ ਪਾਰਟੀ ਟੁੱਟੇਗੀ ? ਅਤੇ ਕਿਹੜੀ ਤਾਕਤ ਵਿਚ ਆਏਗੀ ? ਇਸ ਗੱਲ ਦਾ ਪਤਾ ਤਾਂ ਤਜਰਬਾ ਤੇ ਭਵਿੱਖ ਹੀ ਦੱਸੇਗਾ !



Sri Satguru Jagjit Singh Ji Elibrary NamdhariElibrary@gmail.com

ਜੇ ਇਹ ਬਿੱਲ ਪਾਸ ਹੋ ਗਿਆ ਤਾਂ ਕਿਰਤੀ ਫੇਰ ਉਹਨਾਂ ਹੀ ਸੰਗਲਾਂ ਵਿਚ ਜੁੜੇ ਜਾਣਗੇ ਜਿਨ੍ਹਾਂ ਵਿਚੋਂ ਕਿ ਯਤਨ ਕਰ ਕੇ ਉਹ ਅਜੇ ਨਿਕਲੇ ਹੀ ਸਨ। ਫੇਰ ਉਨ੍ਹਾਂ ਸੰਗਲਾਂ ਨੂੰ ਤੋੜਨਾ ਕੋਈ ਸੌਖਾ ਨਹੀਂ ਹੋਵੇਗਾ ! ਇਸ ਲਈ ਕਿਰਤੀਆਂ ਨੂੰ ਹੁਣ ਵੇਲਾ ਸੰਭਾਲਣਾ ਚਾਹੀਦਾ ਹੈ, ਤੇ ਉਹ ਧੜੱਲੇਦਾਰ ਐਜ਼ੀਟੇਸ਼ਨ ਕਰਨੀ ਚਾਹੀਦੀ ਹੈ ਕਿ ਇਸ ਸਰਮਾਏਦਾਰ ਧੜੇ ਨੂੰ ਜਿਹੜਾ ਕਿ ਕਿਰਤੀਆਂ ਨੂੰ ਗੁਲਾਮੀ ਵਿਚੋਂ ਹੀ ਨਹੀਂ ਨਿਕਲਣ ਦੇਣਾ ਚਾਹੁੰਦਾ ਹੈ, ਨਾਨੀ ਯਾਦ ਆ ਜਾਵੇ ! ਤੇ ਇਹ ਨਾਨੀ ਵੀ ਤਦ ਹੀ ਯਾਦ ਆ ਸਕਦੀ ਹੈ, ਜੇ ਔਣ ਵਾਲੀ ਪਾਰਲੀਮੈਂਟ ਵਿਚ ਇਨ੍ਹਾਂ ਨੂੰ ਉਹ ਹਾਰ ਹੋਵੇ, ਕਿ ਯਾਦ ਕਰ ਕਰ ਕੇ ਅੱਖੀਆਂ ਮਲ਼ਿਆ ਕਰਨ ! ਇਸ ਵੇਲੇ ਪਾਰਲੀਮੈਂਟ ਵਿਚ ਇਨ੍ਹਾਂ ਸਰਮਾਏਦਾਰਾਂ ਦੀ ਬਹੁ-ਸੰਮਤੀ ਹੈ। ਇਸੇ ਬਹੁ-ਸੰਮਤੀ ਦੇ ਮਾਣ 'ਤੇ ਹੀ ਇਹ ਲੋਕ ਆਕੜੇ ਫਿਰਦੇ ਹਨ ਅਤੇ ਕਿਰਤੀਆਂ ਨੂੰ ਨਜ਼ਰ ਥੱਲੇ ਵੀ ਨਹੀਂ ਲਿਆਉਂਦੇ।

ਅਸੀਂ ਚਾਹੁੰਦੇ ਹਾਂ ਕਿ ਕਿਰਤੀ ਨਾਮ-ਮਾਤਰ ਸੁਤੰਤਰ ਧੜੇ ਵਿਚ ਵੀ ਪ੍ਰਚਾਰ ਕਰਨ ਅਤੇ ਉਹਨਾਂ ਵਿਚੋਂ ਬਹੁਤ ਮੈਂਬਰ ਆਪਣੇ ਵੱਲ ਕਰ ਲੈਣ ਤਾਂਕਿ ਇਹ ਬਿੱਲ ਪਾਸ ਹੀ ਨਾ ਹੋ ਸਕੇ ! ਅਤੇ ਨਾ ਨਿਰਾ-ਪੁਰਾ ਇਹ ਬਿੱਲ ਹੀ ਫੇਲ੍ਹ ਕਰਾ ਦੇਣ, ਸਗੋਂ ਇਸ ਵਰਤਮਾਨ ਸਰਕਾਰ ਨੂੰ ਵੀ ਉਲਟਾ ਦੇਣ, ਕਿਉਂਕਿ ਇਸ ਨੇ ਇਹ ਕਾਨੂੰਨ ਪੇਸ਼ ਕਰਕੇ ਰਾਜ ਕਰਨ ਦੇ ਸਭ ਹੱਕ ਗਵਾ ਦਿੱਤੇ ਹਨ।

ਇਸ ਵੇਲੇ ਲੋੜ ਹੈ ਕਿ ਕਿਰਤੀਆਂ ਦੇ ਆਪਣੇ ਘਰ ਵੀ ਕਿਸੇ ਪ੍ਰਕਾਰ ਦੀ ਫੁੱਟ ਨਾ ਹੋਵੇ ਅਤੇ ਕਿਰਤੀਆਂ ਦੇ ਨਰਮ ਤੇ ਗਰਮ ਧੜਿਆਂ ਦੇ ਸਭ ਲੋਕ ਇੱਕ ਮਿੱਕ ਹੋ ਜਾਣ ਤਾਂ ਕਿ ਸਾਂਝੇ ਜ਼ੋਰ ਨਾਲ ਇਸ ਵਰਤਮਾਨ ਸਰਕਾਰ ਦਾ ਡੱਟ ਕੇ ਮੁਕਾਬਲਾ ਕੀਤਾ ਜਾਵੇ ਅਤੇ ਇਸ ਨੂੰ ਉਹ ਚਣੇ ਚਬਾਏ ਜਾਣ ਕਿ ਸਾਰੀ ਉਮਰ ਹੀ ਇਹ ਇਸ ਵੇਲੇ ਨੂੰ ਚੇਤੇ ਕਰ-ਕਰ ਕੇ ਹੱਥ ਮਲਿਆ ਕਰੇ।

* * *

## 14. ਗ਼ਦਰ ਲਹਿਰ ਦੀ ਕੁਛ ਵਿੱਥਯਾ ।

[ਸਤੰਬਰ 1927 ਦੇ ਕਿਰਤੀ ਵਿਚ ਇੱਕ ਹੋਰ ਬਹੁਤ ਹੀ ਅਹਿਮ ਲੇਖ 'ਗ਼ਦਰ ਲਹਿਰ ਦੀ ਕੁੱਛ ਵਿੱਥਿਆ' ਬਾਰੇ ਛਪਿਆ ਸੀ। ਇਹ ਇਕ ਅਖ਼ਬਾਰ ਵਿਚੋਂ ਲੈ ਕੇ ਛਾਪਿਆ ਗਿਆ ਹੈ। ਪਰ ਲਿਖਣ ਸ਼ੈਲੀ ਅਤੇ ਤੱਤਾਂ ਤੋਂ ਦਰਸਾਉਂਦਾ ਹੈ ਕਿ ਸ਼ਹੀਦ ਭਗਵਤੀ ਚਰਨ ਵੋਹਰਾ ਜੀ ਦਾ ਹੋ ਸਕਦਾ ਹੈ। ਖ਼ੈਰ ! ਉਸ ਵੇਲੇ ਦੇ ਵਿਚਾਰਾਂ ਤੋਂ ਜਾਣੂ ਕਰਾਉਂਦਾ ਹੈ। ਇਸ ਕਰਕੇ ਏਥੇ ਪੇਸ਼ ਕੀਤਾ ਜਾ ਰਿਹਾ ਹੈ। —ਸੰਪਾਦਕ]

ਪਹਿਲਾਂ ਮੈਂ ਇਹ ਦੱਸ ਲਵਾਂ ਕਿ ਵਿਪਲਵ ਵਾਦ ਦਾ ਕੀ ਅਰਥ ਹੈ ? ਫੇਰ ਮੈਂ ਅੱਗੇ ਚਲਾਂਗਾ। ਹਰ ਕੋਈ ਡਿੱਗੀ ਹੋਈ ਕੌਮ ਸਦਾ ਡਿੱਗੀ ਨਹੀਂ ਰਹਿੰਦੀ ਤੇ ਉਸ ਕੌਮ ਦੇ ਬੀਰ ਉਸਦੀ ਉੱਨਤੀ ਦਾ ਯਤਨ ਕਰਦੇ ਹਨ ਤੇ ਹੁਣ ਇਹ ਸੋਚਣਾ ਹੈ ਕਿ ਕੁਰਬਾਨੀਆਂ ਕਈ ਤਰ੍ਹਾਂ ਦਿੱਤੀਆਂ ਜਾਂਦੀਆਂ ਹਨ, ਕੌਮਾਂ ਨੂੰ ਉਠਾਉਣ ਦਾ ਵੀ ਕਈ-ਕਈ ਤਰੀਕਿਆਂ ਨਾਲ ਯਤਨ ਅਤੇ ਉਪਰਾਲਾ ਕੀਤਾ ਜਾਂਦਾ ਹੈ, ਇਕ ਤਾਂ ਦੇਸ਼ ਵਿਚ ਵਿਦਿਆ ਦਾ ਪ੍ਰਚਾਰ ਕਰਨਾ ਇਹ ਵੀ ਕੋਈ ਛੋਟੀ ਜੇਹੀ ਗੱਲ ਨਹੀਂ। ਦੂਜੇ ਲੋਕਾਂ ਨੂੰ ਉਹਨਾਂ ਦੇ ਹੱਕ ਦੱਸਣੇ ਅਤੇ ਉਹਨਾਂ ਨੂੰ ਹਾਸਲ ਕਰਨ ਦੇ ਵਾਸਤੇ ਸਰਕਾਰ ਅੱਗੇ ਬੇਨਤੀ ਕਰਨੀ। ਉਸ ਨੂੰ ਅਸੀਂ ਮਾਡਰੇਟ ਕਹਿ ਦੇਂਦੇ ਹਾਂ। ਇਹ ਸ਼ਬਦ ਉਸ ਵੇਲੇ ਪ੍ਰਯੋਗ ਵਿਚ ਆਂਵਦਾ ਹੈ ਜਦੋਂ ਕਿ ਦੇਸ਼ ਉਸ ਹਾਲਤ ਤੋਂ ਕੁਝ ਉੱਪਰ ਹੋ ਜਾਂਦਾ ਹੈ। ਦੂਜਾ ਦਰਜਾ ਹੁੰਦਾ ਹੈ ਗਰਮ ਦਲ ਦਾ ਜਿਸ ਤਰ੍ਹਾਂ 1907 ਵਿਚ ਲੋਕਮਾਨਿਯ ਤਿਲਕ ਜੀ ਦੀ ਪਾਰਟੀ ਸੀ, ਜਾਂ ਅੱਜਕੱਲ ਮਹਾਤਮਾ ਗਾਂਧੀ ਜੀ ਦਾ ਪ੍ਰਚਾਰ ਕਿਹਾ ਜਾ ਸਕਦਾ ਹੈ,



Sri Satguru Jagjit Singh Ji Elibrary NamdhariElibrary@gmail.com

ਪਰੰਤੂ ਜਿਸ ਵੇਲੇ ਇਹਨਾਂ ਦੋਹਾਂ ਰਾਹਾਂ 'ਤੇ ਚੱਲਣ ਨਾਲ ਵੀ ਸਫਲਤਾ ਨਹੀਂ ਹੁੰਦੀ ਤਾਂ ਇੱਕ ਤੇਜ਼ ਨੌਜਵਾਨਾਂ ਦਾ ਦਲ ਕੁਝ ਹੋਰ ਅੱਗੇ ਵਧਦਾ ਹੈ। ਉਹ ਹੱਥੋ-ਹੱਥੀ ਕੰਮ ਕਰਨਾ ਚਾਹੁੰਦਾ ਹੈ, ਮਰਨਾ ਅਤੇ ਮਾਰਨਾ ਚਾਹੁੰਦਾ ਹੈ ਅਤੇ ਏਸ ਢੰਗ ਨਾਲ ਹੀ ਜਿੱਤ ਪ੍ਰਾਪਤ ਕਰਨੀ ਚਾਹੁੰਦਾ ਹੈ। ਉਸ ਨੂੰ ਅੰਗਰੇਜ਼ੀ ਬੋਲੀ ਵਿਚ ਰਿਵੋਲਿਸ਼ਨਰੀਜ਼ (Revolutionaries) ਕਹਿੰਦੇ ਹਨ, ਇਸ ਦੇਸ਼ ਵਿਚ ਤਾਂ ਉਹ ਗੁਪਤ ਕੰਮ ਕਰਦੇ ਹਨ, ਅਤੇ ਪਿੱਛੋਂ ਜਾ ਕਰਕੇ ਉਹ ਬਦਲ ਕੇ ਖੁੱਲ੍ਹਮਖੁਲਾ ਲੜਾਈ ਕਰਨ ਨੂੰ ਤਿਆਰ ਹੋ ਜਾਂਦੇ ਹਨ, ਜਿਸ ਤਰ੍ਹਾਂ ਕਿ ਆਇਰਲੈਂਡ ਵਾਲੇ ਹੁਣ ਤੀਕ ਲੜਦੇ ਰਹੇ ਹਨ। ਇਹ ਕੰਮ ਜਿੰਨਾ ਗੁਪਤ ਹੁੰਦਾ ਹੈ ਉੱਨਾ ਚਿਰ ਤਾਂ ਉਹਨਾਂ ਨੂੰ ਦਬਾਉਣ ਦਾ ਯਤਨ ਕੀਤਾ ਜਾਂਦਾ ਹੈ। ਉਸ ਹਾਲਤ ਵਿਚ ਉਹਨਾਂ ਨੂੰ ਹਿੰਦੋਸਤਾਨੀ ਭਾਸ਼ਾ ਵਿਚ ਵਿਪਲਵ ਵਾਦੀ ਕਹਿੰਦੇ ਹਨ, ਉਰਦੂ ਵਿਚ ਇਨਕਲਾਬ ਕਿਹਾ ਜਾਂਦਾ ਹੈ, ਇਹ ਸ਼ਬਦ ਇੱਜ਼ਤ ਅਤੇ ਨਿੰਦਿਆ ਦੋਹਾਂ ਵਾਸਤੇ ਪ੍ਰਯੋਗ ਹੋ ਸਕਦਾ ਹੈ, ਅਰਥਾਤ ਜਿੰਨਾ ਚਿਰ ਤਾਂ ਦੇਸ਼ ਕਮਜ਼ੋਰ ਹੈ, ਜਿੰਨਾ ਚਿਰ ਉੱਥੇ ਝੋਲੀ ਚੁੱਕ ਵਧੇਰੇ ਹੁੰਦੇ ਹਨ, ਉੱਨਾ ਚਿਰ ਉਹਨਾਂ ਨੂੰ ਸਾਰੇ ਲੋਕ ਮਾੜੇ ਕਹਿੰਦੇ ਹਨ, ਅਤੇ ਹਾਕਮ ਤਾਂ ਉਹਨਾਂ ਦੇ ਦੁਸ਼ਮਣ ਹੁੰਦੇ ਹੀ ਹਨ, ਪਰੰਤੂ ਪਿੱਛੋਂ ਉਹਨਾਂ ਨੂੰ ਹੀ ਦੇਸ਼-ਭਗਤ ਕਿਹਾ ਜਾਂਦਾ ਹੈ।

ਅਸੀਂ ਕਿਸੇ ਡਰ ਦੇ ਕਾਰਨ ਅਥਵਾ ਭੈ ਦੇ ਕਾਰਨ ਚਾਹੇ ਉਹਨਾਂ ਨੂੰ ਬੁਰਾ ਕਹੀਏ, ਪਰੰਤੂ ਅਸਲ ਵਿਚ ਉਹ ਵੀ ਕਿਸੇ ਤੋਂ ਘੱਟ 'ਦੇਸ਼-ਭਗਤ' ਨਹੀਂ ਹੁੰਦੇ। ਸਗੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਉਹ ਦੂਜੇ ਸ਼ੋਰ ਮਚੌਣ ਵਾਲਿਆਂ ਨਾਲੋਂ ਵਧੀਕ ਦੇਸ਼ ਦਾ ਦਰਦ ਰੱਖਣ ਵਾਲੇ ਹੁੰਦੇ ਹਨ। ਉਹਨਾਂ ਦੀ ਕੋਈ ਸਹਾਇਤਾ ਨਹੀਂ ਕਰਦਾ, ਆਪਣੇ ਪਰਾਏ ਸਭ ਬੁਰਾ ਭਲਾ ਕਹਿੰਦੇ ਹਨ, ਤੇ ਹਾਕਮ ਤਾਂ ਜੋ ਕਰਦੇ ਹਨ, ਉਹਨਾਂ ਤਾਂ ਪੁੱਛਣਾ ਹੀ ਕੀ ਹੈ। ਉਹ ਵੀਰ ਫਿਰ ਵੀ ਡਟੇ ਹੀ ਰਹਿੰਦੇ ਹਨ, ਅਤੇ ਰਤਾ ਵੀ ਘਬਰਾਉਂਦੇ ਨਹੀਂ ਤਾਂ ਕੀ ਉਹ ਕਿਸੇ ਤੋਂ ਘੱਟ ਦੇਸ਼-ਭਗਤ ਹੁੰਦੇ ਹ। ਮੈਂ ਤਾਂ ਆਖਾਂਗਾ ਕਿ ਦੁਨੀਆਂ ਵਿਚ (End justifies the means) ਅਰਥਾਤ ਨਤੀਜੇ ਤੋਂ ਹੀ ਪਤਾ ਲੱਗ ਸਕਦਾ ਹੈ, ਕਿ ਉਹਨਾਂ ਦੇ ਪ੍ਰਯੋਗ ਕੀਤੇ ਹੋਏ ਤਰੀਕੇ ਚੰਗੇ ਸਨ ਜਾਂ ਬੁਰੇ ? ਜੇ ਤਾਂ ਨਤੀਜਾ ਚੰਗਾ ਹੋਵੇ, ਤਾਂ ਝੂਠ ਬੋਲਿਆ ਹੋਇਆ, ਖ਼ੂਨ ਕੀਤਾ ਹੋਇਆ ਵੀ ਠੀਕ ਹੀ ਹੁੰਦਾ ਹੈ, ਅਤੇ ਜੇ ਅਸਫਲਤਾ ਹੋਵੇ ਤਾਂ ਸ਼ਾਂਤੀ ਨਾਲ ਹੋਣ ਵਾਲਾ ਕੰਮ ਵੀ ਬੁਰਾ ਹੀ ਕਿਹਾ ਜਾਂਦਾ ਹੈ, ਕੀ ਵਾਸ਼ਿੰਗਟਨ ਨੂੰ ਉਸ ਵੇਲੇ ਬਾਗ਼ੀ ਕਹਿ ਕੇ ਦਬਾਉਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਗਈ ?

ਕੀ ਉਹ ਜੇ ਦੁਸ਼ਮਣਾਂ ਦੇ ਹੱਥ ਆ ਜਾਂਦਾ ਤਾਂ ਉਸ ਨੂੰ ਫ਼ਾਂਸੀ ਨਾ ਮਿਲਦੀ ! ਕੀ ਸਕਾਟਲੈਂਡ ਦਾ ਬੀਰ ਵਾਲੀਸ ਸੱਚਾ ਦੇਸ਼-ਭਗਤ ਨਹੀਂ ਸੀ ! ਕੀ ਉਸ ਨੂੰ ਫ਼ਾਂਸੀ ਨਹੀਂ ਦਿੱਤੀ ਗਈ ! ਹਰ ਦੇਸ਼ ਵਿਚ ਕੰਮ ਇਸੇ ਤਰ੍ਹਾਂ ਹੋਇਆ ਕਰਦਾ ਹੈ। ਇਟਲੀ ਦੀ ਹਾਲਤ ਦੇਖ ਲਵੋ, ਮੈਜ਼ਿਨੀ ਜਿਹੇ ਵੀ ਤਾਂ ਗੁਪਤ ਸੁਸਾਇਟੀ ਬਣਾਈ ਬੈਠੇ ਸਨ, ਉਹਨਾਂ ਦੀ ਮਿਹਨਤ ਦਾ ਹੀ ਇਹ ਫਲ ਹੋਇਆ ਸੀ, ਕਿ ਗ਼ੈਰੀ ਬਾਲਡੀ ਵਰਗੇ ਬੀਰ ਨੇ ਦੋ-ਦੋ ਹੱਥ ਕਰ ਵਖਾਏ। ਦੂਰ ਕੀ ਜਾਣਾ ਹੈ ਹਾਲੇ ਕੱਲ ਦੀ ਹੀ ਗੱਲ ਹੈ ਕਿ ਰੂਸ ਉੱਠਿਆ ਹੈ। ਕਿੰਨੇ ਆਦਮੀ ਫ਼ਾਂਸੀ ਤੇ ਚੜ੍ਹੇ ਤੇ ਬਾਗ਼ੀ ਠਹਿਰਾਏ ਗਏ, ਕੀ ਉਹ ਸੱਚੇ ਦੇਸ਼-ਭਗਤ ਨਹੀਂ ਸਨ ? ਇਸ ਗੱਲ ਦਾ ਉੱਤਰ ਅੱਜ ਰੂਸ ਵਾਲਿਆਂ ਤੋਂ ਪੁੱਛੋਂ ਖਾਂ ! ਉਹਨਾਂ ਬਿਚਾਰਿਆਂ ਨੂੰ "ਨਿਹਲਿਸਟ" ਅਤੇ "ਅਨਾਰਕਿਸਟ" ਅਰਥਾਤ ਦੁਨੀਆਂ ਵਿਚ "ਅਰਾਜਕਤਾ ਫੈਲਾਣ ਵਾਲੇ" ਅਤੇ "ਖ਼ੂਨ ਖ਼ਰਾਬਾ ਚਾਹੁੰਣ ਵਾਲੇ" ਕਿਹਾ ਜਾਂਦਾ ਸੀ, ਉਹਨਾਂ ਦੀਆਂ ਮਿਹਨਤਾਂ ਦੇ ਫਲਸਰੂਪ ਹੀ ਅੱਜ ਪੰਚਾਇਤੀ ਸਰਕਾਰ ਬਣੀ ਹੋਈ ਹੈ।



Sri Satguru Jagjit Singh Ji Elibrary NamdhariElibrary@gmail.com

ਹਾਂ ਇਹ ਲੋਕ, ਜਿਹੜੇ ਕਿ ਨਿਰਾਸ਼ ਹੋਣ ਕਰਕੇ ਖ਼ੂਨ ਖਰਾਬੇ 'ਤੇ ਉਤਾਰੂ ਹੋ ਜਾਂਦੇ ਹਨ, ਉਹ ਪਹਿਲਾਂ ਗੁਪਤ ਸੁਸਾਇਟੀਆਂ ਬਣਾ ਲੈਂਦੇ ਹਨ। ਉਹਨਾਂ ਨੂੰ ਅੰਗਰੇਜ਼ੀ ਵਿਚ **(Revolutionaries)** ਕਹਿੰਦੇ ਹਨ, ਅਤੇ ਹਿੰਦੀ ਵਿਚ ਵਿਪਲਵਾਦੀ ਕਿਹਾ ਜਾਂਦਾ ਹੈ।

ਜੇ ਸੰਸਾਰ ਵਿਚ ਦੇਖਿਆ ਜਾਵੇ, ਤਾਂ ਇਹ ਗੱਲ ਕਿ ਜ਼ੋਰਾਵਰ ਦਾ ਸੱਤੀਂ ਵੀਹੀਂ ਸੌ ਹੋਇਆ ਕਰਦਾ ਹੈ। ਠੀਕ ਮਲੂਮ ਹੁੰਦੀ ਹੈ ਕਿਉਂਕਿ ਜਿੰਨਾ ਚਿਰ ਇੱਕ ਧਿਰ ਦਾ ਜ਼ੋਰ ਰਿਹਾ ਉੱਨਾ ਚਿਰ ਤਾਂ ਕਮਜ਼ੋਰ ਬਾਗ਼ੀ ਅਨਾਰਕਿਸਟ, ਨਿਹਲਿਸਟ, ਵਿਪਲਵਾਦੀ, ਇਨਕਲਾਬ ਪਸੰਦ ਕਹਾਉਂਦੇ ਹਨ, ਪਰੰਤੂ ਜਦੋਂ ਦੂਜੀ ਧਿਰ ਜ਼ੋਰ ਵਾਲੀ ਹੋ ਜਾਂਦੀ ਹੈ, ਉਦੋਂ ਉਹ ਸੱਚੇ 'ਦੇਸ਼-ਭਗਤ' ਕੌਮ ਦੇ ਪ੍ਰਵਾਨੇ ਹੋ ਜਾਂਦੇ ਹਨ ਤੇ ਦੂਜੇ ਜ਼ਾਲਮ, ਅਤਿਆਚਾਰੀ, ਲਾਲਚੀ ਆਦਿਕ ਹੁੰਦੇ ਹਨ।

ਸ਼ਿਵਾ ਜੀ ਮਰਹੱਟਾ ਜੇਕਰ ਰਾਜ ਕਾਇਮ ਨਾ ਕਰ ਸਕਦਾ, ਅਤੇ ਜ਼ਾਲਮ ਔਰੰਗਜ਼ੇਬ ਦੇ ਦੰਦ ਖੱਟੇ ਨਾ ਕਰ ਸਕਦਾ, ਤਾਂ ਉਹ ਡਾਕੂ ਹੀ ਕਹਾਉਂਦਾ ਪਰੰਤੂ ਅੱਜ ਅਸੀਂ ਵੀ ਉਸਨੂੰ ਮਹਾਂਪੁਰਖ ਆਖਦੇ ਹਾਂ, ਖ਼ੈਰ !

ਇਹ ਖ਼ਿਆਲ ਕਿ ਕੋਈ ਇਨਕਲਾਬ ਕਰੇ ਅਤੇ ਖ਼ੂਨ ਖ਼ਰਾਬੇ ਤੋਂ ਨਾ ਡਰੇ ਇਹ ਵੀ ਝੱਟ ਪੱਟ ਨਹੀਂ ਆ ਜਾਂਵਦਾ। ਹੌਲੇ-ਹੌਲੇ ਹਾਕਮ ਲੋਕ ਜ਼ੁਲਮ ਕਰਦੇ ਹਨ ਲੋਕ ਦਰਖਾਸਤਾਂ ਕਰਦੇ ਹਨ ਪਰੰਤੂ ਉਹ ਹੰਕਾਰੀ ਉਸ ਵੱਲ ਧਿਆਨ ਨਹੀਂ ਦੇਂਦੇ। ਫੇਰ ਲੋਕ ਕੁਝ ਰੌਲਾ ਪਾਉਂਦੇ ਹਨ, ਪਰੰਤੂ ਕੁਝ ਨਹੀਂ ਬਣਦਾ, ਉਸ ਵੇਲੇ ਫੇਰ ਅੱਗੇ ਵਧੇ ਹੋਏ ਨੌਜਵਾਨ ਏਸ ਕੰਮ ਨੂੰ ਸੰਭਾਲਦੇ ਹਨ। ਜੇ ਕਿਸੇ ਮੁਲਕ ਵਿਚ ਸ਼ਾਂਤੀ ਹੋਵੇ ਅਤੇ ਲੋਕ ਸੁਖ-ਚੈਨ ਨਾਲ ਬੈਠੇ ਹੋਣ ਤਾਂ ਉੱਥੇ ਉੱਨਾ ਚਿਰ ਇਨ੍ਹਾਂ ਖ਼ਿਆਲਾਂ ਦਾ ਪ੍ਰਚਾਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਉਹਨਾਂ ਨੂੰ ਕੋਈ ਬੜਾ ਭਾਰੀ ਇਹੋ ਜਿਹਾ ਕੋਈ ਨਵਾਂ ਵਿਚਾਰ ਨਾ ਦਿੱਤਾ ਜਾਵੇ, ਜਿਸ ਤੋਂ ਕਿ ਉਹ ਪਰਵਾਨਿਆਂ ਵਾਂਗੂੰ ਕੁਰਬਾਨ ਹੋ ਜਾਣ ਜਾਂ 'ਜ਼ੁਲਮ' ਏਸ ਗੱਲ ਲਈ ਲੋਕਾਂ ਨੂੰ ਤਿਆਰ ਕਰਦੇ ਹਨ।

ਜੇ ਅਸੀਂ ਆਪਣੇ ਦੇਸ਼ ਵੱਲ ਧਿਆਨ ਦੇਈਏ ਤਾਂ ਏਸ ਗੱਲ ਦਾ ਸਾਫ਼ ਪਤਾ ਲੱਗ ਸਕਦਾ ਹੈ।

ਸਭ ਤੋਂ ਪਹਿਲਾਂ ਇਹ ਖ਼ਿਆਲ ਮਹਾਰਾਸ਼ਟਰ ਅਰਥਾਤ ਮਰਹੱਟਿਆਂ ਵਿਚੋਂ ਕਿਸ-ਕਿਸ ਮਹਾਂ-ਪੁਰਸ਼ ਨੂੰ ਸੁੱਝਾ, ਪਰੰਤੂ ਇਸ ਦਾ ਪ੍ਰਚਾਰ ਨਹੀਂ ਹੋ ਸਕਿਆ। ਫੇਰ ਇਹ ਖ਼ਿਆਲ ਬੰਗਾਲ ਵਿਚ ਆਇਆ। ਬੀਰ ਆਵੇਂਦਯੂ ਸਭ ਤੋਂ ਪਹਿਲਾਂ ਇਸ ਗੱਲ ਦਾ ਪ੍ਰਚਾਰ ਕਰਨ ਲੱਗਾ। ਇਹ ਗੱਲ 1903 ਦੀ ਹੈ, ਪਰੰਤੂ ਲੋਕ ਸਭੇ ਆਰਾਮ ਵਿਚ ਰਹਿੰਦੇ ਸਨ, ਤਾਂ ਖਾਹ-ਮਖਾਹ ਕੋਈ ਕਿਉਂ ਦੁੱਖ ਵਿਚ ਪਵੇ। ਕਿਸੇ ਵੀ ਉਹਨਾਂ ਦੀ ਗੱਲ ਨਾ ਮੰਨੀ। ਉਹ ਆਪਣਾ ਜ਼ੋਰ ਲਾ ਕੇ ਤੇ ਅਸਫ਼ਲ ਹੋ ਕੇ ਬੈਠ ਗਏ, ਇਹ ਸਾਰਾ ਵਰਨਣ ਰੋਲਟ ਕਮੇਟੀ ਦੀ ਰਿਪੋਰਟ ਵਿਚ ਦਿੱਤਾ ਹੋਇਆ ਹੈ।

ਫੇਰ ਬੰਗਾਲ ਦੀ ਤਕਸੀਮ 1904 ਵਿਚ ਹੋ ਗਈ। ਲੋਕਾਂ ਨੇ ਦਰਖਾਸਤਾਂ ਘੱਲੀਆਂ, ਪਰੰਤੂ ਲਾਰਡ ਕਰਜ਼ਨ ਨੇ ਆਖਿਆ, 'ਸੂਰਜ ਪੱਛੋਂ ਤੋਂ ਚੜ੍ਹ ਪਵੇ ਤਾਂ ਚੜ੍ਹ ਪਵੇ ਪਰ ਮੈਂ ਬੰਗਾਲ ਦੀ ਵੰਡ ਏਸੇ ਤਰ੍ਹਾਂ ਹੀ ਰੱਖਾਂਗਾ' ਫੇਰ ਸੁਦੇਸ਼ੀ ਦਾ ਪ੍ਰਚਾਰ ਹੋਇਆ, ਕਈ ਬਿਚਾਰੇ ਬੇ-ਕਸੂਰ ਹੀ ਜੇਲ੍ਹਾਂ ਵਿਚ ਤੁੰਨ ਦਿੱਤੇ ਗਏ, ਅਤੇ ਕਰਜ਼ਨ ਨੇ ਵੀ ਆਪਣੀ ਟੈਂ ਨਾ ਛੱਡੀ। ਦੱਸੋ ਉਸ ਵੇਲੇ ਜਦੋਂ ਲੋਕੀਂ ਦੁਖੀ ਹੋਏ ਬੈਠੇ ਹੋਣ ਉਦੋਂ ਉਨ੍ਹਾਂ ਵਿਚ ਏਹਨਾਂ ਗੱਲਾਂ ਦਾ ਪ੍ਰਚਾਰ ਝੱਟਪੱਟ ਹੋ ਜਾਣਾ ਹੋਇਆ ਕਿ ਨਾ ? ਬਸ ਬੰਬ ਬਣਨ ਲੱਗ ਪਏ। ਖ਼ੈਰ 1908 ਵਿਚ ਅਲੀਪੁਰ ਸਾਜ਼ਸ਼ ਦਾ ਮੁਕੱਦਮਾ ਚੱਲਿਆ ਫੇਰ ਤਾਂ ਉਹ ਕੰਮ ਹੋਰ ਵੀ ਜ਼ੋਰਾਂ 'ਤੇ ਹੋ ਗਿਆ ਤੇ 1916 ਤੀਕ ਹੁੰਦਾ ਰਿਹਾ, ਫੇਰ ਤਾਂ ਉਹਨਾਂ ਨੂੰ ਡਾਕੇ ਮਾਰਨੇ ਪਏ, ਚਿਰ ਹੋਇਆ ਤਾਂ ਇਕ ਬੰਗਾਲੀ ਸੱਜਣ ਨੇ ਲੈਕਚਰ ਦਿੱਤਾ ਸੀ, ਕਿ ਲੋਕ ਉਹਨਾਂ ਨੂੰ ਡਾਕੂ ਕਹਿੰਦੇ ਹਨ ਪਰੰਤੂ ਤੁਸੀਂ ਇਹ ਤਾਂ ਦੱਸੋ, ਕਿ ਤੁਸੀਂ ਉਹਨਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਇਕ ਪੈਸਾ ਵੀ ਦੇਂਦੇ ਹੋ ! ਉਹ ਵਿਚਾਰੇ ਤਾਂ ਆਪਣਾ ਸੱਭੋ ਕੁੱਛ ਛੱਡੀ ਬੈਠੇ ਹਨ, ਤੇ ਤੁਸੀਂ ਉਹਨਾਂ ਦੀ ਸਹਾਇਤਾ ਨਹੀਂ ਕਰਦੇ ਤਾਂ ਤੁਸੀਂ ਆਪ ਸੋਚੋ ਉਹ ਕੀ ਕਰਨ, ਕੀ ਆਪਣਾ ਕੰਮ ਰੋਕ ਦੇਣ ! ਮੈਂ ਬਹੁਤਿਆਂ ਨੂੰ ਮਿਲਿਆ ਹਾਂ, ਉਹ ਸੱਚੇ ਸਨਿਆਸੀ ਹਨ, ਦੇਸ਼-ਭਗਤ ਹਨ. ਖ਼ੈਰ, ਹੁਣ ਅਸੀਂ ਆਪਣੇ ਸੂਬੇ ਵੰਨੇ ਆਂਵਦੇ ਹਾਂ, ਏਥੇ ਪਹਿਲਾਂ-ਪਹਿਲਾਂ ਰੌਲਾ ਸਰਦਾਰ ਅਜੀਤ ਸਿੰਘ ਦੇ ਵੇਲੇ ਹੋਇਆ ਸੀ ! ਸੰਨ 1907 ਦੀ ਗੱਲ ਹੈ ਦੋ ਕਾਨੂੰਨਾਂ ਦੇ ਖ਼ਿਲਾਫ਼ ਆਵਾਜ਼ ਉਠਾਈ ਗਈ, ਜੋਸ਼ ਵੱਧਦਾ ਦੇਖ ਕੇ ਤਾਂ ਸਰਕਾਰ ਨੇ ਉਹਨਾਂ ਦੀ ਗੱਲ ਝੱਟਪੱਟ ਮੰਨ ਲਈ ਅਤੇ ਸ਼ੋਰ-ਸ਼ਰਾਬਾ ਰੁਕ ਗਿਆ, ਉਹ ਜ਼ਮਾਨਾ ਲੰਘ ਗਿਆ, ਕਿਹਾ ਜਾਂਦਾ ਹੈ ਕਿ 1909 ਵਿਚ ਸਰਕਾਰ ਨੂੰ ਚਿੰਤਾ ਹੋਈ, ਕਿ ਬੰਗਾਲ ਦੀ ਬੀਮਾਰੀ ਕਿੱਧਰੇ ਪੰਜਾਬ ਵਿਚ ਵੀ ਨਾ ਆ ਫੈਲੇ। ਉਹਨਾਂ ਸਰਦਾਰ ਅਜੀਤ ਜੀ ਨੂੰ ਫੜਨ ਦਾ ਯਤਨ ਕੀਤਾ, ਪਰੰਤੂ ਉਹ ਬਚ ਕੇ ਨਿਕਲ ਗਏ, ਉਸ ਦੇ ਪਿੱਛੇ ਪੰਜਾਬ ਵਿਚ ਸਵਾਏ ਦਿੱਲੀ ਵਾਲੇ ਬੰਬ ਕੇਸ ਦੇ ਹੋਰ ਕੋਈ ਸ਼ਗੂਫਾ ਨਹੀਂ ਦਿੱਸਦਾ, ਉਹ ਵਿਚਾਰਾ ਵੀ ਬੰਗਾਲ ਨੇ ਹੀ ਦਿੱਤਾ ਸੀ, ਪਰੰਤੂ ਉਹਨਾਂ ਕਿੰਨੇ ਕੁ ਲੋਕਾਂ ਨੂੰ ਆਪਣੇ ਨਾਲ ਮਿਲਾਇਆ ਸੀ, ਸਾਰੇ ਦਸ-ਬਾਰਾਂ ਆਦਮੀ ਹੋਣਗੇ, ਸਾਧਾਰਨ ਲੋਕ ਬਲ਼ਦੀ ਦੇ ਬੂੰਥੇ ਕਿਉਂ ਜਾਣ ਲੱਗੇ ਸਨ ! ਚਾਰ ਨੂੰ ਫਾਂਸੀ ਮਿਲੀ, ਕੁਝ ਨੂੰ ਕੇਦ ਕਰ ਦਿੱਤਾ ਅਤੇ ਗੱਲ ਮੁੱਕ ਗਈ।

ਪਰੰਤੂ ਫੇਰ ਝੱਟਪੱਟ ਅਗਲੇ ਵਰ੍ਹੇ 1915 ਵਿਚ ਫੇਰ ਪੰਜਾਬ ਵਿਚ ਗ਼ਦਰ ਦੀਆਂ ਤਿਆਰੀਆਂ ਨਜ਼ਰ ਆਉਂਦੀਆਂ ਸਨ, ਉਦੋਂ ਦੋ ਗੱਲਾਂ ਸਨ, ਇਕ ਤਾਂ ਲੜਾਈ ਛਿੜ ਪਈ, ਦੂਜੇ ਸਰਕਾਰ ਨੇ ਕਾਮਾਗਾਟਾਮਾਰੂ ਵਾਲਿਆਂ 'ਤੇ ਜ਼ੁਲਮ ਕੀਤਾ, ਉਹ ਵੀ ਅਮਰੀਕਾ ਤੋਂ ਹੀ ਬਿਚਾਰੇ ਖ਼ਿਆਲ ਲੈ ਕੇ ਆਏ ਸਨ, ਪਰ ਪੰਜਾਬ ਵਿਚ ਰਹਿਣ ਵਾਲਿਆਂ ਵਿਚੋਂ ਕਿੰਨਿਆਂ ਕੁ ਨੇ ਉਹਨਾਂ ਦਾ ਸਾਥ ਦਿੱਤਾ, ਸਿਵਾਏ 1907 ਦੇ ਕੁਝ ਬੰਦਿਆਂ ਦੇ ਕਿੰਨੇ ਕੁ ਸਨ ਉਹਨਾਂ ਦੇ ਨਾਲ ? ਖ਼ੈਰ, ਮੈਂ ਆਪਣੀ ਬੁੱਧੀ ਅਨੁਸਾਰ ਸੰਖੇਪ ਜਿਹੇ ਵਿਚ ਇਨਕਲਾਬੀ ਵਿਚਾਰਾਂ ਦੇ ਵਿਕਾਸ ਅਤੇ ਫੈਲਾਣ ਦਾ ਕੁਝ ਵਰਨਣ ਕਰਨ ਦਾ ਯਤਨ ਕੀਤਾ ਹੈ, ਤੇ ਜੇ ਮੈਨੂੰ ਸਮਾਂ ਮਿਲਿਆ ਤਾਂ ਇਕ ਲੰਮਾ ਲੇਖ ਲਿਖ ਕੇ ਹੋਰਨਾਂ ਮੁਲਕਾਂ ਦਾ ਵਿਸਤਾਰ ਨਾਲ ਹਾਲ ਲਿਖ ਕੇ ਇਸਦਾ ਵਰਨਣ ਕਰਨ ਦਾ ਯਤਨ ਕਰਾਂਗਾ !

**(ਇਕ ਅਖ਼ਬਾਰ ਵਿਚੋਂ)**

* * *

## 15. ਰਾਜ-ਪਲਟਾਊ ਖ਼ੁਫ਼ੀਆ ਸਾਜ਼ਸ਼ਾਂ

[15 ਜਨਵਰੀ 1928 ਵਿਚ ਜਦ ਸ਼ਹੀਦ ਭਗਤ ਸਿੰਘ ਨੇ ਦੋ ਲੇਖ ਕਿਰਤੀ ਵਿਚ ਕਾਕੋਰੀ ਦੇ ਸ਼ਹੀਦਾਂ ਬਾਰੇ ਛਾਪੇ ਤਾਂ ਉਹਨਾਂ ਦੇ ਨਾਲ ਹੀ ਇਕ ਲੇਖ ਰਾਜ-ਪਲਟਾਊ ਖ਼ੁਫੀਆ ਸਾਜ਼ਸ਼ ਦੇ ਸਿਰਲੇਖ ਹੇਠ ਵੀ ਛਪਿਆ। ਇਸ ਦੇ ਨਾਲ ਵੀ ਲਿਖਾਰੀ ਦਾ ਕੋਈ ਨਾਂ ਨਹੀਂ ਦਿੱਤਾ ਗਿਆ। ਪਰ ਅੰਗਰੇਜ਼ ਸਰਕਾਰ ਕਿਸ ਤਰ੍ਹਾਂ ਦੇ ਢੰਗ ਵਰਤ ਕੇ ਇਨਕਲਾਬੀ ਲਹਿਰ ਵਿਰੁੱਧ ਪ੍ਰਚਾਰ ਕਰਦੀ ਸੀ। ਇਸ ਬਾਰੇ ਬਹੁਤ ਹੀ ਚੰਗੀ ਜਾਣਕਾਰੀ ਦਿੰਦਾ ਹੈ। ਉਸ ਸਮੇਂ ਦੀਆਂ ਵਿਚਾਰਾਂ ਬਾਰੇ ਵੀ ਜਾਣਕਾਰੀ ਦਿੰਦਾ ਹੈ। ਅੱਛਾ ਪੇਸ਼ ਹੈ। —ਸੰਪਾਦਕ]

ਅਖ਼ਬਾਰਾਂ ਪੜ੍ਹਨ ਸੁਣਨ ਵਾਲੇ ਲੋਕੀ ਇਸ ਗੱਲ ਤੋਂ ਜਾਣੂ ਹਨ ਕਿ ਅਜਿਹੀਆਂ ਖ਼ਬਰਾਂ ਆਮ ਤੌਰ 'ਤੇ ਛਪਦੀਆਂ ਹੀ ਰਹਿੰਦੀਆਂ ਹਨ, ਕਿ ਹਿੰਦ ਵਿਚ ਅੱਜ ਫਲਾਨੇ ਥਾਂ ਸਰਕਾਰ ਅੰਗਰੇਜ਼ੀ ਵਿਰੁੱਧ ਸਾਜ਼ਸ਼ ਦਾ ਪੁਲਿਸ ਨੇ ਪਤਾ ਲਗਾਇਆ ਹੈ ਅਤੇ ਅੱਜ ਫਲਾਨੇ ਥਾ ਪਰ ਸਾਜ਼ਸ਼ ਦਾ ਮੁਕੱਦਮਾ ਚਲਾਇਆ ਗਿਆ ਹੈ। ਅੱਜ ਫਲਾਨੇ ਥਾਂ ਸਾਜ਼ਸ਼ ਕਰਨ ਵਾਲਿਆਂ ਨੂੰ ਫ਼ਾਂਸੀ ਦਿੱਤਾ ਗਿਆ ਹੈ, ਹੁਣੇ ਹੀ ਇਕ ਖ਼ਬਰ ਛਪੀ ਹੈ ਕਿ ਇਕ ਅਜਿਹੀ ਸਾਜ਼ਸ਼ ਦਾ ਮੁਕੱਦਮਾ ਚੱਲਣ ਵਾਲਾ



Sri Satguru Jagjit Singh Ji Elibrary NamdhariElibrary@gmail.com

ਹੈ ਜਿਸ ਵਿਚ ਚਾਰੇ ਉੱਤਰੀ ਸੂਬੇ ਲਪੇਟੇ ਜਾਣਗੇ। ਅਜਿਹੀਆਂ ਖ਼ਬਰਾਂ ਪੜ੍ਹ ਕੇ ਆਮ ਭੋਲੇ-ਭਾਲੇ ਲੋਕੀਂ ਇਹਨਾਂ ਸਾਜ਼ਸ਼ਾਂ ਸੰਬੰਧੀ ਆਪਣੇ ਦਿਲ ਵਿਚ ਬੜੇ ਭੈੜੇ ਖ਼ਿਆਲ ਰੱਖਣ ਲੱਗ ਜਾਂਦੇ ਹਨ। ਅਸਲ ਵਿਚ ਉਹਨਾਂ ਨੂੰ ਇਹਨਾਂ ਸਾਜ਼ਸ਼ਾਂ ਸਬੰਧੀ ਕੋਈ ਵਾਕਫੀਅਤ ਨਹੀਂ ਹੁੰਦੀ ਜਿਸ ਲਈ ਇਸ ਵਿਸ਼ੇ ਪਰ ਚਾਨਣਾ ਪਾਉਣਾ ਜ਼ਰੂਰੀ ਹੈ। ਜਿਸ ਤਰ੍ਹਾਂ ਰਾਤ ਦੇ ਪਿੱਛੋਂ ਦਿਨ ਅਤੇ ਦਿਨ ਦੇ ਪਿੱਛੋਂ ਰਾਤ ਦੇ ਆਉਣ ਦੀ ਅਸਲੀਅਤ ਤੋਂ ਕੋਈ ਇਨਕਾਰ ਨਹੀਂ ਹੋ ਸਕਦਾ, ਇਸੇ ਤਰ੍ਹਾਂ ਦੀ ਅਸਲੀਅਤ ਇਸ ਕਥਨ ਵਿਚ ਕਿ ਹਿੰਦੋਸਤਾਨ ਨੇ ਇਸ ਗ਼ੁਲਾਮੀ ਵਿਚ ਉਤਾਰ ਕੇ ਆਜ਼ਾਦ ਜ਼ਰੂਰ ਹੋ ਜਾਣਾ ਹੈ, ਇਹ ਦੂਜੀ ਗੱਲ ਹੈ ਕਿ ਇਸ ਮਨੋਰਥ ਪਰ ਪੁੱਜਣ ਲਈ ਸਮਾਂ ਵੱਧ ਲੱਗੇ ਜਾਂ ਘੱਟ ਅਤੇ ਮੁੱਲ ਵੀ ਮਹਿੰਗਾ ਹੀ ਦੇਣਾ ਪਵੇ। ਇਹੋ ਅਸਲੀਅਤ ਕਿਰਤੀ ਸ਼੍ਰੇਣੀ ਸਬੰਧੀ ਹੈ, ਕਿ ਹੁਣ ਉਸਨੇ ਵੀ ਸਰਮਾਏਦਾਰਾਂ ਦੀ ਗ਼ੁਲਾਮੀ ਦਾ ਜੂਲਾ ਉਤਾਰ ਕੇ ਹੀ ਰਹਿਣਾ ਹੈ। ਆਜ਼ਾਦੀ ਦੀਆਂ ਲਹਿਰਾਂ ਦੁਨੀਆਂ ਵਿਚ ਨਾ ਕਦੇ ਰੁਕੀਆਂ ਹਨ ਅਤੇ ਨਾ ਰੁਕ ਸਕਦੀਆਂ ਹਨ, ਪਰੰਤੂ ਇਨ੍ਹਾਂ ਨੂੰ ਰੋਕਣ ਲਈ ਕੌਮਾਂ ਦੀ ਅਤੇ ਕਿਰਤੀ ਸ਼੍ਰੇਣੀ ਦੀ ਆਜ਼ਾਦੀ ਦੇ ਵਿਰੋਧੀਆਂ ਨੇ ਜੋ ਜੋ ਹਥਿਆਰ ਵਰਤੇ ਹਨ ਉਹ ਸਾਖਿਆਤ ਰੂਪ ਵਿਚ ਇਤਿਹਾਸ ਅੰਦਰ ਮੌਜੂਦ ਹਨ ਅਤੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਹਿੰਦੁਸਤਾਨ ਦਾ ਵਰਤਮਾਨ ਇਤਿਹਾਸ ਹੀ ਕਾਫ਼ੀ ਹੈ।

ਜਦੋਂ ਆਜ਼ਾਦੀ ਦੀ ਕੋਈ ਲਹਿਰ ਕਾਮਯਾਬੀ ਤਰੀਕਿਆਂ ਪੁਰ ਚਲਦੀ ਦਿਖਾਈ ਦੇਵੇ ਤਾਂ ਇਸਨੂੰ ਅਸਫ਼ਲ ਕਰਨ ਲਈ ਇਸਦੇ ਸੇਵਕਾਂ ਪਰ ਸਭ ਤੋਂ ਵੱਡੇ ਦੂਸ਼ਣ ਜੋ ਲਾਏ ਜਾਂਦੇ ਹਨ ਉਹ ਇਹ ਹੁੰਦੇ ਹਨ। (1) ਕਿ ਇਹ ਸਾਜ਼ਸ਼ ਕਰ ਰਹੇ ਹਨ। (2) ਅਤੇ ਇਹ ਧਰਮਾਂ ਦੇ ਵਿਰੋਧੀ ਹਨ। ਇਸ ਲੇਖ ਵਿਚ ਇਹਨਾਂ ਦੋਹਾਂ ਵਿਸ਼ਿਆਂ ਪਰ ਵਿਚਾਰ ਕਰਨ ਦਾ ਯਤਨ ਕਰਨਾ ਹੈ, ਤਾਂ ਜੋ ਆਮ ਜਨਤਾ ਨੂੰ ਇਨ੍ਹਾਂ ਦੀ ਤਹਿ ਤਕ ਪੁੱਜਣ ਦਾ ਅਵਸਰ ਮਿਲ ਜਾਵੇ, ਅਤੇ ਇਹ ਪਤਾ ਲੱਗ ਸਕੇ ਕਿ ਅਸਲੀ ਅਰਥਾਂ ਵਿਚ ਸਾਜ਼ਸ਼ ਕਰਨ ਵਾਲਾ ਅਤੇ ਧਰਮਾਂ ਦਾ ਵਿਰੋਧੀ ਕੌਣ ਹੁੰਦਾ ਹੈ ਅਤੇ ਕਿਵੇਂ ਦੁਨੀਆ ਦਾ ਭਲਾ ਕਰਨ ਵਾਲਿਆਂ ਸਾਜ਼ਸ਼ੀ ਅਤੇ ਅਧਰਮੀ ਕਿਹਾ ਜਾਂਦਾ ਹੈ? ਅਸਲ ਵਿਚ ਸਾਜ਼ਸ਼ੀ ਇਹ ਆਪ ਹੁੰਦੇ ਹਨ।

## ਖੁਫ਼ੀਆ ਰਾਜ-ਪਲਟਾਊ ਲਹਿਰਾਂ !

ਵਰਤਮਾਨ ਸਰਕਾਰ ਹਿੰਦ ਇਹ ਰੌਲਾ ਪਾਉਂਦੀ ਨਹੀਂ ਥਕਦੀ ਕਿ ਹਿੰਦੋਸਤਾਨ ਅੰਦਰ ਖੁਫੀਆ ਰਾਜ-ਪਲਟਾਊ ਲਹਿਰ ਕਾਇਮ ਹੈ। ਇਸ ਲਹਿਰ ਦੀ ਹੋਂਦ ਪ੍ਰਗਟ ਕਰਨ ਲਈ ਕਿਧਰੋਂ ਨਾ ਕਿਧਰੋਂ ਟੁੱਟੇ ਭੱਜੇ ਪਸਤੌਲ ਤੇ ਬੰਬ ਆਦਿਕ ਆਪਣੇ ਚਾਟੜਿਆਂ ਦੀ ਰਾਹੀਂ ਫੜੇ ਜਾਣ ਦੇ ਢਕਵੰਜ ਰਚ ਲੈਂਦੀ ਹੈ ਅਤੇ ਕਿਧਰੇ ਅਫਸਰ ਪਰ ਕੋਈ ਖਾਲੀ ਜਾਣ ਵਾਲਾ ਵਾਰ ਹੀ ਕਰਾਇਆ ਜਾਂਦਾ ਹੈ ਅਤੇ ਕਿਧਰੇ ਰੇਲ ਦੀ ਪਟੜੀ ਦੇ ਕਾਬਲੇ ਢਿੱਲੇ ਕੀਤੇ ਜਾਂਦੇ ਹਨ, ਜਦੋਂ ਕਿ ਲਾਟ ਆਦਿਕ ਨੇ ਲੰਘਣਾ ਹੋਵੇ। ਇਹ ਸਭ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੂੰ ਕਿ ਖੁਫੀਆ ਰਾਜ-ਪਲਟਾਊ ਲਹਿਰਾਂ ਆਮ ਵਰਤਿਆ ਕਰਦੀਆਂ ਹਨ ਪਰੰਤੂ ਇਸ ਵੇਲੇ ਇਹ ਸਭ ਕੁਝ ਪੁਲਸੀ ਆਦਮੀਆਂ ਵੱਲੋਂ ਹੋ ਰਿਹਾ ਹੈ ਜਿਸ ਦਾ ਸਬੂਤ ਇਸ ਗੱਲ ਵੱਲੋਂ ਨਿਗਾਹ ਮਾਰਨ ਤੋਂ ਮਿਲਦਾ ਹੈ, ਕਿ ਦੱਸੇ ਗਏ ਰਾਜ-ਪਲਟਾਊਆਂ ਦੀ ਇਸ ਕਾਰਵਾਈ ਨਾਲ ਨੁਕਸਾਨ ਕਿੱਥੋਂ ਤਕ ਹੁੰਦਾ ਹੈ? ਬੰਗਾਲ ਨੂੰ ਇਸ ਵੇਲੇ ਸਰਕਾਰ ਇਸ ਲਹਿਰ ਦਾ ਘਰ ਦੱਸ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਭਾਵੇਂ ਬੰਗਾਲ ਵਿਚੋਂ ਪੁਲਿਸ ਨੇ ਕਿਤਨੀਆਂ ਥਾਵਾਂ ਤੋਂ ਟੁੱਟੇ ਭੱਜੇ ਹਥਿਆਰ ਆਦਿਕ ਫੜੇ, ਅਤੇ ਕਈ ਵੇਰੀ ਸਰਕਾਰੀ ਅਫਸਰ ਦੀ ਜਾਂ ਕੋਈ ਵੀ ਰਾਜਸੀ ਮੌਤ ਨਹੀਂ ਹੋਈ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਸਭ ਕੁਝ ਪੁਲਸੀ ਆਦਮੀ ਹੀ ਕਰਦੇ ਹਨ। ਭਲਾ ਜੇ ਰਾਜ-ਪਲਟਾਊ ਕਿਸੇ ਸਰਕਾਰੀ ਅਫਸਰ ਦੀ ਜਾਨ ਲੈਣ ਲਈ ਤਿਆਰ ਹੋ ਜਾਣ, ਤਾਂ ਕੀ ਉਹ ਇਸ ਤਰ੍ਹਾਂ ਦੇ ਟੁੱਟੇ ਭੱਜੇ ਹੋਏ ਹਥਿਆਰ ਹੀ ਰੱਖਣ? ਜਿਨ੍ਹਾਂ ਨੂੰ ਕਿ ਬੰਗਾਲ ਪੁਲਸ ਵੀ ਆਪਣੀਆਂ



Sri Satguru Jagjit Singh Ji Elibrary NamdhariElibrary@gmail.com

ਗਵਾਹੀਆਂ ਵਿਚ ਦੱਸ ਚੁੱਕੀ ਹੈ ਕਿ ਇਹ ਹਥਿਆਰ ਚਲਾਉਣ ਵਾਲੇ ਲਈ ਜ਼ਿਆਦਾ ਖ਼ਤਰਨਾਕ ਹਨ, ਪਰ ਜਿਸ ਪਰ ਚਲਾਏ ਜਾਣ ਉਸ ਲਈ ਘੱਟ ! ਕੀ ਜੇਕਰ ਰਾਜ-ਪਲਟਾਊ ਗੱਡੀਆਂ ਉਲਟਾਣ ਦਾ ਯਤਨ ਕਰਨ ਤਾਂ ਇਸ ਵਿਚ ਸਫਲ ਨਾ ਹੋਣ ? ਇਹ ਸਭ ਅਜਿਹੀਆਂ ਗੱਲਾਂ ਹਨ ਜੋ ਪ੍ਰਗਟ ਕਰਦੀਆਂ ਹਨ ਕਿ ਇਹ ਸਭ ਕੁਝ ਪੁਲਸੀ ਕਰਿੰਦਿਆਂ ਵੱਲੋਂ ਆਜ਼ਾਦੀ ਦੇ ਉਪਾਸ਼ਕਾਂ ਨੂੰ ਕੁਚਲਣ ਲਈ ਕੀਤਾ ਜਾਂਦਾ ਹੈ।

ਅਸੀਂ ਇਸ ਗੱਲ ਤੋਂ ਇਨਕਾਰੀ ਨਹੀਂ, ਕਿ ਹਿੰਦੋਸਤਾਨ ਵਿਚ ਰਾਜ ਪਲਟਾਊ ਲਹਿਰ ਨਹੀਂ ਹੈ ਪਰ ਅਸੀਂ ਇਹ ਕਹਿੰਦੇ ਹਾਂ ਕਿ ਇਸ ਵੇਲੇ ਜੋ ਕੁਝ ਕੀਤਾ ਜਾ ਰਿਹਾ ਹੈ ਉਹ ਪੁਲਸੀ ਧਾੜ ਵੱਲੋਂ ਹੈ ਅਤੇ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਕੋਈ ਰਾਜ-ਪਲਟਾਊ ਕੰਮ ਸ਼ੁਰੂ ਕੀਤਾ ਕਰਦੇ ਹਨ ਤਾਂ ਉਹ ਆਪਣੇ ਵਾਰ ਘੱਟ ਹੀ ਖਾਲੀ ਜਾਣ ਦਿਆਂ ਕਰਦੇ ਹਨ ਅਤੇ ਸਰਕਾਰ ਨੂੰ ਵੀ ਇਹ ਨਿਸਚਾ ਰੱਖਣਾ ਚਾਹੀਦਾ ਹੈ ਕਿ ਅਜਿਹੇ ਲੋਕਾਂ ਨੂੰ (ਜਿਨ੍ਹਾਂ ਦਾ ਧਰਮ ਈਮਾਨ ਹੀ ਦੇਸ਼ ਦੀ ਆਜ਼ਾਦੀ ਹੋਵੇ ਅਤੇ ਜੋ ਬਾਕੀ ਸਭ ਤਰੀਕਿਆਂ ਤੋਂ ਨਿਰਾਸ਼ ਹੋ ਕੇ ਆਜ਼ਾਦੀ ਲਈ ਇਸ ਤਰੀਕੇ ਪਰ ਭਰੋਸਾ ਰੱਖਣ ਲੱਗ ਪੈਣ) ਦਬਾਉਣ ਵਿਚ ਉਹ ਕਦੇ ਵੀ ਸਫਲ ਨਹੀਂ ਹੋ ਸਕਦੀ ਭਾਵੇਂ ਉਹ ਕਿਤਨੀਆਂ ਹੀ ਸਖ਼ਤੀਆਂ ਕਰੇ ਅਤੇ ਕਿਤਨੀਆਂ ਹੀ ਚਾਲਾਂ ਚੱਲੇ ਅਤੇ ਨਾ ਅੱਜ ਤੱਕ ਕੋਈ ਸਰਕਾਰ ਇਸ ਵਿਚ ਸਫਲ ਹੋਈ ਹੈ। ਇਨ੍ਹਾਂ ਲਹਿਰਾਂ ਨੂੰ ਹਟਾਉਣ ਦਾ ਤਾਂ ਠੀਕ ਤਰੀਕਾ ਇਹੀ ਹੈ ਕਿ ਉਨ੍ਹਾਂ ਲੋਕਾਂ ਦੀ ਮੰਗ ਪੂਰੀ ਕੀਤੀ ਜਾਵੇ ਤਾਂ ਜੋ ਉਹ ਸ਼ਾਂਤ ਹੋ ਜਾਣ।

ਉੱਪਰ ਜੋ ਕੁਝ ਦੱਸਿਆ ਗਿਆ ਹੈ ਇਹ ਕੇਵਲ ਅਸਾਡਾ ਆਪਣਾ ਹੀ ਖ਼ਿਆਲ ਨਹੀਂ, ਸਗੋਂ ਇਸਦੀ ਪੁਸ਼ਟੀ ਬੰਗਾਲ ਆਰਡੀਨੈਂਸ ਸਬੰਧੀ ਕੀਤੀਆਂ ਗਈਆਂ ਕਈ ਜ਼ੁੰਮੇਵਾਰ ਸੱਜਣਾਂ ਦੀਆਂ ਤਕਰੀਰਾਂ ਅਤੇ ਉਹਨਾਂ ਦੇ ਬਿਆਨਾਂ ਤੋਂ ਹੁੰਦੀ ਹੈ। ਇਹਨਾਂ ਸੱਜਣਾਂ ਦੇ ਕਥਨਾਂ ਦਾ ਉੱਤਰ ਸਰਕਾਰ ਵੱਲੋਂ ਸਵਾਏ ਚੁੱਪ ਦੇ ਕੁਝ ਨਹੀਂ ਮਿਲਿਆ। ਹੇਠਾਂ ਅਸੀਂ ਆਪਣੇ ਖ਼ਿਆਲਾਂ ਦੀ ਪੁਸ਼ਟੀ ਲਈ ਕੁਝ ਹਵਾਲੇ ਦਿੰਦੇ ਹਾਂ ਜਿਨ੍ਹਾਂ ਤੋਂ ਸਾਫ ਸਿੱਧ ਹੋ ਜਾਵੇਗਾ ਕਿ ਸਰਕਾਰ ਕਿਵੇਂ ਹਿੰਦੋਸਤਾਨ ਨੂੰ ਗੁਲਾਮ ਰੱਖਣ ਲਈ ਕਮੀਨੀਆਂ ਚਾਲਾਂ ਚੱਲ ਰਹੀ ਹੈ !

ਸ੍ਰੀ ਯੁਤ ਸੁਭਾਸ਼ ਚੰਦਰ ਬੋਸ, ਜੋ ਕਿ ਕਲਕੱਤਾ ਨਗਰ ਸਭਾ ਦੇ ਚੀਫ਼ ਅਗਜ਼ੈਕਟਿਵ ਆਫਿਸਰ ਸਨ ਅਤੇ ਜਿਨ੍ਹਾਂ ਨੂੰ ਰਾਜ-ਪਲਟਾਊ ਹੋਣ ਦੇ ਅਪਰਾਧੀ ਕਹਿ ਕੇ ਬੰਗਾਲ ਆਰਡੀਨੈਂਸ ਅਨੁਸਾਰ ਜੇਲ੍ਹ ਵਿਚ ਡੱਕਿਆ ਗਿਆ ਸੀ, ਹੁਣ ਭੈੜੀ ਸਿਹਤ ਕਾਰਨ ਰਿਹਾਅ ਕੀਤੇ ਗਏ ਹਨ। ਆਪ ਨੇ ਬੰਗਾਲ ਆਰਡੀਨੈਂਸ ਸਬੰਧੀ ਹੁਣ ਇਕ ਬਿਆਨ ਪ੍ਰਕਾਸ਼ਤ ਕਰਾਇਆ ਹੈ ਜਿਸ ਵਿਚ ਆਪ ਲਿਖਦੇ ਹਨ :

ਬੰਗਾਲੀ ਰਾਜਸੀ ਨਜ਼ਰਬੰਦਾਂ ਨੂੰ ਹੋਰ ਚਿਰ ਤਾਈਂ ਜੇਹਲਾਂ ਵਿਚ ਡੱਕੀ ਰੱਖਣ ਲਈ ਕੋਈ ਤਸੱਲੀਬਖਸ਼ ਕਾਰਨ ਨਾ ਹੋਣ ਕਰਕੇ ਪੁਲਿਸ ਨੇ ਹੁਣ ਬੰਬ ਅਤੇ ਟੁੱਟੇ ਹੋਏ ਪਿਸਤੌਲ ਪਕੜਨੇ ਸ਼ੁਰੂ ਕਰ ਦਿੱਤੇ ਹਨ ਤਾਂ ਜੋ ਸਿੱਧ ਕੀਤਾ ਜਾ ਸਕੇ ਕਿ ਰਾਜ-ਪਲਟਾਊ ਲਹਿਰ ਅਜੇ ਤਾਈਂ ਮੌਜੂਦ ਹੈ। ਅਸਲ ਵਿਚ ਪਿਛਲੇ ਕੁਝ ਸਾਲਾਂ ਵਿਚ ਜਦ ਕਦੀ ਵੀ ਬੰਗਾਲੀ ਰਾਜਸੀ ਨਜ਼ਰਬੰਦਾਂ ਦੀ ਰਿਹਾਈ ਦੀ ਚਰਚਾ ਛਿੜੀ ਹੈ ਅਤੇ ਜਦੋਂ ਕਦੇ ਵੀ ਅਸੰਬਲੀ ਜਾਂ ਬੰਗਾਲ ਕੌਂਸਲ ਵਿਚ ਨਜ਼ਰਬੰਦਾਂ ਦੇ ਸਵਾਲ ਪਰ ਵਿਚਾਰ ਕਰਨ ਲਈ ਇਕੱਤਰਤਾ ਹੋਈ ਹੈ ਤਾਂ ਕੁਝ ਪੁਲਿਸ ਦੇ ਖਿਡਾਉਣੇ ਆਪਣੇ ਪਾਸੋਂ ਹਥਿਆਰ ਲੈ ਕੇ ਝੱਟ ਗ੍ਰਿਫਤਾਰੀ ਲਈ ਪੁਲਿਸ ਅੱਗੇ ਹਾਜ਼ਰ ਹੋ ਜਾਂਦੇ ਹਨ ਅਤੇ ਝੱਟ ਹੀ ਅਖਾਉਤੀ ਬੰਬਾਂ ਦੇ ਕਾਰਖਾਨਿਆਂ ਦਾ ਪੁਲਿਸ ਨੂੰ ਪਤਾ ਲੱਗ ਜਾਂਦਾ ਹੈ। ਇਹਨਾਂ ਕਾਰਖਾਨਿਆਂ ਵਿਚ ਆਮ ਤੌਰ 'ਤੇ ਕੁਝ ਮਸਾਲਾ ਹੁੰਦਾ ਹੈ ਜੋ ਕਿ ਹਰ ਥਾਂ 'ਤੋਂ ਮਿਲ ਸਕਦਾ ਹੈ ਅਤੇ ਟੁੱਟੇ ਹੋਏ ਪਿਸਤੌਲ, ਜੋ ਕਿ ਜਿਸ ਪਰ ਨਿਸ਼ਾਨਾ ਕੀਤਾ ਜਾਵੇ ਉਸ ਨਾਲੋਂ



Sri Satguru Jagjit Singh Ji Elibrary NamdhariElibrary@gmail.com

ਚਲਾਉਣ ਵਾਲੇ ਲਈ ਵਧੀਕ ਖ਼ਤਰਨਾਕ ਹੁੰਦੇ ਹਨ, ਜਿਹਾ ਕਿ ਦਖਨੇਸ਼ਵਰ ਦੇ ਬੰਬਾਂ ਦੇ ਮੁਕੱਦਮੇ ਵਿਚ ਪੁਲਿਸ ਦੇ ਗਵਾਹਾਂ ਨੇ ਆਪਣੇ ਮੂੰਹੋਂ ਮੰਨਿਆ ਕਿ ਇਹ ਚੀਜ਼ਾਂ ਭਾਵੇਂ ਵਰਤਨ ਦੇ ਹੱਕ ਵਿਚ ਕਿਸੇ ਕੰਮ ਦੀਆਂ ਨਾ ਹੋਣ, ਪਰੰਤੂ ਕਿਸੇ ਨੂੰ ਮੁਜਰਮ ਠਹਿਰਾਉਣ ਲਈ ਕਾਫ਼ੀ ਹੁੰਦੀਆਂ ਹਨ।

ਰਾਜ-ਪਲਟਾਊ ਸਾਜ਼ਸ਼ ਸਬੂਤ ਕਰਨ ਲਈ ਹਥਿਆਰ ਹੇਠ ਚਲਾਏ ਗਏ ਸਾਧਾਰਨ ਮੁਕੱਦਮਿਆਂ ਨੂੰ ਪੁਲਿਸ ਅਤੇ ਐਂਗਲੋ-ਇੰਡੀਅਨ ਅਖ਼ਬਾਰਾਂ ਵੱਲੋਂ ਪੁਲੀਟੀਕਲ ਮੁਕੱਦਮੇ ਸਿੱਧ ਕੀਤਾ ਜਾਂਦਾ ਹੈ। ਹੁਣੇ ਜਿਹੇ ਇਕ ਅਜਿਹੇ ਪੁਲੀਟੀਕਲ ਮੁਕੱਦਮੇ ਵਿਚ ਜੋ ਵਾਇਦਾ ਮੁਆਫ਼ ਗਵਾਹ ਬਣਿਆ ਹੈ ਉਹ ਇੱਕ ਪੁਰਾਣਾ ਪੁਲਿਸ ਦਾ ਏਜੰਟ ਹੈ।

ਪਿਛਲੇ ਕੁਝ ਸਾਲਾਂ ਵਿਚ ਨਿਰਸੰਦੇਹ ਪੁਲਿਸ ਵੱਲੋਂ ਮਨਘੜਤ ਰਾਜ-ਪਲਟਾਊ ਲਹਿਰ ਬਣਾਉਣ ਲਈ ਦੱਲੇ (Agents-Provocateuors) ਰੱਖੇ ਜਾਂਦੇ ਰਹੇ ਹਨ ਤਾਂ ਜੋ ਖੁਫੀਆ ਪੁਲਿਸ ਦੇ ਖ਼ਾਸ ਹਿੱਸੇ (Intelligence Branch) ਦੇ ਕਾਇਮ ਰੱਖਣ ਦੀ ਲੋੜ ਸਿੱਧ ਕੀਤੀ ਜਾ ਸਕੇ, ਜਿਸਨੂੰ ਕਿ ਕੁਝ ਸਾਲ ਹੋਏ ਹਨ, ਬੰਗਾਲ ਦੀ ਸਰਕਾਰੀ ਖਰਚ ਘਟਾਊ ਕਮੇਟੀ (Bengal Rerenchment Committee) ਨੇ ਹਟਾ ਦੇਣ ਲਈ ਸ਼ਿਫਾਰਸ਼ ਕੀਤੀ ਸੀ। ਮੈਂ ਇਹ ਬਿਆਨ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਅਨੁਭਵ ਕਰਕੇ ਲਿਖ ਰਿਹਾ ਹਾਂ ਅਤੇ ਮੈਂ ਜੋ ਇਹ ਦੂਸ਼ਣ ਪੁਲਿਸ ਪਰ ਲਾ ਰਿਹਾ ਹਾਂ, ਇਨ੍ਹਾਂ ਦੀ ਪੜਤਾਲ ਲਈ ਜੇਕਰ ਕੋਈ ਨਿਰਪੱਖ ਕਮੇਟੀ ਨੀਯਤ ਕੀਤੀ ਜਾਵੇ ਅਤੇ ਨਜ਼ਰਬੰਦਾਂ ਅਤੇ ਪਬਲਿਕ ਨੂੰ ਇਸ ਦੇ ਸਾਹਮਣੇ ਸ਼ਹਾਦਤਾਂ ਦੇਣ ਦੀ ਕੋਈ ਰੋਕ-ਟੋਕ ਨਾ ਕੀਤੀ ਜਾਵੇ ਅਤੇ ਪੂਰੀ ਖੁੱਲ੍ਹ ਹੋਵੇ ਤਾਂ ਇਸਦੇ ਸਬੂਤ ਵੀ ਪੇਸ਼ ਕਰਨ ਲਈ ਤਿਆਰ ਹਾਂ...."

ਸਵਰਗਵਾਸੀ ਸ੍ਰੀ ਯੁਤ ਦੇਸ਼ਬੰਧੂ ਦਾਸ ਜੀ ਨੇ ਵੀ ਬੰਗਾਲ ਕੌਂਸਲ ਵਿਚ ਤਕਰੀਰ ਕਰਦਿਆਂ ਹੋਇਆਂ 23 ਜਨਵਰੀ 1924 ਨੂੰ ਸਾਫ਼-ਸਾਫ਼ ਦਸਿਆ ਹੈ ਕਿ ਕਿਵੇਂ ਊਲ-ਜਲੂਲ ਇਕੱਠਾ ਕਰਕੇ ਹੀ ਬੰਗਾਲੀ ਦੇਸ਼ ਭਗਤਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਅਤੇ ਕਿਵੇਂ ਬੇਥਵੇ ਦੂਸ਼ਣ ਲਾਏ ਗਏ ਹਨ। ਆਪਨੇ ਇਹ ਵੀ ਪ੍ਰਗਟ ਕੀਤਾ ਹੈ ਕਿ ਇਹ ਲਹਿਰਾਂ ਦਬਾਊ ਤਰੀਕਿਆਂ ਨਾਲ ਕਦੇ ਦਬਾਈਆਂ ਨਹੀਂ ਜਾ ਸਕਦੀਆਂ ਅਤੇ ਨਾ ਹਿੰਦੋਸਤਾਨ ਵਿਚ ਇਹ ਲਹਿਰ ਇਸ ਤਰ੍ਹਾਂ ਦਬਾਈ ਜਾ ਸਕੇਗੀ। ਹੇਠਾਂ ਆਪ ਜੀ ਦੀ ਕੌਂਸਲ ਦੀ ਸਪੀਚ ਪੂਰੀ ਪੂਰੀ ਦਰਜ ਕੀਤੀ ਜਾਂਦੀ ਹੈ।

"ਸਾਨੂੰ ਇਹ ਸ਼ਿਕਾਇਤ ਨਹੀਂ ਹੈ ਕਿ ਸਰਕਾਰ ਨੇ ਇਨ੍ਹਾਂ ਆਦਮੀਆਂ ਨੂੰ ਬਗ਼ੈਰ ਕੋਈ ਇਤਲਾਹਾਂ ਇਕੱਠੀਆਂ ਕਰਨ ਦੇ ਹੀ ਗ੍ਰਿਫ਼ਤਾਰ ਕਰ ਲਿਆ ਹੈ। ਪਰੰਤੂ ਸਾਡੀ ਸ਼ਿਕਾਇਤ ਇਹ ਹੈ ਕਿ ਇਨ੍ਹਾਂ ਖ਼ਬਰਾਂ ਦੀ ਚੰਗੀ ਤਰ੍ਹਾਂ ਪੜਤਾਲ ਨਹੀਂ ਕੀਤੀ ਗਈ। ਸਾਡੀ ਇਸ ਸ਼ਿਕਾਇਤ ਦੇ ਉੱਤਰ ਵਿਚ ਇਕ ਅੱਖਰ ਵੀ ਨਹੀਂ ਬੋਲਿਆ। ਸਾਨੂੰ ਇਹ ਦੱਸਿਆ ਗਿਆ ਹੈ ਕਿ ਇਸ ਸੰਬੰਧੀ ਕਈ ਆਦਮੀਆਂ ਨੇ ਬਿਆਨ ਦਿੱਤੇ ਹਨ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਜੋ ਰਿਪੋਰਟਾਂ ਪੁੱਜੀਆਂ ਹਨ ਉਨ੍ਹਾਂ ਪਰ ਸਰਕਾਰ ਨੇ ਵਿਚਾਰ ਕੀਤੀ ਹੈ। ਪਰੰਤੂ ਜੋ ਕੁਝ ਮੈਂ ਪੁਛਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਕੋਈ ਸਰਕਾਰੀ ਅਫ਼ਸਰ ਭਾਵੇਂ ਕਿਤਨਾਂ ਹੀ ਲਾਇਕ ਕਿਉਂ ਨਾ ਹੋਵੇ, ਕਿਸੇ ਬਿਆਨ ਦੇ ਠੀਕ ਹੋਣ ਦਾ ਅੰਦਾਜ਼ਾ ਕਿਵੇਂ ਲਾ ਸਕਦਾ ਹੈ, ਜਦੋਂ ਤਕ ਕਿ ਬਿਆਨ ਦੇਣ ਵਾਲੇ ਨੂੰ ਸਾਹਮਣੇ ਸੱਦ ਕੇ ਉਸ ਪਰ ਸਵਾਲ ਨਾ ਕੀਤੇ ਜਾਣ।"

●



Sri Satguru Jagjit Singh Ji Elibrary NamdhariElibrary@gmail.com

## ਪਾਠ—5

# ਭਾਰਤੀ ਇਨਕਲਾਬੀ ਲਹਿਰ ਦਾ ਅਧਿਐਨ

[1927 ਦੇ ਅੰਤਮ ਮਹੀਨਿਆਂ ਵਿਚ ਭਗਤ ਸਿੰਘ ਨੇ ਇੱਕ ਖਤ ਆਪਣੇ ਪਿੰਡ ਦੇ ਦੋਸਤ ਅਮਰ ਚੰਦ, ਜੋ ਅਮਰੀਕਾ ਪੜ੍ਹਨ ਗਿਆ ਹੋਇਆ ਸੀ, ਨੂੰ ਲਿਖਿਆ। ਉਸ ਵਕਤ ਮਈ 1927 ਦੀ ਗ੍ਰਿਫ਼ਤਾਰੀ ਦੇ ਬਾਅਦ ਜ਼ਮਾਨਤ ਚੱਲ ਰਹੀ ਸੀ। ਉਨ੍ਹਾਂ ਦੇ ਉਸ ਵੇਲੇ ਦੇ ਮਨੋਭਾਵ ਇਸ ਖਤ ਵਿਚ ਅੰਕਿਤ ਹਨ। ਇਹ ਖਤ ਦਾ ਮੂਲ ਉਰਦੂ ਵਿਚ ਹੈ। —ਸੰਪਾਦਕ]

* * *

## 16. ਅਮਰ ਚੰਦ ਨੂੰ ਵਿਤ ਨਿੱਜੀ ਪੱਤਰ

ਪਿਆਰੇ ਭਾਈ ਅਮਰ ਚੰਦ ਜੀ, ਨਮਸਤੇ।

ਅਰਜ ਹੈ ਕਿ ਇਸ ਵਾਰੀ ਅਚਾਨਕ ਮਾਂ ਦੇ ਬੀਮਾਰ ਰਹਿਣ 'ਤੇ ਇਧਰ ਆਇਆ ਅਤੇ ਤੁਹਾਡੀ ਸਤਿਕਾਰਯੋਗ ਮਾਂ ਦੇ ਦਰਸ਼ਨ ਹੋਏ। ਤੁਹਾਡਾ ਖਤ ਪੜ੍ਹਿਆ। ਉਨ੍ਹਾਂ ਲਈ ਇਹ (ਨਾਲ ਵਾਲਾ) ਖਤ ਲਿਖਿਆ ਅਤੇ ਨਾਲ ਹੀ ਦੋ-ਚਾਰ ਸ਼ਬਦ ਲਿਖਣ ਦਾ ਮੌਕਾ ਮਿਲਿਆ। ਕੀ ਲਿਖਾਂ? ਕਰਮ ਸਿੰਘ (ਪਿੰਡ ਤੋਂ ਬਚਪਨ ਦੇ ਦੋਸਤ, ਬਾਅਦ ਵਿਚ ਕਮਿਊਨਿਸਟ ਪਾਰਟੀ ਦੇ ਉਘੇ ਲੀਡਰ ਹੋਏ—ਸੰਪਾਦਕ) ਵਲਾਇਤ ਗਿਆ ਹੈ, ਉਹਦਾ ਪਤਾ ਭੇਜਿਆ ਜਾ ਰਿਹਾ ਹੈ। ਅਜੇ ਤਾਂ ਉਸ ਨੇ ਲਿਖਿਆ ਹੈ ਕਿ ਲਾ (ਕਾਨੂੰਨ) ਪੜ੍ਹੇਗਾ, ਪਰ ਕਿਸ ਤਰ੍ਹਾਂ ਚੱਲ ਰਿਹਾ ਹੈ, ਇਹ ਤਾਂ ਖ਼ੁਦਾ ਜਾਣੇ, ਖਰਚ ਬਹੁਤ ਜ਼ਿਆਦਾ ਹੋ ਰਿਹਾ ਹੈ।

ਵੀਰ ਮੇਰੀ ਵਿਦੇਸ਼ ਜਾ ਕੇ ਵਿਦਿਆ ਹਾਸਲ ਕਰਨ ਦੀ ਖਾਹਸ਼ ਖ਼ੂਬ ਬਰਬਾਦ ਹੋ ਗਈ। ਅੱਛਾ, ਤੁਹਾਨੂੰ ਲੋਕਾਂ ਨੂੰ ਸ਼ੁਭ ਮੁਬਾਰਕ। ਕਦੀ ਮੌਕਾ ਮਿਲੇ ਤਾਂ ਕੋਈ ਚੰਗੀਆਂ-ਚੰਗੀਆਂ ਕਿਤਾਬਾਂ ਭੇਜਣ ਦੀ ਤਕਲੀਫ ਉਠਾਣਾ। ਅਖ਼ਰ ਅਮਰੀਕਾ ਵਿਚ ਲਿਟਰੇਚਰ ਤਾਂ ਬਹੁਤ ਹੈ। ਖ਼ੈਰ, ਅਜੇ ਤਾਂ ਆਪਣੀ ਪੜ੍ਹਾਈ ਵਿਚ ਬੁਰੀ ਤਰ੍ਹਾਂ ਫਸੇ ਹੋਏ ਹੋ।

ਸਾਨਫਰਾਂਸਿਸਕੋ ਵਗੈਰਾ ਦੀ ਤਰਫੋਂ ਸਰਦਾਰ ਜੀ (ਅਜੀਤ ਸਿੰਘ) ਦਾ ਸ਼ਾਇਦ ਕੁਝ ਪਤਾ ਮਿਲ ਸਕੇ, ਕੋਸ਼ਿਸ਼ ਕਰਨਾ। ਘੱਟੋ-ਘੱਟ ਉਨ੍ਹਾਂ ਦੀ ਜ਼ਿੰਦਗੀ ਦਾ ਯਕੀਨ ਤਾਂ ਹੋ ਜਾਵੇ। ਮੈਂ ਅਜੇ ਲਾਹੌਰ ਜਾ ਰਿਹਾ ਹਾਂ। ਕਦੀ ਮੌਕਾ ਮਿਲੇ ਤਾਂ ਖਤ ਲਿਖਣਾ। ਪਤਾ ਸੂਤਰ ਮੰਡੀ ਲਾਹੌਰ ਹੋਵੇਗਾ। ਹੋਰ ਕੀ ਲਿਖਾਂ? ਕੁਝ ਲਿਖਣ ਨੂੰ ਨਹੀਂ ਹੈ। ਮੇਰਾ ਹਾਲ ਵੀ ਖ਼ੂਬ ਹੈ। ਕਈ ਵਾਰ ਮੁਸੀਬਤਾਂ ਦਾ ਸ਼ਿਕਾਰ ਹੋਣਾ ਪਿਆ। ਆਖ਼ਰ ਕੇਸ ਵਾਪਸ ਲੈ ਲਿਆ ਗਿਆ। ਬਾਦ ਵਿਚ ਫਿਰ ਗ੍ਰਿਫ਼ਤਾਰ ਹੋਇਆ। ਸੱਠ ਹਜ਼ਾਰ ਦੀ ਜ਼ਮਾਨਤ ਉੱਤੇ ਰਿਹਾਅ ਹੋਇਆ ਹਾਂ। ਹੁਣ ਤਕ ਕੋਈ ਮੁਕੱਦਮਾ ਮੇਰੇ ਖ਼ਿਲਾਫ਼ ਤਿਆਰ ਨਹੀਂ ਹੋ ਸਕਿਆ ਅਤੇ ਰੱਬ ਨੇ ਚਾਹਿਆ ਤਾਂ ਹੋ ਵੀ ਨਹੀਂ ਸਕੇਗਾ। ਅੱਜ ਇਕ ਵਰ੍ਹਾ ਹੋਣ ਨੂੰ ਆਇਆ, ਪਰ ਜ਼ਮਾਨਤ ਵਾਪਸ ਨਹੀਂ ਲਈ ਗਈ। ਖ਼ੈਰ ਜੋ ਰੱਬ ਨੂੰ ਭਾਵੇ। (ਖਾਹ-ਮਖਾਹ ਤੰਗ ਕਰਦੇ ਹਨ) (ਇਹ ਲਿਖ ਕੇ ਕੱਟਿਆ ਹੈ) ਭਾਈ ਖ਼ੂਬ ਦਿਲ ਲਾ ਕੇ ਤਾਲੀਮ ਹਾਸਲ ਕਰਦੇ ਚਲੇ ਜਾਓ।

(ਉਲਟਾ ਕਰ ਕੇ ਲਿਖਿਆ ਹੈ)



Sri Satguru Jagjit Singh Ji Elibrary NamdhariElibrary@gmail.com

ਆਪਣੇ ਬਾਰੇ ਹੋਰ ਕੀ ਲਿਖਾਂ ? ਖਾਹਮਖਾਹ ਸ਼ੱਕ ਦਾ ਸ਼ਿਕਾਰ ਬਣਿਆ ਹੋਇਆ ਹਾਂ। ਮੇਰੀ ਡਾਕ ਰੁਕਦੀ ਹੈ। ਖਤ ਖੋਲ੍ਹ ਲਏ ਜਾਂਦੇ ਹਨ। ਨਾ ਜਾਣੇ ਮੈਂ ਕਿਉਂ ਇਸ ਕਦਰ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾਣ ਲੱਗਾ ਹਾਂ। ਖ਼ੈਰ ਭਾਈ, ਆਖਿਰ ਸੱਚਾਈ ਸੱਤਾ ਤੇ ਆਏਗੀ ਅਤੇ ਉਸਦੀ ਜਿੱਤ ਹੋਵੇਗੀ।

ਤੁਹਾਡਾ ਤਾਬਿਆਦਾਰ,

ਭਗਤ ਸਿੰਘ

[1926 ਦਾ ਸਾਲ ਜਿਥੇ ਵਿਚਾਰਾਂ ਦੀ ਠੋਸਤਾ ਬਣਾਉਣ ਵਿਚ ਭਗਤ ਸਿੰਘ ਨੇ ਬਿਤਾਇਆ। ਅਤੇ ਇਸ ਬਾਰੇ ਉਨ੍ਹਾਂ ਨੇ ਲਿਖਿਆ ਹੈ, "ਇਹ ਮੇਰੇ ਇਨਕਲਾਬੀ ਜੀਵਨ ਵਿਚ ਆਇਆ ਵੱਡਾ ਮੋੜ ਸੀ। "ਅਧਿਐਨ ਕਰਨ" ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ। ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ ਬਹੁਤ ਭਾਰੂ ਸੀ, ਹੁਣ ਉਸ ਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਰਹੱਸਵਾਦ ਅਤੇ ਅੰਧ-ਵਿਸ਼ਵਾਸ ਵਾਸਤੇ ਕੋਈ ਥਾਂ ਨਾ ਰਹੀ। ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ। ਸਖ਼ਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ, ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ ਤਰੀਕਿਆਂ ਬਾਰੇ ਕਾਫ਼ੀ ਆਖ ਚੁੱਕਾ ਹਾਂ! ਸਭ ਤੋਂ ਅਹਿਮ ਇਹ ਗੱਲ ਸੀ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ, ਉਹਦਾ ਸਪੱਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ। ਕਿਉਂਕਿ ਐਕਸ਼ਨ ਵਜੋਂ ਕੋਈ ਖਾਸ ਸਰਗਰਮੀਆਂ ਨਹੀਂ ਹੋ ਰਹੀਆਂ ਸਨ, ਇਸ ਲਈ ਮੈਨੂੰ ਸੰਸਾਰ ਇਨਕਲਾਬ ਦੇ ਵੱਖ-ਵੱਖ ਆਦਰਸ਼ਾਂ ਦੇ ਅਧਿਐਨ ਵਾਸਤੇ ਕਾਫ਼ੀ ਮੌਕਾ ਮਿਲ ਗਿਆ। ਮੈਂ ਅਰਾਜਕਤਾਵਾਦੀ ਆਗੂ ਬਾਕੂਨਿਨ ਨੂੰ ਪੜ੍ਹਿਆ। ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਲੈਨਿਨ, ਟਰਾਟਸਕੀ ਅਤੇ ਆਪਣੇ ਦੇਸ਼ਾਂ ਵਿਚ ਸਫਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ।" (ਮੈਂ ਨਾਸਤਿਕ ਕਿਉਂ ਹਾਂ ? ਵਿਚੋਂ)

1927 ਵਿਚ ਭਗਤ ਸਿੰਘ ਨੇ ਲਿਖਣਾ ਵੀ ਸ਼ੁਰੂ ਕਰ ਦਿੱਤਾ ਸੀ। ਕਾਕੋਰੀ ਦੇ ਸ਼ਹੀਦਾਂ ਦੀ ਦਸੰਬਰ 1927 ਵਿਚ ਫ਼ਾਂਸੀ ਦੇ ਬਾਅਦ ਭਗਤ ਸਿੰਘ ਨੇ ਆਪਣੇ ਸਾਥੀਆਂ ਭਗਵਤੀ ਚਰਨ ਵੋਹਰਾ, ਸ਼ਿਵ ਵਰਮਾ, ਜੈ ਦੇਵ ਕਪੂਰ ਨਾਲ ਵਿਚਾਰ ਕਰਕੇ ਆਪਣੇ ਦੇਸ਼ ਦੇ ਸ਼ਹੀਦਾਂ ਅਤੇ ਇਨਕਲਾਬੀ ਲਹਿਰਾਂ ਬਾਰੇ ਜਾਣਕਾਰੀ ਦੇਣ ਲਈ ਲਗਾਤਾਰ ਉਪਰਾਲਾ ਸ਼ੁਰੂ ਕੀਤਾ। ਜਿੱਥੇ ਉਹ ਖੁਦ ਇਹਨਾਂ ਲਹਿਰਾਂ ਦਾ ਗਹਿਰਾਈ ਨਾਲ ਅਧਿਐਨ ਕਰ ਰਹੇ ਸਨ, ਭਾਰਤ ਵਾਸੀਆਂ ਨੂੰ ਉਸ ਬਾਰੇ ਚੇਤੰਨ ਵੀ ਕਰਵਾ ਰਹੇ ਸਨ।

ਫਰਵਰੀ 1928 ਵਿਚ ਅਚਾਰੀਆ ਚਤੁਰਸੇਨ ਦੀ ਸੰਪਾਦਕਤਾ ਵਿਚ ਛਪਣ ਵਾਲੇ ਪਰਚੇ 'ਚਾਂਦ', ਇਲਾਹਾਬਾਦ ਦਾ 'ਫਾਂਸੀ' ਅੰਕ ਕੱਢਿਆ ਗਿਆ। ਇਹ ਪਰਚਾ ਭਾਰਤੀ ਇਨਕਲਾਬੀ ਲਹਿਰ ਅਤੇ ਸ਼ਹੀਦਾਂ ਦੇ ਜੀਵਨ ਚਰਿਤਰਾਂ ਤੇ ਇਕ ਬਹੁਤ ਹੀ ਵਧੀਆ ਕੋਸ਼ਿਸ਼ ਸੀ। ਵਿਦਰੋਹੀ ਦੇ ਕਲਮੀ ਨਾਂ ਹੇਠ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਮਥੁਰਾ ਦਾਸ ਤੇ ਸ਼ਹੀਦ ਸੂਫੀ ਅੰਬਾ ਪ੍ਰਸਾਦ ਆਦਿ ਕਈਆਂ ਦੇ ਜੀਵਨ ਚਰਿੱਤਰ ਤਾਂ ਲਿਖੇ ਹੀ। ਉਨ੍ਹਾਂ ਵਿਚੋਂ ਤਿੰਨ ਜੀਵਨ ਚਰਿੱਤਰ ਏਥੇ ਪੇਸ਼ ਹਨ।

—ਸੰਪਾਦਕ]

* * *



Sri Satguru Jagjit Singh Ji Elibrary NamdhariElibrary@gmail.com

## 17. ਸ਼ਹੀਦ ਡਾ. ਮਥੁਰਾ ਸਿੰਘ

*—ਸ਼ਹੀਦ ਭਗਤ ਸਿੰਘ ਦੀ ਕਲਮ ਤੋਂ*

ਸਭ ਤੋਂ ਜ਼ਿਆਦਾ ਮੁਸੀਬਤਾਂ ਸਹਿਣ ਕਰਨ ਦੇ ਬਾਵਜੂਦ, ਸਭ ਤੋਂ ਜ਼ਿਆਦਾ ਗਿਣਤੀ ਵਿਚ ਆਪਣੇ ਨਵ-ਰਤਨਾਂ ਦੇ ਆਜ਼ਾਦੀ ਦੀ ਬਲੀ ਵੇਦੀ ਤੇ ਬਲੀਦਾਨ ਦੇਣ ਦੇ, ਅੱਜ ਪੰਜਾਬ ਰਾਜਨੀਤਕ ਖੇਤਰ ਵਿਚ ਫਾਡੀ ਸੂਬਾ ਕਹਾਉਂਦਾ ਹੈ। ਬੰਗਾਲ ਵਿਚ ਸ੍ਰੀ ਖੁਦੀ ਰਾਮ ਬੋਸ ਫਾਂਸੀ 'ਤੇ ਲਟਕੇ। ਉਨ੍ਹਾਂ ਨੂੰ ਏਨਾ ਉੱਚਾ ਉਠਾਇਆ ਗਿਆ ਕਿ ਅੱਜ ਉਨ੍ਹਾਂ ਦਾ ਨਾਂ ਉਸੇ ਸੂਬੇ ਦੇ ਕੋਨੇ-ਕੋਨੇ ਵਿਚ ਸੁਣਾਈ ਦਿੰਦਾ ਹੈ। ਭਾਰਤ ਵਰਸ਼ ਦੇ ਹਰ ਸੂਬੇ ਵਿਚ ਉਨ੍ਹਾਂ ਦਾ ਨਾਂ ਬੜੇ ਪਿਆਰ ਨਾਲ ਜਣਿਆ ਜਾਂਦਾ ਹੈ, ਪਰ ਪੰਜਾਬ ਵਿਚੋਂ ਕਿੰਨੇ ਰਤਨ ਦੇਸ਼ ਦੇ ਲਈ ਜੀਵਨ ਦੇ ਗਏ, ਕਿੰਨੇ ਹੀ ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ, ਕਿੰਨੇ ਹੀ ਲੜਦੇ-ਲੜਦੇ ਛਾਤੀ ਵਿਚ ਗੋਲੀ ਖਾ ਕੇ ਸ਼ਹੀਦ ਹੋ ਗਏ, ਪਰ ਉਹਨਾਂ ਨੂੰ ਕੌਣ ਜਾਣਦਾ ਹੈ ? ਅਤੇ ਕਿਸੇ ਦੀ ਕੀ ਗੱਲ ਕਰੀਏ, ਪੰਜਾਬ ਦੇ ਸੂਬੇ ਵਿਚ ਹੀ ਉਨ੍ਹਾਂ ਨੂੰ ਕਿੰਨੇ ਲੋਕ ਜਾਣਦੇ ਹਨ ? ਕੋਈ ਸਾਧਾਰਣ ਇਨਕਲਾਬੀ ਏਵੇਂ ਹੀ ਫਾਂਸੀ 'ਤੇ ਲਟਕ ਗਿਆ ਹੋਵੇ ਅਤੇ ਉਸ ਨੂੰ ਲੋਕ ਏਵੇਂ ਹੀ ਭੁਲ ਗਏ ਹੋਣ ਇਹ ਵੀ ਤਾਂ ਗੱਲ ਨਹੀਂ। ਜਿਨ੍ਹਾਂ ਲੋਕਾਂ ਨੇ ਅਥੱਕ ਮਿਹਨਤ ਨਾਲ, ਨਾ ਦਬਾਏ ਜਾਣ ਵਾਲੇ ਉਤਸ਼ਾਹ ਅਤੇ ਅਤੁੱਟ ਹੌਸਲੇ ਨਾਲ ਭਾਰਤ ਦੀ ਤਰੱਕੀ ਲਈ ਏਦਾਂ ਦੇ ਯਤਨ ਕੀਤੇ ਸਨ ਕਿ ਅੱਜ ਉਨ੍ਹਾਂ ਨੂੰ ਸੁਣ ਕੇ ਮੂੰਹ ਵਿਚ ਉਂਗਲਾਂ ਦਬਾਏ ਚੁੱਪ ਤੇ ਹੈਰਾਨ ਰਹਿ ਜਾਣ ਦੇ ਇਲਾਵਾ ਹੋਰ ਕੋਈ ਚਾਰਾ ਨਹੀਂ। ਜੇ ਏਹੋ ਜਿਹੇ ਰਤਨਾਂ ਨੇ ਕਿਸੇ ਹੋਰ ਦੇਸ਼ ਵਿਚ ਜਨਮ ਧਾਰਨ ਕੀਤਾ ਹੁੰਦਾ ਤਾਂ ਅੱਜ ਉਨ੍ਹਾਂ ਦੀ ਵਾਸ਼ਿੰਗਟਨ, ਗੇਰੀਬਾਲਡੀ ਤੇ ਵਿਲੀਅਮ ਵਾਲੀਸ ਦੀ ਤਰ੍ਹਾਂ ਪੂਜਾ ਹੁੰਦੀ। ਪਰ ਉਨ੍ਹਾਂ ਨੇ ਇਕ ਮੁਆਫ ਨਾ ਹੋਣ ਵਾਲਾ ਅਪਰਾਧ ਇਹ ਕੀਤਾ ਸੀ ਕਿ ਉਹ ਭਾਰਤ ਵਿਚ ਪੈਦਾ ਹੋਏ ਸਨ। ਏਸੇ ਦੀ ਸਜ਼ਾ ਇਹ ਹੈ ਕਿ ਅੱਜ ਉਹਨਾਂ ਨੂੰ ਭੁੱਲ ਭੁਲਾਵੇਂ ਦੇ ਅੰਧਕਾਰ ਵਿਚ ਸੁੱਟ ਦਿੱਤਾ ਗਿਆ ਹੈ। ਨਾ ਉਹਨਾਂ ਦੇ ਕੰਮ ਦੀ ਚਰਚਾ ਹੈ, ਨਾ ਉਹਨਾਂ ਦੇ ਤਿਆਗ ਦੀ, ਨਾ ਉਨ੍ਹਾਂ ਦੇ ਬਲੀਦਾਨ ਦਾ ਗਿਆਨ ਤੇ ਮਸ਼ਹੂਰੀ ਹੈ ਨਾ ਉਨ੍ਹਾਂ ਦੇ ਸਾਹਸ ਦੀ। ਪਰ ਏਦਾਂ ਦੀ ਕ੍ਰਿਤਘਨਤਾ ਦਿਖਾਉਣ ਵਾਲੇ ਦੇਸ਼ ਦੀ ਉੱਨਤੀ ਕਿਵੇਂ ਹੋਵੇਗੀ ?

ਕੱਟੜ ਆਦਰਸ਼ਵਾਦੀ ਡਾਕਟਰ ਮਥੁਰਾ ਸਿੰਘ ਜੀ ਦਾ ਥਾਂ ਅਸਲ ਵਿਚ ਬਹੁਤ ਉੱਚਾ ਹੈ। ਆਪ ਦਾ ਜਨਮ ਸੰਨ 1883 ਈਸਵੀ ਵਿਚ ਢੁਡੀਆਲ ਨਾਂ ਦੇ ਪਿੰਡ ਜ਼ਿਲਾ ਜੇਹਲਮ (ਹੁਣ ਪਾਕਿਸਤਾਨ ਵਿਚ : ਸੰ.) ਵਿਚ ਹੋਇਆ ਸੀ। ਆਪ ਦੇ ਪਿਤਾ ਦਾ ਨਾਂ ਸਰਦਾਰ ਹਰੀ ਸਿੰਘ ਸੀ। ਆਪ ਨੇ ਪਹਿਲਾਂ ਆਪਣੇ ਪਿੰਡ ਵਿਚ ਹੀ ਵਿਦਿਆ ਪਾਈ ਤੇ ਫਿਰ ਆਪ ਚੱਕਵਾਲ ਦੇ ਹਾਈ ਸਕੂਲ ਵਿਚ ਪੜ੍ਹਨ ਲੱਗੇ। ਆਪ ਦੀ ਬੁੱਧੀ ਬੜੀ ਤੇਜ਼ ਸੀ। ਆਪ ਸਦਾ ਆਪਣੇ ਸਹਿਪਾਠੀਆਂ ਵਿਚ ਸਭ ਤੋਂ ਚੰਗੇ ਰਹਿੰਦੇ ਸੀ। ਉਥੋਂ ਮੈਟ੍ਰਿਕ ਪਾਸ ਕਰਨ ਦੇ ਬਾਦ ਆਪ ਨੇ ਪ੍ਰਾਈਵੇਟ ਤੌਰ 'ਤੇ ਡਾਕਟਰੀ ਦਾ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ। ਮੈਸਰਜ ਜਗਤ ਸਿੰਘ 'ਤੇ ਬਰਦਰਜ਼ ਦੀ ਦੁਕਾਨ ਰਾਵਲਪਿੰਡੀ ਵਿਚ ਸੀ। ਉਥੇ ਹੀ ਆਪ ਨੇ ਇਹ ਕੰਮ ਸਿੱਖਣਾ ਸ਼ੁਰੂ ਕੀਤਾ। ਬੜੀ ਕੋਸ਼ਿਸ਼ ਨਾਲ ਆਪ ਸਭ ਕੰਮ ਕਰਦੇ। ਤਿੰਨ ਚਾਰ ਵਰ੍ਹੇ ਵਿਚ ਹੀ ਆਪ ਇਸ ਕੰਮ ਵਿਚ ਪੂਰੇ ਮਾਹਿਰ ਹੋ ਗਏ। ਫਿਰ ਆਪ ਨੇ ਆਪਣੀ ਦੁਕਾਨ ਵੱਖਰੀ ਖੋਹਲ ਲਈ। ਇਹ ਦੁਕਾਨ ਨੌਸ਼ਹਿਰਾ ਛਾਉਣੀ ਵਿਚ ਸੀ। ਆਪ ਸਾਰੇ ਦੇਸ਼ਾਂ ਤੋਂ ਦਵਾਈਆਂ ਬਾਰੇ ਰਸਾਲੇ ਤੇ ਅਖ਼ਬਾਰਾਂ ਮੰਗਵਾਂਦੇ ਹੁੰਦੇ ਸਨ। ਖਾਸ ਵਿਦਿਆ ਪ੍ਰਾਪਤੀ ਲਈ ਆਪ ਨੇ ਅਮਰੀਕਾ ਜਾਣ ਦਾ ਵਿਚਾਰ ਕੀਤਾ। ਦੁਕਾਨ ਦਾ ਝੰਝਟ ਅਜੇ ਤਹਿ ਵੀ ਨਹੀਂ ਹੋਇਆ ਸੀ ਕਿ ਆਪ ਦੀ ਸੁਪਤਨੀ ਤੇ ਸਪੁਤਰੀ ਦਾ ਅਕਾਲ ਚਲਾਣਾ ਹੋ ਗਿਆ। ਪਰ ਇਸ ਨਾਲ ਕੀ ਹੁੰਦਾ ਸੀ ? ਉਧਰ ਆਪ ਨੇ ਸਫ਼ਰ ਲਈ ਰਵਾਨਗੀ ਕਰ ਦਿੱਤੀ। 1913 ਵਿਚ ਆਪ ਚੱਲੇ ਸਨ। ਕੁਝ ਜ਼ਿਆਦਾ ਧਨ ਕੋਲ ਨਾ ਹੋਣ



Sri Satguru Jagjit Singh Ji Elibrary NamdhariElibrary@gmail.com

ਦੇ ਕਾਰਨ, ਆਪ ਨੂੰ ਸ਼ੰਘਾਈ ਵਿਚ ਹੀ ਰੁਕ ਜਾਣਾ ਪਿਆ। ਉਥੇ ਹੀ ਆਪਨੇ ਦਵਾਈਆਂ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ, ਜਿਸ ਵਿਚ ਆਪ ਨੂੰ ਬਹੁਤ ਸਫਲਤਾ ਹੋਈ। ਪਰ ਆਪ ਦਾ ਇਰਾਦਾ ਤਾਂ ਕੈਨੇਡਾ ਜਾਣ ਦਾ ਸੀ। ਕੁਝ ਹੋਰ ਭਾਰਤੀਆਂ ਦੇ ਨਾਲ ਆਪ ਉਧਰ ਗਏ। ਪਰ ਉਥੇ ਕੁਝ ਮੁਸ਼ਕਲਾਂ ਪੇਸ਼ ਆਈਆਂ। ਪਹਿਲਾਂ ਸਿਰਫ ਆਪ ਨੂੰ ਤੇ ਇਕ ਹੋਰ ਸੱਜਣ ਨੂੰ ਉਤਰਣ ਦੀ ਇਜਾਜ਼ਤ ਮਿਲੀ, ਦੂਸਰੇ ਲੋਕਾਂ ਨੂੰ ਨਹੀਂ। ਇਸਤੇ ਆਪ ਨੇ ਉਥੇ ਉਤਰਨਾ ਠੀਕ ਨਾ ਸਮਝਿਆ। ਸਾਥੀਆਂ ਦੇ ਮਜਬੂਰ ਕਰਨ ਤੇ ਆਪ ਉਤਰੇ ਤਾਂ ਨਹੀਂ, ਪਰ ਉਥੇ ਇਮੀਗਰੇਸ਼ਨ ਵਿਭਾਗ ਦੇ ਨਾਲ ਦੂਸਰੇ ਸਾਥੀਆਂ ਲਈ ਝਗੜਾ ਸ਼ੁਰੂ ਕਰ ਦਿੱਤਾ। ਮੁਕੱਦਮਾ ਤਕ ਚੱਲਿਆ। ਪਰ ਕਾਨੂੰਨ ਤੇ ਅਦਾਲਤਾਂ ਤਾਂ ਸ਼ਕਤੀਸ਼ਾਲੀ ਲੋਕਾਂ ਲਈ ਹੁੰਦੇ ਹਨ ਨਾ ਕਿ ਗੁਲਾਮ ਦੇਸ਼ ਵਾਲਿਆਂ ਲਈ। ਉਥੋਂ ਆਪ ਨੂੰ ਅਤੇ ਦੂਸਰੇ ਭਾਰਤੀ ਯਾਤਰੂਆਂ ਨੂੰ ਵਾਪਸ ਮੋੜ ਦਿੱਤਾ ਗਿਆ। ਬਹਾਨਾ ਇਹ ਕਿ ਕੈਨੇਡਾ ਵਿਚ ਕਿਸੇ ਜਹਾਜ਼ ਰਾਹੀਂ ਸਿਧੇ ਨਹੀਂ ਆਏ। ਆਪ ਸ਼ੰਘਾਈ ਮੁੜ ਆਏ। ਆ ਕੇ ਭਾਰਤੀ ਲੋਕਾਂ ਨੂੰ ਆਪਣੀ ਦੀਨ ਹੀਨ ਦਸ਼ਾ ਦੀ ਦਿਲ ਟੁੰਬਵੀਂ ਕਥਾ ਸੁਣਾਈ ਅਤੇ ਬਾਬਾ ਗੁਰਦਿੱਤ ਸਿੰਘ ਜੀ ਨੂੰ ਇਕ ਆਪਣਾ ਜਹਾਜ਼ ਬਣਾਉਣ ਦੀ ਸਲਾਹ ਦਿੱਤੀ, ਜਿਹੜਾ ਕਿ ਸਿੱਧਾ ਕੈਨੇਡਾ ਜਾਵੇ। ਏਸੇ ਸਲਾਹ ਤੇ ਬਾਬਾ ਜੀ ਨੇ ਕਾਮਾਗਾਟਾ ਮਾਰੂ ਜਹਾਜ਼ ਕਿਰਾਏ 'ਤੇ ਲੈ ਲਿਆ ਅਤੇ ਉਸਦਾ ਨਾਂ ਗੁਰੂ ਨਾਨਕ ਜਹਾਜ਼ ਰੱਖਿਆ। ਆਪ ਨੂੰ ਏਧਰ ਪੰਜਾਬ ਆਉਣਾ ਪਿਆ। ਜਹਾਜ਼ ਜਲਦੀ ਨਾਲ ਤਿਆਰ ਹੋ ਗਿਆ। ਅਖ਼ੀਰ ਆਪ ਮਿਥੇ ਦਿਨ 'ਤੇ ਨਾ ਪਹੁੰਚ ਸਕੇ। ਸਿੰਘਾਪੁਰ ਤੋਂ 35 ਦੇ ਕਰੀਬ ਦੂਸਰੇ ਸਾਥੀਆਂ ਸਮੇਤ ਜਹਾਜ਼ ਰਾਹੀਂ ਚੱਲੇ ਤਾਂ ਕਿ ਸ਼ੰਘਾਈ ਤਕ ਕਾਮਾਗਾਟਾ ਮਾਰੂ ਨੂੰ ਮਿਲ ਕੇ ਉਸ ਤੇ ਸਵਾਰ ਹੋਣਗੇ। ਹਾਂਗਕਾਂਗ ਪਹੁੰਚਣ ਤੇ ਪਤਾ ਲੱਗਾ ਕਿ ਜਹਾਜ਼ ਉਥੋਂ ਵੀ ਚੱਲ ਚੁੱਕਾ ਹੈ। ਇਸ ਲਈ ਆਪ ਉਥੇ ਹੀ ਠਹਿਰ ਗਏ। ਹੁਣ ਤਕ ਆਪ ਭਾਰਤ ਦੀ ਆਜ਼ਾਦੀ ਲਈ ਆਪਣਾ ਜੀਵਨ ਅਰਪਣ ਕਰਨ ਦਾ ਪੱਕਾ ਨਿਸਚਾ ਕਰ ਚੁਕੇ ਸਨ।

ਹਾਂਗਕਾਂਗ ਵਿਚ ਆਪਣੇ ਪ੍ਰਚਾਰ ਦਾ ਕੰਮ ਸ਼ੁਰੂ ਕਰ ਦਿੱਤਾ। ਅਮਰੀਕਾ ਤੋਂ ਗਦਰ ਪਾਰਟੀ ਦਾ 'ਗਦਰ' ਅਖ਼ਬਾਰ ਆਉਂਦਾ ਸੀ। ਆਪ ਵੀ ਉਸੇ ਹੀ ਤਰ੍ਹਾਂ ਦਾ ਅਖ਼ਬਾਰ ਛਪਵਾ ਕੇ ਲੋਕਾਂ ਵਿਚ ਵੰਡਣ ਲੱਗੇ। ਉਧਰ ਕਾਮਾਗਾਟਾ ਮਾਰੂ ਜਹਾਜ਼ ਤੇ ਜੋ-ਜੋ ਅਤਿਆਚਾਰ ਹੋਣ ਲੱਗੇ ਉਹਨਾਂ ਸਭ ਦੀਆਂ ਖ਼ਬਰਾਂ ਆਪ ਨੂੰ ਮਿਲ ਰਹੀਆਂ ਸਨ। ਜਦ ਪਤਾ ਲੱਗਾ ਕਿ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਆਉਣਾ ਹੀ ਪਵੇਗਾ ਤਦ ਆਪ ਨੇ ਬੜੇ ਜ਼ੋਰਾਂ ਨਾਲ ਪ੍ਰਚਾਰ ਸ਼ੁਰੂ ਕੀਤਾ। ਉਸ ਸਮੇਂ ਕੈਨਟਨ ਵਿਚ ਇੱਕ ਸਿੱਖ ਪੁਲਿਸ ਇਨਸਪੈਕਟਰ ਮਹਾਰਾਜ ਇਹਨਾਂ ਸਾਰਿਆਂ ਅੰਦੋਲਨਾਂ ਨੂੰ ਕੁਚਲਣ ਦੀ ਬਹੁਤ ਕੋਸ਼ਿਸ਼ ਕਰਦੇ ਸਨ। ਆਪ ਨੇ ਉਹਨਾਂ ਨੂੰ ਮਿਲ ਕੇ ਜਦੋਂ ਗੱਲਬਾਤ ਕੀਤੀ ਤਾਂ ਉਹ ਜਨਾਬ ਵੀ ਆਪਦੀ ਮਦਦ ਕਰਨ ਲੱਗੇ। ਆਪ ਕਿਸੇ ਕੰਮ ਲਈ ਸ਼ੰਘਾਈ ਗਏ। ਜਾਂਦੇ ਵਕਤ ਸਭ ਨੂੰ ਕਹਿ ਗਏ ਕਿ ਹੁਣ ਕਾਮਾਗਾਟਾ ਮਾਰੂ ਜਹਾਜ਼ ਤੇ ਸਵਾਰ ਹੋ ਕੇ ਭਾਰਤ ਨੂੰ ਮੁੜ ਚਲਣਾ ਚਾਹੀਦਾ ਹੈ। ਪਰ ਉਨ੍ਹਾਂ ਦੇ ਇਸ ਇਰਾਦੇ ਦਾ ਜਦ ਸਰਕਾਰ ਨੂੰ ਪਤਾ ਲੱਗਾ ਤਾਂ ਉਹਨਾਂ ਜਹਾਜ਼ ਨੂੰ ਸ਼ੰਘਾਈ ਖੜਾ ਹੀ ਨਾ ਹੋਣ ਦਿੱਤਾ। ਉਸ ਦੇ ਦੋ ਇਕ ਦਿਨ ਬਾਅਦ ਹੀ ਉਹ ਸਾਰੇ ਆਦਮੀ ਦੂਸਰੇ ਜਹਾਜ਼ ਰਾਹੀਂ ਭਾਰਤ ਮੁੜ ਆਏ। ਕਾਮਾਗਾਟਾ ਮਾਰੂ ਜਹਾਜ਼ ਅਜੇ ਹੁਗਲੀ ਵਿਚ ਹੀ ਖੜਾ ਸੀ ਕਿ ਆਪ ਸਭ ਲੋਕ ਕਲਕੱਤੇ ਵੀ ਪਹੁੰਚ ਗਏ। ਉਥੋਂ ਸਰਕਾਰ ਨੇ ਆਪ ਨੂੰ ਪੰਜਾਬ ਦੇ ਟਿਕਟ ਦੇ ਕੇ ਗੱਡੀ ਉੱਤੇ ਚੜ੍ਹਾ ਦਿੱਤਾ। ਅੰਮ੍ਰਿਤਸਰ ਪਹੁੰਚਦੇ-ਪਹੁੰਚਦੇ ਬੱਜ-ਬੱਜ ਦਾ ਸਾਕਾ ਹੋ ਗਿਆ। ਸਭ ਖ਼ਬਰ ਮਿਲੀ। ਕਰੋਧ ਨਾਲ ਅਗਨੀ ਜਹੇ ਹੋ ਗਏ। ਬਦਲੇ ਦੀ ਜਵਾਲਾ ਬਲ ਉਠੀ। ਪਰ ਡਾਕਟਰ ਜੀ ਨੇ ਆਪਣੇ ਦੂਸਰੇ ਸਾਥੀਆਂ ਨੂੰ ਸਮਝਾ ਬੁਝਾ ਕੇ ਕੁਝ ਸ਼ਾਂਤ ਕੀਤਾ ਅਤੇ ਉਹਨਾਂ ਨੂੰ ਪ੍ਰਚਾਰ ਦੇ ਕੰਮ ਲਈ ਖੜੇ ਕੀਤਾ ਅਤੇ ਆਪ ਖ਼ੁਦ ਸੰਗਠਨ ਦਾ ਕੰਮ ਸ਼ੁਰੂ



Sri Satguru Jagjit Singh Ji Elibrary NamdhariElibrary@gmail.com

ਕਰ ਦਿੱਤਾ। ਉਧਰ ਇਸ ਮਹਾਨ ਕੋਸ਼ਿਸ਼ ਵਿਚ ਆਪ ਨੂੰ ਬੰਬ ਬਨਾਉਣ ਦਾ ਕੰਮ ਸੌਂਪਿਆ ਗਿਆ। ਆਪ ਉਸ ਵਿਚ ਵੀ ਬੜੇ ਮਾਹਰ ਸਨ। ਅਮਰੀਕਾ ਤੋਂ ਸੈਂਕੜੇ ਮਤਵਾਲੇ ਸਿੱਧੇ ਇਨਕਲਾਬ ਦੀ ਅਗਨੀ ਭੜਕਾਣ ਲਈ ਆਉਣ ਲੱਗੇ। ਇਨਕਲਾਬੀ ਦਲ ਦਾ ਏਨਾ ਵੱਡਾ ਸੰਗਠਨ ਖੜਾ ਹੋ ਗਿਆ ਕਿ ਸਾਰੇ ਭਾਰਤ ਵਿਚ ਇਕ ਵੇਲੇ ਵਿਦਰੋਹ ਖੜਾ ਕਰ ਦੇਣ ਦਾ ਵਿਚਾਰ ਉਠਿਆ ਅਤੇ ਤਰੀਕ ਤਕ ਦਾ ਫ਼ੈਸਲਾ ਹੋ ਗਿਆ। ਦੇਖਦੇ-ਦੇਖਦੇ ਸਭ ਕੋਸ਼ਿਸ਼ਾਂ ਸਾਰੇ ਪ੍ਰਬੰਧ ਤੇ ਸਾਰੀ ਮਿਹਨਤ ਵਿਅਰਥ ਹੋ ਗਈ। ਕਿਰਪਾਲ ਦੀ ਨੀਚਤਾ ਨਾਲ ਸਾਰਾ ਕੀਤਾ ਕਰਾਇਆ ਵਿਚ ਰਹਿ ਗਿਆ। ਏਧਰ-ਉਧਰ ਫੜ ਫੜਾਈ ਸ਼ੁਰੂ ਹੋ ਗਈ। ਪਰ ਆਪ ਫੜੇ ਨਾ ਗਏ। ਇਕ ਵਾਰ ਇਕ ਸਰਕਾਰੀ ਜਾਸੂਸ ਰਾਹੀਂ ਆਪ ਨੂੰ ਕਿਹਾ ਗਿਆ ਕਿ ਜੇ ਉਹ ਸਰਕਾਰੀ ਗਵਾਹ ਬਣ ਜਾਣ ਤਾਂ ਉਹਨਾਂ ਨੂੰ ਮੁਆਫੀ ਦੇ ਨਾਲ ਬਹੁਤ ਵੱਡਾ ਇਨਾਮ ਵੀ ਦਿੱਤਾ ਜਾਵੇਗਾ। ਤਦ ਆਪਨੇ ਇਸ ਪੇਸ਼ਕਸ਼ ਨੂੰ ਬਿਲਕੁਲ ਨਿਰਲੇਪਤਾ ਨਾਲ ਠੁਕਰਾ ਦਿੱਤਾ। ਫਿਰ ਇਕ ਵਾਰ ਇਕ ਖੁਫੀਆ ਅਫ਼ਸਰ ਆਪਦੇ ਕੋਲ ਤਕ ਆ ਪਹੁੰਚਿਆ ਪਰ ਉਹ ਪੂਰੀ ਤਰ੍ਹਾਂ ਜਾਣਦਾ ਸੀ ਕਿ ਡਾਕਟਰ ਸਾਹਿਬ ਬਹੁਤ ਨਿਰਭੈ ਕਰਾਂਤੀਕਾਰੀ ਹਨ, ਸੋ ਉਸ ਨੂੰ ਇਕੱਲੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਹੋਸਲਾ ਨਾ ਪਿਆ। ਉਲਟਾ ਉਹ ਉਹਨਾਂ ਨੂੰ ਕਹਿਣ ਲੱਗਾ ਕਿ ਸਰਕਾਰ ਨੇ ਆਪ ਨੂੰ ਮੁਆਫੀ ਦੇ ਦਿੱਤੀ ਹੈ ਅਤੇ ਇਨਾਮ ਦੇਣ ਦਾ ਵਾਇਦਾ ਕੀਤਾ ਹੈ। ਮੈਂ ਇਹ ਕਹਿਣ ਲਈ ਆਪ ਪਾਸ ਆਇਆ ਹਾਂ। ਆਪ ਵੀ ਸਭ ਕੁਝ ਸਮਝਦੇ ਸੀ ਕਿ ਇਸ ਸਮੇਂ ਫੜਨ ਦੀ ਹਿੰਮਤ ਨਹੀਂ ਹੋਈ ਤੇ ਇਸੇ ਕਰਕੇ ਇਹੋ ਜਿਹੀਆਂ ਗੱਲਾਂ ਕਰਦਾ ਹੈ। ਇਸ ਲਈ ਆਪਨੇ ਕੁਝ ਰਜ਼ਾਮੰਦੀ ਦਿਖਾਈ ਅਤੇ ਉਸ ਤੋਂ ਆਪਣਾ ਪਿੱਛਾ ਛਡਾਇਆ ਤੇ ਬਚ ਨਿਕਲੇ। ਇਸ ਤਰ੍ਹਾਂ ਆਪਨੇ ਸਮਝਿਆ ਕਿ ਹੁਣ ਦੇਸ਼ ਵਿਚ ਬਚ ਕੇ ਰਹਿਣਾ ਬਿਲਕੁਲ ਅਸੰਭਵ ਹੈ। ਇਸ ਲਈ ਆਪਨੇ ਕਾਬਲ ਵਲ ਜਾਣ ਲਈ ਕੂਚ ਕਰ ਦਿੱਤਾ। ਵਜ਼ੀਰਾਬਾਦ ਸਟੇਸ਼ਨ 'ਤੇ ਪੁਲਿਸ ਨੇ ਆਪ ਨੂੰ ਫੜ ਲਿਆ ਪਰ ਉਥੇ ਆਪਨੇ ਕੁਝ ਰਿਸ਼ਵਤ ਦੇ ਕੇ ਆਪਣਾ ਬਚਾਅ ਕੀਤਾ। ਆਪ ਕੁਹਾਟ ਵੱਲ ਤੁਰ ਪਏ। ਪੁਲਿਸ ਨੂੰ ਵੀ ਖ਼ਬਰ ਮਿਲ ਗਈ। ਕੋਹਾਟ ਸਟੇਸ਼ਨ ਤੇ ਪੁਲਿਸ ਦਾ ਵੱਡਾ ਭਾਰੀ ਦਸਤਾ ਪਹਿਰੇ 'ਤੇ ਲਗਾ ਦਿੱਤਾ ਗਿਆ। ਉਸ ਗੱਡੀ ਵਿਚ ਵੀ ਬਹੁਤ ਸਾਰੀ ਪੁਲਿਸ ਚੜ੍ਹਾ ਦਿੱਤੀ ਗਈ। ਰਾਹ ਵਿਚ ਇਕ-ਇਕ ਡੱਬੇ ਦੀ ਤਲਾਸ਼ੀ ਵੀ ਲੈ ਲਈ ਗਈ। ਪਰ ਆਪ ਫੜੇ ਨਾ ਜਾ ਸਕੇ। ਕੁਝ ਦਿਨ ਉਥੇ ਠਹਿਰਨ ਦੇ ਬਾਦ ਆਪ ਕਾਬਲ ਜਾ ਪਹੁੰਚੇ। ਜਲਦੀ ਉਥੇ ਆਪ ਬਹੁਤ ਪ੍ਰਸਿੱਧ ਹੋ ਗਏ। ਆਪ ਦੀ ਯੋਗਤਾ ਦੇਖ ਕੇ ਆਪ ਨੂੰ ਕਾਬਲ ਦਾ ਚੀਫ਼ ਮੈਡੀਕਲ ਅਫ਼ਸਰ ਲਗਾ ਦਿੱਤਾ ਗਿਆ।

ਭਾਰਤ ਦੇ ਅੰਦਰ ਰਾਜ ਕਰਾਂਤੀ ਦੀਆਂ ਅਨੇਕਾਂ ਕੋਸ਼ਿਸ਼ਾਂ ਫੇਲ੍ਹ ਹੋ ਚੁੱਕੀਆਂ ਸਨ ਤਾਂ ਫਿਰ ਕੀ ਬਾਹਰ ਤਾਂ ਅਜੇ ਬੜੇ ਜ਼ੋਰਾਂ ਨਾਲ ਕੋਸ਼ਿਸ਼ ਹੋ ਰਹੀ ਸੀ। ਕਾਬਲ ਵਿਚ ਉਸ ਵੇਲੇ 'ਭਾਰਤ ਦੀ ਅਸਥਾਈ ਸਰਕਾਰ' "Provisinal Government of India" ਬਣੀ ਹੋਈ ਸੀ ਜੋ ਜਰਮਨ ਕਮੇਟੀ ਦੇ ਨਾਲ ਸਾਥ ਦਿੰਦੀ ਹੋਈ ਭਾਰਤ ਦੀ ਆਜ਼ਾਦੀ ਦੀ ਕੋਸ਼ਿਸ਼ ਵਿਚ ਲੱਗੀ ਹੋਈ ਸੀ। ਉਸ ਸਮੇਂ ਅਰਬ, ਮਿਸਰ, ਮੈਸੋਪੋਟੇਮੀਆ ਅਤੇ ਈਰਾਨ ਆਦਿ ਸਾਰੇ ਪ੍ਰਦੇਸ਼ਾਂ ਵਿਚ ਭਾਰਤੀ ਇਨਕਲਾਬੀ ਜਿਹਨਾਂ ਵਿਚ ਹਿੰਦੂ, ਮੁਸਲਮਾਨ, ਸਿੱਖ ਸਭ ਇਕੱਠੇ ਸਨ, ਭਾਰਤ ਵਿਚ ਇਨਕਲਾਬ ਕਰਨ ਦੀ ਕੋਸ਼ਿਸ਼ ਵਿਚ ਸਨ। ਡਾਕਟਰ ਜੀ ਫਿਰ ਤੋਂ ਜੁੱਟ ਗਏ। ਇਸ ਸਬੰਧ ਵਿਚ ਆਪ ਨੂੰ ਜਰਮਨੀ ਜਾਣਾ ਪਿਆ। ਕੁਝ ਦਿਨਾਂ ਬਾਦ ਆਪ ਵਾਪਸ ਆਏ। ਕਾਹਿਰਾ ਤਾਂ ਆਪ ਨੂੰ ਬਹੁਤ ਵਾਰ ਜਾਣਾ ਪਿਆ। ਫਿਰ ਫ਼ੈਸਲਾ ਹੋਇਆ ਕਿ ਅਸਥਾਈ ਸਰਕਾਰ ਵਲੋਂ ਇਕ ਖ਼ਤ ਜ਼ਾਰ ਰੂਸ ਦੇ ਕੋਲ ਇਸ ਆਸ਼ਾ ਨਾਲ ਭੇਜਿਆ ਜਾਵੇ ਕਿ ਉਹ ਭਾਰਤ ਵਿਚ ਇਨਕਲਾਬੀਆਂ ਦੀ ਮਦਦ ਕਰੇ। ਹੁਣ ਬੜੀ ਸ਼ਾਨ ਨਾਲ ਚਾਲੇ ਪਾਏ ਗਏ। ਕਈ ਸੇਵਕ ਤੇ ਸਾਮਾਨ ਨਾਲ ਲੱਦੇ



Sri Satguru Jagjit Singh Ji Elibrary NamdhariElibrary@gmail.com

ਹੋਏ ਉਠ ਆਪ ਦੇ ਨਾਲ ਸਨ। ਪਰ ਉਸ ਸਮੇਂ ਕੋਈ ਨੀਚ ਆਦਮੀ ਆਪਦੀ ਯਾਤਰਾ ਦੀ ਸਾਰੀ ਖ਼ਬਰ ਅੰਗਰੇਜ਼ ਸਰਕਾਰ ਨੂੰ ਦੇ ਰਿਹਾ ਸੀ। ਪਰ ਇਸ ਦਾ ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ। ਤਾਸ਼ਕੰਦ ਸ਼ਹਿਰ ਵਿਚ ਆਪਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਰਾਨ ਵਿਚ ਲਿਆ ਕੇ ਸ਼ਨਾਖਤ ਕਰਾਈ ਗਈ। ਮੁਕੱਦਮਾ ਚੱਲਿਆ ਬਹੁਤ ਲੋਕਾਂ ਨੇ ਕੋਸ਼ਿਸ਼ ਕੀਤੀ ਕਿ ਆਪ ਨੂੰ ਅੰਗਰੇਜ਼ੀ ਭਾਰਤੀ ਸਰਕਾਰ ਦੇ ਸਪੁਰਦ ਨਾ ਕੀਤਾ ਜਾਵੇ, ਪਰ ਹੁਣ ਤਕ ਜਦੋਂ ਬਾਕੀ ਸਾਰੀਆਂ ਕੋਸ਼ਿਸ਼ਾਂ ਵਿਚ ਅਸਫਲਤਾ ਹੋਈ ਸੀ ਤਾਂ ਫਿਰ ਹੁਣ ਕਿਉਂ ਸਫਲਤਾ ਹੁੰਦੀ?

ਲਾਹੌਰ ਲਿਆਂਦੇ ਗਏ। ਏਧਰ ਉਹਨਾਂ ਦਿਨਾਂ ਵਿਚ ਓਡਵਾਇਰਸ਼ਾਹੀ ਦਾ ਜ਼ੋਰ ਸੀ। ਕੁਝ ਦਿਨ ਨਿਆਂ ਦਾ ਨਾਟਕ ਹੁੰਦਾ ਰਿਹਾ। ਮੌਤ ਦੀ ਸਜ਼ਾ ਸੁਣਾਈ ਗਈ। ਆਪ ਨੇ ਅਤਿਅੰਤ ਆਨੰਦ ਜ਼ਾਹਿਰ ਕਰਦੇ ਹੋਏ ਇਸ ਨੂੰ ਸੁਣਿਆ। ਆਪ ਦੇ ਛੋਟੇ ਭਰਾ ਮੁਲਾਕਾਤ ਲਈ ਗਏ। ਆਪ ਨੇ ਪੁਛਿਆ, "ਕਿਉਂ ਵੀਰ, ਮੇਰੇ ਮਰਨ ਦੀ ਤੈਨੂੰ ਚਿੰਤਾ ਤਾਂ ਨਹੀਂ?" ਬਾਲਕ ਰੋ ਪਿਆ। ਆਪ ਨੇ ਕ੍ਰੋਧ ਪਰ ਹੌਸਲਾ ਵਧਾਣ ਵਾਲੀ ਆਵਾਜ਼ ਵਿਚ ਕਿਹਾ, "ਵਾਹ ਜੀ ! ਵਾਹ, ਇਹ ਸਮਾਂ ਤਾਂ ਆਨੰਦ ਤੇ ਖ਼ੁਸ਼ੀ ਮਨਾਣ ਦਾ ਹੈ। ਕੀ ਸਿੱਖ ਲੋਕ ਵੀ ਦੇਸ ਦੇ ਲਈ ਮਰਦੇ ਸਮੇਂ ਰੋਂਦੇ ਹੁੰਦੇ ਹਨ? ਮੈਨੂੰ ਤਾਂ ਅਥਾਹ ਆਨੰਦ ਹੈ, ਕਿ ਮੈਂ ਭਾਰਤੀ ਇਨਕਲਾਬ ਨੂੰ ਸਫਲ ਬਨਾਣ ਦੇ ਲਈ, ਜੋ ਮੈਥੋਂ ਹੋ ਸਕਿਆ ਕਰ ਚੁਕਾ ਹਾਂ। ਮੈਂ ਬੜੀ ਸ਼ਾਂਤੀ ਨਾਲ ਫ਼ਾਂਸੀ ਦੇ ਤਖ਼ਤੇ 'ਤੇ ਪ੍ਰਾਣ ਤਿਆਗ ਕਰਾਂਗਾ।" ਇਸ ਤਰ੍ਹਾਂ ਆਪ ਨੇ ਉਸ ਦਾ ਹੌਸਲਾ ਵਧਾਇਆ।

ਫਿਰ 27 ਮਾਰਚ 1917 ਦਾ ਦਿਨ ਆ ਪਹੁੰਚਿਆ। ਉਸ ਦਿਨ ਫਿਰ ਉਹੋ ਨਾਟਕ ਆਰੰਭ ਹੋਇਆ। ਉਸ ਦਿਨ ਦੇ ਨਾਟਕ ਵਿਚ ਇਕ ਹੀ ਦ੍ਰਿਸ਼ ਹੋਇਆ ਕਰਦਾ ਹੈ ਅਤੇ ਉਹ ਵੀ ਕੁਝ ਇਕ ਮਿੰਟ ਦਾ। ਇਹ ਪਾਗਲ ਲੋਕ ਪਤਾ ਨਹੀਂ ਕਿੱਥੋਂ ਆ ਗਏ, ਜਿਨ੍ਹਾਂ ਨੂੰ ਮੌਤ ਦਾ ਭੈ ਨਹੀਂ ਨਾ, ਜੀਣ ਦੀ ਚਾਹ, ਕੰਮ ਦੇ ਮੈਦਾਨ ਵਿਚ ਹੱਸਿ, ਯੁੱਧ ਦੇ ਮੈਦਾਨ ਵਿਚ ਹੱਸਿ ਫ਼ਾਂਸੀ ਦੇ ਤਖ਼ਤੇ 'ਤੇ ਵੀ ਮੁਸਕਰਾ ਦਿੱਤਾ। ਉਹਨਾਂ ਦੀ ਮਹਿਮਾ ਅਪਰਮਪਾਰ ਹੈ।

*"ਹੋਂ ਫ਼ਰਿਸ਼ਤੇ ਭੀ ਫ਼ਿਦਾ ਜਿਨ ਪਰ*
*ਯਿਹ ਵੁਹ ਇਨਸਾਨ ਹੈਂ।"*

* * *

## 18. ਸੂਫ਼ੀ ਅੰਬਾ ਪਰਸ਼ਾਦ

*ਲੇਖਕ—ਸ਼ਹੀਦ ਭਗਤ ਸਿੰਘ*

ਅੱਜ ਹਿੰਦੋਸਤਾਨ ਵਿਚ ਕਿੰਨੇ ਲੋਕ ਉਹਨਾਂ ਦਾ ਨਾਂ ਜਾਣਦੇ ਹਨ? ਕਿੰਨੇ ਉਹਨਾਂ ਦੀ ਯਾਦ ਵਿਚ ਦੁਖੀ ਹੋ ਕੇ ਹੰਝੂ ਕੇਰਦੇ ਹਨ। ਅਕ੍ਰਿਤਘਣ ਲੋਕਾਂ ਨੇ ਕਿੰਨੇ ਹੀ ਅਜਿਹੇ ਹੀਰਿਆਂ ਤੋਂ ਹੱਥ ਧੋ ਲਿਆ ਅਤੇ ਪਲ ਭਰ ਲਈ ਵੀ ਦੁਖ ਮਹਿਸੂਸ ਨਾ ਕੀਤਾ।

ਉਹ ਸੱਚੇ ਦੇਸ਼ ਭਗਤ ਸਨ। ਉਹਨਾਂ ਦੇ ਦਿਲ ਵਿਚ ਦੇਸ਼ ਲਈ ਪੀੜ ਸੀ। ਉਹ ਭਾਰਤ ਦਾ ਆਦਰ ਚਾਹੁੰਦੇ ਸਨ। ਭਾਰਤ ਨੂੰ ਉੱਨਤੀ ਦੀ ਸਿੱਖਰ 'ਤੇ ਲਿਜਾਣਾ ਚਾਹੁੰਦੇ ਸਨ। ਤਾਂ ਵੀ ਭਾਰਤ ਦੇ ਬਹੁਤ ਘੱਟ ਲੋਕ ਉਹਨਾਂ ਦਾ ਨਾਂ ਜਾਣਦੇ ਹਨ। ਜੇ ਉਹਨਾਂ ਦੀ ਕਦਰ ਕੀਤੀ ਵੀ ਤਾਂ ਇਰਾਨ ਨੇ, ਜਿਥੇ ਅੱਜ ਆਕਾ ਸੂਫ਼ੀ ਦਾ ਨਾਂ ਹਰਮਨ-ਪਿਆਰਾ ਹੋ ਰਿਹਾ ਹੈ।

ਸੂਫ਼ੀ ਜੀ ਦਾ ਜਨਮ 1858 ਵਿਚ ਮੁਰਾਦਾਬਾਦ ਵਿਚ ਹੋਇਆ ਸੀ। ਬਚਪਨ ਤੋਂ ਹੀ ਉਹਨਾਂ ਦਾ ਸੱਜਾ ਹੱਥ ਕੱਟਿਆ ਹੋਇਆ ਸੀ। ਉਹ ਹਾਸੇ ਨਾਲ ਕਿਹਾ ਕਰਦੇ ਸਨ—ਅਸੀਂ ਤਾਂ ਸੰਨ 57 ਵਿਚ ਅੰਗਰੇਜ਼ਾਂ ਵਿਰੁੱਧ ਜੰਗ ਕੀਤੀ, ਹੱਥ ਕੱਟਿਆ ਗਿਆ, ਮੌਤ ਹੋ ਗਈ। ਪੁਨਰ



Sri Satguru Jagjit Singh Ji Elibrary NamdhariElibrary@gmail.com

ਜੰਨਮ ਹੋਇਆ, ਹੱਥ ਕੱਟੋ ਦਾ ਕੱਟਿਆ ਹੀ ਆ ਗਿਆ। ਆਪ ਨੇ ਮੁਰਾਦਾਬਾਦ, ਬਰੇਲੀ ਅਤੇ ਜਲੰਧਰ ਆਦਿ ਕਈ ਸ਼ਹਿਰਾਂ ਵਿਚ ਵਿਦਿਆ ਹਾਸਲ ਕੀਤੀ। ਐਫ.ਏ. ਪਾਸ ਕਰਨ ਪਿੱਛੋਂ ਵਕਾਲਤ ਪੜ੍ਹੀ, ਪਰ ਕੀਤੀ ਨਹੀਂ। ਆਪ ਉਰਦੂ ਦੇ ਪ੍ਰਭਾਵ-ਸ਼ਾਲੀ ਲੇਖਕ ਸਨ। ਇਹੋ ਹੀ ਕੰਮ ਸੰਭਾਲ ਲਿਆ।

ਸੰਨ 1890 ਵਿਚ ਮੁਰਾਦਾਬਾਦ ਵਿਚ ਜਾਮਉਲ ਇਲੂਕ ਨਾਮਕ ਉਰਦੂ ਦਾ ਸਪਤਾਹਿਕ ਰਸਾਲਾ ਕੱਢਿਆ। ਇਸ ਦਾ ਇਕ ਇਕ ਲਫ਼ਜ਼ ਉਹਨਾਂ ਦੇ ਦਿਲ ਦੀ ਦਸ਼ਾ ਦਰਸਾਉਂਦਾ ਸੀ। ਉਹ ਹਾਸ-ਰਸ ਦੇ ਉੱਘੇ ਲੇਖਕ ਸਨ। ਪਰ ਗੰਭੀਰਤਾ ਦੀ ਵੀ ਉਹਨਾਂ ਵਿਚ ਘਾਟ ਨਹੀਂ ਸੀ। ਹਿੰਦੂ-ਸਿੱਖ ਏਕਤਾ ਦੇ ਉਹ ਪੱਕੇ ਹਮਾਇਤੀ ਸਨ ਤੇ ਹਾਕਮਾਂ ਦੀ ਸਖ਼ਤ ਆਲੋਚਨਾ ਕਰਦੇ ਸਨ।

ਸੰਨ 1897 ਵਿਚ ਆਪ ਨੂੰ ਸਰਕਾਰ ਵਿਰੁੱਧ ਬਗ਼ਾਵਤ ਕਰਨ ਦੇ ਦੋਸ਼ ਵਿਚ ਡੇਢ ਸਾਲ ਦੀ ਕੈਦ ਦੀ ਸਜ਼ਾ ਮਿਲੀ। ਜਦੋਂ 1899 ਵਿਚ ਛੁੱਟ ਕੇ ਆਏ ਤਾਂ ਯੂ.ਪੀ. ਦੀਆਂ ਕੁਝ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਅੰਗਰੇਜ਼ ਲੋਕ ਦਖ਼ਲ ਦੇ ਰਹੇ ਸਨ। ਸੂਫ਼ੀ ਜੀ ਨੇ ਉਥੋਂ ਦੇ ਅੰਗਰੇਜ਼ਾਂ ਤੇ ਰੈਜ਼ੀਡੈਂਟਾਂ ਦਾ ਖ਼ੂਬ ਭਾਂਡਾ ਭੰਨਿਆ। ਆਪ 'ਤੇ ਝੂਠੇ ਇਲਜ਼ਾਮ ਲਾਉਣ ਦਾ ਮੁਕੱਦਮਾ ਚਲਾਇਆ ਗਿਆ ਤੇ ਸਾਰੀ ਜਾਇਦਾਦ ਜ਼ਬਤ ਕਰ ਕੇ ਛੇ ਸਾਲ ਦੀ ਸਜ਼ਾ ਦਿੱਤੀ। ਜੇਲ੍ਹ ਵਿਚ ਉਹਨਾਂ ਨੂੰ ਅਕਹਿ ਕਸ਼ਟ ਝਲਣੇ ਪਏ ਪਰ ਉਹ ਕਦੀ ਵੀ ਨਾ ਡੋਲੇ।

ਸੂਫ਼ੀ ਜੀ ਜੇਲ੍ਹ ਵਿਚ ਬਿਮਾਰ ਹੋ ਗਏ। ਇਕ ਗੰਦੀ ਕੋਠੜੀ ਵਿਚ ਬੰਦ ਸਨ ! ਦਵਾਈ ਉਹਨਾਂ ਨੂੰ ਨਹੀਂ ਸੀ ਦਿੱਤੀ ਜਾਂਦੀ। ਇਥੋਂ ਤਕ ਕਿ ਪਾਣੀ ਵਗ਼ੈਰਾ ਦਾ ਵੀ ਠੀਕ ਬੰਦੋਬਸਤ ਨਹੀਂ ਸੀ। ਜੇਲਰ ਆਉਂਦਾ ਅਤੇ ਹੱਸਦਾ ਹੋਇਆ ਸਵਾਲ ਕਰਦਾ—ਸੂਫ਼ੀ, ਅਜੇ ਤਕ ਤੁਸੀਂ ਜ਼ਿੰਦਾ ਹੋ ? ਖ਼ੈਰ ! ਕਿਵੇਂ ਕਰਕੇ ਜੇਲ੍ਹ ਕੱਟੀ ਤੇ 1906 ਦੇ ਅਖ਼ੀਰ ਵਿਚ ਆਪ ਬਾਹਰ ਆਏ।

ਸੂਫ਼ੀ ਜੀ ਦਾ ਨਿਜ਼ਾਮ ਹੈਦਰਾਬਾਦ ਨਾਲ ਨਜ਼ਦੀਕੀ ਸੰਬੰਧ ਸੀ। ਨਿਜ਼ਾਮ ਨੇ ਉਹਨਾਂ ਲਈ ਇਕ ਚੰਗਾ ਜਿਹਾ ਮਕਾਨ ਬਣਵਾਇਆ। ਮਕਾਨ ਬਣ ਜਾਣ ਤੇ ਉਹਨਾਂ ਸੂਫ਼ੀ ਜੀ ਨੂੰ ਕਿਹਾ—ਤੁਹਾਡੇ ਲਈ ਮਕਾਨ ਤਿਆਰ ਹੋ ਗਿਆ ਹੈ। ਆਪ ਨੇ ਜਵਾਬ ਦਿੱਤਾ—ਅਸੀਂ ਵੀ ਤਿਆਰ ਹੋ ਗਏ ਹਾਂ। ਕਪੜੇ ਵਗ਼ੈਰਾ ਚੁੱਕੇ ਅਤੇ ਪੰਜਾਬ ਵੱਲ ਤੁਰ ਪਏ। ਉਥੇ ਜਾ ਕੇ ਆਪ 'ਹਿੰਦੁਸਤਾਨ' ਅਖ਼ਬਾਰ ਵਿਚ ਕੰਮ ਕਰਨ ਲੱਗੇ। ਸੁਣਦੇ ਹਾਂ ਕਿ ਆਪ ਦੀ ਹੁਸ਼ਿਆਰੀ, ਹਾਜ਼ਰ ਜੁਆਬੀ ਤੇ ਸਮਝਦਾਰੀ ਵੇਖ ਕੇ ਸਰਕਾਰ ਵੱਲੋਂ ਇਕ ਹਜ਼ਾਰ ਰੁਪੈ ਮਾਹਵਾਰ ਜਸੂਸੀ ਵਿਭਾਗ ਰਾਹੀਂ ਪੇਸ਼ ਕੀਤੇ ਗਏ ਪਰ ਆਪ ਨੇ ਉਸਦੀ ਬਜਾਏ ਜੇਲ੍ਹ ਅਤੇ ਗਰੀਬੀ ਨੂੰ ਹੀ ਬਿਹਤਰ ਸਮਝਿਆ। ਪਿੱਛੋਂ 'ਹਿੰਦੁਸਤਾਨ' ਦੇ ਸੰਪਾਦਕ ਨਾਲ ਵੀ ਨਾ ਬਣੀ ਅਤੇ ਆਪ ਨੇ ਉਥੋਂ ਵੀ ਅਸਤੀਫ਼ਾ ਦੇ ਦਿੱਤਾ।

ਉਹਨੀਂ ਦਿਨੀਂ ਸਰਦਾਰ ਅਜੀਤ ਸਿੰਘ ਨੇ ਭਾਰਤ ਮਾਤਾ ਸੁਸਾਇਟੀ ਦੀ ਨੀਂਹ ਰੱਖੀ ਤੇ ਪੰਜਾਬ ਦੇ ਨਿਊ ਕਲੋਨੀ ਬਿੱਲ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। ਸੂਫ਼ੀ ਜੀ ਦਾ ਸੰਬੰਧ ਵੀ ਉਹਨਾਂ ਨਾਲ ਬਣਨ ਲੱਗਾ। ਉਧਰੋਂ ਉਹ ਵੀ ਇਹਨਾਂ ਵੱਲ ਖਿੱਚੇ ਗਏ। ਸੰਨ 1906 ਵਿਚ ਪੰਜਾਬ ਵਿਚ ਫੜੋ-ਫੜੀ ਸ਼ੁਰੂ ਹੋਈ ਤਾਂ ਸਰਦਾਰ ਅਜੀਤ ਸਿੰਘ ਦੇ ਭਰਾ ਸਰਦਾਰ ਕਿਸ਼ਨ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਅਤੇ ਪਿਤਾ ਸੰਪਾਦਕ) ਤੇ ਭਾਰਤ ਮਾਤਾ ਸੁਸਾਇਟੀ ਦੇ ਮੰਤਰੀ ਮਹਿਤਾ ਨੰਦ ਕਿਸ਼ੋਰ ਨਾਲ ਨਿਪਾਲ ਵੱਲ ਤੁਰ ਪਏ। ਉਥੇ ਨਿਪਾਲ ਰਾਜ ਦੇ ਗਵਰਨਰ ਸ੍ਰੀ ਜੰਗ ਬਹਾਦਰ ਜੀ ਨਾਲ ਆਪ ਦੀ ਜਾਣ-ਪਛਾਣ ਹੋਈ। ਉਹ ਇਹਨਾਂ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆਏ। ਬਾਅਦ ਵਿਚ ਸ੍ਰੀ ਜੰਗ ਬਹਾਦਰ ਜੀ ਨੂੰ ਸੂਫ਼ੀ ਨੂੰ ਸ਼ਰਨ ਦੇਣ ਕਾਰਨ ਹੀ ਉਹਨਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਉਹਨਾਂ ਦੀ ਜਾਇਦਾਦ ਵੀ ਜ਼ਬਤ ਕਰ ਲਈ ਗਈ।



Sri Satguru Jagjit Singh Ji Elibrary NamdhariElibrary@gmail.com

ਫ਼ੇਰ ਸੂਫ਼ੀ ਜੀ ਉਥੇ ਫੜੇ ਗਏ ਤੇ ਲਾਹੌਰ ਲਿਆਂਦੇ ਗਏ। ਲਾਲਾ ਪਿੰਡੀ ਦਾਸ ਦੀ ਅਖ਼ਬਾਰ 'ਇੰਡੀਆ' ਵਿਚ ਪ੍ਰਕਾਸ਼ਤ ਹੋਏ ਆਪ ਦੇ ਲੇਖਾਂ ਦੇ ਸੰਬੰਧ ਵਿਚ ਆਪ 'ਤੇ ਮੁਕੱਦਮਾ ਚਲਾਇਆ ਗਿਆ। ਪਰ ਬਾਅਦ ਵਿਚ ਨਿਰਦੋਸ਼ ਸਾਬਤ ਹੋਣ 'ਤੇ ਆਪ ਨੂੰ ਛੱਡ ਦਿੱਤਾ ਗਿਆ।

ਉਸ ਪਿੱਛੋਂ ਸਰਦਾਰ ਅਜੀਤ ਸਿੰਘ ਵੀ ਛੁੱਟ ਕੇ ਆ ਗਏ ਅਤੇ ਸੰਨ 1908 ਵਿਚ ਭਾਰਤ ਮਾਤਾ ਬੁੱਕ ਸੁਸਾਇਟੀ ਦੀ ਨੀਂਹ ਰੱਖੀ ਗਈ। ਇਸ ਦਾ ਬਹੁਤਾ ਕੰਮ ਸੂਫ਼ੀ ਜੀ ਹੀ ਕਰਦੇ ਸਨ। ਆਪ ਨੇ 'ਬਾਗ਼ੀ ਮਸੀਹ' ਜਾਂ 'ਵਿਦਰੋਹੀ ਮਸੀਹ' ਨਾਮਕ ਕਿਤਾਬ ਛਪਵਾਈ ਜੋ ਪਿਛੋਂ ਜ਼ਬਤ ਕਰ ਲਈ ਗਈ। ਇਸੇ ਸਾਲ ਲੋਕ-ਮਾਨਯ ਤਿਲਕ 'ਤੇ ਵੀ ਮੁਕੱਦਮਾ ਚਲਾਇਆ ਗਿਆ। ਅੰਤ ਛੇ ਸਾਲ ਦੀ ਕੈਦ ਦੀ ਸਜ਼ਾ ਮਿਲੀ। ਤਦ ਦੇਸ਼-ਭਗਤ ਮੰਡਲ ਦੇ ਸਾਰੇ ਮੈਂਬਰ ਸਾਧੂ ਬਣ ਕੇ ਪਹਾੜਾਂ ਵੱਲ ਯਾਤਰਾ ਕਰਨ ਨਿਕਲ ਪਏ। ਪਰਬਤਾਂ ਦੇ ਉਪਰ ਜਾ ਰਹੇ ਸਨ। ਇਕ ਭਗਤ ਵੀ ਨਾਲ ਆਇਆ। ਸਾਧੂ ਬੈਠ ਗਏ ਤਾਂ ਉਸ ਭਗਤ ਨੇ ਸੂਫ਼ੀ ਜੀ ਦੇ ਚਰਨਾਂ 'ਤੇ ਸੀਸ ਨਿਵਾ ਕੇ ਨਮਸਕਾਰ ਕੀਤਾ ! ਬੜਾ ਜੰਟਲਮੈਨ ਸੀ। ਵਾਹਵਾ ਸੂਟ ਬੂਟ ਪਾਇਆ ਹੋਇਆ ਸੀ। ਸੂਫ਼ੀ ਜੀ ਦੇ ਚਰਨਾਂ 'ਤੇ ਸਿਰ ਰੱਖਿਆ ਅਤੇ ਪੁੱਛਣ ਲੱਗਾ—ਬਾਬਾ ਜੀ ਤੁਸੀਂ ਕਿੱਥੇ-ਕਿੱਥੇ ਰਹਿੰਦੇ ਹੋ ?

ਸੂਫ਼ੀ ਜੀ ਨੇ ਕਠੋਰ ਸ਼ਬਦਾਂ ਵਿਚ ਜਵਾਬ ਦਿੱਤਾ—ਰਹਿੰਦੇ ਤਾਂ ਤੇਰੇ ਸਿਰ ਵਿਚ।

—ਸਾਧੂ ਜੀ ਤੁਸੀਂ ਨਰਾਜ਼ ਕਿਉਂ ਹੋ ਗਏ ?

—ਉਏ ਬੇਵਕੂਫ਼ ! ਤੂੰ ਮੈਨੂੰ ਨਮਸਕਾਰ ਕਿਉਂ ਕੀਤਾ, ਇੰਨੇ ਸਾਧੂ ਹੋਰ ਸਨ। ਇਹਨਾਂ ਨੂੰ ਪਰਣਾਮ ਕਿਉਂ ਨਾ ਕੀਤਾ ?

—ਮੈਂ ਤੁਹਾਨੂੰ ਸਾਧੂ ਸਮਝਿਆ ਸੀ।

—ਅੱਛਾ, ਫ਼ੇਰ ਜਾਓ ਖਾਣ ਪੀਣ ਦੀਆਂ ਚੀਜ਼ਾਂ ਲਿਆਉ।

ਉਹ ਕੁਝ ਦੇਰ ਪਿਛੋਂ ਚੰਗੇ-ਚੰਗੇ ਪਦਾਰਥ ਲੈ ਕੇ ਆਇਆ। ਖਾ ਪੀ ਕੇ ਸੂਫ਼ੀ ਜੀ ਨੇ ਫਿਰ ਉਸ ਨੂੰ ਬੁਲਾਇਆ ਅਤੇ ਕਹਿਣ ਲੱਗੇ—ਕਿਉਂ ਉਇ ਸਾਡਾ ਪਿੱਛਾ ਛੱਡੇਂਗਾ ਕਿ ਨਹੀਂ ?

—ਭਲਾ ਮੈਂ ਤੁਹਾਨੂੰ ਕੀ ਕਹਿੰਦਾ ਹਾਂ ਜੀ ?

—ਚਲਾਕੀ ਨੂੰ ਛੱਡ ! ਆਇਆ ਹੈਂ ਜਾਸੂਸੀ ਕਰਨ। ਜਾਹ, ਜਾਹ ਆਪਣੇ ਪਿਓ ਨੂੰ ਕਹਿ ਦੇਈਂ ਕਿ ਸੂਫ਼ੀ ਪਹਾੜ ਵਿਚ ਗ਼ਦਰ ਕਰਨ ਜਾ ਰਹੇ ਹਨ।

ਉਹ ਪੈਰਾਂ ਤੇ ਡਿੱਗ ਪਿਆ—ਹਜ਼ੂਰ ਪੇਟ ਦੀ ਖ਼ਾਤਰ ਸਭ ਕੁਝ ਕਰਨਾ ਪੈਂਦਾ ਹੈ।

ਆਪ ਨੇ ਸੰਨ 1909 ਵਿਚ 'ਪੇਸ਼ਵਾ' ਅਖ਼ਬਾਰ ਕੱਢਿਆ। ਉਹਨੀਂ ਦਿਨੀਂ ਬੰਗਾਲ ਵਿਚ ਕਰਾਂਤਕਾਰੀ ਅੰਦੋਲਨ ਨੇ ਜ਼ੋਰ ਫੜਿਆ। ਸਰਕਾਰ ਨੂੰ ਡਰ ਪੈ ਗਿਆ ਕਿ ਕਿਤੇ ਇਹ ਪੰਜਾਬ ਨੂੰ ਵੀ ਨਾ ਲਪੇਟ ਲਵੇ। ਇਸ ਲਈ ਦਮਨ ਚੱਕਰ ਸ਼ੁਰੂ ਹੋਇਆ। ਜਦ ਸੂਫ਼ੀ ਜੀ, ਸਰਦਾਰ ਅਜੀਤ ਸਿੰਘ ਅਤੇ ਜ਼ਿਆ-ਉਲ-ਹੱਕ ਇਰਾਨ ਚਲੇ ਗਏ। ਉਥੇ ਜਾ ਕੇ ਜ਼ਿਆ-ਉਲ-ਹੱਕ ਦੀ ਨੀਅਤ ਬਦਲ ਗਈ। ਉਸ ਨੇ ਚਾਹਿਆ ਕਿ ਇਹਨਾਂ ਨੂੰ ਫੜਵਾ ਦਿਆਂ। ਇਨਾਮ ਵੀ ਮਿਲੇਗਾ ਅਤੇ ਸਜ਼ਾ ਵੀ ਨਹੀਂ ਹੋਵੇਗੀ। ਉਹਨਾਂ ਨੇ ਉਸ ਨੂੰ ਅੱਗੇ ਭੇਜ ਦਿੱਤਾ। ਆਪ ਹੀ ਫੜਿਆ ਗਿਆ ਅਤੇ ਇਹ ਦੋਵੇਂ ਬਚ ਨਿਕਲੇ।

ਇਰਾਨ ਵਿਚ ਉਹ ਕਿਵੇਂ ਰਹੇ। ਕੀ ਹੋਇਆ ? ਇਹ ਗੱਲਾਂ ਤਾਂ ਕਿਸੇ ਮੌਕੇ 'ਤੇ ਹੀ ਖੁੱਲ੍ਹਣਗੀਆਂ। ਪਰ ਜੋ ਕੁਝ ਸੁਣਨ ਵਿਚ ਆਇਆ, ਉਸੇ ਦਾ ਵਰਨਣ ਇਸ ਥਾਂ ਕੀਤਾ ਜਾਂਦਾ ਹੈ। ਇਰਾਨ ਵਿਚ ਅੰਗਰੇਜ਼ਾਂ ਨੇ ਉਹਨਾਂ ਦੀ ਬੜੀ ਖੋਜ ਕੀਤੀ ਤੇ ਉਹਨਾਂ ਨੂੰ ਕਈ ਤਰ੍ਹਾਂ ਦੇ ਕਸ਼ਟ ਝਲਣੇ ਪਏ। ਕਿਹਾ ਜਾਂਦਾ ਹੈ ਕਿ ਉਹ ਇਕ ਥਾਂ ਤੇ ਘੇਰ ਲਏ ਗਏ। ਉਥੋਂ ਨਿਕਲਣਾ



Sri Satguru Jagjit Singh Ji Elibrary NamdhariElibrary@gmail.com

ਅਸੰਭਵ ਜਿਹਾ ਹੋ ਗਿਆ। ਉਥੇ ਵਪਾਰੀਆਂ ਦਾ ਇਕ ਕਾਫ਼ਲਾ ਠਹਿਰਾਇਆ ਹੋਇਆ ਸੀ। ਊਠਾਂ 'ਤੇ ਬਹੁਤ ਸਾਰੇ ਸੰਦੂਕ ਲੱਦੇ ਹੋਏ ਸਨ। ਉਹਨਾਂ ਵਿਚ ਕੱਪੜੇ ਵਗ਼ੈਰਾ ਭਰੇ ਹੋਏ ਸਨ। ਇਕ ਊਠ ਤੇ ਦੋਹਾਂ ਸੰਦੂਕਾਂ ਵਿਚ ਸੂਫ਼ੀ ਜੀ ਅਤੇ ਅਜੀਤ ਸਿੰਘ ਨੂੰ ਬੰਦ ਕਰ ਦਿੱਤਾ ਗਿਆ ਅਤੇ ਉਥੋਂ ਬਚਾ ਕੇ ਭੇਜ ਦਿੱਤਾ ਗਿਆ। ਫਿਰ ਕਿਸੇ ਅਮੀਰ ਦੇ ਘਰ ਠਹਿਰੇ। ਪਤਾ ਲੱਗ ਗਿਆ ਅਤੇ ਉਹ ਘੇਰ ਲਏ ਗਏ। ਉਸੇ ਵੇਲੇ ਦੋਹਾਂ ਨੇ ਬੁਰਕਾ ਪਾ ਲਿਆ ਅਤੇ ਜਨਾਨੇ ਵਿਚ ਬਿਠਾ ਦਿੱਤੇ ਗਏ। ਸਾਰੀ ਤਲਾਸ਼ੀ ਲਈ ਗਈ ਅਤੇ ਅਖ਼ੀਰ ਵਿਚ ਔਰਤਾਂ ਦੀ ਵੀ ਤਲਾਸ਼ੀ ਲਈ ਜਾਣ ਲੱਗੀ। ਇਕ ਦੋ ਔਰਤਾਂ ਦੇ ਬੁਰਕੇ ਉਲਟਾਏ ਵੀ ਗਏ, ਪਰ ਮੁਸਲਮਾਨ ਲੋਕ ਲੜਨ-ਮਰਨ ਲਈ ਤਿਆਰ ਹੋ ਗਏ ਅਤੇ ਫਿਰ ਕਿਸੇ ਵੀ ਇਸਤਰੀ ਦਾ ਬੁਰਕਾ ਨਾ ਉਤਾਰਨ ਦਿੱਤਾ ਗਿਆ। ਇਸ ਤਰ੍ਹਾਂ ਉਹ ਇਥੋਂ ਵੀ ਬਚ ਨਿਕਲੇ।

ਪਿਛੋਂ ਉਹਨਾਂ ਨੇ 'ਆਬੇ ਹਯਾਤ' ਨਾਮਕ ਅਖ਼ਬਾਰ ਕੱਢਿਆ ਤੇ ਰਾਸ਼ਟਰੀ ਅੰਦੋਲਨ ਵਿਚ ਹਿੱਸਾ ਲੈਣ ਲੱਗੇ। ਸਰਦਾਰ ਸਾਹਿਬ ਦੇ ਟਰਕੀ ਚਲੇ ਜਾਣ ਮਗਰੋਂ ਉਥੋਂ ਦਾ ਸਾਰਾ ਕੰਮ ਇਹਨਾਂ ਦੇ ਸਿਰ 'ਤੇ ਆ ਪਿਆ। ਅਤੇ ਫਿਰ ਇਹ ਉਥੇ ਆ ਕੇ ਸੂਫ਼ੀ ਦੇ ਨਾਂ ਨਾਲ ਪ੍ਰਸਿੱਧ ਹੋਏ। ਸੰਨ 1915 ਵਿਚ ਜਿਸ ਸਮੇਂ ਇਰਾਨ ਵਿਚ ਅੰਗਰੇਜ਼ਾਂ ਨੇ ਪੂਰੀ ਹਕੂਮਤ ਜਮਾਣੀ ਚਾਹੀ ਤਾਂ ਫਿਰ ਕੁਝ ਉੱਥਲ ਪੁੱਥਲ ਮੱਚੀ। ਸ਼ਿਰਾਜ਼ ਨੂੰ ਘੇਰ ਲਿਆ ਗਿਆ। ਉਸ ਵੇਲੇ ਸੂਫ਼ੀ ਜੀ ਨੇ ਖੱਬੇ ਹੱਥ ਨਾਲ ਰਿਵਾਲਵਰ ਚਲਾ ਕੇ ਮੁਕਾਬਲਾ ਕੀਤਾ ਸੀ। ਪਰ ਅਖ਼ੀਰ ਆਪ ਅੰਗਰੇਜ਼ਾਂ ਦੇ ਹੱਥ ਆ ਗਏ। ਉਹਨਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ। ਫ਼ੈਸਲਾ ਹੋਇਆ ਕਿ ਕੱਲ੍ਹ ਗੋਲੀ ਨਾਲ ਉਡਾ ਦਿੱਤਾ ਜਾਵੇਗਾ। ਸੂਫ਼ੀ ਕੋਠੜੀ ਵਿਚ ਬੰਦ ਸਨ। ਸਵੇਰ ਵੇਲੇ ਵੇਖਿਆ ਉਹ ਸਮਾਧੀ ਦੀ ਹਾਲਤ ਵਿਚ ਸਨ। ਉਹਨਾਂ ਦੇ ਪ੍ਰਾਣ ਪੰਖੇਰੂ ਉਡ ਚੁੱਕੇ ਸਨ। ਉਨ੍ਹਾਂ ਦੇ ਜਨਾਜ਼ੇ ਨਾਲ ਅਣਗਿਣਤ ਇਰਾਨੀ ਗਏ ਤੇ ਉਨ੍ਹਾਂ ਬਹੁਤ ਸੋਗ ਮਨਾਇਆ। ਕਈ ਦਿਨ ਤਕ ਨਗਰ ਤੇ ਉਦਾਸੀ ਛਾਈ ਰਹੀ। ਸੂਫ਼ੀ ਦੀ ਕਬਰ ਬਣਾਈ ਗਈ। ਅੱਜ ਤਕ ਹਰ ਸਾਲ ਉਨ੍ਹਾਂ ਦੀ ਕਬਰ 'ਤੇ ਉਤਸਵ ਮਨਾਇਆ ਜਾਂਦਾ ਹੈ। ਲੋਕ ਉਨ੍ਹਾਂ ਦਾ ਨਾਂ ਸੁਣਦਿਆਂ ਹੀ ਸ਼ਰਧਾ ਨਾਲ ਸਿਰ ਝੁਕਾ ਲੈਂਦੇ ਸਨ। ਉਹ ਪੈਰ ਨਾਲ ਕਲਮ ਫੜ ਕੇ ਵੀ ਚੰਗੀ ਤਰ੍ਹਾਂ ਲਿਖ ਸਕਦੇ ਸਨ। ਇਕ ਦਿਨ ਇਕ ਸਾਹਿਬ ਕਹਿ ਰਹੇ ਸਨ ਕਿ ਮੈਨੂੰ ਉਹਨਾਂ ਨੇ ਪੈਰ ਨਾਲ ਹੀ ਲਿਖ ਕੇ ਇਕ ਨੁਸਖਾ ਦਿੱਤਾ ਸੀ।

ਇਕ ਹੋਰ ਕਹਾਣੀ ਮਿੱਤਰਾਂ ਨੇ ਸੁਣਾਈ ਸੀ, ਪਤਾ ਨਹੀਂ ਕਿਥੋਂ ਤਕ ਸੱਚ ਹੈ, ਪਰ ਬਹੁਤ ਸੰਭਵ ਹੈ ਕਿ ਇਹ ਸੱਚ ਹੋਵੇ ! ਕਹਿੰਦੇ ਹਨ ਕਿ ਜਦੋਂ ਭੁਪਾਲ ਜਾਂ ਕਿਸੇ ਹੋਰ ਸਟੇਟ ਵਿਚ ਰੈਜ਼ੀਡੈਂਟ ਕੋਈ ਖ਼ਰਾਬੀ ਕਰ ਰਹੇ ਸਨ ਅਤੇ ਉਸ ਨੂੰ ਹੜੱਪਨ ਦੀ ਚਿੰਤਾ ਵਿਚ ਸਨ ਤਾਂ ਉਥੋਂ ਦਾ ਭੇਦ ਖੋਲ੍ਹਣ ਲਈ ਅੰਮ੍ਰਿਤ ਬਾਜ਼ਾਰ ਪੱਤ੍ਰਕਾ ਵੱਲੋਂ ਸੂਫ਼ੀ ਜੀ ਉਥੇ ਭੇਜੇ ਗਏ। ਇਹ ਗੱਲ 1890 ਦੀ ਹੈ। ਇਕ ਪਾਗਲ ਜੇਹਾ ਮਨੁੱਖ ਰੈਜ਼ੀਡੈਂਟ ਦੇ ਬਹਿਰੇ ਨਾਲ ਨੌਕਰੀ ਦੀ ਖੋਜ ਵਿਚ ਆਇਆ ਅਤੇ ਅਖ਼ੀਰ ਉਸ ਨੂੰ ਸਿਰਫ ਰੋਟੀ 'ਤੇ ਹੀ ਰੱਖ ਲਿਆ ਗਿਆ। ਉਹ ਪਾਗਲ ਭਾਂਡੇ ਸਾਫ ਕਰਦਾ ਤਾਂ ਮਿੱਟੀ ਵਿਚ ਲੱਥ ਪੱਥ ਹੋ ਜਾਂਦਾ। ਮੂੰਹ 'ਤੇ ਮਿੱਟੀ ਪੋਚ ਲੈਂਦਾ। ਉਹ ਸੌਦਾ ਖ਼ਰੀਦਣ ਵਿਚ ਬੜਾ ਹੁਸ਼ਿਆਰ ਸੀ ਇਸ ਲਈ ਚੀਜ਼ਾਂ ਖ਼ਰੀਦਣ ਉਹੋ ਭੇਜਿਆ ਜਾਂਦਾ ਸੀ।

ਉਧਰ ਅੰਮ੍ਰਿਤ ਬਾਜ਼ਾਰ ਪੱਤ੍ਰਕਾ ਵਿਚ ਰੈਜ਼ੀਡੈਂਟ ਵਿਰੁਧ ਲੇਖ ਨਿਕਲਣ ਲੱਗੇ ! ਅਖ਼ੀਰ ਉਹ ਇਨਾ ਬਦਨਾਮ ਹੋਇਆ ਕਿ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ, ਜਿਸ ਸਮੇਂ ਉਹ ਸਟੇਟ ਤੋਂ ਬਾਹਰ ਪਹੁੰਚ ਗਿਆ ਤਾਂ ਇਕ ਜੰਕਸ਼ਨ ਤੇ ਇਕ ਕਾਲਾ ਜਿਹਾ ਆਦਮੀ ਹੈਟ ਲਾਈ, ਪਤਲੂਨ ਬੂਟ ਪਾਈ ਉਸ ਵੱਲ ਆਇਆ। ਉਸ ਨੂੰ ਵੇਖ ਕੇ ਰੈਜ਼ੀਡੈਂਟ ਹੈਰਾਨ ਜਿਹਾ ਰਹਿ ਗਿਆ। ਇਹ ਤਾਂ ਉਹੀ ਹੈ, ਜੋ ਮੇਰੇ ਬਰਤਨ ਸਾਫ਼ ਕਰਦਾ ਹੁੰਦਾ ਸੀ। ਅੱਜ ਪਾਗ਼ਲ ਨਹੀਂ ਹੈ। ਉਸ ਨੇ ਆਉਂਦਿਆਂ ਹੀ ਅੰਗਰੇਜ਼ੀ ਵਿਚ ਗੱਲ-ਬਾਤ ਸ਼ੁਰੂ ਕਰ ਦਿੱਤੀ। ਉਸ ਨੂੰ ਵੇਖ ਕੇ ਉਹ ਕੰਬਨ



Sri Satguru Jagjit Singh Ji Elibrary NamdhariElibrary@gmail.com

ਲੱਗਾ। ਅਖ਼ੀਰ ਉਸ ਨੇ ਕਿਹਾ—ਤੁਹਾਨੂੰ ਇਨਾਮ ਤਾਂ ਦਿੱਤਾ ਜਾ ਚੁੱਕਾ ਹੈ। ਹੁਣ ਤੁਸੀਂ ਮੇਰੇ ਕੋਲ ਕਿਉਂ ਆਏ !

ਆਪ ਨੇ ਕਿਹਾ—ਜੋ ਮਨੁੱਖ ਉਸ ਸੂਹੀਏ ਨੂੰ ਫੜਵਾਏ ਜਿਸ ਨੇ ਤੁਹਾਡਾ ਰਾਜ ਖੋਹਲਿਆ ਸੀ ਤਾਂ ਕੀ ਤੁਸੀਂ ਉਸ ਨੂੰ ਕੁਝ ਇਨਾਮ ਦੇਵੋਗੇ?

ਕਿਹਾ ਤਾਂ ਸੀ। ਕੀ ਤੂੰ ਉਸ ਨੂੰ ਫੜਿਆ ਹੈ?

ਹਾਂ, ਹਾਂ ਇਨਾਮ ਦਿਉ ਉਹ ਮੈਂ ਆਪ ਹੀ ਹਾਂ।

ਉਹ ਥਰ ਥਰਾ ਕੇ ਬੋਲਿਆ—ਜੇ ਰਾਜ ਦੇ ਅੰਦਰ ਹੀ ਤੇਰਾ ਪਤਾ ਲੱਗ ਜਾਂਦਾ ਤਾਂ ਬੋਟੀ-ਬੋਟੀ ਉਡਵਾ ਦੇਂਦਾ ! ਖ਼ੈਰ ਉਸਨੇ ਉਹਨਾਂ ਨੂੰ ਇਕ ਸੋਨੇ ਦੀ ਘੜੀ ਦਿੱਤੀ ਅਤੇ ਕਿਹਾ—ਜੇ ਤੁਸੀਂ ਮਨਜ਼ੂਰ ਕਰੋ ਤਾਂ ਜਾਸੂਸੀ ਵਿਭਾਗ ਤੋਂ 1000 ਰੁਪਏ ਮਾਹਵਾਰੀ ਤਨਖਾਹ ਦਿਵਾ ਸਕਦਾ ਹਾਂ ਪਰ ਸੂਫ਼ੀ ਜੀ ਨੇ ਕਿਹਾ ਜੇ ਤਨਖਾਹ ਹੀ ਲੈਣੀ ਹੁੰਦੀ ਤਾਂ ਤੁਹਾਡੇ ਭਾਂਡੇ ਕਿਉਂ ਸਾਫ਼ ਕਰਦਾ ?

ਅੱਜ ਸੂਫ਼ੀ ਜੀ ਇਸ ਦੇਸ਼ ਵਿਚ ਨਹੀਂ ਹਨ। ਪਰ ਐਸੇ ਦੇਸ਼ ਭਗਤ ਦੀ ਯਾਦ ਹੀ ਰੂਹ ਫੂਕ ਦੇਂਦੀ ਹੈ। ਭਗਵਾਨ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ।

* * *

## 19. ਸ਼ਹੀਦ ਕਰਤਾਰ ਸਿੰਘ ਸਰਾਭਾ

*ਲੇਖਕ—ਸ਼ਹੀਦ ਭਗਤ ਸਿੰਘ*

[ਸ਼ਹੀਦ ਸਰਾਭਾ ਦੀ ਫੋਟੋ ਭਗਤ ਸਿੰਘ ਆਪਣੇ ਪਾਸ ਰੱਖਦੇ ਸਨ ਅਤੇ ਕਿਹਾ ਕਰਦੇ ਸਨ, ਇਹ 'ਮੇਰਾ ਗੁਰੂ, ਮੇਰਾ ਸਾਥੀ ਤੇ ਭਰਾ ਹੈ।" ਉਨ੍ਹਾਂ ਦੀ ਪ੍ਰੇਰਣਾ ਦਾ ਸਰੋਤ ਤੇ ਇਨਕਲਾਬੀ ਜੀਵਨ ਵਿਚ ਸੰਦੇਸ਼ ਕਰਤਾਰ ਸਿੰਘ ਸਰਾਭਾ ਬਾਰੇ ਇਹ ਲੇਖ ਇਕ ਖ਼ਾਸ ਮਹੱਤਤਾ ਰੱਖਦਾ ਹੈ।
—ਸੰਪਾਦਕ]

ਰਣਚੰਡੀ ਦੇ ਇਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਇਸ ਵੇਲੇ ਵੀਹਾਂ ਸਾਲਾਂ ਦੀ ਵੀ ਨਹੀਂ ਹੋਈ ਸੀ ਕਿ ਜਦ ਉਨ੍ਹਾਂ ਨੇ ਸਵਤੰਤਰਤਾ ਦੇਵੀ ਦੀ ਬਲੀ ਵੇਦੀ ਉੱਤੇ ਆਪਣੀ ਕੁਰਬਾਨੀ ਦੇ ਦਿੱਤੀ। ਹਨੇਰੀ ਵਾਂਗ ਉਹ ਇਕਦਮ ਕਿਤਿਓਂ ਆਏ, ਅੱਗ ਭੜਕਾਈ ਤੇ ਸੁਪਨਿਆਂ 'ਚ ਪਈ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਬਗ਼ਾਵਤ ਦਾ ਯੱਗ ਰਚਿਆ ਅਤੇ ਆਖ਼ਰ ਉਹ ਆਪ ਖ਼ੁਦ ਇਸ ਵਿਚ ਭਸਮ ਹੋ ਗਏ। ਉਹ ਕੀ ਸਨ, ਇਸ ਦੁਨੀਆ ਤੋਂ ਅਚਾਨਕ ਆਏ ਅਤੇ ਝੱਟ ਕਿੱਧਰ ਚੱਲੇ ਗਏ, ਅਸੀਂ ਕੁਝ ਵੀ ਨਾ ਜਾਣ ਸਕੇ। 19 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਇੰਨੇ ਕੰਮ ਕਰ ਦਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਜੁਰਅਤ, ਐਨਾ ਆਤਮ-ਵਿਸ਼ਵਾਸ, ਐਨਾ ਆਤਮ-ਤਿਆਗ ਅਤੇ ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ। ਭਾਰਤਵਰਸ਼ ਵਿਚ ਐਸੇ ਇਨਸਾਨ ਬਹੁਤ ਘੱਟ ਪੈਦਾ ਹੋਏ ਹਨ ਜਿਨ੍ਹਾਂ ਨੂੰ ਕਿ ਸਹੀ ਅਰਥਾਂ ਵਿਚ ਬਾਗ਼ੀ ਆਖਿਆ ਜਾ ਸਕਦਾ ਹੈ। ਪਰੰਤੂ ਇਨ੍ਹਾਂ ਗਿਣਿਆਂ-ਮਿਣਿਆਂ ਆਗੂਆਂ ਵਿਚ ਕਰਤਾਰ ਸਿੰਘ ਦਾ ਨਾਂ ਸੂਚੀ ਦੇ ਉੱਪਰ ਹੈ। ਉਨ੍ਹਾਂ ਦੀ ਰਗ-ਰਗ ਵਿਚ ਇਨਕਲਾਬ ਦਾ ਜਜ਼ਬਾ ਸਮਾਇਆ ਹੋਇਆ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਇਕੋ ਮਕਸਦ, ਇਕੋ ਖ਼ਾਹਸ਼ ਅਤੇ ਇਕੋ ਉਮੀਦ ਜੋ ਕੁਝ ਵੀ ਸੀ ਇਨਕਲਾਬ ਹੀ ਸੀ। ਇਸ ਦੇ ਲਈ ਉਨ੍ਹਾਂ ਜ਼ਿੰਦਗੀ ਵਿਚ ਪੈਰ ਪਾਇਆ ਤੇ ਅਖ਼ੀਰ ਇਸੇ ਲਈ ਹੀ ਇਸ ਦੁਨੀਆ ਤੋਂ ਚਲਾਣਾ ਕਰ ਗਏ।

ਆਪ ਦਾ ਜਨਮ 1896 ਵਿਚ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਆਪ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ। ਹਾਲੇ ਉਨ੍ਹਾਂ ਦੀ ਉਮਰ ਛੋਟੀ ਹੀ ਸੀ ਕਿ ਪਿਤਾ



Sri Satguru Jagjit Singh Ji Elibrary NamdhariElibrary@gmail.com

ਜੀ ਚਲਾਣਾ ਕਰ ਗਏ। ਪ੍ਰੰਤੂ ਆਪ ਦੇ ਦਾਦਾ ਨੇ ਬਹੁਤ ਯਤਨ ਕਰਕੇ ਆਪ ਨੂੰ ਪਾਲਿਆ। ਨੌਂਵੀਂ ਜਮਾਤ ਪੜ੍ਹਨ ਤੋਂ ਬਾਅਦ ਆਪਣੇ ਚਾਚੇ ਕੋਲ ਚਲੇ ਗਏ। ਉਥੇ ਉਨ੍ਹਾਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਅਤੇ ਕਾਲਜ ਪੜ੍ਹਨ ਲੱਗ ਪਏ। ਇਹ 1910-11 ਦੇ ਦਿਨ ਸਨ। ਇੱਧਰ ਆਪ ਨੂੰ ਸਕੂਲ ਤੇ ਕਾਲਜ ਦੇ ਪਾਠ ਕ੍ਰਮ ਦੇ ਤੰਗ ਘੇਰੇ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਇਹ ਅੰਦੋਲਨ ਦਾ ਜ਼ਮਾਨਾ ਸੀ। ਇਸ ਵਾਤਾਵਰਨ ਵਿਚ ਰਹਿ ਕੇ ਆਪ ਦਾ ਦੇਸ਼ ਪ੍ਰੇਮ ਦਾ ਜਜ਼ਬਾ ਭੜਕਿਆ।

ਇਸ ਤੋਂ ਬਾਅਦ ਆਪ ਦੀ ਅਮਰੀਕਾ ਜਾਣ ਦੀ ਖ਼ਾਹਸ਼ ਹੋਈ। ਘਰਦਿਆਂ ਨੇ ਉਸ ਦਾ ਕੋਈ ਵਿਰੋਧ ਨਾ ਕੀਤਾ। ਆਪ ਨੂੰ ਅਮਰੀਕਾ ਭੇਜ ਦਿੱਤਾ ਗਿਆ। ਸੰਨ 1912 ਵਿਚ ਆਪ ਸਾਨਫ੍ਰਾਂਸਿਸਕੋ ਦੀ ਬੰਦਰਗਾਹ 'ਤੇ ਪਹੁੰਚੇ। ਆਜ਼ਾਦ ਦੇਸ਼ ਵਿਚ ਜਾ ਕੇ ਕਦਮ-ਕਦਮ 'ਤੇ ਆਪ ਦੇ ਕੋਮਲ ਦਿਲ ਉੱਤੇ ਚੋਟ ਲੱਗਣ ਲੱਗੀ। ਇਨ੍ਹਾਂ ਗੋਰੀਆਂ ਦੀ ਜ਼ਬਾਨ ਤੋਂ Damn Hindu (ਨਖਿੱਧ ਹਿੰਦੂ) ਅਤੇ (ਕਾਲੇ ਆਦਮੀ) (Black man) ਆਦਿ ਸੁਣਦੇ ਹੀ ਉਹ ਪਾਗਲ ਹੋ ਉਠਦੇ ਸਨ। ਉਨ੍ਹਾਂ ਨੂੰ ਪੈਰ-ਪੈਰ 'ਤੇ ਦੇਸ਼ ਦੀ ਇੱਜ਼ਤ ਤੇ ਮਾਣ ਖ਼ਤਰੇ ਵਿਚ ਨਜ਼ਰ ਆਉਣ ਲੱਗੇ। ਘਰ ਯਾਦ ਆਉਣ 'ਤੇ ਜ਼ੰਜੀਰਾਂ ਵਿਚ ਜਕੜਿਆ ਹੋਇਆ ਬੇਵਸ ਭਾਰਤ ਸਾਹਮਣੇ ਆ ਜਾਂਦਾ। ਉਨ੍ਹਾਂ ਦਾ ਕੋਮਲ ਦਿਲ ਹੌਲੀ-ਹੌਲੀ ਸਖ਼ਤ ਹੋਣ ਲੱਗਾ। ਅਤੇ ਦੇਸ਼ ਦੀ ਆਜ਼ਾਦੀ ਲਈ ਜ਼ਿੰਦਗੀ ਕੁਰਬਾਨ ਕਰਨ ਦਾ ਇਰਾਦਾ ਮਜ਼ਬੂਤ ਹੁੰਦਾ ਗਿਆ। ਉਨ੍ਹਾਂ ਦੇ ਦਿਲ ਉੱਤੇ ਇਸ ਵੇਲੇ ਕੀ ਗੁਜ਼ਰਦੀ ਸੀ ਇਹ ਅਸੀਂ ਕਿਵੇਂ ਸਮਝ ਸਕਦੇ ਹਾਂ।

ਇਹ ਅਸੰਭਵ ਸੀ ਕਿ ਉਹ ਚੈਨ ਨਾਲ ਰਹਿ ਸਕਦੇ। ਹਰ ਵੇਲੇ ਉਨ੍ਹਾਂ ਦੇ ਸਾਹਮਣੇ ਇਹੀ ਸਵਾਲ ਆਉਣ ਲੱਗਾ ਕਿ ਜੇ ਸ਼ਾਂਤੀ ਨਾਲ ਕੰਮ ਨਾ ਚੱਲਿਆ ਤਾਂ ਦੇਸ ਕਿਸ ਤਰ੍ਹਾਂ ਆਜ਼ਾਦ ਹੋਵੇਗਾ ? ਫਿਰ ਜ਼ਿਆਦਾ ਸੋਚੇ ਬਗ਼ੈਰ ਉਨ੍ਹਾਂ ਨੇ ਭਾਰਤੀ ਮਜ਼ਦੂਰਾਂ ਦੀ ਜਥੇਬੰਦੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਚ ਆਜ਼ਾਦੀ ਦਾ ਜਜ਼ਬਾ ਉਭਰਨ ਲੱਗਾ। ਹਰ ਇਕ ਕੋਲ ਘੰਟਿਆਂ ਬੱਧੀ ਬੈਠ ਕੇ ਸਮਝਾਉਣ ਲੱਗੇ ਕਿ ਬੇਇੱਜ਼ਤੀ ਨਾਲ ਭਰੀ ਹੋਈ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਤਾਂ ਮੌਤ ਹਜ਼ਾਰ ਦਰਜੇ ਚੰਗੀ ਹੈ, ਕੰਮ ਸ਼ੁਰੂ ਹੋਣ ਤੇ ਹੋਰ ਲੋਕ ਵੀ ਉਨ੍ਹਾਂ ਨਾਲ ਆ ਮਿਲੇ। ਮਈ 1912 ਵਿਚ ਇਨ੍ਹਾਂ ਲੋਕਾਂ ਦੀ ਇਕ ਖ਼ਾਸ ਮੀਟਿੰਗ ਹੋਈ। ਇਸ ਵਿਚ ਕੁਝ ਚੁਣੇ ਹੋਏ ਹਿੰਦੋਸਤਾਨੀ ਸ਼ਾਮਲ ਹੋਏ। ਸਾਰਿਆਂ ਨੇ ਦੇਸ਼ ਦੀ ਆਜ਼ਾਦੀ ਉੱਤੋਂ ਤਨ, ਮਨ, ਧਨ ਨਿਛਾਵਰ ਕਰਨ ਦਾ ਪ੍ਰਣ ਕੀਤਾ। ਇਨ੍ਹੀਂ ਦਿਨੀਂ ਪੰਜਾਬ ਦੇ ਜਲਾਵਤਨ ਦੇਸ਼ ਭਗਤ ਭਗਵਾਨ ਸਿੰਘ ਉੱਥੇ ਪਹੁੰਚੇ। ਧੜਾ-ਧੜ ਜਲਸੇ ਹੋਣ ਲੱਗੇ। ਉਪਦੇਸ਼ ਹੋਣ ਲੱਗੇ। ਕੰਮ ਤੇ ਕੰਮ ਹੁੰਦਾ ਗਿਆ। ਮੈਦਾਨ ਤਿਆਰ ਹੋ ਗਿਆ। ਫਿਰ ਅਖ਼ਬਾਰ ਦੀ ਜ਼ਰੂਰਤ ਮਹਿਸੂਸ ਹੋਣ ਲੱਗੀ। ਗ਼ਦਰ ਨਾਮੀ ਅਖ਼ਬਾਰ ਕੱਢਿਆ ਗਿਆ। ਇਸ ਦਾ ਪਹਿਲਾ ਪਰਚਾ ਨਵੰਬਰ 1913 ਨੂੰ ਕੱਢਿਆ ਗਿਆ। ਇਸ ਦੇ ਐਡੀਟੋਰੀਅਲ ਸਟਾਫ਼ ਵਿਚ ਕਰਤਾਰ ਸਿੰਘ ਵੀ ਸਨ। ਆਪ ਦੀ ਕਲਮ ਵਿਚ ਅਥਾਹ ਜੋਸ਼ ਸੀ। ਅਖ਼ਬਾਰ ਨੂੰ ਐਡੀਟੋਰੀਅਲ ਦੇ ਮੈਂਬਰ ਹੈਂਡ ਪ੍ਰੈੱਸ 'ਤੇ ਛਾਪਦੇ ਸਨ, ਕਰਤਾਰ ਸਿੰਘ ਮਤਵਾਲੇ ਇਨਕਲਾਬ ਪਸੰਦ ਨੌਜਵਾਨ ਸਨ। ਪ੍ਰੈੱਸ ਚਲਾਉਂਦਿਆਂ ਥੱਕ ਜਾਣ 'ਤੇ ਉਹ ਗੀਤ ਗਾਇਆ ਕਰਦੇ ਸਨ--

*ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,*
*ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।*
*ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,*
*ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।*

ਕਰਤਾਰ ਸਿੰਘ ਜਿਸ ਲਗਨ ਨਾਲ ਮਿਹਨਤ ਕਰਦੇ ਸਨ, ਇਸ ਨਾਲ ਸਭ ਦਾ ਹੌਸਲਾ ਵਧ ਜਾਂਦਾ ਸੀ। ਭਾਰਤ ਨੂੰ ਕਿਸ ਤਰ੍ਹਾਂ ਆਜ਼ਾਦ ਕਰਵਾਇਆ ਜਾਵੇ ? ਇੱਕ ਕਿਸੇ ਹੋਰ ਨੂੰ ਪੜ੍ਹਾ



Sri Satguru Jagjit Singh Ji Elibrary NamdhariElibrary@gmail.com

ਹੋਵੇ ਜਾਂ ਨਾ ਹੋਵੇ। ਕਿਸੇ ਨੇ ਇਸ ਸਵਾਲ ਤੇ ਸੋਚ ਵਿਚਾਰ ਕੀਤੀ ਹੋਵੇ ਜਾਂ ਨਾ ਕੀਤੀ ਹੋਵੇ ਪਰ ਕਰਤਾਰ ਸਿੰਘ ਨੇ ਇਸ ਸਵਾਲ ਬਾਰੇ ਬਹੁਤ ਕੁਝ ਸੋਚ ਰੱਖਿਆ ਸੀ। ਇਸ ਦੌਰਾਨ ਆਪ ਨਿਊਯਾਰਕ ਵਿਚ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਭਰਤੀ ਹੋ ਗਏ। ਇੱਥੇ ਦਿਲ ਲਗਾ ਕੇ ਕੰਮ ਸਿੱਖਣ ਲੱਗੇ।

ਸਤੰਬਰ 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਨੂੰ ਜ਼ਾਲਮ ਗੋਰਾਸ਼ਾਹੀ ਦੇ ਹੱਥੋਂ ਨਾ ਵਰਣਨ ਯੋਗ ਤਸੀਹੇ ਝੱਲਣ 'ਤੇ ਉਸੇ ਤਰ੍ਹਾਂ ਹੀ ਵਾਪਸ ਮੁੜਨਾ ਪਿਆ। ਤਦ ਸਾਡੇ ਕਰਤਾਰ ਸਿੰਘ, ਇਨਕਲਾਬ ਪਸੰਦ, ਗੁਪਤਾ ਤੇ ਇਕ ਅਮਰੀਕਨ ਅਨਾਰਕਿਸਟ ਜੈਕ ਨੂੰ ਨਾਲ ਲੈ ਕੇ ਹਵਾਈ ਜਹਾਜ਼ 'ਤੇ ਜਪਾਨ ਆਏ ਅਤੇ ਕੋਬੇ ਵਿਚ ਬਾਬਾ ਗੁਰਦਿੱਤ ਸਿੰਘ ਜੀ ਨਾਲ ਮਿਲ ਕੇ ਸਭ ਗੱਲਬਾਤ ਕੀਤੀ। ਯੁਗਾਂਤਰ ਆਸ਼ਰਮ ਸਾਨਫ੍ਰਾਂਸਿਸਕੋ ਦੇ ਗ਼ਦਰ ਪ੍ਰੈੱਸ ਵਿਚ 'ਗ਼ਦਰ ਅਤੇ ਗ਼ਦਰ ਦੀ ਗੂੰਜ' ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਛਾਪ ਕੇ ਵੰਡੀਆਂ ਜਾਂਦੀਆਂ ਰਹੀਆਂ। ਦਿਨੋ-ਦਿਨ ਪ੍ਰਚਾਰ ਜ਼ੋਰਾਂ 'ਤੇ ਹੁੰਦਾ ਗਿਆ। ਜੋਸ਼ ਵੱਧਦਾ ਗਿਆ। ਫਰਵਰੀ 1914 ਵਿਚ ਸਟਾਕਟਨ ਦੇ ਆਮ ਜਲਸੇ ਵਿਚ ਆਜ਼ਾਦੀ ਦਾ ਝੰਡਾ ਲਹਿਰਾਇਆ ਗਿਆ ਅਤੇ ਆਜ਼ਾਦੀ ਤੇ ਬਰਾਬਰੀ ਦੇ ਨਾਂ 'ਤੇ ਕਸਮ ਖਾਧੀ ਗਈ। ਇਸ ਜਲਸੇ ਦੇ ਬੁਲਾਰਿਆਂ ਵਿਚ ਕਰਤਾਰ ਸਿੰਘ ਵੀ ਸਨ। ਸਾਰਿਆਂ ਨੇ ਐਲਾਨ ਕੀਤਾ ਕਿ ਉਹ ਆਪਣੇ ਖ਼ੂਨ-ਪਸੀਨੇ ਦੀ ਕਮਾਈ ਇਕ ਕਰਕੇ ਮੁਲਕ ਦੀ ਆਜ਼ਾਦੀ ਦੀ ਜੱਦੋ-ਜਹਿਦ ਲਈ ਲੱਗਾ ਦੇਣਗੇ। ਇਸ ਤਰ੍ਹਾਂ ਦਿਨ ਗੁਜ਼ਰਦੇ ਰਹੇ। ਅਚਾਨਕ ਯੂਰਪ ਵਿਚ ਪਹਿਲੀ ਜੰਗ ਲੱਗਣ ਦੀ ਖ਼ਬਰ ਮਿਲੀ। ਉਹ ਖ਼ੁਸ਼ੀ ਨਾਲ ਫੁਲੇ ਨਹੀਂ ਸਮਾਉਂਦੇ ਸਨ। ਇਕਦਮ ਸਾਰੇ ਗਾਉਣ ਲੱਗ ਪਏ—

*"ਚੱਲੋ ਚਲੀਏ ਦੇਸ਼ ਨੂੰ ਯੁੱਧ ਕਰਨ,*
*ਇਹੋ ਆਖ਼ਰੀ ਵਚਨ ਤੇ ਫ਼ੁਰਮਾਨ ਹੋ ਗਏ।"*

ਕਰਤਾਰ ਸਿੰਘ ਨੇ ਦੇਸ਼ ਵਾਪਸ ਮੁੜਨ ਦਾ ਪ੍ਰਚਾਰ ਜ਼ੋਰ ਨਾਲ ਕੀਤਾ। ਫਿਰ ਆਪ ਵੀ ਜਹਾਜ਼ 'ਤੇ ਸਵਾਰ ਹੋ ਕੇ ਕੋਲੰਬੋ (ਲੰਕਾ) ਪਹੁੰਚ ਗਏ। ਇਨ੍ਹੀਂ ਦਿਨੀਂ ਅਮਰੀਕਾ ਤੋਂ ਪੰਜਾਬ ਆਉਣ ਵਾਲੇ ਆਮ ਤੌਰ 'ਤੇ ਡਿਫੈਂਸ ਆਫ ਇੰਡੀਆ ਕਾਨੂੰਨ (D.I.R.) ਦੀ ਪਕੜ ਵਿਚ ਆ ਜਾਂਦੇ ਸਨ। ਬਹੁਤ ਘੱਟ ਸਹੀ ਸਲਾਮਤ ਪਹੁੰਚ ਸਕਦੇ ਸਨ। ਕਰਤਾਰ ਸਿੰਘ ਸਹੀ ਸਲਾਮਤ ਆ ਪਹੁੰਚਿਆ। ਬੜੇ ਜ਼ੋਰਾਂ ਨਾਲ ਕੰਮ ਸ਼ੁਰੂ ਹੋਇਆ। ਸੰਗਠਨ ਦੀ ਕਮੀ ਸੀ। ਪਰੰਤੂ ਕਿਸੇ ਤਰ੍ਹਾਂ ਉਹ ਵੀ ਪੂਰੀ ਕੀਤੀ ਗਈ। ਦਸੰਬਰ 1914 ਵਿਚ ਮਰੱਹਟੇ ਨੌਜਵਾਨ ਵਿਸ਼ਨੂੰ ਗਨੇਸ਼ ਪਿੰਗਲੇ ਵੀ ਆ ਗਏ। ਇਨ੍ਹਾਂ ਦੀ ਕੋਸ਼ਿਸ਼ ਨਾਲ ਸ੍ਰੀ ਸਾਚਿੰਦਰ ਨਾਥ ਸਾਨਯਾਲ ਤੇ ਰਾਸ ਬਿਹਾਰੀ ਬੋਸ ਪੰਜਾਬ ਆਏ। ਕਰਤਾਰ ਸਿੰਘ ਹਰ ਸਮੇਂ ਹਰ ਥਾਂ ਹੁੰਦੇ। ਅੱਜ ਮੋਗੇ ਵਿਚ ਖ਼ੁਫੀਆ ਮੀਟਿੰਗ ਹੈ, ਆਪ ਉਥੇ ਵੀ ਹਨ। ਕੱਲ੍ਹ ਲਾਹੌਰ ਦੇ ਵਿਦਿਆਰਥੀਆਂ ਵਿਚ ਪ੍ਰਚਾਰ ਹੋ ਰਿਹਾ ਹੈ। ਆਪ ਫਿਰ ਅਗਲੀ ਕਤਾਰ ਵਿਚ ਹਨ। ਅਗਲੇ ਦਿਨ ਫਿਰੋਜ਼ਪੁਰ ਦੀ ਛਾਉਣੀ ਦੇ ਸਿਪਾਹੀਆਂ ਨਾਲ ਗਠਜੋੜ ਹੋ ਰਿਹਾ ਹੈ। ਫਿਰ ਹਥਿਆਰਾਂ ਲਈ ਕਲਕੱਤੇ ਜਾ ਰਹੇ ਹਨ। ਰੁਪਏ ਦੀ ਕਮੀ ਦਾ ਸਵਾਲ ਉੱਠਣ ਤੇ ਆਪ ਨੇ ਡਾਕਾ ਮਾਰਨ ਦੀ ਸਲਾਹ ਦਿੱਤੀ। ਡਾਕੇ ਦਾ ਨਾਂ ਸੁਣਦੇ ਹੀ ਬਹੁਤ ਸਾਰੇ ਲੋਕ ਹੱਕੇ-ਬੱਕੇ ਰਹਿ ਗਏ। ਪਰੰਤੂ ਆਪ ਨੇ ਕਹਿ ਦਿੱਤਾ ਕੋਈ ਡਰ ਨਹੀਂ ਹੈ। ਭਾਈ ਪਰਮਾਨੰਦ ਵੀ ਡਾਕੇ ਨਾਲ ਸਹਿਮਤ ਹਨ। ਇਨ੍ਹਾਂ ਤੋਂ ਤਸਦੀਕ ਕਰਵਾਉਣ ਦੀ ਜ਼ੁੰਮੇਵਾਰੀ ਆਪ 'ਤੇ ਸੁੱਟੀ ਗਈ। ਅਗਲੇ ਦਿਨ ਇਨ੍ਹਾਂ ਨੂੰ ਮਿਲੇ ਬਗ਼ੈਰ ਹੀ ਕਹਿ ਦਿੱਤਾ ਕਿ, "ਪੁੱਛ ਆਇਆ ਹਾਂ ਉਹ ਸਹਿਮਤ ਹਨ।" ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਸਨ ਕਿ ਬਗ਼ਾਵਤ ਦੀ ਤਿਆਰੀ ਵਿਚ ਸਿਰਫ਼ ਰੁਪਏ ਦੀ ਘਾਟ ਕਰਕੇ ਦੇਰ ਹੋਵੇ।

ਇਕ ਦਿਨ ਉਹ ਡਾਕਾ ਮਾਰਨ ਇਕ ਪਿੰਡ ਗਏ, ਕਰਤਾਰ ਸਿੰਘ ਲੀਡਰ ਸਨ। ਡਾਕਾ ਪੈ ਰਿਹਾ ਸੀ। ਘਰ ਵਿਚ ਇਕ ਬੇਹੱਦ ਖ਼ੂਬਸੂਰਤ ਕੁੜੀ ਵੀ ਸੀ। ਉਸ ਨੂੰ ਵੇਖ ਕੇ ਇਕ ਪਾਪੀ



Sri Satguru Jagjit Singh Ji Elibrary NamdhariElibrary@gmail.com

ਆਤਮਾ ਦਾ ਦਿਲ ਡੋਲ ਗਿਆ। ਉਸਨੇ ਲੜਕੀ ਦਾ ਹੱਥ ਜ਼ਬਰਦਸਤੀ ਫੜ ਲਿਆ। ਲੜਕੀ ਘਬਰਾ ਕੇ ਰੌਲਾ ਪਾਉਣ ਲੱਗੀ। ਇਕਦਮ ਕਰਤਾਰ ਸਿੰਘ ਰਿਵਾਲਵਰ ਤਾਣ ਕੇ ਉਸ ਦੇ ਨੇੜੇ ਪਹੁੰਚ ਗਏ ਅਤੇ ਉਸ ਆਦਮੀ ਦੇ ਮੱਥੇ ਉੱਤੇ ਪਿਸਤੌਲ ਰੱਖ ਕੇ ਉਸ ਨੂੰ ਨਿਹੱਥਾ ਕਰ ਦਿੱਤਾ ਅਤੇ ਫਿਰ ਕੜਕ ਕੇ ਬੋਲੇ, "ਪਾਪੀ ! ਤੇਰਾ ਜੁਰਮ ਬਹੁਤ ਸੰਗੀਨ ਹੈ। ਤੈਨੂੰ ਸਜ਼ਾਏ ਮੌਤ ਮਿਲਣੀ ਚਾਹੀਦੀ ਹੈ, ਪਰ ਹਾਲਤਾਂ ਤੋਂ ਮਜਬੂਰ ਤੈਨੂੰ ਮੁਆਫ਼ ਕੀਤਾ ਜਾਂਦਾ ਹੈ। ਛੇਤੀ ਇਸ ਲੜਕੀ ਦੇ ਪੈਰੀਂ ਪੈ ਕੇ ਮੁਆਫ਼ੀ ਮੰਗ ਕਿ, ਐ ਭੈਣ ! ਮੈਨੂੰ ਮੁਆਫ਼ ਕਰ ਦੇਹ ਅਤੇ ਫਿਰ ਇਸ ਦੀ ਮਾਤਾ ਦੇ ਪੈਰ ਫੜ ਕੇ ਆਖ ਕਿ ਮਾਤਾ ਜੀ ਮੈਂ ਇਸ ਗਿਰਾਵਟ ਦੇ ਲਈ ਮਾਫੀ ਮੰਗਦਾ ਹਾਂ। ਜੇ ਤੈਨੂੰ ਉਹ ਮਾਫ ਕਰ ਦੇਣ ਤਾਂ ਜ਼ਿੰਦਾ ਛੱਡਿਆ ਜਾਵੇਗਾ ਵਰਨਾ ਗੋਲੀ ਨਾਲ ਉਡਾ ਦਿੱਤਾ ਜਾਏਗਾ।" ਉਸ ਨੇ ਇਸੇ ਤਰ੍ਹਾਂ ਕੀਤਾ। ਗੱਲ ਅਜੇ ਜ਼ਿਆਦਾ ਨਹੀਂ ਵਧੀ ਸੀ। ਇਹ ਵੇਖ ਕੇ ਮਾਂ-ਧੀ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਕਰਤਾਰ ਸਿੰਘ ਨੂੰ ਪਿਆਰ ਭਰੇ ਲਹਿਜੇ ਵਿਚ ਕਿਹਾ, "ਬੇਟਾ ! ਇਹੋ ਜਿਹੇ ਧਰਮਾਤਮਾ ਅਤੇ ਸੁਸ਼ੀਲ ਨੌਜਵਾਨ ਹੋ ਕੇ ਤੁਸੀਂ ਇਸ ਕੰਮ ਵਿਚ ਕਿਸ ਤਰ੍ਹਾਂ ਸ਼ਾਮਲ ਹੋਏ ? " ਕਰਤਾਰ ਸਿੰਘ ਦਾ ਵੀ ਦਿਲ ਭਰ ਆਇਆ ਤੇ ਕਿਹਾ, "ਮਾਂ ਜੀ ! ਰੁਪਏ ਦੇ ਲੋਭ ਨਾਲ ਇਹ ਕੰਮ ਨਹੀਂ ਕਰਨਾ ਸ਼ੁਰੂ ਕੀਤਾ। ਆਪਣਾ ਸਭ ਕੁਝ ਦਾਅ 'ਤੇ ਲਗਾ ਕੇ ਡਾਕਾ ਮਾਰਨ ਆਏ ਹਾਂ। ਹਥਿਆਰ ਖ਼ਰੀਦਣ ਲਈ ਰੁਪਏ ਦੀ ਜ਼ਰੂਰਤ ਹੈ। ਉਹ ਕਿੱਥੋਂ ਲਿਆਈਏ ? ਮਾਂ ਜੀ ਇਸੇ ਮਹਾਨ ਕੰਮ ਦੇ ਲਈ ਅੱਜ ਇਹ ਕੰਮ ਕਰਨ 'ਤੇ ਮਜਬੂਰ ਹੋ ਗਏ ਹਾਂ।" ਇਸ ਵਕਤ ਤੇ ਇਹ ਬੜਾ ਦਰਦਨਾਕ ਦ੍ਰਿਸ਼ ਸੀ। ਮਾਂ ਨੇ ਫਿਰ ਕਿਹਾ, "ਇਸ ਲੜਕੀ ਦੀ ਸ਼ਾਦੀ ਕਰਨੀ ਹੈ। ਇਸ ਲਈ ਕੁਝ ਦੇ ਜਾਓ ਤਾਂ ਚੰਗਾ ਹੈ।" ਇਸ ਤੋਂ ਬਾਅਦ ਉਨ੍ਹਾਂ ਸਾਰਾ ਧੰਨ ਮਾਂ ਦੇ ਸਾਹਮਣੇ ਰੱਖ ਦਿੱਤਾ, ਤੇ ਕਿਹਾ, "ਜਿੰਨਾ ਚਾਹੋ ਲੈ ਲਓ।" ਕੁਝ ਪੈਸੇ ਲੈ ਕੇ ਬਾਕੀ ਸਾਰਾ ਮਾਈ ਨੇ ਬੜੇ ਚਾਅ ਨਾਲ ਕਰਤਾਰ ਸਿੰਘ ਦੀ ਝੋਲੀ ਪਾ ਦਿੱਤਾ ਅਤੇ ਅਸ਼ੀਰਵਾਦ ਦਿੱਤੀ "ਜਾਓ, ਬੇਟਾ ਤੁਹਾਨੂੰ ਕਾਮਯਾਬੀ ਨਸੀਬ ਹੋਵੇ।" ਡਕੈਤੀ ਜਿਹੇ ਭਿਆਨਕ ਕੰਮ ਵਿਚ ਵੀ ਸ਼ਾਮਲ ਹੋ ਕੇ ਕਰਤਾਰ ਸਿੰਘ ਦਾ ਦਿਲ ਕਿੰਨਾ ਜਜ਼ਬਾਤੀ, ਕਿੰਨਾ ਪਵਿੱਤਰ ਤੇ ਕਿੰਨਾ ਵੱਡਾ ਸੀ। ਇਹ ਇਸ ਘਟਨਾ ਤੋਂ ਪਤਾ ਲੱਗਦਾ ਹੈ।

ਫਰਵਰੀ 1915 ਵਿਚ ਬਗ਼ਾਵਤ ਦੀ ਤਿਆਰੀ ਸੀ। ਪਹਿਲੇ ਹਫ਼ਤੇ ਆਪ, ਪਿੰਗਲੇ ਅਤੇ ਦੂਜੇ ਦੋ-ਤਿੰਨ ਸਾਥੀਆਂ ਨਾਲ ਆਗਰਾ, ਕਾਨ੍ਹਪੁਰ, ਅਲਾਹਾਬਾਦ, ਲਖਨਊ, ਮੇਰਠ ਅਤੇ ਕਈ ਹੋਰ ਥਾਂ ਗਏ ਅਤੇ ਬਗ਼ਾਵਤ ਲਈ ਉਨ੍ਹਾਂ ਨਾਲ ਮੇਲ-ਮਿਲਾਪ ਕਰ ਆਏ। ਅਖ਼ੀਰ ਉਹ ਦਿਨ ਨੇੜੇ ਆਉਣ ਲੱਗਾ, ਜਿਸ ਦਾ ਬੜੇ ਚਿਰ ਤੋਂ ਇੰਤਜ਼ਾਰ ਹੋ ਰਿਹਾ ਸੀ। 21 ਫਰਵਰੀ, 1915 ਨੂੰ ਭਾਰਤ ਵਿਚ ਬਗ਼ਾਵਤ ਦਾ ਦਿਨ ਮੁਕੱਰਰ ਹੋਇਆ ਸੀ। ਇਸ ਦੇ ਮੁਤਾਬਕ ਤਿਆਰੀ ਹੋ ਰਹੀ ਸੀ ਪ੍ਰੰਤੂ ਬਿਲਕੁਲ ਇਸ ਵੇਲੇ ਹੀ ਉਨ੍ਹਾਂ ਦੀਆਂ ਉਮੀਦਾਂ ਦੇ ਰੁੱਖ ਦੀ ਜੜ੍ਹ 'ਤੇ ਬੈਠਾ ਇਕ ਚੂਹਾ ਇਸ ਨੂੰ ਕੱਟ ਰਿਹਾ ਸੀ। ਚਾਰ-ਪੰਜ ਦਿਨ ਪਹਿਲਾਂ ਸ਼ੱਕ ਪੈ ਗਿਆ ਕਿ ਕਿਰਪਾਲ ਸਿੰਘ ਦੀ ਗ਼ਦਾਰੀ ਨਾਲ ਸਭ ਕੁਝ ਢਹਿ-ਢੇਰੀ ਹੋ ਜਾਏਗਾ। ਇਸ ਡਰ ਨਾਲ ਹੀ ਕਰਤਾਰ ਸਿੰਘ ਨੇ ਰਾਸ ਬਿਹਾਰੀ ਬੋਸ ਨੂੰ ਬਗ਼ਾਵਤ ਦੀ ਤਰੀਕ 21 ਫਰਵਰੀ ਦੀ ਬਜਾਏ 19 ਫਰਵਰੀ ਕਰਨ ਲਈ ਕਿਹਾ। ਇਸ ਤਰ੍ਹਾਂ ਹੋ ਜਾਣ ਦੇ ਵੀ ਕਿਰਪਾਲ ਸਿੰਘ ਨੂੰ ਸੂਹ ਪਹੁੰਚ ਗਈ। ਇਸ ਇਨਕਲਾਬੀ ਗਰੋਹ ਵਿਚ ਇਕੋ ਗ਼ਦਾਰ ਦੀ ਹੋਂਦ ਕਿੰਨੀ ਖ਼ਤਰਨਾਕ ਨਤੀਜੇ ਦਾ ਕਾਰਨ ਬਣੀ। ਰਾਸ ਬਿਹਾਰੀ ਤੇ ਕਰਤਾਰ ਸਿੰਘ ਵੀ ਕੋਈ ਮੁਨਾਸਬ ਇੰਤਜ਼ਾਮ ਨਾ ਹੋਣ ਕਰਕੇ ਆਪਣਾ ਭੇਦ ਨਾ ਛੁਪਾ ਸਕੇ। ਇਸ ਦਾ ਕਾਰਨ ਭਾਰਤ ਦੀ ਬਦਕਿਸਮਤੀ ਦੇ ਸਿਵਾਏ ਹੋਰ ਕੀ ਹੋ ਸਕਦਾ ਸੀ ?



Sri Satguru Jagjit Singh Ji Elibrary NamdhariElibrary@gmail.com

ਕਰਤਾਰ ਸਿੰਘ ਪੰਜਾਹ-ਸੱਠ ਸਾਥੀਆਂ ਨਾਲ ਪਿਛਲੇ ਫ਼ੈਸਲੇ ਅਨੁਸਾਰ 19 ਫਰਵਰੀ ਨੂੰ ਫਿਰੋਜ਼ਪੁਰ ਜਾ ਪਹੁੰਚੇ। ਆਪਣੇ ਸਾਥੀ ਫ਼ੌਜੀ ਹੌਲਦਾਰ ਨੂੰ ਮਿਲੇ ਤੇ ਬਗ਼ਾਵਤ ਦੀ ਗੱਲ ਕੀਤੀ ਪ੍ਰੰਤੂ ਕਿਰਪਾਲ ਸਿੰਘ ਨੇ ਤਾਂ ਸਾਰਾ ਮਾਮਲਾ ਪਹਿਲਾਂ ਹੀ ਤਿੱਤਰ-ਖਿੱਤਰ ਕਰ ਦਿੱਤਾ ਸੀ। ਹਿੰਦੁਸਤਾਨੀ ਸਿਪਾਹੀ ਨਿਹੱਥੇ ਕਰ ਦਿੱਤੇ ਗਏ। ਧੜਾਧੜ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਹੌਲਦਾਰ ਨੇ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ। ਕਰਤਾਰ ਸਿੰਘ ਦੀ ਕੋਸ਼ਿਸ਼ ਅਸਫ਼ਲ ਰਹੀ। ਨਿਰਾਸ਼ ਹੋ ਕੇ ਵਾਪਸ ਲਾਹੌਰ ਆ ਗਏ। ਪੰਜਾਬ ਭਰ ਵਿਚ ਗ੍ਰਿਫ਼ਤਾਰੀਆਂ ਦਾ ਚੱਕਰ ਤੇਜ਼ੀ ਨਾਲ ਚੱਲਣ ਲੱਗਾ। ਹੁਣ ਸਾਥੀ ਵੀ ਟੁੱਟਣ ਲੱਗੇ। ਇਹੋ ਜਿਹੀ ਹਾਲਤ ਵਿਚ ਰਾਸ ਬਿਹਾਰੀ ਬੋਸ ਮਾਯੂਸੀ ਦੀ ਹਾਲਤ ਵਿਚ ਲਾਹੌਰ ਦੇ ਇਕ ਮਕਾਨ ਵਿਚ ਲੇਟੇ ਹੋਏ ਸਨ। ਕਰਤਾਰ ਸਿੰਘ ਵੀ ਉੱਥੇ ਆ ਕੇ ਇਕ ਚਾਰਪਾਈ 'ਤੇ ਦੂਸਰੇ ਪਾਸੇ ਮੂੰਹ ਕਰਕੇ ਲੇਟ ਗਿਆ। ਆਪਸ ਵਿਚ ਕੋਈ ਗੱਲ ਨਾ ਕੀਤੀ ਪ੍ਰੰਤੂ ਚੁੱਪਚਾਪ ਹੀ ਇਕ-ਦੂਜੇ ਦੇ ਦਿਲ ਦੀ ਹਾਲਤ ਤਾੜ ਗਏ। ਇਨ੍ਹਾਂ ਦੀ ਹਾਲਤ ਦਾ ਅੰਦਾਜ਼ਾ ਅਸੀਂ ਕੀ ਲਗਾ ਸਕਦੇ ਹਾਂ—

*ਦਰੇ ਤਬਦੀਰ ਪਰ ਸਿਰ ਫੋੜਨਾ ਸ਼ੇਵਾਹ ਰਿਹਾ ਅਪਨਾ।*
*ਵਸੀਲੇ ਹਾਥ ਹੀ ਨਾ ਆਏ ਕਿਸਮਤ ਅਜ਼ਮਾਈ ਕੇ।*

(ਸਾਡਾ ਕੰਮ ਕਿਸਮਤ ਦੇ ਦਰਵਾਜ਼ਿਆਂ 'ਤੇ ਮੱਥਾ ਮਾਰਨਾ ਹੀ ਰਿਹਾ। ਪਰ ਕਿਸਮਤ ਅਜ਼ਮਾਈ ਲਈ ਵਸੀਲੇ ਹੱਥ ਹੀ ਨਾ ਲੱਗੇ।)

ਉਨ੍ਹਾਂ ਦੀ ਤਾਂ ਖ਼ਾਹਸ਼ ਇਹੀ ਸੀ ਕਿ ਕਿਤੇ ਲੜਾਈ ਹੋਵੇ ਅਤੇ ਉਹ ਆਪਣੇ ਦੇਸ਼ ਲਈ ਲੜਦੇ-ਲੜਦੇ ਜਾਨਾਂ ਦੇਣ। ਫਿਰ ਸਰਗੋਧਾ ਦੇ ਨੇੜੇ ਚੱਕ ਨੰਬਰ ਪੰਜ ਵਿਚ ਆ ਗਏ। ਫਿਰ ਬਗ਼ਾਵਤ ਦਾ ਚਰਚਾ ਛੇੜ ਦਿੱਤਾ। ਉਥੇ ਹੀ ਫੜੇ ਗਏ। ਜ਼ੰਜੀਰਾਂ ਵਿਚ ਜਕੜੇ ਗਏ। ਨਿਡਰ ਬਾਗ਼ੀ ਕਰਤਾਰ ਸਿੰਘ ਨੂੰ ਲਾਹੌਰ ਸਟੇਸ਼ਨ 'ਤੋਂ ਲਿਆਂਦਾ ਗਿਆ। ਪੁਲਿਸ ਕਪਤਾਨ ਨੂੰ ਕਿਹਾ, "ਮਿਸਟਰ ਟਾਮਕਿਨ ਕੁਝ ਖਾਣ ਨੂੰ ਲਿਆ ਦੇ।" ਉਹ ਕਿਤਨਾ ਮਸਤਾਨਾ ਮਨ ਸੀ, ਇਸ ਦਿਲਖਿੱਚਵੀਂ ਸ਼ਖ਼ਸੀਅਤ ਨੂੰ ਦੇਖ ਕੇ ਦੋਸਤ ਅਤੇ ਦੁਸ਼ਮਣ ਸਭ ਖ਼ੁਸ਼ ਹੋ ਜਾਂਦੇ ਸਨ। ਗ੍ਰਿਫ਼ਤਾਰੀ ਦੇ ਸਮੇਂ ਉਹ ਬਹੁਤ ਖ਼ੁਸ਼ ਸੀ। ਆਮ ਤੌਰ 'ਤੇ ਕਿਹਾ ਕਰਦੇ ਸਨ, "ਬਹਾਦਰੀ ਤੇ ਹਿੰਮਤ ਨਾਲ ਮਰ ਜਾਣ 'ਤੇ ਮੈਨੂੰ ਬਾਗ਼ੀ ਦਾ ਖ਼ਿਤਾਬ ਦੇਣਾ। ਕੋਈ ਯਾਦ ਕਰੇ ਤਾਂ ਬਾਗ਼ੀ ਕਰਤਾਰ ਸਿੰਘ ਕਹਿ ਕੇ ਯਾਦ ਕਰੇ।" ਮੁਕੱਦਮਾ ਚੱਲਿਆ। ਇਸ ਵੇਲੇ ਕਰਤਾਰ ਸਿੰਘ ਦੀ ਉਮਰ ਸਿਰਫ ਸਾਢੇ ਅਠਾਰਾਂ ਸਾਲ ਦੀ ਸੀ। ਸਾਰਿਆਂ ਤੋਂ ਘੱਟ ਉਮਰ ਦੇ ਅਪਰਾਧੀ ਆਪ ਹੀ ਸਨ ਪ੍ਰੰਤੂ ਜੱਜ ਨੇ ਆਪ ਦੇ ਬਾਰੇ ਇਹ ਲਿਖਿਆ—

"ਉਹ ਇਨ੍ਹਾਂ ਅਪਰਾਧੀਆਂ ਵਿਚੋਂ ਸਭ ਤੋਂ ਖ਼ਤਰਨਾਕ ਅਪਰਾਧੀਆਂ ਵਿਚੋਂ ਇਕ ਹੈ। ਅਮਰੀਕਾ ਦੇ ਸਫਰ ਦੇ ਦੌਰਾਨ ਤੇ ਫਿਰ ਭਾਰਤ ਵਿਚ ਇਸ ਸਾਜ਼ਿਸ਼ ਦਾ ਕੋਈ ਹਿੱਸਾ ਨਹੀਂ, ਜਿਸ ਵਿਚ ਇਸ ਨੇ ਇਕ ਉੱਘਾ ਹਿੱਸਾ ਨਾ ਪਾਇਆ ਹੋਵੇ।"

ਇਕ ਦਿਨ ਆਪ ਦੇ ਬਿਆਨ ਦੇਣ ਦੀ ਵਾਰੀ ਆਈ। ਆਪ ਨੇ ਸਭ ਕੁਝ ਮੰਨ ਲਿਆ। ਆਪ ਇਨਕਲਾਬੀ ਬਿਆਨ ਦਿੰਦੇ ਰਹੇ। ਜੱਜ ਦੰਦਾਂ ਹੇਠ ਕਲਮ ਦਬਾਈ ਦੇਖਦਾ ਰਿਹਾ, ਇਕ ਲਫ਼ਜ਼ ਤਕ ਨਾ ਲਿਖਿਆ। ਬਾਅਦ ਵਿਚ ਇੰਨਾ ਕਿਹਾ, "ਕਰਤਾਰ ਸਿੰਘ, ਅਜੇ ਤੁਹਾਡਾ ਬਿਆਨ ਨਹੀਂ ਲਿਖਿਆ ਗਿਆ। ਤੁਸੀਂ ਸੋਚ-ਸਮਝ ਕੇ ਬਿਆਨ ਦਿਓ। ਤੁਸੀਂ ਜਾਣਦੇ ਹੋ ਕਿ ਤੁਹਾਡੇ ਬਿਆਨ ਦਾ ਨਤੀਜਾ ਕੀ ਨਿਕਲ ਸਕਦਾ ਹੈ।" ਵੇਖਣ ਵਾਲੇ ਦੱਸਦੇ ਹਨ ਕਿ ਜੱਜ ਦੇ ਇਨ੍ਹਾਂ ਲਫ਼ਜ਼ਾਂ 'ਤੇ ਕਰਤਾਰ ਸਿੰਘ ਨੇ ਬਹੁਤ ਮਸਤਾਨੀ ਅਦਾ ਨਾਲ ਕੇਵਲ ਇੰਨਾ ਹੀ ਕਿਹਾ, "ਫਾਂਸੀ ਹੀ ਲਾ ਦਿਓਗੇ, ਹੋਰ ਕੀ ? ਅਸੀਂ ਇਸ ਤੋਂ ਨਹੀਂ ਡਰਦੇ।" ਇਸ ਦਿਨ ਅਦਾਲਤ ਦਾ



Sri Satguru Jagjit Singh Ji Elibrary NamdhariElibrary@gmail.com

ਜਲਸਾ ਖ਼ਤਮ ਹੋ ਗਿਆ। ਦੂਸਰੇ ਦਿਨ ਫਿਰ ਕਰਤਾਰ ਸਿੰਘ ਦਾ ਅਦਾਲਤ ਵਿਚ ਬਿਆਨ ਸ਼ੁਰੂ ਹੋਇਆ। ਪਹਿਲੇ ਦਿਨ ਜੱਜ ਦਾ ਕੁਝ ਇਹੋ ਜਿਹਾ ਖ਼ਿਆਲ ਸੀ ਕਿ ਕਰਤਾਰ ਸਿੰਘ ਭਾਈ ਪਰਮਾਨੰਦ ਦੇ ਇਸ਼ਾਰੇ 'ਤੇ ਉਹ ਬਿਆਨ ਦੇ ਰਹੇ ਸਨ। ਪ੍ਰੰਤੂ ਉਹ ਬਾਗ਼ੀ ਕਰਤਾਰ ਸਿੰਘ ਦੇ ਦਿਲ ਦੀਆਂ ਗਹਿਰਾਈਆਂ ਵਿਚ ਨਹੀਂ ਉੱਤਰ ਸਕਦੇ ਸਨ। ਕਰਤਾਰ ਸਿੰਘ ਦਾ ਬਿਆਨ ਜ਼ਿਆਦਾ ਜ਼ੋਰਦਾਰ, ਜ਼ਿਆਦਾ ਜੋਸ਼ੀਲਾ ਅਤੇ ਪਹਿਲੇ ਦਿਨ ਦੀ ਤਰ੍ਹਾਂ ਇਨਕਲਾਬੀ ਸੀ। ਅਖ਼ੀਰ ਵਿਚ ਆਪ ਨੇ ਕਿਹਾ, "ਜੁਰਮ ਦੇ ਲਈ ਮੈਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਜਾਂ ਫਾਂਸੀ। ਪ੍ਰੰਤੂ ਮੈਂ ਫਾਂਸੀ ਨੂੰ ਪਹਿਲ ਦੇਵਾਂਗਾ ਤਾਂ ਕਿ ਫਿਰ ਜਨਮ ਲੈ ਕੇ ਜਦ ਤਕ ਹਿੰਦੁਸਤਾਨ ਆਜ਼ਾਦ ਨਹੀਂ ਹੋਵੇਗਾ, ਤਦ ਤਕ ਮੈਂ ਵਾਰ-ਵਾਰ ਜਨਮ ਲੈ ਕੇ ਫਾਂਸੀ 'ਤੇ ਲਟਕਦਾ ਰਹਾਂਗਾ। ਇਹ ਮੇਰੀ ਆਖ਼ਰੀ ਖ਼ਾਹਿਸ਼ ਹੈ।

ਆਪ ਦੀ ਬਹਾਦਰੀ ਨੇ ਜੱਜਾਂ ਨੂੰ ਬਹੁਤ ਪ੍ਰਭਾਵਤ ਕੀਤਾ। ਪ੍ਰੰਤੂ ਉਨ੍ਹਾਂ ਨੇ ਖੁੱਲ੍ਹੇ ਦਿਲ ਦੁਸ਼ਮਣ ਦੀ ਤਰ੍ਹਾਂ ਆਪਦੀ ਬਹਾਦਰੀ ਨੂੰ ਬਹਾਦਰੀ ਨਾ ਕਹਿ ਕੇ ਢੀਠਪੁਣੇ ਦੇ ਸ਼ਬਦਾਂ ਨਾਲ ਯਾਦ ਕੀਤਾ। ਕਰਤਾਰ ਸਿੰਘ ਨੂੰ ਸਿਰਫ਼ ਗਾਲ੍ਹਾਂ ਹੀ ਨਹੀਂ, ਮੌਤ ਦੀ ਸਜ਼ਾ ਵੀ ਮਿਲੀ। ਆਪ ਨੇ ਮੁਸਕਰਾਉਂਦੇ ਹੋਏ ਜੱਜ ਦਾ ਸ਼ੁਕਰੀਆ ਅਦਾ ਕੀਤਾ। ਕਰਤਾਰ ਸਿੰਘ ਫਾਂਸੀ ਦੀ ਕੋਠੜੀ ਵਿਚ ਬੰਦ ਸਨ। ਆਪ ਦੇ ਦਾਦਾ ਨੇ ਆ ਕੇ ਕਿਹਾ, "ਕਰਤਾਰ ਸਿੰਘ, ਜਿਨ੍ਹਾਂ ਲਈ ਮਰ ਰਿਹਾ ਹੈਂ? ਜਿਹੜੇ ਤੈਨੂੰ ਗਾਲੀਆਂ ਦਿੰਦੇ ਹਨ। ਤੇਰੇ ਮਰਨ ਨਾਲ ਦੇਸ਼ ਨੂੰ ਕੁਝ ਫਾਇਦਾ ਹੋਵੇਗਾ, ਇਹ ਵੀ ਨਜ਼ਰ ਨਹੀਂ ਆਉਂਦਾ।" ਕਰਤਾਰ ਸਿੰਘ ਨੇ ਬਹੁਤ ਹੌਲੀ ਜਿਹੀ ਪੁੱਛਿਆ—

"ਦਾਦਾ ਜੀ, ਫਲਾਣਾ ਰਿਸ਼ਤੇਦਾਰ ਕਿੱਥੇ ਹੈ?"

"ਪਲੇਗ ਨਾਲ ਮਰ ਗਿਆ।"

"ਫਲਾਣਾ ਕਿੱਥੇ ਹੈ?"

"ਹੈਜ਼ੇ ਨਾਲ ਮਰ ਗਿਆ ਹੈ।"

"ਤਾਂ ਕੀ ਤੁਸੀਂ ਚਾਹੁੰਦੇ ਹੋ ਕਿ ਕਰਤਾਰ ਸਿੰਘ ਬਿਸਤਰੇ 'ਤੇ ਮਹੀਨਿਆਂ ਬੱਧੀ ਪਿਆ ਰਹੇ ਤੇ ਦਰਦ ਨਾਲ ਦੁਖੀ ਕਿਸੇ ਰੋਗ ਨਾਲ ਮਰੇ? ਕੀ ਉਸ ਮੌਤ ਨਾਲੋਂ ਇਹ ਮੌਤ ਹਜ਼ਾਰ ਦਰਜੇ ਚੰਗੀ ਨਹੀਂ?" ਦਾਦਾ ਚੁੱਪ ਹੋ ਗਏ।

ਅੱਜ ਫਿਰ ਸਵਾਲ ਉੱਠਦਾ ਹੈ ਕਿ ਉਨ੍ਹਾਂ ਦੇ ਮਰਨ ਨਾਲ ਕੀ ਫ਼ਾਇਦਾ ਹੋਇਆ? ਉਹ ਕਿਸ ਲਈ ਮਰੇ? ਇਸ ਦਾ ਜ਼ਵਾਬ ਬਿਲਕੁਲ ਸਾਫ਼ ਹੈ। ਦੇਸ਼ ਦੇ ਲਈ ਮਰੇ। ਉਨ੍ਹਾਂ ਦਾ ਆਦਰਸ਼ ਹੀ ਦੇਸ਼ ਸੇਵਾ ਵਿਚ ਲੜਦੇ ਮਰਨਾ ਸੀ। ਉਹ ਇਸ ਤੋਂ ਜ਼ਿਆਦਾ ਕੁਝ ਨਹੀਂ ਚਾਹੁੰਦੇ ਸਨ। ਮਰਨਾ ਵੀ ਗੁੰਮਨਾਮ ਰਹਿ ਕੇ ਚਾਹੁੰਦੇ ਸਨ।

*ਚਮਨ ਜਾਰੇ ਮੁਹੱਬਤ ਮੇਂ, ਉਸੀ ਨੇ ਕੀ ਬਾਗਬਾਨੀ।*
*ਜਿਸਨੇ ਮਿਹਨਤ ਕੋ ਹੀ ਮਿਹਨਤ ਕਾ ਸਮਰ ਜਾਨਾ।*
*ਨਹੀਂ ਹੋਤਾ ਮੁਹਤਾਜੇ ਨੁਮਾਇਸ਼ ਫੈਜ਼ ਸ਼ਬਨਮ ਕਾ,*
*ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।*

(ਮੁਹੱਬਤ ਦੀ ਫੁਲਵਾੜੀ ਵਿਚ ਉਸ ਮਾਲੀ ਦੀ ਥਾਂ ਹੈ, ਕਿ ਜਿਹੜਾ ਆਪਣੀ ਮਿਹਨਤ ਨੂੰ ਹੀ ਆਪਣਾ ਫਲ ਸਮਝਦਾ ਹੈ। ਤ੍ਰੇਲ ਦੀ ਦਰਿਆਦਿਲੀ ਵਿਖਾਵੇ ਲਈ ਨਹੀਂ ਹੈ, ਉਹ ਤਾਂ ਹਨੇਰੀ ਰਾਤ ਵਿਚ ਚੁੱਪ-ਚਾਪ ਬਾਗ਼ ਵਿਚ ਮੋਤੀ ਕੇਰ ਜਾਂਦੀ ਹੈ।)

ਡੇਢ ਸਾਲ ਤਕ ਮੁਕੱਦਮਾ ਚੱਲਿਆ। 16 ਨਵੰਬਰ, 1915 ਦਾ ਦਿਨ ਸੀ, ਜਦ ਉਨ੍ਹਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਸ ਦਿਨ ਵੀ ਹਮੇਸ਼ਾ ਦੀ ਤਰ੍ਹਾਂ ਖ਼ੁਸ਼ ਸਨ। ਇਨ੍ਹਾਂ ਦਾ



Sri Satguru Jagjit Singh Ji Elibrary NamdhariElibrary@gmail.com

ਭਾਰ ਦਸ ਪੌਂਡ ਵਧ ਗਿਆ ਸੀ। ਭਾਰਤ ਮਾਤਾ ਦੀ ਜੈ ਕਹਿੰਦੇ ਹੋਏ ਉਹ ਫ਼ਾਂਸੀ ਦੇ ਤਖ਼ਤੇ 'ਤੇ ਝੂਲ ਪਏ।

* * *

## 20. 'ਪੰਜਾਬ ਵਿਚ ਮਹਾਨ ਇਨਕਲਾਬ ਦੀ ਪਹਿਲੀ ਜਥੇਬੰਦੀ' ਕੂਕਾ ਲਹਿਰ

[ਦਿੱਲੀ ਤੋਂ ਛਪਣ ਵਾਲੇ ਹਿੰਦੀ ਦੇ ਰਸਾਲੇ 'ਮਹਾਰਥੀ' ਵਿਚ ਫਰਵਰੀ, 1928 ਵਿਚ ਭਗਤ ਸਿੰਘ ਨੇ ਬੀ.ਐੱਸ. ਸੰਧੂ ਦੇ ਕਲਮੀ ਨਾਂ ਹੇਠ ਕੂਕਾ ਲਹਿਰ 'ਤੇ ਲੇਖ ਲਿਖਿਆ। ਇਹ ਲੇਖ ਪੇਸ਼ ਹੈ : —ਸੰਪਾਦਕ]

ਸਿੱਖਾਂ ਵਿਚ ਇਕ ਉਪ-ਫ਼ਿਰਕਾ ਹੈ, ਜੋ ਨਾਮਧਾਰੀ ਜਾਂ ਕੂਕਾ ਅਖਵਾਉਂਦਾ ਹੈ। ਇਹਦਾ ਇਤਿਹਾਸ ਕੋਈ ਬਹੁਤ ਪੁਰਾਣਾ ਨਹੀਂ। ਪਿਛਲੀ ਸਦੀ ਦੇ ਅੱਧ ਤੋਂ ਬਾਅਦ ਇਹਦਾ ਆਰੰਭ ਹੋਇਆ ਸੀ।

ਅੱਜ ਇਹ ਇਕ ਸੰਕੁਚਿਤ ਫਿਰਕਾ ਦਿਸਦਾ ਹੈ, ਪਰ ਇਹਦੇ ਬਾਨੀ ਸ੍ਰੀ ਗੁਰੂ ਰਾਮ ਸਿੰਘ ਇਕ ਕੱਟੜ ਇਨਕਲਾਬੀ ਸਨ। ਇਕ ਮਸ਼ਹੂਰ ਰੱਬ-ਭਗਤ, ਸਮਾਜ ਦੇ ਦੋਸ਼ ਤਕ ਦੇ ਇਕ ਵਿਦਰੋਹੀ ਸਮਾਜ ਸੁਧਾਰਕ ਬਣ ਗਿਆ ਅਤੇ ਇਕ ਸੱਚੇ ਸਮਾਜ ਸੁਧਾਰਕ ਵਾਂਗ ਜਦੋਂ ਉਹ ਕਰਮ-ਖੇਤਰ ਵਿਚ ਅਗਾਂਹ ਨਿਤਰੇ ਤਾਂ ਉਨ੍ਹਾਂ ਵੇਖਿਆ ਕਿ ਦੇਸ਼ ਦੀ ਉੱਨਤੀ ਲਈ ਗ਼ੁਲਾਮੀ ਦੀਆਂ ਬੇੜੀਆਂ ਨੂੰ ਕੱਟਣਾ ਸਭ ਤੋਂ ਜ਼ਰੂਰੀ ਹੈ। ਵਿਦੇਸ਼ੀ ਰਾਜ ਵਿਰੁੱਧ ਇਨਕਲਾਬ ਦੀ ਤਿਆਰੀ ਵਸੀਹ-ਪੈਮਾਨੇ 'ਤੇ ਕੀਤੀ। ਉਸ ਦੀ ਤਿਆਰੀ ਦੇ ਦੌਰਾਨ ਹੀ ਜੋ ਕੁਝ ਝਗੜਾ ਫ਼ਸਾਦ ਹੋ ਗਿਆ, ਉਸ ਤੋਂ ਹਾਕਮਾਂ ਨੂੰ ਸਾਰੀ ਲਹਿਰ ਨੂੰ ਕੁਚਲਣ ਦਾ ਚੰਗਾ ਮੌਕਾ ਮਿਲ ਗਿਆ ਅਤੇ ਸਭ ਯਤਨਾਂ ਦਾ ਨਿਸਫ਼ਲਤਾ ਤੋਂ ਬਿਨਾਂ ਹੋਰ ਕੋਈ ਸਿੱਟਾ ਨਾ ਨਿਕਲ ਸਕਿਆ।

ਕੂਕਾ ਲਹਿਰ ਦਾ ਇਤਿਹਾਸ ਹਾਲ ਤਕ ਲੋਕਾਂ ਸਾਹਵੇਂ ਨਹੀਂ ਆਇਆ। ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁੱਲੜ ਅਤੇ ਮੂਰਖ ਕਹਿ ਕੇ ਆਪਣੇ ਫਰਜ਼ ਤੋਂ ਲਾਂਭੇ ਹੋ ਜਾਂਦੇ ਹਾਂ। ਸਵਾਰਥ, ਜਾਂ ਲੋਭ ਲਈ ਉਨ੍ਹਾਂ ਆਪਣੀਆਂ ਜਾਨਾਂ ਦਿੱਤੀਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਵਿਖਾ ਸਕਦੇ ਸਾਂ। ਪਰ ਉਨ੍ਹਾਂ ਦੀ 'ਮੂਰਖਤਾ' ਵਿਚ ਵੀ ਦੇਸ਼ ਪ੍ਰੇਮ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪ ਦੇ ਦਹਾਨੇ ਨਾਲ ਬੰਨ੍ਹੇ ਹੋਣ ਸਮੇਂ ਵੀ ਹੱਸ ਦਿੰਦੇ ਸਨ ਤੇ ਆਨੰਦ ਨਾਲ 'ਸਤਿ ਸ੍ਰੀ ਅਕਾਲ' ਦੇ ਆਕਾਸ਼ ਗੁੰਜਾਊ ਜੈਕਾਰਿਆਂ ਨਾਲ ਆਕਾਸ਼-ਪਾਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ 'ਤੇ ਦੁੱਖ, ਫ਼ਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ ਸੀ। ਕੀ ਉਹ ਭੁੱਲ ਜਾਣ ਵਾਲੇ ਹਨ? ਉਨ੍ਹਾਂ ਦਾ ਅਪਰਾਧ ਸ਼ਾਇਦ ਅਸਫਲਤਾ ਤੋਂ ਬਿਨਾਂ ਕੁਝ ਵੀ ਨਹੀਂ ਸੀ, ਪਰ ਸਕਾਟਲੈਂਡ ਦੇ ਬਹਾਦਰ ਵਿਲੀਅਮ ਵਾਲਿਸ ਵੀ ਤਾਂ ਅਸਫ਼ਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅੱਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਅਸਫ਼ਲ ਦੇਸ਼ ਭਗਤ ਹੀ ਇਸ ਤਰ੍ਹਾਂ ਕਿਉਂ ਭੁਲਾ ਕੇ ਘੁੱਪ ਹਨ੍ਹੇਰੇ ਵਿਚ ਸੁੱਟ ਦਿੱਤੇ ਜਾਣ?

ਅਸੀਂ ਸਮਝਦੇ ਹਾਂ ਕਿ ਸਾਡੇ ਲਈ ਦੇਸ਼ ਵਾਸਤੇ ਨਿਸ਼ਕਾਮ ਭਾਵ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬੜੀ ਵੱਡੀ ਅਹਿਸਾਨ-ਫਰਾਮੋਸ਼ੀ ਹੋਵੇਗੀ। ਅਸੀਂ ਉਨ੍ਹਾਂ ਦੀ ਯਾਦ ਵਿਚ ਕੋਈ ਵੱਡਾ ਥੰਮ੍ਹਾ ਨਹੀਂ ਖੜ੍ਹਾ ਕਰ ਸਕਦੇ, ਤਾਂ ਕੀ ਆਪਣੇ ਦਿਲ ਵਿਚ ਥੋੜ੍ਹੀ ਜਿਹੀ ਥਾਂ ਦੇਣੋਂ ਵੀ ਝਿਜਕੀਏ? ਇਸੇ ਵਿਚਾਰ ਤੋਂ ਪ੍ਰੇਰਿਤ ਹੋ ਕੇ ਅੱਜ ਉਨ੍ਹਾਂ 'ਮੂਰਖ' ਅਤੇ 'ਉਤਾਵਲੇ' ਆਸਵੰਦਾਂ ਦਾ ਸੰਖੇਪ ਇਤਿਹਾਸ ਲਿਖਣ ਦੀ ਇਹ ਕੋਸ਼ਿਸ਼ ਹੈ। ਇਸ ਨਾਲ ਜੇ ਲੋਕਾਂ ਨੂੰ ਉਨ੍ਹਾਂ ਦੇ ਸਬੰਧ ਵਿਚ ਠੀਕ-ਠੀਕ ਗੱਲਾਂ ਦਾ ਗਿਆਨ ਹੋ ਜਾਏ ਅਤੇ ਵਧੇਰੇ ਜਾਨਣ ਦੀ ਇੱਛਾ ਪੈਦਾ ਹੋ ਜਾਏ ਤਾਂ ਇਹ ਕੋਸ਼ਿਸ਼ਾਂ ਕਾਮਯਾਬ ਸਮਝਾਂਗਾ।



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੇ ਇਸ ਛੋਟੇ ਜਿਹੇ ਇਤਿਹਾਸ ਨੂੰ ਅਸੀਂ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ:

1. ਗੁਰੂ ਜੀ ਦਾ ਸ਼ਖ਼ਸੀ ਚਰਿੱਤਰ।
2. ਕੂਕਾ ਬਗ਼ਾਵਤ
3. ਬਗ਼ਾਵਤ ਦੇ ਬਾਅਦ

ਗੁਰੂ ਰਾਮ ਸਿੰਘ ਜੀ ਦਾ ਜਨਮ ਸੰਨ 1824 ਈ. ਵਿਚ ਭੈਣੀ ਨਾਂ ਦੇ ਪਿੰਡ ਜ਼ਿਲਾ ਲੁਧਿਆਣਾ (ਪੰਜਾਬ) ਵਿਚ ਇਕ ਤਰਖਾਣ ਦੇ ਘਰ ਹੋਇਆ ਸੀ। ਕਹਿੰਦੇ ਨੇ ਗੁਰੂ ਗੋਬਿੰਦ ਸਿੰਘ ਜੀ ਨੇ ਕਦੇ ਕਿਹਾ ਸੀ "ਮੈਂ ਬਾਹਰਵੇਂ ਵੇਸ ਵਿਚ ਰਾਮ ਸਿੰਘ ਨਾਂ ਨਾਲ ਮਸ਼ਹੂਰ ਅਤੇ ਪ੍ਰਗਟ ਹੋਵਾਂਗਾ।" ਇਸ ਲਈ ਉਨ੍ਹਾਂ ਦੇ ਚੇਲੇ ਉਨ੍ਹਾਂ ਨੂੰ ਦਸ ਗੁਰੂਆਂ ਦਾ ਅਵਤਾਰ ਮੰਨਦੇ ਹਨ। ਪਰ ਬਾਕੀ ਸਿੱਖ ਪੰਥ ਦਾ ਯਕੀਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦੇ ਸਭ ਅਧਿਕਾਰ ਗੁਰੂ ਗਰੰਥ ਸਾਹਿਬ ਨੂੰ ਦੇ ਦਿੱਤੇ ਸਨ ਅਤੇ ਗੁਰੂ-ਡੰਮ ਬੰਦ ਕਰ ਦਿੱਤਾ ਸੀ, ਇਸ ਲਈ ਗੁਰੂ ਰਾਮ ਸਿੰਘ ਗੁਰੂ ਨਹੀਂ ਹੋ ਸਕਦੇ।

ਸਾਨੂੰ ਇਨ੍ਹਾਂ ਝਗੜਿਆਂ ਨਾਲ ਕੋਈ ਸਰੋਕਾਰ ਨਹੀਂ। ਗੁਰੂ ਰਾਮ ਸਿੰਘ ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਹੋ ਗਏ। ਉਹ ਮੁਢੋਂ ਹੀ ਰੱਬ ਦੇ ਭਗਤ ਸਨ ਅਤੇ ਵਧੇਰੇ ਸਮਾਂ ਈਸ਼ਵਰ ਪੂਜਾ ਵਿਚ ਹੀ ਬਿਤਾਉਂਦੇ ਸਨ। ਇਸੇ ਕਾਰਨ ਜਲਦੀ ਹੀ ਫ਼ੌਜ ਵਿਚ ਉਹ ਹਰਮਨ ਪਿਆਰੇ ਹੋ ਗਏ। ਉਹ ਜ਼ਿਆਦਾਤਰ ਭਗਤੀ ਵਿਚ ਲੱਗੇ ਰਹਿਣ ਕਾਰਨ ਫ਼ੌਜੀ ਫਰਜ਼ਾਂ ਦੀ ਪਾਲਨਾ ਵਿਚ ਅਸਮਰਥ ਰਹਿੰਦੇ ਪਰ ਉਨ੍ਹਾਂ ਨੂੰ ਸਭ ਅਜਿਹੇ ਫਰਜ਼ਾਂ ਤੋਂ ਲਾਂਭੇ ਕਰਕੇ ਵੀ ਫ਼ੌਜ ਵਿਚ ਹੀ ਰੱਖਿਆ ਗਿਆ। ਕਿਹਾ ਜਾਂਦਾ ਹੈ ਕਿ ਇਕ ਦਿਨ ਉਨ੍ਹਾਂ ਨੂੰ ਸੁਪਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦਿੱਤੇ ਅਤੇ ਉਨ੍ਹਾਂ ਨੇ ਹਜ਼ਾਰਾ (ਸਰਹੱਦੀ ਸੂਬਾ) ਨਿਵਾਸੀ ਬਾਬਾ ਬਾਲਕ ਨਾਥ ਤੋਂ ਗੁਰਗੱਦੀ ਦਾ ਹੱਕ ਲੈਣ ਲਈ ਆਖਿਆ। ਦੂਜੇ ਹੀ ਦਿਨ ਉਨ੍ਹਾਂ ਵੀਹ-ਪੰਝੀ ਭਗਤਾਂ ਨਾਲ ਉਧਰ ਨੂੰ ਚਾਲੇ ਪਾ ਦਿੱਤੇ। ਬਾਬਾ ਬਾਲਕ ਨਾਥ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਅਤੇ ਸਿੱਖਿਆ ਦਿੱਤੀ। ਉਥੋਂ ਵਾਪਸ ਆ ਕੇ ਇਨ੍ਹਾਂ ਨੇ ਨੌਕਰੀ ਛੱਡ ਦਿੱਤੀ ਅਤੇ ਪਿੰਡ ਵਿਚ ਜਾ ਕੇ ਸ਼ਾਂਤ ਜੀਵਨ ਬਿਤਾਉਣ ਲੱਗੇ।

ਕਈ ਵਰ੍ਹੇ ਬੀਤ ਗਏ। ਕਈ ਤਬਦੀਲੀਆਂ ਹੋਈਆਂ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਅਦ ਗੱਦੀ ਲਈ ਲੈ ਦੇ ਹੋਈ। ਅੰਗਰੇਜ਼ਾਂ ਪੰਜਾਬ ਜਿੱਤ ਲਿਆ ਅਤੇ ਇਸ ਨੂੰ ਵੀ ਬਾਕੀ ਭਾਰਤ ਵਾਂਗ ਗ਼ੁਲਾਮੀ ਦੀਆਂ ਪੌੜੀਆਂ ਵਿਚ ਜਕੜ ਲਿਆ। ਇਹ ਸਭ ਕੁਝ ਹੋ ਗਿਆ ਅਤੇ ਨਾਲ ਹੀ 1857 ਦਾ ਗ਼ਦਰ ਵੀ ਹੋ ਗਿਆ ਅਤੇ ਅੰਗਰੇਜ਼ ਬੜੀ ਸ਼ਾਂਤੀ ਨਾਲ ਭਾਰਤ 'ਤੇ ਹਕੂਮਤ ਕਰਨ ਲੱਗੇ। ਪਰ ਗੁਰੂ ਰਾਮ ਸਿੰਘ ਜੀ ਉਹੀ ਆਪਣਾ ਸ਼ਾਂਤ ਜੀਵਨ ਬਤੀਤ ਕਰਦੇ ਰਹੇ। ਹਾਂ, ਈਸ਼ਵਰ ਭਗਤੀ ਕਾਰਨ ਆਪ ਦੂਰ-ਦੂਰ ਤਕ ਪ੍ਰਸਿੱਧ ਹੋ ਗਏ। ਸੂਬੇ ਭਰ ਤੋਂ ਲੋਕ ਦਰਸ਼ਨਾਂ ਲਈ ਆਉਂਦੇ ਸਨ।

ਪਹਿਲਾਂ ਤਾਂ ਆਪ ਈਸ਼ਵਰ ਭਗਤੀ ਦਾ ਹੀ ਉਪਦੇਸ਼ ਦਿੰਦੇ ਸਨ ਪਰ ਬਾਅਦ ਵਿਚ ਕੁਝ ਸਮਾਜ-ਸੁਧਾਰ ਸੰਬੰਧੀ ਉਪਦੇਸ਼ ਵੀ ਦੇਣ ਲੱਗੇ। ਇਨ੍ਹਾਂ ਕੰਨਿਆਂ ਖ਼ਰੀਦਣ-ਵੇਚਣ, ਸ਼ਰਾਬ ਮਾਸ ਆਦਿ ਬਹੁਤ ਸਾਰੀਆਂ ਕੁਰੀਤਾਂ ਦਾ ਬੜੇ ਜ਼ੋਰ ਨਾਲ ਵਿਰੋਧ ਕੀਤਾ। ਆਪ ਦੇ ਚੇਲੇ ਵੀ ਸਾਦਾ ਜ਼ਿੰਦਗੀ ਜਿਉਂਦੇ ਅਤੇ ਰੱਬ ਪੂਜਾ ਵਿਚ ਮਗਨ ਰਹਿੰਦੇ। ਆਪਣੇ ਪਿੰਡ ਵਿਚ 'ਗੁਰੂ ਕਾ ਲੰਗਰ' ਖੋਲ੍ਹ ਰੱਖਿਆ ਸੀ। ਪਰ ਜਲਦੀ ਹੀ ਇਕ ਤਬਦੀਲੀ ਹੋਈ।

ਕਿਹਾ ਜਾਂਦਾ ਹੈ, ਕਿਸੇ ਅਗਿਆਤ ਰਾਮਦਾਸ ਨਾਂ ਦੇ ਸੰਨਿਆਸੀ ਨੇ ਆ ਕੇ ਉਨ੍ਹਾਂ ਨੂੰ ਕਿਹਾ, "ਇਸ ਵੇਲੇ ਦੇਸ਼ ਨੂੰ ਬਦੇਸ਼ੀ ਰਾਜ ਤੋਂ ਖਲਾਸੀ ਪਵਾਉਣੀ ਹੀ ਸਭ ਤੋਂ ਪਹਿਲਾ ਫਰਜ਼



Sri Satguru Jagjit Singh Ji Elibrary NamdhariElibrary@gmail.com

ਹੈ।" ਉਸ ਵੇਲੇ ਤੋਂ ਇਨ੍ਹਾਂ ਆਪਣਾ ਸਿਆਸੀ ਪ੍ਰੋਗਰਾਮ ਬਣਾ ਲਿਆ। ਸੰਨਿਆਸੀ ਵਾਲੀ ਗੱਲ ਸੁਣੀ-ਸੁਣਾਈ ਹੀ ਹੈ, ਹੋ ਸਕਦਾ ਹੈ ਕਿ ਇਹ ਗੱਲ ਹੋਈ ਹੀ ਨਾ ਹੋਵੇ। ਪਰ ਇੰਨਾ ਤਾਂ ਮੰਨਣਾ ਹੀ ਪਏਗਾ ਕਿ ਇਸ ਵੇਲੇ ਗੁਰੂ ਜੀ ਨੂੰ ਦੇਸ਼ ਦੀ ਪਰਾਧੀਨਤਾ ਬੁਰੀ ਤਰ੍ਹਾਂ ਰੜਕੀ। ਉਹ ਸਮਝ ਗਏ ਸਨ ਕਿ ਗ਼ੁਲਾਮੀ ਦੇ ਨਾਲ ਦੇਸ਼ ਵਾਸੀਆਂ ਦੀ ਆਤਮਾ ਵੀ ਮਰਦੀ ਜਾ ਰਹੀ ਹੈ। ਲੋਕ ਸਵਾਧੀਨਤਾ ਦਾ ਵਿਚਾਰ ਤਕ ਛੱਡ ਬੈਠੇ ਸਨ। ਅਜੇ ਕਲ ਦੀ ਗੱਲ ਸੀ, ਜਦ ਉਨ੍ਹਾਂ ਗ਼ਦਰ ਅਤੇ ਉਹਦੀ ਅਸਫ਼ਲਤਾ ਦੇ ਬਾਅਦ ਅਕਹਿ ਜ਼ੁਲਮ ਵੇਖੇ-ਸੁਣੇ ਸਨ। ਉਸ ਤੋਂ ਵੀ ਉਨ੍ਹਾਂ ਨੂੰ ਜ਼ਰੂਰ ਠੇਸ ਲੱਗੀ ਹੋਵੇਗੀ। ਜੋ ਵੀ ਹੋਵੇ, ਉਨ੍ਹਾਂ ਵਿਦੇਸ਼ੀ ਹਕੂਮਤ ਦਾ ਖੋਖਲਾਪਨ ਖ਼ੂਬ ਚੰਗੀ ਤਰ੍ਹਾਂ ਵੇਖ ਕੇ, ਇਕ ਪ੍ਰੋਗਰਾਮ ਬਣਾ ਕੇ ਕੰਮ ਆਰੰਭ ਦਿੱਤਾ। ਹੁਣ ਤਕ ਸਿਰਫ਼ 'ਉਪਦੇਸ਼' ਹੀ ਹੁੰਦਾ ਸੀ ਪਰ ਹੁਣ ਦੀਕਸ਼ਾ ਅਤੇ ਸੰਗਠਨ ਵੀ ਸ਼ੁਰੂ ਹੋ ਗਿਆ।

ਉਨ੍ਹਾਂ ਉਸ ਵੇਲੇ ਠੀਕ ਉਹੀ ਨਾਮਿਲਵਰਤਣ ਦਾ ਪ੍ਰਚਾਰ ਸ਼ੁਰੂ ਕੀਤਾ, ਜੋ 1920 ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਨ੍ਹਾਂ ਦੀ ਨਾਮਿਲਵਰਤਣ ਮਹਾਤਮਾ ਦੇ ਨਾਮਿਲਵਰਤਣ ਤੋਂ ਵੀ ਕਈ ਗੱਲਾਂ ਵਿਚ ਵਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਬਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਅਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾਂ ਸਾਹ-ਸੱਤ ਹੀਣ ਹੋ ਕੇ ਉਨ੍ਹਾਂ ਚੀਜ਼ਾਂ 'ਤੇ ਇੰਨਾ ਨਿਰਭਰ ਨਹੀਂ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪ੍ਰਬੰਧ ਆਪਣਾ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ ਉਨ੍ਹਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬਦੀ ਪਹੁੰਚਦੀ ਸੀ। ਇਨ੍ਹਾਂ ਗੱਲਾਂ ਦੇ ਨਾਲ-ਨਾਲ ਸਾਦਾ ਪਹਿਰਾਵੇ ਅਤੇ ਸਵਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਤੇ ਇਸ 'ਤੇ ਕਰੜੀ ਨਜ਼ਰ ਰੱਖਣ ਲੱਗੀ। ਉਸ ਨੂੰ ਇਸ ਪ੍ਰਚੰਡ-ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ।

ਟੀ.ਡੀ. ਫੋਰਸਿਥ, ਜੋ ਸੰਨ 1863 ਵਿਚ ਪੰਜਾਬ ਸਰਕਾਰ ਦੇ ਚੀਫ਼ ਸਕੱਤਰ ਸਨ ਅਤੇ ਬਾਅਦ ਵਿਚ 1872 ਵਿਚ ਕੂਕਾ ਵਿਦਰੋਹ ਸਮੇਂ ਅੰਬਾਲਾ ਡਵੀਜ਼ਨ ਦੇ ਉੱਚੇ ਅਹੁਦੇ 'ਤੇ ਕੰਮ ਕਰਦੇ ਸਨ। ਆਪਣੀ ਆਤਮ ਕਥਾ ਵਿਚ ਲਿਖਦੇ ਹਨ :

"1863 ਵਿਚ ਹੀ ਮੈਂ ਇਸ ਲਹਿਰ ਦੀ ਤਹਿ ਤਕ ਪਹੁੰਚ ਗਿਆ ਸੀ ਅਤੇ ਸਮਝ ਗਿਆ ਸਾਂ ਕਿ ਇਹ ਕਿਹੜੇ-ਕਿਹੜੇ ਖ਼ਤਰਨਾਕ ਨਤੀਜੇ ਲਿਆ ਸਕਦੀ ਹੈ। ਇਸ ਲਈ ਮੈਂ ਉਨ੍ਹਾਂ ਦੇ ਪ੍ਰਚਾਰ 'ਤੇ ਬਹੁਤ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ, ਜਿਸ ਨਾਲ ਉਨ੍ਹਾਂ ਦੇ ਪ੍ਰਚਾਰ ਦੀ ਰਫ਼ਤਾਰ ਕੁਝ ਹੱਦ ਤਕ ਘਟ ਗਈ।"

ਜਦ ਹਕੂਮਤ ਨੇ ਲੋਕਾਂ ਦਾ ਵੱਡੀ ਗਿਣਤੀ ਵਿਚ ਭੈਣੀ ਆਉਣਾ-ਜਾਣਾ ਅਤੇ ਉਨ੍ਹਾਂ ਦਾ ਉਥੇ ਦੇਰ ਤਕ ਠਹਿਰਨਾ ਤਕ ਵੀ ਬੰਦ ਕਰ ਦਿੱਤਾ ਤਾਂ ਗੁਰੂ ਰਾਮ ਸਿੰਘ ਨੇ ਆਪਣਾ ਕੰਮ ਜਾਰੀ ਰੱਖਣ ਦੀ ਇਕ ਤਦਬੀਰ ਸੋਚੀ। ਸਮੁੱਚੇ ਦੇਸ਼ ਨੂੰ 22 ਹਿੱਸਿਆਂ ਵਿਚ ਵੰਡ ਕੇ 22 ਯੋਗ ਬੰਦੇ ਉਨ੍ਹਾਂ ਦਾ ਸੰਗਠਨ ਕਰਨ ਲਈ ਮੁਕੱਰਰ ਕਰ ਦਿੱਤੇ। ਉਨ੍ਹਾਂ ਨੂੰ 'ਸੂਬੇ' ਕਿਹਾ ਜਾਂਦਾ ਸੀ। ਕੰਮ ਬੜੀ ਚੰਗੀ ਤਰ੍ਹਾਂ ਚੱਲਦਾ ਰਿਹਾ। ਸਾਰੇ ਨਾਮਧਾਰੀ ਸਿੱਖ ਆਪਣੀ ਕਮਾਈ ਦਾ ਦਸਵੰਧ ਗੁਰੂ ਜੀ ਦੀ ਭੇਟ ਕਰਦੇ ਸਨ। ਇਹ ਸਭ ਭੈਣੀ ਭੇਜ ਦਿੱਤਾ ਜਾਂਦਾ ਸੀ। ਇਹ ਸਭ ਕੁਝ ਤਾਂ ਹੁੰਦਾ ਹੀ ਸੀ ਅਤੇ ਨਾਲ-ਨਾਲ ਗੁਪਤ ਰੂਪ ਵਿਚ ਵਿਦਰੋਹ ਦਾ ਪ੍ਰਚਾਰ ਵੀ ਹੁੰਦਾ ਰਿਹਾ। ਬਾਹਰਲਾ ਜੋਸ਼ ਬਹੁਤ ਘੱਟ ਕਰ ਦਿੱਤਾ ਗਿਆ, ਇਥੋਂ ਤਕ ਕਿ ਸਰਕਾਰ ਦਾ ਸ਼ੱਕ ਕੁਝ ਹੱਦ ਤਕ ਦੂਰ ਹੋ ਗਿਆ ਅਤੇ ਸਾਰੀਆਂ ਪਾਬੰਦੀਆਂ 1869 ਈ. ਵਿਚ ਹਟਾ ਲਈਆਂ ਗਈਆਂ।



Sri Satguru Jagjit Singh Ji Elibrary NamdhariElibrary@gmail.com

ਪਾਬੰਦੀਆਂ ਹਟਣ ਨਾਲ ਹੀ ਲੋਕਾਂ ਦਾ ਜੋਸ਼ ਵਧ ਗਿਆ, ਇੰਨਾ ਕਿ ਸੰਭਾਲਣਾ ਔਖਾ ਹੋ ਗਿਆ। ਇਸ ਨਾਲ 1872 ਵਿਚ ਬੇਮੌਕਾ ਬਗਾਵਤ ਉੱਠ ਖੜ੍ਹੀ ਹੋਈ, ਜਿਸ ਕਾਰਨ ਸਾਰਾ ਵਿਦਰੋਹ ਕੁਚਲਿਆ ਗਿਆ। ਪਰ ਉਸ ਮੁਖ ਘਟਨਾ ਬਾਰੇ ਲਿਖਣ ਤੋਂ ਪਹਿਲਾਂ ਗੁਰੂ ਜੀ ਦੇ ਸਖਸ਼ੀ ਚਰਿੱਤਰ ਬਾਰੇ ਕੁਝ ਦਿਲਚਸਪ ਗੱਲਾਂ ਦਾ ਜ਼ਿਕਰ ਕਰਨਾ ਗ਼ਲਤ ਨਹੀਂ।

ਗੁਰੂ ਰਾਮ ਸਿੰਘ ਬੜੇ ਪਰਤਾਪੀ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ। ਉਹਨਾਂ ਦੇ ਅਸਾਧਾਰਣ ਆਤਮਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਕਹਿੰਦੇ ਹਨ ਕਿ ਉਹ ਜਿਸ ਦੇ ਕੰਨ ਵਿਚ ਸਿੱਖਿਆ ਦਾ ਮੰਤਰ ਪੜ੍ਹ ਦਿੰਦੇ ਸਨ, ਉਹੀ ਉਨ੍ਹਾਂ ਦਾ ਪਰਮ ਭਗਤ ਅਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗੱਲ ਪ੍ਰਸਿੱਧ ਹੋਈ ਤਾਂ ਦੋ ਬਦਮਾਸ਼ ਅੰਗਰੇਜ਼ ਉਨ੍ਹਾਂ ਕੋਲ ਉਨ੍ਹਾਂ ਦੀ ਸ਼ਕਤੀ ਦੀ ਪ੍ਰੀਖਿਆ ਲੈਣ ਗਏ। ਉਨ੍ਹਾਂ ਕਿਹਾ ਸੀ, "ਵੇਖਾਂਗੇ ਸਾਡੇ 'ਤੇ ਕੀ ਅਸਰ ਪੈਂਦਾ ਹੈ ?" ਪਰ ਸਿੱਖਿਆ ਬਾਅਦ ਉਹ ਉਨ੍ਹਾਂ ਦੇ ਕੱਟੜ ਭਗਤ ਬਣ ਗਏ ਅਤੇ ਇੰਝ ਉਨ੍ਹਾਂ ਦੇ ਸ਼ਖ਼ਸੀ ਦੋਸ਼ ਵੀ ਦੂਰ ਹੋ ਗਏ। ਇਸੇ ਤਰ੍ਹਾਂ ਡਾ. ਗੋਕਲ ਚੰਦ ਇਕ ਲੇਖ ਵਿਚ ਲਿਖਦੇ ਹਨ ਕਿ ਉਨ੍ਹਾਂ ਦੀ ਦਾਦੀ ਦਾ ਭਰਾ ਇਕ ਮਾੜੇ ਚਾਲ ਚਲਨ ਦਾ ਬੰਦਾ ਸੀ ਅਤੇ ਉਸ ਨੂੰ ਹੁੱਕਾ ਪੀਣ ਦੀ ਆਦਤ ਸੀ। ਸਿਰਫ਼ ਇੱਕ ਵਾਰ ਹੀ ਗੁਰੂ ਜੀ ਦੇ ਦਰਸ਼ਨਾਂ ਨੇ ਉਨ੍ਹਾਂ ਦਾ ਜੀਵਨ ਇਕਦਮ ਬਦਲ ਦਿੱਤਾ। ਇਸੇ ਤਰ੍ਹਾਂ ਇਕ ਹੋਰ ਆਦਮੀ, ਜਿਸ ਨੇ ਕਦੇ ਕੋਈ ਕਤਲ ਕੀਤਾ ਸੀ, ਗੁਰੂ ਜੀ ਤੋਂ ਸੁਧਰਿਆ। ਫਿਰ ਉਹਨੇ ਆਪਣੇ ਆਪ ਨੂੰ ਕਚਹਿਰੀ ਵਿਚ ਪੇਸ਼ ਕਰ ਦਿੱਤਾ ਅਤੇ ਆਪਣਾ ਜੁਰਮ ਮੰਨ ਲਿਆ। ਜਦ ਜੱਜ ਨੇ ਬੇਹੱਦ ਹੈਰਾਨਗੀ ਨਾਲ ਪੁੱਛਿਆ, "ਤੈਨੂੰ ਤਾਂ ਕੋਈ ਜਾਣਦਾ ਤਕ ਵੀ ਨਹੀਂ ਸੀ ਅਤੇ ਕਤਲ ਬਾਰੇ ਤੇਰੇ 'ਤੇ ਕੋਈ ਸ਼ੱਕ ਵੀ ਨਹੀਂ ਸੀ, ਫਿਰ ਤੂੰ ਅਚਾਨਕ ਜੁਰਮ ਮੰਨ ਕੇ ਮੌਤ ਨੂੰ ਸੱਦਾ ਕਿਉਂ ਦਿੱਤਾ ?" ਤਾਂ ਉਸਨੇ ਕਿਹਾ, "ਮੇਰੇ ਗੁਰੂ ਜੀ ਦੀ ਇਹੀ ਆਗਿਆ ਹੈ।"

ਸਰਕਾਰ ਨੇ ਵੀ ਪਰਖਣਾ ਚਾਹਿਆ। ਇਕ ਸਬ-ਇੰਸਪੈਕਟਰ ਨੂੰ ਭੇਜਿਆ। ਉਹ ਵੀ ਬੜਾ ਖ਼ੁਸ਼ ਸੀ। ਉਸ ਨੂੰ ਆਸ ਸੀ ਕਿ ਸਾਰੇ ਭੇਦ ਖੋਲ੍ਹ ਕੇ ਕੁਝ ਇਨਾਮ ਲਏਗਾ। ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਵਾਪਸ ਆ ਗਿਆ। ਆਉਂਦਿਆਂ ਹੀ ਅਸਤੀਫ਼ਾ ਦੇ ਦਿੱਤਾ। ਅਫ਼ਸਰਾਂ ਨੇ ਪੁੱਛਿਆ, "ਅਸਤੀਫ਼ਾ ਕਿਉਂ ਦਿੰਦਾ ਏਂ ?" ਉੱਤਰ ਦਿੱਤਾ, "ਗੁਰੂ ਜੀ ਦਾ ਇਹੀ ਹੁਕਮ ਹੈ। ਉਹ ਕਹਿੰਦੇ ਹਨ ਕਿ ਵਿਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨਾ ਕਰੋ।"

ਅਜਿਹੀਆਂ ਅਨੇਕ ਵਾਰਦਾਤਾਂ ਹਨ। ਕੁਝ ਵੀ ਹੋਵੇ, ਇੰਨਾ ਤਾਂ ਮੰਨਣਾ ਹੀ ਪਵੇਗਾ ਕਿ ਗੁਰੂ ਜੀ ਰੱਬ ਦੇ ਭਗਤ ਅਤੇ ਉੱਚੇ ਇਖ਼ਲਾਕ ਸਦਕਾ ਇਕ ਮਹਾਨ ਸ਼ਕਤੀਸ਼ਾਲੀ ਮਹਾਂਪੁਰਖ ਸਨ। ਸਰਕਾਰ ਇਹ ਗੱਲ ਦੇਖ ਕੇ ਘਬਰਾਈ ਅਤੇ ਉਸ ਨੂੰ ਸਾਰੇ ਅੰਦੋਲਨ ਨੂੰ ਦਬਾਉਣ ਦੀ ਚਿੰਤਾ ਹੋਣੀ, ਇਹ ਵੀ ਸੁਭਾਵਕ ਹੀ ਸੀ।

## ਭਰ-ਬਗ਼ਾਵਤ ਦਾ ਆਰੰਭ

1868-69 ਵਿਚ ਸਾਰੀਆਂ ਪਾਬੰਦੀਆਂ ਹਟਾ ਲਈਆਂ ਗਈਆਂ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਭੈਣੀ ਆਉਣ ਲੱਗੇ। ਸੰਨ 1871 ਵਿਚ ਕੁਝ ਕੂਕੇ ਵੀਰ ਅੰਮ੍ਰਿਤਸਰ ਵਿਚ ਦੀ ਗੁਜ਼ਰ ਰਹੇ ਸਨ। ਇਹ ਸੁਣਿਆ ਕਿ ਮੁਸਲਮਾਨ ਬੁੱਚੜ ਅਣਗਿਣਤ ਗਊਆਂ ਨੂੰ ਨਿੱਤ ਹਿੰਦੂਆਂ ਨੂੰ ਚਿੜਾਉਣ ਲਈ ਉਨ੍ਹਾਂ ਦੇ ਸਾਹਮਣੇ ਹੱਤਿਆ ਕਰਦੇ ਹਨ। ਹਿੰਦੂ ਸਮਾਜ ਨੂੰ ਬਹੁਤ ਦੁੱਖ ਹੁੰਦਾ ਹੈ। ਕੱਟੜ ਗਊ ਭਗਤ ਕੂਕੇ ਇਹ ਸਭ ਕੁਝ ਸਹਾਰ ਨਾ ਸਕੇ। ਉਨ੍ਹਾਂ ਬੁੱਚੜਖਾਨੇ 'ਤੇ ਹਮਲਾ ਕਰ ਦਿੱਤਾ ਅਤੇ ਆਪ ਭੈਣੀ ਵੱਲ ਨੂੰ ਹੋ ਪਏ। ਅੰਮ੍ਰਿਤਸਰ ਦੇ ਸਾਰੇ ਸਰਕਰਦਾ ਹਿੰਦੂ ਗ੍ਰਿਫ਼ਤਾਰ ਕਰ ਲਏ ਗਏ। ਗੁਰੂ ਜੀ ਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ ਅਤੇ



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਕੂਕਿਆਂ ਨੇ ਜਾ ਸਾਰੀ ਵਿੱਥਿਆ ਸੁਣਾਈ। ਗੁਰੂ ਜੀ ਨੇ ਆਗਿਆ ਦਿੱਤੀ, "ਜਾਓ ਜਾ ਕੇ ਆਪਣਾ ਜੁਰਮ ਮੰਨ ਲਓ ਅਤੇ ਉਨ੍ਹਾਂ ਨਿਰਦੋਸ਼ ਲੋਕਾਂ ਨੂੰ ਆਫ਼ਤ ਤੋਂ ਬਚਾਓ।" ਹੁਕਮ ਦਾ ਪਾਲਨ ਕੀਤਾ ਗਿਆ। ਬੇਦੋਸ਼ੇ ਲੋਕ ਰਿਹਾਅ ਹੋ ਗਏ ਅਤੇ ਇਹ ਵੀਰ ਅਤਿਅੰਤ ਆਨੰਦ ਅਤੇ ਖ਼ੁਸ਼ੀ ਨਾਲ ਫਾਂਸੀ ਚੜ੍ਹ ਗਏ। ਅਜਿਹੀ ਘਟਨਾ ਰਾਏਕੋਟ ਵਿਚ ਵੀ ਹੋਈ, ਉਥੇ ਵੀ ਕਈਆਂ ਕੂਕਿਆਂ ਨੂੰ ਫ਼ਾਂਸੀ ਦਿੱਤੀ ਗਈ। ਕੁਝ ਹੋਰ ਸਿੱਖਾਂ ਨੇ ਮਹਿਸੂਸ ਕੀਤਾ ਕਿ ਬੇਦੋਸ਼ੇ ਸਾਥੀਆਂ ਨੂੰ ਫ਼ਾਂਸੀ ਚੜ੍ਹਾ ਦਿੱਤਾ ਗਿਆ ਹੈ। ਬਦਲੇ ਲਈ ਹਿੰਸਾ ਦੀ ਅਗਨ ਪ੍ਰਚੰਡ ਹੋਈ ਪਰ ਕੋਈ ਖ਼ਾਸ ਘਟਨਾ ਨਾ ਵਾਪਰੀ।

13 ਜਨਵਰੀ, 1872 ਨੂੰ ਭੈਣੀ ਵਿਚ ਮਾਘੀ ਦਾ ਮੇਲਾ ਹੋਣਾ ਸੀ। ਲੋਕ ਦੂਰ-ਦੂਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਉਣ ਲੱਗੇ। ਇਕ ਕੂਕਾ ਨਾਮਧਾਰੀ ਵੀਰ* ਰਿਆਸਤ ਮਲੇਰਕੋਟਲੇ ਦੇ ਇਸੇ ਨਾਂ ਦੇ ਸ਼ਹਿਰ ਥਾਣੀਂ ਲੰਘ ਰਿਹਾ ਸੀ। ਉਹਨੇ ਇਕ ਮੁਸਲਮਾਨ ਨੂੰ ਵੇਖਿਆ ਜੋ ਕਿ ਬਲਦ 'ਤੇ ਬੈਠਾ, ਬੇਹੱਦ ਭਾਰ ਲੱਦੀ ਉਸ ਨੂੰ ਬਹੁਤ ਕੁੱਟੀ ਜਾ ਰਿਹਾ ਸੀ। ਕੂਕੇ ਨੇ ਮੁਸਲਮਾਨ ਨੂੰ ਕਿਹਾ, "ਭਾਈ ਇਨਾ ਜ਼ੁਲਮ ਨਾ ਕਰ। ਭਾਰ ਤਾਂ ਪਹਿਲਾਂ ਹੀ ਬਹੁਤ ਹੈ। ਤੂੰ ਥੱਲੇ ਉੱਤਰ ਆਏਂ ਤਾਂ ਕੀ ਹਰਜ ਹੈ?" ਪਰ ਜਵਾਬ ਵਿਚ ਝੱਟ ਦੋ-ਚਾਰ ਗਾਲ੍ਹਾਂ ਮਿਲੀਆਂ। ਕੂਕਾ ਕੋਈ ਬੁਜ਼ਦਿਲ ਜਾਂ ਕਾਇਰ ਤਾਂ ਹੈ ਹੀ ਨਹੀਂ ਸੀ। ਇੱਟ ਦਾ ਜਵਾਬ ਪੱਥਰ ਨਾਲ ਦਿੱਤਾ। ਨੌਬਤ ਹੱਥੋਪਾਈ ਤਕ ਆ ਗਈ। ਰਿਆਸਤ ਦੇ ਬਦਦਿਮਾਗ਼ ਕਰਮਚਾਰੀ ਉਸ ਨੂੰ ਫੜ ਕੇ ਕੋਤਵਾਲੀ ਲੈ ਗਏ। ਉਥੇ ਉਸ ਗ਼ਰੀਬ ਨੂੰ ਅਣਗਿਣਤ ਦੁੱਖ, ਤਕਲੀਫ਼ਾਂ ਅਤੇ ਬੇਇੱਜ਼ਤੀ ਸਹਾਰਨੀ ਪਈ। ਬਾਅਦ ਵਿਚ ਉਹਦੀਆਂ ਅੱਖਾਂ ਸਾਹਮਣੇ ਉਹੀ ਬਲਦ ਮਾਰ ਦਿੱਤਾ ਗਿਆ। ਇਹ ਅਸਹਿ ਸੀ। ਰਿਹਾਅ ਹੁੰਦਿਆਂ ਹੀ ਉਹ ਭੈਣੀ ਪਹੁੰਚਿਆ। ਉਸ ਨੇ ਭਰੇ ਦੀਵਾਨ ਵਿਚ ਭਿਆਨਕ ਜ਼ੁਲਮਾਂ ਦੀ ਵਿੱਥਿਆ ਸੁਣਾਈ। ਲੋਕ ਤਾਂ ਰਾਏਕੋਟ ਦੀ ਵਾਰਦਾਤ ਤੋਂ ਭੜਕੇ ਹੋਏ ਸਨ। ਬਲਦੀ 'ਤੇ ਤੇਲ ਪਿਆ ਅਤੇ ਮਚ ਉੱਠੀ। ਆਪਣੇ ਬਾਹੂਬਲ ਦੇ ਭਰੋਸੇ ਬਦਲਾ ਲੈਣ ਦਾ ਫ਼ੈਸਲਾ ਹੋ ਗਿਆ। ਜੋਸ਼ ਵਧਦਾ ਵੇਖ ਕੇ ਗੁਰੂ ਜੀ ਕੁਝ ਘਬਰਾਏ। ਗੱਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ, "ਖ਼ਾਲਸਾ ਜੀ ! ਕੀ ਅਨਰਥ ਕਰਨ ਜਾ ਰਹੇ ਹੋ? ਜ਼ਰਾ ਸ਼ਾਂਤੀ ਅਤੇ ਸਹਿਨਸ਼ੀਲਤਾ ਤੋਂ ਕੰਮ ਲਓ। ਜ਼ਰਾ ਸੋਚੋ ਤਾਂ ਸਹੀ, ਇਸ ਸਭ ਕੁਝ ਦਾ ਨਤੀਜਾ ਕੀ ਨਿਕਲੇਗਾ? ਸਾਰਾ ਬਣਿਆ-ਬਣਾਇਆ ਕੰਮ ਵਿਗੜ ਜਾਏਗਾ।" ਗੁਰੂ ਜੀ ਦੇ ਇਸ ਤਰ੍ਹਾਂ ਮੱਤ ਦੇਣ ਨਾਲ ਕੁਝ ਲੋਕਾਂ ਦਾ ਜੋਸ਼ ਮੱਠਾ ਤਾਂ ਪੈ ਗਿਆ ਪਰ ਹੋਰ ਆਦਮੀ ਪ੍ਰਤੀਹਿੰਸਾ ਦੀਆਂ ਸਖ਼ਤ ਮੂਰਤੀਆਂ ਬਣ ਬੈਠੇ। ਉਨ੍ਹਾਂ ਦਾ ਜੋਸ਼ ਥੰਮ੍ਹਿਆ ਨਾ ਗਿਆ। ਗੁਰੂ ਜੀ ਨੇ ਲੱਖ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਇਕ ਸਾਥੀ ਦੀ ਬੇਇੱਜ਼ਤੀ ਨੂੰ ਉਹ ਕਿਵੇਂ ਸਹਾਰ ਸਕਦੇ ਸਨ।

ਇਹ ਬੜੀ ਨਾਜ਼ਕ ਹਾਲਤ ਸੀ। ਕੰਮ ਅਧੂਰਾ ਹੀ ਸੀ ਅਤੇ ਕੋਈ ਤਿਆਰੀ ਵੀ ਨਹੀਂ ਸੀ ਕੀਤੀ ਹੋਈ। ਇਸ ਹਾਲਤ ਵਿਚ ਇਨ੍ਹਾਂ 150 ਉਤੇਜਿਤ ਲੋਕਾਂ ਦਾ ਸਾਥ ਦੇਣ ਨਾਲ ਸਾਰਾ ਅੰਦੋਲਨ ਕੁਚਲੇ ਜਾਣ ਦੀ ਸੰਭਾਵਨਾ ਸੀ। ਕੀ ਕੀਤਾ ਜਾਵੇ? ਫਰਜ਼ਸ਼ਿਨਾਸਾਂ ਦੀ ਤਰ੍ਹਾਂ ਸਾਰੇ ਦੇਖ ਰਹੇ ਸਨ, ਦੇਖ ਗੁਰੂ ਜੀ ਵੀ ਰਹੇ ਸਨ। ਕੋਈ ਦੂਜਾ ਆਦਮੀ ਇਹੋ ਜਿਹੇ ਸਮੇਂ ਕੀ ਕਰਦਾ,

* ਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਨਾਮਧਾਰੀ ਜਾਂ ਕੂਕੇ ਅਖਵਾਉਂਦੇ ਸਨ। ਨਾਮਧਾਰੀ ਇਸ ਲਈ ਕਿ ਗੁਰੂ ਜੀ ਦੇ ਉਪਦੇਸ਼ ਦਾ ਅਧਾਰ 'ਈਸ਼ਵਰ ਦਾ ਨਾਂ' ਸੀ ਉਪਦੇਸ਼ ਅਤੇ ....ਬਾਅਦ ਹਰ ਕੋਈ ਨਾਮਧਾਰੀ ਅਥਵਾ 'ਰੱਬੀ ਨਾਂ ਨੂੰ ਦਿਲ ਵਿਚ ਧਾਰਨ ਕਰਨ ਵਾਲਾ' ਅਖਵਾਉਂਦਾ ਸੀ। ਕੂਕਾ ਇਸ ਲਈ ਕਿ ਉਹ ਬਾਣੀ ਵਿਚ ਖ਼ੂਬ-ਖ਼ੂਬ ਲੀਨ ਹੋ ਕੇ ਸ਼ੋਰ ਮਚਾਉਂਦੇ ਸਨ, ਇਸ ਤਰ੍ਹਾਂ ਕੂਕਣ ਵਾਲਾ 'ਕੂਕਾ' ਕਹਾਉਂਦਾ ਸੀ।



Sri Satguru Jagjit Singh Ji Elibrary NamdhariElibrary@gmail.com

ਅਥਵਾ ਇਸ ਸਮੇਂ ਲੋਕ ਕੀ ਕਰਨ ਦੀ ਸਲਾਹ ਦੇ ਸਕਦੇ ਸਨ ? ਇਨ੍ਹਾਂ ਗੱਲਾਂ ਦਾ ਸਾਨੂੰ ਪਤਾ ਨਹੀਂ ਅਤੇ ਕੋਈ ਫ਼ਿਕਰ ਵੀ ਨਹੀਂ। ਦੂਰਦਰਸ਼ੀ ਗੁਰੂ ਜੀ ਨੇ ਉਸ ਵੇਲੇ ਇਹੀ ਸੋਚਿਆ ਕਿ ਉਹ ਉਤੇਜਿਤ ਲੋਕ ਤਾਂ ਸ਼ਾਂਤ ਹੋ ਹੀ ਨਹੀਂ ਰਹੇ। ਇਨ੍ਹਾਂ ਦੀ ਮਰਜ਼ੀ ਮੁਤਾਬਕ ਹੁਣ ਹੀ ਵਿਦਰੋਹ ਕਰਨ ਦੀ ਅਜੇ ਤਿਆਰੀ ਨਹੀਂ ਕੀਤੀ ਗਈ ਅਤੇ ਅਜੇ ਤਾਂ ਸਾਰਾ ਕੰਮ ਜਥੇਬੰਦ ਵੀ ਨਹੀਂ ਹੋਇਆ। ਇਸ ਵੇਲੇ ਜੇ ਇਹ ਚਲੇ ਜਾਣ ਅਤੇ ਅਸੀਂ ਸਰਕਾਰ ਨੂੰ ਇਹ ਦੱਸ ਦੇਈਏ ਕਿ ਸਾਡਾ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ ਤਾਂ ਬਾਕੀ ਅੰਦੋਲਨ ਬਚ ਜਾਵੇਗਾ। ਗੱਲ ਤਾਂ ਚੰਗੀ ਲੱਗਦੀ ਹੈ ਪਰ ਸਿਆਸੀ ਦਾਅ-ਪੇਚਾਂ ਦੀ ਅਹਿਮੀਅਤ ਉਨ੍ਹਾਂ ਦੀ ਸਫਲਤਾ 'ਤੇ ਆਧਾਰਤ ਹੁੰਦੀ ਹੈ। ਗੁਰੂ ਜੀ ਨੇ ਇਹ ਦਾਅ-ਪੇਚ ਵਰਤਿਆ, ਪਾਸਾ ਉਲਟ ਗਿਆ, ਇਹ ਨਿਸਫਲ ਰਿਹਾ। ਇਹੀ ਉਨ੍ਹਾਂ ਦਾ ਸਭ ਤੋਂ ਵੱਡਾ ਅਪਰਾਧ ਸੀ। ਉਨ੍ਹਾਂ ਉਸ ਵੇਲੇ ਪੁਲਿਸ ਨੂੰ ਖ਼ਬਰ ਦੇ ਦਿੱਤੀ ਕਿ ਇਹ ਲੋਕ ਭੜਕ ਕੇ, ਉਨ੍ਹਾਂ ਦੀਆਂ ਅਰਜ਼ਾਂ ਅਤੇ ਹੁਕਮਾਂ ਨੂੰ ਨਾ ਮੰਨ ਕੇ, ਝਗੜੇ, ਫਸਾਦ ਲਈ ਜਾ ਰਹੇ ਹਨ। ਮੈਂ ਹੁਣੇ ਹੀ ਪੁਲਿਸ ਨੂੰ ਖ਼ਬਰ ਦੇ ਕੇ ਖ਼ਬਰਦਾਰ ਕਰ ਦੇਣਾ ਚਾਹੁੰਦਾ ਹਾਂ। ਉਹ ਇਨ੍ਹਾਂ ਨਾਲ ਨਿਬੜ ਲੈਣ। ਮੈਂ ਅਨਰਥ ਦਾ ਜ਼ਿੰਮੇਵਾਰ ਨਹੀਂ ਹਾਂ।

ਲੁਧਿਆਣੇ ਦੇ ਕਾਇਮ-ਮੁਕਾਮ ਡਿਪਟੀ ਕਮਿਸ਼ਨਰ ਮਿ. ਕਾਵਨ ਨੇ ਆਪਣੇ 15 ਜਨਵਰੀ ਦੇ ਖ਼ਤ ਵਿਚ ਅੰਬਾਲਾ ਕਮਿਸ਼ਨਰ ਨੂੰ ਇਸ ਵਾਰਦਾਤ ਦਾ ਵੇਰਵਾ ਇੰਝ ਲਿਖਿਆ—

"ਉਹਨੇ (ਇਕ ਪੁਲਿਸ ਦਾ ਸੂਹੀਆ) ਮੈਨੂੰ ਦੱਸਿਆ ਕਿ ਕੂਕਿਆਂ ਦਾ ਆਗੂ ਰਾਮ ਸਿੰਘ ਆਪਣੇ ਗਲ ਵਿਚ ਸਾਫ਼ਾ ਪਾ ਕੇ ਉਨ੍ਹਾਂ ਬੰਦਿਆਂ ਕੋਲ ਗਿਆ ਅਤੇ ਖਲਬਲੀ ਨਾ ਪਾਉਣ ਲਈ ਪ੍ਰੇਰਿਆ ; ਪਰ ਉਨ੍ਹਾਂ ਨੇ ਉਸ ਨੂੰ ਸੁਣਿਆ ਤਕ ਨਾ ਅਤੇ ਫਿਰ ਰਾਮ ਸਿੰਘ ਡਿਪਟੀ ਇੰਸਪੈਕਟਰ ਕੋਲ ਗਿਆ ਅਤੇ ਉਸ ਨੂੰ ਇਹ ਦੱਸਿਆ ਕਿ ਇਹ ਬੰਦੇ ਸ਼ਰਾਰਤ ਲਈ ਤੁਲੇ ਹੋਏ ਹਨ ਅਤੇ ਉਹਦਾ ਉਨ੍ਹਾਂ 'ਤੇ ਕੋਈ ਵੱਸ ਨਹੀਂ !"

ਪਰ ਇਸ ਵੇਲੇ ਸਰਕਾਰ ਜਾਂ ਪੁਲਿਸ ਜਾਣਬੁਝ ਕੇ ਚੁੱਪ ਰਹੀ। ਚੁੱਪਚਾਪ ਉਨ੍ਹਾਂ ਨੂੰ ਅੰਗਰੇਜ਼ ਰਾਜ ਵਿਚੋਂ ਰਿਆਸਤ ਵਿਚ ਘੁੰਮਣ ਦਿੱਤਾ। ਉਸ ਵੇਲੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਿਉਂ ਨਾ ਕਰ ਲਿਆ ਗਿਆ ? ਕੁਝ ਦਿਨਾਂ ਬਾਅਦ ਉਨ੍ਹਾਂ ਦਾ ਜੋਸ਼ ਠੰਢਾ ਹੀ ਹੋ ਜਾਂਦਾ ; ਪਰ ਨਹੀਂ, ਸਰਕਾਰ ਤਾਂ ਖ਼ੁਦ ਚਾਹੁੰਦੀ ਸੀ ਕਿ ਉਸ ਨੂੰ ਕੋਈ ਮੌਕਾ ਮਿਲੇ, ਜਿਸ ਨਾਲ ਉਹ ਅੰਦੋਲਨ ਨੂੰ ਕੁਚਲ ਸਕੇ। ਜਿਸ ਵੇਲੇ ਦਿਲ-ਚਾਹਿਆ ਮੌਕਾ ਮਿਲ ਗਿਆ। ਲੋਕ ਤਾਂ ਇਥੋਂ ਤਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਭੜਕਾਉਣ ਵਿਚ ਵੀ 'ਸਰਕਾਰੀ ਬੰਦਿਆਂ' ਦਾ ਹੱਥ ਸੀ। ਖ਼ੈਰ, ਉਸ ਸਬੰਧ ਵਿਚ ਅਸੀਂ ਕੁਝ ਨਾ ਕਹਿ ਸਕੀਏ ਪਰ ਅਸੀਂ ਸਰਕਾਰ 'ਤੇ ਜਾਣਬੁਝ ਕੇ ਚੁੱਪ ਰਹਿਣ ਦਾ ਅਪਰਾਧ ਲਾ ਸਕਦੇ ਹਾਂ ਤੇ ਉਹ 150 ਕੂਕੇ ਵੀਰ ਪਟਿਆਲੇ ਦੀ ਹੱਦ ਨੇੜੇ ਰੱਬੋਂ ਪਿੰਡ ਦੇ ਬਾਹਰ ਵਾਰ ਜਾ ਠਹਿਰੇ। ਰਾਤ ਉਥੇ ਹੀ ਆਰਾਮ ਕੀਤਾ। ਅਗਲੇ ਦਿਨ ਵੀ ਉਥੇ ਹੀ ਟਿਕੇ ਰਹੇ, ਸ਼ਾਇਦ ਹੋਰ ਸਾਥੀਆਂ ਦੀ ਉਡੀਕ ਵਿਚ ਸਨ।

14 ਜਨਵਰੀ, 1872 ਨੂੰ ਆਥਣ ਵੇਲੇ ਉਨ੍ਹਾਂ ਕੁਝ ਸਿੱਖ ਸਰਦਾਰਾਂ ਦੇ 'ਮਲੌਦ' ਨਾਂ ਦੇ ਕਿਲੇ 'ਤੇ ਹੱਲਾ ਬੋਲ ਦਿੱਤਾ। ਇਸ ਕਿਲੇ 'ਤੇ ਹਮਲਾ ਕਿਉਂ ਕੀਤਾ ਗਿਆ ? ਇਸ ਸਬੰਧ ਵਿਚ 'ਡਿਸਟ੍ਰਿਕਟ ਗਜ਼ਟੀਅਰ' ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਆਸ ਸੀ ਕਿ ਸਰਕਾਰ ਵਿਦਰੋਹ ਵਿਚ ਉਨ੍ਹਾਂ ਦੀ ਅਗਵਾਈ ਲੈਣਗੇ। ਸੰਭਵ ਹੈ, ਪਹਿਲੇ ਵਿਸ਼ਾਲ ਅੰਦੋਲਨ ਵਿਚ ਇਸੇ ਤਰ੍ਹਾਂ ਦੀ ਤਿਆਰੀ ਰਹੀ ਹੋਵੇ ਅਤੇ ਇਸ ਸਮੇਂ ਉਨ੍ਹਾਂ ਨੇ ਕੱਚਾ ਬਲਵਾ ਉੱਠਦਾ ਵੇਖ ਕੇ ਅਗਵਾਈ ਲੈਣੋਂ ਨਾਂਹ ਕਰ ਦਿੱਤੀ ਹੋਵੇ। ਖ਼ੈਰ, ਕੂਕਿਆਂ ਨੇ ਉਥੇ ਹੱਲਾ ਬੋਲ ਦਿੱਤਾ ਅਤੇ ਕੁਝ ਹਥਿਆਰ, ਕੁਝ ਘੋੜੇ ਅਤੇ ਇਕ ਤੋਪ ਲੈ ਕੇ ਚਲਦੇ ਬਣੇ। ਉਥੇ ਦੋਹਾਂ ਪਾਸਿਆਂ ਵਲੋਂ ਦੋ-ਦੋ ਬੰਦੇ ਮਰੇ ਅਤੇ ਕੁਝ ਫੱਟੜ ਹੋਏ।



Sri Satguru Jagjit Singh Ji Elibrary NamdhariElibrary@gmail.com

ਅਗਲੇ ਦਿਨ ਸਵਖਤੇ ਸੱਤ ਵਜੇ ਉਹ ਮਲੇਰਕੋਟਲੇ ਪਹੁੰਚ ਗਏ। ਸਰਕਾਰ ਨੇ ਮਾਲੇਰਕੋਟਲਾ ਅਤੇ ਪਟਿਆਲਾ ਦੋਹਾਂ ਰਿਆਸਤਾਂ ਨੂੰ ਕੰਨ ਕਰ ਦਿੱਤੇ ਸਨ। ਮਾਲੇਰਕੋਟਲੇ ਦੀ ਹਿਫ਼ਾਜ਼ਤ ਦੀ ਖ਼ਾਸ ਕਰਕੇ ਤਿਆਰੀ ਕੀਤੀ ਗਈ ਸੀ ਪਰ ਇਨ੍ਹਾਂ ਹੌਸਲੇ ਵਾਲੇ ਵੀਰਾਂ ਨੇ ਇਸ ਵੇਗ ਨਾਲ ਹਮਲਾ ਕੀਤਾ ਕਿ ਸ਼ਹਿਰ ਤਾਂ ਕੀ, ਮਹਿਲ ਤਕ ਜਾ ਪਹੁੰਚੇ। ਖ਼ਜ਼ਾਨਾ ਲੁੱਟਣ ਦੀ ਕੋਸ਼ਿਸ਼ ਹੋਣ ਲੱਗੀ। ਖ਼ਜ਼ਾਨਾ ਲੁੱਟ ਲਿਆ ਹੁੰਦਾ ਪਰ ਮੰਦੇਂ ਭਾਗੀਂ ਗ਼ਲਤੀ ਨਾਲ ਇਕ ਹੋਰ ਦਰਵਾਜ਼ਾ ਤੋੜਨ ਵਿਚ ਬਹੁਤ ਸਮਾਂ ਖ਼ਰਾਬ ਹੋ ਗਿਆ, ਇਥੋਂ ਉਨ੍ਹਾਂ ਨੂੰ ਫਜ਼ੂਲ ਜਿਹੇ ਕਾਗਜ਼ਾਂ ਤੋਂ ਬਿਨਾਂ ਹੋਰ ਕੁਝ ਨਾ ਮਿਲਿਆ ਅਤੇ ਉਥੋਂ ਛੇਤੀ ਹੀ ਹਟਣਾ ਪਿਆ। ਅੱਠਾਂ ਨੂੰ ਮਾਰ ਕੇ, 15 ਨੂੰ ਜ਼ਖ਼ਮੀ ਕਰਕੇ ਅਤੇ ਘੋੜੇ ਲੈ ਕੇ ਉਥੋਂ ਨਿਕਲ ਪਏ। ਉਨ੍ਹਾਂ ਦੇ ਸੱਤ ਸਾਥੀ ਜਾਨ ਗਵਾ ਬੈਠੇ ਅਤੇ ਪੰਜ ਫੜੇ ਗਏ ਤੇ ਫੱਟੜ ਹੋ ਗਏ। ਉਨ੍ਹਾਂ ਮਗਰ ਕੋਟਲੇ ਦੇ ਹਥਿਆਰਬੰਦ ਸਿਪਾਹੀ ਵੀ ਨੱਠੇ।

ਇਸ ਤਰ੍ਹਾਂ ਨੱਠਦਿਆਂ-ਨੱਠਦਿਆਂ ਲੜਾਈ ਹੋਈ। ਗੋਲੀਆਂ ਚੱਲੀਆਂ ਅਤੇ ਦੋਹਾਂ ਧਿਰਾਂ ਦੇ ਪਟਿਆਲੇ ਦੀ ਰਿਆਸਤ ਦੇ ਪਿੰਡ ਰੂੜ ਤਕ ਪਹੁੰਚਣ ਤਕ ਕਈ ਕੂਕੇ ਫੱਟੜ ਹੋਏ। ਬਹੁਤੇ ਫੱਟੜ ਕੂਕੇ ਚੁੱਕ ਕੇ ਲੈ ਗਏ।"

ਰੂੜ ਪਿੰਡ ਦੇ ਨੇੜੇ ਦੇ ਜੰਗਲ ਵਿਚ ਉਹ ਲੁਕ ਗਏ। ਸ਼ਿਵਪੁਰ ਦੇ ਤਾਇਬ ਨਾਜ਼ਮ ਨੇ ਉਨ੍ਹਾਂ 'ਤੇ ਫਿਰ ਹਮਲਾ ਕੀਤਾ। ਫਿਰ ਲੜਾਈ ਛਿੜੀ ਪਰ ਕੂਕੇ ਥੱਕੇ-ਟੁੱਟੇ ਸਨ, ਭੁੱਖੇ ਪਿਆਸੇ ਸਨ ਅਤੇ ਸਨ ਵੀ ਫੱਟੜ, ਬਿਨਾਂ ਦਾਰੂ-ਪੱਟੀ ਦੇ। ਫੜੇ ਜਾਣ ਵਾਲਿਆਂ ਦੀ ਗਿਣਤੀ 68 ਸੀ ਅਤੇ ਜਿਨ੍ਹਾਂ ਵਿਚ 23 ਫੱਟੜ ਹੋ ਚੁੱਕੇ ਸਨ।

ਇੰਹੀ ਘਟਨਾ 'ਵਿਦਰੋਹ' ਅਖਵਾਉਂਦੀ ਹੈ। ਮਿ: ਕਾਵਨ ਆਪਣੇ ਇਕ ਖ਼ਤ ਵਿਚ ਲਿਖਦਾ ਹੈ—

"ਇਝ ਲੱਗਦਾ ਹੈ ਜਿਵੇਂ ਇਹ ਬਗ਼ਾਵਤ ਦੀ ਸ਼ੁਰੂਆਤ ਸੀ....।"

ਇਕ ਹੋਰ ਥਾਂ ਲਿਖਦਾ ਹੈ :

"ਮੈਂ ਇਹ ਤਜਵੀਜ਼ ਪੇਸ਼ ਕਰਦਾ ਹਾਂ ਕਿ ਇਕਦਮ ਉਨ੍ਹਾਂ ਨੂੰ ਫਾਹੇ ਲਾ ਦਿੱਤਾ ਜਾਵੇ, ਜਿਹੜੇ ਮਲੌਦ ਅਤੇ ਮਾਲੇਰਕੋਟਲੇ ਦੇ ਹਮਲਿਆਂ ਵਿਚ ਸ਼ਾਮਲ ਸਨ। ਜਿਹੜੀ ਹੈਸੀਅਤ ਮੇਰੇ ਵਿਚ ਨਹੀਂ ; ਉਸ ਨੂੰ ਵਰਤਦਿਆਂ ਮੇਰੇ ਵਿਚ ਵੱਡੀ ਜ਼ਿੰਮੇਵਾਰੀ ਦਾ ਪੂਰਾ-ਪੂਰਾ ਅਹਿਸਾਸ ਹੈ। ਇਹ ਬੰਦੇ ਕੋਈ ਮਾਮੂਲੀ ਮੁਜਰਮ ਨਹੀਂ ਹਨ। ਇਹ ਬਾਗ਼ੀ ਹਨ, ਜਿਨ੍ਹਾਂ ਦਾ ਲ਼ੋਗੀ ਕੰਮ ਹੈ ਲੁੱਟਮਾਰ ਅਤੇ ਹੁਕਮ-ਅਦੂਲੀ ਕਰਨੀ। ਇਹ ਪੱਕੀ ਗੱਲ ਹੈ ਕਿ ਉਹ ਆਪਣੀਆਂ ਪਹਿਲੀਆਂ ਕੋਸ਼ਿਸ਼ਾਂ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੇ, ਜੇ ਹੁਣ ਘੋੜੇ ਅਤੇ ਖ਼ਜ਼ਾਨੇ ਲੈ ਜਾਣ ਵਿਚ ਕਾਮਯਾਬ ਹੋ ਜਾਂਦੇ ਤਾਂ ਦੇਸ਼ ਦੇ ਸਾਰੇ ਭੈੜੇ ਚਲਣ ਵਾਲੇ ਬੰਦਿਆਂ ਨੇ ਉਨ੍ਹਾਂ ਨਾਲ ਰਲ ਜਾਣਾ ਸੀ ਅਤੇ ਇਨ੍ਹਾਂ ਨੂੰ ਬਿਨਾਂ ਬਾਹਲੀ ਮੁਸ਼ਕਲ ਦੇ ਥੰਮ੍ਹਿਆਂ ਨਹੀਂ ਸੀ ਜਾਣਾ।"

ਇਹ 68 ਬੰਦੇ 17 ਜਨਵਰੀ ਨੂੰ ਮਾਲੇਰਕੋਟਲੇ ਲਿਆਂਦੇ ਗਏ। ਇਨ੍ਹਾਂ ਵਿਚ ਦੋ ਔਰਤਾਂ ਵੀ ਸਨ। ਇਹ ਪਟਿਆਲਾ ਰਿਆਸਤ ਦੀਆਂ ਰਹਿਣ ਵਾਲੀਆਂ ਸਨ। ਉਨ੍ਹਾਂ ਨੂੰ ਤਾਂ ਰਿਆਸਤ ਦੇ ਸਪੁਰਦ ਕਰ ਦਿੱਤਾ ਗਿਆ ਅਤੇ ਬਾਕੀ 66 ਵਿਚੋਂ ਪੰਜਾਹਾਂ ਨੂੰ ਉਥੇ ਹੀ ਤੋਪ ਨਾਲ ਉਡਾ ਦੇਣ ਦਾ ਨਿਸ਼ਚਾ ਹੋ ਚੁੱਕਾ ਸੀ। ਆਪਣੀ ਆਪਣੀ ਵਾਰੀ ਨਾਲ ਖ਼ੁਸ਼ੀ-ਖ਼ੁਸ਼ੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦਿਆਂ, ਤੋਪਾਂ ਦੇ ਮੂੰਹਾਂ ਨਾਲ ਬੰਨ੍ਹੇ ਜਾਂਦੇ। ਇਕ ਵਾਰ ਧਮਾਕਾ ਹੁੰਦਾ ਅਤੇ ਉਹ ਕੂਕਾ ਵੀਰ ਇਸ ਸੰਸਾਰ ਤੋਂ ਪਤਾ ਨਹੀਂ ਕਿਧਰ ਚਲਿਆ ਜਾਂਦਾ। ਇਨ੍ਹਾਂ ਪਰਵਾਨਿਆਂ ਨੂੰ ਮੌਤ ਦਾ ਕੋਈ ਡਰ ਨਹੀਂ ਸੀ। ਉਹ ਅਸਾਂ 'ਸਮਝਦਾਰ' ਲੋਕਾਂ ਵਾਂਗ ਮੌਤ ਦੀ ਕਲਪਨਾ ਨਾਲ ਹੀ ਥਰ-ਥਰ ਕੰਬੇ ਨਹੀਂ। ਇਸ ਤਰ੍ਹਾਂ ਦੇ 'ਮੂਰਖ' ਹੋਰ ਕਿੱਥੇ ਕਿੰਨੀ ਗਿਣਤੀ ਵਿਚ ਮਿਲ ਸਕਦੇ



Sri Satguru Jagjit Singh Ji Elibrary NamdhariElibrary@gmail.com

ਹਨ ? ਉਸ ਵੇਲੇ ਸਵਾਰਥ ਲਈ ਮਰਨ ਵਾਲੇ ਲੋਕ ਇਸੇ ਤਰ੍ਹਾਂ ਖ਼ੁਸ਼ ਰਹਿ ਸਕਦੇ, ਇਸ ਤਰ੍ਹਾਂ ਹੱਸਦਿਆਂ ਮੌਤ ਨਾਲ ਗਲਵੱਕੜੀ ਪਾਉਂਦੇ, ਇਹ ਅਸੰਭਵ ਲੱਗਦਾ ਹੈ। ਸਵੈ-ਆਦਰ, ਦੇਸ਼ ਲਈ ਅਤੇ ਆਜ਼ਾਦੀ ਪ੍ਰਾਪਤੀ ਆਦਿ ਪਤਾ ਨਹੀਂ ਕਿਹੜੇ-ਕਿਹੜੇ ਬੁਲੰਦ ਜਜ਼ਬਿਆਂ ਨਾਲ ਮੌਤ ਵਿਜੇਈ ਬਣ ਸਕੇ ਸਨ ? ਇਸੇ ਤੋਂ ਅਸੀਂ ਉਨ੍ਹਾਂ ਦੀ ਉਤੇਜਨਾ ਅਤੇ ਜਲਦਬਾਜ਼ੀ ਨੂੰ ਭੁੱਲ ਕੇ ਉਨ੍ਹਾਂ ਦਾ ਪ੍ਰਣ ਸਮਝਣ ਵਿਚ ਸਫਲ ਹੁੰਦੇ ਹਾਂ। ਖ਼ੈਰ ! ਇਕ-ਇਕ ਕਰਕੇ 49 ਤਾਂ ਤੋਪਾਂ ਨਾਲ ਉਡਾ ਦਿੱਤੇ ਗਏ ਪਰ ਪੰਜਾਹਵੇਂ ਨੇ, ਜੋ ਕਿ ਤੇਰ੍ਹਾਂ ਵਰ੍ਹਿਆਂ ਦਾ ਬਾਲਕ ਸੀ, ਉਥੇ ਝਗੜਾ ਖੜ੍ਹਾ ਕਰ ਦਿੱਤਾ। ਮਿ: ਕਾਵਨ ਇਕ ਖ਼ਤ ਵਿਚ ਲਿਖਦਾ ਹੈ :

"ਮੇਰੀ ਨੀਅਤ ਇਹ ਸੀ ਕਿ ਪੰਜਾਹਾਂ ਨੂੰ ਤਾਂ ਉਡਾ ਦਿੱਤਾ ਜਾਵੇ ਅਤੇ ਬਾਕੀ ਬਚਦੇ ਸੋਲਾਂ ਬਾਗ਼ੀ ਮਲੌਦ ਕੋਲ ਫਾਹੇ ਲਾਉਣ ਲਈ ਘੱਲ ਦਿਆਂ ; ਪਰ ਇਕ ਨੇ ਪਹਿਰੇਦਾਰਾਂ ਤੋਂ ਬਚ ਕੇ ਮੇਰੇ 'ਤੇ ਖ਼ਤਰਨਾਕ ਹਮਲਾ ਕਰ ਦਿੱਤਾ। ਮੈਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਗਲ ਘੁੱਟਣ ਦੀ ਕੋਸ਼ਿਸ਼ ਕਰਨ ਲੱਗਾ ਅਤੇ ਜਿਵੇਂ ਕਿ ਉਹ ਬੜਾ ਤਾਕਤਵਰ ਬੰਦਾ ਸੀ, ਮੈਨੂੰ ਆਪਣਾ-ਆਪ ਛੁਡਾਉਣ ਦੀ ਬੜੀ ਮੁਸ਼ਕਲ ਹੋਈ। ਸਿਪਾਹੀਆਂ ਨੇ ਤਲਵਾਰਾਂ ਕੱਢੀਆਂ ਅਤੇ ਉਸ ਨੂੰ ਵੱਢ ਕੇ ਰੱਖ ਦਿੱਤਾ।"

ਇਸੇ ਘਟਨਾ ਦੇ ਸਬੰਧ ਵਿਚ ਜੋ ਗੱਲ ਸੁਣੀ ਜਾਂਦੀ ਹੈ, ਉਹ ਇੰਝ ਹੈ ਕਿ ਪੰਜਾਹਵਾਂ ਇਕ ਤੇਰ੍ਹਾਂ ਵਰ੍ਹਿਆਂ ਦਾ ਬੱਚਾ ਸੀ। ਉਹਨੂੰ ਦੇਖ ਕੇ ਮਿਸਜ਼ ਕਾਵਨ ਨੂੰ 'ਤਰਸ' ਆ ਗਿਆ ਅਤੇ ਆਪਣੇ ਪਤੀ ਨੂੰ ਉਹਨੂੰ ਛੱਡ ਦੇਣ ਲਈ ਕਿਹਾ, ਪਤਨੀ ਦੇ ਕਹਿਣ 'ਤੇ ਮਿ: ਕਾਵਨ ਨੇ ਨਿਉਂ ਕੇ ਉਸ ਬੱਚੇ ਨੂੰ ਕਿਹਾ, "ਪਾਜੀਆ, ਰਾਮ ਸਿੰਘ ਦਾ ਸਾਥ ਛੱਡ ਦੇ ਅਤੇ ਕਹਿ ਦੇ ਕਿ ਮੈਂ ਉਹਦਾ ਚੇਲਾ ਨਹੀਂ ਹਾਂ, ਤੈਨੂੰ ਛੱਡ ਦਿੱਤਾ ਜਾਵੇਗਾ।" ਬਹਾਦਰ ਬਾਲਕ ਆਪਣੇ ਗੁਰੂ ਲਈ ਅਜਿਹੇ ਬੇਇੱਜ਼ਤ ਲਫ਼ਜ਼ ਬਰਦਾਸ਼ਤ ਨਾ ਕਰ ਸਕਿਆ। ਗੁਸੈਲ ਸ਼ੇਰ ਵਾਂਗਣ ਉਹ ਝਪਟਿਆ ਅਤੇ ਮਿ: ਕਾਵਨ ਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਉਦੋਂ ਤਕ ਛੱਡਿਆ ਨਾ, ਜਦ ਤਕ ਉਹਦੇ ਦੋਵੇਂ ਹੱਥ ਕੱਟ ਨਾ ਦਿੱਤੇ ਗਏ ਅਤੇ ਤਲਵਾਰਾਂ ਨਾਲ ਉਸ ਨੂੰ ਸ਼ਹੀਦ ਨਾ ਕਰ ਦਿੱਤਾ ਗਿਆ। ਇਸ ਤਰ੍ਹਾਂ ਇਸ ਦੁਖਾਂਤ ਨਾਟਕ ਦਾ ਇਕ ਹੋਰ ਕਾਂਡ ਖ਼ਤਮ ਹੋ ਗਿਆ।

ਬਿਨਾਂ ਮੁਕੱਦਮਾ ਚਲਾਇਆਂ ਪੰਜਾਹਾਂ ਨੂੰ ਤੋਪ ਨਾਲ ਉਡਾ ਦੇਣਾ ਅਤੇ ਕਤਲੇਆਮ ਕਰਨਾ ਇਕਦਮ ਗ਼ਲਤ ਹੈ। ਮਿ: ਫਾਰਸਿਥ ਅੰਬਾਲਾ ਕਮਿਸ਼ਨਰ ਨੇ ਲਿਖ ਦਿੱਤਾ ਸੀ ਕਿ ਬਿਨਾਂ ਮੁਕੱਦਮਾ ਚਲਾਇਆਂ ਕਿਸੇ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਪਰ ਇਸ ਕਾਵਨ ਨੇ ਮਨ ਆਈ ਕੀਤੀ ਅਤੇ ਜਦੋਂ ਬਾਅਦ ਵਿਚ ਕਾਵਨ 'ਤੇ ਮੁਕੱਦਮਾ ਚੱਲਿਆ ਤਾਂ ਉਸ ਨੇ ਕਮਿਸ਼ਨਰ ਦਾ ਪਿਛਲੇ ਦਿਨ ਦਾ ਖ਼ਤ, ਜਿਸ ਵਿਚ ਉਸ ਨੇ ਉਹਦੀ ਵਡਿਆਈ ਕੀਤੀ ਸੀ, ਪੇਸ਼ ਕੀਤਾ। ਪਰ ਉਸ ਸਬੰਧ ਵਿਚ ਮਿ: ਫਾਰਮਿਥ ਦਾ ਕਹਿਣਾ ਹੈ ਕਿ ਮੈਂ ਮੌਕਾ ਨਾਜ਼ਕ ਜਾਣ, ਇਹ ਉਚਿਤ ਸਮਝਿਆ ਕਿ ਲੋਕਾਂ ਨੂੰ ਰੱਤੀ ਭਰ ਵੀ ਸ਼ੱਕ ਨਾ ਹੋਵੇ ਕਿ ਅਫ਼ਸਰਾਂ ਵਿਚ ਵੀ ਆਪਸ ਵਿਚ ਖਿੱਚੋਤਾਣ ਹੋ ਰਹੀ ਹੈ। ਇੰਝ ਉਸ ਦੇ ਪਿਛਲੇ ਕਾਰੇ ਦੀ ਪ੍ਰਸ਼ੰਸਾ ਕਰਕੇ ਅਤੇ ਕਤਲੇਆਮ ਕਰਨੋਂ ਵਰਜ ਦਿੱਤਾ ਸੀ ਪਰ ਬਾਕੀ ਸੋਲਾਂ ਆਦਮੀਆਂ ਨੂੰ ਵੀ ਤਾਂ ਅਗਲੇ ਹੀ ਦਿਨ ਫਾਂਸੀ ਦੇ ਦਿੱਤੀ ਗਈ।

ਉਨ੍ਹਾਂ ਵੀਰਾਂ ਦੀ ਮੌਤ ਨੇ ਅਫ਼ਸਰਾਂ ਨੂੰ ਵੀ ਪ੍ਰਭਾਵਤ ਕਰ ਦਿੱਤਾ ਸੀ, ਮਿ: ਈ. ਪਰਕਿਨਸਨਾ ਡਿਪਟੀ ਸੁਪਰਡੈਂਟ ਪੁਲਿਸ, ਆਪਣੀ 17 ਜਨਵਰੀ ਦੀ ਰਿਪੋਰਟ ਵਿਚ ਦੋ ਆਦਮੀਆਂ ਬਾਰੇ ਲਿਖਦਾ ਹੈ :

"....ਹੀਰਾ ਸਿੰਘ ਅਤੇ ਲਹਿਣਾ ਸਿੰਘ ਦੋਵੇਂ ਆਗੂ ਲੱਗਦੇ ਹਨ ਅਤੇ ਬਣੇ-ਤਣੇ ਅਤੇ ਚੰਗੀ ਪੁਸ਼ਾਕ ਵਿਚ ਸਨ ; ਪਰ ਲੱਗਦੇ ਦ੍ਰਿੜ੍ਹ ਇਰਾਦੇ ਵਾਲੇ ਅਤੇ ਬਹਾਦਰ ਸਨ।"



Sri Satguru Jagjit Singh Ji Elibrary NamdhariElibrary@gmail.com

ਇਧਰ ਤਾਂ ਇਹ ਸਭ ਕੁਝ ਹੋ ਰਿਹਾ ਸੀ। ਉਧਰ ਡਿਪਟੀ ਕਮਿਸ਼ਨਰ ਨੇ ਗੁਰੂ ਰਾਮ ਸਿੰਘ ਨੂੰ ਬੁਲਾਇਆ ਅਤੇ ਘਰ ਵਾਪਸ ਭੇਜ ਦਿੱਤਾ ਕਿਉਂਕਿ ਉਹ ਸਮਝਦਾ ਸੀ ਕਿ ਉਹ ਨਿਰਦੋਸ਼ ਹਨ ਕਿਉਂਕਿ ਉਨ੍ਹਾਂ ਭੜਕੇ ਹੋਏ ਕੂਕਿਆਂ ਦੀ ਖ਼ਬਰ ਦੇ ਕੇ ਪੁਲਿਸ ਨੂੰ ਚੌਕੰਨਾ ਕਰ ਦਿੱਤਾ ਸੀ। ਗੁਰੂ ਰਾਮ ਸਿੰਘ ਦੀ ਨਿਰਦੋਸ਼ਤਾ ਬਾਰੇ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਇਹ ਲਿਖਿਆ :

"ਰਾਮ ਸਿੰਘ ਦੇ ਖ਼ਿਲਾਫ ਮੁਕੱਦਮਾ ਚਲਾਉਣ ਲਈ ਕੋਈ ਖਾਸ ਅਤੇ ਸਿੱਧਾ ਸਬੂਤ ਨਹੀਂ ਹੈ।"

ਪਰ 17 ਜਨਵਰੀ ਨੂੰ ਕਮਿਸ਼ਨਰ ਦੇ ਹੁਕਮ ਨਾਲ ਘੋੜ ਸਵਾਰ ਅਤੇ ਦੂਸਰੀ ਪੁਲਿਸ ਨੇ ਕਰਨਲ ਬਾਇਲੀ ਦੀ ਅਗਵਾਈ ਹੇਠ ਹੇਠ ਭੈਣੀ ਪਿੰਡ ਨੂੰ ਅਚਾਨਕ ਘੇਰਾ ਪਾ ਲਿਆ। ਲੋਕਾਂ ਨੂੰ ਇਹ ਦੇਖ ਕੇ ਬਹੁਤ ਹੈਰਾਨੀ ਹੋਈ। ਪਰ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਸਰਕਾਰ ਉਨ੍ਹਾਂ ਨੂੰ ਫੜਨਾ ਚਾਹੁੰਦੀ ਹੈ ਤਾਂ ਉਨ੍ਹਾਂ ਆਪਣੇ-ਆਪ ਨੂੰ ਸ਼ਾਂਤੀ ਨਾਲ ਪੁਲਿਸ ਦੇ ਹਵਾਲੇ ਕਰ ਦਿੱਤਾ। ਉਸ ਵੇਲੇ ਗੁਰੂ ਰਾਮ ਸਿੰਘ ਨਾਲ ਵੱਖ-ਵੱਖ ਚਾਰ ਸੂਬਿਆਂ ਦੇ ਸਾਹਿਬ ਸਿੰਘ, ਜਵਾਹਰ ਸਿੰਘ, ਗੁਰਦਿੱਤ ਸਿੰਘ ਅਤੇ ਨਨੂ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲਾਂ ਤਾਂ ਇਨ੍ਹਾਂ ਨੂੰ ਅਲਾਹਾਬਾਦ ਭੇਜਿਆ ਗਿਆ ਅਤੇ ਬਾਅਦ ਵਿਚ ਰੰਗੂਨ ! ਗ੍ਰਿਫ਼ਤਾਰੀ ਰੈਜ਼ੂਲੇਸ਼ਨ 1818 ਅਨੁਸਾਰ ਹੋਈ ਸੀ। ਇਥੇ ਹੀ ਗੁਰੂ ਰਾਮ ਸਿੰਘ ਜੀ ਦੀ ਉਹ ਚਾਲ ਉਲਟੀ ਪਈ। ਜੇ ਉਹ ਉਸ ਵੇਲੇ ਬਚੇ ਰਹਿੰਦੇ ਤਾਂ ਜਲਦੀ ਹੀ ਸਾਰੀ ਹਾਲਤ ਸੰਭਲ ਜਾਣੀ ਸੀ।

ਇਧਰ ਜਿਉਂ-ਜਿਉਂ ਸੂਬੇ ਭਰ ਵਿਚ ਬਗ਼ਾਵਤ ਦੀ ਖ਼ਬਰ ਫੈਲਣ ਲੱਗੀ, ਤਿਉਂ-ਤਿਉਂ ਲੋਕ ਭੈਣੀ ਵੱਲ ਨੂੰ ਜਾਣ ਲੱਗੇ। ਸਭਨਾਂ ਲੋਕਾਂ ਦਾ ਖ਼ਿਆਲ ਸੀ ਕਿ ਜਿਸ ਦਿਨ ਦੀ ਉਡੀਕ ਸੀ, ਉਹ ਆ ਗਿਆ। ਪੁਲਿਸ ਵੀ ਚੌਕੰਨੀ ਹੋ ਗਈ ਸੀ, ਜਿਥੇ ਕੋਈ ਕੂਕਾ ਮਿਲਦਾ, ਫੜ ਲਿਆ ਜਾਂਦਾ। ਇੰਜ ਹੀ 172 ਕੂਕਿਆਂ ਦੇ ਇਕ ਜਥੇ ਦੀ ਕਰਨਲ ਬਾਇਲੀ ਨਾਲ ਭੇਟ ਹੋ ਗਈ। ਉਨ੍ਹਾਂ ਵਿਚ ਚਾਰ ਤਾਂ ਵੱਖ-ਵੱਖ ਸਥਾਨਾਂ ਦੇ ਸੂਬੇ ਸਨ : ਸਰਵਸ਼੍ਰੀ ਬ੍ਰਹਮਾ ਸਿੰਘ, ਕਾਹਨ ਸਿੰਘ, ਪਹਾੜਾ ਸਿੰਘ ਅਤੇ ਹੁਕਮ ਸਿੰਘ, ਝੱਟ ਪਹਿਲਾਂ ਲੁਧਿਆਣੇ ਅਤੇ ਫਿਰ ਗੁਰੂ ਜੀ ਕੋਲ ਇਲਾਹਾਬਾਦ ਭੇਜ ਦਿੱਤੇ ਗਏ ਅਤੇ 120 ਘਰੀਂ ਵਾਪਸ ਕਰ ਦਿੱਤੇ ਅਤੇ ਬਾਕੀ 50...।"

"...ਜਿਨ੍ਹਾਂ ਦਾ ਕੋਈ ਘਰ ਨਹੀਂ, ਤੇ ਸਿਰਫ ਦਿਖਾਵੇ ਵਾਲੇ ਗੁਜ਼ਾਰੇ ਜੋਗੇ ਕੰਮ ਕਰਦੇ ਹਨ ਪਰ ਅਸਲ ਵਿਚ ਇਹ ਬਹੁਤ ਖ਼ਤਰਨਾਕ ਜਮਾਤ ਹੈ, ਜਿਨ੍ਹਾਂ ਆਪਣਾ ਸਭ ਕੁਝ ਵੇਚ ਦਿੱਤਾ ਹੈ ਅਤੇ ਆਪਣੇ ਨੇਤਾ ਦੇ ਹੁਕਮ 'ਤੇ ਹਰ ਕੰਮ ਕਰਨ ਲਈ ਤੱਤਪਰ ਹਨ...।" ਨੂੰ ਜੇਲ ਵਿਚ ਡੱਕ ਦਿੱਤਾ ਗਿਆ। ਇਸ ਤਰ੍ਹਾਂ ਕੁਝ ਹੀ ਦਿਨਾਂ ਵਿਚ ਸਾਰਾ ਮਾਮਲਾ ਠੱਪ ਹੋ ਗਿਆ।

ਉਸ ਦੇ ਬਾਅਦ :

ਸਭ ਕੁਝ ਹੋ ਚੁੱਕਿਆ। ਨਾਟਕ ਦੀ ਮੁਹਿੰਮ ਹੋ ਚੁੱਕੀ ਅਤੇ ਫਾਰਸਿਥ 'ਤੇ ਕਤਲੇਆਮ (Summary Execution) ਕਰਨ ਦਾ ਮੁਕੱਦਮਾ ਚੱਲਿਆ। ਉਨ੍ਹਾਂ ਪੰਜਾਬ ਦੀ ਭੈੜੀ ਹਾਲਤ ਦੀ ਰੋਮਾਂਚਕਾਰੀ ਚਿੱਤਰ-ਚਿਤਰਨ ਵਿਚ ਕੋਈ ਕਸਰ ਨਾ ਛੱਡੀ ਅਤੇ ਇਨਾਮ ਲੈਣ ਦੀ ਆਸ ਰੱਖਣ ਲੱਗੇ। ਮਿ: ਕਾਵਨ ਨੂੰ ਨਾਂ ਤਬਦੀਲ ਕਰਕੇ ਇੰਗਲੈਂਡ ਭੇਜ ਦਿੱਤਾ ਗਿਆ ਅਤੇ ਮਿ: ਫੌਰਸਿਥ ਨੂੰ ਉਸੇ ਅਹੁਦੇ 'ਤੇ ਅਵਧ ਤਬਦੀਲ ਕਰ ਦਿੱਤਾ ਗਿਆ। ਪੰਜਾਹਾਂ ਨੂੰ ਤੋਪ ਨਾਲ ਉਡਾਉਣ ਅਤੇ ਸੋਲਾਂ ਨੂੰ ਬਿਨਾਂ ਮੁਕੱਦਮਾ ਚਲਾਏ, ਬਿਨਾਂ ਉਨ੍ਹਾਂ ਦੀ ਸਫ਼ਾਈ ਦੇਣ ਦਾ ਮੌਕਾ ਦਿੱਤੇ, ਫਾਂਸੀ ਦੀ ਸਜ਼ਾ ਹੋਈ। ਸਰ ਹੈਨਰੀ ਕਾਟਕ ਦੇ ਸ਼ਬਦਾਂ ਵਿਚ ਤਾਂ ਇਹ ਸਜ਼ਾ ਇਕਦਮ ਨਾ-ਕਾਫ਼ੀ ਸੀ ਪਰ ਐਂਗਲੋ ਇੰਡੀਅਨ ਅਖ਼ਬਾਰਾਂ ਵਿਚ ਇੰਨੀ ਸਜ਼ਾ ਦੇਣ 'ਤੇ ਬਹੁਤ ਵਾਵੇਲਾ ਹੋਇਆ ਸੀ।



Sri Satguru Jagjit Singh Ji Elibrary NamdhariElibrary@gmail.com

ਬਾਕੀ ਕੂਕਿਆਂ 'ਤੇ ਬਹੁਤ ਜ਼ੁਲਮ ਹੋਣ ਲੱਗੇ। ਗੁਰੂ ਰਾਮ ਸਿੰਘ ਦੇ ਬਾਅਦ ਸ੍ਰੀ ਹਰੀ ਸਿੰਘ ਗੁਰੂ ਬਣੇ। ਉਨ੍ਹਾਂ ਨੂੰ ਭੈਣੀ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰਦੁਆਰੇ ਬਾਹਰ ਪੁਲਿਸ ਦੀ ਚੌਕੀ ਬਿਠਾ ਦਿੱਤੀ ਗਈ। ਛੇ ਸਾਲ ਤਾਂ ਭੈਣੀ ਦੀ ਹਾਲਤ ਇੰਝ ਰਹੀ, ਜਿਵੇਂ ਦੁਸ਼ਮਣ ਨੇ ਘੇਰਾ ਪਾਇਆ ਹੋਇਆ ਹੋਵੇ। ਨਾ ਕੋਈ ਅੰਦਰੋਂ-ਬਾਹਰ ਜਾ ਸਕੇ, ਨਾ ਬਾਹਰੋਂ ਅੰਦਰ। ਹੌਲੀ-ਹੌਲੀ ਆਉਣ-ਜਾਣ ਖੁੱਲ੍ਹਿਆ। ਉਸ ਵੇਲੇ ਵੀ ਸ੍ਰੀ ਹਰੀ ਸਿੰਘ ਬਾਹਰ ਨਹੀਂ ਸਨ ਜਾ ਸਕਦੇ। ਬਾਵਜੂਦ ਆਉਣ-ਜਾਣ ਦੀ ਖੁੱਲ੍ਹ ਦੇ, ਯਾਤਰੀਆਂ ਨੂੰ ਬਹੁਤ ਤੰਗ ਕੀਤਾ ਜਾਂਦਾ ਸੀ। ਬੁਰੀ ਤਰ੍ਹਾਂ ਬੇਇੱਜ਼ਤ ਕੀਤਾ ਜਾਂਦਾ ; ਮੁਸ਼ਕਾਂ ਕੱਸ ਕੇ ਧੁੱਪੇ ਸੁੱਟਿਆ ਜਾਂਦਾ ਅਤੇ ਘੜੀਆਂ ਬੱਧੀ ਝੁਲਸਦੇ ਰਹਿੰਦੇ। ਮੰਜੇ ਹੇਠਾਂ ਹੱਥ ਦਬਾ ਕੇ ਕਈ ਜਣੇ ਮੰਜੇ ਉੱਪਰ ਬੈਠ ਜਾਂਦੇ। ਉਨ੍ਹਾਂ 'ਤੇ ਹੁੱਕੇ ਦਾ ਗੰਦਾ ਪਾਣੀ ਡੋਲ੍ਹਿਆ ਜਾਂਦਾ। ਇਹ ਸਭ ਜ਼ੁਲਮ ਕਰਨ ਵਾਲੇ ਇਸੇ ਦੇਸ਼ ਦੇ ਨਿਵਾਸੀ ਹੁੰਦੇ ਸਨ ਅਤੇ ਉਨ੍ਹਾਂ ਤਸੀਹਿਆਂ ਨੂੰ ਚੁੱਪ ਕਰਕੇ ਜਰਨ ਵਾਲੇ ਵੀ ਇਸ ਦੇਸ਼ ਦੇ ਅਭਾਗੇ ਨਿਵਾਸੀ ਅੱਤੇ ਹੁਣ ਤਾਂ ਇਹ ਨਿਰਾ ਧਾਰਮਿਕ ਫ਼ਿਕਰਾ ਰਹਿ ਗਿਆ ਸੀ ਪਰ ਪੰਜਾਬ ਦੇ ਸੂਬੇ ਦਾ ਇਤਿਹਾਸ ਬੜਾ ਰੋਮਾਂਚਕਾਰੀ ਹੈ। ਸਮਾਜ ਦਾ Out Law ਹੋਇਆ ਤਾਂ ਪੰਜਾਬ ਵਿਚ ਕਿਸੇ ਫ਼ਿਰਕੇ ਦੇ ਸਾਰੇ ਦੇ ਸਾਰੇ ਲੋਕ ਜ਼ੁਲਮਾਂ ਦੇ ਸ਼ਿਕਾਰ ਹੋਏ ਤਾਂ ਪੰਜਾਬ ਵਿਚ ਅਤੇ ਫੇਰ ਹਜ਼ਾਰਾਂ ਦਾ ਸਾਰੇ ਦਾ ਸਾਰਾ ਅੰਦੋਲਨ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ ਤਾਂ ਉਹ ਵੀ ਪੰਜਾਬ ਵਿਚ ! ਇਸ ਵੇਰ ਵੀ ਇੰਝ ਹੀ ਹੋਇਆ। ਹਰ ਇਕ ਕੂਕਾ ਆਪਣੇ ਘਰ ਵਿਚ ਨਜ਼ਰਬੰਦ ਸੀ। ਬਿਨਾਂ ਪੁਲਿਸ ਦੀ ਇਜਾਜ਼ਤ ਦੇ ਕਿਤੇ ਬਾਹਰ ਨਹੀਂ ਜਾ ਸਕਦਾ। ਇਹ ਹਾਲਤ ਬਹੁਤ ਦਿਨਾਂ ਤਕ ਚਲਦੀ ਰਹੀ ਅਤੇ ਬੰਦਸ਼ਾਂ ਤਾਂ ਹੁਣ 1920 ਵਿਚ ਆ ਕੇ ਅਸਹਿਯੋਗ ਦੇ ਦਿਨਾਂ ਵਿਚ ਹਟਾਈਆਂ ਗਈਆਂ।

ਗੁਰੂ ਰਾਮ ਸਿੰਘ ਬਰਮਾ ਵਿਚ ਹੀ ਨਜ਼ਰਬੰਦ ਰਹੇ। ਗਜ਼ਟੀਅਰ ਨੇ ਲਿਖਿਆ ਹੈ, "ਅੰਤ ਵਿਚ ਉਹ ਬਰਮਾ ਵਿਚ 1885 ਨੂੰ ਪੂਰੇ ਹੋ ਗਏ।" ਪਰ 1920 ਵਿਚ ਉਥੋਂ ਦਾ ਨਿਵਾਸੀ ਸ੍ਰੀ ਆਲਮ ਸਿੰਘ ਇੰਜੀਨੀਅਰ ਨੇ ਇਕ ਲੇਖ ਰਾਹੀਂ ਉਪਰੋਕਤ ਗੱਲ ਦਾ ਖੰਡਨ ਕੀਤਾ ਸੀ। ਉਨ੍ਹਾਂ ਲਿਖਿਆ ਸੀ ਕਿ ਉਹ ਦੋ ਹੋਰ ਸਾਥੀਆਂ ਸਮੇਤ Lower Burma ਦੇ ਕਿਸੇ ਬੰਦਰਗਾਹ ਤੋਂ ਲਾਸਟ ਟਾਪੂ ਵੱਲ ਜਾ ਰਹੇ ਸਨ। ਉਸ ਬੰਦਰਗਾਹ ਦਾ ਨਾਂ ਮੌਲਮੀਨ ਸੀ। ਉਥੇ ਇਕ ਦਿਨ ਇਕ ਵੱਡੇ ਤੇਜੱਸਵੀ ਵਿਅਕਤੀ ਨੂੰ ਪੁਲਿਸ ਦੀ ਨਿਗਰਾਨੀ ਵਿਚ ਸੈਰ ਕਰਦਿਆਂ ਦੇਖ ਕੇ ਉਨ੍ਹਾਂ ਬਾਰੇ ਪੁੱਛਗਿੱਛ ਕਰਨ 'ਤੇ ਪਤਾ ਚੱਲਿਆ ਕਿ ਇਹ ਪੰਜਾਬ ਦਾ ਰਾਜਾ ਹੈ। ਉਹ ਸਮਝੇ ਸ਼ਾਇਦ ਮਹਾਰਾਜਾ ਦਲੀਪ ਸਿੰਘ ਹੋਣ, ਪਰ ਬਾਅਦ ਵਿਚ ਪਤਾ ਲੱਗਿਆ ਕਿ ਉਹ ਕੂਕਾ ਗੁਰੂ ਰਾਮ ਸਿੰਘ ਜੀ ਹਨ। ਉਸ ਸਮੇਂ ਉਨ੍ਹਾਂ ਨਾਲ ਇਕ ਸੂਬੇਦਾਰ ਲੱਖਾ ਸਿੰਘ ਵੀ ਸੀ। ਉਨ੍ਹਾਂ ਨੂੰ ਮਿਲਣ ਪੁਰ ਖ਼ੂਬ ਗੱਲਬਾਤ ਹੋਈ ਅਤੇ ਮਲੂਮ ਹੋਇਆ ਕਿ ਉਨ੍ਹਾਂ ਨੂੰ ਪੰਜ ਮੀਲ ਤਕ ਬਾਹਰ ਸੈਰ ਕਰਨ ਦੀ ਆਗਿਆ ਸੀ। ਖ਼ੈਰ ! ਸਰਕਾਰ ਨੇ ਇਸ ਲੇਖ ਦਾ ਕਦੇ ਨੋਟਿਸ ਨਹੀਂ ਲਿਆ। ਜੋ ਵੀ ਹੋਵੇ, ਮਲੂਮ ਇਸ ਤਰ੍ਹਾਂ ਹੀ ਹੁੰਦਾ ਹੈ ਕਿ ਗੁਰੂ ਜੀ ਹੁਣ ਸੰਸਾਰ ਵਿਚ ਨਹੀਂ ਹਨ। ਖ਼ੈਰ !

ਅੱਜ ਵੀ ਪੰਜਾਬੀ ਕੂਕਾ ਸੰਘਰਦਾ ਹੈ। ਉਨ੍ਹਾਂ ਵਿਚ ਈਸ਼ਵਰ ਭਗਤੀ ਹਾਲੇ ਤਕ ਪ੍ਰਧਾਨ ਹੈ। ਬਹੁਤ ਤੜਕਸਾਰ ਉੱਠ ਕੇ ਕੇਸ ਇਸ਼ਨਾਨ ਕਰਕੇ ਘੰਟਿਆਂ ਬੱਧੀ ਰੱਬੀ-ਭਜਨ ਵਿਚ ਲੀਨ ਰੱਖਣਾ ਉਨ੍ਹਾਂ ਦਾ ਪਿਆਰਾ ਨਿੱਤ-ਨੇਮ ਹੈ। ਮਾਸ, ਸ਼ਰਾਬ ਆਦਿ ਚੀਜ਼ਾਂ ਦੀ ਵਰਤੋਂ ਦੇ ਕੱਟੜ ਵਿਰੋਧੀ ਹਨ। ਇਕ ਪੱਗ, ਲੰਮਾ ਕੁੜਤਾ ਅਤੇ ਇਕ ਕੱਛ, ਇਹੀ ਉਨ੍ਹਾਂ ਦਾ ਪਹਿਰਾਵਾ ਹੈ। ਇਕ ਕੰਬਲ ਅਤੇ ਇਕ ਕਾਰਮੰਡਲ ਅਤੇ ਇਕ ਟਕੂਆ, ਜਿਸ ਨੂੰ ਉਹ 'ਸਫਾ ਜੰਗ' ਕਹਿੰਦੇ ਹਨ, ਇਹ ਉਨ੍ਹਾਂ ਦਾ ਸਾਮਾਨ ਹੈ। ਗਲ ਵਿਚ ਸੋਨੇ ਦੀ ਬਣੀ ਇਕ ਸੁਹਣੀ ਮਾਲਾ ਰਹਿੰਦੀ ਹੈ। ਇਕ ਖ਼ਾਸ ਮਸਤਾਨਾ ਦਲ ਹੁੰਦਾ ਹੈ। ਉਹ ਸ਼ਬਦ ਕੀਰਤਨ ਕਰਦਿਆਂ ਇਕਦਮ ਸੁੱਧ-



Sri Satguru Jagjit Singh Ji Elibrary NamdhariElibrary@gmail.com

ਬੁੱਧ ਭੁੱਲ ਜਾਂਦੇ ਹਨ। ਇਨ੍ਹਾਂ ਦੇ ਕੀਰਤਨ ਨਾਲ ਹਰ ਇਕ ਵਿਅਕਤੀ ਪ੍ਰਫੁੱਲਤ ਅਤੇ ਰੋਮਾਂਚਿਤ ਜਿਹਾ ਹੋ ਜਾਂਦਾ ਹੈ। ਖ਼ੂਨ ਖੌਲਣ ਲੱਗਦਾ ਹੈ। ਅੱਖਾਂ ਵਿਚ ਪ੍ਰੇਮ ਅਤੇ ਭਗਤੀ ਦੇ ਹੰਝੂ ਆ ਜਾਂਦੇ ਹਨ।

ਗਿਆਰਵੇਂ ਅਤੇ ਬਾਹਰਵੇਂ ਗੁਰੂ ਵਿਚ ਵਿਸ਼ਵਾਸ ਰੱਖਣ ਕਾਰਨ ਅਤੇ ਮਾਸ-ਸ਼ਰਾਬ ਦੇ ਕੱਟੜ ਵਿਰੋਧੀ ਹੋਣ ਕਾਰਨ ਉਹ ਬਾਕੀ ਸਿੱਖ ਸਮਾਜ ਤੋਂ ਅਲੱਗ ਹਨ। ਇਨ੍ਹਾਂ ਵਿਚ ਸਮਾਨਤਾ ਦਾ ਭਾਵ ਪ੍ਰਬਲ ਹੁੰਦਾ ਹੈ। ਹੋਲੀ ਆਦਿ ਦੇ ਅਵਸਰਾਂ 'ਤੇ ਉਨ੍ਹਾਂ ਦੇ ਖ਼ਾਸ ਤਿਉਹਾਰ ਹੁੰਦੇ ਹਨ, ਜਿਥੇ ਕਿ ਖ਼ੂਬ ਹੋਮ-ਜੱਗ ਹੁੰਦਾ ਹੈ। ਬਾਕੀ ਸਿੱਖ ਇਸ ਦੇ ਵਿਰੋਧੀ ਹਨ, ਕੂਕੇ ਆਪਣੇ ਆਪ ਨੂੰ ਹਿੰਦੂ ਮੰਨਦੇ ਹਨ ; ਬਾਕੀ ਸਿੱਖ ਨਹੀਂ। ਪਿਛਲੇ ਅਕਾਲੀ ਮੋਰਚੇ ਦੇ ਦਿਨਾਂ ਵਿਚ ਉਨ੍ਹਾਂ ਅਕਾਲੀਆਂ ਦੀ ਵਿਰੋਧਤਾ ਕੀਤੀ ਸੀ, ਜਿਸ ਨਾਲ ਉਨ੍ਹਾਂ ਦੀ ਸਥਿਤੀ ਕੁਝ ਖ਼ਰਾਬ ਹੋ ਗਈ। ਫਿਰ ਵੀ ਉਹ ਆਪਣੇ ਢੰਗ ਦੇ ਨਿਰਾਲੇ ਲੋਕ ਹਨ। ਉਨ੍ਹਾਂ ਨੂੰ ਦੇਖ ਉਸ ਅੱਧਖਿੜੇ ਫੁੱਲ ਦੀ ਯਾਦ ਆ ਜਾਂਦੀ ਹੈ ਜੋ ਖਿੜਦਿਆਂ ਹੀ ਮਸਲ ਦਿੱਤਾ ਗਿਆ ਹੋਵੇ। ਗੁਰੂ ਰਾਮ ਸਿੰਘ ਜੀ ਦੀਆਂ ਹਸਰਤਾਂ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ ਸਨ। ਉਨ੍ਹਾਂ ਦੇ ਬਾਕੀ ਸਾਰੇ ਚੇਲਿਆਂ ਦਾ ਬਲੀਦਾਨ ਵੀ ਭੁੱਲ ਗਿਆ। ਉਨ੍ਹਾਂ ਅਨਜਾਣੇ ਲੋਕਾਂ ਦੇ ਬਲੀਦਾਨਾਂ ਦਾ ਨਿਕਲਿਆ ਕੀ ਸਿੱਟਾ, ਸੋਈ ਰੱਬ ਜਾਣੇ। ਪਰ ਅਸੀਂ ਉਨ੍ਹਾਂ ਦੀ ਸਫਲਤਾ ਬਲੀਦਾਨ ਦੀ ਯਾਦ ਵਿਚ ਨਮਸਕਾਰ ਕਰਦੇ ਹਾਂ।

—ਬੀ.ਐੱਸ. ਸੰਧੂ

* * *

## 21. ਜੁੱਗ ਗਰਦੀ ਦਾ ਅਗਨੀ-ਕੁੰਡ ਪੰਜਾਬ ਦੀਆਂ ਰਾਜ ਪਲਟਾਊ ਲਹਿਰਾਂ ਦਾ ਇਤਿਹਾਸ ਰਾਜ-ਪਲਟੌਣ ਦੀ ਪਹਿਲੀ ਕੋਸ਼ਿਸ਼ ਕੂਕਾ ਬਗ਼ਾਵਤ

*(ਵਿਦਰੋਹੀ)*

[ਅਕਤੂਬਰ, 1928 ਵਿਚ "ਕਿਰਤੀ" ਮਾਸਕ ਪੱਤਰ ਵਿਚ ਦੁਬਾਰਾ ਫਿਰ ਭਗਤ ਸਿੰਘ ਨੇ 'ਜੁਗ ਗਰਦੀ ਦੇ ਅਗਨੀ ਕੁੰਡ' ਦੇ ਸਿਰਲੇਖ ਹੇਠ ਪੰਜਾਬ ਦੀਆਂ ਰਾਜ ਪਲਟਾਊ ਲਹਿਰਾਂ ਦਾ ਇਤਿਹਾਸ, ਦੇ ਨਾਂ ਹੇਠ ਲੇਖ ਲਿਖੇ। ਜਿਸ ਦੇ ਅੰਦਰ ਫਿਰ ਉਨ੍ਹਾਂ ਕੂਕਾ ਬਗ਼ਾਵਤ 'ਤੇ ਇਕ ਲੇਖ ਲਿਖਿਆ। ਵਿਦਰੋਹੀ ਦਾ ਕਲਮੀ ਨਾਂ ਇਸ ਲੇਖ ਹੇਠ ਇਥੇ ਦਿੱਤਾ ਗਿਆ ਸੀ।—ਸੰਪਾਦਕ]

ਅੱਜ ਅਸੀਂ ਪੰਜਾਬ ਦੀ ਰਾਜ-ਪਲਟਾਊ ਲਹਿਰ ਅਤੇ ਪੋਲੀਟੀਕਲ ਜਾਗ੍ਰਿਤਾ ਦਾ ਇਤਿਹਾਸ ਪਾਠਕਾਂ ਅੱਗੇ ਰੱਖ ਰਹੇ ਹਾਂ। ਪੰਜਾਬ ਵਿਚ ਸਭ ਤੋਂ ਪਹਿਲੀ ਪੋਲੀਟੀਕਲ ਹਲਚਲ ਕੂਕਾ ਤਹਿਰੀਕ ਨਾਲ ਪੈਦਾ ਹੁੰਦੀ ਹੈ। ਉਂਝ ਤਾਂ ਉਹ ਤਹਿਰੀਕ ਮਜ਼ਹਬੀ ਜਿਹੀ ਨਜ਼ਰ ਆਉਂਦੀ ਹੈ, ਪਰ ਜ਼ਰਾ ਗ਼ੌਰ ਨਾਲ ਦੇਖੀਏ ਤਾਂ ਉਹ ਬੜੀ ਭਾਰੀ ਪੋਲੀਟੀਕਲ ਲਹਿਰ ਸੀ, ਜਿਸ ਵਿਚ ਕਿ ਮਜ਼ਬ ਭੀ ਮਿਲਿਆ ਸੀ, ਜਿਸ ਤਰ੍ਹਾਂ ਕਿ ਸਿੱਖ ਤਹਿਰੀਕ ਪਹਿਲੋਂ ਧਾਰਮਿਕ ਪੋਲੀਟੀਕਲ ਮਿਲੀ ਹੋਈ ਸੀ। ਖ਼ੈਰ ! ਅਸੀਂ ਦੇਖਦੇ ਹਾਂ ਕਿ ਸਾਡੀ ਆਪੋ ਵਿਚੀ ਦੀ ਫ਼ਿਕਰੇਬੰਦੀ ਅਤੇ ਤੰਗਦਿਲੀ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਆਪਣੇ ਬੜੇ-ਬੜੇ ਮਹਾਪੁਰਸ਼ਾਂ ਨੂੰ ਇਸ ਤਰ੍ਹਾਂ ਭੁਲਾ ਦਿੰਦੇ ਹਾਂ, ਜਿਵੇਂ ਕਿ ਉਹ ਹੋਏ ਹੀ ਨਾ ਹੋਣ, ਜਾਂ ਉਨ੍ਹਾਂ ਦੀ ਕੋਈ ਇਤਿਹਾਸ ਵਿਚ ਉੱਚੀ ਥਾਂ ਹੀ ਨਾ ਹੋਵੇ। ਇਹੋ ਹਾਲਤ ਅਸੀਂ ਆਪਣੇ ਬੜੇ ਭਾਰੇ ਮਹਾਪੁਰਸ਼ 'ਗੁਰੂ' ਰਾਮ ਸਿੰਘ ਦੇ ਬਾਰੇ ਵਿਚ ਦੇਖਦੇ ਹਾਂ। ਅਸੀਂ 'ਗੁਰੂ' ਨਹੀਂ ਕਹਿ ਸਕਦੇ ਅਤੇ ਉਹ ਗੁਰੂ ਕਹਿੰਦੇ ਹਨ। ਇਸ



Sri Satguru Jagjit Singh Ji Elibrary NamdhariElibrary@gmail.com

ਕਰਕੇ ਸਾਡਾ ਉਨ੍ਹਾਂ ਨਾਲ ਕੋਈ ਤਅਲੱਕ ਨਹੀਂ, ਵਗ਼ੈਰਾ ਗੱਲਾਂ ਕਹਿ ਕੇ ਅਸੀਂ ਉਨ੍ਹਾਂ ਨੂੰ ਪਰ੍ਹਾਂ ਸੁੱਟ ਦਿੱਤਾ ਹੋਇਆ ਹੈ। ਇਹੋ ਹੀ ਪੰਜਾਬ ਦਾ ਸਭ ਤੋਂ ਵੱਡਾ ਘਾਟਾ ਹੈ। ਬੰਗਾਲ ਦੇ ਜਿਤਨੇ ਵੀ ਵੱਡੇ-ਵੱਡੇ ਆਦਮੀ ਹੋਏ ਹਨ, ਉਨ੍ਹਾਂ ਦੀਆਂ ਹਰ ਸਾਲ ਬਰਸੀਆਂ ਮਨਾਈਆਂ ਜਾਂਦੀਆਂ ਹਨ, ਸਾਰੇ ਅਖ਼ਬਾਰਾਂ ਵਿਚ ਉਨ੍ਹਾਂ ਦੇ ਮਜ਼ਮੂਨ ਲਿਖੇ ਜਾਂਦੇ ਹਨ। ਇਹ ਸਮਝਿਆ ਜਾਂਦਾ ਹੈ। ਮੌਕਾ ਮਿਲਿਆ ਤੇ ਇਸ ਪੁਰ ਮੁੜ ਵਿਚਾਰ ਕਰਾਂਗੇ ਅਤੇ ਜੋ ਮਸਾਲਾ ਮਿਲਿਆ, ਉਹ ਪਾਠਕਾਂ ਅੱਗੇ ਰੱਖਾਂਗੇ।

ਪੰਜਾਬ ਨੂੰ ਸੁੱਤਿਆਂ ਥੋੜ੍ਹਾ ਹੀ ਚਿਰ ਹੋਇਆ ਸੀ ਪਰ ਨੀਂਦਰ ਖ਼ੂਬ ਘੂਕ ਆਈ। ਪਰ ਹੁਣ ਮੁੜ ਹੋਸ਼ ਵਿਚ ਔਣ ਲੱਗ ਪਿਆ। ਬੜੀ ਭਾਰੀ ਤਹਿਰੀਕ ਉੱਠੀ। ਉਸਨੂੰ ਦਬੌਣ ਦੀ ਕੋਸ਼ਿਸ਼ ਕੀਤੀ ਗਈ। ਕੁਝ ਰੱਬ ਨੇ ਸਾਮਾਨ ਵੀ ਐਸੇ ਹੀ ਪੈਦਾ ਕਰ ਦਿੱਤੇ। ਉਹ ਤਹਿਰੀਕ ਵੀ ਕੁਚਲ ਦਿੱਤੀ ਗਈ। ਉਸ ਤਹਿਰੀਕ ਦਾ ਨਾਂ ਸੀ 'ਕੂਕਾ ਲਹਿਰ', ਕੁਝ ਮਜ਼ਹਬੀ, ਕੁਝ ਸਮਾਜਿਕ ਰੰਗ-ਰੂਪ ਰੱਖਦਿਆਂ ਹੋਇਆਂ ਵੀ ਉਹ ਤਹਿਰੀਕ ਇਕ ਰਾਜ-ਪਲਟਾਊ ਨਹੀਂ, ਜੋ ਜੁਗ ਪਲਟਾਊ ਤਹਿਰੀਕ ਸੀ।

ਚੂੰਕਿ ਹੁਣ ਤੀਕ ਸਭਨਾਂ ਤਹਿਰੀਕਾਂ ਦਾ ਇਤਿਹਾਸ ਇਹੋ ਹੀ ਦੱਸਦਾ ਸੀ ਕਿ ਆਜ਼ਾਦੀ ਵਾਸਤੇ ਲੜਨ ਵਾਲੇ ਲੋਕਾਂ ਦੀ ਜਮਾਇਤ ਇਕ ਵੱਖਰੀ ਬਣ ਜਾਇਆ ਕਰਦੀ ਸੀ, ਜਿਨ੍ਹ ਵਿਚ ਨਾ ਦੁਨੀਆ ਦਾ ਮੋਹ ਹੁੰਦਾ ਸੀ ਤੇ ਨਾ ਪਾਖੰਡੀ ਸਾਧੂਆਂ ਵਰਗਾ ਦੁਨੀਆ ਦਾ ਤਿਆਰ ਹੀ। ਜੋ ਸਿਪਾਹੀ ਤਾਂ ਹੁੰਦੇ ਸਨ, ਪਰ ਤਨਖ਼ਾਹਾਂ ਖ਼ਾਤਰ ਲੜਨ ਵਾਲੇ ਨਹੀਂ, ਬਲਕਿ ਕੇਵਲ ਆਪਣੇ ਫਰਜ਼ ਲਈ ਕਹੋ, ਜਾਂ ਕਿਸੇ ਕੰਮ ਲਈ ਕਹੋ, ਉਹ ਨਿਸ਼ਕਾਮ ਭਾਵ ਨਾਲ ਲੜਦੇ ਅਤੇ ਮਰਦੇ ਸਨ। ਸਿੱਖ ਇਤਿਹਾਸ ਇਹੋ ਕੁਝ ਸੀ, ਮਰਹੱਟਿਆਂ ਦੀ ਤਹਿਰੀਕ ਵੀ ਇਹੋ ਕੁਝ ਦੱਸਦਾ ਹੈ। ਰਾਣਾ ਪ੍ਰਤਾਪ ਦੇ ਸਾਥੀ ਰਾਜਪੂਤ ਇਸੇ ਹੀ ਤਰ੍ਹਾਂ ਦੇ ਲੜਾਕੇ ਸਨ। ਬੁੰਦੇਲਖੰਡ ਦੇ ਵੀਰ ਛਤਰਸਾਲ ਦੇ ਸਾਥੀ ਵੀ ਐਸੇ ਹੀ ਸਨ।

ਐਸੇ ਹੀ ਲੋਕਾਂ ਦੀ ਇਕ ਜਮਾਇਤ ਪੈਦਾ ਕਰਨ ਵਾਸਤੇ ਬਾਬਾ ਰਾਮ ਸਿੰਘ ਨੇ ਪ੍ਰਚਾਰ ਅਤੇ ਜਥੇਬੰਦੀ ਸ਼ੁਰੂ ਕੀਤੀ। ਬਾਬਾ ਰਾਮ ਸਿੰਘ ਦਾ ਜਨਮ 1824 ਵਿਚ ਲੁਧਿਆਣੇ ਜ਼ਿਲੇ ਵਿਚ ਭੈਣੀ ਨਗਰ ਵਿਚ ਹੋਇਆ। ਆਪ ਦਾ ਜਨਮ ਤਰਖਾਣ ਘਰਾਣੇ ਵਿਚ ਹੋਇਆ। ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਨੌਕਰੀ ਕੀਤੀ। ਪ੍ਰਮਾਤਮਾ ਦੀ ਭਗਤੀ ਜ਼ਿਆਦ ਹੋਣ ਕਰਕੇ ਨੌਕਰੀ-ਨੁਕਰੀ ਛੱਡ ਕੇ ਪਿੰਡ ਜਾ ਰਹੇ। ਨਾਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ।

1857 ਦੇ ਗ਼ਦਰ ਵਿਚ ਜੋ ਜੋ ਜ਼ੁਲਮ ਹੋਏ ਸਨ, ਉਹ ਸਭ ਦੇਖ ਕੇ ਅਤੇ ਪੰਜਾਬ ਦੀ ਗ਼ਦਾਰੀ ਦੇਖ ਕੇ ਕੁਝ ਕੁ ਅਸਰ ਜ਼ਰੂਰ ਹੋਇਆ ਹੋਣਾ ਹੈ। ਗੱਲ ਕੀ ਕਿ ਬਾਬਾ ਰਾਮ ਸਿੰਘ ਹੋਰੀਂ ਉਪਦੇਸ਼ ਸ਼ੁਰੂ ਕਰਾ ਦਿੱਤਾ। ਨਾਲ-ਨਾਲ ਦੱਸਦੇ ਚਲੇ ਗਏ ਕਿ ਫਰੰਗੀ ਕੋਲੋਂ ਪੰਜਾਬ ਦਾ ਛੁਟਕਾਰਾ ਕਰੌਣਾ ਬੜਾ ਜ਼ਰੂਰੀ ਹੈ। ਉਨ੍ਹਾਂ ਦਾ ਓਦੋਂ ਹੀ ਉਸ ਨਾਮਿਲਵਰਤਣ ਦਾ ਪ੍ਰਚਾਰ ਕੀਤਾ, ਜਿਵੇਂ ਕਿ 1920 ਵਿਚ ਮਹਾਤਮਾ ਗਾਂਧੀ ਨੇ ਕੀਤਾ। ਉਨ੍ਹਾਂ ਦੇ ਪ੍ਰੋਗਰਾਮ ਵਿਚ ਅੰਗਰੇਜ਼ੀ ਰਾਜ ਦੀ ਤਾਲੀਮ ਨੌਕਰੀ ਕਚਿਹਰੀਆਂ ਆਦਿ ਦਾ ਅਤੇ ਬਦੇਸ਼ੀ ਚੀਜ਼ਾਂ ਦਾ ਬਾਈਕਾਟ ਤਾਂ ਹੈ ਹੀ ਸੀ, ਨਾਲ ਹੀ ਰੇਲ ਅਤੇ ਤਾਰ ਦਾ ਵੀ ਬਾਈਕਾਟ ਕੀਤਾ ਗਿਆ ਸੀ।

ਪਹਿਲੋਂ-ਪਹਿਲ ਕੇਵਲ ਨਾਮ ਦਾ ਹੀ ਉਪਦੇਸ਼ ਹੁੰਦਾ ਸੀ। ਹਾਂ ! ਇਤਨਾ ਜ਼ਰੂਰ ਕਿਹਾ ਜਾਂਦਾ ਸੀ ਕਿ ਸ਼ਰਾਬ ਮਾਸ ਦਾ ਇਸਤੇਮਾਲ ਬੰਦ ਕਰ ਦਿੱਤਾ ਜਾਵੇ। ਲੜਕੀਆਂ ਆਦਿ ਵੇਚਣ ਦੀਆਂ ਸਮਾਜਿਕ ਕੁਰੀਤੀਆਂ ਦੇ ਬਰਖ਼ਿਲਾਫ਼ ਵੀ ਪ੍ਰਚਾਰ ਹੁੰਦਾ ਸੀ ਪਰ ਪਿਛੋਂ ਉਹਨਾਂ ਦਾ ਪ੍ਰਚਾਰ ਪੋਲੀਟੀਕਲ ਰੰਗ ਵਿਚ ਰੰਗਿਆ ਗਿਆ।

ਪੰਜਾਬ ਸਰਕਾਰ ਦੇ ਪੁਰਾਣੇ ਕਾਗਜ਼ਾਂ ਵਿਚ ਇਕ ਸਵਾਮੀ ਰਾਮ ਦਾਸ ਦਾ ਜ਼ਿਕਰ ਆਉਂਦਾ ਹੈ, ਜਿਸਨੂੰ ਕਿ ਸਰਕਾਰ ਅੰਗਰੇਜ਼ੀ ਇਕ ਪੋਲੀਟੀਕਲ ਆਦਮੀ ਸਮਝਦੀ ਸੀ ਅਤੇ ਜਿਸ ਦੀ



Sri Satguru Jagjit Singh Ji Elibrary NamdhariElibrary@gmail.com

ਦੇਖ-ਰੇਖ ਰੱਖੀ ਜਾਂਦੀ ਸੀ। 1857 ਦੇ ਬਾਦ ਜਲਦੀ ਹੀ ਉਸ ਦਾ ਰੂਸ ਵਲ ਜਾਣ ਦਾ ਪਤਾ ਲਗਦਾ ਹੈ। ਮੁੜ ਕੋਈ ਖ਼ਬਰ ਨਹੀਂ ਮਿਲਦੀ। ਉਸੀ ਆਦਮੀ ਦੇ ਮੁਤੱਲਕ ਕਿਹਾ ਜਾਂਦਾ ਹੈ ਕਿ ਉਸ ਨੇ ਇਕ ਦਿਨ ਬਾਬਾ ਰਾਮ ਸਿੰਘ ਨੂੰ ਕਿਹਾ ਕਿ ਹੁਣ ਪੰਜਾਬ ਵਿਚ ਰਾਜਨੀਤਿਕ ਪ੍ਰੋਗਰਾਮ ਅਤੇ ਪ੍ਰਚਾਰ ਦੀ ਲੋੜ ਹੈ। ਇਸ ਵੇਲੇ ਮੁਲਕ ਨੂੰ ਆਜ਼ਾਦ ਕਰਾਉਣਾ ਬੜਾ ਜ਼ਰੂਰੀ ਹੈ। ਉਸ ਵੇਲੇ ਤੋਂ ਆਪ ਨੇ ਸਾਫ਼ ਤੌਰ 'ਤੇ ਆਪਣੇ ਉਪਦੇਸ਼ ਵਿਚ ਇਸ ਨਾ ਮਿਲਵਰਤਨ ਨੂੰ ਸ਼ਾਮਲ ਕਰ ਲਿਆ।

ਟੀ.ਡੀ. ਫਾਰਸਿਥ ਨੇ, ਜੋ ਕਿ 1863 ਵਿਚ ਪੰਜਾਬ ਸਰਕਾਰ ਦੇ ਚੀਫ ਸਕੱਤਰ ਸਨ, ਆਪਣੀ ਜੀਵਨੀ ਵਿਚ ਲਿਖਿਆ ਹੈ ਕਿ 1863 ਵਿਚ ਹੀ ਮੈਂ ਸਮਝ ਗਿਆ ਸੀ ਕਿ ਏਹ ਮਜ਼ਹਬੀ ਜੇਹੀ ਤਹਿਰੀਕ ਕਿਸੇ ਦਿਨ ਬੜਾ ਭੜਥੂ ਪਾ ਦੇਊਗੀ। ਇਸ ਕਰਕੇ ਉਸ ਭੈਣੀ ਦੇ ਗੁਰਦੁਆਰੇ ਬਹੁਤ ਆਦਮੀਆਂ ਦਾ ਔਣਾ ਜਾਣਾ ਅਤੇ ਇਕੱਠਾ ਹੋਣਾ ਬੰਦ ਕਰ ਦਿੱਤਾ। ਇਸ ਪੁਰ ਮਹਾਤਮਾ ਜੀ ਨੇ ਵੀ ਆਪਣਾ ਕੰਮ ਕਰਨ ਦਾ ਤਰੀਕਾ ਬਦਲ ਲਿਆ। ਪੰਜਾਬ ਦੇਸ਼ ਨੂੰ 22 ਜ਼ਿਲਿਆਂ ਵੰਡ ਲਿਆ। ਹਰੇਕ ਜ਼ਿਲੇ ਦਾ ਮੋਹਰੀ ਇਕ-ਇਕ ਆਦਮੀ ਮੁਕਰਰ ਕਰ ਦਿੱਤਾ ਜਿਸਨੂੰ ਕਿ ਸੂਬਾ ਕਿਹਾ ਜਾਂਦਾ ਸੀ। ਹੁਣ ਉਨ੍ਹਾਂ ਸੂਬਿਆਂ ਵਿਚ ਪ੍ਰਚਾਰ ਅਤੇ ਜਥੇਬੰਦੀ ਦਾ ਕੰਮ ਸ਼ੁਰੂ ਕਰ ਦਿੱਤਾ, ਪਰ ਗੁਪਤ ਤਰੀਕਿਆਂ ਨਾਲ ਆਜ਼ਾਦੀ ਦਾ ਪ੍ਰਚਾਰ ਵੀ ਸ਼ੁਰੂ ਕਰੀ ਰਖਿਆ, ਜਥੇਬੰਦੀ ਵਧਦੀ ਚਲੀ ਗਈ, ਹਰੇਕ ਨਾਮਧਾਰੀ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਆਪਣੇ ਧਰਮ ਲਈ ਕੰਮ ਕਰਨ ਲੱਗ ਪਿਆ ਪਰ ਬਾਹਰਲਾ ਰੌਲਾ-ਰੱਪਾ ਬੰਦ ਹੋ ਜਾਣ ਕਰਕੇ ਸਰਕਾਰ ਦਾ ਸ਼ੱਕ ਦੂਰ ਹੋ ਗਿਆ ਅਤੇ 1869 ਵਿਚ ਸਾਰੀਆਂ ਬੰਦਸ਼ਾਂ ਦੂਰ ਕਰ ਦਿੱਤੀਆਂ ਗਈਆਂ। ਬੰਦਸ਼ਾਂ ਦੂਰ ਹੁੰਦਿਆਂ ਹੀ ਵਾਹਵਾ ਜੋਸ਼ ਖਰੋਸ਼ ਵਧਿਆ।

ਇਕ ਦਿਨ ਕੁਝ ਕੂਕੇ ਅੰਮ੍ਰਿਤਸਰ ਵਿਚੋਂ ਲੰਘ ਰਹੇ ਸਨ। ਪਤਾ ਲੱਗਾ ਕਿ ਕਦੇ ਬੁੱਚੜ ਹਿੰਦੂਆਂ ਨੂੰ ਤੰਗ ਕਰਨ ਖਾਤਿਰ ਉਨ੍ਹਾਂ ਦੀਆਂ ਅੱਖੀਆਂ ਦੇ ਸਾਹਮਣੇ ਗਊ-ਹੱਤਿਆ ਕਰਦੇ ਹਨ। ਗਊ ਦੇ ਤਾਂ ਉਹ ਬੜੇ ਭਗਤ ਸਨ ਹੀ, ਰਾਤੋ ਰਾਤ ਸਾਰੇ ਬੁੱਚੜ ਮਾਰ ਸੁੱਟ ਅਤੇ ਭੈਣੀ ਦੀ ਰਾਹ ਫੜ ਲਈ। ਬਹੁਤ ਸਾਰੇ ਹਿੰਦੂ ਪਕੜੇ ਗਏ। ਗੁਰੂ ਜੀ ਨੇ ਸਾਰੀ ਕਹਾਣੀ ਸੁਣੀ। ਸਭ ਨੂੰ ਵਾਪਸ ਘੱਲ ਦਿੱਤਾ, ਕਿ ਨਿਰਦੋਸ਼ ਆਦਮੀਆਂ ਨੂੰ ਛਡੌਣ ਅਤੇ ਆਪਣਾ ਕਸੂਰ ਮੰਨ ਲੈਣ। ਇਸ ਤਰ੍ਹਾਂ ਹੋਇਆ, ਉਹ ਲੋਕੀਂ ਆ ਕੇ ਫ਼ਾਂਸੀ ਲੱਗ ਗਏ। ਇਹੋ ਜਿਹਾ ਹੀ ਕੋਈ ਵਾਕਿਆ ਫਿਰੋਜ਼ਪੁਰ ਜ਼ਿਲੇ ਵਿਚ ਵੀ ਹੋ ਗਿਆ। ਫ਼ਾਂਸੀਆਂ ਨਾਲ ਜੋਸ਼ ਹੋਰ ਵੀ ਵਧ ਗਿਆ। ਉਸ ਵੇਲੇ ਉਹਨਾਂ ਲੋਕਾਂ ਸਾਹਮਣੇ ਆਦਰਸ਼ ਸੀ, ਪੰਜਾਬ ਵਿਚ ਸਿੱਖ ਰਾਜ ਕਾਇਮ ਕਰਨਾ ਅਤੇ ਗਊ ਦੀ ਰੱਖਿਆ ਉਹ ਆਪਣਾ ਸਭ ਤੋਂ ਵੱਡਾ ਧਰਮ ਸਮਝਦੇ ਸਨ। ਇਸੇ ਆਦਰਸ਼ ਦੀ ਪੂਰਤੀ ਵਾਸਤੇ ਉਹ ਯਤਨ ਕਰਦੇ ਰਹੇ।

13 ਜਨਵਰੀ 1872 ਨੂੰ ਭੈਣੀ ਵਿਚ ਮਾਘੀ ਦਾ ਮੇਲਾ ਹੋਣ ਵਾਲਾ ਸੀ। ਦੂਰ-ਦੂਰ ਤੋਂ ਲੋਕ ਆ ਰਹੇ ਸਨ ! ਇਕ ਕੂਕਾ ਮਾਲੇਰਕੋਟਲੇ ਵਿਚੋਂ ਲੰਘ ਰਿਹਾ ਸੀ। ਇਕ ਮੁਸਲਮਾਨ ਨਾਲ ਝਗੜਾ ਹੋ ਜਾਣ ਪਰ ਉਸ ਨੂੰ ਪਕੜ ਕੇ ਕੋਤਵਾਲੀ ਵਿਚ ਲੈ ਗਏ ਅਤੇ ਉਸਨੂੰ ਬਹੁਤ ਮਾਰਿਆ ਪਿਟਿਆ ਅਤੇ ਇਕ ਬੈਲ ਉਸ ਦੇ ਸਾਹਮਣੇ ਕਤਲ ਕੀਤਾ ਗਿਆ। ਉਹ ਬੇਚਾਰਾ ਦੁਖੀ ਹੋਇਆ ਭੈਣੀ ਪੁੱਜਾ। ਉਥੇ ਜਾ ਕੇ ਉਸ ਨੇ ਆਪਣੀ ਦੁੱਖ-ਕਥਾ ਕਹਿ ਸੁਣਾਈ। ਲੋਕਾਂ ਨੂੰ ਬਹੁਤ ਜੋਸ਼ ਆ ਗਿਆ, ਬਦਲਾ ਲੈਣ ਦਾ ਖ਼ਿਆਲ ਜ਼ੋਰ ਪਕੜ ਗਿਆ। ਜਿਸ ਬਗ਼ਾਵਤ ਦਾ ਅੰਦਰੋਂ ਅੰਦਰੀਂ ਪ੍ਰਚਾਰ ਕੀਤਾ ਗਿਆ ਸੀ, ਉਹੀ ਖੜੀ ਕਰ ਦੇਣ ਦਾ ਖ਼ਿਆਲ ਜ਼ੋਰ ਫੜਨ ਲੱਗ ਪਿਆ ਪਰ ਹਾਲੇ ਮਰਜ਼ੀ ਮੁਤਾਬਿਕ ਤਿਆਰੀ ਵੀ ਨਹੀਂ ਸੀ ਹੋ ਸਕੀ। ਬਾਬਾ ਰਾਮ ਸਿੰਘ ਐਸੀ ਹਾਲਤ ਵਿਚ ਕੀ ਕਰਦੇ ? ਜੇ ਉਹਨਾਂ ਨੂੰ ਮਨ੍ਹਾਂ ਕਰਦੇ ਹਨ ਤਾਂ ਉਹ ਮੰਨਦੇ ਨਹੀਂ ਤੇ ਜੇ ਉਨ੍ਹਾਂ ਦਾ



Sri Satguru Jagjit Singh Ji Elibrary NamdhariElibrary@gmail.com

ਸਾਥ ਦਿੰਦੇ ਹਨ ਤਾਂ ਕੀਤਾ ਕਤਰਿਆ ਸਾਰਾ ਤਬਾਹ ਹੁੰਦਾ ਹੈ। ਕੀ ਕਰਨ ! ਆਖਰ ਜਦ ਉਹ 150 ਆਦਮੀ ਤੁਰ ਹੀ ਪਏ ਤਾਂ ਆਪਨੇ ਪੁਲਿਸ ਪਾਸ ਖ਼ਬਰ ਘੱਲ ਦਿਤੀ ਕਿ ਇਹ ਆਦਮੀ ਰੌਲਾ ਪਾ ਰਹੇ ਹਨ ਤੇ ਸ਼ਾਇਦ ਕੋਈ ਖ਼ਰਾਬੀ ਕਰਨ। ਮੈਂ ਜ਼ੁੰਮੇਵਾਰ ਨਹੀਂ ਹੋਵਾਂਗਾ। ਖ਼ਿਆਲ ਸੀ ਕਿ ਹਜ਼ਾਰਾਂ ਆਦਮੀਆਂ ਦੀ ਜਥੇਬੰਦੀ ਵਿਚੋਂ ਸੌ ਡੂਢ ਸੌ ਆਦਮੀ ਮਾਰੇ ਗਏ, ਤੇ ਬਾਕੀ ਜਥੇਬੰਦੀ ਬਚੀ ਰਹੀ ਤਾਂ ਇਹ ਕਮੀ ਤਾਂ ਮੁੜ ਪੂਰੀ ਹੋ ਜਾਵੇਗੀ ਤੇ ਜਲਦੀ ਹੀ ਫੇਰ ਸਭ ਤਿਆਰੀ ਹੋ ਜਾਣ ਪੁਰ ਬਗ਼ਾਵਤ ਹੋ ਸਕੇਗੀ। ਪਰ ਅਸੀਂ ਇਹ ਦੇਖਦੇ ਹਾਂ, ਕਿ ਦੁਨੀਆ ਵਿਚ End justifies the means (ਨਤੀਜੇ ਨਾਲ ਹੀ ਫੈਸਲਾ ਹੁੰਦਾ ਹੈ, ਕਿ ਤਰੀਕੇ ਜਾਇਜ਼ ਸਨ ਕਿ ਨਾਜਾਇਜ਼) ਵਾਲਾ ਅਸੂਲ ਰਾਜਨੀਤੀ ਦੇ ਮੈਦਾਨ ਵਿਚ ਆਮ ਤੌਰ 'ਤੇ ਲਾਗੂ ਹੁੰਦਾ ਹੈ। ਅਰਥਾਤ ਜੇ ਤੇ ਕਾਮਯਾਬੀ ਹੋ ਜਾਵੇ ਅਤੇ ਕੰਮ ਪੂਰਾ ਹੋ ਜਾਵੇ ਤਦ ਤੇ ਚਾਲਾਂ ਨੇਕ-ਨੀਅਤੀ ਦੀਆਂ ਭਰੀਆਂ ਹੋਈਆਂ ਅਤੇ ਸਮਝ ਸੋਚ ਕੇ ਚਲੀਆਂ ਗਈਆਂ ਕਹਾਉਂਦੀਆਂ ਹਨ ਤੇ ਜੇ ਕਿਧਰੇ ਹੋ ਜਾਵੇ ਨਾਕਾਮਯਾਬੀ, ਤੇ ਬਸ ਫੇਰ ਕੁਝ ਵੀ ਨਾ ! ਬੇਵਕੂਫ਼-ਬਦਨੀਅਤ ਆਦਿਕ ਖ਼ਿਤਾਬ ਲੀਡਰ ਨੂੰ ਮਿਲਦੇ ਹਨ। ਇਹੋ ਗੱਲ ਇਥੇ ਅਸੀਂ ਦੇਖਦੇ ਹਾਂ, ਜੋ ਚਾਲ ਰਾਮ ਸਿੰਘ ਨੇ ਆਪਣੀ ਤਹਿਰੀਕ ਨੂੰ ਬਚੌਣ ਖ਼ਾਤਰ ਚੱਲੀ ਸੀ, ਉਹ ਚੂੰਕਿ ਕਾਮਯਾਬ ਨਾ ਹੋਈ ਇਸ ਕਰਕੇ ਹੁਣ ਉਨ੍ਹਾਂ ਨੂੰ ਕੋਈ ਕਾਇਰ ਅਤੇ ਬੁਜ਼ਦਿਲ ਕਹਿੰਦਾ ਹੈ, ਕੋਈ ਬਦਨੀਅਤ ਅਤੇ ਕਮਜ਼ੋਰ ਕਹਿੰਦਾ ਹੈ। ਖ਼ੈਰ !

ਅਸੀਂ ਤਾਂ ਸਮਝਦੇ ਹਾਂ ਕਿ ਉਹ ਰਾਜਨੀਤੀ ਦੀ ਇਕ ਚਾਲ ਸੀ। ਉਹਨਾਂ ਪੁਲਿਸ ਨੂੰ ਖ਼ਬਰ ਦਿੱਤੀ, ਤਾਂ ਕਿ ਉਹ ਕੋਈ ਐਸਾ ਇਲਾਜ ਕਰ ਲੈਣ ਜਿਸ ਨਾਲ ਕੋਈ ਬੜੀ ਖ਼ਰਾਬੀ ਪੈਦਾ ਨਾ ਹੋ ਸਕੇ, ਪਰ ਸਰਕਾਰ ਉਨ੍ਹਾਂ ਦੀ ਏਸ ਵੱਡੀ ਭਾਰੀ ਤਹਿਰੀਕ ਕੋਲੋਂ ਬਹੁਤ ਡਰਦੀ ਸੀ ਅਤੇ ਉਸ ਨੂੰ ਪੀਹ ਸੁੱਟਣ ਦਾ ਮੌਕਾ ਚਾਹੁੰਦੀ ਸੀ। ਉਨ੍ਹਾਂ ਕੋਈ ਖ਼ਾਸ ਕਾਰਵਾਈ ਨਾ ਕੀਤੀ ਅਤੇ ਉਹਨਾਂ ਨੂੰ ਮਰਜ਼ੀ ਮੁਤਾਬਿਕ ਜਾਣ ਦਿੱਤਾ ਗਿਆ।

ਪਰ 15 ਜਨਵਰੀ ਦੇ ਖ਼ਤ ਵਿਚ ਮਿ. ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਇਹ ਗੱਲ ਕਮਿਸ਼ਨਰ ਨੇ ਲਿਖ ਘੱਲੀ ਕਿ ਰਾਮ ਸਿੰਘ ਨੇ ਉਨ੍ਹਾਂ ਲੋਕਾਂ ਨਾਲ ਬੇਤੁਅਲਕੀ ਜ਼ਾਹਿਰ ਕੀਤੀ ਹੈ ਅਤੇ ਉਹਨਾਂ ਦੇ ਮੁਤਅਲਿਕ ਸਾਨੂੰ ਵੀ ਖ਼ਬਰਦਾਰ ਕਰ ਦਿੱਤਾ ਹੈ। ਖ਼ੈਰ ! ਉਹ 150 ਨਾਮਧਾਰੀ ਸਿੰਘ ਉਥੋਂ ਬੜੇ ਜੋਸ਼ ਖਰੋਸ਼ ਨਾਲ ਚੱਲ ਪਏ।

ਜਦੋਂ ਉਹ 150 ਆਦਮੀ ਉਥੋਂ ਬਦਲਾ ਲੈਣ ਦੇ ਵਿਚਾਰ ਨਾਲ ਟੁਰ ਪਏ, ਤਦੋਂ ਪੁਲਿਸ ਨੂੰ ਪਹਿਲੋਂ ਹੀ ਦਸਿਆ ਜਾ ਚੁਕਾ ਸੀ ਪਰ ਸਰਕਾਰ ਨੇ ਕੋਈ ਬੰਦੋਬਸਤ ਨਾ ਕੀਤਾ। ਕਿਉਂ ? ਕਿਉਂਕਿ ਉਹ ਚਾਹੁੰਦੇ ਸੀ ਕਿ ਕੋਈ ਛੋਟੀ-ਮੋਟੀ ਖ਼ਰਾਬੀ ਹੋ ਜਾਵੇ ਤੇ ਬਹਾਨਾ ਮਿਲ ਜਾਵੇ, ਜਿਸ ਨਾਲ ਕਿ ਉਹ ਉਸ ਸਾਰੀ ਤਹਿਰੀਕ ਨੂੰ ਪੀਹ ਸੁਟਣ। ਸੋ ਹੁਣ ਮਿਲ ਗਿਆ।

ਉਹ ਕੂਕੇ ਬੀਰ ਉਦਣ ਤਾਂ ਪਟਿਆਲਾ ਰਾਜ ਦੀ ਹੱਦ 'ਤੇ ਇਕ ਪਿੰਡ ਰੱਬੋਂ ਵਿਚ ਪਏ ਰਹੇ। ਅਗਲੇ ਦਿਨ ਵੀ ਉਹ ਉਥੇ ਹੀ ਟਿਕੇ ਰਹੇ। 14 ਜਨਵਰੀ 1872 ਦੀ ਸ਼ਾਮ ਨੂੰ ਉਹਨਾਂ ਨੇ ਮਲੌਦ ਕਿਲ੍ਹੇ 'ਤੇ ਧਾਵਾ ਬੋਲ ਦਿੱਤਾ। ਉਹ ਕਿਲ੍ਹਾ ਕੁਝ ਸਿੱਖ ਸਰਦਾਰਾਂ ਦਾ ਹੈ ਪਰ ਇਨ੍ਹਾਂ ਇਸ ਪੁਰ ਹਮਲਾ ਕਿਉਂ ਕੀਤਾ ? ਏਸ ਬਾਰੇ ਇਕ ਡਿਸਟ੍ਰਿਕਟ ਗੈਜ਼ੇਟਿਅਰ ਵਿਚ ਲਿਖਿਆ ਹੋਇਆ ਹੈ ਕਿ ਉਨ੍ਹਾਂ ਨੂੰ ਉਮੀਦ ਸੀ ਕਿ ਮਲੌਦ ਸਰਦਾਰ ਉਨ੍ਹਾਂ ਦੇ ਬਗ਼ਾਵਤ ਵਿਚ ਲੀਡਰ ਬਨਣਗੇ। ਪਰ ਉਹਨਾਂ ਨਾਂਹ ਕਰ ਦਿੱਤੀ ਅਤੇ ਇਹਨਾਂ ਹਮਲਾ ਕਰ ਦਿੱਤਾ। ਬਹੁਤ ਮੁਮਕਿਨ ਹੈ ਕਿ ਬਾਬਾ ਰਾਮ ਸਿੰਘ ਦੀ ਬੜੀ ਭਾਰੀ ਤਿਆਰੀ ਵਿਚ ਮਲੌਦ ਸਰਦਾਰ ਮਦਦ ਦੇਣ ਦਾ ਵਾਇਦਾ ਕੀਤਾ ਹੀ ਹੋਵੇ ਪਰ ਜਦੋਂ, ਉਨ੍ਹਾਂ ਦੇਖਿਆ ਕਿ ਬਗ਼ਾਵਤ ਤਾਂ ਅਗੇਤਰੀ ਹੀ ਉੱਠ ਖਲੋਤੀ ਹੈ, ਅਤੇ ਬਾਬਾ ਰਾਮ ਸਿੰਘ ਹੋਰੀਂ ਵੀ ਨਾਲ ਨਹੀਂ ਅਤੇ ਸਾਰੀਆਂ ਸੰਗਤਾਂ ਵੀ ਸੱਦੀਆਂ



Sri Satguru Jagjit Singh Ji Elibrary NamdhariElibrary@gmail.com

ਨਹੀਂ ਗਈਆਂ, ਤਦੋਂ ਉਨ੍ਹਾਂ ਨਾਂਹ ਕਰ ਦਿੱਤੀ ਹੋਵੇ। ਖ਼ੈਰ ! ਜੋ ਕੁਝ ਵੀ ਹੋਵੇ ਉਥੇ ਲੜਾਈ ਹੋਈ। ਕੁਝ ਘੋੜੇ, ਹਥਿਆਰ ਅਤੇ ਤੋਪ ਲੈ ਕੇ ਉਹ ਉਥੋਂ ਚਲੇ ਗਏ। ਦੋਹਾਂ ਪਾਸਿਆਂ ਦੇ ਦੋ-ਦੋ ਆਦਮੀ ਮਰ ਗਏ ਤੇ ਕੁਝ ਫੱਟੜ ਹੋ ਗਏ।

ਅਗਲੇ ਦਿਨ ਸਵੇਰ ਨੂੰ 7 ਵਜੇ ਉਹ ਮਲੇਰਕੋਟਲੇ ਪੁੱਜ ਗਏ। ਅੰਗਰੇਜ਼ੀ ਸਰਕਾਰ ਨੇ ਮਲੇਰਕੋਟਲਾ ਸਰਕਾਰ ਨੂੰ ਪਹਿਲੋਂ ਹੀ ਇਤਲਾਹ ਦੇ ਦਿੱਤੀ ਸੀ। ਉਧਰ ਬੜੀਆਂ ਤਿਆਰੀਆਂ ਕੀਤੀਆਂ ਗਈਆਂ ਸਨ। ਫ਼ੌਜਾਂ ਹਥਿਆਰ ਲਈ ਖਲੋਤੀਆਂ ਸਨ ਪਰ ਇਹਨਾਂ ਵੀਰਾਂ ਐਡੀ ਬਹਾਦਰੀ ਨਾਲ ਹਮਲਾ ਕੀਤਾ ਕਿ ਫ਼ੌਜਾਂ 'ਤੇ ਪੁਲਿਸ ਦੀ ਕੋਈ ਪੇਸ਼ ਨਾ ਗਈ। ਹਮਲਾ ਕਰਕੇ ਉਹ ਸ਼ਹਿਰ ਦੇ ਅੰਦਰ ਘੁਸ ਗਏ ਅਤੇ ਜਾ ਕੇ ਮਹੱਲ 'ਤੇ ਹਮਲਾ ਕਰ ਦਿੱਤਾ। ਉਥੇ ਵੀ ਫ਼ੌਜਾਂ ਉਨ੍ਹਾਂ ਨੂੰ ਨਾ ਰੋਕ ਸਕੀਆਂ। ਉਹ ਜਾ ਕੇ ਖ਼ਜ਼ਾਨਾ ਭੰਨਣ ਲੱਗ ਪਏ। ਭੰਨ ਹੀ ਲਿਆ ਹੁੰਦਾ ਪਰ ਬਦਕਿਸਮਤੀ ਨਾਲ ਉਹ ਇਕ ਹੋਰ ਦਰਵਾਜ਼ਾ ਭੰਨਦੇ ਰਹੇ, ਜਿਸ ਨਾਲ ਕਿ ਉਨ੍ਹਾਂ ਦਾ ਬਹੁਤਾ ਸਾਰਾ ਵਕਤ ਜ਼ਾਇਆ ਹੋ ਗਿਆ ਅਤੇ ਅੰਦਰੋਂ ਕੁਝ ਵੀ ਨਾ ਮਿਲਿਆ।

ਉਧਰੋਂ ਫ਼ੌਜ ਨੇ ਬੜੇ ਜ਼ੋਰਾਂ ਨਾਲ ਧਾਵਾ ਬੋਲ ਦਿੱਤਾ। ਆਖ਼ਿਰ ਲੜਦਿਆਂ-ਲੜਦਿਆਂ ਉਨ੍ਹਾਂ ਨੂੰ ਉਥੋਂ ਮੁੜਨਾ ਪਿਆ। ਉਸ ਲੜਾਈ ਵਿਚ ਉਹਨਾਂ ਨੇ 8 ਸਿਪਾਹੀ ਮਾਰੇ ਅਤੇ 15 ਜ਼ਖਮੀ ਕੀਤੇ। ਉਨ੍ਹਾਂ ਦੇ ਸੱਤ ਆਦਮੀ ਮਾਰੇ ਗਏ। ਉਥੇ ਵੀ ਕੁਝ ਹਥਿਆਰ ਅਤੇ ਕੁਝ ਘੋੜੇ ਲੈ ਕੇ ਭੱਜ ਵੱਗੇ ਐੱਗੇ-ਐੱਗੇ ਉਹ ਤੇ ਪਿੱਛੇ-ਪਿੱਛੇ ਮਲੇਰਕੋਟਲੇ ਦੀ ਫ਼ੌਜ। ਅਤੇ

**A sort of running fight was kept along, shots fired, and many more kookas were wounded till both the parties reached the villiage of Rurir in the Patiala State, the Kookas carring most of the wounded with them.**

ਯਾਨੀ ਨਾਲੇ ਭੱਜਦੇ ਜਾਂਦੇ ਸਨ ਤੇ ਨਾਲੇ ਲੜਦੇ ਜਾਂਦੇ ਸਨ। ਉਨ੍ਹਾਂ ਦੇ ਹੋਰ ਕਈ ਆਦਮੀ ਜ਼ਖਮੀ ਹੋ ਗਏ ਅਤੇ ਉਹ ਉਹਨਾਂ ਨੂੰ ਵੀ ਨਾਲ ਹੀ ਚੁਕ ਕੇ ਭੱਜਦੇ ਜਾਂਦੇ ਸਨ। ਆਖ਼ਿਰ ਪਟਿਆਲਾ ਰਾਜ ਦੇ ਰੱੜ ਪਿੰਡ ਵਿਚ ਪੁੱਜ ਗਏ ਅਤੇ ਉਹ ਜੰਗਲ ਵਿਚ ਲੁਕ ਗਏ। ਕੁਝ ਘੰਟੇ ਬਾਦ ਸ਼ਿਵਪੁਰ ਦੇ ਨਾਜ਼ਿਮ ਨੇ ਮੁੜ ਹਮਲਾ ਬੋਲ ਦਿੱਤਾ। ਲੜਾਈ ਛਿੜ ਪਈ ਪਰ ਬੇਚਾਰੇ ਕੂਕੇ ਥੱਕੇ ਟੁੱਟੇ ਸਨ। ਆਖ਼ਿਰ 68 ਆਦਮੀ ਪਕੜੇ ਗਏ। ਉਹਨਾਂ ਵਿਚੋਂ ਦੋ ਤੀਵੀਆਂ ਸਨ। ਉਹ ਤਾਂ ਪਟਿਆਲਾ ਰਾਜ ਨੂੰ ਦੇ ਦਿੱਤੀਆਂ ਗਈਆਂ।

ਇਸ ਗੱਲ ਨੂੰ ਬਗ਼ਾਵਤ ਕਿਹਾ ਜਾਂਦਾ ਹੈ। ਮਿ: ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਉਸ ਦਿਨ ਇਕ ਖ਼ਤ ਵਿਚ ਲਿਖਿਆ ਸੀ :

**"It looks likes the commencement of an insurrection....."**

ਯਾਨੀ ਏਹ ਇਕ ਬਗ਼ਾਵਤ ਵਾਂਗੂ ਨਜ਼ਰ ਆਉਂਦੀ ਹੈ।

ਐੱਗੇ ਜਾ ਕੇ ਲਿਖਿਆ ਹੈ ਕਿ ਮੇਰਾ ਇਰਾਦਾ ਹੈ ਕਿ ਇਹਨਾਂ ਸਭਨਾਂ ਨੂੰ ਮਲੇਰਕੋਟਲਾ ਵਿਚ ਫਾਂਸੀ ਲਾ ਦਿੱਤੀ ਜਾਵੇ, ਕਿਉਂਕਿ ਇਹਨਾਂ ਆਦਮੀਆਂ ਦਾ ਕਸੂਰ ਕੋਈ ਛੋਟਾ ਜਿਹਾ ਨਹੀਂ। ਉਹਨਾਂ ਬਗ਼ਾਵਤ ਸ਼ੁਰੂ ਕੀਤੀ ਸੀ ਅਤੇ ਉਨ੍ਹਾਂ ਨੂੰ ਕਾਮਯਾਬੀ ਹੋ ਜਾਂਦੀ ਅਤੇ ਖ਼ਜ਼ਾਨਾ ਉਨ੍ਹਾਂ ਦੇ ਹੱਥ ਆ ਜਾਂਦਾ ਤਾਂ ਉਨ੍ਹਾਂ ਦੀ ਚੜ੍ਹ ਮੱਚਣੀ ਸੀ, ਫੇਰ ਉਨ੍ਹਾਂ ਨਾਲ ਹੋਰ ਵੀ ਬਹੁਤ ਸਾਰੇ ਲੋਕਾਂ ਨੇ ਆ ਮਿਲਣਾ ਸੀ, ਮੁੜ ਉਹਨਾਂ ਨੂੰ ਦਬੌਣਾ ਬੜਾ ਮੁਸ਼ਕਿਲ ਹੋ ਜਾਣਾ ਸੀ।

ਅਗਲੇ ਦਿਨ ਮਲੇਰਕੋਟਲੇ ਵਿਚ ਲਿਆ ਕੇ ਤੋਪ ਗੱਡ ਦਿੱਤੀ ਗਈ ਅਤੇ ਇਕ ਇਕ ਕਰਕੇ 50 ਕੂਕੇ ਬਹਾਦਰ ਤੋਪ ਐੱਗੇ ਬੰਨ੍ਹ-ਬੰਨ੍ਹ ਕੇ ਉਡਾ ਦਿੱਤੇ ਗਏ। ਹਰ ਇਕ ਬਹਾਦਰੀ ਨਾਲ ਆਪਣੀ ਆਪਣੀ ਵਾਰੀ ਸਿਰ ਤੋਪ ਐੱਗੇ ਝੁਕ ਜਾਂਦਾ ਅਤੇ ਸਤਿ ਸ੍ਰੀ ਅਕਾਲ ਕਹਿੰਦਾ ਹੋਇਆ



Sri Satguru Jagjit Singh Ji Elibrary NamdhariElibrary@gmail.com

ਤੋਪ ਨਾਲ ਉੱਡ ਜਾਂਦਾ। ਫੇਰ ਕੁਝ ਪਤਾ ਲੱਗਦਾ ਕਿ ਉਹ ਕਿਸ ਸੰਸਾਰ ਵਿਚ ਚਲਾ ਗਿਆ। ਇਸ ਤਰ੍ਹਾਂ 49 ਆਦਮੀ ਉੜਾ ਦਿੱਤੇ ਗਏ। ਪੰਜਾਹਵਾਂ ਇਕ ਤੇਰਾਂ ਵਰ੍ਹਿਆਂ ਦਾ ਲੜਕਾ ਸੀ। ਉਸ ਕੋਲ ਝੁਕ ਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੇਵਕੂਫ਼ ਰਾਮ ਸਿੰਘ ਦਾ ਸਾਥ ਛੱਡ ਦੇ ਤੈਨੂੰ ਮੁਆਫ ਕਰ ਦਿੱਤਾ ਜਾਵੇਗਾ ਪਰ ਉਹ ਬਾਲਕ ਏਹ ਗੱਲ ਨਾ ਸਹਾਰ ਸਕਿਆ ਅਤੇ ਉਛਲ ਕੇ ਉਸਨੇ ਕਾਵਨ ਦੀ ਦਾੜ੍ਹੀ ਫੜ ਲਈ ਅਤੇ ਨਾ ਛੱਡੀ ਜਦ ਤਕ ਉਸ ਦੇ ਦੋਵੇਂ ਹੱਥ ਵੱਢ ਨਾ ਦਿੱਤੇ ਗਏ। ਬਾਕੀ ਸੋਲਾਂ ਆਦਮੀ ਅਗਲੇ ਦਿਨ ਮਲੌਦ ਜਾ ਕੇ ਫਾਂਸੀ ਲਟਕਾ ਦਿੱਤੇ ਗਏ। ਉਧਰ ਬਾਬਾ ਰਾਮ ਸਿੰਘ ਨੂੰ ਉਹਨਾਂ ਦੇ ਨਾਲ ਚਾਰ ਸੂਬਿਆਂ ਨੂੰ ਗ੍ਰਿਫ਼ਤਾਰ ਕਰ ਕੇ ਪਹਿਲਾਂ ਇਲਾਹਾਬਾਦ ਤੇ ਬਾਦ ਵਿਚ ਰੰਗੂਨ ਭੇਜ ਦਿੱਤਾ ਗਿਆ। ਏਹ ਗ੍ਰਿਫ਼ਤਾਰੀ ਰੈਗੂਲੇਸ਼ਨ 1818 ਦੇ ਅਨੁਸਾਰ ਹੋਈ ਸੀ।

ਜਦੋਂ ਇਹ ਖ਼ਬਰ ਮੁਲਕ ਵਿਚ ਫੈਲੀ ਤਾਂ ਹੋਰ ਲੋਕੀਂ ਬੜੇ ਹੈਰਾਨ ਹੋਏ ਕਿ ਇਹ ਕੀ ਬਣਿਆ। ਬਗ਼ਾਵਤ ਸ਼ੁਰੂ ਕਰਕੇ ਬਾਬਾ ਜੀ ਸਾਨੂੰ ਵੀ ਕਿਉਂ ਨਾ ਸੱਦਿਆ ਅਤੇ ਸੈਂਕੜੇ ਲੋਕੀਂ ਘਰ ਬਾਰ ਛੱਡ ਕੇ ਭੈਣੀ ਵੱਲ ਨੂੰ ਤੁਰ ਪਏ। ਇਕ ਗਰੋਹ, ਜਿਸ ਵਿਚ ਕਿ 172 ਆਦਮੀ ਸਨ, ਕਰਨਲ ਬਾਇਲੀ ਨੂੰ ਮਿਲਿਆ। ਉਹ ਸੁਪਰਡੰਟ ਸੀ। ਉਸ ਨੇ ਝਟ ਉਹਨਾਂ ਨੂੰ ਗ੍ਰਿਫ਼ਤਾਰ ਕਰਵਾ ਲਿਆ ਅਤੇ ਉਹਨਾਂ ਵਿਚੋਂ 120 ਨੂੰ ਤਾਂ ਘਰਾਂ ਨੂੰ ਮੋੜ ਦਿੱਤਾ ਪਰ 50 ਐਸੇ ਸਨ ਜਿਹਨਾਂ ਦਾ ਕੋਈ ਘਰ ਘਾਟ ਨਹੀਂ ਸੀ। ਉਹ ਸਭ ਜਾਇਦਾਦ ਆਦਿਕ ਵੇਚ-ਵੂਚ ਕੇ ਲੜਨ ਮਰਨ ਲਈ ਤਿਆਰ ਹੋ ਕੇ ਆਏ ਸਨ। ਉਨ੍ਹਾਂ ਨੂੰ ਜੇਲ੍ਹ ਵਿਚ ਪਾ ਦਿੱਤਾ ਗਿਆ। ਇਸ ਤਰ੍ਹਾਂ ਉਹ ਸਾਰੀ ਤਹਿਰੀਕ ਦਬਾ ਦਿੱਤੀ ਗਈ ਅਤੇ ਬਾਬਾ ਰਾਮ ਸਿੰਘ ਹੋਰਾਂ ਦਾ ਸਾਰਾ ਯਤਨ ਨਿਸਫਲ ਹੋ ਗਿਆ। ਬਾਅਦ ਵਿਚ ਮੁਲਕ ਭਰ ਵਿਚ ਜਿਤਨੇ ਕੂਕੇ ਸਨ, ਉਹ ਸਭੇ ਇਕ ਤਰ੍ਹਾਂ ਨਜ਼ਰਬੰਦ ਕਰ ਦਿੱਤੇ ਗਏ। ਉਨ੍ਹਾਂ ਦੀ ਹਾਜ਼ਰੀ ਲਈ ਜਾਂਦੀ ਸੀ। ਭੈਣੀ ਸਾਹਿਬ ਵਿਚ ਆਮ ਲੋਕਾਂ ਦਾ ਆਣਾ-ਜਾਣਾ ਬੰਦ ਕਰ ਦਿੱਤਾ ਗਿਆ। ਉਹ ਬੰਦਸ਼ਾਂ 1920 ਵਿਚ ਆ ਕੇ ਹਟਾਈਆਂ ਗਈਆਂ।

ਇਹੋ ਹੀ ਪੰਜਾਬ ਦੀ ਆਜ਼ਾਦੀ ਲਈ ਕੀਤੀ ਗਈ ਸਭ ਤੋਂ ਪਹਿਲੀ ਕੋਸ਼ਿਸ਼ ਦਾ ਸੰਖਿਪਤ ਇਤਿਹਾਸ ਹੈ।

* * *

## 22. ਪਹਿਲੀ ਆਜ਼ਾਦੀ ਦੀ ਜੰਗ ਬਾਰੇ ਪੇਸ਼ ਹੈ ਲੇਖ 10 ਮਈ ਦਾ ਸ਼ੁਭ ਦਿਨ

[1857 ਦੇ ਗ਼ਦਰ ਬਾਰੇ ਵੀ ਇਕ ਲੇਖ ਅਪ੍ਰੈਲ, 1928 ਦੇ ਕਿਰਤੀ ਵਿਚ '10 ਮਈ ਦਾ ਸ਼ੁਭ ਦਿਨ ਨਾਂ' ਦਾ ਲੇਖ ਛਪਿਆ। ਇਸ ਦੇ ਲੇਖਕ ਦਾ ਨਾਂ ਤਾਂ ਦਿੱਤਾ ਨਹੀਂ ਗਿਆ, ਪਰ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਦੀ ਲਿਖਤ ਹੈ, ਸ਼ਾਇਦ ਭਗਵਤੀ ਚਰਨ ਵੋਹਰਾ ਜੀ ਦੀ, ਕਿਉਂਕਿ ਉਹ ਵੀ ਬਹੁਤ ਹੀ ਚੰਗੇ ਲੇਖਕ ਸਨ, ਅਤੇ 'ਕਿਰਤੀ' ਨਾਲ ਗੂੜ੍ਹੀ ਤਰ੍ਹਾਂ ਸੰਬੰਧਤ ਰਹੇ ਹਨ।ਮਾਰਚ 1928 ਤੋਂ ਲੈ ਕੇ ਜੁਲਾਈ 1928 ਤਕ ਭਗਤ ਸਿੰਘ ਨੇ ਕਿਰਤੀ ਦੇ ਸੰਪਾਦਕੀ ਮੰਡਲ ਵਿਚ ਬਹੁਤ ਹੀ ਲਗਨ ਨਾਲ ਕੰਮ ਕੀਤਾ ਸੀ। ਇਹ ਲੇਖ ਉਸ ਸਮੇਂ ਹੀ ਛਪੇ। ਇਸ ਸਮੇਂ ਭਗਤ ਸਿੰਘ ਨੇ ਆਪਣੀ ਕਲਮ ਹੇਠ ਵੀ ਬਹੁਤ ਲੇਖ ਲਿਖੇ, ਜਿਨ੍ਹਾਂ ਵਿਚੋਂ ਕੁਝ ਪਹਿਲਾਂ ਦਿੱਤੇ ਗਏ ਹਨ ਤੇ ਕੁਝ ਹੋਰ ਏਥੇ ਦਿੱਤੇ ਜਾ ਰਹੇ ਹਨ। —ਸੰ. ਦ.ਖ.]

*ਦਿਲਾ ਦਰਦੀਆ ਦਰਦ ਹਜ਼ਾਰ ਭਾਵੇਂ,*
*ਦਸ ਮਈ ਦਾ ਦਿਨ ਭੁਲਾਵਣਾ ਨਹੀਂ।*
*ਏਸੇ ਰੋਜ਼ 'ਆਜ਼ਾਦੀ ਦਾ ਜੰਗ' ਛਿੜਿਆ,*
*ਵਕਤ ਖ਼ੁਸ਼ੀ ਦਾ ਗ਼ਮੀ ਲਿਆਵਣਾ ਨਹੀਂ।*



Sri Satguru Jagjit Singh Ji Elibrary NamdhariElibrary@gmail.com

ਦਸ ਮਈ ਦਾ ਉਹ ਸ਼ੁਭ ਦਿਨ ਹੈ, ਜਿਸ ਦਿਨ ਕਿ 'ਆਜ਼ਾਦੀ ਦਾ ਜੰਗ' ਸ਼ੁਰੂ ਹੋਇਆ ਸੀ। ਭਾਰਤ ਵਾਸੀਆਂ ਦਾ ਗੁਲਾਮੀ ਦੇ ਸੰਗਲ ਤੋੜਨ ਲਈ ਇਹ ਪਹਿਲਾ ਯਤਨ ਸੀ। ਇਹ ਯਤਨ ਹਿੰਦੋਸਤਾਨੀਆਂ ਦੀ ਬਦ-ਕਿਸਮਤੀ ਨਾਲ ਸਿਰੇ ਨਾ ਚੜ੍ਹਿਆ, ਇਸੇ ਲਈ ਹੀ ਸਾਡੇ ਦੁਸ਼ਮਣ ਇਸ 'ਆਜ਼ਾਦੀ ਦੇ ਜੰਗ' ਨੂੰ 'ਗ਼ਦਰ' ਤੇ ਬਗ਼ਾਵਤ ਦੇ ਨਾਮ ਨਾਲ ਯਾਦ ਕਰਦੇ ਹਨ ਤੇ ਇਸ 'ਆਜ਼ਾਦੀ ਦੇ ਜੰਗ' ਵਿਚ ਲੜਨ ਵਾਲੇ ਮੋਹਰੀਆਂ ਨੂੰ ਕਈ ਤਰ੍ਹਾਂ ਦੀਆਂ ਗਾਲ੍ਹਾਂ ਕੱਢਦੇ ਹਨ। ਸੰਸਾਰ ਦੇ ਇਤਿਹਾਸ ਵਿਚ ਏਹੋ ਜਿਹੇ ਵਾਕਿ-ਆਤ ਕਈ ਮਿਲਦੇ ਹਨ, ਜਿਥੇ ਕਿ ਨਾਕਾਮਯਾਬ ਆਜ਼ਾਦੀ ਦੇ ਜੰਗਾਂ ਨੂੰ ਕਈ ਮੰਦੇ ਲਫ਼ਜ਼ਾਂ ਨਾਲ ਯਾਦ ਕੀਤਾ ਜਾਂਦਾ ਹੈ, ਕਾਰਨ ਏਹੋ ਹੈ, ਕਿ ਉਹ ਜੰਗ ਸਰ ਨਾ ਹੋ ਸਕੇ, ਜੇ ਫਤਹਿ ਹੋ ਜਾਂਦੇ, ਤਾਂ ਉਹ ਜੰਗਾਂ ਦੇ ਆਗੂਆਂ ਨੂੰ ਬੁਰਾ ਭਲਾ ਨਾ ਆਖਿਆ ਜ਼ਾਂਦਾ, ਸਗੋਂ ਉਹ ਦੁਨੀਆ ਦੇ ਮਹਾਂਪੁਰਸ਼ਾਂ ਵਿਚੋਂ ਗਿਣੇ ਜਾਂਦੇ ਤੇ ਸੰਸਾਰ ਉਹਨਾਂ ਦੀ ਪੂਜਾ ਕਰਦਾ।

ਅੱਜ ਸੰਸਾਰ ਵਾਸ਼ਿੰਗਟਨ ਤੇ ਗੈਰੀਵਾਲਡੀ ਦੀ ਕਿਉਂ ਵਡਿਆਈ ਤੇ ਇੱਜ਼ਤ ਕਰਦਾ ਹੈ, ਇਸ ਲਈ ਕਿ ਉਹਨਾਂ ਨੇ ਆਜ਼ਾਦੀ ਦੇ ਜੰਗ ਲੜੇ ਅਤੇ ਉਹ ਕਾਮਯਾਬ ਹੋਏ। ਜੇ ਉਹ ਇਹਨਾਂ ਜੰਗਾਂ ਵਿਚ ਕਾਮਯਾਬ ਨਾ ਹੁੰਦੇ ਤਾਂ ਅੱਜ ਉਹ ਵੀ 'ਬਾਗੀ' ਅਤੇ 'ਗ਼ਦਰੀਏ' ਆਦਿ ਕੋਝੇ ਨਾਵਾਂ ਨਾਲ ਯਾਦ ਕੀਤੇ ਜਾਂਦੇ, ਪਰ ਉਹ ਕਾਮਯਾਬ ਹੋ ਗਏ, ਇਸ ਲਈ ਉਹ ਮਹਾਂ ਪੁਰਸ਼ਾਂ ਵਿਚ ਗਿਣੇ ਜਾਣ ਲੱਗ ਪਏ, ਏਸੇ ਤਰ੍ਹਾਂ ਜੇ 1857 ਦੇ ਆਜ਼ਾਦੀ ਦੇ ਜੰਗ ਵਿਚ ਤਾਂਤਿਆ ਤੋਪੇ, ਨਾਨਾ ਸਾਹਿਬ, ਮਹਾਰਾਣੀ ਝਾਂਸੀ, ਕੁੰਵਰ ਸਿੰਘ ਅਤੇ ਮੌਲਵੀ ਅਹਿਮਦ ਸਾਹਿਬ ਆਦਿ ਵੀਰ ਜਿੱਤ ਪ੍ਰਾਪਤ ਕਰ ਜਾਂਦੇ ਤਾਂ ਅੱਜ ਉਹ ਹਿੰਦੋਸਤਾਨ ਦੇ ਆਜ਼ਾਦੀ ਦੇ ਦੇਵਤੇ ਮੰਨੇ ਜ਼ਾਂਦੇ ਤੇ ਸਾਰੇ ਹਿੰਦੋਸਤਾਨ ਵਿਚ ਉਹਨਾਂ ਦੀ ਇੱਜ਼ਤ ਵਿਚ ਕੌਮੀ ਤਿਉਹਾਰ ਮਨਾਇਆ ਜਾਂਦਾ।

ਹਿੰਦੋਸਤਾਨ ਦੀਆਂ ਵਰਤਮਾਨ ਤਵਾਰੀਖਾਂ, ਜਿਹੜੀਆਂ ਕਿ ਸਾਡੇ ਹੱਥੀਂ ਦਿੱਤੀਆਂ ਜਾਂਦੀਆਂ ਹਨ ਪੜ੍ਹਕੇ ਸਾਡੇ ਹਿੰਦੋਸਤਾਨੀਆਂ ਦੇ ਦਿਲਾਂ ਵਿਚ, ਉਨ੍ਹਾਂ ਸੂਰਬੀਰਾਂ ਲਈ ਕੋਈ ਚੰਗੇ ਭਾਵ ਖ਼ਿਆਲ ਪੈਦਾ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਵਿਚ 'ਆਜ਼ਾਦੀ ਦੇ ਜੰਗ' ਦੇ ਮੋਹਰੀਆਂ ਨੂੰ ਕਾਤਲ, ਖ਼ੂਨੀ, ਡਾਕੂ, ਲੁਟੇਰੇ ਮਜ਼ਹਬੀ ਜਨੂੰਨੀ ਅਤੇ ਹੋਰ ਕਈ ਭੈੜੇ ਭੈੜੇ ਸ਼ਬਦਾਂ ਨਾਲ ਯਾਦ ਕੀਤਾ ਗਿਆ ਹੈ ਅਤੇ ਉਹਨਾਂ ਦੇ ਵਿਰੋਧੀਆਂ ਨੂੰ ਕੌਮੀ ਹੀਰੋ (ਨਾਇਕ) ਕਰਕੇ ਦਸਿਆ ਗਿਆ ਹੈ। ਕਾਰਨ ਇਹ ਹੈ ਕਿ, 1857 ਦੇ ਆਜ਼ਾਦੀ ਦੇ ਜੰਗ ਦੀਆਂ ਜਿੰਨੀਆਂ ਤਵਾਰੀਖਾਂ ਲਿਖੀਆਂ ਗਈਆਂ ਹਨ, ਉਹ ਸਾਰੀਆਂ ਦੀਆਂ ਸਾਰੀਆਂ ਹੀ ਜਾਂ ਤਾਂ ਅੰਗਰੇਜ਼ਾਂ ਦੀਆਂ ਲਿਖੀਆਂ ਹੋਈਆਂ ਹਨ, ਜਿਹੜੇ ਕਿ ਬਦੋਬਦੀ ਤਲਵਾਰ ਦੇ ਜ਼ੋਰ ਨਾਲ ਲੋਕਾਂ ਦੀ ਮਰਜ਼ੀ ਦੇ ਵਿਰੁੱਧ ਹਿੰਦੋਸਤਾਨ 'ਤੇ ਕਬਜ਼ਾ ਜਮਾਈ ਬੈਠੇ ਹਨ, ਤੇ ਜਾਂ ਅੰਗਰੇਜ਼ਾਂ ਦੇ ਖ਼ੁਸ਼ਾਮਦੀਆਂ ਦੀਆਂ ! ਜਿਥੋਂ ਤਕ ਸਾਨੂੰ ਪਤਾ ਹੈ, ਇਸ ਆਜ਼ਾਦੀ ਦੇ ਜੰਗ ਦਾ ਇਕੋ-ਇਕ ਹੀ ਸੁਤੰਤਰ ਇਤਿਹਾਸ ਲਿਖਿਆ ਸੀ, ਜਿਹੜਾ ਕਿ ਬੈਰਿਸਟਰ ਸਾਵਰਕਰ ਨੇ ਲਿਖਿਆ ਸੀ ਅਤੇ ਜਿਸ ਦਾ ਨਾਮ '1857 ਦੇ ਆਜ਼ਾਦੀ ਦੇ ਜੰਗ ਦਾ ਇਤਿਹਾਸ' (The History of the Indian war of Independence of 1857) ਸੀ। ਇਹ ਇਤਿਹਾਸ ਬੜੀ ਮਿਹਨਤ ਨਾਲ ਲਿਖਿਆ ਗਿਆ ਸੀ ਅਤੇ ਇੰਡੀਆ ਆਫਿਸ ਦੀ ਲਾਇਬ੍ਰੇਰੀ ਨੂੰ ਛਾਣਬੀਨ ਕਰਕੇ ਕਈ ਹਵਾਲੇ ਦੇ-ਦੇ ਕੇ ਸਿੱਧ ਕੀਤਾ ਗਿਆ ਸੀ, ਕਿ ਇਹ ਕੌਮੀ ਜੰਗ ਸੀ ਅਤੇ ਅੰਗਰੇਜ਼ਾਂ ਦੇ ਰਾਜ ਥਲਿਓਂ ਨਿਕਲ ਕੇ ਆਜ਼ਾਦ ਹੋਣ ਲਈ ਲੜਿਆ ਗਿਆ ਸੀ ਪਰ ਡਾਢੀ ਸਰਕਾਰ ਨੇ ਇਸਨੂੰ ਛਾਪਣ ਹੀ ਨਾ ਦਿੱਤਾ ਅਤੇ ਅੱਗੋਂ ਹੀ ਜ਼ਬਤ ਕਰ ਲਿਆ। ਇਸ ਤਰ੍ਹਾਂ ਲੋਕ ਸੱਚੇ ਸੁੱਚੇ ਹਾਲਾਤ ਪੜ੍ਹਨੋਂ ਵਾਂਝੇ ਰਹਿ ਗਏ।

ਇਸ ਜੰਗ ਦੇ ਨਾਕਾਮਯਾਬ ਹੋਣ 'ਤੇ ਜਿਹੜਾ ਜ਼ੁਲਮ ਅਤੇ ਅਤਿਆਚਾਰ ਬੇਗੁਨਾਹ ਹਿੰਦੁਸਤਾਨੀਆਂ 'ਤੇ ਢਾਹਿਆ ਗਿਆ ਉਸ ਦੇ ਲਿਖਣ ਲਈ ਨਾ ਤਾਂ ਸਾਡੇ ਵਿਚ ਹੀ ਹੌਸਲਾ



Sri Satguru Jagjit Singh Ji Elibrary NamdhariElibrary@gmail.com

ਹੈ ਅਤੇ ਨਾ ਕਿਸੇ ਹੋਰ ਵਿਚ ਹੀ। ਇਹ ਸਭ ਕੁਝ ਹਿੰਦੋਸਤਾਨ ਦੇ ਆਜ਼ਾਦ ਹੋਣ 'ਤੇ ਹੀ ਲਿਖਿਆ ਜਾਏਗਾ। ਹਾਂ ਜੇ ਕਿਸੇ ਇਸ ਜ਼ੁਲਮ, ਅਤਿਆਚਾਰ ਅਤੇ ਅਨਿਆਂ ਦਾ ਥੋੜ੍ਹਾ ਜਿਹਾ ਨਮੂਨਾ ਵੇਖਣਾ ਹੋਵੇ ਤਾਂ ਉਹਨਾਂ ਨੂੰ ਮਿਸਟਰ ਐਡਵਰਡ ਥਾਮਸਨ ਦੀ ਕਿਤਾਬ 'ਤਸਵੀਰ ਦਾ ਦੂਜਾ ਪਹਿਲੂ' (The other side of the medal) ਪੜ੍ਹਨੀ ਚਾਹੀਦੀ ਹੈ ਜਿਸ ਵਿਚ ਉਸਨੇ ਸਭਯ ਅੰਗਰੇਜ਼ਾਂ ਦੀਆਂ ਕਰਤੂਤਾਂ 'ਤੇ ਚਾਨਣਾ ਪਾਇਆ ਹੈ ਅਤੇ ਜਿਸ ਵਿਚ ਦਸਿਆ ਗਿਆ ਹੈ ਕਿ ਕਿੱਦਾਂ ਨੀਲ ਹੇਵ ਲੌਕ, ਹੌਡਸਨ ਕੂਵਰ ਤੇ ਲਾਰੰਸ ਨੇ ਬੇਗੁਨਾਹ ਹਿੰਦੋਸਤਾਨੀ ਇਸਤਰੀਆਂ ਅਤੇ ਬੱਚਿਆਂ ਤਕ 'ਤੇ ਉਸ ਕਹਿਰ ਢਾਏ ਸਨ ਕਿ ਸੁਣ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ ਅਤੇ ਸਰੀਰ ਵਿਚ ਕੰਬਣੀ ਸ਼ੁਰੂ ਹੋ ਜਾਂਦੀ ਹੈ।

ਪਰ ਇਸ ਗੱਲ ਦਾ ਖ਼ਿਆਲ ਕਰਕੇ ਸੁਤੰਤਰ ਆਦਮੀਆਂ ਨੂੰ ਸ਼ਰਮ ਆਏਗੀ ; ਕਿ ਉਹ ਲੋਕ ਵੀ ਜਿਨ੍ਹਾਂ ਦੇ ਬਜ਼ੁਰਗ ਇਸ ਜੰਗ ਵਿਚ ਲੜੇ ਸਨ, ਜਿਨ੍ਹਾਂ ਨੇ ਹਿੰਦੋਸਤਾਨ ਦੀ ਆਜ਼ਾਦੀ ਦੀ ਬਾਜ਼ੀ ਤੇ ਸਭ ਕੁਝ ਲਾ ਦਿੱਤਾ ਸੀ ਅਤੇ ਜਿਨ੍ਹਾਂ ਨੂੰ ਫ਼ਖਰ ਹੋਣਾ ਚਾਹੀਦਾ ਸੀ, ਉਹ ਵੀ ਇਸ ਜੰਗ ਨੂੰ ਆਜ਼ਾਦੀ ਦਾ ਜੰਗ ਆਖਣ ਤੋਂ ਡਰਦੇ ਹਨ। ਕਾਰਨ ਇਹ ਹੈ ਕਿ ਅੰਗਰੇਜ਼ੀ ਅੱਤਿਆਚਾਰ ਨੇ ਉਹਨਾਂ ਨੂੰ ਐਨਾ ਦਬਾਅ ਦਿੱਤਾ ਸੀ ਕਿ ਉਹ ਸਿਰ ਲੁਕਾ ਕੇ ਹੀ ਦਿਨ-ਕਟੀ ਕਰਦੇ ਸਨ। ਇਸ ਵਾਸਤੇ ਉਨ੍ਹਾਂ ਬਜ਼ੁਰਗਾਂ ਦੀ ਯਾਦਗਾਰ ਕਾਇਮ ਕਰਨੀ ਜਾਂ ਮਨੌਣੀ ਤਾਂ ਕਿਤੇ ਰਹੀ, ਉਹਨਾਂ ਦਾ ਨਾਮ ਲੈਣਾ ਵੀ ਗੁਨਾਹ ਸਮਝਿਆ ਜਾਂਦਾ ਸੀ।

ਪਰ ਹਾਲਾਤ ਕੁਝ ਐਸੇ ਪੈਦਾ ਹੋ ਗਏ ਜਿਨ੍ਹਾਂ ਕਰਕੇ ਕਿ ਬਾਹਰਲੇ ਦੇਸ਼ਾਂ ਵਿਚਲੇ ਹਿੰਦੋਸਤਾਨੀ ਨੌਜਵਾਨ 10 ਮਈ ਦੇ ਦਿਨ ਨੂੰ ਕੌਮੀ ਤਿਉਹਾਰ ਬਣਾ ਕੇ ਮਨਾਉਣ ਲੱਗ ਪਏ ਅਤੇ ਅਤੇ ਕੁਝ ਕੁ ਹਿੰਦੀ ਨੌਜਵਾਨ ਇਥੇ ਭਾਰਤ ਵਰਸ਼ ਵਿਚ ਵੀ ਇਹ ਤਿਉਹਾਰ ਮਨਾਉਣ ਦੇ ਕੁਝ ਆਹਰ ਕਰਦੇ ਰਹੇ ਹਨ। ਸਭ ਤੋਂ ਪਹਿਲਾਂ ਇਥੇ ਤਕ ਪਤਾ ਚਲਦਾ ਹੈ, ਇਹ ਤਿਉਹਾਰ ਇੰਗਲੈਂਡ ਵਿਚ 'ਅਭਿੰਨਵ ਭਾਰਤ' (ਨੌਜਵਾਨ ਭਾਰਤ) ਬੈਰਿਸਟਰ ਸਾਵਰਕਰ ਦੀ ਅਗਵਾਈ ਵਿਚ ਸੰਨ 1907 ਵਿਚ ਮਨਾਇਆ ਗਿਆ। ਇਸ ਤਿਉਹਾਰ ਦੇ ਮਨਾਉਣ ਦਾ ਜਿੱਦਾਂ ਖ਼ਿਆਲ ਆਇਆ, ਉਹ ਵਾਰਤਾ ਇਸ ਪ੍ਰਕਾਰ ਹੈ, (ਗੁਲਾਮਾਂ ਨੂੰ ਆਪੂੰ ਤਾਂ ਇਹੋ ਜਿਹੇ ਯਾਦਗਾਰ ਮਨਾਉਣ ਦੇ ਖ਼ਿਆਲ ਘੱਟ ਹੀ ਉਪਜਦੇ ਹਨ।)

"1907 ਵਿਚ ਅੰਗਰੇਜ਼ਾਂ ਨੇ ਵਿਚਾਰ ਕੀਤੀ ਕਿ 1857 ਦੇ ਗ਼ਦਰੀਆਂ 'ਤੇ ਫਤਹਿ ਹਾਸਲ ਕਰਨ ਦੀ ਪੰਜਾਹਵੀਂ ਵਰ੍ਹੇ ਗੰਢ ਮਨਾਉਣੀ ਚਾਹੀਦੀ ਹੈ। 1857 ਦੀ ਯਾਦ ਤਾਜ਼ਾ ਕਰਨ ਲਈ ਹਿੰਦੋਸਤਾਨ ਅਤੇ ਇੰਗਲੈਂਡ ਦੇ ਪ੍ਰਸਿੱਧ ਅੰਗਰੇਜ਼ਾਂ ਦੇ ਅਖ਼ਬਾਰਾਂ ਨੇ ਆਪਣੇ-ਆਪਣੇ ਖਾਸ ਨੰਬਰ (ਸਪੈਸ਼ਲ ਅੰਕ) ਕੱਢੇ, ਡਰਾਮੇ ਕੀਤੇ ਗਏ ਅਤੇ ਲੈਕਚਰ ਦਿੱਤੇ ਗਏ ਅਤੇ ਹਰ ਤਰ੍ਹਾਂ ਨਾਲ ਇਹਨਾਂ ਨਾਲ ਨਾਮ-ਧਰੀਕ ਗ਼ਦਰੀਆਂ ਨੂੰ ਬਹੁਤ ਬੁਰੀ ਤਰ੍ਹਾਂ ਕੋਸਿਆ ਗਿਆ, ਇਥੋਂ ਤਕ ਕਿ ਜੋ ਕੁਛ ਵੀ ਇਹਨਾਂ ਦੇ ਮਨ 'ਚ ਆਇਆ, ਸਭ ਊਲ-ਜਲੂਲ ਇਹਨਾਂ ਨੇ ਗ਼ਦਰੀਆਂ ਖ਼ਿਲਾਫ ਆਖਿਆ ਅਤੇ ਕਈ ਤੂਫਾਨ ਤੋਲੇ। ਇਸ ਗਾਲ੍ਹਾਂ ਕੱਢਣ ਤੇ ਬਦਨਾਮ ਕਰਨ ਵਾਲੀ ਕਾਰਵਾਈ ਦੇ ਉਲਟ ਮਿਸਟਰ ਸਾਵਰਕਰ ਨੇ 1857 ਦੇ ਹਿੰਦੁਸਤਾਨੀ ਆਗੂਆਂ ਨਾਨਾ ਸਾਹਿਬ, ਮਹਾਰਾਣੀ ਝਾਂਸੀ, ਤਾਤੀਆਂ ਟੋਪੇ, ਕੁੰਵਰ ਸਿੰਘ, ਮੌਲਵੀ ਅਹਿਮਦ ਸਾਹਿਬ ਦੀ ਯਾਦ ਮਨਾਉਣ ਲਈ ਕੰਮ ਸ਼ੁਰੂ ਕਰ ਦਿੱਤਾ, ਤਾਂ ਜੋ ਕੌਮੀ ਜੰਗ ਦੇ ਸੱਚੇ ਸੁੱਚੇ ਹਾਲਾਤ ਦੱਸੇ ਜਾਣ। ਇਹ ਬੜੀ ਬਹਾਦਰੀ ਦਾ ਕੰਮ ਸੀ ਅਤੇ ਫੇਰ ਸ਼ੁਰੂ ਵੀ ਅੰਗਰੇਜ਼ੀ ਰਾਜਧਾਨੀ ਦੇ ਵਿਚ ਹੀ ਕੀਤਾ ਗਿਆ ਸੀ। ਆਮ ਅੰਗਰੇਜ਼ ਨਾਨਾ ਸਾਹਿਬ ਤੇ ਤਾਤੀਆਂ ਟੋਪੇ ਨੂੰ ਸ਼ੈਤਾਨ ਦੀ ਜਮਾਤ ਵਿਚੋਂ ਸਮਝਦੇ ਸਨ। ਇਸ ਕਰਕੇ ਲਗਭਗ ਸਾਰੇ ਹਿੰਦੋਸਤਾਨੀ ਆਗੂਆਂ ਨੇ ਇਸ ਆਜ਼ਾਦੀ ਦੀ ਜੰਗ ਨੂੰ ਮਨਾਉਣ ਵਾਲੇ ਦਿਨ ਕੋਈ ਹਿੱਸਾ ਨਾ ਲਿਆ। ਪਰ ਮਿਸਟਰ ਸਾਵਰਕਰ ਦੇ ਨਾਲ ਸਾਰੇ



Sri Satguru Jagjit Singh Ji Elibrary NamdhariElibrary@gmail.com

ਨੌਜਵਾਨ ਸਨ। ਹਿੰਦੋਸਤਾਨੀ ਘਰ ਵਿਚ ਇਕ ਬੜੀ ਭਾਰੀ ਯਾਦਗਾਰ ਮੀਟਿੰਗ ਸੱਦੀ ਗਈ। ਵਰਤ ਰੱਖੇ ਗਏ ਅਤੇ ਸਹੁੰਆਂ ਖਾਧੀਆਂ ਗਈਆਂ ਕਿ ਉਹਨਾਂ ਬਜ਼ੁਰਗਾਂ ਦੀ ਯਾਦ ਵਿਚ ਇਕ ਹਫ਼ਤਾ ਭਰ ਕੋਈ ਐਸ਼-ਇਸ਼ਰਤ ਦੀ ਚੀਜ਼ ਨਹੀਂ ਵਰਤੀ ਜਾਏਗੀ। ਛੋਟੇ-ਛੋਟੇ ਪੈਂਫ਼ਲਿਟ "ਓ ਸ਼ਹੀਦੋ" (Oh ! Martyrs) ਦੇ ਨਾਮ 'ਤੇ ਇੰਗਲੈਂਡ ਅਤੇ ਹਿੰਦੁਸਤਾਨ ਵਿਚ ਵੰਡੇ ਗਏ। ਵਿਦਿਆਰਥੀਆਂ ਨੇ ਐਕਸਫੋਰਡ, ਕੈਂਬਰਿਜ ਤੇ ਇੰਨਜ ਕੋਰਟ ਦੇ ਕਾਲਜਾਂ ਵਿਚ ਬੜੇ ਸੋਹਣੇ ਸੋਹਣੇ ਬਿੱਲੇ ਛਾਤੀਆਂ 'ਤੇ ਲਾਏ ਜਿਨ੍ਹਾਂ 'ਤੇ ਲਿਖਿਆ ਗਿਆ ਸੀ, "1857 ਦੇ ਸ਼ਹੀਦਾਂ ਦੀ ਇੱਜ਼ਤ ਲਈ।" ਗਲੀਆਂ ਤੇ ਬਾਜ਼ਾਰਾਂ ਵਿਚ ਕਈ ਥਾਈਂ ਝਗੜੇ ਹੋ ਗਏ। ਇਕ ਕਾਲਜ ਵਿਚ ਇਕ ਪ੍ਰੋਫੈਸਰ ਆਪਣੇ ਆਪ ਤੋਂ ਬਾਹਰ ਹੋ ਗਿਆ ਅਤੇ ਹਿੰਦੋਸਤਾਨੀ ਵਿਦਿਆਰਥੀਆਂ ਨੇ ਮੰਗ ਕੀਤੀ ਕਿ ਉਹ ਮਾਫ਼ੀ ਮੰਗੇ, ਕਿਉਂਕਿ ਉਸ ਨੇ ਉਹਨਾਂ ਵਿਦਿਆਰਥੀਆਂ ਦੇ ਕੌਮੀ ਆਗੂਆਂ ਦੀ ਹੱਤਕ ਕੀਤੀ ਹੈ ਅਤੇ ਪ੍ਰੋਟੈਸਟ ਕਰਕੇ ਸਾਰੇ ਦੇ ਸਾਰੇ ਵਿਦਿਆਰਥੀ ਕਾਲਜ ਵਿਚੋਂ ਨਿਕਲ ਗਏ। ਕਈਆਂ ਦੇ ਵਜ਼ੀਫੇ ਮਾਰੇ ਗਏ। ਕਈਆਂ ਨੇ ਆਪ ਵਜ਼ੀਫੇ ਛੱਡ ਦਿੱਤੇ, ਕਈਆਂ ਨੂੰ ਉਹਨਾਂ ਦੇ ਮਾਪਿਆਂ ਨੇ ਮੰਗਵਾ ਲਿਆ। ਇੰਗਲਿਸਤਾਨ ਵਿਚ ਰਾਜਸੀ ਵਾਯੂ-ਮੰਡਲ (ਵਾਤਾਵਰਣ ਬੜਾ ਤੇਜ਼ ਹੋ ਗਿਆ ਅਤੇ ਹਿੰਦੋਸਤਾਨੀ ਸਰਕਾਰ ਬੜੀ ਹੈਰਾਨ ਤੇ ਬੇਚੈਨ ਹੋ ਗਈ।)

*(ਬੈਰਿਸਟਰ ਸਾਵਰਕਰ ਦਾ ਜੀਵਨ ਸਫ਼ਾ 454-46 ਚਿੱਤਰ ਗੁਪਤ ਲਿਖਤ)*

ਇਸ ਸਾਰੇ ਹਾਲਾਤ ਦੀ ਖ਼ਬਰ ਜਿਥੇ ਜਿਥੇ ਦੀ ਪਹੁੰਚੀ, ਪਰਦੇਸਾਂ ਵਿਚ ਉੱਥੇ ਉੱਥੇ ਹੀ ਦਸ ਮਈ ਦਾ ਦਿਨ ਬੜੀ ਸਜ-ਧਜ ਨਾਲ ਮਨਾਇਆ ਗਿਆ। ਲੋਕਾਂ ਵਿਚ ਬੜਾ ਜੋਸ਼ ਆ ਗਿਆ ਕਿ ਅੰਗਰੇਜ਼ ਕਿਵੇਂ ਸਾਡੇ ਕੌਮੀ ਬਹਾਦਰਾਂ ਨੂੰ ਬਦਨਾਮ ਕਰਦੇ ਹਨ। ਉਹਨਾਂ ਨੇ ਪ੍ਰੋਟੈਸਟ (ਰੋਸ) ਦੇ ਤੌਰ 'ਤੇ ਮੀਟਿੰਗਾਂ ਕੀਤੀਆਂ ਅਤੇ ਉਹਨਾਂ ਦੀ ਯਾਦ ਵਿਚ ਦਸ ਮਈ ਦਾ ਦਿਨ ਸਾਲ ਦੇ ਸਾਲ ਮਨੌਣਾ ਸ਼ੁਰੂ ਕਰ ਦਿੱਤਾ। ਕਾਫ਼ੀ ਚਿਰ ਪਿਛੋਂ ਅਭਿੰਨਵ ਭਾਰਤ (ਨੌਜਵਾਨ ਭਾਰਤ) ਸੁਸਾਇਟੀ ਟੁੱਟ ਗਈ ਤੇ ਇੰਗਲੈਂਡ ਵਿਚ ਇਹ ਦਿਨ ਮਨਾਉਣ ਰਹਿ ਗਿਆ। ਪਰ ਕੁਛ ਚਿਰ ਪਿਛੋਂ ਅਮਰੀਕਾ ਵਿਚ ਹਿੰਦੋਸਤਾਨ ਗ਼ਦਰ ਪਾਰਟੀ ਕਾਇਮ ਹੋ ਗਈ ਅਤੇ ਉਸ ਨੇ ਇਸ ਨੂੰ ਸਾਲ ਦੇ ਸਾਲ ਮਨਾਉਣਾ ਸ਼ੁਰੂ ਕਰ ਦਿੱਤਾ। ਗ਼ਦਰ ਪਾਰਟੀ ਦੇ ਕਾਇਮ ਹੋਣ ਦੇ ਦਿਨ ਤੋਂ ਲੈ ਕੇ ਹੁਣ ਤਕ ਅਮਰੀਕਾ ਵਿਚ ਇਹ ਦਿਨ ਸਜ-ਧਜ ਨਾਲ ਮਨਾਇਆ ਜਾਂਦਾ ਹੈ, ਬੜਾ ਭਾਰੀ ਜਲਸਾ ਹੁੰਦਾ ਹੈ, ਜਿਸ ਵਿਚ ਸਭ ਹਿੰਦੋਸਤਾਨੀ ਇਕੱਠੇ ਹੁੰਦੇ ਹਨ, ਉਸ ਵਿਚ ਇਹਨਾਂ 1857 ਦੇ ਸੂਰਬੀਰਾਂ ਦੇ ਜੀਵਨ ਤੇ ਕਾਰਨਾਮੇ ਦੱਸੇ ਜਾਂਦੇ ਹਨ, ਇਸ ਤਰ੍ਹਾਂ ਇਹਨਾਂ ਸ਼ਹੀਦਾਂ ਦੀ ਯਾਦ ਸਾਲ ਦੇ ਸਾਲ ਤਾਜ਼ਾ ਕੀਤੀ ਜਾਂਦੀ ਹੈ ਅਤੇ ਇਹੋ ਜਿਹੀਆਂ ਕਵਿਤਾਵਾਂ "ਦਿਲਾ ਦਰਦੀਆਂ ਦਰਦ ਹਜ਼ਾਰ ਭਾਵੇਂ, ਦਸ ਮਈ ਦਾ ਦਿਨ ਭੁਲਾਵਣਾ ਨਹੀਂ। ਇਸੇ ਰੋਜ਼ ਆਜ਼ਾਦੀ ਦਾ ਜੰਗ ਛਿੜਿਆ, ਵਕਤ ਖ਼ੁਸ਼ੀ ਦਾ ਗ਼ਮੀਂ ਲਿਆਵਣਾ ਨਹੀਂ।" ਪੜ੍ਹੀਆਂ ਜਾਂਦੀਆਂ ਹਨ। ਖ਼ਾਸ ਕਰ ਇਹ ਤੁਕਾਂ 1914-15 ਵਿਚ ਹਰ ਇਕ ਪੁਰਸ਼ ਦੀ ਜ਼ਬਾਨ ਉਤੇ ਹੀ ਚੜ੍ਹੀਆਂ ਹੋਈਆਂ ਸਨ, ਕਿਉਂਕਿ ਉਸ ਵੇਲੇ ਉਹ ਇਕ ਹੋਰ ਆਜ਼ਾਦੀ ਦੀ ਜੰਗ ਲੜ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਸਨ, ਪਰ ਉਹ ਯਤਨ ਵੀ ਫੇਲ ਹੋ ਗਿਆ ਜਿਸ 'ਤੇ ਹਜ਼ਾਰਾਂ ਨੌਜਵਾਨਾਂ ਤੇ ਗੱਭਰੂਆਂ ਦੇ ਭਾਰਤ ਮਾਤਾ ਦੀ ਖ਼ਾਤਰ ਸੀਸ ਲੱਗ ਗਏ ਪਰ ਸਾਡੀ ਗੁਲਾਮੀ ਦਾ ਫ਼ਸਤਾ ਨਾ ਹੀ ਵੱਢਿਆ ਗਿਆ।

ਦਸ ਮਈ ਦਾ ਦਿਨ ਕਿਉਂ ਮਨਾਇਆ ਜਾਂਦਾ ਹੈ? ਇਸ ਦਾ ਕਾਰਨ ਇਹ ਹੈ ਕਿ ਦਸ ਮਈ ਵਾਲੇ ਦਿਨ ਹੀ ਅਸਲੀ ਜੰਗ ਸ਼ੁਰੂ ਹੋਇਆ ਸੀ। 10 ਮਈ ਨੂੰ ਮੇਰਠ ਛਾਉਣੀ ਦੇ 85 ਵੀਰਾਂ ਨੇ ਚਰਬੀ ਵਾਲੇ ਕਾਰਤੂਸ ਵਰਤਣੋਂ ਇਨਕਾਰ ਕਰ ਦਿੱਤਾ ਸੀ। ਉਹਨਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਸੀ ਅਤੇ ਹਰ ਇਕ ਜਵਾਨ ਨੂੰ 10 ਸਾਲ ਸਖ਼ਤ ਸਜ਼ਾ ਦਿਤੀ ਗਈ। ਪਿਛੋਂ ਜਿਹੇ ਗਿਆਰਾਂ ਸਿਪਾਹੀਆਂ ਦੀ ਕੈਦ ਘਟਾ ਕੇ ਪੰਜ ਸਾਲ ਕਰ ਦਿੱਤੀ ਗਈ ਸੀ, ਪਰ



Sri Satguru Jagjit Singh Ji Elibrary NamdhariElibrary@gmail.com

ਇਹ ਸਾਰੀ ਕਾਰਵਾਈ ਹੀ ਇਸ ਤਰੀਕੇ ਨਾਲ ਕੀਤੀ ਗਈ ਸੀ, ਜਿਸ ਨਾਲ ਕਿ ਹਿੰਦੋਸਤਾਨੀ ਸਿਪਾਹੀਆਂ ਦੀ ਅਣਖ ਤੇ ਗੈਰਤ ਨੂੰ ਭਾਰੀ ਸੱਟ ਵੱਜਦੀ ਸੀ। ਉਹ ਨਜ਼ਾਰਾ ਬੜਾ ਦਰਦਨਾਕ ਸੀ। ਵੇਖਣ ਵਾਲਿਆਂ ਦੀਆਂ ਅੱਖਾਂ ਵਿਚੋਂ ਅੱਥਰੂ ਤ੍ਰਿੱਪ-ਤ੍ਰਿੱਪ ਕਰਦੇ ਚੋਂਦੇ ਸਨ। ਸਾਰੇ ਹੀ ਬੁੱਤ ਬਣੇ ਹੋਏ ਸਨ। ਉਹ 85 ਸਿਪਾਹੀ, ਜਿਹੜੇ ਉਨ੍ਹਾਂ ਦੇ ਕੁੱਲ-ਭਾਈ ਸਨ, ਸਭ ਦੁੱਖ ਸੁੱਖ ਵਿਚ ਸਾਂਝੀਵਾਲ ਸਨ, ਉਹਨਾਂ ਦੇ ਪੈਰੀਂ ਬੇੜੀਆਂ ਪਈਆਂ ਹੋਈਆਂ ਸਨ। ਉਨ੍ਹਾਂ ਦੀ ਬੇਇੱਜ਼ਤੀ ਸਹਾਰੀ ਨਹੀਂ ਜਾ ਸਕਦੀ ਸੀ। ਪਰ ਕੁਝ ਬਣ ਨਹੀਂ ਸਕਦਾ ਸੀ।

ਅਗਲੇ ਦਿਨ "ਘੋੜ ਸਵਾਰ ਤੇ ਪੈਦਲ ਫ਼ੌਜ ਨੇ ਜਾ ਕੇ ਜੇਲ੍ਹ ਤੋੜ ਦਿੱਤੀ ਆਪਣੇ ਆਪਣੇ ਸਾਥੀਆਂ ਨੂੰ ਛੁੜਾ ਲਿਆ, ਅਫ਼ਸਰਾਂ ਦੇ ਘਰਾਂ ਨੂੰ ਫੂਕ ਦਿੱਤਾ। ਜਿਸ ਯੂਰਪੀਨ ਨੂੰ ਫੜ ਸਕੇ ਉਸਨੂੰ ਮਾਰ ਦਿੱਤਾ ਅਤੇ ਦਿੱਲੀ ਵੱਲ ਚੜ੍ਹਾਈ ਬੋਲ ਦਿੱਤੀ। ਗ਼ਦਰ ਦਾ ਆਰੰਭ 'ਇਸੇ ਦਿਨ ਹੋਇਆ ਅਤੇ ਦਸ ਮਈ ਤੋਂ ਹੀ ਗਿਣਿਆ ਜਾਂਦਾ ਹੈ।" (ਔਕਸਫੋਰਡ ਹਿਸਟਰੀ ਆਫ ਇੰਡੀਆ ਸਫਾ 715)

ਸੋ ਪਾਠਕਾਂ ਨੇ ਉਪਰ ਲਿਖੇ ਵਾਕਿਆਤ ਤੋਂ ਵੇਖ ਲਿਆ ਹੈ ਕਿ ਦਸ ਮਈ ਦਾ ਦਿਨ ਕਿਉਂ ਤੇ ਕਦੋਂ ਮਨਾਉਣਾ ਸ਼ੁਰੂ ਕੀਤਾ ਗਿਆ। ਪਾਠਕ ਇਹ ਸਭ ਹਾਲ ਪੜ੍ਹਕੇ ਵੇਖ ਸਕਦੇ ਹਨ ਕਿ ਉਹਨਾਂ ਦਾ ਕੀ ਫਰਜ਼ ਹੈ। ਕੀ ਉਨ੍ਹਾਂ ਨੇ ਉਸ ਆਜ਼ਾਦੀ ਲਈ ਜਿਸ ਲਈ ਕਿ ਹਜ਼ਾਰਾਂ ਲੱਖਾਂ ਹਿੰਦੋਸਤਾਨੀਆਂ ਨੇ ਸਿਰ ਲਾ ਦਿੱਤੇ ਸਨ ਤੇ ਅਤੇ ਹਜ਼ਾਰਾਂ ਲਾਉਣ ਲਈ ਤਿਆਰ ਬੈਠੇ ਸਨ, ਅੱਜ ਤਕ ਕੁਝ ਕੀਤਾ ਹੈ ਕਿ ਨਹੀਂ? ਜੇ ਅੱਜ ਤਕ ਉਹਨਾਂ ਨੇ ਕੁਝ ਕੀਤਾ ਨਹੀਂ ਤਾਂ ਉਹ ਕਿਹੜਾ ਮਹੂਰਤ ਦੇਖਦੇ ਹਨ? ਆਜ਼ਾਦੀ ਦੇ ਜੰਗ ਵਿਚ ਸ਼ਾਮਲ ਹੋਣ ਲਈ ਤਾਂ ਸਾਲ ਦੇ 365 ਦਿਨਾਂ ਵਿਚੋਂ 365 ਹੀ ਪਵਿੱਤਰ ਹਨ। ਹਰ ਘੜੀ ਭਾਰਤ ਮਾਤਾ ਤੁਹਾਨੂੰ ਉਡੀਕ ਰਹੀ ਹੈ ਕਿ ਤੁਸੀਂ ਉਸਦੇ ਸੰਗਲ ਤੋੜਨ ਲਈ ਆਪਣਾ ਫਰਜ਼ ਪੂਰਾ ਕਰਦੇ ਹੋ ਕਿ ਨਹੀਂ, ਕੀ ਇਨਸਾਨ ਬਣਕੇ ਆਜ਼ਾਦੀ ਲਓਗੇ? ਇਸ ਸਵਾਲ ਦੇ ਜਵਾਬ ਵਿਚ ਭਾਰਤ ਵਰਸ਼ ਦੇ ਅੱਗੇ ਦਾ ਨਿਰਭਰ ਹੈ।

* * *

## 23. ਪੰਜਾਬ ਦੇ ਪਹਿਲੇ ਵਿਦ੍ਰੋਹੀ ਸ਼ਹੀਦ ਸ਼੍ਰੀ ਮਦਨ ਲਾਲ ਢੀਂਗਰਾ

[ਭਾਰਤ ਦੀ ਆਜ਼ਾਦੀ ਦੀ ਭੇਟਾਂ ਸ਼ਹੀਦੀਆਂ ਸਿਰਲੇਖ ਹੇਠ ਇਕ ਲੇਖਾਂ ਦਾ ਲੜੀ ਕਿਰਤੀ ਮਾਰਚ 1928 ਤੇ ਅਕਤੂਬਰ, 1928 ਤਕ ਸ਼ਹੀਦ ਭਗਤ ਸਿੰਘ ਨੇ ਲਿਖੀ। ਪੰਜਾਬ ਦੇ ਲੋਕਾਂ ਨੂੰ ਭਾਰਤੀ ਸ਼ਹੀਦਾਂ ਦੀ ਕੁਰਬਾਨੀ ਤੋਂ ਜਿੱਥੇ ਜਾਣੂ ਕਰਵਾਇਆ ਗਿਆ, ਉਥੇ ਭਗਤ ਸਿੰਘ ਤੇ ਸਾਥੀਆਂ ਦੇ ਮਨਾਂ ਵਿਚ ਉਠਦੇ ਸਵਾਲ ਵੀ ਇਨ੍ਹਾਂ ਲੇਖਾਂ ਵਿਚ ਪੜ੍ਹੇ ਜਾ ਸਕਦੇ ਹਨ। ਉਹ ਲੇਖ ਏਥੇ ਪੇਸ਼ ਕੀਤੇ ਜਾਂਦੇ ਹਨ। ਇਸ ਲੇਖ ਮਾਲਾ ਦਾ ਮੰਤਵ ਅਗਸਤ 1928 ਵਿਚ ਇੰਜ ਲਿਖਿਆ ਗਿਆ, "ਸਾਡਾ ਇਰਾਦਾ ਹੈ ਕਿ ਉਹਨਾਂ ਜੀਵਨਾਂ ਨੂੰ ਉਸੇ ਤਰ੍ਹਾਂ ਛਾਪਦਿਆਂ ਵੀ ਉਨ੍ਹਾਂ ਦੀਆਂ ਤਹਿਰੀਕਾਂ ਦਾ ਤਰਤੀਬਵਾਰ ਹਾਲ ਲਿਖੀਏ ਤਾਂ ਕਿ ਸਾਡੇ ਪਾਠਕ ਸਮਝ ਸਕਣ ਕਿ ਪੰਜਾਬ ਵਿਚ ਕਿਵੇਂ ਜਾਗ੍ਰਿਤੀ ਪੈਦਾ ਹੋਈ ਅਤੇ ਫਿਰ ਕਿਵੇਂ ਕੰਮ ਹੁੰਦਾ ਰਿਹਾ, ਅਤੇ ਕਿੰਨ੍ਹਾ ਕੰਮਾਂ ਲਈ, ਕਿੰਨ੍ਹਾ ਵਿਚਾਰਾਂ ਲਈ, ਉਨ੍ਹਾਂ ਸ਼ਹੀਦਾਂ ਆਪਣੇ ਪ੍ਰਾਣ ਤੀਕ ਅਰਪਨ ਕਰ ਦਿੱਤੇ।" ਭਗਤ ਸਿੰਘ ਦੀ ਇਤਿਹਾਸਕ ਨਜ਼ਰ ਤੇ ਖੋਜ ਬਾਰੇ ਜਾਨਣ ਲਈ ਇਹ ਜਾਣਕਾਰੀ ਲਾਹੇਵੰਦ ਹੈ। ਇਹ ਲੇਖ ਮਾਰਚ 1928 ਦੇ ਕਿਰਤੀ ਵਿਚ ਛਪਿਆ। —ਸੰਪਾਦਕ]

ਹੁਣ ਫਿਰ ਇਹ ਦੱਸਣ ਦੀ ਜ਼ਰੂਰਤ ਨਹੀਂ, ਕਿ ਭਾਰਤ ਵਰਸ਼ ਦੀ ਆਜ਼ਾਦੀ ਵਾਸਤੇ ਜਿਤਨੀ ਕੁਰਬਾਨੀ ਪੰਜਾਬ ਪ੍ਰਾਂਤ ਨੇ ਕੀਤੀ ਹੈ ਉਤਨੀ ਹੋਰ ਕਿਸੇ ਸੂਬੇ ਨੇ ਨਹੀਂ ਕੀਤੀ। ਵੀਹਵੀਂ



Sri Satguru Jagjit Singh Ji Elibrary NamdhariElibrary@gmail.com

ਸਦੀ ਦੇ ਸ਼ੁਰੂ ਹੋਣ ਦੇ ਨਾਲ ਹੀ ਭਾਰਤ ਵਿਚ ਇਕਦਮ ਨਵੀਂ ਅਸ਼ਾਂਤੀ ਦੀ ਲਹਿਰ ਚਲ ਪਈ। ਜਿਸ ਦਾ ਨਤੀਜਾ ਕਿ ਸੁਦੇਸ਼ੀ ਲਹਿਰ ਦੀ ਸ਼ਕਲ ਵਿਚ ਨਿਕਲਿਆ। ਉਦੋਂ ਵੀ ਪੰਜਾਬ ਹੀ ਬੰਗਾਲ ਦਾ ਸਾਥ ਨਿਭਾਅ ਸਕਿਆ ਸੀ। ਗੁਲਾਮੀ ਦੀਆਂ ਜ਼ੰਜੀਰਾਂ ਦਿਨੋਂ ਦਿਨ ਜਕੜੀਆਂ ਦੇਖ ਜਦੋਂ ਦਰਦ ਸ਼ੁਰੂ ਹੋਇਆ, ਤਦੋਂ ਬਹੁਤ ਸਾਰੇ ਨੌਜਵਾਨ ਆਪਣੇ ਦੇਸ਼-ਪ੍ਰੇਮ ਨਾਲ ਪਾਗ਼ਲ ਹੋਏ ਦਿਲਾਂ ਨੂੰ ਕੇਵਲ ਲੈਕਚਰ-ਬਾਜ਼ੀ ਅਤੇ ਰੈਜ਼ੂਲੇਸ਼ਨ-ਬਾਜ਼ੀ ਨਾਲ ਹੀ ਤਸੱਲੀ ਨਾ ਦੇ ਸਕੇ ਅਤੇ ਕੁਝ ਦਿਲ ਜਲੇ ਲੋਕਾਂ ਨੇ ਜੁਗ-ਪਲਟਾਊ ਲਹਿਰ ਚਲਾਈ। ਇਹ ਲਹਿਰ ਉਨ੍ਹਾਂ ਦੇਸ਼-ਪ੍ਰੇਮੀ ਨੌਜਵਾਨਾਂ ਨੂੰ ਆਪਣੀ ਤਰਫ਼ ਖਿੱਚਣ ਵਿਚ ਸਫਲ ਹੋ ਗਈ ਅਤੇ ਇਹਨਾਂ ਪਰਵਾਨਿਆਂ ਨੇ ਸੁਤੰਤਰਤਾ ਦੇਵੀ ਦੇ ਚਰਨਾਂ ਵਿਚ ਆਪਣੇ ਜੀਵਨ ਤੀਕ ਕੁਰਬਾਨ ਕਰ ਦਿੱਤੇ ਅਤੇ ਮੁਰਦੇ ਦੇਸ਼ ਨੂੰ ਮੁੜ ਮੌਤ ਦੇ ਪ੍ਰਤੀ ਨਿਰਭੈਤਾ ਦਿਖਾਲ ਕੇ ਪੁਰਾਣੇ ਬਜ਼ੁਰਗਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਇਹ ਜੁਗ-ਪੁਲਟਾਊ ਜਾਂ ਵਿਦ੍ਰੋਹੀ ਲੋਗ ਕੈਸੇ ਵਚਿੱਤਰ ਜੀਵਨ ਹੁੰਦੇ ਹਨ, ਇਸ ਦਾ ਕੁਝ ਕੁ ਵਰਨਣ ਬੰਗਾਲ ਦੇ ਵਿਦ੍ਰੋਹੀ ਕਵੀ ਕਾਜ਼ੀ ਨਜ਼ਰੁਲ ਇਸਲਾਮ ਨੇ ਆਪਣੇ "ਵਿਦ੍ਰੋਹੀ" ਕਵਿਤਾ ਵਿਚ ਕੀਤਾ ਹੈ। ਮੌਤ ਦੇ ਨਾਲ ਹੱਥ ਵਿਚ ਹੱਥ ਪਾ ਕੇ ਖੇਲ ਕਰਨ ਵਾਲੇ, ਗਰੀਬਾਂ ਦੇ ਸਹਾਇਕ ਆਜ਼ਾਦੀ ਦੇ ਰਾਖੇ, ਗੁਲਾਮੀ ਦੇ ਦੁਸ਼ਮਣ, ਜ਼ਾਲਮਾਂ ਜਾਬਰਾਂ ਅਤੇ ਮਨ-ਮਾਨੀਆਂ ਕਰਨ ਵਾਲੇ ਸ਼ਾਸਕਾਂ ਹਾਕਮਾਂ ਦੇ ਵੈਰੀ, ਇਨ੍ਹਾਂ ਵਿਦ੍ਰੋਹੀ ਵੀਰਾਂ ਦੇ ਦਿਲ ਦਾ, ਮਨ ਦਾ, ਸੁਭਾਅ ਦਾ, ਇੱਛਾ ਦਾ ਬੜਾ ਸੁੰਦਰ ਚਿੱਤਰ ਉਨ੍ਹਾਂ ਆਪਣੀ ਕਵਿਤਾ ਵਿਚ ਕੀਤਾ ਹੈ। ਪਹਿਲੋਂ ਹੀ ਉਹ ਕਹਿੰਦੇ ਹਨ।

*ਬੋਲ ਓ ਵੀਰ,*
*ਚਿਰ ਉੱਨਤ ਮਮ ਸੀਰ,*
*ਸਿਰ ਨਿਹਾਰਿ ਅਮਾਰ,*
*ਨਤ ਸਿਰ ਓ ਸ਼ਿਖਰ ਹਿਮਾਦ੍ਰੀਰ*

ਯਾਨੀ—ਹੇ ਵਿਦ੍ਰੋਹੀ ਵੀਰ ! ਤੂੰ ਇਕਦਮ ਇਹ ਕਹਿਦੈਂ ਕਿ ਮੈਂ ਚਿਰਾਂ ਤੋਂ ਸਿਰ ਉੱਚਾ ਕਰੀ ਖਲੋਤਾ ਹਾਂ ! ਓ ! ਤੇਰਾ ਉੱਚਾ ਸਿਰ ਦੇਖ ਕੇ ਹਿਮਾਲੀਆ ਨੇ ਵੀ ਆਪਣਾ ਸਿਰ (ਸ਼ਰਮ ਦੇ ਮਾਰੇ) ਝੁਕਾਅ ਦਿੱਤਾ।

ਅੱਗੇ ਜਾ ਕੇ ਉਸ ਦੀ ਕੜਕ ਅਤੇ ਨਰਮੀ ਦਾ ਵਰਨਣ ਕੀਤਾ ਹੈ। ਕਿਤੇ ਉਹ ਮੌਤ ਨਾਲ ਨਾਚ ਪਿਆ ਕਰਦਾ ਹੈ, ਕਿਧਰੇ ਉਹ ਸੰਸਾਰ ਦਾ ਇਕੋ ਵਾਰੀ ਸਰਬਨਾਸ਼ ਤੀਕ ਕਰਨ ਵਾਸਤੇ ਤੁਲ ਪੈਂਦਾ ਹੈ। ਉਹ ਬਿਜਲੀ ਵਾਂਗੂੰ ਕੜਕਦਾ ਹੈ, ਉਹ ਸੰਗੀਤ ਵਾਂਗੂ ਮਿੱਠਾ ਹੈ। ਵਿਧਵਾ, ਗੁਲਾਮ, ਮਜ਼ਲੂਮ, ਗਰੀਬ, ਭੁੱਖੇ ਅਤੇ ਪੀੜਤ ਲੋਕਾਂ ਵਿਚ ਬੈਠਕੇ ਉਹ ਲਗਾਤਾਰ ਰੋਂਦਾ ਰਹਿੰਦਾ ਹੈ। ਇਹੋ ਜਿਹੇ ਵਚਿੱਤਰ ਜੀਵ ਦੀ ਵਚਿੱਤਰ ਮਹਿਮਾ ਦਾ ਵਰਨਣ ਕਰਦਿਆਂ-ਕਰਦਿਆਂ ਅੰਤ ਵਿਚ ਉਹ ਵਿਦ੍ਰੋਹੀ ਦੇ ਮੂੰਹ ਤੋਂ ਕਹਾਉਂਦੇ ਹਨ।

*"ਆਮੀ ਵਿਦ੍ਰੋਹੀ ਰਣਭਾਂਤ*
*ਆਮੀ ਸ਼ੋਈ ਦਿਨ ਹੋਵੇ ਸ਼ਾਂਤ*
*ਜੋ ਦਿਨ ਪੀੜ ਤੋਰ ਕਰਨ-ਕਰੇਦਨ*
*ਰੌਲ ਅਕਾਸ਼ੇ ਬਾ ਤਾਸ਼ੇ ਧਵ*
*ਨਿਬੋਨਾਜੇ ਦਿਨ ਅਤਿਆ ਚਾਰੀਰ ਖੜਗ ਕ੍ਰਿਪਾਨ*
*ਭੀਮ ਰਣੇ ਰਣਿ ਬੇਨਾ !*



Sri Satguru Jagjit Singh Ji Elibrary NamdhariElibrary@gmail.com

*ਆਮੀ ਸ਼ੇਈ ਦਿਨ ਹੋਵੇ ਸ਼ਾਂਤ !*
*ਆਮੀ ਵਿਦ੍ਰੋਹੀ ਰਣ ਕ੍ਰਾਂਤ।"*

ਅਰਥਾਤ—ਮੈਂ ਵਿਦ੍ਰੋਹੀ ਹੁਣ ਲੜਾਈ ਤੋਂ ਥੱਕ ਗਿਆ ਹਾਂ ਅਤੇ ਮੈਂ ਵੀ ਉਸੇ ਦਿਨ ਸ਼ਾਂਤ ਹੋ ਜਾਵਾਂਗਾ, ਜਿਸ ਦਿਨ ਕਿਸੇ ਦੁਖੀ ਦੀ ਆਹ ਜਾਂ ਚੀਖ ਪੁਕਾਰ ਅਕਾਸ਼ ਵਿਚ ਜਾ ਕੇ ਅੱਗ ਨਾ ਲਾ ਸਕੇਗੀ, ਜਾਣੀ ਕੋਈ ਦੁੱਖੀ ਨਾ ਰਹੇਗਾ ; ਅਤੇ ਜਦੋਂ ਜ਼ਾਲਮਾਂ, ਜਾਬਰਾਂ ਦੀ ਭਿਆਨਕ ਤਲਵਾਰ ਮੈਦਾਨ ਵਿਚ ਚਲਣੋਂ ਬੰਦ ਹੋ ਜਾਵੇਗੀ, ਯਾਨੀ ਬਾਕੀ ਹੀ ਨਾ ਰਹੇਗੀ, ਉਦੋਂ ਅਤੇ ਸਿਰਫ਼ ਓਦੋਂ ਹੀ ਮੈਂ ਸ਼ਾਂਤ ਹੋ ਸਕਾਂਗਾ, ਸ਼ਾਂਤ ਹੋ ਵੀ ਜਾਵਾਂਗਾ।

ਐਸੇ ਵਚਿੱਤਰ ਵਿਦ੍ਰੋਹੀ ਜੀਵ ਜੋ ਸਾਰੇ ਸੰਸਾਰ ਨਾਲ ਮੱਥਾ ਲਾ ਖਲੋਤੇ ਹਨ ਅਤੇ ਆਪਣੇ ਆਪ ਨੂੰ ਬਲਦੀ ਦੇ ਬੁੱਥੇ ਦੇ ਦੇਂਦੇ ਹਨ, ਆਪਣਾ ਸੁੱਖ-ਐਸ਼ ਸਭ ਭੁਲ ਜਾਂਦੇ ਹਨ, ਅਤੇ ਦੁਨੀਆ ਦੇ ਹੁਸਨ ਸ਼ਿੰਗਾਰ ਅਤੇ ਸੁਹੱਪਣ ਵਿਚ ਕੁਝ ਕੁ ਵਾਧਾ ਕਰ ਦਿੰਦੇ ਹਨ ਅਤੇ ਉਹਨਾਂ ਦੀਆਂ ਕੁਰਬਾਨੀਆਂ ਕਰਕੇ ਹੀ ਦੁਨੀਆ ਕੁਝ ਤਰੱਕੀ ਕਰਦੀ ਹੈ, ਇਹੋ ਜਿਹੇ ਵੀਰ ਹਰ ਦੇਸ਼ ਵਿਚ ਹਰ ਸਮੇਂ ਹੁੰਦੇ ਹਨ। ਹਿੰਦੋਸਤਾਨ ਵਿਚ ਵੀ ਇਹ ਪੂਜਨੀਕ ਦੇਵਤੇ ਜਨਮ ਲੈਂਦੇ ਰਹੇ ਹਨ, ਲੈ ਰਹੇ ਹਨ ਅਤੇ ਲੈਂਦੇ ਰਹਿਣਗੇ। ਹਿੰਦੋਸਤਾਨ ਵਿਚੋਂ ਵੀ ਪੰਜਾਬ ਨੇ ਐਸੇ ਰਤਨ ਵਧੀਕ ਦਿੱਤੇ ਹਨ। ਵੀਹਵੀਂ ਸਦੀ ਦੇ ਏਹੋ ਜਿਹੇ ਸਭ ਤੋਂ ਪਹਿਲੇ ਸ਼ਹੀਦ ਸ੍ਰੀ ਮਦਨ ਲਾਲ ਜੀ ਢੀਂਗਰਾ ਹਨ।

ਉਹ ਕੋਈ ਲੀਡਰ ਤਾਂ ਹੈਨ ਨਹੀਂ ਸੀ ਕਿ ਉਨ੍ਹਾਂ ਦੇ ਜਿਉਂਦਿਆਂ ਜੀ ਉਨ੍ਹਾਂ ਦਾ ਜੀਵਨ ਚਰਿੱਤਰ ਛੱਪ ਕੇ ਦੋ ਦੋ ਆਨੇ ਵਿਚ ਵਿਕ ਜਾਂਦਾ। ਉਹ ਅਵਤਾਰ ਵੀ ਨਹੀਂ ਸਨ ਕਿ ਜਿਓਤਸ਼ਾਂ ਅਤੇ ਰਮਲੀ ਲੋਕਾਂ ਜੋਤਿਸ਼ ਲਾ-ਲਾ ਕੇ ਰੌਲਾ ਪਾ ਦਿੱਤਾ ਹੋਵੇ, ਕਿ ਅਸੀਂ ਪਹਿਲੋਂ ਹੀ ਸਮਝ ਗਏ ਸੀ ਕਿ ਉਹ ਬੜੇ (ਵੱਡੇ) ਆਦਮੀ ਸਨ। ਉਹਨਾਂ ਦੀਆਂ ਕੋਈ ਐਸੀਆਂ ਗੱਲਾਂ ਵੀ ਸਾਨੂੰ ਨਹੀਂ ਪਤਾ ਕਿ ਅਸੀਂ ਲਿਖ ਸਕੀਏ ਕਿ "ਹੋਣਹਾਰ ਬਿਰਵਾਨ ਕੇ ਹੋਣ ਚਿਕਨੇ ਪਾਤ।"

ਉਹ ਗਰੀਬ ਤੇ ਇਕ ਬਦਕਿਸਮਤ ਵਿਦ੍ਰੋਹੀ ਸੀ। ਉਨ੍ਹਾਂ ਦੇ ਪਿਤਾ ਨੇ ਉਸ ਨੂੰ ਆਪਣਾ ਪੁੱਤਰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਦੇਸ਼ ਭਗਤ ਤੇ ਝੋਲੀ ਚੁੱਕ ਸਭੇ ਅਖ਼ਬਾਰਾਂ ਅਤੇ ਉਸ ਵੇਲੇ ਦੇ ਗਰਮ ਨੇਤਾ ਬਿਪਨ ਚੰਦਰਪਾਲ ਤੀਕ ਨੇ ਉਹਨਾਂ ਨੂੰ ਰੱਜ ਰੱਜ ਕੇ ਗਾਹਲਾਂ ਕੱਢ ਦਿੱਤੀਆਂ। ਤਾਂ ਦੱਸੋ ਫਿਰ ਉਹਨਾਂ ਦੇ ਹਾਲਾਤ ਅੱਜ ਵੀਹ ਸਾਲ ਪਿੱਛੋਂ ਇਕੱਠੇ ਕਰਨ ਦੀ ਕੋਸ਼ਿਸ਼ ਵਿਚ ਕਿਸੇ ਨੂੰ ਕਿਤਨੀ ਸਫ਼ਲਤਾ ਹੋ ਸਕੇਗੀ।

ਇਹਨਾਂ ਔਕੜਾਂ ਵਿਚ ਅਸੀਂ ਅੱਜ ਉਹਨਾਂ ਦਾ ਜੀਵਨ ਬਿਰਤਾਂਤ ਲਿਖਣ ਬੈਠ ਗਏ ਹਾਂ। ਹੌਲੀ ਹੌਲੀ ਅਸੀਂ ਲੋਕੀਂ ਉਨ੍ਹਾਂ ਦਾ ਨਾਮ ਵੀ ਨਾ ਭੁੱਲ ਜਾਈਏ। ਇਸੇ ਵਿਚਾਰ ਦੀ ਪ੍ਰੇਰਣਾ ਨਾਲ ਅੱਜ ਉਹਨਾਂ ਦੇ ਜਿਹੋ ਜਿਹੇ ਹਾਲਾਤ ਵੀ ਮਿਲ ਸਕਦੇ ਹਨ, ਲੈ ਕੇ ਪਾਠਕਾਂ ਦੇ ਸਾਹਮਣੇ ਰੱਖ ਰਹੇ ਹਾਂ।

ਆਪ (ਸ਼ਾਇਦ) ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਘਰੋਂ ਸੌਖੇ ਸਨ। ਬੀ.ਏ. ਪਾਸ ਕਰਕੇ ਆਪ ਇੰਗਲੈਂਡ ਪੜ੍ਹਨ ਤੁਰ ਗਏ। ਉਥੇ ਕਿਹਾ ਜਾਂਦਾ ਹੈ ਕਿ ਆਪ ਕੁਝ ਐਸ਼ੋ-ਇਸ਼ਰਤ ਵਿਚ ਫਸ ਗਏ। ਇਹ ਗੱਲ ਕੋਈ ਯਕੀਨ ਨਾਲ ਨਹੀਂ ਕਹੀ ਜਾ ਸਕਦੀ। ਪਰੰਤੂ ਇਹ ਗੱਲ ਕੋਈ ਅਣਹੋਣੀ ਵੀ ਨਹੀਂ। ਉਨ੍ਹਾਂ ਦਾ ਮਨ ਬੜਾ ਰਸਿਕ ਅਤੇ ਭਾਵਕ ਸੀ, ਏਸ ਗੱਲ ਦਾ ਸਬੂਤ ਵੀ ਮਿਲਦਾ ਹੈ। ਇੰਗਲੈਂਡ ਦੇ ਜਸੂਸ ਮਹਿਕਮੇ (Scotland yard) ਨੇ ਇਕ ਪ੍ਰਸਿੱਧ ਜਸੂਸ ਸ੍ਰੀ ਈ.ਟੀ. ਵੁੱਡਹਾਲ ਨੇ (union jack) (ਯੂਨੀਅਨ ਜੈਕ) ਨਾਮਕ ਹਫ਼ਤੇਵਾਰੀ ਪੱਤਰ ਵਿਚ ਆਪਣੀ ਡਾਇਰੀ ਛਾਪੀ ਸੀ। ਮਾਰਚ 1925 ਦੇ ਪਰਚੇ ਵਿਚ ਉਹਨਾਂ ਨੇ ਸ੍ਰੀ ਮਦਨ ਲਾਲ ਢੀਂਗਰਾ ਜੀ ਦਾ ਹਾਲ ਲਿਖਿਆ ਹੈ। ਇਹ ਜਸੂਸ ਉਨ੍ਹਾਂ ਦੇ ਪਿੱਛੇ ਲਗਾਇਆ ਗਿਆ ਸੀ ਉਹ ਲਿਖਦੇ ਹਨ :



Sri Satguru Jagjit Singh Ji Elibrary NamdhariElibrary@gmail.com

"Dhingra was an extra-ordinary man...Dhingra's passion for flower was remarkable"

ਯਾਨੀ "ਢੀਂਗਰਾ ਇਕ ਅਸਾਧਾਰਣ ਆਦਮੀ ਸੀ....ਢੀਂਗਰਾ ਦਾ ਫੁੱਲਾਂ ਪ੍ਰਤੀ ਖਾਸ ਮੋਹ ਸੀ।" ਅੱਗੇ ਜਾ ਕੇ ਉਨ੍ਹਾਂ ਲਿਖਿਆ ਹੈ ਕਿਸੇ ਸੁੰਦਰ ਜਿਹੀ ਗੁੱਠ ਵਿਚ ਉਹ ਬੈਠ ਜਾਂਦੇ ਸਨ। ਅਤੇ ਕਈ ਕਈ ਘੰਟੇ ਉਹ ਫੁੱਲਾਂ ਵੱਲ ਭੜੇ ਮਸਤ ਕਵੀ ਵਾਂਗੂੰ ਮਸਤ ਹੋ ਕੇ ਦੇਖਦੇ ਰਹਿੰਦੇ ਸਨ ਅਤੇ ਕਦੇ ਉਹਨਾਂ ਦੀਆਂ ਅੱਖੀਆਂ ਵਿਚੋਂ ਬੜੀ ਤੇਜ਼ ਰੋਸ਼ਨੀ ਨਿਕਲਦੀ ਸੀ। ਉਸ ਚਮਕ ਨੂੰ ਵੇਖ ਕੇ ਈ.ਟੀ. ਵੁੱਡਹਾਲ ਉਸਤਾਦ ਸਿਕਲਾਈ ਅੱਗੇ ਲਿਖਦਾ ਹੈ :

"There is a man to keep an eye on. He will do something desprate someday."

ਯਾਨੀ ਉਹ ਜੋ ਬੰਦਾ ਜਿਸ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿਸੇ ਨਾ ਕਿਸੇ ਦਿਨ ਭੜਥੂ ਪਾਊਗਾ। ਖ਼ੈਰ !

ਅਸੀਂ ਗੱਲ ਕਰ ਰਹੇ ਸੀ ਕਿ ਉਹ ਸ਼ਾਇਦ ਐਸ਼-ਉਸ਼ ਵਿਚ ਫਸ ਗਏ। ਉਸ ਕਹਾਣੀ ਦੇ ਅੱਗੋਂ ਇਉਂ ਕਿ ਫੇਰ ਸੁਦੇਸ਼ੀ ਦੀ ਲਹਿਰ ਦਾ ਅਸਰ ਇੰਗਲੈਂਡ ਵਿਚ ਵੀ ਪੁੱਜਾ ਅਤੇ ਜਾਂਦਿਆਂ ਸਾਰ ਹੀ ਸ੍ਰੀ ਸਾਵਰਕਰ ਨੇ ਇੰਡੀਅਨ ਹਾਊਸ ਨਾਮਕ ਸਭਾ ਖੋਲ ਦਿੱਤੀ। ਮਦਨ ਲਾਲ ਹੋਣੀ ਵੀ ਉਸ ਦੇ ਮੈਂਬਰ ਬਣੇ।

ਇਧਰ ਹਿੰਦੋਸਤਾਨ ਵਿਚ ਖੁੱਲੀ ਲਹਿਰ ਨੂੰ ਦਬਾਉਣ ਕਰਕੇ ਜੁਗ-ਪਲਟਾਊ ਲੋਕਾਂ ਨੇ ਖੁਫ਼ੀਆ ਸੋਸਾਇਟੀਆਂ ਕਾਇਮ ਕਰ ਲਈਆਂ। ਇਥੋਂ ਤੀਕ ਕਿ 1908 ਵਿਚ ਅਲੀਪੁਰ ਦੀ ਸਾਜ਼ਸ਼ ਦਾ ਮੁਕੱਦਮਾ ਖੜਾ ਹੋ ਗਿਆ। ਸ੍ਰੀ ਕਨਹਾਈ ਤੇ ਸ੍ਰੀ ਸਤੇਂਦਰ ਨਾਥ ਨੂੰ ਫ਼ਾਂਸੀ ਮਿਲ ਗਈ। ਧਰਿੰਦਰ ਤੇ ਉਲਾਸ਼ਕਰ ਦੱਤ ਨੂੰ ਵੀ ਉਸ ਵੇਲੇ ਫ਼ਾਂਸੀ ਦੀ ਸਜ਼ਾ ਹੀ ਸੁਣਾਈ ਗਈ ਸੀ। ਇਹ ਖ਼ਬਰਾਂ ਇੰਗਲੈਂਡ ਵਿਚ ਵੀ ਪੁੱਜੀਆਂ ਅਤੇ ਇਨ੍ਹਾਂ ਗਰਮ ਨੌਜਵਾਨਾਂ ਨੂੰ ਅੱਗ ਲੱਗ ਉੱਠੀ। ਕਹਿੰਦੇ ਹਨ ਕਿ ਇਕ ਦਿਨ ਰਾਤ ਨੂੰ ਸ੍ਰੀ ਸਾਵਰਕਰ ਤੇ ਮਦਨ ਲਾਲ ਢੀਂਗਰਾ ਬਹੁਤ ਚਿਰ ਸਲਾਹ ਕਰਦੇ ਰਹੇ। ਆਪਣੀ ਜਾਨ ਤੀਕ ਦੇ ਦੇਣ ਦੀ ਹਿੰਮਤ ਦਿਖਾਲਦਿਆਂ ਦੇਖਣ ਲਈ ਮਦਨ ਲਾਲ ਨੂੰ ਜ਼ਮੀਨ 'ਤੇ ਹੱਥ ਰੱਖਣ ਵਾਸਤੇ ਕਹਿ ਕੇ ਸਾਵਰਕਰ ਨੇ ਹੱਥ ਉੱਤੇ ਸੂਆ ਮਾਰ ਦਿੱਤਾ। ਪਰ ਉਹ ਪੰਜਾਬੀ ਵੀਰ ਨੇ ਸੀ ਤਕ ਨਾ ਕੀਤੀ। ਸੂਆ ਖਿਚ ਲਿਆ ਗਿਆ। ਦੋਨਾਂ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ, ਦੋਵੇਂ ਇਕ ਦੂਜੇ ਨੂੰ ਜੱਫੀ ਪਾ ਕੇ ਖੜੇ ਰਹਿ ਗਏ। ਆਹਾ! ਉਹ ਵੇਲਾ ਕੈਸਾ ਸੁੰਦਰ ਸੀ। ਉਹ ਅੱਥਰੂ ਕਿੰਨੇ ਅਮੁੱਲੇ ਅਤੇ ਅਲੱਭ ਸਨ। ਉਹ ਮਿਲਾਪ ਕਿਤਨਾ ਸੁੰਦਰ, ਕਿਤਨਾ ਮਹਿਮਾਮਾਈ ਸੀ। ਅਸੀਂ ਦੁਨੀਆਦਾਰੀ ਕੀ ਜਾਣੀਏਂ ਮੌਤ ਦੇ ਵਿਚਾਰ ਤੀਕ ਤੋਂ ਡਰਨ ਵਾਲੇ ਅਸੀਂ ਕਾਇਰ ਲੋਕੀਂ ਕੀ ਜਾਣੀਏ, ਇਕ ਦੇਸ਼ ਦੀ ਖ਼ਾਤਰ, ਕੌਮ ਦੀ ਖ਼ਾਤਰ ਪ੍ਰਾਣ ਤੀਕ ਦੇ ਦੇਣ ਵਾਲੇ ਉਹ ਲੋਕ ਕਿੰਨੇ ਉੱਚੇ ਕਿੰਨੇ ਪਵਿੱਤਰ ਅਤੇ ਕਿੰਨੇ ਪੂਜਨੀਕ ਹੁੰਦੇ ਹਨ।

ਅਗਲੇ ਦਿਨ ਤੋਂ ਢੀਂਗਰਾ ਮੁੜ ਇੰਡੀਅਨ ਹਾਊਸ ਸਾਵਰਕਰ ਵਾਲੀ ਸਭਾ ਵਿਚ ਨਹੀਂ ਗਏ ਅਤੇ ਭਾਰਤੀ ਵਿਦਿਆਰਥੀਆਂ ਤੇ ਖਾਸ ਖ਼ੁਫੀਆ ਪੁਲਿਸ ਦਾ ਪ੍ਰਬੰਧ ਕਰਨ ਵਾਲੇ ਅਤੇ ਉਨ੍ਹਾਂ ਦੀ ਮਾੜੀ ਮੋਟੀ ਆਜ਼ਾਦੀ ਨੂੰ ਕੁਚਲਣ ਵਾਲੇ ਸਰ ਕਰਜਨ ਵਾਂਇਲੀ, ਜੋ ਕਿ (Secretary of state for India) ਦੇ ਏਡ-ਡੀ-ਕੈਂਪ (Aid-De-Camp) ਸਨ, ਦਵਾਰਾ ਚਲਾਈ ਹਿਦੋਸਤਾਨੀ ਵਿਦਿਆਰਥੀਆਂ ਦੀ ਸਭਾ ਵਿਚ ਜਾ ਸ਼ਾਮਲ ਹੋਏ। ਇਹ ਦੇਖ ਕੇ ਇੰਡੀਅਨ ਹਾਊਸ ਵਾਲੇ ਲੜਕਿਆਂ ਨੂੰ ਬੜਾ ਜੋਸ਼ ਆਇਆ ਅਤੇ ਉਹ ਉਨ੍ਹਾਂ ਨੂੰ ਦੇਸ਼ ਘਾਤਕ, ਦੇਸ਼ ਧ੍ਰੋਹੀ ਤੀਕ ਕਹਿਣ ਲੱਗ ਪਏ, ਪਰੰਤੂ ਉਨ੍ਹਾਂ ਦਾ ਗੁੱਸਾ ਵੀ ਸ੍ਰੀ ਸਾਵਰਕਰ ਨੇ ਇਹ ਕਹਿ ਕੇ ਸ਼ਾਂਤ



Sri Satguru Jagjit Singh Ji Elibrary NamdhariElibrary@gmail.com

ਕੀਤਾ ਕਿ ਆਖ਼ਰ ਸਾਡੀ ਸਭਾ ਨੂੰ ਚਲਾਉਣ ਵਾਸਤੇ ਵੀ ਤਾਂ ਉਨ੍ਹਾਂ ਨੇ ਸਿਰ ਤੋੜ ਪ੍ਰਯਤਨ ਕੀਤਾ ਸੀ ਅਤੇ ਉਨ੍ਹਾਂ ਦੀ ਮਿਹਨਤ ਦਾ ਹੀ ਇਹ ਨਤੀਜਾ ਹੈ ਕਿ ਸਾਡੀ ਸਭਾ ਚੱਲ ਰਹੀ ਹੈ। ਇਸ ਕਰਕੇ ਸਾਨੂੰ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਖ਼ੈਰ ! ਕੁਝ ਦਿਹਾੜੇ ਤਾਂ ਚੁੱਪ ਚਾਪ ਲੰਘ ਗਏ।

1 ਜੁਲਾਈ, 1909 ਨੂੰ ਇੰਮਪੀਰੀਅਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਵਿਚ ਇਕ ਇਕੱਤਰਤਾ ਸੀ। ਸਰ ਕਰਜਨ ਵਾਇਲੀ ਵੀ ਉਥੇ ਗਏ ਹੋਏ ਸੀ। ਉਹ ਦੋ ਹੋਰ ਲੋਕਾ ਨਾਲ ਗੱਲਾਂ ਕਰ ਰਹੇ ਸਨ ਕਿ ਇਕਦਮ ਢੀਂਗਰਾਂ ਹੋਰਾਂ ਨੇ ਪਿਸਤੌਲ ਕੱਢ ਕੇ ਉਨ੍ਹਾਂ ਦੇ ਮੂੰਹ ਵੱਲ ਤਾਣ ਦਿੱਤਾ। ਕਰਜਨ ਸਾਹਿਬ ਦੀ ਡਰਦਿਆਂ ਦੀ ਇਕ ਚੀਖ ਨਿਕਲ ਗਈ ਪਰ ਕੋਈ ਬੰਦੋਬਸਤ ਹੋ ਸਕਣ ਤੋਂ ਪਹਿਲਾਂ ਹੀ ਮਦਨ ਲਾਲ ਨੇ ਦੋ ਗੋਲੀਆਂ ਉਹਨਾਂ ਦੇ ਸੀਨੇ ਵਿਚ ਮਾਰ ਕੇ ਉਨ੍ਹਾਂ ਨੂੰ ਸਦਾ ਲਈ ਸੁਆ ਦਿੱਤਾ। ਫਿਰ ਕੁਝ ਜੱਦੋ-ਜਹਿਦ ਦੇ ਬਾਦ ਉਹ ਪਕੜੇ ਗਏ। ਬੱਸ ਫਿਰ ਕੀ ਸੀ। ਦੁਨੀਆ ਭਰ ਵਿਚ ਤਰਥੱਲੀ ਪੈ ਗਈ। ਸਭ ਲੋਕੀਂ ਉਨ੍ਹਾਂ ਨੂੰ ਜੀ ਭਰਕੇ ਗਾਲ੍ਹਾਂ ਕੱਢਣ ਲੱਗ ਪਏ। ਉਨ੍ਹਾਂ ਦੇ ਪਿਤਾ ਨੇ ਪੰਜਾਬ ਤੋਂ ਤਾਰ ਦੇ ਘੱਲਿਆ, ਕਿ ਇਹੋ ਜਿਹੇ ਬਾਗੀ, ਵਿਦਰੋਹੀ ਅਤੇ ਹੱਤਿਆਰੇ ਆਦਮੀ ਨੂੰ ਮੈਂ ਆਪਣਾ ਪੁੱਤਰ ਮੰਨਣ ਤੋਂ ਇਨਕਾਰੀ ਹਾਂ। ਭਾਰਤ ਵਾਸੀਆਂ ਦੇ ਬੜੇ-ਬੜੇ ਜਲਸੇ ਹੋਏ। ਬੜੇ-ਬੜੇ ਲੈਕਚਰ ਹੋਏ। ਬੜੇ-ਬੜੇ ਮਤੇ ਪਾਸ ਹੋਏ। ਸਭ ਉਨ੍ਹਾਂ ਦੀ ਨਿੰਦਾ ਵਿਚ। ਪਰ ਉਸ ਵਕਤ ਵੀ ਇਕ ਸਾਵਰਕਰ ਵੀਰ ਸੀ ਜਿਸ ਨੇ ਖੁਲਮ-ਖੁੱਲਾ ਉਨ੍ਹਾਂ ਦਾ ਪੱਖ ਲਿਆ। ਪਹਿਲਾਂ ਤਾਂ ਉਨ੍ਹਾਂ ਦੇ ਵਿਰੁੱਧ ਮਤਾ ਨਾ ਪਾਸ ਹੋਣ ਦੇਣ ਵਾਸਤੇ ਇਹ ਬਹਾਨਾ ਪੇਸ਼ ਕੀਤਾ ਕਿ ਅਜੇ ਤੀਕ ਉਨ੍ਹਾਂ 'ਤੇ ਮੁਕੱਦਮਾ ਚਲ ਰਿਹਾ ਹੈ ਅਤੇ ਅਸੀਂ ਉਨ੍ਹਾਂ ਨੂੰ ਦੋਸ਼ੀ ਨਹੀਂ ਕਹਿ ਸਕਦੇ। ਅਖੀਰ ਵਿਚ ਜਦੋਂ ਏਸ ਰੈਜ਼ੂਲੇਸ਼ਨ ਤੇ ਵੋਟ ਲੈਣ ਲੱਗੇ ਤਾਂ ਸਭਾ ਦੇ ਪ੍ਰਧਾਨ ਸ੍ਰੀ ਬਿਪਨ ਚੰਦਰਪਾਲ ਇਹ ਕਹਿ ਹੀ ਰਹੇ ਸਨ ਕਿ ਕੀ ਇਹ ਸਭਨਾਂ ਦੇ ਇਤਫ਼ਾਕ ਨਾਲ ਪਾਸ ਕੀਤਾ ਗਿਆ ਸਮਝਿਆ ਜਾਵੇ ਤਾਂ ਸਾਵਰਕਰ ਸਾਹਿਬ ਉੱਠ ਖਲੋਤੇ ਤੇ ਆਪ ਨੇ ਵਿਖਿਆਨ ਸ਼ੁਰੂ ਕਰ ਦਿੱਤਾ। ਇੰਨੇ ਵਿਚ ਹੀ ਇਕ ਅੰਗਰੇਜ਼ ਨੇ ਇਨ੍ਹਾਂ ਦੇ ਮੂੰਹ ਤੇ ਘਸੁੰਨ ਮਾਰ ਦਿੱਤਾ ਅਤੇ ਕਹਿਣ ਲੱਗਾ :

"Look ! How straight the English first goes !" ਕਿ ਦੇਖ ਅੰਗਰੇਜ਼ੀ ਘਸੁੰਨ ਕੀ ਠਿਕਾਨੇ ਤੇ ਪੈਂਦਾ ਹੈ। ਅਜੇ ਉਹ ਕਹਿ ਹੀ ਰਿਹਾ ਸੀ ਕਿ ਹਿੰਦੋਸਤਾਨੀ ਨੌਜਵਾਨ ਨੇ ਉਸ ਅੰਗਰੇਜ਼ ਦੇ ਸਿਰ ਇਕ ਡਾਂਗ ਜੜ ਦਿੱਤੀ, ਅਤੇ ਕਿਹਾ :

"Look ! How straight the Indian club goes !" ਦੇਖ ਯਾਰਾਂ ਦਾ ਹਿੰਦੋਸਤਾਨੀ ਡੰਡਾ ਕੀ ਠਕਾਣੇ 'ਤੇ ਬੈਠਦਾ ਹੈ। ਰੌਲਾ ਪੈ ਗਿਆ ਜਲਸਾ ਵਿਚੇ ਈ ਰਹਿ ਗਿਆ। ਮਤਾ ਵੀ ਵਿਚੇ ਹੀ ਰਹਿ ਗਿਆ। ਖ਼ੈਰ !

ਮੁਕੱਦਮਾ ਹੋ ਰਿਹਾ ਸੀ, ਮਦਨ ਲਾਲ ਬੜੇ ਖ਼ੁਸ਼ ਸਨ। ਬੜੇ ਸ਼ਾਂਤ ਸਨ। ਸਾਹਮਣੇ ਦਰਵਾਜ਼ੇ ਵੱਲ ਮੌਤ ਖੜੀ ਵੇਖ ਕੇ ਹੀ ਉਹ ਮੁਸਕਰਾ ਰਹੇ ਸਨ। ਉਹ ਨਿਰਭੈ ਸਨ। ਆਹਾ ! ਉਹ ਵੀਰ ਵਿਦ੍ਰੋਹੀ ਸਨ। ਆਪ ਨੇ ਅੰਤ ਵਿਚ ਜੋ ਬਿਆਨ ਦਿੱਤਾ ਉਹ ਆਪ ਦੀ ਨੇਕ-ਦਿਲੀ, ਆਪਦੀ ਦੇਸ਼ ਭਗਤੀ ਅਤੇ ਲਿਆਕਤ ਦਾ ਬੜਾ ਭਾਰੀ ਸਬੂਤ ਹੈ। ਅਸੀਂ ਉਨ੍ਹਾਂ ਦੇ ਲਫ਼ਜ਼ਾਂ ਵਿਚ ਹੀ ਦਿੰਦੇ ਹਾਂ। ਇਹ 12 ਅਗਸਤ ਦੇ (Daily News) ਡੇਲ੍ਹੀ ਨਿਊਜ਼ ਦੇ ਵਿਚ ਛਪਿਆ ਸੀ।

"I admit the other day, I attempt to shed english blood as an humble revenge for the inhuman hangings and deportions of patriotic Indian youths. In the attempt I have consulted none but my own conscience, I have conspired with none but my duty."



Sri Satguru Jagjit Singh Ji Elibrary NamdhariElibrary@gmail.com

"I believe that a nation held down by foreign bayonet is in a perpetual state of war. Since open battle is rendered impossible to disarmed races, I attached by surprise. Since guns were denied to me I drew forth my pistol and fired."

"As an hindoo I felt that wrong to my contry is insult to God. Her cause is the cause of Shiri Rama, her service is the service of Shiri Krishan. Poor in wealth and intellect, a son like my self has nothing else to offer the mother but his own blood, and so I have sacrificed the same on her alter."

"The only lesson required in India at present is to learn how to die, and the only way to teach it by dying our selves, therefore I die and I glory in my martyrdom."

"This war will continue so long as the Hindoo and English races last if this present unnatural relation does not cease."

My only prayer to God is :

"May I be reborn of the same Mother and may I re die in the same sacred cause, till the cause is successful, and she stands free for the good of humanity and to the glory of God."

—BANDE-MATRAM

ਅਰਥਾਤ !ਮੈਂ ਮੰਨਦਾ ਹਾਂ ਕਿ ਮੈਂ ਉਸ ਦਿਨ ਇਕ ਅੰਗਰੇਜ਼ ਦਾ ਖ਼ੂਨ ਕੀਤਾ ਅਤੇ ਦੱਸਦਾ ਹਾਂ ਕਿ ਇਹ ਉਨ੍ਹਾਂ ਨਿਰਦਇਤਾ ਭਰੀਆਂ ਸਜ਼ਾਵਾਂ ਦਾ ਮਾੜਾ ਜਿਹਾ ਬਦਲਾ ਹੈ ਜੋ ਕਿ ਹਿੰਦੋਸਤਾਨੀ ਦੇਸ਼ ਭਗਤ ਨੌਜਵਾਨਾਂ ਨੂੰ ਫ਼ਾਂਸੀ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਹਨ। ਮੈਂ ਇਸ ਕੰਮ ਵਿਚ ਆਪਣੇ ਜਮੀਰ ਤੋਂ ਸਿਵਾ ਹੋਰ ਕਿਸੇ ਦੀ ਸਲਾਹ ਨਹੀਂ ਲਈ। ਆਪਣੇ ਕਰੱਤਵ-ਯੁੱਧ ਜਾਂ ਆਪਣੀ ਫਰਜ਼-ਸ਼ਨਾਸੀ ਤੋਂ ਸਿਵਾ ਕਿਸੇ ਨਾਲ ਸਾਜ਼ਿਸ਼ ਨਹੀਂ ਕੀਤੀ।

ਮੇਰਾ ਇਹ ਵਿਸ਼ਵਾਸ ਹੈ ਕਿ ਇਕ ਕੌਮ ਜਿਸ ਨੂੰ ਕਿ ਵਿਦੇਸ਼ੀ ਲੋਕਾਂ ਨੇ ਬੰਦੂਕਾਂ ਨਾਲ ਦਬਾਇਆ ਹੋਇਆ ਹੋਵੇ, ਉਹ ਹਮੇਸ਼ਾ ਲੜਾਈ ਦੀ ਹਾਲਤ ਵਿਚ ਹੁੰਦੀ ਹੈ ਅਤੇ ਚੂੰਕਿ ਹਥਿਆਰ ਖੋਹ ਕੇ ਖੁੱਲ੍ਹੀ ਲੜਾਈ ਨਾ ਮੁਮਕਿਨ ਕਰ ਦਿੱਤੀ ਜਾਂਦੀ ਹੈ, ਮੈਂ ਲੁਕ ਕੇ ਬਿਨਾਂ ਦਸਿਆਂ ਹਮਲਾ ਕੀਤਾ ਹੈ। ਕਿਉਂਕਿ ਸਾਨੂੰ ਬੰਦੂਕਾਂ ਰੱਖਣ ਤੋਂ ਮਨਾ ਕੀਤਾ ਜਾਂਦਾ ਹੈ। ਇਸ ਕਰਕੇ ਮੈਂ ਪਿਸਤੌਲ ਧੂਹ ਲਿਆ ਅਤੇ ਚਲਾ ਦਿੱਤਾ।

ਮੈਂ ਇਕ ਹਿਦੂ ਹੋਣ ਦੀ ਹੈਸੀਅਤ ਵਿਚ ਸਮਝਦਾ ਹਾਂ ਕਿ ਮੇਰੇ ਦੇਸ਼ ਦੇ ਨਾਲ ਕੀਤਾ ਗਿਆ ਅਨਿਆਏ ਈਸ਼ਵਰ ਦੀ ਹੱਤਕ ਹੈ ਕਿਉਂਕਿ ਦੇਸ਼ ਦੀ ਪੂਜਾ ਸ਼੍ਰੀ ਰਾਮ ਚੰਦਰ ਦੀ ਪੂਜਾ ਹੈ ਅਤੇ ਦੇਸ਼ ਦੀ ਸੇਵਾ ਸ੍ਰੀ ਕ੍ਰਿਸ਼ਨ ਦੀ ਸੇਵਾ ਹੈ।

ਇਕ ਗਰੀਬ ਅਤੇ ਮੂਰਖ ਮੇਰੇ ਜੈਸਾ ਨੌਜਵਾਨ ਪੁੱਤਰ ਦੇ ਪਾਸ ਆਪਣੀ ਮਾਤਾ ਦੀ ਸੇਵਾ ਵਿਚ ਭੇਟ ਕਰਨ ਵਾਸਤੇ ਆਪਣੇ ਖ਼ੂਨ ਦੇ ਸਿਵਾਏ ਹੋਰ ਕੀ ਹੋ ਸਕਦਾ ਹੈ। ਸੋ ਮੈਂ ਆਪਣਾ ਖ਼ੂਨ ਮਾਤਾ ਦੇ ਚਰਨਾਂ ਵਿਚ ਚੜ੍ਹਾਇਆ ਹੈ।



Sri Satguru Jagjit Singh Ji Elibrary NamdhariElibrary@gmail.com

ਇਸ ਵੇਲੇ ਅਗਰ ਹਿੰਦੋਸਤਾਨ ਨੂੰ ਕਿਸੇ ਸੱਬਕ ਦੀ ਲੋੜ ਹੈ ਤਾਂ ਉਹ ਇਹ ਹੈ ਕਿ ਕਿਸ ਤਰ੍ਹਾਂ ਮਰੀਦਾ ਹੈ। ਔਰ ਇਹ ਸਿਖਲਾਉਣ ਦਾ ਇਕੋ ਤਰੀਕਾ ਹੈ ਕਿ ਅਸੀਂ ਖ਼ੁਦ ਮਰ ਕੇ ਦਿਖਲਾਈਏ। ਇਸ ਵਾਸਤੇ ਮੈਂ ਮਰ ਰਿਹਾ ਹਾਂ। ਇਸ ਵਾਸਤੇ ਮੁਬਾਰਿਕ ਹੋਵੇ ਸ਼ਹੀਦਾਨਾ ਮੌਤ।

ਇਹ ਲੜਾਈ ਉਦੋਂ ਤੀਕ ਜਾਰੀ ਰਹੇਗੀ ਜਦੋਂ ਤੀਕ ਹਿੰਦੋਸਤਾਨੀ ਅਤੇ ਅੰਗਰੇਜ਼ ਦੋਵੇਂ ਕੌਮਾਂ ਰਹਿਣਗੀਆਂ ਅਤੇ ਇਹਨਾਂ ਦਾ ਇਹ ਅਨੁਭਾਵਕ ਨਰੜ ਹੋਇਆ ਰਹੇਗਾ।

ਮੇਰੀ ਈਸ਼ਵਰ ਅੱਗੇ ਇਤਨੀ ਹੀ ਪ੍ਰਾਰਥਨਾ ਹੈ ਕਿ ਮੈਂ ਫਿਰ ਇਸੇ ਮਾਤਾ ਦੀ ਗੋਦ ਵਿਚ ਜਨਮ ਲਵਾਂ ਅਤੇ ਇਸੇ ਕੰਮ ਵਿਚ ਮਰਾਂ, ਅਤੇ ਜਦੋਂ ਤੀਕ ਉਹ ਸੁਤੰਤਰ ਨਾ ਹੋ ਜਾਵੇ ਅਤੇ ਮਾਨਵ ਸਮਾਜ ਦੀ ਪੂਰਨ ਰੂਪ ਨਾਲ ਸੇਵਾ ਅਤੇ ਉੱਨਤੀ ਕਰਨ ਯੋਗ ਨਾ ਹੋ ਜਾਵੇ, ਮੈਂ ਇੱਥਿ ਹੀ ਜੰਮਦਾ ਅਤੇ ਇਸੇ ਤਰ੍ਹਾਂ ਮਰਦਾ ਰਵਾਂ। —*'ਬੰਦੇ ਮਾਤਰਮ'*

16 ਅਗਸਤ 1909 ਦਾ ਦਿਹਾੜਾ ਵੀ ਇਤਿਹਾਸ ਵਿਚ ਯਾਦ ਹੀ ਰਹੇਗਾ। ਉਸ ਦਿਨ ਇੰਗਲੈਂਡ ਵਿਚ ਹਿੰਦੋਸਤਾਨੀ ਜੁੱਗ-ਪਲਟਾਊ ਪਾਰਟੀ ਦੀ ਆਵਾਜ਼ ਗੁਜਾਉਣ ਵਾਲਾ ਢੀਂਗਰਾ ਵੀਰ ਆਪਣੀ ਮਸਤਾਨਾ ਚਾਲ ਚੱਲਦਾ ਹੋਇਆ ਤਖ਼ਤੇ 'ਤੇ ਜਾ ਚੜ੍ਹਿਆ ਸੀ। ਸ੍ਰੀਮਤੀ ਐਗਨਸ ਸਮੈਡਲੀ ਇਕ ਥਾਂ ਇਸ ਘਟਨਾ ਦਾ ਜ਼ਿਕਰ ਕਰਦੀ ਹੋਈ ਲਿਖਦੀ ਹੈ।

**He walked to the scaffoled with his head high and shocked off the hands of those who offered to support him, saying that he was not affraid of death.**

ਆਹਾ ! ਸਹਾਰਾ ਦੇ ਕੇ ਲੈ ਜਾਣ ਵਾਲੇ ਬੰਦਿਆਂ ਦੇ ਹੱਥ ਪਿਛਾਂਹ ਝਾੜ ਕੇ ਉਹ ਕਹਿਣ ਲੱਗਾ, "ਮੈਂ ਮੌਤੋਂ ਨਹੀਂ ਡਰਦਾ।" ਆਹਾ ! ਧੰਨ ਹੈ ਮ੍ਰਿਤਯੰਜਯ।

**"As he stood on the scaffoled he was asked if he had any last thing to say. He answered 'Bande Matram."**

ਮਾਂ ਨਾਲ ਇਤਨਾ ਪਿਆਰ। ਫ਼ਾਂਸੀ ਦੇ ਤਖ਼ਤੇ 'ਤੇ ਖਲੋਤੇ ਹੋਇਆਂ ਨੂੰ ਪੁਛਿਆ ਜਾਂਦਾ ਕੁਝ ਕਹਿਣਾ ਚਾਹੁੰਦੇ ਹੋ ਤਾਂ ਉਤਰ ਦਿੱਤਾ, "ਬੰਦੇ ਮਾਤਰਮ", ਮਾਂ ! ਭਾਰਤ ਮਾਂ !! ਤੈਨੂੰ ਨਮਸਕਾਰ ! ਉਹ ਵੀਰ ਫ਼ਾਂਸੀ 'ਤੇ ਲਟਕ ਗਿਆ ਅਤੇ ਉਹਨਾਂ ਦੀ ਲਾਸ਼ ਅੰਦਰ ਹੀ ਦਬ ਦਿੱਤੀ ਗਈ ਅਤੇ ਹਿੰਦੋਸਤਾਨੀਆਂ ਨੂੰ ਉਹਨਾਂ ਦੀ ਦੇਹ ਕ੍ਰਿਆ ਆਦਿ ਦੀ ਆਗਿਆ ਨਾ ਦਿੱਤੀ ਗਈ। ਧੰਨ ਸੀ ਉਹ ਵੀਰ। ਧੰਨ ਹੈ ਉਸ ਦੀ ਯਾਦ। ਮੁਰਦੇ ਦੇਸ਼ ਦੇ ਅਮੋਲਕ ਹੀਰੇ ਨੂੰ ਬਾਰ-ਬਾਰ ਨਮਸਕਾਰ !!!

❋ ❋ ❋

## 24. ਪੰਜਾਬ ਦੇ ਉਘੇ ਸ਼ਹੀਦ ਭਾਈ ਬਾਲਮੁਕੰਦ ਜੀ

*—ਕਿਰਤੀ ਅਗਸਤ 1928*

ਹੁਣ ਤੀਕ ਅਸੀਂ ਪੰਜਾਬੀ ਸ਼ਹੀਦਾਂ ਦੇ ਜੀਵਨ 'ਕਿਰਤੀ' ਵਿਚ ਬਿਨਾਂ ਤਰਤੀਬ ਤੋਂ ਹੀ ਛਾਪਦੇ ਰਹੇ ਹਾਂ। ਕਦੀ ਬੱਬਰ ਅਕਾਲੀ ਸ਼ਹੀਦਾਂ ਦੇ ਜੀਵਨ ਛਪੇ ਤੇ ਕਦੀ 1914-15 ਵਾਲੇ ਗ਼ਦਰ ਪਾਰਟੀ ਦੇ ਸ਼ਹੀਦਾਂ ਦੇ। ਕਦੇ 1908 ਵਾਲੇ ਮਦਨ ਲਾਲ ਜੀ ਦਾ ਹੀ ਜੀਵਨ ਛਪਿਆ। ਹੁਣ ਸਾਡਾ ਇਰਾਦਾ ਹੈ ਕਿ ਉਹਨਾਂ ਜੀਵਨਾਂ ਨੂੰ ਉਸੇ ਤਰ੍ਹਾਂ ਛਾਪਦਿਆਂ ਹੋਇਆਂ ਵੀ ਉਨ੍ਹਾਂ ਦੀਆਂ ਤਹਿਰੀਕਾਂ ਦਾ ਤਰਤੀਬਵਾਰ ਹਾਲ ਲਿਖੀਏ ਤਾਂਕਿ ਸਾਡੇ ਪਾਠਕ ਸਮਝ ਸਕਣ ਕਿ ਪੰਜਾਬ ਵਿਚ ਕਿਵੇਂ ਜਾਗਰਤੀ ਪੈਦਾ ਹੋਈ ਅਤੇ ਫੇਰ ਕਿਵੇਂ ਕੰਮ ਹੁੰਦਾ ਰਿਹਾ ਅਤੇ ਕਿੰਨ੍ਹਾਂ ਕੰਮਾਂ ਲਈ, ਕਿੰਨ੍ਹਾਂ ਵਿਚਾਰਾਂ ਲਈ, ਉਨ੍ਹਾਂ ਸ਼ਹੀਦਾਂ ਆਪਣੇ ਪ੍ਰਾਣ ਤੀਕ ਅਰਪਨ ਕਰ ਦਿੱਤੇ।



Sri Satguru Jagjit Singh Ji Elibrary NamdhariElibrary@gmail.com

ਅਸਲ ਵਿਚ ਤਾਂ ਹੁਣ ਦੀ ਤਹਿਰੀਕ 1907 ਤੋਂ ਹੀ ਚਲਦੀ ਹੈ ਅਤੇ ਫੇਰ ਉਹ ਕਦ ਕਿਸੇ ਰੰਗ ਵਿਚ ਤੇ ਕਦੀ ਕਿਸੇ ਢੰਗ ਵਿਚ ਚਲਦੀ ਚਲੀ ਗਈ। 1907 ਵਿਚ ਬੜੀ ਭਾਰੀ ਐਜੀਟੇਸ਼ਨ ਹੋਈ। ਜੋਸ਼ ਵਿਚ ਆਏ ਹੋਏ ਲੋਕਾਂ ਨੇ ਕਈ ਥਾਈਂ ਫਸਾਦ, ਝਗੜੇ ਕੀਤੇ। ਉਨ੍ਹਾਂ ਦੀਆਂ ਕੁਝ ਗੱਲਾਂ ਸਰਕਾਰ ਨੇ ਮੰਨ ਲਈਆਂ ਅਤੇ ਫੇਰ ਤਹਿਰੀਕ ਨੂੰ ਕੁਚਲ ਸੁੱਟਿਆ। ਬਾਦ 1908-09 ਵਿਚ ਲਿਟ੍ਰੇਚਰ ਪੈਦਾ ਕਰਨ ਦਾ ਅਤੇ ਅੱਛੇ-ਅੱਛੇ ਖ਼ਿਆਲਾਤ ਪੱਕਿਆਂ ਕਰਨ ਦਾ ਕੰਮ ਹੁੰਦਾ ਰਿਹਾ। ਬਾਦ ਵਿਚ ਇਕ ਖ਼ੁਫੀਆ ਸੁਸਾਇਟੀ ਬਣ ਗਈ ਜਿਸ ਦਾ ਸਿੱਟਾ ਕਿ ਦਿੱਲੀ ਬੰਬ ਕੇਸ ਨਿਕਲਿਆ, ਜਿਸ ਵਿਚ ਕਿ ਚਾਰ ਸੱਜਣਾਂ ਸ਼੍ਰੀ ਅਮੀਰ ਚੰਦਰ ਜੀ, ਸ਼੍ਰੀ ਅਵਧ ਬਿਹਾਰੀ, ਸ਼੍ਰੀ ਬਾਲਮੁਕੰਦ ਜੀ ਅਤੇ ਸ਼੍ਰੀ ਬਸੰਤ ਕੁਮਾਰ ਵਿਸ਼ਵਾਸ ਨੂੰ ਫਾਂਸੀ ਹੋਈ। ਬਾਦ ਵਿਚ ਕਾਮਾਗਾਟਾਮਾਰੂ ਦਾ ਬੱਜ ਬੱਜ ਦਾ ਵਾਕਿਆ ਹੋ ਗਿਆ ਅਤੇ 1914-15 ਯਾਨੀ ਅਗਲੇ ਹੀ ਵਰ੍ਹੇ ਗ਼ਦਰ ਲਹਿਰ ਦੀ ਰੌਣਕ ਹੋਈ ਅਤੇ ਤਿੰਨ ਚਾਰ ਸਾਲ ਤੀਕ ਏਹ ਰੌਲਾ ਰੱਪਾ ਰਿਹਾ। 1919 ਵਿਚ ਬਗ਼ਾਵਤਾਂ ਅਤੇ ਮਾਰਸ਼ਲ ਲਾਅ ਹੋਇਆ। ਫੇਰ ਨਾਮਿਲਵਰਤਨ ਦੀ ਲਹਿਰ ਚੱਲੀ ਅਤੇ ਅਕਾਲੀ ਲਹਿਰਾਂ ਚੱਲੀਆਂ ਅਤੇ ਆਖ਼ਿਰ ਵਿਚ ਬੱਬਰ ਅਕਾਲੀ ਲਹਿਰ ਚੱਲੀ, ਜਿਸ ਵਿਚ ਕਿ 10-12 ਆਦਮੀ ਫ਼ਾਂਸੀ ਲਟਕਾਏ ਗਏ ਜਾਂ ਲੜਦੇ 2 ਸ਼ਹੀਦ ਹੋ ਗਏ। ਪੰਜਾਬ ਦੀਆਂ ਕੁਰਬਾਨੀਆਂ ਅਤੇ ਤਹਿਰੀਕਾਂ ਦਾ ਇਤਿਹਾਸ ਹਿੰਦੋਸਤਾਨ ਵਿਚ ਸਭ ਸੂਬਿਆਂ ਤੋਂ ਵਧੀਕ ਸੋਹਣਾ ਅਤੇ ਫ਼ਖ਼ਰ ਲਾਇਕ ਹੈ ਪਰੰਤੂ ਅਫ਼ਸੋਸ ਹੈ ਕਿ ਉਹ ਹਾਲੇ ਤੀਕ ਤਰਤੀਬ ਵਾਰ ਕਿਸੇ ਲਿਖਿਆ ਹੀ ਨਹੀਂ।

ਅੱਜ ਅਸੀਂ ਦਿੱਲੀ ਸਾਜ਼ਿਸ਼ ਦੇ ਸ਼ਹੀਦ, ਸ਼ਹੀਦ ਭਾਈ ਬਾਲਮੁਕੰਦ ਜੀ ਦਾ ਜੀਵਨ ਲਿਖ ਰਹੇ ਹਾਂ। ਅਗਲੀ ਵਾਰੀਂ ਅਸੀਂ ਸਾਜ਼ਿਸ਼ ਇਤਿਹਾਸ ਵੀ ਦੇਵਾਂਗੇ ਅਤੇ ਉਨ੍ਹਾਂ ਦੇ ਨਾਲ ਦੇ ਹੋਰ ਸ਼ਹੀਦਾਂ ਦੇ ਹਾਲਾਤ ਵੀ ਲਿਖਾਂਗੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹੋਰਾਂ ਨੂੰ ਜਦੋਂ ਔਰੰਗਜ਼ੇਬ ਨੇ ਦਿੱਲੀ ਵਿਚ ਕਤਲ ਕਰਵਾਇਆ ਸੀ ਉਦੋਂ ਹੀ ਉਨ੍ਹਾਂ ਦੇ ਨਾਲ ਇਕ ਬ੍ਰਾਹਮਣ ਭਾਈ ਮਤੀ ਦਾਸ ਹੋਰੀਂ ਵੀ ਹੈ ਸਨ ਅਤੇ ਉਨ੍ਹਾਂ ਨੂੰ ਵੀ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ਸੀ, ਉਦੋਂ ਤੋਂ ਹੀ ਇਨ੍ਹਾਂ ਦੇ ਖਾਨਦਾਨ ਨੂੰ ਭਾਈ ਦਾ ਖ਼ਿਤਾਬ ਮਿਲਿਆ ਹੋਇਆ ਹੈ। ਭਾਈ ਬਾਲਮੁਕੰਦ ਜੀ ਉਸੇ ਖਾਨਦਾਨ ਵਿਚੋਂ ਸਨ। ਆਪ ਕਰਿਆਲਾ ਜ਼ਿਲਾ ਜੇਹਲਮ ਦੇ ਰਹਿਣ ਵਾਲੇ ਸਨ। ਭਾਈ ਪਰਮਾਨੰਦ ਜੀ ਦੇ ਚਾਚੇ ਦੇ ਲੜਕੇ ਸਨ। ਆਪ ਨੇ ਬੀ.ਏ. ਤੀਕ ਤਾਲੀਮ ਹਾਸਲ ਕੀਤੀ ਸੀ।

ਆਪ ਉਦੋਂ ਜੋਧਪੁਰ ਦੇ ਰਾਜੇ ਦੇ ਲੜਕਿਆਂ ਨੂੰ ਪੜ੍ਹੌਂਦੇ ਹੁੰਦੇ ਸਨ, ਜਦੋਂ ਕਿ ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਥੇ ਆਪ ਦੇ ਘਰ ਦੀ ਤਲਾਸ਼ੀ ਲਈ ਗਈ ਆਪ ਦੇ ਪਿੰਡ ਵੀ ਘਰ ਦੀ ਤਲਾਸ਼ੀ ਹੋਈ, ਪਰ ਕੋਈ ਚੀਜ਼ ਐਸੀ ਨਾ ਮਿਲੀ ਜਿਸ ਤੋਂ ਕਿ ਉਹਨਾਂ ਦੇ ਖ਼ਿਲਾਫ਼ ਕੁਝ ਸਾਬਤ ਕੀਤਾ ਜਾ ਸਕਦਾ ਹੈ।

ਅਸਲ ਵਿਚ 1907 ਵਿਚ ਹੀ ਜੋ ਲਹਿਰ ਚੱਲੀ ਸੀ ਉਸ ਨਾਲ ਹੀ ਕੁਝ ਕੁ ਆਦਮੀਆਂ ਵਿਚ ਜੋਸ਼ ਭਰ ਗਿਆ ਸੀ। 1908 ਦੇ ਭਾਰਤ ਮਾਤਾ ਬੁਕ ਸੁਸਾਇਟੀ ਅਤੇ ਲਾਲਾ ਹਰਦਿਆਲ ਦੇ ਪ੍ਰਚਾਰ ਨੇ ਵੀ ਕੁਝ ਹੋਰ ਰੰਗ ਚੜ੍ਹਾ ਦਿੱਤਾ। ਉਸ ਦੇ ਬਾਅਦ ਬੰਗਾਲ ਦੇ ਇਕ ਦੋ ਆਦਮੀ ਇਧਰ ਆਏ। ਜਿਨ੍ਹਾਂ ਨੇ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਨੌਜਵਾਨਾਂ ਨੂੰ ਇਕ ਖ਼ੁਫ਼ੀਆ ਪਾਰਟੀ ਵਿਚ ਸ਼ਾਮਲ ਕੀਤਾ। 1910 ਵਿਚ ਸ਼੍ਰੀ ਰਾਸ ਬਿਹਾਰੀ ਬੋਸ ਨੇ ਆ ਕੇ ਪੰਜਾਬ ਦਾ ਕੰਮ ਆਪ ਸੰਗਠਤ ਕੀਤਾ ਜਿਸ ਵਿਚ ਕਿ ਭਾਈ ਬਾਲਮੁਕੰਦ ਹੋਰਾਂ ਨੂੰ ਹੀ ਲਾਹੌਰ ਦਾ ਜਥੇਦਾਰ ਮੁਕਰਰ ਕੀਤਾ ਗਿਆ।

ਦਸੰਬਰ 1912 ਨੂੰ ਦਿੱਲੀ ਵਿਚ ਵਾਇਸਰਾਏ ਦਾ ਜਲੂਸ ਨਿਕਲ ਰਿਹਾ ਸੀ। ਬੜੀ ਸ਼ਾਨ ਅਤੇ ਸ਼ੌਕਤ ਸੀ। ਬੜੀ ਰੌਣਕ ਤੇ ਹੋ ਹੱਲਾ ਮੱਚਿਆ ਹੋਇਆ ਸੀ। ਚਾਂਦਨੀ ਚੌਂਕ ਵਿਚੋਂ ਦੀ



Sri Satguru Jagjit Singh Ji Elibrary NamdhariElibrary@gmail.com

ਜਲੂਸ ਜਾ ਰਿਹਾ ਸੀ। ਲਾਰਡ ਹਾਰਡਿੰਗ ਵਾਇਸਰਾਏ ਚੌਕੀ 'ਤੇ ਸਵਾਰ ਸਨ। ਇਕਦਮ ਇਕ ਪਾਸਿਓਂ ਬੰਬ ਡਿਗਿਆ। ਵਾਇਸਰਾਏ ਜ਼ਖਮੀ ਹੋ ਗਿਆ ਅਤੇ ਇਕ ਨੌਕਰ ਮਰ ਗਿਆ। ਬੜਾ ਰੌਲਾ ਪਿਆ। ਬੜੇ ਹੱਥ ਪੈਰ ਮਾਰੇ। ਪਰ ਕੁਝ ਪੇਸ਼ ਨਾ ਗਈ। ਕੁਝ ਪਤਾ ਨਾ ਲੱਗਾ ਕਿ ਏਹ ਕੰਮ ਕਿਸ ਕੀਤਾ। ਪੰਜ ਛੇ ਮਹੀਨੇ ਲੰਘ ਗਏ। ਲਾਹੌਰ ਦੇ ਲਾਰੰਸ ਗਾਰਡਨ ਦੇ ਮਿੰਟਗੁਮਰੀ ਹਾਲ ਵਿਚ ਗੋਰਿਆਂ ਦਾ ਨਾਚ ਹੋ ਰਿਹਾ ਸੀ। ਹਾਲ ਤੋਂ ਬਾਹਰ ਇਕ ਬੰਬ ਫਟ ਗਿਆ। ਜਿਸ ਨਾਲ ਕਿ ਇਕ ਗਰੀਬ ਹਿੰਦੋਸਤਾਨੀ ਚਪੜਾਸੀ ਮਰ ਗਿਆ, ਉਸ ਵੇਲੇ ਕੋਈ ਗ੍ਰਿਫ਼ਤਾਰੀ ਨਾ ਹੋ ਸਕੀ। ਫੇਰ ਕਿਹਾ ਜਾਂਦਾ ਹੈ ਕਿ ਇਕ ਬੰਬ ਲਾਹੌਰ ਕਿਲ੍ਹੇ ਵਿਚ ਚਲਿਆ ਉਸ ਦਾ ਵੀ ਕੁਝ ਪਤਾ ਨਾ ਲੱਗ ਸਕਿਆ।

ਫੇਰ ਲਾਰੰਸ ਬਾਗ਼ ਦੇ ਬੰਬ ਚਲਣ ਤੋਂ ਕੋਈ ਸੱਤ ਅੱਠ ਮਹੀਨੇ ਬਾਦ ਬੰਗਾਲ ਵਿਚੋਂ ਕਿਸੇ ਥਾਉਂ ਤਲਾਸ਼ੀ ਵਿਚ ਸੀ। ਅਵਧ ਬਿਹਾਰੀ ਹੋਰਾਂ ਦਾ ਦਿੱਲੀ ਦਾ ਪਤਾ ਹੱਥ ਆ ਗਿਆ। ਉਨ੍ਹਾਂ ਦੀ ਤਲਾਸ਼ੀ ਹੋਈ ਅਤੇ ਇਕ ਖ਼ਤ ਲਾਹੌਰ ਤੋਂ ਆਇਆ ਹੋਇਆ ਫੜਿਆ ਗਿਆ। ਉਸ ਉਤੇ ਮੇਹਰ ਸਿੰਘ ਦੇ ਦਸਤਖਤ ਸਨ। ਪੁੱਛਣ ਪਰ ਉਹਨਾਂ ਦੱਸ ਦਿੱਤਾ ਕਿ ਇਹ ਖ਼ਤ ਦੀਨਾ ਨਾਥ ਦਾ ਲਿਖਿਆ ਹੋਇਆ ਹੈ। ਕਈ ਦੀਨਾ ਨਾਥ ਲਾਹੌਰ ਵਿਚ ਪਕੜੇ ਗਏ। ਅਖ਼ੀਰ ਵਿਚ ਅਸਲੀ ਦੀਨਾ ਨਾਥ ਵੀ ਮਿਲ ਗਿਆ, ਜਿਸ ਨੇ ਕੁਝ ਹੀ ਦਿਨਾਂ ਵਿਚ ਸਾਰਾ ਭੇਦ ਖੋਲ੍ਹ ਦਿੱਤਾ ਅਤੇ ਉਹ ਸਰਕਾਰੀ ਗਵਾਹ ਵੈਹਦਾ ਮੁਆਫ ਬਣ ਗਿਆ। ਉਸ ਦੇ ਬਿਆਨ ਤੋਂ ਕੋਈ ਬਾਰਾਂ ਆਦਮੀ ਹੋਰ ਫੜੇ ਗਏ। ਜੋਧਪੁਰ ਤੋਂ ਭਾਈ ਬਾਲਮੁਕੰਦ ਜੀ ਵੀ ਫੜੇ ਗਏ।

ਦਿੱਲੀ ਵਿਚ ਮੁਕੱਦਮਾ ਚੱਲਿਆ। ਸਭ ਤੋਂ ਬੜਾ ਜੁਰਮ ਸੀ 'ਲਾਰੇਂਸ ਗਾਰਡਨ' ਦਾ ਬੰਬ ਅਤੇ ਰਾਜ ਪਲਟਾਊ ਪਰਚਿਆਂ ਦੀ ਤਕਸੀਮ, ਭਾਈ ਬਾਲ ਮੁਕੰਦ ਚੂੰਕਿ ਲਾਹੌਣ ਦੇ ਜਥੇਦਾਰ ਸਨ, ਅਤੇ ਬੜੇ ਲਾਇਕ ਅਤੇ ਕੱਟੜ ਦੇਸ਼ ਭਗਤ ਸਨ, ਇਸ ਕਰਕੇ ਹੀ ਆਪ ਦੇ ਖ਼ਿਲਾਫ਼ ਕੁਝ ਵੀ ਸਬੂਤ ਨਾ ਹੋਣ ਦੇ ਬਾਵਜੂਦ ਫ਼ਾਂਸੀ ਦੀ ਸਜ਼ਾ ਦੇ ਦਿੱਤੀ ਗਈ।

ਚੀਫ਼ ਕੋਰਟ ਦਾ ਜੱਜ ਅਪੀਲ ਦੇ ਫ਼ੈਸਲੇ ਵਿਚ-ਆਪ ਹੀ ਲਿਖਦਾ ਹੈ ਕਿ :

"Firstly, it is pointed out rightly enough that in search of his houses at Jodhpur and Karyala, his home in the Jhelum District, failed to reveal anything in his possession any conditions literature. Secondly admittedly he had no direct connection with the Lahore bomb out-rage or that july leaflets."

ਯਾਨੀ ਇਹ ਠੀਕ ਦਲੀਲ ਪੇਸ਼ ਕੀਤੀ ਗਈ ਹੈ ਕਿ ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਨਾਲ ਕੋਈ ਕਾਗਜ਼ ਸਾਰਖਾ ਵੀ ਐਸਾ ਨਹੀਂ ਨਿਕਲਿਆ, ਜੋ ਕਿ ਬਗ਼ਾਵਤ ਦਾ ਪ੍ਰਚਾਰ ਕਰਨ ਵਾਲਾ ਹੋਵੇ ਅਤੇ ਦੂਜੀ ਗੱਲ ਇਹ ਵੀ ਠੀਕ ਹੈ ਕਿ ਲਾਹੌਰ ਨਾਲ ਅਤੇ ਜੁਲਾਈ ਵਿਚ ਵੰਡੇ ਗਏ ਰਾਜ-ਪਲਟਾਊ ਪਰਚਿਆਂ ਨਾਲ ਉਨ੍ਹਾਂ ਦਾ ਕੋਈ ਸੰਬੰਧ ਸਾਬਤ ਨਹੀਂ ਹੁੰਦਾ ਤੇ ਇਸ ਮੁਕੱਦਮੇ ਵਿਚ ਹੋਰ ਕਿਸੇ ਬੰਬ ਦਾ ਜ਼ਿਕਰ ਵੀ ਨਹੀਂ ਫੇਰ ਵੀ ਉਹਨਾਂ ਨੂੰ ਮੌਤ ਦੀ ਸਜ਼ਾ ਕਿਉਂ ਦਿੱਤੀ ਗਈ ? ਜੱਜ ਲਿਖਦਾ ਹੈ ਕਿ ਕੀ ਹੋਇਆ ਜੇ ਉਸ ਨੂੰ ਲਾਹੌਰ ਵਿਚ ਬੰਬ ਚਲੌਣ ਤੋਂ ਪਹਿਲਾਂ ਪੁਛਿਆ ਵੀ ਨਹੀਂ ਗਿਆ, ਕੀ ਹੋਇਆ ਜੇ ਉਨ੍ਹਾਂ ਦਿਨਾਂ ਵਿਚ ਲਾਹੌਰ ਨਹੀਂ ਸੀ; ਕੀ ਹੋਇਆ ਕਿ ਜੇ ਇਸ ਗੱਲ ਦਾ ਵੀ ਕੋਈ ਸਬੂਤ ਨਹੀਂ ਕਿ ਬਾਦ ਵਿਚ ਵੀ ਉਸ ਨੂੰ ਬੰਬ ਚਲਾਉਣ ਦੀ ਖ਼ਬਰ ਦਿੱਤੀ ਗਈ ਆਖ਼ਰ ਉਹ ਸਾਜ਼ਿਸ ਦਾ ਮੈਂਬਰ ਤੇ ਹੈ ਸੀ ਨਾ, ਆਖ਼ਰ ਉਹ ਸਾਜ਼ਿਸ਼ ਵਿਚ ਸ਼ਾਮਲ ਤੇ ਹੋ ਚੁੱਕਾ ਸੀ ਨਾ, ਬਸ ਇਸੇ ਕਰਕੇ ਕਤਲ ਦਾ ਜ਼ਿੰਮੇਵਾਰ ਹੈ ਅਤੇ ਕਾਨੂੰਨ ਦੇ ਮੁਤਾਬਿਕ ਉਸ ਨੂੰ ਫ਼ਾਂਸੀ ਦੀ ਸਜ਼ਾ ਮਿਲਣੀ ਚਾਹੀਦੀ ਹੈ। ਕਾਨੂੰਨ ਦੀ ਖ਼ੂਬੀ ਦਾ ਹੁਣ ਕੀ ਜ਼ਿਕਰ ਕਰੀਏ।



Sri Satguru Jagjit Singh Ji Elibrary NamdhariElibrary@gmail.com

ਹੱਦ ਹੀ ਹੋ ਗਈ ਹੈ। ਆਪ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ, ਕਿਉਂਕਿ ਆਪ ਬੜੇ ਕੱਟੜ ਰਾਜ-ਪਲਟਾਊ ਸਨ ਅਤੇ ਬੜੇ ਲਾਇਕ ਸਨ। ਦੇਸ਼-ਭਗਤੀ ਦਾ ਭਾਵ ਬੜੇ ਜ਼ੋਰਾਂ ਨਾਲ ਭਰਿਆ ਹੋਇਆ ਸੀ ਅਤੇ ਦੂਜੀ ਗੱਲ ਇਹ ਸੀ ਕਿ ਦਿੱਲੀ ਬੰਬ ਦੇ ਚੱਲ ਜਾਣ ਤੋਂ ਬਾਅਦ ਵੀ ਉਸ ਦੇ ਚਲੋਣ ਵਾਲਿਆਂ ਦਾ ਪਤਾ ਨਾ ਕੱਢ ਸਕਣ ਨਾਲ ਸਰਕਾਰ ਦਾ ਰੋਹਬ ਬੜਾ ਉਡ ਗਿਆ ਸੀ ਅਤੇ ਉਡਵਾਇਰ ਨਵਾਂ-ਨਵਾਂ ਲਾਟ ਬਣ ਕੇ ਆਇਆ ਸੀ। ਉਹ ਇਹ ਬਰਦਾਸ਼ਤ ਨਹੀਂ ਕਰ ਸਕਦਾ। ਉਹ ਸਾਰਾ ਗੁੱਸਾ ਵੀ ਇਸ ਮੁਕੱਦਮੇ ਵਿਚ ਹੀ ਕੱਢਿਆ ਗਿਆ। ਇਕ ਸੱਜਣ ਬੜੇ ਸੁੰਦਰ ਲਫ਼ਜ਼ਾਂ ਵਿਚ ਉਡਵਾਇਰ ਦੀ ਪਾਲਿਸੀ ਦਾ ਜ਼ਿਕਰ ਕਰਦੇ ਹੁੰਦੇ ਹਨ। ਉਹ ਕਹਿੰਦੇ ਹਨ ਕਿ ਉਡਵਾਇਰ ਦੀ ਪਾਲਿਸੀ ਸੀ।

"Guilty or not Guilty, A Few must be punished to maintain the Prestiage of the Govt." ਯਾਨੀ ਚਾਹੇ ਕਸੂਰਵਾਰ ਤੇ ਚਾਹੇ ਬੇਕਸੂਰ, ਕੁਝ ਆਦਮੀਆਂ ਨੂੰ ਸਜ਼ਾ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ ਤਾਂਕਿ ਸਰਕਾਰ ਦੇ ਰੋਅਬ ਵਿਚ ਫ਼ਰਕ ਨਾ ਆਵੇ।

ਖ਼ੈਰ ! ਆਪ ਨੂੰ ਫ਼ਾਂਸੀ ਦੀ ਸਜ਼ਾ ਹੋਈ। ਆਪ ਨੇ ਬੜੀ ਪ੍ਰਸੰਨਤਾ ਨਾਲ ਸੁਣੀ ਅਪੀਲ ਖਾਰਜ ਹੋ ਚੁੱਕਣ ਤੋਂ ਬਾਅਦ ਆਪ ਨੂੰ 1915 ਵਿਚ ਫ਼ਾਂਸੀ ਲਟਕਾ ਦਿੱਤਾ ਗਿਆ। ਲੋਕੀਂ ਦੱਸਦੇ ਹਨ, ਕਿ ਆਪ ਬੜੇ ਚਾਅ ਨਾਲ ਭੱਜੇ ਭੱਜੇ ਗਏ, ਫ਼ਾਂਸੀ ਦੇ ਤਖ਼ਤੇ 'ਤੇ ਚੜ੍ਹ ਗਏ ਅਤੇ ਆਪਣੀ ਹੱਥੀਂ ਹੀ ਫ਼ਾਂਸੀ ਦੀ ਰੱਸੀ ਆਪਣੇ ਗਲ ਵਿਚ ਪਾ ਲਈ।

ਭਾਈ ਬਾਲਮੁਕੰਦ ਹੋਰਾਂ ਦੀ ਆਪਣੀ ਸ਼ਹੀਦੀ ਵਾਕਈ ਬੜੀ ਉੱਚੀ ਅਤੇ ਪੂਜਾ ਦੇ ਲਾਇਕ ਹੈ, ਪਰ ਉਹਨਾਂ ਦੀ ਕੁਰਬਾਨੀ ਨੂੰ ਉਹਨਾਂ ਦੀ ਧਰਮ ਪਤਨੀ ਦੇ ਅਤੁੱਲ ਪ੍ਰੇਮ ਅਤੇ ਸਤੀ ਹੋਣ ਨਾਲ ਹੋਰ ਵੀ ਚਾਰ ਚੰਦ ਲੱਗ ਗਏ।

ਭਾਈ ਬਾਲਮੁਕੰਦ ਜੀ ਜੇਲ੍ਹ ਵਿਚ ਬੰਦ 'ਚ ਸਨ। ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਰਾਮ ਰੱਖੀ ਉਹਨਾਂ ਨੂੰ ਮਿਲਣ ਗਈ। ਪੁਛਿਆ ਰੋਟੀ ਕੈਸੀ ਮਿਲਦੀ ਹੈ, ਉੱਤਰ ਮਿਲਿਆ ਅੱਧੀ ਰੇਤ ਅਤੇ ਅੱਧਿ ਆਟੇ ਦੀ ਜਲੀ ਹੋਈ ਤੇ ਬਿਲਕੁਲ ਕੱਚੀ ਰੋਟੀ ਮਿਲਦੀ ਹੈ। ਨਮੂਨਾ ਲੈ ਲਿਆ, ਘਰ ਜਾ ਕੇ ਉਹੋ ਜਿਹਾ ਆਟਾ ਤਿਆਰ ਕੀਤਾ, ਉਹੋ ਜੇਹੀ ਰੋਟੀ ਪਕਾਈ। ਕਿਹਾ ਜਦ ਮੇਰੇ ਪ੍ਰੀਤਮ ਆਪ ਇਹੋ ਜਿਹੀ ਰੋਟੀ ਖਾਂਦੇ ਹਨ ਤਾਂ ਮੈਂ ਇਸ ਤੋਂ ਚੰਗੀ ਕਿਸ ਤਰ੍ਹਾਂ ਖਾ ਸਕਦੀ ਹਾਂ। ਉਹੋ ਜਿਹੀ ਰੋਟੀ ਖਾਂਦੀ ਰਹੀ। ਫੇਰ ਇਕ ਵੇਰੀ ਮੁਲਾਕਾਤ ਹੋਈ ਪੁਛਿਆ, "ਐਡੀ ਸਖ਼ਤ ਗਰਮੀ ਵਿਚ ਕਿਥੇ ਸੌਂਦੇ ਹੋ।" ਜਵਾਬ ਮਿਲਿਆ, "ਹਨੇਰੀ ਕੋਠੜੀ ਵਿਚ, ਸਖ਼ਤ ਗਰਮੀ ਵਿਚ। ਦੋ ਕੰਬਲ ਮਿਲਦੇ ਹਨ" ਘਰ ਆ ਗਈ। ਘਰ ਦੀ ਸਭ ਤੋਂ ਪਿਛਲੀ ਕੋਠੜੀ ਵਿਚ ਜਾ ਕੇ ਸੌਂ ਗਈ। ਮੱਛਰ ਵੱਢ-ਵੱਢ ਖਾਂਦਾ ਸੀ। ਕੀ ਕਰਦੀ। ਉਥੇ ਹੀ ਸੌਣਾ ਸੀ। ਸਖੀਆਂ ਸਹੇਲੀਆਂ ਕਿਹਾ, ਪਾਗਲੇ, ਇਹ ਵੀ ਕੋਈ ਬਚਣ ਵਾਲਿਆਂ ਦਾ ਲੱਲ੍ਹ ਹੈ ? ਸ਼੍ਰੀਮਤੀ ਰਾਮ ਰੱਖੀ ਨੇ ਪੁਛਿਆ, "ਤਾਂ ਕੀ ਇਸ ਤਰ੍ਹਾਂ ਰਹਿਣ ਸਹਿਣ ਵਾਲੇ ਬਚਦੇ ਨਹੀਂ।" ਸਖੀਆਂ ਨੇ ਕਿਹਾ, "ਤੇ ਹੋਰ ਕੀ ! ਇਸ ਤਰ੍ਹਾਂ ਕਰਨ ਵਾਲੇ ਵੀ ਕਦੀ ਬਚੇ ਨੇ।" ਉਸ ਦੀਆਂ ਅੱਖੀਆਂ ਭਰ ਆਈਆਂ। ਸਹੇਲੀਆਂ ਚੁੱਪ ਹੋ ਕੇ ਰਹਿ ਗਈਆਂ, ਉਹ ਉਥੇ ਹੀ ਸੌਂਦੀ ਰਹੀ। ਇਕ ਦਿਨ ਉਹ ਅੰਦਰ ਲੰਮੀ ਪਈ ਹੋਈ ਸੀ, ਕਿ ਬਾਹਰੋਂ ਤੀਵੀਆਂ ਦੇ ਪਿੱਟਣ ਰੋਣ ਦੀ ਆਵਾਜ਼ ਆਈ। ਸਭ ਸਮਝ ਲਿਆ ਕਿ ਉਹਨਾਂ ਦੇ ਪ੍ਰੀਤਮ ਭਾਈ ਬਾਲਮੁਕੰਦ ਜੀ ਨੂੰ ਫਾਂਸੀ ਹੋ ਚੁਕੀ ਸੀ। ਉਹਨਾਂ ਦੀ ਲਾਸ਼ ਵੀ ਨਾ ਦਿਤੀ ਗਈ। ਉੱਠੀ ! ਨਹਾਤੀ ਧੋਤੀ। ਸੋਹਣੇ ਸੋਹਣੇ ਕੱਪੜੇ ਤੇ ਗਹਿਣੇ ਪਾ ਕੇ ਇਕ ਬੜੇ 'ਤੇ ਉਨ੍ਹਾਂ ਦੇ ਵਿਚਾਰ ਵਿਚ ਮਸਤ ਹੋ ਕੇ ਬੈਠ ਗਈ ! ਫੇਰ ਉਹ ਨਹੀਂ ਉੱਠੀ। ਧੰਨ ਸੀ ਭਾਈ ਬਾਲਮੁਕੰਦ ਤੇ ਧੰਨ ਸੀ ਸ਼੍ਰੀਮਤੀ ਰਾਮ ਰੱਖੀ। ਉਨ੍ਹਾਂ ਨੇ ਹਿੰਦੋਸਤਾਨੀ ਜੁੱਗ ਗਰਦੀ ਨੂੰ ਕਿੰਨਾ ਸੁੰਦਰ ਬਣਾ ਦਿੱਤਾ।

❀ ❀ ❀



Sri Satguru Jagjit Singh Ji Elibrary NamdhariElibrary@gmail.com

## 25. ਆਜ਼ਾਦੀ ਦੀ ਭੇਟਾ ! ਸ਼ਹੀਦੀਆਂ !!
## ਦਿੱਲੀ ਕੇਸ ਦੇ ਸ਼ਹੀਦ !

ਪਿਛਲੀ ਵੇਰੀਂ ਅਸੀਂ ਦਿੱਲੀ ਸਾਜ਼ਿਸ਼ ਦਾ ਕੁਝ ਕੁ ਹਾਲ ਭਾਈ ਬਾਲਮੁਕੰਦ ਜੀ ਦੇ ਜੀਵਨ ਦੇ ਨਾਲ ਦਿੱਤਾ ਸੀ। ਭਾਈ ਬਾਲਮੁਕੰਦ ਜੀ ਜੈਸਾ ਕਿ ਪਿਛਲੀ ਵਾਰੀ ਦਸਿਆ ਗਿਆ ਸੀ, ਗ੍ਰਿਫ਼ਤਾਰੀ ਵੇਲੇ ਮਹਾਰਾਜਾ ਜੋਧਪੁਰ ਦੇ ਲੜਕਿਆਂ ਨੂੰ ਪੜ੍ਹਾਉਂਦੇ ਹੁੰਦੇ ਸਨ। ਇਕ ਦਿਨ ਮੋਟਰ ਵਿਚ ਰਾਜਕੁਮਾਰ ਨਾਲ ਬੈਠੇ ਸੈਰ ਨੂੰ ਜਾ ਰਹੇ ਸਨ ਕਿ ਇਕ ਅੰਗਰੇਜ਼ ਅਫਸਰ ਉਹਨਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਲੈ ਕੇ ਪੁਜ ਗਿਆ। ਉਥੋਂ ਹੀ ਗ੍ਰਿਫ਼ਤਾਰ ਕਰ ਲਏ ਗਏ। ਉਥੇ ਆਪ ਦੇ ਘਰ ਦੀ ਤਲਾਸ਼ੀ ਲਈ ਗਈ। ਸਰਕਾਰੀ ਗਵਾਹ ਦੀਨਾ ਨਾਥ ਨੇ ਪਹਿਲੋਂ ਹੀ ਜੋ ਬਿਆਨ ਦਿੱਤਾ ਸੀ, ਉਸ ਦੇ ਮੁਤਾਬਿਕ ਭਾਈ ਬਾਲਮੁਕੰਦ ਹੋਣੀ ਪੰਜਾਬ ਦੇ ਆਗੂ ਚੁਣੇ ਗਏ ਹੋਏ ਸਨ ਅਤੇ ਉਨ੍ਹਾਂ ਨੂੰ ਦੋ ਬੰਬ ਦਿੱਤੇ ਗਏ ਸਨ। ਦੀਨਾ ਨਾਥ ਦੇ ਕਹੇ ਅਨੁਸਾਰ ਉਹ ਦੋ ਬੰਬ ਭਾਈ ਬਾਲਮੁਕੰਦ ਹੋਰਾਂ ਕੋਲ ਹੀ ਸਨ। ਕਿਸੇ ਮੋੜਕੇ ਨਹੀਂ ਸਨ ਲਏ। ਇਸੇ ਖ਼ਿਆਲ ਨਾਲ ਉਨ੍ਹਾਂ ਦੀ ਤਲਾਸ਼ੀ ਹੋਈ। ਸਾਰਾ ਘਰ ਲੱਕ ਲੱਕ ਤੀਕ ਪੁਟਿਆ ਗਿਆ। ਛੱਤਾਂ ਉਧੇੜ ਸੁਟੀਆਂ ਗਈਆਂ ਪਰ ਬੰਬ ਨਾ ਮਿਲੇ। ਖ਼ੈਰ ! ਉਨ੍ਹਾਂ ਦੇ ਪਾਸੋਂ ਕੋਈ ਕਾਗਜ਼ ਪੱਤਰ ਵੀ ਐਸਾ ਨਾ ਮਿਲਿਆ, ਜਿਸ ਤੋਂ ਕੋਈ ਖ਼ਾਸ ਸਬੂਤ ਮਿਲ ਸਕਦਾ। ਪਰ ਫੇਰ ਵੀ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲੀ। ਭਾਈ ਬਾਲਮੁਕੰਦ ਹੋਰੀਂ ਪਹਿਲੋਂ ਲਾਲਾ ਲਾਜਪਤ ਰਾਏ ਦੇ ਅਛੂਤਾਂ ਦੇ ਪ੍ਰੋਗਰਾਮ ਵਿਚ ਕੰਮ ਕਰਦੇ ਰਹੇ ਸਨ ਅਤੇ ਪਹਾੜਾਂ ਵਿਚ ਜਿਥੇ ਕਿ ਛੂਤ ਛਾਤ ਬਹੁਤ ਮੰਨੀ ਜਾਂਦੀ ਹੈ, ਉਥੇ ਉਹ ਪ੍ਰਚਾਰ ਕਰਨ ਨਿਕਲ ਗਏ ਸਨ, ਉਥੇ ਦੇ ਉਨ੍ਹਾਂ ਦੇ ਸਾਥੀ ਉਨ੍ਹਾਂ ਦੀ ਕਾਬਲੀਅਤ ਦੀ ਬੜੀ ਤਾਰੀਫ਼ ਕਰਦੇ ਹਨ !

### ਮਾਸਟਰ ਅਮੀਰ ਚੰਦ ਜੀ

ਇਸ ਕੇਸ ਵਿਚ ਚਾਰ ਆਦਮੀਆਂ ਨੂੰ ਫ਼ਾਂਸੀ ਦੀ ਸਜ਼ਾ ਹੋਈ ਸੀ। ਉਨ੍ਹਾਂ ਵਿਚੋਂ ਮਾਸਟਰ ਅਮੀਰ ਚੰਦ ਜੀ ਕੋਈ 50 ਸਾਲ ਦੀ ਉਮਰ ਦੇ ਸਨ ਤੇ ਬੜੇ ਲਾਇਕ ਤੇ ਕਾਬਲ ਆਦਮੀ ਸਨ। ਆਪ ਦਿੱਲੀ ਦੇ ਰਹਿਣ ਵਾਲੇ ਸਨ। ਬੜੀ ਉੱਚੀ ਤਾਲੀਮ ਸੀ। ਬੜੇ ਧਰਮਾਤਮਾ ਸਨ। ਮਿਸ਼ਨ ਸਕੂਲ ਦਿੱਲੀ ਵਿਚ ਪੜ੍ਹਾਉਂਦੇ ਸਨ। ਆਪ ਦੇ ਦਿਲ ਵਿਚ ਹਿੰਦੋਸਤਾਨ ਦੀ ਉਨਤੀ ਦਾ ਬਹੁਤ ਖ਼ਿਆਲ ਸੀ। ਆਪ ਉਰਦੂ ਅਤੇ ਅੰਗਰੇਜ਼ੀ ਦੇ ਬੜੇ ਚੰਗੇ ਲਿਖਾਰੀ ਸਨ। ਪਹਿਲੋਂ ਜਦੋਂ ਸਵਾਮੀ ਰਾਮ ਤੀਰਥ ਪੰਜਾਬ ਵਿਚ ਆਏ ਤਦੋਂ ਆਪ ਨੇ ਉਨ੍ਹਾਂ ਦੇ ਧਾਰਮਕ ਅਤੇ ਦੇਸ਼ ਭਗਤਾਂ ਪੂਰਨ ਖ਼ਿਆਲਾਂ ਦਾ ਪ੍ਰਚਾਰ ਬੜੇ ਜ਼ੋਰਾਂ ਨਾਲ ਕੀਤਾ ਅਤੇ ਆਪ ਨੇ "ਖਤੂਤੇ-ਰਾਮ" ਆਦਿਕ ਕਈ ਪੁਸਤਕਾਂ ਛਪਵਾਈਆਂ, ਬਾਅਦ ਵਿਚ ਲਾਲਾ ਹਰਦਿਆਲ ਜੀ ਐੱਮ.ਏ. ਆਪਣਾ ਵਜ਼ੀਫ਼ਾ ਛੱਡ ਕੇ ਵਲੈਤੋਂ ਅੰਗਰੇਜ਼ੀ ਤਾਲੀਮ ਦਾ ਬਾਈਕਾਟ ਕਰਕੇ ਹਿੰਦੋਸਤਾਨ ਮੁੜ ਆਏ। ਆਪ ਨੇ ਇਥੇ ਆ ਕੇ ਇਕ ਤਰ੍ਹਾਂ ਦੇ ਸੰਨਿਆਸੀ ਵਾਲੰਟੀਅਰ ਪੈਦਾ ਕਰਨ ਦਾ ਖ਼ਿਆਲ ਕੀਤਾ ਅਤੇ ਉਨ੍ਹਾਂ ਬਹੁਤ ਸਾਰੇ ਵਿਦਿਆਰਥੀਆਂ ਦੀ ਤਾਲੀਮ ਛੁੜਾਈ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਸੰਨਿਆਸੀ ਜੀਵਨ ਬਤਾਉਣ ਲੱਗ ਪਏ। 1908 ਦੇ ਅਖ਼ੀਰ ਵਿਚ ਹੀ ਲਾਲਾ ਹਰਦਿਆਲ ਨੂੰ ਹਿੰਦੋਸਤਾਨ ਛੱਡ ਕੇ ਟੁਰ ਜਾਣਾ ਪਿਆ। ਸਰਕਾਰ ਕਹਿੰਦੀ ਹੈ ਕਿ ਜਦੋਂ ਉਹ ਜਾਣ ਲੱਗੇ ਤਦੋਂ ਉਹਨਾਂ ਆਪਣੇ ਸ਼ਾਗਿਰਦ ਮਾਸਟਰ ਅਮੀਰ ਚੰਦ ਦੇ ਸਪੁਰਦ ਕਰ ਦਿੱਤੇ। ਜਿਨ੍ਹਾਂ ਕਿ ਉਨ੍ਹਾਂ ਦੀ ਤਾਲੀਮ ਜਾਰੀ ਰੱਖੀ। ਪਹਿਲੋਂ ਪਹਿਲ ਦੀਨਾ ਨਾਥ ਅਤੇ ਜਿਤੇਂਦਰ ਨਾਥ ਚੈਟਰਜੀ ਉਨ੍ਹਾਂ ਦੇ ਪਾਸ ਗਏ। ਬਾਅਦ ਵਿਚ ਅਵਧ ਬਿਹਾਰੀ ਵਗ਼ੈਰਾ ਨਾਲ ਉਨ੍ਹਾਂ ਦਾ ਤੁਆਰੁਫ਼ ਹੋਇਆ। ਮਗਰ ਅਸਲ ਵਿਚ ਤਾਂ ਅਵਧ ਬਿਹਾਰੀ ਹੋਰੀਂ ਪਹਿਲੋਂ ਹੀ ਦਿੱਲੀ ਦੇ ਰਹਿਣ ਵਾਲੇ ਸਨ ਅਤੇ ਪਹਿਲੋਂ ਦੇ ਹੀ ਵਾਕਿਫ਼ ਸਨ ਖ਼ੈਰ !



Sri Satguru Jagjit Singh Ji Elibrary NamdhariElibrary@gmail.com

ਮਾਸਟਰ ਅਮੀਰ ਚੰਦ ਬੜੇ ਜ਼ਿੰਦਾ ਦਿਲ, ਬੜੇ ਨੇਕ ਦਿਲ ਅਤੇ ਕੱਟੜ ਆਜ਼ਾਦੀ ਪਰਸਤ ਸਨ। ਆਪ ਕਿਹਾ ਕਰਦੇ ਸਨ। ਦਿੱਲੀ ਵਿਚ "ਬੇਦਰ ਮਾਸਟਰ" ਦਾ ਘਰ ਪੁੱਛਿਆ ਹੀ ਮੇਰਾ ਪਤਾ ਮਿਲ ਜਾਵੇਗਾ।

ਦਿੱਲੀ ਵਿਚ ਵਾਇਸਰਾਏ 'ਤੇ ਬੰਬ ਚਲ ਗਿਆ। ਪਰ ਸਰਕਾਰ ਹੱਥ ਮਲਦੀ ਰਹਿ ਗਈ। ਕੁਝ ਵੀ ਪਤਾ ਨਾ ਲੱਗਾ। ਮੁੜ ਇਕ ਬੰਬ ਲਾਹੌਰ ਲਾਰੇਂਸ ਗਾਰਡਨ ਵਿਚ ਚੱਲ ਗਿਆ। ਪਰ ਉਸਦਾ ਵੀ ਕੁਝ ਪਤਾ ਨਾ ਲੱਗਾ। ਆਖੀਰ ਰਾਜਾ ਬਾਜ਼ਾਰ ਕਲਕੱਤੇ ਦੀ ਤੁਲਾਸ਼ੀ ਵਿਚ ਸ਼੍ਰੀ ਅਵਧ ਬਿਹਾਰੀ ਹੋਰਾਂ ਦਾ ਪਤਾ ਅਤੇ ਨਾਮ ਨਿਕਲ ਆਇਆ। ਮਾਸਟਰ ਅਮੀਰ ਚੰਦ ਹੋਰਾਂ ਵੱਲ ਪਹਿਲੇ ਹੀ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਅਵਧ ਬਿਹਾਟੀ ਉਨ੍ਹਾਂ ਪਾਸ ਹੀ ਰਹਿੰਦੇ ਸਨ।

ਇਕ ਦਿਨ ਅਵਧ ਬਿਹਾਰੀ ਹੋਰਾਂ ਦੀ ਤਲਾਸ਼ੀ ਹੋਈ, ਬੰਬ ਦੀ ਟੋਪੀ ਮਿਲ ਗਈ ਅਤੇ ਇਕ ਖ਼ਤ ਲਾਹੌਰ ਦਾ ਮਿਲ ਗਿਆ ਜਿਸ 'ਤੇ ਕਿ ਮੇਹਰ ਸਿੰਘ ਵੱਲੋਂ ਐੱਮ.ਐਸ.ਆਈ. ਦਸਤਖਤ ਕੀਤੇ ਗਏ ਸਨ। ਪੁੱਛਣ 'ਤੇ ਆਪ ਨੇ ਦੱਸ ਦਿੱਤਾ, ਕਿ ਇਹ ਖ਼ਤ ਦੀਨਾ ਨਾਥ ਵੱਲੋਂ ਹੈ। ਦੀਨਾ ਨਾਥ ਦੀ ਗ੍ਰਿਫ਼ਤਾਰੀ ਹੋ ਗਈ। ਉਹ ਫੁੱਟ ਪਿਆ ਅਤੇ ਉਸ ਸਾਰਾ ਭੇਦ ਖੋਲ੍ਹ ਦਿੱਤਾ। ਉਸ ਨੇ ਦਸਿਆ ਕਿ ਲਾਰੇਂਸ ਗਾਰਡਨ ਦਾ ਬੰਬ ਸ਼੍ਰੀ ਅਵਧ ਬਿਹਾਰੀ ਅਤੇ ਬਸੰਤ ਕੁਮਾਰ ਹੋਰਾਂ ਰੱਖਿਆ ਸੀ। ਫ਼ੇਰ ਮੁਕੱਦਮਾ ਚੱਲਿਆ।

ਮਾਸਟਰ ਅਮੀਰ ਚੰਦ ਹੋਰਾਂ ਆਪਣੇ ਭਤੀਜੇ ਸੁਲਤਾਨ ਚੰਦ ਨੂੰ ਮੁਤਬੰਨਾ ਬਣਾਇਆ ਹੋਇਆ ਸੀ। ਆਪਣੇ ਪੁੱਤਰਾਂ ਵਰਗਾ ਪਿਆਰ ਕਰਦੇ ਸਨ, ਅਤੇ ਉਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਸਿੱਖਿਆ ਦੇਂਦੇ ਸਨ। ਦੇਸ਼ ਭਗਤ ਬਣੌਣਾ ਚਾਹੁੰਦੇ ਸਨ। ਆਪ ਤੇ ਮੁਕੱਦਮਾ ਚੱਲਿਆ। ਉਹੀ ਪੁੱਤ ਆਪ ਦੇ ਉਲਟ ਗਵਾਹ ਬਣ ਗਿਆ। ਜ਼ਰਾ ਖ਼ਿਆਲ ਕਰੋ, ਬਚਾਰੇ ਮਾਸਟਰ ਅਮੀਰ ਚੰਦ ਜੀ ਦਾ, ਜਿਸ ਨੂੰ ਆਪਣਾ ਪੁੱਤਰ ਬਣਾਇਆ ਹੋਇਆ ਸੀ, ਉਹੋ ਹੀ ਸਰਕਾਰੀ ਗਵਾਹ ਬਣ ਕੇ ਅਦਾਲਤ ਵਿਚ ਆਪ ਦੇ ਵਿਰੁੱਧ ਗਵਾਹੀ ਦੇ ਰਿਹਾ ਹੈ। ਕੇਡੀ ਦਰਦਨਾਕ ਗੱਲ ਹੈ। ਅੱਜ ਜਦੋਂ ਮੁਸੀਬਤ ਦਾ ਵੇਲਾ ਆਇਆ ਆਪਣਾ ਦਿਲ ਦਾ ਟੁਕੜਾ ਆਪਣਾ ਪੁੱਤਰ ਵੀ ਸਾਥ ਨਾ ਦੇ ਸਕਿਆ। ਉਰਦੂ ਦੇ ਇਕ ਸ਼ਾਇਰ ਨੇ ਕਿਆ ਖੂਬ ਕਿਹਾ ਹੈ :

*ਬਾਗਬਾਂ ਨੇ ਜਬ ਆਗ ਦੀ*
*ਆਸ਼ਿਯਾਨੇ ਕੋ ਮੇਰੇ।*
*ਜਿਨ ਪੈ ਤਕੀਆ ਥਾ,*
*ਵਹੀ ਪੱਤੇ ਹਵਾ ਦੇਨੇ ਲਗੇ।*

ਮੁਕੱਦਮਾ ਚਲਦਾ ਰਿਹਾ। ਗਵਾਹ ਭੁਗਤਦੇ ਰਹੇ। ਸਬੂਤ ਮਿਲਿਆ ਕਿ ਉਹ ਇਕ ਸਾਜ਼ਿਸ਼ ਦਾ ਮੈਂਬਰ ਹੈ ਸੀ ਅਤੇ ਚੂੰਕਿ ਉਹ ਬੜਾ ਲਾਇਕ ਤੇ ਸਿਆਣਾ ਹੈਸੀ, ਇਸ ਕਰਕੇ ਉਹ ਕਤਲ ਵਗੈਰਾ ਕਰਨ ਵਾਲੀ ਸਾਜ਼ਿਸ਼ ਲਈ ਬਹੁਤ ਨੌਜਵਾਨਾਂ ਨੂੰ ਵਰਗਲਾ ਸਕਦਾ ਹੈ ਅਤੇ :

**"One who spent his life furthering murderous schemes which he was too timid to carry out himself."**

ਜਿਸ ਨੇ ਕਤਲ ਦਾ ਪ੍ਰਚਾਰ ਕਰਨ ਵਿਚ ਹੀ ਆਪਣੀ ਜ਼ਿੰਦਗੀ ਗੁਜ਼ਾਰ ਦਿੱਤੀ, ਜਿਸ ਦੇ ਕਿ ਉਹ ਆਪ ਕਾਇਲ ਨਹੀਂ ਸੀ।

ਉਨ੍ਹਾਂ ਦਿਨਾਂ ਵਿਚ ਰਾਜ ਪਲਟਾਊ ਪਾਰਟੀ ਵਲੋਂ "Liberty" "ਆਜ਼ਾਦੀ" ਨਾਮ ਦਾ ਇਕ ਪਰਚਾ ਵੰਡਿਆ ਜਾਂਦਾ ਹੁੰਦਾ ਸੀ। ਇਕ ਪਰਚੇ ਦਾ ਮਸੌਦਾ ਮਾਸਟਰ ਹੋਰਾਂ ਦੇ ਹੱਥ ਦਾ



Sri Satguru Jagjit Singh Ji Elibrary NamdhariElibrary@gmail.com

ਲਿਖਿਆ ਹੋਇਆ ਉਨ੍ਹਾਂ ਦੇ ਘਰੋਂ ਮਿਲ ਗਿਆ। ਉਸ ਵਿਚ ਏਹੋ ਜਿਹੇ ਫਿਕਰੇ ਏਤਰਾਜ਼ ਦੇ ਕਾਬਿਲ ਸਮਝੇ ਗਏ।

"We are so many that we can seize and snatch from them their canon."

Reforms will not do. Revolution and a general massacre of all the foreigners specially the English will and alone can serve our purpose.

ਯਾਨੀ, ਅਸੀਂ ਗਿਣਤੀ ਵਿਚ ਇਤਨੇ ਹਾਂ ਕਿ ਅਸੀਂ ਹੀ ਉਨ੍ਹਾਂ ਦੀਆਂ ਤੋਪਾਂ ਤੀਕ ਖੋਹ ਸਕਦੇ ਹਾਂ, ਏਹ ਸੜੇ ਸੁਧਾਰ ਜਾਂ ਸਕੀਮਾਂ ਕਿਸੇ ਕੰਮ ਨਹੀਂ ਔਣੀਆਂ। ਇਕ ਵਾਰੀ ਰਾਜ ਪਲਟਾ ਦਿਓ ਅਤੇ ਫਰੰਗੀ ਨੂੰ ਮਾਰ ਮੁਕਾਵੋ। ਖੈਰ ਇਹਨਾਂ ਫਿਰਕਿਆਂ ਕਰਕੇ ਹੀ ਉਨ੍ਹਾਂ ਨੂੰ ਬੜਾ ਖ਼ੂੰਖ਼ਾਰ ਕਾਤਿਲ ਸਮਝਿਆ ਅਤੇ ਕਿਹਾ ਗਿਆ।

ਆਪ ਦੇ ਚਾਲ-ਚਲਣ ਦੇ ਬਾਰੇ ਵਿਚ ਕੈਨਨ ਆਲਨਟ ਅਤੇ ਮਿਸਟਰ ਐੱਸ.ਕੇ. ਰੁਦਰਾ ਵਗੈਰਾ ਬਤੌਰ ਗਵਾਹ ਦੇ ਪੇਸ਼ ਹੋਏ। ਉਹਨਾਂ ਨੇ ਆਪ ਦੀ ਤਾਰੀਫ ਬਹੁਤ ਕੀਤੀ। ਪਰ ਜੱਜ ਲਿਖਦਾ ਹੈ ਕਿ ਮਾਸਟਰ ਅਮੀਰ ਚੰਦ ਨਮੂਨੇ ਦੇ ਦੇਸ਼ ਭਗਤ ਬੜੇ ਨੇਕ, ਦਰਦ ਮੰਦ ਅਤੇ ਉੱਚੇ ਚਾਲ ਚਲਨ ਵਾਲੇ ਹੁੰਦੇ ਹਨ।

ਮਤਲਬ ਕੀ ਕਿ ਆਪ ਨੂੰ ਓਸੇ ਕੇਸ ਵਿਚ ਫ਼ਾਂਸੀ ਦੀ ਸਜ਼ਾ ਦੇ ਦਿੱਤੀ ਗਈ। ਆਪ ਨੇ ਹੱਸਦਿਆਂ ਹੋਇਆਂ ਸੁਣੀ ਅਤੇ ਅਖ਼ੀਰ ਵਿਚ ਬੜੀ ਹੰਸੀ ਖ਼ੁਸ਼ੀ ਫ਼ਾਂਸੀ 'ਤੇ ਲਟਕ ਕੇ ਜਾਨ ਦਿੱਤੀ।

## ਮਿ: ਅਵਧ ਬਿਹਾਰੀ

ਆਪ ਬੜੇ ਹੋਣਹਾਰ ਨੌਜਵਾਨ ਸਨ। ਬੀ.ਏ. ਪਾਸ ਕਰਕੇ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਚ ਬੀ.ਟੀ. ਪਾਸ ਕੀਤੀ। ਆਪ 'ਤੇ ਕਈ ਲਿਬਰਟੀ ਪਰਚੇ ਲਿਖਣ ਦਾ ਇਲਜ਼ਾਮ ਸੀ। ਆਪ ਨੂੰ ਯੂ.ਪੀ. ਅਤੇ ਪੰਜਾਬ ਦੀ ਪਾਰਟੀ ਦਾ ਮੋਹਰੀ ਮੁਕੱਰਰ ਕੀਤਾ ਗਿਆ ਸੀ। ਬੰਦੀ ਜੀਵਨ ਦੇ ਲਿਖਾਰੀ ਸ੍ਰੀ ਸਚੀਂਦਰ ਨਾਥ ਸਾਨਯਾਲ ਨੇ ਆਪ ਦੀ ਖੜੀ ਤਾਰੀਫ਼ ਕੀਤੀ ਹੈ। ਕਹਿੰਦੇ ਹਨ ਕਿ ਆਪ ਬੜੇ ਜ਼ਿੰਦਾ ਦਿਲ ਸਨ ਅਤੇ ਆਮ ਤੌਰ 'ਤੇ ਗੁਣਗੁਣੌਂਦੇ ਰਹਿੰਦੇ ਸਨ :

*ਇਹਸਾਨ ਨਾਖ਼ੁਦਾ ਕਾ ਉਠਾਏ ਮੇਰੀ ਬਲਾ।*
*ਕਿਸ਼ਤੀ ਖ਼ੁਦਾ ਪੈ ਛੋੜ ਦੂੰ ਲੰਗਰਕੋ ਤੋੜ ਦੂੰ।*

ਏਸ ਸ਼ੇਅਰ ਤੋਂ ਪਤਾ ਲੱਗਦਾ ਹੈ ਕਿ ਉਹ ਕਿੱਡੇ ਮਸਤਾਨੇ ਵੀਰ ਸਨ।

ਆਪ ਪਰ ਪਰਚੇ ਲਿਖਣ ਅਤੇ ਲਾਰੇਂਸ ਗਾਰਡਨ ਲਾਹੌਰ ਦੇ ਬੰਬ ਚਲਾਉਣ ਦਾ ਜੁਰਮ ਸੀ। ਆਪ ਨੂੰ ਵੀ ਫ਼ਾਂਸੀ ਦੀ ਸਜ਼ਾ ਹੋਈ। ਆਪ ਨੇ ਬੜੀ ਖ਼ੁਸ਼ੀ ਨਾਲ ਸੁਣੀ। ਕਹਿੰਦੇ ਹਨ ਕਿ ਫ਼ਾਂਸੀ ਲੱਗਣ ਵਾਲੇ ਦਿਨ ਆਪ ਨੂੰ ਪੁੱਛਿਆ ਗਿਆ, "ਆਖ਼ਰੀ ਖ਼ਾਹਿਸ਼ ਕੀ ਹੈ ?"

ਜਵਾਬ ਦਿੱਤਾ, "ਏਹੋ ਕਿ ਅੰਗਰੇਜ਼ਾਂ ਦਾ ਬੇੜਾ ਗਰਕ ਹੋਵੇ।"

ਕਿਹਾ ਗਿਆ, "ਸ਼ਾਂਤੀ ਕਰੋ। ਅੱਜ ਤਾਂ ਸ਼ਾਂਤੀ ਨਾਲ ਪ੍ਰਾਣ ਦਿਓ।" ਕਹਿਣ ਵਾਲਾ ਇਕ ਅੰਗਰੇਜ਼ ਸੀ। ਉਸ ਨੂੰ ਆਪ ਨੇ ਕਿਹਾ, "ਦੇਖੋ ਜੀ ! ਅੱਜ ਸ਼ਾਂਤੀ ਕੈਸੀ। ਮੈਂ ਤਾਂ ਚਾਹੁੰਦਾ ਹਾਂ ਕਿ ਅੱਗ ਭੜਕੇ। ਚੌਹੀਂ ਪਾਸੀਂ ਅੱਗ ਭੜਕੇ। ਤੁਸੀਂ ਵੀ ਜਲੋਂ, ਅਸੀਂ ਵੀ ਜਲੀਏ। ਸਾਡੀ ਗ਼ੁਲਾਮੀ ਭੀ ਜਲੇ। ਅਖ਼ੀਰ ਵਿਚ ਹਿੰਦੁਸਤਾਨ ਕੁੰਦਨ ਬਣ ਕੇ ਰਹਿ ਜਾਵੇ।" ਆਪ ਨੇ ਝੱਟ ਕੁੱਦ ਕੇ ਆਪ ਆਪਣੇ ਗਲ ਵਿਚ ਰੱਸਾ ਪਾ ਲਿਆ। ਇਸ ਤਰ੍ਹਾਂ ਉਹ ਵੀਰ ਵੀ ਆਜ਼ਾਦੀ ਦੇਵੀ ਦੇ ਚਰਨਾਂ ਵਿਚ ਆਪਣੀ ਜਾਨ ਕੁਰਬਾਨ ਕਰ ਗਿਆ।

ਜੱਜ ਆਪ ਦੇ ਬਾਰੇ ਵਿਚ ਲਿਖਦਾ ਹੈ :

Abad Behari is a Youngman of Great intellectual ability. He stood second in the 1st division of the Punjab University B.T. Examination.



Sri Satguru Jagjit Singh Ji Elibrary NamdhariElibrary@gmail.com

ਕਿ ਅਵਧ ਬਿਹਾਰੀ (25 ਸਾਲ ਦਾ) ਨੌਜਵਾਨ ਹੈ ਅਤੇ ਬਹੁਤ ਹੀ ਲਾਇਕ ਹੈ। ਉਹ ਪੰਜਾਬ ਯੂਨੀਵਰਸਿਟੀ ਦੇ ਬੀ.ਟੀ. ਦੇ ਇਮਤਿਹਾਨ ਵਿਚ ਪੰਜਾਬ ਭਰ ਵਿਚ ਦੂਜੇ ਨੰਬਰ 'ਤੇ ਪਾਸ ਹੋਇਆ ਅਤੇ ਉਨ੍ਹਾਂ ਦੇ ਖ਼ਿਲਾਫ਼ ਸਬੂਤ ਇਹ ਵੀ ਪੇਸ਼ ਹੋਇਆ ਕਿ ਆਪ ਨਾਲ ਮਾਸਟਰ ਅਮੀਰ ਚੰਦ ਦਾ ਬਹੁਤ ਪ੍ਰੇਮ ਇਸ ਗੱਲ ਦਾ ਸਬੂਤ ਹੈ ਕਿ ਉਹ ਸਾਜ਼ਿਸ਼ ਦੇ ਮੈਂਬਰ ਸਨ ਅਤੇ ਪ੍ਰੇਮ ਦਾ ਸਬੂਤ ਇਹ ਹੈ ਕਿ ਆਪ ਨੂੰ ਮਾਸਟਰ ਅਮੀਰ ਚੰਦ ਜੀ "Dear Abadji" ਪਿਆਰੇ ਅਵਧ ਜੀ ਲਿਖਿਆ ਸੀ।

## ਸ੍ਰੀ ਬਸੰਤ ਕੁਮਾਰ ਬਿਸ਼ਵਾਸ

ਆਪ ਨੱਦੀਆ ਜ਼ਿਲਾ (ਬੰਗਾਲ) ਦੇ ਰਹਿਣ ਵਾਲੇ ਨੌਜਵਾਨ ਸਨ। ਆਪ ਦੀ ਉਮਰ 23 ਸਾਲ ਦੀ ਸੀ। ਚੰਗੇ ਪੜ੍ਹੇ-ਲਿਖੇ ਸੱਜਣ ਸਨ। ਪਹਿਲੋਂ ਆਪ ਹੋਰਾਂ ਨੂੰ ਰਾਸ ਬਿਹਾਰੀ ਆਪਣੇ ਨਾਲ ਲੈ ਆਏ ਅਤੇ ਆਪਣੇ ਘਰ ਦਾ ਮੁਲਾਜ਼ਮ ਬਣਾ ਕੇ ਰੱਖਿਆ। ਬਾਅਦ ਵਿਚ ਆਪ ਨੂੰ ਲਾਹੌਰ ਘੱਲ ਦਿੱਤਾ ਗਿਆ ਅਤੇ ਇਥੇ ਉਹ ਪਾਪੂਲਰ ਡਿਸਪੈਂਸਰੀ ਵਿਚ ਕੰਪਾਊਂਡਰ ਭਰਤੀ ਹੋ ਗਏ। ਦਿੱਲੀ ਦੇ ਬੰਬ ਦੇ ਦਿਨਾਂ ਵਿਚ ਆਪ ਲਾਹੌਰ ਤੋਂ ਕਈ ਦਿਨ ਗ਼ੈਰ ਹਾਜ਼ਰ ਰਹੇ।

ਕਿਹਾ ਜਾਂਦਾ ਹੈ ਕਿ ਲਾਰੈਂਸ ਗਾਰਡਨ ਦਾ ਬੰਬ ਆਪ ਨੇ ਵੀ ਅਵਧ ਬਿਹਾਰੀ ਨਾਲ ਰਲ ਕੇ ਟਿਕਾਇਆ ਸੀ। ਬਾਅਦ ਵਿਚ ਆਪ ਨੇ ਦੋ ਹੋਰ ਬੰਬ ਲਿਆਂਦੇ, ਜਿਹੜੇ ਕਿ ਦੀਨਾਨਾਥ ਦੇ ਕਹੇ ਅਨੁਸਾਰ ਭਾਈ ਬਾਲਮੁਕੰਦ ਪਾਸ ਸਨ। ਦਸੰਬਰ, 1913 ਵਿਚ ਆਪ ਬੰਗਾਲ ਵਾਪਸ ਟੁਰ ਗਏ ਅਤੇ 1914 ਵਿਚ ਉਥੋਂ ਹੀ ਪਕੜ ਕੇ ਲਾਹੌਰ ਲਿਆਂਦੇ ਗਏ। ਓਡਵਾਇਰ ਨੂੰ ਦਿੱਲੀ ਬੰਬ ਚਲਾਉਣ ਵਾਲਿਆਂ ਦਾ ਪਤਾ ਨਾ ਲੱਗਣ ਕਰਕੇ ਬੜਾ ਗੁੱਸਾ ਆ ਰਿਹਾ ਸੀ। ਇਸੇ ਕਰਕੇ ਆਪ ਨੂੰ ਜਦ ਉਮਰ ਕੈਦ ਦੀ ਸਜ਼ਾ ਹੋਈ ਤੇ ਉਨ੍ਹਾਂ ਸਜ਼ਾ ਵਧਾਉਣ ਦੀ ਅਪੀਲ ਕੀਤੀ। ਓਡਵਾਇਰ ਨੇ ਆਪ ਮੰਨਿਆ ਹੈ ਕਿ ਉਸ ਨੇ ਵੀ ਸਜ਼ਾ ਵਧਾਉਣ ਦੀ ਸਿਫ਼ਾਰਸ਼ ਕੀਤੀ। ਚੀਫ ਕੋਰਟ ਦੇ ਜੱਜ ਨੇ ਲਿਖਿਆ ਹੈ ਕਿ ਕੀ ਕਿਹਾ ਜਾਂਦਾ ਹੈ ਕਿ ਉਹ ਕੋਈ ਬੜਾ ਸਿਆਣਾ ਆਦਮੀ ਨਹੀਂ ਸੀ ਅਤੇ ਸਾਧਾਰਨ ਜਿਹੀ ਬੁੱਧੀ ਦਾ ਆਦਮੀ ਸੀ, ਇਸੇ ਕਰਕੇ ਉਸਨੂੰ ਟੂਲ ਬਣਾ ਕੇ ਉਸ ਕੋਲੋਂ ਕੰਮ ਲਿਆ ਜਾਂਦਾ ਸੀ ਅਤੇ ਉਹ ਰਾਸ ਬਿਹਾਰੀ ਦੇ ਹੱਥਾਂ ਵਿਚ ਖੇਲਦਾ ਸੀ, ਇਹ ਗ਼ਲਤ ਹੈ। ਉਹ ਲਿਖਦਾ ਹੈ :

He is not a boy for at 23 an Indian has long reached maturity....He looked to me a man of some force of character, with out of the familiar marks of weakness in his face.

ਯਾਨੀ ਉਹ ਮੁੰਡਾ ਨਹੀਂ। 23 ਸਾਲ ਦੀ ਉਮਰ ਵਿਚ ਹਿੰਦੁਸਤਾਨੀ ਪੂਰਾ ਆਦਮੀ ਹੋ ਜਾਂਦਾ ਹੈ। ਉਹ ਬੜਾ ਦਲੇਰ ਅਤੇ ਸਮਝਦਾਰ ਤੇ ਦਿਲ ਦਾ ਮਜ਼ਬੂਤ ਆਦਮੀ ਹੈ। ਉਸ ਦੇ ਚਿਹਰੇ 'ਤੇ ਕੋਈ ਕਮਜ਼ੋਰੀ ਦੇ ਨਿਸ਼ਾਨ ਨਜ਼ਰ ਨਹੀਂ ਆਉਂਦੇ।

ਅਤੇ ਇਸ ਸਵਾਲ 'ਤੇ ਕਿ ਆਪਦਾ ਕੇਂਦਰੀ ਕਮੇਟੀ ਵਿਚ ਕੋਈ ਜ਼ਿਕਰ ਨਹੀਂ ਆਉਂਦਾ, ਇਸ ਕਰਕੇ ਉਨ੍ਹਾਂ ਨੂੰ ਕੋਈ ਬੜਾ ਮਾਮੂਲੀ ਆਦਮੀ ਸਮਝ ਕੇ ਟੂਲ ਬਣਾਇਆ ਗਿਆ ਸੀ, ਜੱਜ ਕਹਿੰਦਾ ਹੈ :

"Besant Kumar Biswas had a long training and was quite ready for anything, though he was kept purposely out side of the inner circle, so That, if caught, he would not to be able to give much information to his captors."



Sri Satguru Jagjit Singh Ji Elibrary NamdhariElibrary@gmail.com

ਬਸੰਤ ਕੁਮਾਰ ਨੂੰ ਚੂੰਕਿ ਬਹੁਤ ਚਿਰ ਤੋਂ ਸਾਰਾ ਕੰਮ ਸਿਖਾਇਆ ਗਿਆ ਸੀ ਇਸ ਕਰਕੇ ਉਸਨੂੰ ਸਿਰਫ ਕੋਈ ਵੀ ਖ਼ਤਰਨਾਕ ਕੰਮ ਕਰਨ ਵਾਸਤੇ ਹੀ ਮਖਸੂਸ ਰੱਖਿਆ ਗਿਆ ਸੀ, ਤਾਂ ਕਿ ਜੇ ਕਿਧਰੇ ਫੜਿਆ ਵੀ ਜਾਵੇ, ਤਾਂ ਕਿਧਰੇ ਬਹੁਤੀ ਖ਼ਬਰ ਨਾ ਦੇ ਸਕੇ।

ਖ਼ੈਰ ! ਚੀਫ਼ ਕੋਰਟ ਦੇ ਜੱਜ ਨੇ ਆਪ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ ਅਤੇ ਆਪਨੇ ਬੜੀ ਖ਼ੁਸ਼ੀ ਨਾਲ ਸੁਣੀ। ਇਕ ਗੱਲ ਖਾਸ ਕਾਬਿਲੇ ਗੌਰ ਹੈ ਕਿ ਆਪ ਦੇ ਮੁਕੱਦਮੇ ਲਈ ਬੰਗਾਲ ਤੋਂ ਇਕ ਵਕੀਲ ਮਿਸਟਰ ਸੇਨ ਆਇਆ ਸੀ। ਜਦ ਕਿ ਸਾਡੇ ਲੋਕਾਂ ਦਾ ਇਹ ਹਾਲ ਸੀ, ਕਿ ਮਹਾਤਮਾ ਹੰਸ ਰਾਜ ਨੂੰ ਇਕ ਹੋਰ ਆਦਮੀ, ਜਿਸ ਦਾ ਪੁੱਤਰ ਕਿ ਦਿਨ੍ਹਾਂ ਦੇ ਲੜਕੇ ਬਲਰਾਜ ਨਾਲ ਇਸੇ ਕੇਸ ਵਿਚ ਫੜਿਆ ਹੋਇਆ ਸੀ, ਮਿਲਣ ਆਇਆ ਤਾਂ ਕਿ ਮੁਕੱਦਮੇ ਦੇ ਬਾਰੇ ਵਿਚ ਸਲਾਹ ਕਰ ਸਕੇ। ਮਹਾਤਮਾ ਜੀ ਦੇ ਮਕਾਨ ਤੋਂ ਉਸਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ ਅਤੇ ਆਰੀਆ ਸਮਾਜ ਦੇ ਲਾਈਫ਼ ਮੈਂਬਰ ਜਾਂ ਜਿਨ੍ਹਾਂ ਆਪਣੀ ਸਾਰੀ ਉਮਰ ਆਰੀਆ ਸਮਾਜ ਨੂੰ ਦੇ ਦਿੱਤੀ ਸੀ, ਉਨ੍ਹਾਂ ਦੀ ਵੀ ਕੋਈ ਮਦਦ ਨਾ ਕੀਤੀ ਗਈ। ਇਹ ਗੱਲ ਜ਼ਰਾ ਖਾਸ ਗੌਰ ਦੇ ਕਾਬਿਲ ਹੈ।

ਸਰ ਮਾਈਕਲ ਓਡਵਾਇਰ ਕਹਿੰਦਾ ਹੈ, ਕਿ ਫ਼ਾਂਸੀ ਲੱਗਣ ਤੋਂ ਇਕ ਦਿਨ ਪਹਿਲਾਂ ਬਸੰਤ ਕੁਮਾਰ ਨੇ ਮੰਨ ਲਿਆ ਸੀ ਕਿ ਦਿੱਲੀ ਵਿਚ ਵਾਇਸਰਾਏ 'ਤੇ ਬੰਬ ਉਸੇ ਹੀ ਸੁੱਟਿਆ ਸੀ। ਕੌਣ ਜਾਣੇ, ਸੱਚ ਹੈ ਜਾਂ ਨਹੀਂ। ਜੋ ਵੀ ਹੋਵੇ, ਅਖ਼ੀਰ ਇਹਨਾਂ ਵਿਚੋਂ ਹੀ ਕਿਸੇ ਦਾ ਕੰਮ ਸੀ।

ਆਪ ਨੇ ਵੀ ਬੜੀ ਬੀਰਤਾ ਵਾਲ ਫ਼ਾਂਸੀ ਲਟਕ ਕੇ ਆਪਣੇ ਪ੍ਰਾਣ ਦੇਸ਼ ਅਤੇ ਕੌਮ ਦੀ ਆਜ਼ਾਦੀ ਲਈ ਕੁਰਬਾਨ ਕਰ ਦਿੱਤੇ।

*"ਵਿਦ੍ਰੋਹੀ"*

* * *

## 26. ਆਜ਼ਾਦੀ ਦੀ ਭੇਟਾ ! ਸ਼ਹੀਦੀਆਂ। ਮਾਰਸ਼ਲ-ਲਾ ਦੇ ਬਹਾਦਰ ਸ਼ਹੀਦ ਸ਼੍ਰੀ ਖ਼ੁਸ਼ੀ ਰਾਮ ਜੀ !

*—ਕਿਰਤੀ ਅਕਤੂਬਰ 1928*

1919 ਦਾ ਵਰ੍ਹਾ ਵੀ ਹਿੰਦੋਸਤਾਨ ਦੇ ਇਤਿਹਾਸ ਵਿਚ ਸਦਾ ਹੀ ਯਾਦ ਰਹੇਗਾ। ਤਾਜ਼ੀ-ਤਾਜ਼ੀ ਲੜਾਈ ਮੁੱਕੀ ਸੀ। ਹਿੰਦੋਸਤਾਨੀਆਂ ਤੇ ਖ਼ਾਸਕਰ ਪੰਜਾਬੀਆਂ ਜਾਨਾਂ 'ਤੇ ਖੇਲ ਕੇ ਅੰਗਰੇਜ਼ਾ ਨੂੰ ਜਿੱਤ ਦੁਆਈ ਸੀ, ਪਰ ਅਹੰਕਾਰੀ ਅੰਗਰੇਜ਼ ਨੇ ਅਹਿਸਾਨ ਦਾ ਬਦਲਾ ਖ਼ੂਬ ਚੁਕਾਇਆ। ਇਕ ਰੋਲਟ ਐਕਟ ਪਾਸ ਕਰ ਦਿੱਤਾ। ਤਰਥੱਲੀ ਪੈ ਗਈ ਪੰਜਾਬ ਵਿਚ ਤੇ ਖ਼ਾਸ ਹੀ ਜੋਸ਼ ਵਧ ਗਿਆ। ਪੰਜਾਬ ਵਿਚ ਤਾਂ ਹਾਲੇ ਪਿਛਲੀ ਜੰਗ ਦੀ ਯਾਦ ਤਾਜ਼ਾ ਸੀ, ਉਨ੍ਹਾਂ ਨੂੰ ਰੋਲਟ ਐਕਟ ਦੇਖ ਕੇ ਹੱਦ ਦਰਜੇ ਦੀ ਹੈਰਾਨੀ ਹੋਈ। ਹੜਤਾਲਾਂ, ਜਲੂਸ ਅਤੇ ਜਲਸੇ ਆਮ ਹੋਣ ਲੱਗ ਪਏ। ਜੋਸ਼ ਬਹੁਤ ਵਧਿਆ। ਨੌਬਤ ਜਲ੍ਹਿਆਂ ਵਾਲਾ ਤੇ ਮਾਰਸ਼ਲ ਲਾ ਤੀਕ ਦੀ ਆਈ।

ਲੋਕੀਂ ਡਰ ਗਏ। ਕੌਣ ਆਖਦਾ ਸੀ ਕਿ ਨਿਹੱਥਿਆਂ 'ਤੇ ਗੋਲੀ ਵੀ ਚਲਾਈ ਜਾ ਸਕਦੀ ਹੈ। ਆਮ ਲੋਕਾਂ ਡਿਗਦਿਆਂ ਢਹਿੰਦਿਆਂ ਪਿੱਠ ਵਿਚ ਹੀ ਗੋਲੀਆਂ ਖਾਧੀਆਂ ਪਰ ਉਹਨਾਂ ਵਿਚ ਵੀ ਸ਼੍ਰੀ ਖ਼ੁਸ਼ੀ ਰਾਮ ਜੀ ਸ਼ਹੀਦ ਨੇ ਛਾਤੀ ਵਿਚ ਗੋਲੀਆਂ ਖਾ-ਖਾ ਕੇ ਕਦਮ ਅਗਾਂਹ ਹੀ ਪੁੱਟਿਆ ਅਤੇ ਬਹਾਦਰੀ ਦੀ ਲਾਜਵਾਬ ਮਿਸਾਲ ਕਾਇਮ ਕਰ ਦਿੱਤੀ।

ਆਪ ਦਾ ਜਨਮ 27 ਸਾਵਣ ਸੰਮਤ 1957 ਵਿਚ ਪਿੰਡੀ ਸੈਦੇਪੁਰ ਜ਼ਿਲਾ ਜੇਹਲਮ ਵਿਚ ਲਾਲਾ ਭਗਵਾਨ ਦਾਸ ਦੇ ਘਰ ਹੋਇਆ ਸੀ। ਆਪ ਦੀ ਜਾਤ ਅਰੋੜਾ ਸੀ। ਪੈਦਾ ਹੋਣ ਤੇ ਪੰਡਿਤਾਂ ਟੇਵਾ ਬਣਾਇਆ ਤੇ ਕਿਹਾ ਕਿ ਏਹ ਬਾਲਕ ਬੜਾ ਤਕੜਾ ਤੇ ਬਹਾਦਰ ਹੋਵੇਗਾ ਅਤੇ ਇਸ



Sri Satguru Jagjit Singh Ji Elibrary NamdhariElibrary@gmail.com

ਦਾ ਨਾਮ ਵੀ ਬੜਾ ਮਸ਼ਹੂਰ ਹੋਵੇਗਾ। ਇਸ ਕਰਕੇ ਉਸ ਵੇਲੇ ਆਪ ਦਾ ਨਾਮ ਸ੍ਰੀ ਭੀਮ ਸੈਨ ਰੱਖਿਆ ਗਿਆ। ਪਰ ਬਾਦ ਵਿਚ ਆਪ ਸ੍ਰੀ ਖੁਸ਼ੀ ਰਾਮ ਦੇ ਨਾਮ ਤੋਂ ਹੀ ਪ੍ਰਸਿੱਧ ਹੋਏ। ਆਪ ਅਜੇ ਬਿਲਕੁਲ ਛੋਟੀ ਉਮਰ ਵਿਚ ਹੀ ਸਨ ਕਿ ਜਦੋਂ ਆਪ ਦੇ ਪਿਤਾ ਚਲਾਣਾ ਕਰ ਗਏ। ਆਪ ਦਾ ਘਰਾਣਾ ਬਹੁਤ ਗਰੀਬ ਸੀ ਪਰ ਆਪ ਦੀ ਪਾਲਣਾ ਪੋਸਣਾ ਲਾਹੌਰ ਨਵਾਂ ਕੋਟ ਯਤੀਮ ਖ਼ਾਨਾ ਵਿਚ ਹੋਈ ਸੀ।ਉਥੇ ਹੀ ਪਹਿਲੋਂ ਪਹਿਲ ਆਪ ਦੀ ਤਾਲੀਮ ਸ਼ੁਰੂ ਹੋਈ ਸੀ। ਵਕਤ ਲੰਘਦਾ ਚਲਿਆ ਗਿਆ। ਫੇਰ ਆਪ ਡੀ.ਏ.ਵੀ. ਕਾਲਜ ਲਾਹੌਰ ਵਿਚ ਪੜ੍ਹਨ ਲੱਗ ਪਏ। 1919 ਵਿਚ 19 ਵਰਸ਼ਾਂ ਦੀ ਉਮਰ ਵਿਚ ਆਪਨੇ ਪੰਜਾਬ ਯੂਨੀਵਰਸਿਟੀ ਵਿਚ ਸ਼ਾਸਤਰੀ ਦੀ ਪ੍ਰੀਖਿਆ ਦਿੱਤੀ ਸੀ ਤੇ ਛੁੱਟੀਆਂ ਕੱਟਣ ਲਈ ਆਪ ਹੋਰੀਂ ਜੰਮੂ ਚਲੇ ਗਏ।

ਸੁਣਿਆਂ ਤੀਹ ਮਾਰਚ ਦੇ ਬਾਦ ਮਹਾਤਮਾ ਗਾਂਧੀ ਜੀ ਨੇ ਆਗਿਆ ਦਿੱਤੀ ਹੈ ਕਿ 3 ਅਪ੍ਰੈਲ ਨੂੰ ਮੁਲਕੰ ਭਰ ਵਿਚ ਹੜਤਾਲ ਕੀਤੀ ਜਾਵੇ ਅਤੇ ਜਲਸੇ ਤੇ ਜਲੂਸ ਕੱਢੇ ਜਾਣ। ਆਪ ਹੋਰੀਂ ਲਾਹੌਰ ਆ ਪੁੱਜੇ, ਆ ਕੇ ਹਰ ਤਰ੍ਹਾਂ ਕੰਮ ਨੂੰ ਕਾਮਯਾਬ ਕਰਨ ਦਾ ਯਤਨ ਕਰਨ ਲੱਗ ਪਏ। ਕਾਲਜਾਂ ਦੇ ਲੜਕਿਆਂ ਦੇ ਨੰਗੇ ਸਿਰ ਬੜੇ-ਬੜੇ ਜਲੂਸ, 'ਹਾਏ ਹਾਏ ਰੋਲਟ ਐਕਟ' ਕਹਿੰਦੇ ਹੋਏ ਨਿਕਲਦੇ ਸਨ। ਇਹ ਸਭ ਆਪ ਦੇ ਹੀ ਯਤਨ ਦਾ ਨਤੀਜਾ ਸੀ। ਦੋ ਚਾਰ ਦਿਨ ਬੜੀ ਰੌਣਕ ਵਧੀ।

12 ਅਪਰੈਲ ਨੂੰ ਬਾਦਸ਼ਾਹੀ ਮਸਜਿਦ ਲਾਹੌਰ ਵਿਚ ਜਲਸਾ ਹੋਇਆ। ਖਲਕਤ ਦਾ ਕੋਈ ਸ਼ੁਮਾਰ ਨਹੀਂ ਸੀ। ਹਜ਼ਾਰਾਂ ਆਦਮੀ ਸਨ। ਗਰਮ-ਗਰਮ ਲੈਕਚਰ ਹੋਏ। ਧੂੰਆਂਧਾਰ ਤਕਰੀਰਾਂ ਹੋਈਆਂ : ਜਲਸੇ ਤੋਂ ਬਾਅਦ ਜਲੂਸ ਬਣਾ ਕੇ ਉਹ ਲੋਕੀਂ ਸ਼ਹਿਰ ਨੂੰ ਚੱਲ ਪਏ। ਹੀਰਾ ਮੰਡੀ ਵਿਚ ਜਦੋਂ ਪੁੱਜੇ ਅਤੇ ਸ਼ਹਿਰ ਵਿਚ ਘੁਸਣ ਲੱਗੇ, ਓਸੇ ਵੇਲੇ ਨਵਾਬ ਮੁਹੰਮਦ ਅਲੀ ਫ਼ੌਜ ਲਈ ਅੱਗੇ ਖਲੋਤਾ ਸੀ। ਉਸ ਹੁਕਮ ਦਿੱਤਾ ਕਿ ਜਲੂਸ ਮੁੰਤਸ਼ਿਰ ਕਰ ਦਿਓ ਪਰ ਉਹ ਦਿਨ ਬੜੇ ਅਜੀਬ ਸਨ, ਸ੍ਰੀ ਖੁਸ਼ੀ ਰਾਮ ਹੋਰੀਂ ਅੱਗੇ-ਅੱਗੇ ਝੰਡਾ ਲਈ ਜਾ ਰਹੇ ਸਨ। ਕਿਹਾ, 'ਇਹ ਜਲੂਸ ਕਦੀ ਵੀ ਵਾਪਸ ਨਹੀਂ ਜਾ ਸਕਦਾ ਅਤੇ ਜਲੂਸ ਦੀ ਸ਼ਕਲ ਵਿਚ ਹੀ ਸ਼ਹਿਰ ਵਿਚ ਘੁਸੇਗਾ। ਨਵਾਬ ਨੇ ਹਵਾ ਵਿਚ ਗੋਲੀ ਚਲਾ ਦਿੱਤੀ। ਲੋਕੀਂ ਭੱਜ ਵਗੇ। ਸ਼ੇਰ ਮਰਦ ਲਾਲਾ ਖੁਸ਼ੀ ਰਾਮ ਨੇ ਗੱਜ ਕੇ ਇਕ ਵਾਰੀ ਤਾਂ ਲੋਕਾਂ ਦੀ ਖੂਬ ਲਾਹਨਤ ਮੁਲਾਮਤ ਕੀਤੀ। ਕਿਹਾ, ਤੁਹਾਨੂੰ ਸ਼ਰਮ ਨਹੀਂ ਆਉਂਦੀ ਇਸ ਤਰ੍ਹਾਂ ਗਿੱਦੜਾਂ ਵਾਂਗੂੰ ਭੱਜਦੇ ਹੋ।' ਲੋਕੀਂ ਇਕੱਠੇ ਹੋ ਗਏ। ਲਾਲਾ ਖ਼ੁਸ਼ੀ ਰਾਮ ਅੱਗੇ-ਅੱਗੇ ਜਾ ਰਹੇ ਸਨ ਨਵਾਬ ਨੇ ਫੇਰ ਗੋਲੀ ਚਲਾਈ। ਐਤਕਾਂ ਹਵਾ ਵਿਚ ਗੋਲੀ ਨਹੀ ਚਲਾਈ ਬਲਕਿ ਮਹਾਸ਼ਯ ਖੁਸ਼ੀ ਰਾਮ ਹੋਰਾਂ ਦੀ ਛਾਤੀ ਵਿਚ ਲੱਗੀ। ਇਕ ਗੋਲੀ ਲੱਗੀ ਆਪ ਜ਼ਖ਼ਮੀ ਸ਼ੇਰ ਵਾਂਗੂੰ ਝਪਟ ਕੇ ਅਗਾਂਹ ਵਧੇ। ਹੋਰ ਗੋਲੀ ਲੱਗੀ ਅਤੇ ਆਪ ਹੋਰ ਅਗਾਂਹ ਵਧੇ। ਇਕ-ਇਕ ਕਰਕੇ ਸੱਤ ਗੋਲੀਆਂ ਛਾਤੀ ਵਿਚ ਲੱਗੀਆਂ ਪਰ ਖੁਸ਼ੀ ਰਾਮ ਹੋਰਾਂ ਦਾ ਕਦਮ ਅੱਗੇ ਹੀ ਵੱਧਦਾ ਚਲਾ ਗਿਆ। ਆਖ਼ਿਰ ਅੱਠਵੀਂ ਗੋਲੀ ਮੱਥੇ ਦੇ ਸੱਜੇ ਪਾਸੇ ਤੇ ਨਾਂਵੀਂ ਖੱਬੇ ਪਾਸੇ ਆ ਲੱਗੀ।ਸ਼ੇਰ ਤੜਪ ਕੇ ਡਿੱਗ ਪਿਆ ਖੁਸ਼ੀ ਰਾਮ ਸਦਾ ਲਈ ਸੌਂ ਗਿਆ ਪਰ ਅੱਜ ਉਸਦਾ ਨਾਮ ਜ਼ਿੰਦਾ ਹੈ। ਉਸਦੀ ਬਹਾਦਰੀ ਅਤੇ ਹਿੰਮਤ ਅੱਜ ਵੀ ਉਸੇ ਤਰ੍ਹਾਂ ਤਾਜ਼ਾ ਹਨ। ਖੈਰ !

ਆਪ ਦੀ ਲਾਸ ਦਾ ਬੜਾ ਭਾਰੀ ਜਲੂਸ ਨਿਕਲਿਆ। ਆਮ ਖ਼ਿਆਲ ਕੀਤਾ ਜਾਦਾ ਹੈ ਕਿ ਘੱਟੋ ਘੱਟ ਪੰਜਾਹ ਹਜ਼ਾਰ ਆਦਮੀ ਇਸ ਜਲੂਸ ਵਿਚ ਸ਼ਾਮਲ ਸਨ।

ਇਸ ਤਰ੍ਹਾਂ ਉਸ ਵੀਰ ਨੇ ਆਪਣੀ ਅਤੇ ਕੌਮ ਦੀ ਅਣਖ ਤੇ ਜਾਨ ਦੀ ਬਾਜ਼ੀ ਲਗਾ ਦਿੱਤੀ ਅਤੇ ਆਪਣਾ ਨਾਮ ਅਮਰ ਕਰ ਗਿਆ। ਕੁਝ ਸਾਲ ਬਾਦ ਇਕ ਕਵੀ ਨੇ ਇਕ ਬੜੀ ਦਰਦ ਭਰੀ ਕਵਿਤਾ ਲਿਖੀ ਸੀ। ਜਿਸਦਾ ਕਿ ਮਿਸਰਾ ਇਉਂ ਹੈ :



Sri Satguru Jagjit Singh Ji Elibrary NamdhariElibrary@gmail.com

*ਹਾਏ ! ਖੁਸ਼ੀ ਰਾਮ ਕੀ ਬਰਸੀ ਮਨਾਈ ਨਾ ਗਈ।*
*ਕਿਆ ਖੁਸ਼ੀ ਰਾਮ ਕੀ ਮੌਤ ਹੋ ਹਮ ਭੂਲ ਗਏ,*
*ਉਸ ਕੇ ਮਕਸਦ ਪੈ ਚੜ੍ਹਾਨੇ ਕੋ ਹਮ ਭੂਲ ਗਏ।*

* * *

## 27. ਆਜ਼ਾਦੀ ਦੀ ਲੜਾਈ ਵਿਚ—ਪੰਜਾਬ ਦਾ ਪਹਿਲਾ ਉਭਾਰ

[ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦੇ ਹਿੱਸੇ ਤੋਂ ਲੋਕਾਂ ਨੂੰ ਜਾਣੂ ਕਰਾਉਣ ਦਾ ਯਤਨ ਉਨ੍ਹਾਂ ਨੇ ਲਗਾਤਾਰ ਜਾਰੀ ਰੱਖਿਆ। ਜ਼ੇਲ੍ਹ ਵਿਚ ਵੀ ਇਸੇ ਬਾਰੇ ਲੇਖ ਲਿਖੇ ਜੋ 'ਪੀਪਲ' ਲਾਹੌਰ ਅਤੇ ਬੰਦੇ ਮਾਤਰਮ ਲਾਹੌਰ ਨੇ 1931 ਵਿਚ ਛਾਪੇ।

ਪੰਜਾਬ ਦੀ ਰਾਜਨੀਤਿਕ ਤੇ ਸਾਹਿਤਕ ਪਿਛੜੇਪਣ ਦੀ ਚਿੰਤਾ ਉਹ ਹਮੇਸ਼ਾ ਕਰਦੇ ਰਹੇ। ਉਸ ਵੇਲੇ ਇਹ ਲੇਖ ਲਿਖਿਆ ਗਿਆ। ਉਹ ਲਿਖਦੇ ਹਨ ਕਿ 'ਰਾਜਨੀਤਿਕ ਖੇਤਰ ਵਿਚ ਪੰਜਾਬ ਸਭ ਤੋਂ ਪਿੱਛੇ ਹੈ। ਇਸਦਾ ਕਾਰਨ ਸਿਰਫ ਇਹ ਹੈ ਕਿ ਰਾਜਨੀਤਿਕ ਅੰਦੋਲਨ ਇਥੋਂ ਦੀ ਜਨਤਾ ਦੇ ਵਿਅਕਤੀਗਤ ਜੀਵਨ ਦਾ ਇਕ ਜ਼ਰੂਰੀ ਅੰਗ ਨਹੀਂ ਬਣ ਸਕਿਆ। ਸਾਹਿਤਕ ਖੇਤਰ ਵਿਚ ਵੀ ਇਸ ਸੂਬੇ ਨੇ ਕੋਈ ਵਰਨਣਯੋਗ ਥਾਂ ਹਾਸਲ ਨਹੀਂ ਕੀਤੀ। ਬੁੱਧੀਜੀਵੀ ਵਰਗ ਲਈ ਉਸ ਸਮੇਂ ਤਕ (ਓਡਵਾਇਰ ਨੇ 1925 ਵਿਚ ਕਿਤਾਬ ਲਿਖਣ ਵੇਲੇ ਤਕ) ਦੇਸ਼ ਦੀ ਆਜ਼ਾਦੀ ਦਾ ਸਵਾਲ ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਣ ਨਹੀਂ ਬਣਿਆ ਸੀ।" ਅੱਗੇ ਲਿਖਦੇ ਹਨ "ਆਪਣੇ ਸੂਬੇ ਦੀ ਇਸ ਘਾਟ ਵੱਲ ਧਿਆਨ ਖਿਚਣਾ ਹੀ ਇਨ੍ਹਾਂ ਲੇਖਾਂ ਦਾ ਉਦੇਸ਼ ਹੈ।"

ਪੰਜਾਬ ਦੀ ਜਾਗ੍ਰਿਤੀ ਤੇ ਭਗਤ ਸਿੰਘ ਦੀ ਇਕ ਇਤਿਹਾਸਕ ਦ੍ਰਿਸ਼ਟੀ ਏਥੇ ਨਾਲ ਹੀ ਪੇਸ਼ ਕਰ ਰਹੇ ਹਾਂ। —ਸੰਪਾਦਕ]

(ਸ਼ਹੀਦ ਭਗਤ ਸਿੰਘ ਨੇ ਜੇਲ੍ਹ ਵਿਚ ਬਹੁਤ ਕੁਝ ਲਿਖਿਆ ਸੀ। ਉਹਨਾਂ ਵਿਚ ਇਕ ਪੰਜਾਬ ਦੀ ਰਾਜਨੀਤਿਕ ਜਾਗ੍ਰਿਤੀ ਦਾ ਇਤਿਹਾਸ ਸੀ। ਜਿਸਦਾ ਹੇਠ ਲਿਖਿਆ ਹਿੱਸਾ 1931 ਵਿਚ ਲਾਹੌਰ ਦੇ ਰੋਜ਼ਾਨਾ ਅਖ਼ਬਾਰ 'ਪੀਪਲ' ਵਿਚ ਲੜੀਵਾਰ ਛਪਿਆ ਸੀ। ਇਹ ਉਰਦੂ ਅਨੁਵਾਦ ਦਾ ਪੰਜਾਬੀ ਰੂਪ ਹੈ—ਸੰਪਾਦਕ)

ਪੰਜਾਬ ਦੇ ਭੂਤ-ਪੂਰਵ ਗਵਰਨਰ ਸਰ ਮਾਈਕਲ ਓਡਵਾਇਰ ਨੇ ਆਪਣੀ ਪੁਸਤਕ "India as I saw" (ਭਾਰਤ ਜਿਵੇਂ ਮੈਂ ਡਿੱਠਾ) ਵਿਚ ਇਕ ਕੌੜੀ ਤੇ ਝੂਠੀ ਪਰ ਨਾਲ ਹੀ ਅਤਿਅੰਤ ਮਹੱਤਵਪੂਰਨ ਸੱਚਾਈ ਨੂੰ ਪ੍ਰਗਟ ਕੀਤਾ ਹੈ। ਜਦ ਕਿ ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਰਾਜਨੀਤਿਕ ਹਲਚਲਾਂ ਵਿਚ ਸਭ ਤੋਂ ਪਿੱਛੇ ਹੈ। ਪੰਜਾਬ ਦੇ ਰਾਜਨੀਤਿਕ ਅੰਦੋਲਨਾਂ ਦਾ, ਜਿਨ੍ਹਾਂ ਨੂੰ ਥੋੜ੍ਹਾ ਬਹੁਤ ਗਿਆਨ ਹੈ, ਉਹ ਇਸ ਸਚਾਈ ਨੂੰ ਭਲੀ ਪ੍ਰਕਾਰ ਸਮਝ ਸਕਦੇ ਹਨ।

ਅੱਜ ਤਕ ਦਾ ਇਤਿਹਾਸ ਫੋਲੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਇਸ ਸੂਬੇ ਨੇ ਹੀ ਕੀਤੀਆਂ ਹਨ। ਇਸ ਲਈ ਬੜੀਆਂ-ਬੜੀਆਂ ਮੁਸੀਬਤਾਂ ਇਸ ਸੂਬੇ ਦੀ ਜਨਤਾ ਨੂੰ ਸਹਿਣ ਕਰਨੀਆਂ ਪਈਆਂ ਹਨ। ਰਾਜਨੀਤਿਕ, ਧਾਰਮਿਕ ਆਦਿ ਅੰਦੋਲਨਾਂ ਵਿਚ ਪੰਜਾਬ ਭਾਰਤ ਦੇ ਦੂਸਰੇ ਸੂਬਿਆਂ ਨਾਲੋਂ ਅੱਗੇ ਰਿਹਾ ਹੈ ਅਤੇ ਦੇਸ਼ ਲਈ ਜਾਨ ਅਤੇ ਮਾਲ ਦੀ ਕੁਰਬਾਨੀ ਸਭ ਤੋਂ ਵੱਧ ਇਸੇ ਸੂਬੇ ਦੇ ਲੋਕਾਂ ਨੇ ਕੀਤੀ ਹੈ। ਪਰ ਫਿਰ ਵੀ ਸਾਨੂੰ ਸਿਰ ਝੁਕਾ ਕੇ ਇਹ ਮੰਨਣਾ ਪੈਂਦਾ ਹੈ ਕਿ ਰਾਜਨੀਤਿਕ ਖੇਤਰ ਵਿਚ ਪੰਜਾਬ ਸਭ ਤੋਂ ਪਿੱਛੇ ਹੈ।

ਇਸ ਦਾ ਕਾਰਨ ਸਿਰਫ ਇਹ ਹੈ ਕਿ ਰਾਜਨੀਤਿਕ ਅੰਦੋਲਨ ਇਥੋਂ ਦੀ ਜਨਤਾ ਦੇ ਵਿਅਕਤੀਗਤ ਜੀਵਨ ਦਾ ਇਕ ਜ਼ਰੂਰੀ ਅੰਗ ਨਹੀਂ ਬਣ ਸਕਿਆ। ਸਾਹਿਤਕ ਖੇਤਰ ਵਿਚ



Sri Satguru Jagjit Singh Ji Elibrary NamdhariElibrary@gmail.com

ਵੀ ਇਸ ਸੂਬੇ ਨੇ ਕੋਈ ਵਰਨਣਯੋਗ ਥਾਂ ਹਾਸਲ ਨਹੀਂ ਕੀਤੀ। ਬੁਧੀਜੀਵੀ ਵਰਗ ਲਈ ਉਸ ਸਮੇਂ ਤਕ (ਓਡਵਾਇਰ ਦੀ ਪੁਸਤਕ ਲਿਖਣ ਤਕ) ਦੇਸ਼ ਦੀ ਆਜ਼ਾਦੀ ਦਾ ਸਵਾਲ ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਨ ਨਹੀਂ ਬਣਿਆ ਸੀ। ਇਸੇ ਲਈ ਆਮ ਕਰਕੇ ਕਿਹਾ ਜਾਂਦਾ ਹੈ ਕਿ ਇਹ ਸੂਬਾ ਬਹੁਤ ਪਿਛੇ ਹੈ। ਭਾਰਤ ਵਿਚ ਹੋਰ ਵੀ ਬਹੁਤ ਸਾਰੇ ਸੂਬੇ ਹਨ ਜੋ ਪੰਜਾਬ ਤੋਂ ਬਹੁਤ ਪਿੱਛੇ ਹਨ। ਪਰ ਦੁੱਖ ਦੀ ਗੱਲ ਹੈ ਕਿ ਇਹ ਬਦਕਿਸਮਤ ਸੂਬਾ ਅਜਿਹੇ ਦੂਸ਼ਣ ਸਹਿ ਕੇ ਵੀ ਪਿੱਛੇ ਹੀ ਹੈ।

ਪੰਜਾਬ ਦੀ ਕੋਈ ਵਿਸ਼ੇਸ਼ ਆਪਣੀ ਭਾਸ਼ਾ ਨਹੀਂ। ਭਾਸ਼ਾ ਨਾ ਹੋਣ ਦੇ ਕਾਰਨ ਸਾਹਿਤਕ ਖੇਤਰ ਵਿਚ ਵੀ ਕੋਈ ਤਰੱਕੀ ਨਹੀਂ ਹੋ ਸਕੀ। ਪੜ੍ਹੇ ਲਿਖੇ ਲੋਕਾਂ ਨੂੰ ਪੱਛਮੀ ਸਾਹਿਤ 'ਤੇ ਹੀ ਨਿਰਭਰ ਰਹਿਣਾ ਪਿਆ। ਇਸ ਦਾ ਦੁੱਖਦਾਈ ਸਿੱਟਾ ਇਹ ਹੋਇਆ ਕਿ ਪੰਜਾਬ ਦਾ ਪੜ੍ਹਿਆ ਲਿਖਿਆ ਵਰਗ ਆਪਣੇ ਸੂਬੇ ਦੀਆਂ ਰਾਜਨੀਤਿਕ ਹਲਚਲਾਂ ਤੋਂ ਅਲੱਗ ਜਿਹਾ ਰਿਹਾ ਹੈ। ਇਸੇ ਕਰਕੇ ਪੰਜਾਬ ਵਿਚ ਅਜਿਹੇ ਵਰਕਰ ਗਿਣੇ ਮਿਥੇ ਹੀ ਹਨ ਜੋ ਆਪਣਾ ਪੂਰਾ ਜੀਵਨ ਰਾਜਨੀਤੀ ਨੂੰ ਹੀ ਦੇ ਸਕਦੇ ਹਨ। ਇਸੇ ਆਧਾਰ 'ਤੇ ਇਸ ਸੂਬੇ 'ਤੇ ਅਜਿਹੇ ਦੋਸ਼ ਲਾਏ ਜਾਂਦੇ ਹਨ। ਆਪਣੇ ਸੂਬੇ ਦੀ ਇਸ਼ ਘਾਟ ਵੱਲ ਸੂਬੇ ਦੇ ਨੇਤਾਵਾਂ ਅਤੇ ਪੁਰਸ਼ ਸਮਾਜ ਦਾ ਧਿਆਨ ਖਿੱਚਣਾ ਹੀ ਇਹਨਾਂ ਲੇਖਾਂ ਦਾ ਉਦੇਸ਼ ਹੈ।

ਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਹੋਏ ਕੂਕਾ ਵਿਦਰੋਹ ਤੋਂ ਲੈ ਕੇ ਅੱਜ ਤੱਕ ਜੋ ਅੰਦੋਲਨ ਚੱਲੇ ਅਤੇ ਜਿਸ ਪ੍ਰਕਾਰ ਜਨਤਾ ਵਿਚ ਇਹ ਸੂਝ ਆਈ ਕਿ ਉਹ ਸੁਤੰਤਰਤਾ ਦੀ ਬਲੀ ਵੇਦੀ ਤੇ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ ਅਤੇ ਜਿਨ੍ਹਾਂ ਵਿਅਕਤੀਆਂ ਨੇ ਪ੍ਰਾਣਾਂ ਦਾ ਬਲੀਦਾਨ ਦਿੱਤਾ ਉਹਨਾਂ ਦਾ ਜੀਵਨ ਚਰਿਤਰ ਅਤੇ ਇਤਿਹਾਸ ਹਰ ਇਸਤਰੀ ਪੁਰਖ ਦੇ ਹੌਸਲੇ ਨੂੰ ਬੁਲੰਦ ਕਰੇਗਾ ਅਤੇ ਉਹ ਹੋਣ ਵਾਲੇ ਅੰਦੋਲਨਾਂ ਨੂੰ ਵੀ ਅਧਿਐਨ ਅਤੇ ਅਨੁਭਾਵਾਂ ਦੀ ਰੋਸ਼ਨੀ ਵਿਚ ਚੰਗੀ ਤਰ੍ਹਾਂ ਚਲਾ ਸਕਣਗੇ। ਇਸ ਇਤਿਹਾਸ ਨੂੰ ਲਿਖਣ ਤੋਂ ਮੇਰਾ ਇਹ ਉਦੇਸ਼ ਬਿਲਕੁਲ ਨਹੀਂ ਹੈ ਕਿ ਭਵਿੱਖ ਵਿਚ ਵੀ ਠੀਕ ਇਸੇ ਪ੍ਰਕਾਰ ਦੇ ਅੰਦੋਲਨ ਹੀ ਸਫ਼ਲ ਹੋ ਸਕਣਗੇ। ਮੇਰਾ ਉਦੇਸ਼ ਤਾਂ ਸਿਰਫ਼ ਇਹ ਹੈ ਕਿ ਜਨਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਜੀਵਨ ਭਰ ਦੇਸ਼ ਦੇ ਹੀ ਕੰਮ ਵਿਚ ਲੱਗੇ ਰਹਿਣ ਦੀ ਉਹਨਾਂ ਦੀਆਂ ਮਿਸਾਲਾਂ ਤੋਂ ਪ੍ਰੇਰਨਾ ਹਾਸਲ ਕਰੇ ਅਤੇ ਉਹਨਾਂ ਦਾ ਪਾਲਣ ਕਰਨ। ਵਕਤ ਆਉਣ 'ਤੇ ਕਿਸ ਢੰਗ ਨਾਲ ਕੰਮ ਕਰਨਾ ਹੈ, ਇਸ ਦਾ ਫੈਸਲਾ ਕੰਮ ਕਰਨ ਵਾਲੇ ਦੇਸ਼ ਦੀ ਮੌਜੂਦਾ ਹਾਲਾਤ ਨੂੰ ਵੇਖਦੇ ਹੋਏ ਖ਼ੁਦ ਕਰ ਸਕਦੇ ਹਨ।

## ਪੰਜਾਬ ਵਿਚ ਰਾਜਸੀ ਹਲਚਲਾਂ ਕਿਸ ਤਰ੍ਹਾਂ ਸ਼ੁਰੂ ਹੋਈਆਂ ?

ਸੰਨ 1907 ਤੋਂ ਪਹਿਲਾਂ ਪੰਜਾਬ ਵਿਚ ਬਿਲਕੁਲ ਹੀ ਖ਼ਾਮੋਸ਼ੀ ਸੀ। ਵਿਦਰੋਹ (ਕੂਕਾ ਵਿਦਰੋਹ) ਦੇ ਬਾਅਦ ਕੋਈ ਅਜਿਹਾ ਰਾਜਸੀ ਅੰਦੋਲਨ ਨਹੀਂ ਉਠਿਆ ਜੋ ਹਾਕਮਾਂ ਦੀ ਨੀਂਦ ਹਰਾਮ ਕਰ ਸਕਦਾ। ਸੰਨ 1908 ਵਿਚ ਪੰਜਾਬ ਵਿਚ ਪਹਿਲੀ ਵਾਰ ਕਾਂਗਰਸ ਦਾ ਅਜਲਾਸ ਹੋਇਆ ਪਰ ਉਸ ਸਮੇਂ ਕਾਂਗਰਸ ਦੇ ਕੰਮ ਦਾ ਆਧਾਰ ਹਾਕਮਾਂ ਪਰਤੀ ਵਫ਼ਾਦਾਰੀ ਪ੍ਰਗਟ ਕਰਨਾ ਸੀ। ਇਸ ਲਈ ਰਾਜਨੀਤਿਕ ਖੇਤਰ ਵਿਚ ਉਸ ਦਾ ਕੋਈ ਵਰਨਣਯੋਗ ਅਸਰ ਨਹੀਂ ਪਿਆ। 1905-1906 ਵਿਚ ਬੰਗਾਲ ਦੀ ਵੰਡ ਦੇ ਵਿਰੁੱਧ ਜੋ ਸ਼ਕਤੀਸ਼ਾਲੀ ਅੰਦੋਲਨ ਉੱਠ ਖੜਾ ਹੋਇਆ ਸੀ ਅਤੇ ਸਵਦੇਸੀ ਦੀ ਵਰਤੋਂ ਤੇ ਵਿਦੇਸ਼ੀ ਮਾਲ ਦੀ ਬਾਈਕਾਟ ਦੀ ਜੋ ਹਲਚਲ ਸ਼ੁਰੂ ਹੋਈ ਸੀ ਇਸ ਦਾ ਪੰਜਾਬ ਦੀ ਉਦਯੋਗਿਕ ਜੀਵਨ ਅਤੇ ਆਮ ਜਨਤਾ 'ਤੇ ਬੜਾ ਭਾਰੀ ਅਸਰ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਇਥੇ (ਪੰਜਾਬ) ਦਾ ਸਵਦੇਸ਼ੀ ਵਸਤਾਂ ਕਰਕੇ ਖੰਡ ਤਿਆਰ ਕਰਨ ਦਾ ਖ਼ਿਆਲ ਪੈਦਾ ਹੋਇਆ ਅਤੇ ਵੇਖਦਿਆਂ ਹੀ ਵੇਖਦਿਆਂ ਇਕ ਦੋ ਮਿੱਲਾਂ ਵੀ ਖੁੱਲ੍ਹ



Sri Satguru Jagjit Singh Ji Elibrary NamdhariElibrary@gmail.com

ਗਈਆਂ। ਭਾਵੇਂ ਸੂਬੇ ਦੇ ਰਾਜਨੀਤਿਕ ਜੀਵਨ ਤੇ ਇਸਦਾ ਕੋਈ ਜ਼ਿਆਦਾ ਅਸਰ ਨਾ ਪਿਆ ਪਰ ਸਰਕਾਰ ਨੇ ਇਸ ਉਦਯੋਗ ਨੂੰ ਤਬਾਹ ਕਰਨ ਲਈ ਗੰਨੇ ਦੀ ਫ਼ਸਲ ਤੇ ਮਾਮਲਾ ਤਿੰਨ ਗੁਣਾਂ ਕਰ ਦਿੱਤਾ। ਜਿੱਥੇ ਪਹਿਲਾਂ ਇਕ ਵਿੱਘੇ ਦਾ ਮਾਮਲਾ ਢਾਈ ਰੁਪਏ ਸੀ ਉਹ ਹੁਣ ਸਾਢੇ ਸੱਤ ਰੁਪਏ ਦੇਣੇ ਪੈਂਦੇ ਸਨ। ਇਸ ਨਾਲ ਕਿਸਾਨਾਂ 'ਤੇ ਇਕ ਭਾਰੀ ਭਾਰ ਆ ਪਿਆ ਅਤੇ ਉਹ ਇਕਦਮ ਬੌਂਦਲੇ ਜਿਹੇ ਰਹਿ ਗਏ।

## ਨਵਾਂ ਕਾਲੋਨੀ ਐਕਟ

ਦੂਸਰੇ ਪਾਸੇ ਲਾਇਲਪੁਰ ਆਦਿ ਵਿਚ ਸਰਕਾਰ ਨੇ ਨਵੀਂ ਨਹਿਰ ਖੁਦਵਾ ਕੇ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ ਆਦਿ ਦੇ ਨਿਵਾਸੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਅਤੇ ਲਾਲਚ ਦੇ ਕੇ ਇਸ ਖੇਤਰ ਵਿਚ ਬੁਲਾ ਲਿਆ ਸੀ। ਇਹ ਲੋਕ ਆਪਣੀ ਪੁਰਾਣੀ ਜ਼ਮੀਨ ਤੇ ਜਾਇਦਾਦ ਛੱਡ ਕੇ ਆਏ ਅਤੇ ਕਈ ਸਾਲ ਤਕ ਆਪਣਾ ਖੂਨ ਪਸੀਨਾ ਇਕ ਕਰਕੇ ਇਹਨਾਂ ਲੋਕਾਂ ਨੇ ਜੰਗਲਾਂ ਨੂੰ ਇਕ ਗੁਲਜ਼ਾਰ ਬਣਾ ਦਿੱਤਾ। ਲੇਕਿਨ ਅਜੇ ਉਹਨਾਂ ਸਾਹ ਵੀ ਨਹੀਂ ਸੀ ਲਿਆ ਕਿ ਨਵਾਂ ਕਾਲੋਨੀ ਐਕਟ ਉਹਨਾਂ ਦੇ ਸਿਰ 'ਤੇ ਆ ਖੜਾ ਹੋਇਆ। ਇਹ ਐਕਟ ਕੀ ਸੀ। ਕਾਸ਼ਤਕਾਰਾਂ ਦੀ ਹੋਂਦ ਹੀ ਮਿਟਾ ਦੇਣ ਦਾ ਤਰੀਕਾ ਸੀ। ਇਸ ਐਕਟ ਅਨੁਸਾਰ ਹਰ ਵਿਅਕਤੀ ਦੀ ਨਿੱਜੀ ਜਾਇਦਾਦ ਦਾ ਮਾਲਕ ਸਿਰਫ ਵੱਡਾ ਪੁੱਤਰ ਹੀ ਹੋ ਸਕਦਾ ਸੀ। ਛੋਟੇ ਪੁੱਤਰਾਂ ਲਈ ਕੋਈ ਹਿੱਸਾ ਨਹੀਂ ਰੱਖਿਆ ਗਿਆ ਸੀ। ਵੱਡੇ ਪੁੱਤਰ ਦੇ ਮਰਨ 'ਤੇ ਵੀ ਉਹ ਜ਼ਮੀਨ ਜਾਂ ਹੋਰ ਜਾਇਦਾਦ ਛੋਟੇ ਲੜਕੇ ਨੂੰ ਨਹੀਂ ਮਿਲ ਸਕਦੀ ਸੀ ਬਲਕਿ ਉਸ 'ਤੇ ਵੀ ਸਰਕਾਰ ਦਾ ਅਧਿਕਾਰ ਹੋ ਜਾਂਦਾ ਸੀ।

ਕੋਈ ਆਦਮੀ ਆਪਣੀ ਜ਼ਮੀਨ 'ਤੇ ਖੜੇ ਦਰਖਤਾਂ ਨੂੰ ਨਹੀਂ ਕੱਟ ਸਕਦਾ ਸੀ। ਉਹਨਾਂ ਤੋਂ ਉਹ ਇਕ ਦਾਤਨ ਵੀ ਨਹੀਂ ਕੱਟ ਸਕਦਾ ਸੀ। ਜੋ ਜ਼ਮੀਨ ਉਹਨਾਂ ਨੂੰ ਮਿਲੀਆਂ ਸਨ ਉਹਨਾਂ 'ਤੇ ਉਹ ਸਿਰਫ਼ ਖੇਤੀ ਹੀ ਕਰ ਸਕਦੇ ਸਨ। ਕਿਸੇ ਪ੍ਰਕਾਰ ਦਾ ਮਕਾਨ ਜਾਂ ਝੌਂਪੜੀ, ਇਥੋਂ ਤਕ ਕਿ ਪਸ਼ੂਆਂ ਨੂੰ ਪੱਠੇ ਪਾਉਣ ਲਈ ਖੁਰਲੀ ਤਕ ਵੀ ਨਹੀਂ ਬਣਾ ਸਕਦੇ ਸਨ। ਕਾਨੂੰਨ ਦਾ ਥੋੜ੍ਹਾ ਜਿਹਾ ਵੀ ਉਲੰਘਣਾ ਕਰਨ 'ਤੇ 24 ਘੰਟੇ ਦਾ ਨੋਟਿਸ ਦੇ ਕੇ ਅਖੌਤੀ ਅਪਰਾਧੀ ਦੀ ਜ਼ਮੀਨ ਜ਼ਬਤ ਕੀਤੀ ਜਾ ਸਕਦੀ ਸੀ। ਕਿਹਾ ਜਾਂਦਾ ਹੈ ਕਿ ਐਸਾ ਕਾਨੂੰਨ ਬਣਾ ਕੇ ਸਰਕਾਰ ਚਾਹੁੰਦੀ ਸੀ ਕਿ ਥੋੜ੍ਹੇ ਜਿਹੇ ਵਿਦੇਸ਼ੀਆਂ ਨੂੰ ਕੁੱਲ ਜ਼ਮੀਨ ਦਾ ਮਾਲਕ ਬਣਾ ਦਿੱਤਾ ਜਾਵੇ ਤੇ ਜ਼ਮੀਨ ਦੇ ਹਿੰਦੋਸਤਾਨੀ ਕਾਸ਼ਤਕਾਰ ਉਹਨਾਂ ਦੇ ਰਹਿਮ 'ਤੇ ਰਹਿਣ। ਇਸ ਤੋਂ ਇਲਾਵਾ ਸਰਕਾਰ ਇਹ ਵੀ ਚਾਹੁੰਦੀ ਸੀ ਕਿ ਦੂਸਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਵੱਡੇ-ਵੱਡੇ ਜ਼ਿਮੀਦਾਰ ਹੋਣ ਅਤੇ ਬਾਕੀ ਬਹੁਤ ਗਰੀਬ ਕਾਸ਼ਤਕਾਰ ਹੋਣ। ਇਸ ਪ੍ਰਕਾਰ ਜਨਤਾ ਦੋ ਵਰਗਾਂ ਵਿਚ ਵੰਡੀ ਜਾਵੇ। ਮਾਲਦਾਰ ਕਦੀ ਵੀ ਕਿਸੇ ਵੀ ਹਾਲਤ ਵਿਚ ਸਰਕਾਰ ਵਿਰੋਧੀਆਂ ਦਾ ਸਾਥ ਦੇਣ ਦਾ ਹੌਸਲਾ ਨਹੀਂ ਕਰ ਸਕਣਗੇ ਅਤੇ ਗਰੀਬ ਕਾਸ਼ਤਕਾਰਾਂ ਨੂੰ ਜੋ ਦਿਨ ਰਾਤ ਮਿਹਨਤ ਕਰਕੇ ਵੀ ਪੇਟ ਨਹੀਂ ਭਰ ਸਕਣਗੇ, ਇਸ ਦਾ ਮੌਕਾ ਨਹੀਂ ਮਿਲੇਗਾ। ਇਸ ਪ੍ਰਕਾਰ ਸਰਕਾਰ ਖੁੱਲ੍ਹੇ ਹੱਥੀਂ ਜੋ ਚਾਹੇਗੀ ਕਰੇਗੀ।

## ਅਸ਼ਾਂਤੀ ਦੇ ਬੀਜ

ਉਹਨੀਂ ਦਿਨੀਂ ਯੂ.ਪੀ. ਅਤੇ ਬਿਹਾਰ ਵਰਗੇ ਸੂਬਿਆਂ ਵਿਚ ਕਿਸਾਨਾਂ ਦੀ ਹਾਲਤ ਐਸੀ ਸੀ। ਪਰ ਪੰਜਾਬ ਦੇ ਲੋਕ ਜਲਦੀ ਹੀ ਸੰਭਲ ਗਏ। ਸਰਕਾਰ ਦੀ ਇਸ ਚਾਲ ਵਿਰੁਧ ਉਹਨਾਂ ਜ਼ਬਰਦਸਤ ਅੰਦੋਲਨ ਸ਼ੁਰੂ ਕਰ ਦਿੱਤਾ। ਰਾਵਲਪਿੰਡੀ ਵੱਲ ਵੀ ਇਹਨੀਂ ਦਿਨੀਂ ਨਵਾਂ ਬੰਦੋਬਸਤ ਖਤਮ ਹੋਇਆ ਸੀ ਅਤੇ ਲਗਾਨ ਵਧਾਇਆ ਗਿਆ ਸੀ। ਇਸ ਪ੍ਰਕਾਰ ਸੰਨ 1907 ਦੇ ਸ਼ੁਰੂ



Sri Satguru Jagjit Singh Ji Elibrary NamdhariElibrary@gmail.com

ਵਿਚ ਹੀ ਅਸ਼ਾਂਤੀ ਦੇ ਕੁਝ ਕਾਰਨ ਹਾਜ਼ਰ ਸਨ। ਇਸ ਸਾਲ ਦੇ ਸ਼ੁਰੂ ਵਿਚ ਹੀ ਪੰਜਾਬ ਦੇ ਗਵਰਨਰ ਸਰ ਐਬਿਟਸਨ ਨੇ ਕਿਹਾ ਵੀ ਸੀ ਕਿ ਇਸ ਸਮੇਂ ਭਾਵੇਂ ਪ੍ਰਗਟ ਰੂਪ ਵਿਚ ਤਾਂ ਸ਼ਾਂਤੀ ਹੈ ਪਰ ਜਨਤਾ ਦੇ ਦਿਲ ਵਿਚ ਅੰਸਤੋਸ਼ ਪੈਦਾ ਹੁੰਦਾ ਜਾ ਰਿਹਾ ਹੈ।

ਇਹਨੀਂ ਦਿਨੀਂ ਦੇਸ਼ ਭਰ ਵਿਚ ਇਕ ਖਾਮੋਸ਼ੀ ਛਾਈ ਹੋਈ ਸੀ। 'ਠਹਿਰੋ ਤੇ ਦੇਖੋ' ਦੀ ਹਾਲਤ ਵਿਚ ਜਨਤਾ ਸੀ। ਇਹ ਖਾਮੋਸ਼ੀ ਤੂਫਾਨ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਸੀ। ਬੇਚੈਨੀ ਪੈਦਾ ਹੋਣ ਦੇ ਕਾਰਨ ਹਾਜ਼ਰ ਸਨ। ਖ਼ਾਸ ਕਰਕੇ ਪੰਜਾਬ ਵਿਚ ਤਾਂ ਐਸੀ ਹਾਲਤ ਸੀ ਕਿ ਅਸ਼ਾਂਤੀ ਦਾ ਪੈਦਾ ਹੋ ਜਾਣਾ ਬਿਲਕੁਲ ਉਚਿਤ ਅਤੇ ਜ਼ਰੂਰੀ ਹੀ ਸੀ।

## 1906 ਦਾ ਕਾਂਗਰਸ ਇਜਲਾਸ

1906 ਵਿਚ ਕਾਂਗਰਸ ਦਾ ਸਾਲਾਨਾ ਅਜਲਾਸ ਕਲਕੱਤੇ ਵਿਚ ਹੋਇਆ। ਦਾਦਾ ਭਾਈ ਨਾਰੋਜੀ ਇਸ ਦੇ ਪ੍ਰਧਾਨ ਸਨ। ਇਸ ਅਜਲਾਸ ਵਿਚ ਉਹਨਾਂ ਨੇ ਸਭ ਤੋਂ ਪਹਿਲਾਂ ਆਪਣੇ ਭਾਸ਼ਨ ਵਿਚ 'ਸਵਰਾਜ' ਸ਼ਬਦ ਦੀ ਵਰਤੋਂ ਕੀਤੀ। ਬ੍ਰਿਟਿਸ਼ ਪਾਰਲੀਮੈਂਟ ਦੇ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਖ਼ੁਦ ਦਾਦਾ ਭਾਈ ਨੇ ਕਿਹਾ ਸੀ ਕਿ ਜੇ ਅਸੀਂ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਅੰਦਰ ਤਾਕਤ ਪੈਦਾ ਕਰਨੀ ਹੋਵੇਗੀ। ਸਾਨੂੰ ਆਪਣੇ ਭਾਰ ਹੀ ਖੜ੍ਹਾ ਹੋਣਾ ਪਵੇਗਾ। ਪੱਥਰਾਂ ਵਾਂਗ ਗੱਡੀ ਨਜ਼ਰ ਨਾਲ ਵੇਖਦੇ ਰਹਿਣ ਨਾਲ ਹੀ ਕੰਮ ਨਹੀਂ ਚੱਲੇਗਾ।

## ਲਾਲਾ ਲਾਜਪਤ ਰਾਏ

ਠੀਕ ਇਹੀ ਗੱਲ ਇਕ ਸਾਲ ਪਹਿਲਾਂ ਬਨਾਰਸ ਦੇ ਕਾਂਗਰਸ ਅਜਲਾਸ ਵਿਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੇ ਕਹੀ ਸੀ। ਲਾਲਾ ਜੀ ਕਾਂਗਰਸ ਦੇ ਪ੍ਰਧਾਨ ਸਵਰਗੀ ਗੋਖਲੇ ਦੇ ਨਾਲ ਇਕ ਡੈਪੂਟੇਸ਼ਨ ਵਿਚ ਇੰਗਲੈਂਡ ਭੇਜੇ ਗਏ ਸਨ। ਉਥੋਂ ਵਾਪਸ ਆ ਕੇ ਉਹਨਾਂ ਇਕ ਬਹੁਤ ਹੀ ਗਰਮ ਭਾਸ਼ਨ ਦਿੱਤਾ ਸੀ।

## ਲੋਕਮਾਨਿਆਂ ਤਿਲਕ

1906 ਦੇ ਕਾਂਗਰਸ ਅਜਲਾਸ ਵਿਚ ਲੋਕਮਾਨਿਆਂ ਤਿਲਕ ਦਾ ਬੋਲ ਬਾਲਾ ਸੀ। ਨੌਜਵਾਨ ਧੜਾ ਉਨ੍ਹਾਂ ਦੀਆਂ ਖਰੀਆਂ ਤੇ ਸਪੱਸ਼ਟ ਗੱਲਾਂ ਕਾਰਨ ਉਨ੍ਹਾਂ ਦਾ ਭਗਤ ਬਣ ਗਿਆ ਸੀ। ਉਨ੍ਹਾਂ ਦੀ ਨਿੱਡਰਤਾ ਕੁਝ ਕਰ ਗੁਜ਼ਰਨ ਦੀ ਭਾਵਨਾ ਅਤੇ ਵੱਡੇ ਤੋਂ ਵੱਡੇ ਕਸ਼ਟ ਸਹਿਣ ਲਈ ਹਮੇਸ਼ਾ ਤਿਆਰ ਰਹਿਣ ਦੇ ਕਾਰਨ ਨੌਜਵਾਨ ਉਹਨਾਂ ਵੱਲ ਖਿੱਚੇ ਆ ਰਹੇ ਸਨ। ਕਾਂਗਰਸ ਅਜਲਾਸ ਤੋਂ ਇਲਾਵਾ ਕਾਂਗਰਸ ਦੇ ਪੰਡਾਲ ਤੋਂ ਬਾਹਰ ਵੀ ਲੋਕਮਾਨਿਆਂ ਨੇ ਅਨੇਕਾਂ ਭਾਸ਼ਨ ਇਸ ਮੌਕੇ 'ਤੇ ਹੋਏ ਸਨ।

## ਸ. ਕਿਸ਼ਨ ਸਿੰਘ ਅਤੇ ਸ. ਅਜੀਤ ਸਿੰਘ

ਜੋ ਨੌਜਵਾਨ ਲੋਕਮਾਨਿਆਂ ਵੱਲ ਖ਼ਾਸ ਤੌਰ 'ਤੇ ਖਿੱਚੇ ਗਏ ਸਨ, ਉਨ੍ਹਾਂ ਵਿਚ ਕੁਝ ਪੰਜਾਬੀ ਨੌਜਵਾਨ ਵੀ ਸਨ। ਅਜਿਹੇ ਦੋ ਪੰਜਾਬੀ ਨੌਜਵਾਨ ਇਸ ਮੌਕੇ 'ਤੇ ਲੋਕਮਾਨਿਆਂ ਨੂੰ ਮਿਲੇ ਜਿਨ੍ਹਾਂ ਦਾ ਉਤਸ਼ਾਹ ਅਤੇ ਹੌਸਲਾ ਵੇਖ ਕੇ ਲੋਕਮਾਨਿਆਂ ਨੂੰ ਬਹੁਤ ਖ਼ੁਸ਼ੀ ਹੋਈ ਅਤੇ ਪੰਜਾਬ ਵਿਚ ਰਾਜਨੀਤਿਕ ਅੰਦੋਲਨ ਨੂੰ ਤਾਕਤਵਰ ਬਣਾਉਣ ਦੀ ਸਲਾਹ ਦੇ ਕੇ ਲੋਕਮਾਨਿਆਂ ਨੇ ਉਹਨਾਂ ਦੋਹਾਂ ਨੌਜਵਾਨਾਂ ਨੂੰ ਵਿਦਾ ਕਰ ਦਿੱਤਾ। ਇਹ ਦੋਵੇਂ ਨੌਜਵਾਨ ਮੇਰੇ ਪੂਜਨੀਕ ਪਿਤਾ ਸ. ਕਿਸ਼ਨ ਸਿੰਘ ਅਤੇ ਮੇਰੇ ਆਦਰਯੋਗ ਚਾਚਾ ਸ. ਅਜੀਤ ਸਿੰਘ ਜੀ ਸਨ।



Sri Satguru Jagjit Singh Ji Elibrary NamdhariElibrary@gmail.com

## 'ਭਾਰਤ ਮਾਤਾ' ਅਖ਼ਬਾਰ ਅਤੇ ਮਹਿਤਾ ਨੰਦ ਕਿਸ਼ੋਰ

ਸ. ਕਿਸ਼ਨ ਸਿੰਘ ਅਤੇ ਸ. ਅਜੀਤ ਸਿੰਘ ਨੇ ਵਾਪਸ ਲਾਹੌਰ ਆ ਕੇ 'ਭਾਰਤ ਮਾਤਾ' ਨਾਂ ਦਾ ਇਕ ਮਾਸਕ ਪੱਤਰ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਾਨਯੋਗ ਮਹਿਤਾ ਨੰਦ ਕਿਸ਼ੋਰ ਨੂੰ ਨਾਲ ਲੈ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹਨਾਂ ਕਲ ਨਾ ਧਨ ਸੀ ਅਤੇ ਨਾ ਹੀ ਧਨੀ ਵਰਗ ਨਾਲ ਕੋਈ ਸਬੰਧ ਹੀ ਸੀ। ਕਿਸੇ ਫਿਰਕੇ ਦੇ ਨੇਤਾ ਜਾਂ ਮਹੰਤ ਵੀ ਨਹੀਂ ਸਨ। ਸੋ ਪ੍ਰਚਾਰ ਦੇ ਕੰਮ ਲਈ ਜ਼ਰੂਰੀ ਸਭ ਸਾਧਨ ਖ਼ੁਦ ਹੀ ਇਕੱਠੇ ਕਰਨੇ ਪੈਂਦੇ। ਇਕ ਦਿਨ ਘੰਟੀ ਵਜਾ ਕੇ ਬਾਜ਼ਾਰ ਵਿਚ ਕੁਝ ਲੋਕਾਂ ਨੂੰ ਇਕੱਠਾ ਕਰ ਲਿਆ ਅਤੇ ਇਸ ਵਿਸ਼ੇ ਤੇ ਭਾਸ਼ਨ ਦੇਣ ਲੱਗੇ ਕਿ ਵਿਦੇਸ਼ੀਆਂ ਨੇ ਭਾਰਤੀ ਉਦਯੋਗ ਅਤੇ ਵਪਾਰ ਨੂੰ ਕਿਸ ਪ੍ਰਕਾਰ ਤਬਾਹ ਕੀਤਾ ਹੈ। ਉਥੇ ਇਹ ਵੀ ਐਲਾਨ ਕਰ ਦਿੱਤਾ ਕਿ ਆਉਂਦੇ ਐਤਵਾਰ ਨੂੰ ਇਕ ਮਹੱਤਵਪੂਰਨ ਸਭਾ "ਭਾਰਤ ਮਾਤਾ" ਦੇ ਦਫ਼ਤਰ ਦੇ ਕੋਲ, ਜੋ ਲਾਹੌਰੀ ਅਤੇ ਸ਼ਾਲਾਮਾਰੀ ਦਰਵਾਜ਼ੇ ਦੇ ਵਿਚਕਾਰ ਸਥਿਤ ਹੈ, ਹੋਵੇਗੀ। ਪਹਿਲੀ ਸਭਾ ਪਾਪੜ ਮੰਡੀ ਵਿਚ, ਦੂਜੀ ਲਾਹੌਰੀ ਮੰਡੀ ਵਿਚ ਹੋਈ। ਤੀਸਰੀ ਸਭਾ ਵਿਚ ਭਾਸ਼ਨਾਂ ਤੋਂ ਪਹਿਲਾਂ ਇਕ ਪੰਜਾਬੀ ਨੌਜਵਾਨਾਂ ਨੇ ਬੜੇ ਹੀ ਇਕ ਟੁੰਬਵੇਂ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨਾਲ ਭਰੀ ਹੋਈ ਨਜ਼ਮ ਪੜ੍ਹੀ ਜਿਸ ਦੀ, ਸਰੋਤਿਆਂ ਨੇ ਬਹੁਤ ਹੀ ਪ੍ਰਸ਼ੰਸਾ ਕੀਤੀ। ਹੁਣ ਇਹ ਨੌਜਵਾਨ ਵੀ ਇਸੇ ਦਲ ਵਿਚ ਸ਼ਾਮਲ ਹੋ ਗਏ। ਇਹ ਨੌਜਵਾਨ ਪੰਜਾਬ ਦੇ ਪ੍ਰਸਿੱਧ ਰਾਸ਼ਟਰ ਕਵੀ ਲਾਲਾ ਲਾਲ ਚੰਦ 'ਫ਼ਲਕ' ਸਨ ਜੋ ਅੱਜ ਤਕ ਆਪਣੀਆਂ ਉਤਸ਼ਾਹਪੂਰਨ ਕਵਿਤਾਵਾਂ ਨਾਲ ਦੇਸ਼ ਨੂੰ ਜਗਾਉਂਦੇ ਰਹੇ ਹਨ। ਇਸੇ ਹਫ਼ਤੇ ਲਾਲਾ ਪਿੰਡੀ ਦਾਸ ਜੀ ਅਤੇ ਡਾਕਟਰ ਈਸ਼ਵਰੀ ਪ੍ਰਸਾਦ ਜੀ ਆਦਿ ਕੁਝ ਹੋਰ ਸੱਜਣ ਦੇ ਵੀ ਇਸ ਦਲ ਵਿਚ ਆਉਣ 'ਤੇ "ਅੰਜੂਮਨ ਮੁਹਿਬਨੇ ਵਤਨ" ਦੇ ਨਾਂ ਦੀ ਇਕ ਸੰਸਥਾ ਬਣਾਈ ਗਈ ਜੋ ਬਾਦ ਵਿਚ 'ਭਾਰਤ ਮਾਤਾ ਸੁਸਾਇਟੀ' ਦੇ ਨਾਂ ਨਾਲ ਪ੍ਰਸਿੱਧ ਹੋਈ।

ਆਉਂਦੇ ਸਨਿਚਰਵਾਰ ਫਿਰ ਇਕ ਆਮ ਸਭਾ ਹੋਣ ਵਾਲੀ ਸੀ। ਉਸੇ ਦਿਨ ਲਾਹੌਰ ਵਿਚ ਸ਼੍ਰੀਮਤੀ ਐਨੀ ਬੀਸੰਟ ਦੇ ਭਾਸ਼ਨ ਦਾ ਵੀ ਪ੍ਰਬੰਧ ਸੀ। ਕੁਝ ਮਿੱਤਰਾਂ ਨੇ ਸਲਾਹ ਦਿੱਤੀ ਕਿ ਇਸ ਮੌਕੇ 'ਤੇ "ਭਾਰਤ ਮਾਤਾ ਸੋਸਾਇਟੀ" ਭੰਗ ਕਰ ਦਿੱਤੀ ਜਾਵੇ। ਪਰ ਇਸ ਸਲਾਹ ਨੂੰ ਸਵੀਕਾਰ ਨਾ ਕੀਤਾ ਗਿਆ ਅਤੇ ਨਾ ਹੀ ਆਪਣੀ ਸਭਾ ਨੂੰ ਹੀ ਮੁਲਤਵੀ ਕਰਨਾ ਮੁਨਾਸਬ ਸਮਝਿਆ ਗਿਆ। ਆਖ਼ਰ ਸਭਾ ਹੋਈ ਤਾਂ ਹਾਜ਼ਰੀ ਕਾਫੀ ਸੀ। ਇਸ ਸਭਾ ਵਿਚ ਇਹ ਐਲਾਨ ਕਰ ਦਿੱਤਾ ਗਿਆ ਕਿ ਹਰ ਐਤਵਾਰ ਨੂੰ ਸਭਾ ਹੋਇਆ ਕਰੇਗੀ ਅਤੇ ਇਸ ਸੰਸਥਾ ਦੇ ਪ੍ਰਧਾਨ ਸ. ਅਜੀਤ ਸਿੰਘ ਅਤੇ ਸੈਕਟਰੀ ਮਹਿਤਾ ਨੰਦ ਕਿਸ਼ੋਰ ਚੁਣੇ ਗਏ।

## ਜੱਟਾਂ ਦੀ ਸਭਾ

ਇਕ ਦੋ ਮਹੀਨੇ ਇਸੇ ਤਰ੍ਹਾਂ ਪ੍ਰਚਾਰ ਹੁੰਦਾ ਰਿਹਾ। ਇਕ ਦਿਨ ਲਾਹੌਰ ਅਤੇ ਅੰਮ੍ਰਿਤਸਰ ਖੇਤਰ ਦੇ ਜੱਟ ਕਾਸ਼ਤਕਾਰਾਂ ਨੇ ਲਗਾਨ ਵਧਾਉਣ ਦੇ ਵਿਰੁਧ ਇਕ ਸਭਾ ਕਰਨ ਦਾ ਫ਼ੈਸਲਾ ਕੀਤਾ। ਅਜਮੇਰੀ ਦਰਵਾਜ਼ੇ ਦੇ ਬਾਹਰ ਰਤਨ ਚੰਦ ਦੀ ਸਰਾਂ ਵਿਚ ਸਭਾ ਆਯੋਜਤ ਕੀਤੀ ਗਈ ਸੀ, ਪਰ ਜਦ ਜੱਟ ਇਕੱਠੇ ਹੋ ਗਏ ਤਾਂ ਡੀ.ਸੀ. ਨੇ ਰਤਨ ਚੰਦ ਦੇ ਲੜਕੇ ਨੂੰ ਬੁਲਾ ਕੇ ਜਾਇਦਾਦ ਜ਼ਬਤ ਕਰ ਲੈਣ ਦੀ ਧਮਕੀ ਦਿੱਤੀ। ਇਸ ਤਰ੍ਹਾਂ ਰਤਨ ਚੰਦ ਦੇ ਲੜਕੇ ਨੇ ਉਥੇ ਇਕੱਠੇ ਹੋਏ ਕਿਸਾਨਾਂ ਨੂੰ ਆਪਣੀ ਸਰਾਂ ਤੋਂ ਬਾਹਰ ਕੱਢ ਦਿੱਤਾ। ਤਦ ਕਿਸਾਨਾਂ ਨੇ ਸ਼ਹਿਰ ਦੇ ਨੇਤਾ ਮੰਨੇ ਜਾਣ ਵਾਲੇ ਸੱਜਣਾਂ ਨਾਲ ਸਬੰਧ ਸਥਾਪਤ ਕੀਤਾ। ਪਰ ਉਥੋਂ ਵੀ ਉਨ੍ਹਾਂ ਨੂੰ ਸਾਫ਼ ਜਵਾਬ ਮਿਲ ਗਿਆ। ਹਰ ਤਰਫ਼ ਤੋਂ ਮਯੂਸ ਹੋ ਕੇ ਵਿਚਾਰੇ ਕਮੇਟੀ ਬਾਗ਼ ਵਿਚ ਜਾ ਬੈਠੇ। ਇਨੇ ਵਿਚ ਭਾਰਤ ਮਾਤਾ ਸੁਸਾਇਟੀ ਦੇ ਮੈਂਬਰਾਂ ਨੂੰ ਇਸ ਦੀ ਸੂਚਨਾ ਮਿਲੀ ਅਤੇ ਇਨ੍ਹਾਂ ਲੋਕਾਂ ਨੂੰ ਆਪਣੀ ਥਾਂ ਤੇ ਲੈ ਗਏ। ਸੁਸਾਇਟੀ ਕੋਲ ਇਕ ਕਮਰੇ ਤੋਂ ਬਿਨਾਂ ਇਕ ਖੁੱਲ੍ਹਾ ਮੈਦਾਨ ਵੀ ਸੀ। ਇਸ ਮੈਦਾਨ



Sri Satguru Jagjit Singh Ji Elibrary NamdhariElibrary@gmail.com

ਵਿਚ ਦਰੀਆਂ ਵਿਛਾ ਕੇ ਸ਼ਮਿਆਨਾ ਲਗਵਾ ਦਿੱਤਾ ਗਿਆ ਅਤੇ ਇਕ ਪਾਸੇ ਉਨ੍ਹਾਂ ਕਿਸਾਨਾਂ ਦੇ ਭੋਜਨ ਲਈ ਲੰਗਰ ਦਾ ਪ੍ਰਬੰਧ ਕਰ ਦਿੱਤਾ ਗਿਆ। ਕਿਸਾਨਾਂ ਦਾ ਉਤਸ਼ਾਹ ਇਸ ਨਾਲ ਵਧ ਗਿਆ ਅਤੇ ਫਿਰ ਪੂਰਾ ਇਕ ਹਫ਼ਤਾ ਉਥੇ ਹਰ ਰੋਜ਼ ਸਭਾਵਾਂ ਹੋਈਆਂ ਜਿਨ੍ਹਾਂ ਵਿਚ ਨਿਡਰ ਭਾਸ਼ਨ ਦਿੱਤੇ ਗਏ। ਇਸ ਸਭਾ ਵਿਚ ਆਮ ਕਿਸਾਨਾਂ ਦਾ ਉਤਸ਼ਾਹ ਵੇਖ ਕੇ ਭਾਰਤ ਮਾਤਾ ਸੁਸਾਇਟੀ ਦੇ ਮੈਂਬਰਾਂ ਦੇ ਹੌਸਲੇ ਹੋਰ ਵੀ ਵਧ ਗਏ।

ਇਸ ਤੋਂ ਬਾਅਦ ਪਿੰਡਾਂ ਦੇ ਦੌਰਿਆਂ ਦਾ ਪ੍ਰੋਗਰਾਮ ਬਣਾਇਆ ਗਿਆ, ਜਿਸ ਨਾਲ ਕਿਸਾਨਾਂ ਨੂੰ ਲਗਾਨ-ਬੰਦੀ ਲਈ ਤਿਆਰ ਕੀਤਾ ਜਾ ਸਕੇ। ਇਹ ਸਰਕਾਰ ਦੇ ਵਿਰੁੱਧ ਯੁੱਧ ਦਾ ਐਲਾਨ ਸੀ ਅਤੇ ਜਨਤਾ ਵਿਚ ਜੋਸ਼ ਏਨਾ ਸੀ ਕਿ ਇਸ ਸੰਘਰਸ਼ ਵਿਚ ਉਹ ਆਪਣਾ ਸਭ ਕੁਝ ਦਾਅ 'ਤੇ ਲਗਾ ਦੇਣ ਲਈ ਹਮੇਸ਼ਾ ਤਿਆਰ ਸੀ।

## ਸੂਫ਼ੀ ਅੰਬਾ ਪ੍ਰਸ਼ਾਦ

ਠੀਕ ਇਹਨੀਂ ਦਿਨੀਂ ਹੀ 'ਭਾਰਤ ਮਾਤਾ ਸੁਸਾਇਟੀ' ਵਿਚ ਇਕ ਉੱਚ ਕੋਟੀ ਦੇ ਦੇਸ਼ ਭਗਤ, ਰਾਜਨੀਤਿਕ ਅਤੇ ਲੇਖਕ ਸ਼ਾਮਲ ਹੋਏ। ਆਪ ਜੀ ਦਾ ਨਾਂ ਸੀ ਸੂਫ਼ੀ ਅੰਬਾ ਪ੍ਰਸ਼ਾਦ। ਸੂਫ਼ੀ ਜੀ ਦਾ ਜਨਮ ਸੰਨ 1858 ਵਿਚ ਮੁਰਾਦਾਬਾਦ ਵਿਚ ਹੋਇਆ ਸੀ, ਉਰਦੂ ਦੇ ਪ੍ਰਭਾਵਸ਼ਾਲੀ ਲੇਖਕ ਹਿੰਦੂ ਮੁਸਲਿਮ ਏਕਤਾ ਦੇ ਪਰਬਲ ਸਮਰਥਕ ਅਤੇ ਸੁਤੰਤਰਤਾ ਦੇ ਇਕ ਨਿਡਰ ਪੁਜਾਰੀ ਸਨ। ਆਪ ਨੇ ਇਕ ਹਫ਼ਤਾਵਾਰ ਅਖ਼ਬਾਰ ਕੱਢਿਆ। ਇਸ ਤੋਂ ਇਕ ਸਾਲ ਬਾਦ ਹੀ ਰਾਜ ਵਿਦਰੋਹ ਦੇ ਅਪਰਾਧ ਵਿਚ ਸਵਾ ਦੋ ਸਾਲ ਦੀ ਕੈਦ ਦੀ ਸਜ਼ਾ ਮਿਲੀ। ਇਹ ਸਜ਼ਾ ਕੱਟ ਕੇ ਆਏ ਤਾਂ ਇਸ ਦੇ ਬਾਦ ਸਾਲ ਭਰ ਅੰਦਰੋ ਅੰਦਰ ਆਪ ਦੇ ਖ਼ਿਲਾਫ਼ ਦੂਜਾ ਮੁਕੱਦਮਾ ਖੜ੍ਹਾ ਕਰ ਦਿੱਤਾ ਗਿਆ ਅਤੇ ਇਸ ਵਾਰ ਆਪ ਜੀ ਨੂੰ 6 ਸਾਲ ਦੀ ਕੈਦ ਦੀ ਸਜ਼ਾ ਮਿਲੀ। ਉਹਨੀਂ ਦਿਨੀਂ ਰਾਜ ਵਿਦਰੋਹ ਵਿਚ ਸਜ਼ਾ ਪਾਏ ਹੋਏ ਕੈਦੀਆਂ ਨੂੰ ਬਹੁਤ ਖ਼ਤਰਨਾਕ ਸਮਝਿਆ ਜਾਂਦਾ ਸੀ ਅਤੇ ਉਹਨਾਂ ਨਾਲ ਜੇਲ੍ਹ ਵਿਚ ਵਰਤਾਓ ਵੀ ਬਹੁਤ ਬੁਰਾ ਹੁੰਦਾ ਸੀ। 1906 ਵਿਚ ਆਪ ਜੇਲ੍ਹ ਵਿਚੋਂ ਰਿਹਾਅ ਹੋਏ ਅਤੇ ਪੰਜਾਬ ਵਿਚ ਇਹ ਰਾਜਨੀਤਿਕ ਜਾਗਰਤੀ ਵੇਖ ਕੇ ਪੰਜਾਬ ਚਲੇ ਆਏ। ਏਥੇ ਆ ਕੇ ਆਪ "ਹਿੰਦੋਸਤਾਨ" ਸਪਤਾਹਿਕ ਦੇ ਸਹਾਇਕ ਸੰਪਾਦਕ ਬਣਾਏ ਗਏ। ਗਰਮਾਂ ਗਰਮ ਲੇਖਾਂ ਅਤੇ ਸੰਪਾਦਕੀਆਂ ਵਿਚ ਆਪ ਜੀ ਦਾ ਨਾਂ ਦਿੱਤਾ ਜਾਣ ਤੇ ਅਖ਼ਬਾਰ ਦੇ ਮਾਲਕਾਂ ਨੂੰ ਬੜੀ ਘਬਰਾਹਟ ਰਹਿੰਦੀ ਸੀ। ਇਸ 'ਤੇ ਆਪ ਜੀ ਨੂੰ ਉਸ ਅਖ਼ਬਾਰ ਵਿਚੋਂ ਅਸਤੀਫ਼ਾ ਦੇਣਾ ਪਿਆ। ਸਭ ਤੋਂ ਪਹਿਲਾਂ ਆਪ ਜੱਟਾਂ ਦੀ ਸਭਾ ਵਿਚ ਆਏ ਸਨ ਅਤੇ ਫਿਰ ਉਥੇ ਹੀ ਰਹਿ ਗਏ। ਬਾਅਦ ਵਿਚ ਸ. ਅਜੀਤ ਸਿੰਘ ਜੀ ਨਾਲ ਆਪ ਜੀ ਦੀ ਐਸੀ ਡੂੰਘੀ ਮਿੱਤਰਤਾ ਹੋ ਗਈ ਕਿ ਇਕ ਦੂਜੇ ਤੋਂ ਅਲੱਗ ਹੋਣਾ ਲਗਪਗ ਅਸੰਭਵ ਹੋ ਗਿਆ।

ਇਹਨੀਂ ਦਿਨੀਂ ਹੀ ਲਾਇਲਪੁਰ ਵਿਚ ਇਕ ਬਹੁਤ ਵੱਡਾ ਮੇਲਾ ਹੋਣ ਵਾਲਾ ਸੀ। ਇਹ ਮੇਲਾ "ਪਸ਼ੂ ਮੰਡੀ" ਦੇ ਨਾਂ ਨਾਲ ਪ੍ਰਸਿੱਧ ਸੀ। ਇਸ ਮੇਲੇ ਵਿਚ ਹਜ਼ਾਰਾਂ ਲੋਕੀਂ ਪਸ਼ੂ ਖ਼ਰੀਦਣ ਅਤੇ ਵੇਚਣ ਲਈ ਇਕੱਠੇ ਹੁੰਦੇ ਸਨ। ਇਸ ਸਾਲ ਰੋਜ਼ਾਨਾ "ਜ਼ਿਮੀਂਦਾਰ" ਦੇ ਮਾਲਕ ਮੀਆਂ ਸਿਰਾਜੁਦੀਨ ਅਤੇ ਇਕ ਦੋ ਹੋਰ ਸੱਜਣਾਂ ਨੇ ਇਸ ਮੌਕੇ 'ਤੇ ਇਕ ਸਭਾ ਕਰਨ ਦਾ ਨਿਸ਼ਚਾ ਕੀਤਾ। ਇਸ ਵਿਚ ਨਵੇਂ ਕਲੋਨੀ ਐਕਟ ਵਿਰੁੱਧ ਮਤੇ ਪਾਸ ਕਰਨੇ ਸਨ। ਇਸ ਸਭਾ ਵਿਚ ਭਾਸ਼ਣ ਦੇਣ ਲਈ ਲਾਲਾ ਜੀ ਨੂੰ ਖ਼ਾਸ ਰੂਪ ਵਿਚ ਬੁਲਾਇਆ ਗਿਆ ਸੀ। 'ਭਾਰਤ ਮਾਤਾ ਸੁਸਾਇਟੀ' ਦੇ ਮੈਂਬਰ ਗਰਮ ਦਲੀਏ ਸਨ, ਵਿਧਾਨਕ ਰੂਪ ਨਾਲ ਅੰਦੋਲਨ ਚਲਾਉਣ ਦਾ ਵਿਚਾਰ ਰੱਖਣ ਵਾਲੇ ਸੱਜਣ ਥੋੜ੍ਹਾ ਘਬਰਾ ਗਏ। 'ਭਾਰਤ ਮਾਤਾ ਸੁਸਾਇਟੀ' ਵੱਲੋਂ ਦੋ ਕਾਰਜ ਕਰਤਾ ਉਥੇ ਇਸ ਉਦੇਸ਼ ਲਈ ਭੇਜੇ ਗਏ ਕਿ ਉਹ ਉਥੇ ਪਹੁੰਚ ਕੇ ਆਪਣੇ ਅਨੁਕੂਲ ਹਾਲਤ ਬਣਾ ਲੈਣ ਜਿਸ ਨਾਲ ਸ. ਅਜੀਤ ਸਿੰਘ ਜੀ ਆਪਣੇ ਦੂਸਰੇ ਸਾਥੀਆਂ ਨਾਲ ਪਹੁੰਚ ਕੇ ਸਫ਼ਲਤਾ ਨਾਲ ਆਪਣਾ ਪ੍ਰਚਾਰ ਕਰ ਸਕਣ।



Sri Satguru Jagjit Singh Ji Elibrary NamdhariElibrary@gmail.com

ਜ਼ਿਮੀਂਦਾਰ ਸਭਾ ਵੱਲੋਂ ਜੋ ਪੰਡਾਲ ਲੱਗਾ ਸੀ ਉਸ ਵਿਚ ਹੀ ਇਕ ਦਿਨ ਭਾਸ਼ਣ ਦੇ ਕੇ 'ਭਾਰਤ ਮਾਤਾ ਸੁਸਾਇਟੀ' ਤੇ ਕਾਰਜ ਕਰਤਾ ਨੇ ਆਮ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕਰ ਲਿਆ। ਉਧਰ ਜਿਸ ਦਿਨ ਲਾਲਾ ਜੀ ਲਾਹੌਰ ਤੋਂ ਰਵਾਨਾ ਹੋਏ ਉਸੇ ਦਿਨ ਸ. ਅਜੀਤ ਸਿੰਘ ਨੇ ਵੀ ਉਥੋਂ ਲਈ ਚਾਲੇ ਪਾ ਦਿੱਤੇ। ਲਾਲਾ ਜੀ ਨੇ ਸਰਦਾਰ ਤੋਂ ਪੁੱਛਿਆ ਕਿ ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ? ਆਪਣੇ ਪ੍ਰੋਗਰਾਮ ਦੀ ਸੂਚਨਾ ਵੀ ਲਾਲਾ ਜੀ ਨੇ ਦਿੱਤੀ ਕਿ ਸਰਕਾਰ ਨੇ ਕਾਲੋਨੀ ਐਕਟ ਵਿਚ ਜੋ ਥੋੜ੍ਹਾ ਜਿਹਾ ਪ੍ਰੀਵਰਤਨ ਕਰ ਦਿੱਤਾ ਹੈ ਇਸ ਲਈ ਸਰਕਾਰ ਦਾ ਧੰਨਵਾਦ ਕਰਦੇ ਹੋਏ ਬਾਕੀ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕਰਾਂਗੇ।

ਸਰਦਾਰ ਜੀ ਨੇ ਉੱਤਰ ਵਿਚ ਕਿਹਾ ਸਾਡਾ ਪ੍ਰੋਗਰਾਮ ਤਾਂ ਇਹ ਹੈ ਕਿ ਜਨਤਾ ਨੂੰ ਲਗਾਨਬੰਦੀ ਲਈ ਤਿਆਰ ਕੀਤਾ ਜਾਵੇ। ਨਾਲ ਹੀ ਸਾਡੇ ਪ੍ਰੋਗਰਾਮ ਵਿਚ ਸਰਕਾਰ ਨੂੰ ਧੰਨਵਾਦ ਕਰਨ ਦੀ ਤਾਂ ਕੋਈ ਥਾਂ ਮਿਲ ਹੀ ਨਹੀਂ ਸਕਦੀ।

ਲਾਲਾ ਜੀ ਅਤੇ ਸ. ਅਜੀਤ ਲਾਇਲਪੁਰੀ ਪਹੁੰਚੇ। ਲਾਲਾ ਜੀ ਦਾ ਵਿਸ਼ਾਲ ਜਲੂਸ ਕੱਢਿਆ ਗਿਆ ਜਿਸ ਕਰਕੇ ਲਾਲਾ ਜੀ ਲਗਭਗ ਦੋ ਘੰਟੇ ਵਿਚ ਪੰਡਾਲ ਪੁੱਜੇ। ਸਾਡੇ ਲੋਕ ਅਜਿਹੇ ਵੀ ਹਨ ਜੋ ਜਲੂਸ ਵਿਚ ਸ਼ਾਮਲ ਨਾ ਹੋ ਕੇ ਸਿੱਧੇ ਪੰਡਾਲ ਵਿਚ ਹੀ ਪਹੁੰਚ ਗਏ ਸਨ ਅਤੇ ਉਥੇ ਭਾਸ਼ਣ ਸ਼ੁਰੂ ਹੋ ਗਏ ਸਨ। ਇਕ ਦੋ ਛੋਟੇ-ਛੋਟੇ ਭਾਸ਼ਣਾਂ ਬਾਅਦ ਸ. ਅਜੀਤ ਸਿੰਘ ਜੀ ਨੇ ਭਾਸ਼ਣ ਦਿੱਤਾ। ਆਪ ਬਹੁਤ ਹੀ ਪ੍ਰਭਾਵਸ਼ਾਲੀ ਬੁਲਾਰੇ ਹਨ। ਆਪ ਜੀ ਦੀ ਨਿਡਰ ਭਾਸ਼ਣ ਸ਼ੈਲੀ ਨੇ ਜਨਤਾ ਨੂੰ ਆਪਣਾ ਭਗਤ ਬਣਾ ਦਿੱਤਾ ਅਤੇ ਸਰੋਤੇ ਬੜੇ ਜੋਸ਼ ਵਿਚ ਆ ਚੁੱਕੇ ਸਨ।

ਲਾਇਲਪੁਰ ਦੇ ਡੀ.ਸੀ. ਵੀ ਇਥੇ ਹਾਜ਼ਰ ਸਨ। ਕਾਰਵਾਈ ਵੇਖ ਕੇ ਉਹਨਾਂ ਇਹ ਸਿੱਟਾ ਕੱਢਿਆ ਕਿ ਇਹ ਸਭਾ ਆਯੋਜਨਾ ਇਕ ਸਾਜ਼ਿਸ਼ ਸੀ। ਲਾਲਾ ਲਾਜਪਤ ਰਾਏ ਇਹ ਸਭ ਦੇ ਗੁਰੂ ਹਨ ਅਤੇ ਨੌਜਵਾਨ ਸ. ਅਜੀਤ ਸਿੰਘ ਜੀ ਉਨ੍ਹਾਂ ਦੇ ਚੇਲੇ ਹਨ। ਸਰਕਾਰ ਦਾ ਇਹ ਵਿਚਾਰ ਬਹੁਤ ਦਿਨਾਂ ਤਕ ਬਣਿਆ ਰਿਹਾ। ਹੋ ਸਕਦਾ ਹੈ ਲਾਲਾ ਜੀ ਅਤੇ ਸ. ਅਜੀਤ ਸਿੰਘ ਨੂੰ ਨਜ਼ਰਬੰਦ ਕਰਨ ਦਾ ਇਹੀ ਕਾਰਨ ਸੀ।

ਲਾਲਾ ਜੀ ਦੇ ਭਾਸ਼ਣ ਦੇ ਬਾਅਦ ਸ਼੍ਰੀ ਬਾਂਕੇ ਦਿਆਲ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਨਜ਼ਮ ਪੜ੍ਹੀ ਜੋ ਬਾਅਦ ਵਿਚ ਬਹੁਤ ਹੀ ਪ੍ਰਚਲਤ ਹੋ ਗਈ। ਇਹ ਨਜ਼ਮ 'ਪਗੜੀ ਸੰਭਾਲ ਉਏ ਜੱਟਾ' ਸੀ।

ਲਾਲਾ ਬਾਂਕੇ ਦਿਆਲ ਪੁਲਿਸ ਵਿਚ ਸਬ-ਇੰਸਪੈਕਟਰ ਸਨ ਅਤੇ ਸਰਕਾਰੀ ਨੌਕਰੀ ਛੱਡ ਕੇ ਇਸ ਅੰਦੋਲਨ ਵਿਚ ਸ਼ਾਮਲ ਹੋ ਗਏ ਸਨ। ਇਸ ਦਿਨ ਨਜ਼ਮ ਪੜ੍ਹ ਕੇ ਜਦ ਮੰਚ ਤੋਂ ਉਤਰੇ ਤਾਂ ਭਾਰਤ ਮਾਤਾ ਦਲ ਦੇ ਕਾਰਜ ਕਰਿੰਦਿਆਂ ਨੇ ਉਨ੍ਹਾਂ ਨੂੰ ਗਲ਼ ਨਾਲ ਲਾ ਲਿਆ।

ਲਾਹੌਰ ਵਿਚ ਹੋਏ ਦੰਗੇ ਦੇ ਬਾਅਦ, ਮਿਊਂਸਪਲ ਬੋਰਡ ਨੇ ਇਕ ਪ੍ਰਸਤਾਵ ਪਾਸ ਕੀਤਾ ਕਿ ਸ਼ਹਿਰ ਵਿਚ ਸਭ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਕਿਹਾ ਜਾਵੇ ਕਿ ਉਹ ਵਿਦਿਆਰਥੀਆਂ ਨੂੰ ਰਾਜਨੀਤਿਕ ਅੰਦੋਲਨਾਂ ਵਿਚ ਹਿੱਸਾ ਲੈਣ ਤੋਂ ਰੋਕਣ ਅਤੇ ਉਹਨਾਂ ਨੂੰ ਹੋਸਟਲਾਂ ਤੋਂ ਬਾਹਰ ਨਾ ਜਾਣ ਦੇਣ। ਜੋ ਵਿਦਿਆਰਥੀ ਉਨ੍ਹਾਂ ਦੀ ਆਗਿਆ ਦਾ ਪਾਲਣ ਨਾ ਕਰੇ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

ਇਸ ਪ੍ਰਸਤਾਵ ਦੇ ਸੰਬੰਧ ਵਿਚ ਲੋਕਮਾਨਿਆਂ ਤਿਲਕ ਨੇ ਆਪਣੇ ਮਰਾਠੀ ਪੱਤਰ "ਕੇਸਰੀ" ਵਿਚ ਇਕ ਜ਼ਬਰਦਸਤ ਲੇਖ ਲਿਖਿਆ ਸੀ। ਲੋਕਮਾਨਿਆਂ ਨੇ ਲਿਖਿਆ ਸੀ ਕਿ ਇਹਨਾਂ ਦੰਗਿਆਂ ਤੋਂ ਕਿਸ ਨੂੰ ਦੁਖ ਅਤੇ ਖੇਦ ਨਹੀਂ ਹੋਵੇਗਾ? ਕੌਣ ਚਾਹੁੰਦਾ ਹੈ ਕਿ ਨੌਜਵਾਨ ਥੋੜ੍ਹੇ ਹੌਸਲੇ ਤੋਂ ਕੰਮ ਨਾ ਲੈਣ? ਪਰ ਮਿਊਂਸੀਪਲ ਬੋਰਡ ਦੇ ਇਸ ਫ਼ੈਸਲੇ ਦਾ ਕੀ ਭਾਵ ਹੈ? 50 ਸਾਲ ਬਾਅਦ ਅੱਜ ਦੇਸ਼ ਦੇ ਨੌਜਵਾਨਾਂ ਵਿਚ ਥੋੜ੍ਹੀ ਜਿਹੀ ਜਾਗ੍ਰਿਤੀ ਨਜ਼ਰ ਆਈ ਹੈ। ਉਸ



Sri Satguru Jagjit Singh Ji Elibrary NamdhariElibrary@gmail.com

ਸਾਧਾਰਣ ਜਿਹੇ ਦੰਗੇ.ਦੇ ਕਾਰਨ ਨਸ਼ਟ ਕਰਨ ਦਾ ਪ੍ਰਸਤਾਵ ਕਿਉਂ ਕੀਤਾ ਜਾਵੇ? ਅੱਜ ਨੌਜਵਾਨਾਂ ਵਿਚ ਦੇਸ਼ ਭਗਤੀ ਦੀਆਂ ਭਾਵਨਾਵਾਂ ਉਮਡ ਰਹੀਆਂ ਹਨ ਅਤੇ ਉਹ ਸਵਧੀਨਤਾ-ਬੇਚੈਨ ਹਨ ਤਾਂ ਉਨ੍ਹਾਂ ਨੂੰ ਪ੍ਰੇਮ ਨਾਲ ਸਮਝਾਉਣਾ ਚਾਹੀਦਾ ਹੈ ਕਿ ਉਹ ਇਸ ਪ੍ਰਕਾਰ ਆਪਣੀ ਸ਼ਕਤੀ ਦਾ ਨਾਸ਼ ਨਾ ਕਰਨ।

ਜਨਤਾ ਜੋਸ਼ ਵਿਚ ਆ ਕੇ ਜਦ ਕੁਝ ਕਰ ਗੁਜ਼ਰਦੀ ਸੀ ਤਾਂ ਗਰਮ ਦਲ ਦੀ ਇਹ ਨੀਤੀ ਹੁੰਦੀ ਸੀ। ਗਰਮ ਦਲ ਦੇ ਨੇਤਾ ਜਾਣਦੇ ਸਨ ਕਿ ਜਦ ਜਨਤਾ ਵਿਚ ਜਾਗ੍ਰਿਤੀ ਹੁੰਦੀ ਹੈ ਤਾਂ ਉਸ ਦੇ ਨਾਲ ਜੋਸ਼ ਅਤੇ ਬੇਚੈਨੀ ਹੋਣਾ ਜ਼ਰੂਰੀ ਹੀ ਹੈ। ਉਹ ਇਹ ਵੀ ਜਾਣਦੇ ਸਨ ਕਿ ਫੂਕਾਂ ਮਾਰ ਮਾਰ ਕੇ ਪੈਰ ਰੱਖਣ ਵਾਲੇ ਭੱਦਰ ਪੁਰਸ਼ ਸੁਤੰਤਰਤਾ ਸੰਗਰਾਮ ਵਿਚ ਜ਼ਿਆਦਾ ਦੇਰ ਤਕ ਨਹੀਂ ਟਿਕ ਸਕਦੇ। ਰਾਸ਼ਟਰ ਦੇ ਨਿਰਮਾਤਾ ਤਾਂ ਨੌਜਵਾਨ ਹੀ ਹੋਇਆ ਕਰਦੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ :

"ਸੁਧਾਰ ਬੁੱਢੇ ਆਦਮੀ ਨਹੀਂ ਕਰ ਸਕਦੇ। ਉਹ ਤਾਂ ਬਹੁਤ ਬੁਧੀਮਾਨ ਅਤੇ ਸਮਝਦਾਰ ਹੁੰਦੇ ਹਨ। ਸੁਧਾਰ ਤਾਂ ਹੁੰਦੇ ਹਨ ਨੌਜਵਾਨਾਂ ਦੀ ਮਿਹਨਤ, ਹੌਸਲੇ, ਬਲੀਦਾਨ ਅਤੇ ਇਰਾਦੇ ਨਾਲ ਜਿਹਨਾਂ ਨੂੰ ਭੈ-ਭੀਤ ਹੋਣਾ ਆਉਂਦਾ ਹੀ ਨਹੀਂ ਹੈ ਤੇ ਜੋ ਵਿਚਾਰ ਘੱਟ ਅਤੇ ਅਨੁਭਵ ਜ਼ਿਆਦਾ ਕਰਦੇ ਹਨ।"

ਐਸਾ ਪ੍ਰਤੀਤ ਹੁੰਦਾ ਹੈ ਕਿ ਉਸ ਸਮੇਂ ਇਸ ਪ੍ਰਾਂਤ (ਪੰਜਾਬ) ਦੇ ਯੁਵਕ ਇਹਨਾਂ ਭਾਵਨਾਵਾਂ ਤੋਂ ਪ੍ਰਭਾਵਤ ਹੋ ਕੇ ਹੀ ਸੁਤੰਤਰਤਾ ਸੰਘਰਸ਼ ਵਿਚ ਕੁੱਦ ਪੈਂਦੇ ਸਨ। ਤਿੰਨ ਮਹੀਨੇ ਪਹਿਲਾਂ ਜਿੱਥੇ ਬਿਲਕੁਲ ਖਾਮੋਸ਼ੀ ਸੀ ਉਥੇ ਹੁਣ 'ਸਵਦੇਸ਼ੀ' ਅਤੇ 'ਸਵਰਾਜ' ਦਾ ਅੰਦੋਲਨ ਇੰਨਾ ਬਲਵਾਨ ਹੋ ਗਿਆ ਕਿ ਨੌਕਰਸ਼ਾਹੀ ਘਬਰਾ ਉੱਠੀ। ਉੱਧਰ ਲਾਇਲਪੁਰ ਆਦਿ ਜ਼ਿਲਿਆਂ ਵਿਚ ਨਵੇਂ ਕਾਲੋਨੀ ਐਕਟ ਦੇ ਵਿਰੁੱਧ ਅੰਦੋਲਨ ਚੱਲ ਰਿਹਾ ਸੀ। ਉਥੇ ਕਿਸਾਨਾਂ ਦੀ ਹਮਦਰਦੀ ਵਿਚ ਰੇਲਵੇ ਦੇ ਮਜ਼ਦੂਰਾਂ ਨੇ ਵੀ ਹੜਤਾਲ ਕੀਤੀ ਅਤੇ ਉਨ੍ਹਾਂ ਦੀ ਸਹਾਇਤਾ ਲਈ ਧਨ ਵੀ ਇਕੱਠਾ ਕੀਤਾ ਜਾਣ ਲੱਗਾ। ਇਸ ਦਾ ਸਿੱਟਾ ਇਹ ਹੋਇਆ ਕਿ ਅਪ੍ਰੈਲ ਦੇ ਅਖ਼ੀਰ ਤਕ ਪੰਜਾਬ ਸਰਕਾਰ ਘਬਰਾ ਗਈ। ਪੰਜਾਬ ਦੇ ਉਸ ਸਮੇਂ ਦੇ ਗਵਰਨਰ ਨੇ ਭਾਰਤ ਸਰਕਾਰ ਨੂੰ ਆਪਣੇ ਇਕ ਪੱਤਰ ਵਿਚ ਇਹ ਪੂਰੀ ਹਾਲਤ ਦੱਸਦੇ ਹੋਏ ਲਿਖਿਆ ਸੀ, ਸੂਬੇ ਦੇ ਉੱਤਰੀ ਜ਼ਿਲਿਆਂ ਵਿਚ ਸਿਰਫ਼ ਪੜ੍ਹੇ ਲਿਖੇ ਤਬਕੇ ਅਤੇ ਉਹਨਾਂ ਵਿਚ ਵੀ ਖਾਸ ਕਰਕੇ ਵਕੀਲ ਅਤੇ ਵਿਦਿਆਰਥੀ ਸਮਾਜ ਤਕ ਹੀ ਨਵੇਂ ਵਿਚਾਰ ਸੀਮਤ ਹਨ। ਪਰ "ਸੂਬੇ ਦੇ ਕੇਂਦਰ ਵਧਦੇ ਹੀ ਇਹ ਸਪਸ਼ਟ ਨਜ਼ਰ ਆਉਂਦਾ ਹੈ ਕਿ ਅੰਸਤੋਸ਼ ਅਤੇ ਅਸ਼ਾਂਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।" ਇਸੇ ਪੱਤਰ ਵਿਚ ਅੱਗੇ ਚੱਲ ਕੇ ਲਿਖਿਆ ਸੀ, "ਇਹਨਾਂ ਲੋਕਾਂ ਨੇ (ਅੰਦੋਲਨ ਦੇ ਨੇਤਾਵਾਂ ਨੇ) ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਵੀ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਫਿਰੋਜ਼ਪੁਰ ਵਿਚ ਉਨ੍ਹਾਂ ਨੂੰ ਖ਼ਾਸ ਰੂਪ ਵਿਚ ਸਫਲਤਾ ਮਿਲੀ ਹੈ। ਰਾਵਲਪਿੰਡੀ ਅਤੇ ਲਾਇਲਪੁਰ ਵੱਲ ਵੀ ਬੇਚੈਨੀ ਫੈਲਾਉਣ ਵਿਚ ਕਾਮਯਾਬ ਹੋ ਰਹੇ ਹਨ। ਲਾਹੌਰ ਦਾ ਤਾਂ ਕਹਿਣਾ ਹੀ ਕੀ ਹੈ।" ਪੱਤਰ ਦੇ ਅਖ਼ੀਰ ਵਿਚ ਕਿਹਾ ਗਿਆ ਹੈ, ਕੁਝ ਨੇਤਾ ਅੰਗਰੇਜ਼ ਨੂੰ ਦੇਸ਼ ਵਿਚੋਂ ਕੱਢ ਦੇਣ ਦੀਆਂ ਸਾਜ਼ਸ਼ਾਂ ਕਰ ਰਹੇ ਹਨ। ਘੱਟ ਤੋਂ ਘੱਟ ਉਹ ਸਾਨੂੰ ਹਕੂਮਤ ਤੋਂ ਹਟਾ ਦੇਣ ਦੀ ਕੋਸ਼ਿਸ਼ ਵਿਚ ਜ਼ਰੂਰ ਹਨ।...

ਉਹ ਤਾਂ ਤਾਕਤ ਨਾਲ ਵੀ ਅਜਿਹਾ ਕਰਨਾ ਚਾਹੁੰਦੇ ਹਨ। ਜਨਤਾ ਅਤੇ ਸ਼ਾਸਕ ਵਿਚਕਾਰ ਸਹਿਯੋਗ ਦੁਆਰਾ ਇਸ ਪ੍ਰਕਾਰ ਦਾ ਵਾਤਾਵਰਣ ਪੈਦਾ ਕਰਨ ਲਈ ਗ਼ੈਰ ਜ਼ਿੰਮੇਵਾਰ ਢੰਗ ਨਾਲ ਘਿਰਣਾ ਤੇ ਅੰਗਰੇਜ਼ ਵੱਲ ਦੁਸ਼ਮਣੀ ਪੈਦਾ ਕਰ ਦੇਣਾ ਚਾਹੁੰਦੇ ਹਨ। ਵਰਤਮਾਨ ਹਾਲਤ ਬਹੁਤ ਹੀ ਨਾਜ਼ੁਕ ਹੈ ਅਤੇ ਜਲਦੀ ਹੀ ਸਾਨੂੰ ਕੁਝ ਨਾ ਕੁਝ ਪ੍ਰਬੰਧ ਕਰਨਾ ਚਾਹੀਦਾ ਹੈ।"

●



Sri Satguru Jagjit Singh Ji Elibrary NamdhariElibrary@gmail.com

## ਪਾਠ—6

# ਵਿਸ਼ਵ ਪ੍ਰੇਮ

[ਕਲਕੱਤਾ ਤੋਂ ਛਪਦੇ 'ਮਤਵਾਲਾ' ਦੇ ਵਰਸ਼ 2 ਅੰਕ 13 ਤੇ 14, ਜੋ ਕਿ 15 ਨਵੰਬਰ 1924 ਅਤੇ 22 ਨਵੰਬਰ 1924 ਵਿਚ ਇਹ ਲੇਖ ਛਪਿਆ ਸੀ ਅਤੇ ਅਗਲਾ ਲੇਖ ਯੁਵਕ ਅੰਕ 38, 16 ਮਈ 1925 ਵਿਚ ਛਪਿਆ ਸੀ। ਇਸਦੇ ਸੰਪਾਦਕੀ ਬੋਰਡ ਨਾਲ ਜੁੜੇ ਆਚਾਰੀਆ ਸਿਵ ਪੂਜਨ ਸਹਾਏ ਜੀ ਦੀ ਡਾਇਰੀ ਵਿਚ ਇਸ ਤਰ੍ਹਾਂ ਅੰਕਿਤ ਹੈ।

ਆਚਾਰੀਆ ਸਿਵ ਪੂਜਨ ਸਹਾਏ ਦੀ ਡਾਇਰੀ ਸਫਾ 28 :

"23 ਮਾਰਚ : ਸ਼ਾਮ ਸਮੇਂ ਸੰਮੇਲਨ ਭਵਨ ਵਿਚ ਦੇਸ਼ ਭਗਤ ਭਗਤ ਸਿੰਘ ਦੀ ਯਾਦ ਵਿਚ ਸਭਾ ਹੋਈ।....ਭਗਤ ਸਿੰਘ ਨੇ ਮਤਵਾਲਾ (ਕਲਕੱਤਾ ਵਿਚ ਲੇਖ ਲਿਖੇ ਸਨ। ਜਿਨ੍ਹਾਂ ਨੂੰ ਸੰਵਾਰ ਸੁਧਾਰ ਕੇ ਮੈਂ ਛਾਪਿਆ ਸੀ ਅਤੇ ਉਸੇ ਪੁਸਤਕ ਭੰਡਾਰ ਰਾਹੀਂ ਛਪਵਾਈ 'ਯੁਵਕ ਸਾਹਿਤ' ਵਿਚ ਇਕੱਠੇ ਹੀ ਮੈਂ ਹੀ ਕੀਤਾ ਸੀ। ਇਹ ਲੇਖ ਬਲਵੰਤ ਸਿੰਘ ਦੇ ਨਾਂ ਨਾਲ ਲਿਖਿਆ ਗਿਆ ਸੀ। ਕਰਾਂਤੀਕਾਰੀ ਆਮ ਤੌਰ 'ਤੇ ਗੁਮਨਾਮ ਹੀ ਲਿਖਦੇ ਸਨ। ਇਹ ਰਾਜ਼ ਕਿਸੇ ਨੂੰ ਵੀ ਪਤਾ ਨਹੀਂ। ਇਕ ਲੇਖ ਯੁਵਕ ਵਿਸ਼ੇ 'ਤੇਂ ਸੀ। ਉਹ ਲਾਹੌਰ ਤੋਂ ਭੇਜਿਆ ਗਿਆ ਸੀ। ਅਸਲੀ ਨਾਂ ਦੀ ਜਗ੍ਹਾ ਬਲਵੰਤ ਸਿੰਘ ਹੀ ਛਾਪਣ ਲਈ ਕਿਹਾ ਸੀ।" —ਸੰਪਾਦਕ]

"ਵਸੂਧੇਵ ਕਟੁੰਮਬਮ !" ਜਿਸ ਕਵੀ ਸਮਰਾਟ ਦੀ ਇਹ ਕੀਮਤੀ ਕਲਪਨਾ ਹੈ। ਜਿਸ ਵਿਸ਼ਵ ਪ੍ਰੇਮੀ ਦੇ ਅਨੁਭਵੀ ਦੇ ਮਨ ਦੀ ਆਵਾਜ਼ ਹੈ। ਇਸਦੀ ਮਹੱਤਤਾ ਦਾ ਵਰਨਣ ਕਰਨਾ ਮਨੁੱਖੀ ਸ਼ਕਤੀ ਦੀ ਸਮਰੱਥਾ ਦੇ ਬਾਹਰ ਹੈ।

'ਵਿਸ਼ਵ ਬੰਧੂਅਤਾ !' ਇਸਦਾ ਅਰਥ ਮੈਂ ਤਾਂ ਸਾਰੇ ਸੰਸਾਰ ਦੀ ਸਮਾਨਤਾ (ਸਾਮਵਾਦ, World wide equality in the time sense) ਦੇ ਇਲਾਵਾ ਹੋਰ ਕੁਝ ਨਹੀਂ ਸਮਝਦਾ।

ਕਿਹਾ ਉੱਚਾ ਇਹ ਵਿਚਾਰ ਹੈ। ਸਾਰੇ ਆਪਣੇ ਹੋਣ। ਕੋਈ ਵੀ ਪਰਾਇਆ ਨਾ ਹੋਵੇ। ਕੇਹਾ ਸੁਖ ਦਾ ਮਾਹੌਲ ਹੋਵੇਗਾ, ਜਦ ਸੰਸਾਰ ਵਿਚ ਪਰਾਇਆਪਨ ਖ਼ਤਮ ਹੋ ਜਾਵੇਗਾ। ਜਿਸ ਦਿਨ ਇਹ ਸਿਧਾਂਤ ਸਾਰੇ ਸੰਸਾਰ ਵਿਚ ਵਿਵਹਾਰਕ ਰੂਪ ਵਿਚ ਲਾਗੂ ਹੋਵੇਗਾ, ਉਸ ਦਿਨ ਸੰਸਾਰ ਨੂੰ ਤਰੱਕੀ ਦੇ ਸਿਖਰ 'ਤੇ ਕਹਿ ਸਕਾਂਗੇ। ਜਿਸ ਦਿਨ ਇਹ ਭਾਵ ਹਰ ਮਨੁੱਖ ਦੇ ਹਿਰਦੇ ਵਿਚ ਘਰ ਕਰ ਜਾਏਗਾ—ਉਸ ਦਿਨ ਸੰਸਾਰ ਕਿਹਾ ਹੋਵੇਗਾ? ਜ਼ਰਾ ਕਲਪਨਾ ਕਰੋ ਤਾਂ ਸਹੀ।

ਉਸ ਦਿਨ ਏਨੀ ਸ਼ਕਤੀ ਹੋਵੇਗੀ ਕਿ 'ਸ਼ਾਂਤੀ, ਸ਼ਾਂਤੀ' ਦੀ ਪੁਕਾਰ ਵੀ ਸ਼ਾਂਤੀ ਭੰਗ ਨਹੀਂ ਕਰ ਸਕੇਗੀ। ਉਸ ਦਿਨ ਭੁਖ ਲੱਗਣ 'ਤੇ ਵੀ ਰੋਟੀ ਲਈ ਕਿਸੇ ਨੂੰ ਵੀ ਰੋਲਾ ਪਾਉਣ ਦੀ ਲੋੜ ਨਹੀਂ ਹੋਵੇਗੀ। ਵਪਾਰ ਤਰੱਕੀ ਦੀ ਸਿਖਰ 'ਤੇ ਹੋਵੇਗਾ। ਪਰ ਫ਼ਰਾਂਸ ਤੇ ਜਰਮਨੀ ਵਿਚ ਵਪਾਰ ਦੇ ਨਾਂ 'ਤੇ ਘੋਰ ਯੁੱਧ ਨਹੀਂ ਹੋਣਗੇ। ਉਸ ਦਿਨ ਜਪਾਨ ਤੇ ਅਮਰੀਕਾ ਦੋਨੋਂ ਹੀ ਹੋਣਗੇ, ਪਰ ਪੂਰਬੀ ਤੇ ਪੱਛਮੀਪਨ ਨਹੀਂ ਹੋਵੇਗਾ। ਕਾਲੇ ਗੋਰੇ ਉਸ ਦਿਨ ਵੀ ਹੋਣਗੇ ਪਰ ਅਮਰੀਕਾ ਵਾਸੀ ਉਥੋਂ ਦੇ ਕਾਲੇ ਨਿਵਾਸੀਆਂ (Red Indians) ਨੂੰ ਜਿੰਦੇ ਹੀ ਜਲਾ ਨਹੀਂ ਸਕਣਗੇ। ਸ਼ਾਂਤੀ ਹੋਵੇਗੀ ਪਰ ਪੀਨਲਕੋਡ ਦੀ ਲੋੜ ਨਹੀਂ ਹੋਵੇਗੀ। ਅੰਗਰੇਜ਼ ਵੀ ਹੋਣਗੇ ਤੇ ਭਾਰਤ ਵਾਸੀ ਵੀ ਪਰ ਉਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਵਿਚ ਗ਼ੁਲਾਮ ਤੇ ਮਾਲਕ ਦਾ ਭਾਵ ਨਹੀਂ ਹੋਵੇਗਾ। ਉਸ ਦਿਨ ਮਹਾਤਮਾ ਟਾਲਸਟਾਏ ਦੇ Resis not the evil (ਬੁਰਾਈਆਂ ਦਾ ਵਿਰੋਧ ਨਾ ਕਰੋ) ਵਾਲੇ ਸਿਧਾਂਤ ਦੀ ਉੱਚੀ ਆਵਾਜ਼ ਨਹੀਂ ਲਗਾਉਣੀ ਪਵੇਗੀ ਕਿਉਂਕਿ ਸੰਸਾਰ ਵਿਚ ਬੁਰਾਈਆਂ ਨਜ਼ਰ ਨਹੀਂ ਆਉਣਗੀਆਂ। ਉਦੋਂ ਹੋਵੇਗੀ ਪੂਰਨ ਆਜ਼ਾਦੀ। ਕਿਹਾ ਹੋਵੇਗਾ ਉਹ ਸਮਾਂ? ਜ਼ਰਾ ਕਲਪਨਾ ਕਰੋ।

ਵਰਤਮਾਨ ਸਮੇਂ ਨੂੰ ਦੇਖ ਕੇ ਕੌਣ ਕਹਿ ਸਕਦਾ ਹੈ ਕਿ ਅਜਿਹਾ ਸਮਾਂ ਵੀ ਆ ਸਕਦਾ ਹੈ ਜਦ ਕਿਸੇ ਨੂੰ ਡਰ ਨਾਲ ਨਹੀਂ ਸਗੋਂ ਆਪਣੇ ਦਿਲ ਦੀ ਪ੍ਰੇਰਨਾ ਨਾਲ ਹੀ ਮਨੁੱਖ ਪਾਪ ਦੇ ਕਰਮ ਨਹੀਂ ਕਰੇਗਾ। ਜੇ ਉਸ ਦਿਨ ਵੀ ਸਾਨੂੰ ਕਿਸੇ ਕਲਪਿਤ ਸਵਰਗ ਦੀ ਲਾਲਸਾ ਹੋਵੇਗੀ ਤਾਂ ਅਸੀਂ ਕਹਿ ਦਿਆਂਗੇ ਕਿ ਸਵਰਗ ਕੋਈ ਚੀਜ਼ ਹੈ ਹੀ ਨਹੀਂ। ਕੀ ਉਹ ਸਮਾਂ ਆ ਸਕਦਾ ਹੈ। ਇਸਦਾ ਜਵਾਬ ਦੇਣਾ ਕੋਈ ਸੌਖਾ ਕੰਮ ਨਹੀਂ ਹੈ। ਪਰ ਮੈਂ ਪੁਛਦਾ ਹਾਂ ਕਿ ਕੀ ਲੋਕ ਉਸ ਸਮੇਂ ਨੂੰ ਲਿਆਉਣਾ ਚਾਹੁੰਦੇ ਹਨ। ਇਹ ਲੋਕ ਜਿਹੜੇ "ਵਿਸ਼ਵ ਬੰਧੂਤਾ" (Universal brotherhood ਜਾਂ Cosmopolitanism) ਦਾ ਘੋਰ ਸੰਖ ਵਜਾ ਰਹੇ ਹਨ, ਕੀ ਅਸਲ ਵਿਚ ਉਸਨੂੰ ਲਿਆਉਣ ਦੇ ਇਛੁਕ ਹਨ? ਹਾਂ, ਕਹਿ ਦੇਣ ਨਾਲ ਕੰਮ ਨਹੀਂ ਚਲੇਗਾ। ਇਹ ਕੋਈ ਕਾਂਗਰਸ ਦਾ ਮਤਾ ਨਹੀਂ ਹੈ। ਸਵਾਲ ਗੰਭੀਰ ਤਰੀਕੇ ਨਾਲ ਵਿਚਾਰਨ ਦੇ ਯੋਗ ਹੈ। ਕੀ ਲੋਕ ਇਸ ਲਈ ਕੁਰਬਾਨੀ ਦੇਣ ਨੂੰ ਤਿਆਰ ਹਨ? ਉਸ ਕਲਪਿਤ ਭਵਿੱਖ ਲਈ ਘੋਰ ਵਰਤਮਾਨ ਦੇਣਾ ਹੋਵੇਗਾ। ਉਸ ਕਲਪਿਤ ਸ਼ਾਂਤੀ ਲਈ ਅਸ਼ਾਂਤੀ ਫੈਲਾਣੀ ਪਵੇਗੀ। ਉਸ ਹਵਾਈ ਕਿਲੇ ਲਈ ਸਭ ਕੁਝ ਦੇਣਾ ਹੋਵੇਗਾ। ਉਸ ਸ਼ਾਂਤੀਪੂਰਨ ਰਾਜ ਦੀ ਸਥਾਪਨਾ ਲਈ ਸਾਨੂੰ ਘੋਰ ਅਰਾਜਕਤਾ ਫੈਲਾਉਣੀ ਹੋਵੇਗੀ। ਉਸ ਅਤਿਆਚਾਰ ਰਹਿਤ ਸੰਸਾਰ ਨੂੰ ਆਪਣੇ ਵਲ ਖਿਚਣ ਲਈ ਅਤਿਆਚਾਰ ਕਰਨੇ ਹੋਣਗੇ। ਉਸ ਸੁਖਮਈ ਜੀਵਨ ਲਈ—ਨਹੀਂ ਨਹੀਂ, ਉਸ ਦੀ ਇਕ ਮਾਤਰ ਆਸ਼ਾ ਲਈ ਮਰ ਮਿਟਨਾ ਹੋਵੇਗਾ। ਕੀ ਲੋਕ ਇਸ ਲਈ ਤਿਆਰ ਹਨ?

ਸਾਨੂੰ ਸਮਤਾ-ਸਮਾਨਤਾ ਦਾ ਪਰਚਾਰ ਕਰਨਾ ਹੋਵੇਗਾ। ਉਸ ਤੋਂ ਜਿਹੜੇ ਇਨਕਾਰੀ ਹੋਣ ਉਨ੍ਹਾਂ ਤੇ ਜ਼ੁਲਮ ਕਰਨਾ ਹੋਵੇਗਾ। ਅਰਾਜਕਤਾ ਫੈਲਾਉਣੀ ਹੋਵੇਗੀ ਉਨ੍ਹਾਂ ਰਾਜਾਂ ਤੇ ਸਮਾਰਾਜਾਂ ਉੱਤੇ ਜਿਹੜੇ ਆਪਣੀ ਤਾਕਤ ਵਿਚ ਅੰਨ੍ਹੇ ਹੋ ਕੇ ਕਰੋੜਾਂ ਦੀ ਪੀੜਾ ਦਾ ਕਾਰਨ ਬਣਦੇ ਹਨ। ਕੀ ਲੋਕ ਇਸ ਲਈ ਤਿਆਰ ਹਨ?

ਸਾਨੂੰ ਸਾਰੇ ਸੰਸਾਰ ਨੂੰ ਇਸ ਸਿਧਾਂਤ ਦੇ ਸਵਾਗਤ ਲਈ ਤਿਆਰ ਕਰਨਾ ਹੋਵੇਗਾ। ਇਸ ਆਸ਼ਾ ਦੀ ਖੇਤੀ ਲਈ ਸਾਨੂੰ ਖੇਤਾਂ ਵਿਚੋਂ ਸਭ ਕੁਝ ਉਖਾੜ ਸੁਟਣਾ ਹੋਵੇਗਾ। ਕੰਡੇਦਾਰ ਝਾੜੀਆਂ ਨੂੰ ਉਖਾੜ ਕੇ ਅੱਗ ਦੀ ਸ਼ਾਂਤੀ ਲਈ ਮਲੀਆ-ਮੇਟ ਕਰ ਦੇਣਾ ਹੋਵੇਗਾ। ਰੋੜੇ ਕੰਕਰ ਪੀਸ ਦੇਣੇ ਹੋਣਗੇ? ਇਸ ਲਈ ਖ਼ੂਬ ਮਿਹਨਤ ਕਰਨੀ ਹੋਵੇਗੀ। ਡਿੱਗਿਆਂ ਨੂੰ ਉਠਾਉਣਾ ਹੋਵੇਗਾ। 'ਪਸਤੀ' ਵਾਲੀਆਂ ਨੂੰ ਤਰੱਕੀ ਦਾ ਰਾਹ ਦਿਖਾਉਣਾ ਹੋਵੇਗਾ। ਮਿਥਿਆ ਸ਼ਕਤੀਵਾਦੀ ਵਾਲਿਆਂ ਨੂੰ ਘਸੀਟਦੇ ਆਪਣੇ ਨਾਲ ਖੜੇ ਹੋਣ ਲਈ ਬੇਵਸ ਕਰਨਾ ਹੋਵੇਗਾ। ਅਹਿੰਕਾਰੀਆਂ ਦਾ ਹੰਕਾਰ ਤੋੜ ਉਨ੍ਹਾਂ ਨੂੰ ਨਿਮਰਤਾ ਸਿਖਾਉਣੀ ਹੋਵੇਗੀ। ਨਿਰਬਲਾਂ ਨੂੰ ਬੱਲ, ਗ਼ੁਲਾਮਾਂ ਨੂੰ ਅਜ਼ਾਦੀ, ਨਾਸਤਿਕਾਂ ਨੂੰ ਵਿਸ਼ਵਾਸ, ਅੰਧ ਵਿਸ਼ਵਾਸੀਆਂ ਨੂੰ ਵਿਚਾਰਾਂ ਦੀ ਅਜ਼ਾਦੀ ਦੇਣੀ ਹੋਵੇਗੀ। ਕੀ ਲੋਕ ਏਨਾ ਕੰਮ ਕਰਨਗੇ। ਉਹ ਵਿਸ਼ਵ ਬੰਧੂਤਾ, ਵਿਸ਼ਵ ਬੰਧੂਤਾ ਦਾ ਰੌਲਾ ਪਾਉਣ ਵਾਲਿਓ ਕੀ ਤੁਸੀਂ ਇਸ ਲਈ ਤਿਆਰ ਹੋ? ਜੇ ਨਹੀਂ ਤਾਂ ਅੱਜ ਤੋਂ ਇਸ ਢੌਂਗ ਨੂੰ ਛੱਡ ਦਿਓ। ਸਾਨੂੰ ਉਸ ਵਿਸ਼ਵ ਪ੍ਰੇਮ ਦੀ ਦੇਵੀ ਦੇ ਚਰਨਾਂ ਵਿਚ ਤੁਹਾਡੀ ਵੀ ਕੁਰਬਾਨੀ ਦੇਣੀ ਪਵੇਗੀ, ਕਿਉਂਕਿ ਤੁਸੀਂ ਮਿਥਿਆਵਾਦ ਹੋ। ਅਗਰ ਤਿਆਰ ਹੋ ਤਾਂ ਆਓ ਮੈਦਾਨ ਵਿਚ ਹੁਣੇ ਇਮਤਿਹਾਨ ਹੋ ਜਾਵੇਗਾ। ਘਰ ਵਿਚ ਬੈਠੇ ਹੋਏ, ਕੋਨੇ ਵਿਚ ਦੁਬਕ ਕੇ ਵੜੇ ਹੋਏ, ਕਰਮ ਖੇਤਰ ਦੇ ਭਿਅੰਕਰ ਦ੍ਰਿਸ਼ ਦੀ ਕਲਪਨਾ ਮਾਤਰ ਨਾ ਕੰਬਦੇ ਹੋਏ, ਸਤਿਆ ਪ੍ਰਕਾਸ਼ ਤੋਂ 'ਬਾਜ਼' ਰਹਿਣ ਲਈ ਉਸ



Sri Satguru Jagjit Singh Ji Elibrary NamdhariElibrary@gmail.com

ਮਹਾਨ ਸਿਧਾਂਤ ਦੀ ਆੜ ਨਾ ਲਓ। ਜੇ ਸਚਮੁਚ ਅਜੇਹੇ ਕਲਪਿਤ ਸਮੇਂ ਨੂੰ ਲਿਆਉਣ ਦੀ ਹਿੰਮਤ ਹੈ ਤਾਂ ਆਓ। ਪਹਿਲਾ ਕੰਮ ਪਤਿਤ ਭਾਰਤ ਦਾ ਉੱਧਾਰ ਕਰਨਾ ਹੋਵੇਗਾ। ਗ਼ੁਲਾਮੀ ਨੂੰ ਮਿੱਟੀ ਵਿਚ ਮਿਲਾ ਦੇਣਾ ਹੋਵੇਗਾ। ਕਿਉਂਕਿ ਇਹ ਆਪਣੀ ਕਮਜ਼ੋਰੀ ਦੇ ਕਾਰਨ ਉਸ ਮਨੁੱਖ ਜਾਤੀ ਨੂੰ ਜਿਸਦੀ ਸ੍ਰਿਸ਼ਟੀ ਪਰਮ ਪਿਤਾ ਨੇ ਆਪਣੇ ਹੀ ਅਨੁਰੂਪ ਕੀਤੀ ਸੀ, ਨੂੰ ਇਨਸਾਫ ਦੇ ਰਾਹ ਤੋਂ ਭਟਕਾਉਣ ਦਾ ਤਰੀਕਾ ਹੈ।

ਜੇ ਉਪਰਲੇ ਕਥਨ ਦੀ ਸੱਚਾਈ ਨੂੰ ਮੰਨਦੇ ਹੋਏ ਵੀ ਤੁਸੀਂ ਜੇਲ੍ਹ ਜਾਂ ਫ਼ਾਂਸੀ ਦੇ ਡਰ ਤੋਂ ਉਸ ਰਾਹ ਤੋਂ ਝਿਜਕਦੇ ਹੋ ਤਾਂ ਅੱਜ ਤੋਂ ਇਸ ਢੌਂਗ ਨੂੰ ਛੱਡ ਦਿਓ।

ਅਗਰ ਇਸ ਡਰ ਤੋਂ ਕਿ ਕਰਾਂਤੀ ਦੇ ਮਗਰੋਂ ਘੋਰ ਅਰਾਜਕਤਾ ਫੈਲ ਜਾਏਗੀ ਜਾਂ ਘੋਰ ਖ਼ੂਨ ਖਰਾਬਾ ਹੋਵੇਗਾ, ਇਕਦਮ ਅਸ਼ਾਂਤੀ ਹੋਵੇਗੀ ਅਤੇ ਤੁਸੀਂ ਉਸ ਮਾਰਗ ਉੱਤੇ ਨਹੀਂ ਆਉਂਦੇ ਤਾਂ ਵੀ ਤੁਸੀਂ ਡਰੂ, ਡਰਪੋਕ, ਬੁਜ਼ਦਿਲ ਹੋ ਇਸ ਕਰਕੇ ਇਹ ਅਡੰਬਰ ਛੱਡ ਦਿਓ।

ਅਸ਼ਾਂਤੀ ਫੈਲਦੀ ਹੈ ਤਾਂ ਫੈਲਣ ਦਿਓ। ਗੁਲਾਮੀ 'ਤੇ ਨਹੀਂ ਹੋਵੇਗੀ। ਅਰਾਜਕਤਾ ਫੈਲਦੀ ਹੈ ਤਾਂ ਫੈਲਣ ਦਿਓ, ਗੁਲਾਮੀ ਦਾ ਤਾਂ ਸਰਵਨਾਸ਼ ਹੋ ਜਾਵੇਗਾ। ਆਹਾ ! ਇਸ ਕਸ਼ਮਕਸ਼ ਵਿਚ ਕਮਜ਼ੋਰ ਪਿਸ ਜਾਣਗੇ। ਰੋਜ਼ ਰੋਜ਼ ਦਾ ਰੋਣਾ ਤਾਂ ਬੰਦ ਹੋ ਜਾਵੇਗਾ। ਨਿਰਬਲ ਨਹੀਂ ਰਹਿਣਗੇ ਤੇ ਬਲਵਾਨਾਂ ਵਿਚ ਦੋਸਤੀ ਹੋਵੇਗੀ। ਜ਼ੋਰ ਵਾਲਿਆਂ ਵਿਚ ਘਨਿਸ਼ਟਤਾ ਹੋਵੇਗੀ। ਉਨ੍ਹਾਂ ਵਿਚ ਪ੍ਰੇਮ ਹੋਵੇਗਾ। ਸੰਸਾਰ ਵਿਚ ਵਿਸ਼ਵ ਪ੍ਰੇਮ ਦਾ ਪਰਚਾਰ ਹੋ ਸਕੇਗਾ।

ਹਾਂ ! ਹਾਂ ! ਨਿਰਬਲਾਂ ਨੂੰ ਇਕ ਵਾਰ ਪਿਸ ਜਾਣਾ ਹੋਵੇਗਾ। ਉਹ ਸਾਰੇ ਸੰਸਾਰ ਦੇ ਅਪਰਾਧੀ ਹਨ। ਉਨ੍ਹਾਂ ਨੇ ਹੀ ਘੋਰ ਅਸ਼ਾਂਤੀ ਫੈਲਾ ਰਖੀ ਹੈ। ਸਭ ਬਲਵਾਨ ਬਣੋ ਨਹੀਂ ਤਾਂ ਉਸ ਚੱਕੀ ਵਿਚ ਪਿਸ ਕੇ ਮਲੀਦਾ ਹੋ ਜਾਓਗੇ।

ਆਓ ! ਕੌਣ ਮਾਂ ਦਾ ਲਾਲ ਵਿਸ਼ਵ ਬੰਧੂਤਾ ਦਾ ਇੱਛੁੱਕ ਹੈ। ਕੌਣ ਹੈ ਸਾਰੇ ਸੰਸਾਰ ਲਈ ਆਪਣੇ ਸੁਖ ਬਲੀਦਾਨ ਕਰਨ ਵਾਲਾ।

ਕੋਈ ਗੁਲਾਮ ਜਾਤੀ ਉਸ ਉੱਚੇ ਸਿਧਾਂਤ ਦਾ ਨਾਂ ਤਕ ਲੈਣ ਦੀ ਹੱਕਦਾਰ ਨਹੀਂ ਹੈ। ਇਕ ਗੁਲਾਮ ਆਦਮੀ ਦੇ ਮੂੰਹ ਤੋਂ ਨਿਕਲ ਕੇ ਇਸਦੀ ਮਹੱਤਤਾ ਹੀ ਜਾਂਦੀ ਰਹਿੰਦੀ ਹੈ। ਇਕ ਅਪਮਾਨਿਤ ਆਦਮੀ, ਪੈਰ ਹੇਠ ਲਿਤਾੜਿਆ ਆਦਮੀ ਜੇ ਕਹੇ—"ਮੈਂ ਵਿਸ਼ਵ ਬੰਧੂਤਾ ਦਾ ਪੈਰੋਕਾਰ ਹਾਂ—Universal brotherhood ਦਾ ਪੱਖਧਾਰੀ ਹਾਂ, ਇਸ ਲਈ ਉਨ੍ਹਾਂ ਅਤਿਆਚਾਰਾਂ ਨੂੰ ਸਹਿਣ ਕਰਦਾ ਹਾਂ ਤਾਂ ਉਸਦੇ ਕਹਿਣ ਦਾ ਕੀ ਮੁੱਲ ਹੈ ? ਇਨ੍ਹਾਂ ਕਾਇਰਤਾ ਭਰਪੂਰ ਗੱਲਾਂ ਨੂੰ ਕੌਣ ਸੁਣੇਗਾ ? ਹਾਂ ਅਗਰ ਤਾਕਤ ਹੋਵੇ, ਉਸ ਵਿਚ ਬਲ ਹੋਵੇ, ਚਾਹੇ ਤਾਂ ਵੱਡਿਆਂ ਵੱਡਿਆਂ ਨੂੰ ਪੈਰਾਂ ਥਲੇ ਕੁਚਲ ਕੇ ਰੱਖ ਸਕੇ, ਇਕ ਇਸ਼ਾਰੇ 'ਤੇ ਵੱਡੇ ਵੱਡੇ ਅਭਿਮਾਨੀਆਂ ਨੂੰ ਮਿੱਟੀ ਵਿਚ ਮਿਲਾ ਸਕੇ, ਤਖਤੋ ਤਾਜ ਵਾਲਿਆਂ ਨੂੰ ਖਾਕ ਵਿਚ ਮਿਲਾ ਸਕੇ, ਮਿੱਟੀ ਵਿਚ ਇਕ ਕਰ ਸਕੇ ਤੇ ਫਿਰ ਇਹ ਲਫਜ਼ ਕਹੇ ਕਿ 'ਅਸੀਂ ਵਿਸ਼ਵ ਪ੍ਰੇਮੀ ਹਾਂ', ਏਦਾਂ ਨਾ ਕਰੋ ਤਾਂ ਫਿਰ ਤੁਹਾਡੀ ਗੱਲ ਵਜ਼ਨਦਾਰ ਹੋਵੇਗੀ। ਫਿਰ ਤੁਹਾਡਾ ਇਕ ਇਕ ਲਫਜ਼ ਪ੍ਰਭਾਵਸ਼ਾਲੀ ਹੋਵੇਗਾ। ਫਿਰ 'ਵਸੂਧੇਵ ਕੁਟੰਮਬਮ' ਵੀ ਮਹੱਤਵਪੂਰਨ ਹੋ ਜਾਵੇਗਾ।

ਅੱਜ ਤੁਸੀਂ ਗੁਲਾਮ ਹੋ, ਪਰਅਧੀਨ ਹੋ, ਬੰਦੀ ਹੋ, ਤੁਹਾਡੀ ਇਹੀ ਗੱਲ ਢੋਂਗ ਲੱਗਦੀ ਹੈ। ਇਕ ਅਡੰਬਰ ਦਿਖਦੀ ਹੈ। ਬਕਵਾਸ ਮਾਲੂਮ ਹੁੰਦੀ ਹੈ। ਕੀ ਤੁਸੀਂ ਇਸ ਦਾ ਪ੍ਰਚਾਰ ਕਰਨਾ ਚਾਹੋਗੇ। ਅਗਰ ਹਾਂ, ਤਾਂ ਉਸਦੀ ਪੈਰਵਾਈ ਕਰਨੀ ਹੋਵੇਗੀ। ਜੋ ਕਹਿੰਦਾ ਸੀ "He who loveth Humenity loveth God"—"God is live and love is God." ਜਿਹੜਾ ਰਾਜਧਰੋਅ ਦੇ ਅਪਰਾਧ ਵਿਚ ਫ਼ਾਂਸੀ ਚੜ੍ਹਿਆ, ਕੀ ਉਸਦੀ ਤਰ੍ਹਾਂ ਵੀਰਤਾ ਨਾਲ ਵਿਸ਼ਵ ਪ੍ਰੇਮ ਦਾ ਪ੍ਰਚਾਰ ਕਰਨ ਲਈ ਤਿਆਰ ਹੋ ? ਜਿਸ ਦਿਨ ਤੁਸੀਂ ਸੱਚੇ ਪ੍ਰਚਾਰਕ ਬਣੋਗੇ, ਇਸ ਆਦਿਤਅ



Sri Satguru Jagjit Singh Ji Elibrary NamdhariElibrary@gmail.com

ਸਿਧਾਂਤ ਦੇ ਉਸ ਦਿਨ ਤੁਹਾਨੂੰ ਮਾਂ ਦੇ ਸੱਚੇ ਸਪੂਤਰ ਗੁਰੂ ਗੋਬਿੰਦ ਸਿੰਘ ਦੀ ਤਰ੍ਹਾਂ ਕਰਮ ਖੇਤਰ ਵਿਚ ਉਤਰਨਾ ਪਵੇਗਾ। ਉਸ ਵਿਸ਼ਵ ਪ੍ਰੇਮ ਦੇ ਸੱਚੇ ਪੈਰੋਕਾਰ, ਸੱਚੇ ਪੱਖਧਾਰੀ ਦੀ ਤਰ੍ਹਾਂ—ਸਭ ਸਪੂਤ ਹੈ ਇਕ ਪਿਤਾ ਕੇ ਕਹਿਣ ਵਾਲੇ ਉਸ ਮਹਾਪੁਰਖ ਦੀ ਤਰ੍ਹਾਂ—ਆਪਣੇ ਚਾਰੇ ਜਿਗਰ ਦੇ ਟੋਟਿਆਂ, ਅੱਖਾਂ ਦੇ ਤਾਰਿਆਂ ਨੂੰ ਜਾਤੀ ਨੂੰ ਭੇਂਟ ਕਰਕੇ ਮਾਤਾ ਦੇ ਪੁਛਣ ਤੇ ਸਰਲਤਾ ਨਾਲ ਜਵਾਬ ਦੇਣਾ ਕਿ ਤੈਨੂੰ ਹੌਸਲਾ ਦਿਖਾਉਣਾ ਹੋਵੇਗਾ। ਕੀ ਤੁਸੀਂ ਆਪਣੇ ਅਜ਼ੀਜ਼ ਤੇ ਅਜ਼ੀਜ਼ ਨੂੰ—ਜਿਸਨੂੰ ਸਿਰਫ ਯਾਦ ਕਰਕੇ ਦਿਲ ਧੜਕਣ ਲੱਗ ਪੈਂਦਾ ਹੋਵੇ—ਜਿਸ ਨੂੰ ਹਰ ਵਕਤ ਦਿਲ ਵਿਚ ਲੁਕਾਈ ਰੱਖਣ ਦੇ ਇਛੁੱਕ ਹੋਵੇ—ਨੂੰ ਅੱਖਾਂ ਦੇ ਸਾਹਮਣੇ ਬਲੀ ਵੇਦੀ 'ਤੇ ਚੜ੍ਹਦਾ ਦੇਖ ; ਅਤਕਥਨੀ ਦੁਖ ਸਹਾਰਦਾ ਦੇਖ ਕੇ, ਹੌਸਲਾ ਰੱਖ ਸਕਦੇ ਹੋ ? ਕੀ ਉਸਦੇ ਸਾਹਮਣੇ ਜਿਉਂਦੇ ਜੀ ਅਗਨੀ ਚਿਤਾ ਵਿਚ ਖ਼ੁਸ਼ੀ-ਖ਼ੁਸ਼ੀ ਚੜ੍ਹ ਸਕੋਗੇ ਅਤੇ ਹੱਸਦੇ ਹੋਏ ਸੰਸਾਰ ਵੱਲ ਦਿਆਲੂ ਨਜ਼ਰ ਦੇਖਦੇ ਹੋਏ ਵਿਦਾ ਹੋ ਸਕੋਗੇ ? ਜੇਕਰ ਹਾਂ ਹੈ ਤਾਂ ਆਓ ਫਿਰ ਇਮਤਿਹਾਨ ਹੋ ਜਾਵੇ, ਸਮਾਂ ਆ ਗਿਆ ਹੈ। ਅਗਰ ਦਿਲ ਵਿਚ ਜ਼ਰਾ ਵੀ ਝਿਜਕ ਹੈ ਤਾਂ ਖ਼ੁਦਾ ਦੇ ਨਾਂ 'ਤੇ ਇਹ ਅਡੰਬਰ ਛੱਡ ਦਿਓ।

ਜਦ ਤਕ 'ਕਾਲੇ ਗੋਰੇ', 'ਸਭਅ-ਅਸਭਅ', 'ਸ਼ਾਸਕ-ਸ਼ਾਸਿਤ', 'ਧਨੀ-ਨਿਰਧਨ', 'ਛੂਤ-ਅਛੂਤ' ਜਿਹੇ ਸ਼ਬਦਾਂ ਦਾ ਇਸਤੇਮਾਲ ਹੁੰਦਾ ਹੈ ਤਦ ਤਕ ਕਿੱਥੇ, ਵਿਸ਼ਵ ਪ੍ਰੇਮ ਤੇ ਵਿਸ਼ਵ ਬੰਧੂਪੁਣਾ ? ਇਹ ਉਪਦੇਸ਼ ਤਾਂ ਸਿਰਫ ਅਜ਼ਾਦ ਜਾਤੀਆਂ ਹੀ ਕਰ ਸਕਦੀਆਂ ਹਨ। ਭਾਰਤ ਜਿਹੀ ਗੁਲਾਮ ਜਾਤੀ ਇਸ ਦਾ ਨਾਂ ਨਹੀਂ ਲੈ ਸਕਦੀ।

ਫਿਰ ਇਸਦਾ ਪ੍ਰਚਾਰ ਕਿਵੇਂ ਹੋਵੇਗਾ ? ਸਾਨੂੰ ਸ਼ਕਤੀ ਇਕੱਠੀ ਕਰਨੀ ਹੋਵੇਗੀ। ਸ਼ਕਤੀ ਇਕੱਠੀ ਕਰਨ ਲਈ, ਆਪਣੀ ਇਕੱਠੀ ਕੀਤੀ ਸ਼ਕਤੀ ਖ਼ਰਚ ਕਰ ਦੇਣੀ ਪਵੇਗੀ। ਰਾਣਾ ਪਰਤਾਪ ਦੀ ਤਰ੍ਹਾਂ ਉਮਰ ਭਰ ਠੋਕਰਾਂ ਖਾਣੀਆਂ ਹੋਣਗੀਆਂ। ਤਦ ਕਿਤੇ ਇਸ ਪ੍ਰੀਖਿਆ ਵਿਚੋਂ ਪਾਸ ਹੋ ਸਕਾਂਗੇ। ਦੇਖਦੇ ਨਹੀਂ ਵਿਸ਼ਵ ਬੰਧੂਤਾ ਦਾ ਪ੍ਰੇਮੀ ਸੀ ਮੇਜਨੀ, ਜੋ 20 ਸਾਲ ਆਪਣੇ ਆਪ ਇਕ ਜਗ੍ਹਾ ਬੰਦ ਕਰ ਲੈਂਦਾ ਹੈ। ਲੇਨਿਨ ਸੀ ਉਸਦਾ ਪੱਖਧਾਰੀ, ਅਣਗਿਣਤ ਕਸ਼ਟ ਸਹੇ ਸਨ ਜਿਸਨੇ। ਵਿਸ਼ਵ ਬੰਧੂਤਾ ਦਾ ਪੈਰੋਕਾਰ ਸੀ ਜਾਰਜ ਵਾਸ਼ਿੰਗਟਨ—ਅਮਰੀਕਾ ਦਾ ਮੁਕਤੀ ਦਾਤਾ। ਫ਼ਰਾਂਸ ਦੇ ਕਰਾਂਤੀਕਾਰੀ ਨੇਤਾ ਸਨ ਕੱਟੜ ਪੱਖਧਾਰੀ—ਕਿਨਾ ਰੁਧਰ ਉਨ੍ਹਾਂ ਨੇ ਵਹਾ ਦਿੱਤਾ ਸੀ। ਆਦਰਸ਼ਵਾਦੀ ਬਰੂਟਸ ਸੀ ਵਿਸ਼ਵਪ੍ਰੇਮੀ—ਜਿਸਨੇ ਆਪਣੀ ਜਨਮ ਭੂਮੀ ਲਈ ਆਪਣੇ ਪਰਮ ਪਿਆਰੇ ਸੀਜਰ ਨੂੰ ਆਪਣੇ ਹੱਥੀਂ ਕਤਲ ਕਰ ਦਿੱਤਾ ਸੀ ਤੇ ਫਿਰ ਖ਼ੁਦ ਵੀ ਆਤਮ ਹੱਤਿਆ ਕਰ ਲਈ ਸੀ। ਕਈ ਯੁੱਧਾਂ ਵਿਚ ਵਿਜੇਯੀ ਰਹਿਣ ਵਾਲਾ ਗੈਰੀਬਾਲਡੀ ਸੀ—ਜਿਸ ਨੇ ਵਿਸ਼ਵ ਪ੍ਰੇਮ ਦਾ ਸ਼੍ਰੇਅ ਪ੍ਰਾਪਤ ਹੋ ਸਕਦਾ ਹੈ।

ਵਿਸ਼ਵ ਪ੍ਰੇਮੀ ਉਹ ਵੀਰ ਹਨ ਜਿਨ੍ਹਾਂ ਨੂੰ ਭਿਆਨਕ ਵਿਲੱਖਣਵਾਦੀ, ਕੱਟੜ ਅਰਾਜਕਤਾਵਾਦੀ ਕਹਿਣ ਵਿਚ ਅਸੀਂ ਜ਼ਰਾ ਵੀ ਸ਼ਰਮ ਨਹੀਂ ਸਮਝਦੇ—ਉਹੀ ਵੀਰ ਸਾਵਰਕਰ। ਵਿਸ਼ਵ ਪ੍ਰੇਮ ਦੀ ਤਰੰਗ ਵਿਚ ਆ ਕੇ ਘਾਹ ਤੇ ਚਲਦੇ ਚਲਦੇ ਰੁਕ ਜਾਂਦੇ ਕਿ ਘਾਹ ਪੈਰਾਂ ਥਲੇ ਮਸਲੀ ਜਾਏਗੀ।

75 ਦਿਨ ਦੀ ਭੁੱਖ ਹੜਤਾਲ ਕਰਕੇ ਸਵਰਗ ਸਿਧਾਰਨ ਵਾਲੇ ਵੀਰ ਮੈਕਸਵਨੀ ਇਸੇ ਰਾਹ ਦਾ ਰਾਹੀ ਹੋਣ ਦਾ ਮਾਣ ਪ੍ਰਾਪਤ ਕਰ ਸਕਦਾ ਹੈ ਜੋ ਕਹਿੰਦਾ ਸੀ—"It is the love of the country that inspires us and not the hate of the enemy and the desire for full satisfaction for the past."

ਵਿਸ਼ਵ ਪ੍ਰੇਮ ਦੀ ਦੇਵੀ ਦਾ ਉਪਾਸ਼ਕ ਸੀ ਗੀਤਾ ਰਹਿਸਯ ਦਾ ਲੇਖਕ ਪੂਜਯ ਲੋਕਮਾਨਿਆਂ ਤਿਲਕ। ਅਤੇ ਦੇਖੋਗੇ ? ਉਹ ਸੁੱਕਾ ਸੜਿਆ ਜਿਹਾ 'ਲੰਗੋਟਬੰਦ' ਜੋ ਸਜ਼ਾ ਦਾ ਹੁਕਮ ਸੁਣਾਏ



Sri Satguru Jagjit Singh Ji Elibrary NamdhariElibrary@gmail.com

ਜਾਣ ਤੇ ਸਵਰਗੀ ਹਾਸੇ ਨਾਲ ਕਹਿ ਸਕਦਾ ਸੀ ਕਿ—ਮੈਨੂੰ ਜੋ ਸਜ਼ਾ ਦਿੱਤੀ ਗਈ ਹੈ ਬਹੁਤ ਹਲਕੀ ਹੈ ਅਤੇ ਮੇਰੇ ਨਾਲ ਨਰਮੀ ਵਾਲਾ ਵਿਹਾਰ ਕੀਤਾ ਗਿਆ ਹੈ। ਇਸ ਤੋਂ ਵੱਧ ਦੀ ਮੈਂ ਕੀ ਆਸ ਕਰ ਸਕਦਾ ਹਾਂ। ਇਸ ਪਰਮਸਪਰਸ਼ੀ ਕਹਿਣ ਦਾ ਤੁਹਾਡੇ ਪੱਥਰ ਦਿਲਾਂ 'ਤੇ ਕੁਝ ਅਸਰ ਨਹੀਂ ਹੋਣਾ। ਮਹਾਤਮਾ ਹੈ ਇਸ ਸਿਧਾਂਤ ਦਾ ਪੱਖਧਾਰੀ।

ਅਰੇ ! ਰਾਵਣ ਤੇ ਬਾਲੀ ਨੂੰ ਮਾਰ ਡੇਗਣ ਵਾਲਾ ਰਾਮ ਚੰਦਰ ਨੇ ਆਪਣੇ ਵਿਸ਼ਵਪ੍ਰੇਮ ਦੀ ਪਹਿਚਾਣ ਕਰਾਈ ਸੀ, ਭੀਲਨੀ ਦੇ ਜੂਠੇ ਬੇਰ ਖਾ ਕੇ। ਚਚੇਰੇ ਭਰਾਵਾਂ ਨਾਲ ਯੁੱਧ ਕਰਨ ਵਾਲੇ, ਸੰਸਾਰ ਤੋਂ ਅਨਿਆਂ ਨੂੰ ਹਮੇਸ਼ਾ ਲਈ ਖ਼ਤਮ ਕਰਨ ਵਾਲੇ ਕ੍ਰਿਸ਼ਨ ਨੇ ਪਹਿਚਾਣ ਕਰਾਈ ਆਪਣੇ ਵਿਸ਼ਵ ਪ੍ਰੇਮ ਦੀ—ਸੁਦਾਮਾ ਦੇ ਕੱਚੇ ਚੌਲ ਨੂੰ ਫੱਕ ਜਾਣ ਵਿਚ।

ਤੁਸੀਂ ਵੀ ਵਿਸ਼ਵ ਪ੍ਰੇਮ ਦਾ ਦਮ ਭਰਦੇ ਹੋ। ਪਹਿਲਾਂ ਪੈਰਾਂ 'ਤੇ ਖੜਾ ਹੋਣਾ ਸਿੱਖੋ। ਅਜ਼ਾਦ ਜਾਤੀਆਂ ਵਿਚ ਮਾਨ ਨਾਲ ਸਿਰ ਉਚਾ ਕਰਕੇ ਖੜ੍ਹੇ ਹੋਣ ਦੇ ਯੋਗ ਬਣੋ। ਜਦ ਤਕ ਤੁਹਾਡੇ ਨਾਲ ਕਾਮਾਗਾਟਾਮਾਰੂ ਜਹਾਜ਼ ਜਿਹਾ ਦੁਰਵਿਹਾਰ ਹੁੰਦਾ ਰਹੇਗਾ, ਜਦ ਤਕ "ਡੈਮ ਕਾਲਾ ਮੈਨ" ਕਹਿਲਾਓਗੇ। ਜਦ ਤਕ ਤੁਹਾਡੇ ਦੇਸ਼ ਵਿਚ ਜਲਿਆਂਵਾਲਾ ਬਾਗ ਜਿਹੇ ਭੀਸ਼ਣ ਹੱਤਿਆ ਕਾਂਡ ਹੁੰਦੇ ਰਹਿਣਗੇ। ਜਦ ਤਕ ਬਹਾਦਰਨੀਆਂ ਦਾ ਅਪਮਾਨ ਹੋਵੇਗਾ ਅਤੇ ਤੁਹਾਡੇ ਵਲੋਂ ਕੋਈ ਵੀ ਮੁਖਾਲਫਤ ਨਹੀਂ ਹੋਵੇਗੀ, ਤਦ ਤਕ ਤੁਹਾਡਾ ਇਹ ਢੋਂਗ ਕੁਝ ਮਾਇਨੇ ਨਹੀਂ ਰੱਖਦਾ। ਕਿੱਦਾਂ ਦੀ ਸ਼ਾਂਤੀ, ਕਿੱਦਾਂ ਦਾ ਸੁੱਖ ਅਤੇ ਕਿੱਦਾਂ ਦਾ ਵਿਸ਼ਵ ਪ੍ਰੇਮ ?

ਅਗਰ ਵਾਸਤਵ ਵਿਚ ਚਾਹੁੰਦੇ ਹੋ ਕਿ ਸੰਸਾਰ ਵਿਆਪੀ ਸੁਖ-ਸ਼ਾਂਤੀ ਅਤੇ ਵਿਸ਼ਵ ਪ੍ਰੇਮ ਦਾ ਪ੍ਰਚਾਰ ਕਰੋ ਤਾਂ ਪਹਿਲਾਂ ਅਪਮਾਨਾਂ ਦਾ ਵਿਰੋਧ ਕਰਨਾ ਸਿਖੋ। ਮਾਂ ਦੇ ਬੰਧਨ ਕੱਟਣ ਲਈ ਕੱਟ ਮਰੋ। ਬੰਦੀ ਮਾਂ ਨੂੰ ਅਜ਼ਾਦ ਕਰਨ ਲਈ ਜੀਵਨ ਭਰ ਕਾਲੇ ਪਾਣੀ ਵਿਚ ਠੋਕਰਾਂ ਖਾਣ ਨੂੰ ਤਿਆਰ ਹੋ ਜਾਓ। ਸਿਸਕਦੀ ਮਾਂ ਨੂੰ ਜੀਵਤ ਰੱਖਣ ਲਈ ਮਰਨ ਵਾਸਤੇ ਤਤਪਰ ਹੋ ਜਾਓ। ਤਦ ਸਾਡਾ ਦੇਸ਼ ਆਜ਼ਾਦ ਹੋਵੇਗਾ। ਅਸੀਂ ਤਕੜੇ ਹੋਵਾਂਗੇ। ਅਸੀਂ ਛਾਤੀ ਠੋਕ ਕੇ ਵਿਸ਼ਵ ਪ੍ਰੇਮ ਦਾ ਪ੍ਰਚਾਰ ਕਰ ਸਕਾਂਗੇ। ਸੰਸਾਰ ਨੂੰ ਸ਼ਾਂਤੀ ਦੇ ਰਾਹ 'ਤੇ ਚੱਲਣ ਨੂੰ ਮਜਬੂਰ ਕਰ ਸਕਾਂਗੇ।

●



Sri Satguru Jagjit Singh Ji Elibrary NamdhariElibrary@gmail.com

## ਪਾਠ–7

# ਨੌਜਵਾਨ !

[‘ਨੌਜਵਾਨ !’ ਦੇ ਸ਼ੀਰਸ਼ਕ ਹੇਠ ਇਹ ਲੇਖ ਮਤਵਾਲਾ ਦੇ ਵਰਸ਼ 2 : ਅੰਕ 38, 16 ਮਈ 1925 ਨੂੰ ਬਲਵੰਤ ਦੇ ਨਾਂ ਹੇਠ ਛਪਿਆ ਸੀ। ਲੇਖ ਲਾਹੌਰ ਤੋਂ ਭੇਜਿਆ ਗਿਆ ਸੀ।
—ਸੰਪਾਦਕ]

ਨੌਜਵਾਨ ਅਵਸਥਾ, ਮਨੁੱਖੀ ਜੀਵਨ ਦੀ ਬਸੰਤ ਰੁੱਤ ਹੁੰਦੀ ਹੈ। ਮਨੁੱਖ ਇਸਨੂੰ ਪਾ ਕੇ ਮਤਵਾਲਾ ਹੋ ਜਾਂਦਾ ਹੈ। ਹਜ਼ਾਰਾਂ ਬੋਤਲਾਂ ਦਾ ਨਸ਼ਾ ਛਾ ਜਾਂਦਾ ਹੈ। ਵਿਧਾਤਾ ਦੀਆਂ ਦਿੱਤੀਆਂ ਹੋਈਆਂ ਸਾਰੀਆਂ ਸ਼ਕਤੀਆਂ ਸੈਂਕੜੇ ਧਾਮ ਬਣਕੇ ਫੁਟ ਪੈਂਦੀਆਂ ਹਨ। ਉਜਵਲ ਪਰਭਾਤ ਦੀ ਸ਼ੋਭਾ, ਸਿਨਗਧ ਸ਼ਾਮ ਦੀ ਛਟਾ, ਭਾਦੋਂ ਦੀ ਸਮਿਆਂ ਦੀ ਅੱਧੀ ਰਾਤ ਦੀ ਤਰ੍ਹਾਂ ਭੀਸ਼ਣਤਾ ਜਵਾਨੀ ਵਿਚ ਹੁੰਦੀ ਹੈ। ਜਿੱਦਾਂ ਕਰਾਂਤੀਕਾਰੀ ਦੀ ਜੇਬ ਵਿਚ ਬੰਬ ਗੋਲਾ, ਛੜਅੰਤਰਕਾਰੀ ਦੇ ਕੋਲ ਭਰਿਆ ਭਰਾਇਆ ਪਸਤੌਲ, ਰਣ-ਰਸਿਕ ਵੀਰ ਦੇ ਹੱਥ ਵਿਚ ਤਲਵਾਰ, ਏਸ ਤਰ੍ਹਾਂ ਹੈ ਮਨੁੱਖ ਦੀ ਦੇਹ ਵਿਚ ਜਵਾਨੀ। 16 ਤੋਂ 25 ਸਾਲ ਤਕ ਹੱਡ ਚੰਮ ਦੇ ਸੰਦੂਕ ਵਿਚ ਸੰਸਾਰ ਭਰ ਦੇ ਹਾਹਾਕਾਰਾਂ ਨੂੰ ਸਮੇਟ ਕੇ ਵਿਧਾਤਾ ਬੰਦ ਕਰ ਦਿੰਦੀ ਹੈ। ਦਸ ਸਾਲ ਤਕ ਇਹ ਝਾਂਝਰੀ ਕਿਸ਼ਤੀ ਮੰਝਧਾਰ ਦੇ ਤੂਫਾਨ ਵਿਚ ਡਗਮਗਾਉਂਦੀ ਰਹਿੰਦੀ ਹੈ। ਜਵਾਨੀ ਦੇਖਣ ਨੂੰ ਤਾਂ ਸ਼ਾਸਯ ਸ਼ਿਆਮਲਾ ਵਸੁੰਧਰਾਂ ਤੋਂ ਵੀ ਸੁੰਦਰ ਹੈ, ਪਰ ਇਸਦੇ ਅੰਦਰ ਭੁਚਾਲ ਜਿਹੀ ਭਿਅੰਕਰਤਾ ਭਰੀ ਹੁੰਦੀ ਹੈ। ਇਸ ਲਈ ਜਵਾਨੀ ਵਿਚ ਮਨੁੱਖ ਲਈ ਕੇਵਲ ਦੋ ਹੀ ਰਾਹ ਹੁੰਦੇ ਹਨ—ਉਹ ਚੜ੍ਹ ਸਕਦਾ ਹੈ ਤਰੱਕੀ ਦੀ ਸਰਵਉਚ ਸਿਖਰ ਤੇ ਜਾਂ ਗਿਰ ਸਕਦਾ ਹੈ ਅੰਧੇਰੀ ਖਾਈ ਵਿਚ। ਚਾਹੇ ਤਾਂ ਤਿਆਗੀ ਹੋ ਸਕਦਾ ਹੈ। ਚਾਹੇ ਤਾਂ ਨੌਜਵਾਨ ਆਲਸੀ ਤੇ ਭੋਗੀ ਹੋ ਸਕਦਾ ਹੈ। ਉਹ ਦੇਵਤਾ ਬਣ ਸਕਦਾ ਹੈ। ਤਾਂ ਉਹ ਪਿਸ਼ਾਚ (ਰਾਖਸ਼) ਵੀ ਬਣ ਸਕਦਾ ਹੈ। ਉਹ ਸੰਸਾਰ ਨੂੰ ਤਸਤਰ ਕਰ ਸਕਦਾ ਹੈ ਉਹੀ ਸੰਸਾਰ ਨੂੰ ਅਭਯਦਾਨ ਦੇ ਸਕਦਾ ਹੈ। ਸੰਸਾਰ ਵਿਚ ਨੌਜਵਾਨ ਦਾ ਹੀ ਸਾਮਰਾਜ ਹੈ। ਨੌਜਵਾਨਾਂ ਦੇ ਕੀਰਤੀਮਾਨ ਨਾਲ ਸੰਸਾਰ ਦਾ ਇਤਿਹਾਸ ਭਰਿਆ ਪਿਆ ਹੈ। ਨੌਜਵਾਨ ਹੀ ਰਣਚੰਡੀ ਦੇ ਲਲਾਟ ਦੀ ਰੇਖਾ ਹੈ। ਨੌਜਵਾਨ ਸਵਦੇਸ਼ੀ ਦੀ ਉਚੀ ਆਵਾਜ਼ ਹੈ। ਨੌਜਵਾਨ ਸਵਦੇਸ਼ੀ ਦੀ ਵਿਜਯ-ਵੈਜੰਤੀ ਦਾ ਸੁਦਰੜ ਕੰਡ ਹੈ। ਉਹ ਮਹਾਸਾਗਰ ਦੀਆਂ ਉਚੀਆਂ ਤਰੰਗਾਂ ਦੇ ਵਾਂਗ ਉਦੰਡ ਹੈ। ਉਹ ਮਹਾਭਾਰਤ ਦੇ ਭੀਸ਼ਮ ਪਰਵ ਦੀ ਪਹਿਲੀ ਲਲਕਾਰ ਵਾਂਗ ਵਿਕਰਾਲ ਹੈ। ਪਹਿਲੇ ਮਿਲਣ ਦੇ ਝਟਪਟ ਚੁੰਮਣ ਦੀ ਤਰ੍ਹਾਂ ਸਹਿਜ ਹੈ। ਰਾਵਣ ਦੇ ਹੰਕਾਰ ਦੀ ਤਰ੍ਹਾਂ ਨਿਰਭਓ। ਪਰਿਹਲਾਦ ਦੇ ਸਤਿਆਗ੍ਰਹ ਦੀ ਤਰ੍ਹਾਂ ਦ੍ਰਿੜ੍ਹ ਅਤੇ ਅਟਲ ਹੈ। ਅਗਰ ਕਿਸੇ ਖੁੱਲ੍ਹਦਿਲੀ ਦੀ ਜ਼ਰੂਰਤ ਹੋ ਤਾਂ ਨੌਜਵਾਨਾਂ ਦਾ ਦਿਲ ਟਟੋਲ ਕੇ ਦੇਖ ਲਓ। ਅਗਰ ਕਿਸੇ ਆਤਮ ਤਿਆਗੀ ਵੀਰ ਦੀ ਚਾਹ ਹੋਵੇ ਤਾਂ ਨੌਜਵਾਨਾਂ ਤੋਂ ਮੰਗੋ। ਇਹ ਸਭ ਉਸਦੇ ਹਿੱਸੇ ਵਿਚ ਆਇਆ ਹੈ। ਭਾਵੁਕਤਾ ਤੇ ਉਸੀ ਦਾ ਸਿੱਕਾ ਹੈ। ਉਹ ਛੰਦ ਨਾ ਜਾਣਦੇ ਹੋਏ ਵੀ ਪ੍ਰਤਿਭਾਸ਼ਾਲੀ ਕਵੀ ਹੈ। ਕਵੀ ਵੀ ਉਸੇ ਦੇ ਉਦਾਰਬਿੰਦ ਦਾ ਪ੍ਰਤੀਕ ਹੈ। ਉਹ ਰਸਾਂ ਦੀ ਪਰਿਭਾਸ਼ਾ ਨਹੀਂ ਜਾਣਦਾ, ਪਰ ਉਹ ਕਵਿਤਾ ਦਾ ਸੱਚਾ ਰਸ ਹੈ। ਸ੍ਰਿਸ਼ਟੀ ਦੀ ਇਕ ਵਿਸ਼ੇਸ਼ ਸਮੱਸਿਆ ਹੈ ਨੌਜਵਾਨ। ਇਸ਼ਵਰੀ



Sri Satguru Jagjit Singh Ji Elibrary NamdhariElibrary@gmail.com

ਰਚਨਾ ਕੌਸ਼ਲ ਦਾ ਇਕ ਵੱਡਾ ਨਮੂਨਾ ਹੈ। ਸ਼ਾਮ ਸਮੇਂ ਨਦੀ ਕਿਨਾਰੇ ਘੰਟਿਆ-ਬੱਧੀ ਬੈਠਾ ਰਹਿੰਦਾ ਹੈ। ਤਰਕਾਲਾਂ ਨੂੰ ਡੁਬਦੇ ਸੱਤ ਰੰਗੇ ਸੂਰਜ ਨੂੰ ਦੇਖਦਾ ਰਹਿ ਜਾਂਦਾ ਹੈ। ਉਸ ਪਾਰ ਤੋਂ ਆਉਂਦੀਆਂ ਸੰਗੀਤਮਈ ਲਹਿਰਾਂ ਦੇ ਹਲਕੇ-ਹਲਕੇ ਪਰਵਾਹ ਵਿਚ ਵਲੀਨ ਹੋ ਜਾਂਦਾ ਹੈ। ਵਚਿਤਰ ਹੈ ਉਸਦਾ ਜੀਵਨ। ਅਦਭੁੱਤ ਹੈ ਉਸਦਾ ਹੌਸਲਾ। ਅਮੋਘ ਹੈ ਉਸਦਾ ਉਤਸ਼ਾਹ।

ਉਹ ਨਿਸਚਿੰਤ ਹੈ, ਅਸਾਵਧਾਨ ਹੈ। ਲਗਨ ਲੱਗ ਗਈ ਤਾਂ ਰਾਤ ਭਰ ਜਾਗਣਾ ਉਸਦੇ ਖੱਬੇ ਹੱਥ ਦਾ ਖੇਲ ਹੈ। ਜੇਠ ਦੀ ਦੁਪਹਿਰ, ਚੇਤ ਦੀ ਚਾਂਦਨੀ, ਸਾਵਣ ਭਾਦੋਂ ਦੀ ਝੜੀ, ਸ਼ਮਸ਼ਾਨ ਦੀ ਚੁਪ, ਹੈ ਉਸਦੀ। ਉਹ ਅਛਾ ਕਰੇ ਤਾਂ ਸਮਾਜ ਤੇ ਜਾਤੀ ਦਾ ਉੱਦਾਰ ਕਰ ਸਕਦਾ ਹੈ। ਦੇਸ਼ ਦੀ ਲਾਲੀ ਰਖ ਲਏ। ਰਾਸ਼ਟਰ ਦਾ ਮੁਖ ਉਜਲ ਕਰ ਦੇਵੇ। ਵੱਡੇ-ਵੱਡੇ ਸਾਮਰਾਜ ਉਲਟ ਦੇਵੇ। ਪਤਿਤਾਂ ਦਾ ਉਤਥਾਨ ਤੇ ਸੰਸਾਰ ਦੇ ਉੱਦਾਰ ਦਾ ਸੂਤਰ ਉਸੇ ਦੇ ਹੱਥ ਵਿਚ ਹੈ। ਉਹ ਇਸ ਵਿਸ਼ਾਲ ਵਿਸ਼ਵ ਰੰਗਸਥਲ ਦਾ ਸਿਧ ਖਿਡਾਰੀ ਹੈ।

ਅਗਰ ਰਕਤ ਦੀ ਭੇਂਟ ਚਾਹੀਦੀ ਹੋਵੇ ਤਾਂ ਨੌਜਵਾਨ ਬਗੈਰ ਕੌਣ ਦੇਵੇਗਾ। ਅਗਰ ਤੁਸੀਂ ਬਲੀਦਾਨ ਚਾਹੁੰਦੇ ਹੋ ਤੁਹਾਨੂੰ ਨੌਜਵਾਨਾਂ ਦੀ ਵੱਲ ਦੇਖਣਾ ਪਵੇਗਾ। ਹਰ ਜਾਤੀ ਦੇ ਭਾਗ ਵਿਧਾਤਾ ਨੌਜਵਾਨ ਹੀ ਹੁੰਦੇ ਹਨ। ਇਕ ਪੰਡਿਤ ਨੇ ਠੀਕ ਹੀ ਕਿਹਾ ਹੈ : **It is an established truism that youngman of today are the countrymen of tomorrow holding in their hands the high destinies of land. They are seeds that spring and bear fruit.** ਭਾਵ ਇਹ ਕਿ ਅੱਜ ਦਾ ਨੌਜਵਾਨ ਹੀ ਭਲਕ ਦੇ ਦੇਸ਼ ਦਾ ਕਿਸਮਤ ਨਿਰਮਾਤਾ ਹੈ। ਉਹ ਹੀ ਭਵਿੱਖ ਦੀ ਸਫਲਤਾ ਦਾ ਬੀਜ ਹੈ।

ਸੰਸਾਰ ਦੇ ਇਤਿਹਾਸ ਦੇ ਸਫੇ ਖੋਲਦੇ ਦੇਖ ਲਓ, ਨੌਜਵਾਨਾਂ ਦੇ ਖ਼ੂਨ ਨਾਲ ਲਿਖੇ ਹੋਏ ਅਮਰ ਸੰਦੇਸ਼ ਭਰੇ ਪਏ ਹਨ। ਸੰਸਾਰ ਦੀਆਂ ਕਰਾਂਤੀਆਂ ਅਤੇ ਪਰੀਵਰਤਨਾਂ ਦੇ ਵਰਨਣ ਛਾਂਟ ਲਓ, ਉਨ੍ਹਾਂ ਵਿਚ ਅਜੇਹੇ ਨੌਜਵਾਨ ਹੀ ਮਿਲਣਗੇ, ਜਿਨ੍ਹਾਂ ਨੂੰ ਸਿਆਣਿਆਂ ਨੇ 'ਪਾਗਲ ਛੋਕਰੇ' ਜਾਂ 'ਪੱਥ ਭਰਿਸ਼ਟ' ਕਿਹਾ ਹੈ। ਪਰ ਜੋ ਡਰਪੋਕ ਹਨ, ਉਹ ਖਾਕ ਸਮਝਣਗੇ ਕਿ ਦੇਸ਼ ਦੇ ਮਾਣ ਲਈ ਉਛਲ ਕੇ ਆਪਣੀਆਂ ਲੋਥਾਂ ਨਾਲ ਕਿਲੇ ਦੀਆਂ ਖਾਈਆਂ ਦੇ ਪਾੜ ਭਰਨ ਵਾਲੇ ਜਪਾਨੀ ਨੌਜਵਾਨ ਕਿਸ ਫੌਲਾਦ ਦੇ ਟੁਕੜੇ ਸਨ। ਸੱਚਾ ਨੌਜਵਾਨ ਤਾਂ ਬਿਨਾਂ ਝਿਜਕ ਮੌਤ ਨੂੰ ਗਲਵਕੜੀ ਪਾਉਂਦਾ ਹੈ। ਤਿੱਖੀਆਂ ਸੰਗੀਨਾਂ ਅੱਗੇ ਸੀਨਾ ਤਾਣਕੇ ਡੱਟ ਜਾਂਦਾ ਹੈ। ਤੋਪ ਦੇ ਮੂੰਹ 'ਤੇ ਬੈਠ ਕੇ ਵੀ ਮੁਸਕਰਾਉਂਦਾ ਹੈ। ਬੇੜੀਆਂ ਦੀ ਝਨਕਾਰ ਤੇ ਗੀਤ ਗਾਉਂਦਾ ਹੈ। ਫ਼ਾਂਸੀ ਦੇ ਤਖਤੇ ਤੇ ਦਲੇਰੀ ਨਾਲ ਝੂਲ ਜਾਂਦਾ ਹੈ। ਫ਼ਾਂਸੀ ਦੇ ਦਿਨ ਨੌਜਵਾਨ ਦਾ ਹੀ ਭਾਰ ਵਧਦਾ ਹੈ। ਜੇਲ੍ਹ ਦੀ ਚੱਕੀ ਤੇ ਵੀ ਨੌਜਵਾਨ ਹੀ ਗੀਤ ਗਾਉਂਦਾ ਹੈ। ਕਾਲਕੋਠੜੀ ਦੇ ਅੰਧਕਾਰ ਵਿਚੋਂ ਵੀ ਉਹ ਸਵਦੇਸ਼ੀ ਨੂੰ ਉਭਾਰਦਾ ਹੈ। ਅਮਰੀਕੀ ਨੌਜਵਾਨ ਦਲ ਦੇ ਨੇਤਾ ਪੈਟਰਿਕ ਹੈਨਰੀ ਨੇ ਆਪਣੀ ਉਭਾਰਨ ਵਾਲੀ ਸਪੀਚ ਵਿਚ ਕਿਹਾ ਸੀ : **Life is dearer outside the prison-walls, but it is immesurably dearer within the prison cell where it is the price paid for the freedom, fight.** ਯਾਨੀ ਜੇਲ੍ਹ ਦੀਆਂ ਦੀਵਾਰਾਂ ਦੇ ਬਾਹਰ ਜ਼ਿੰਦਗੀ ਬੜੀ ਕੀਮਤੀ ਹੈ ਪਰ ਜੇਲ੍ਹ ਦੀਆਂ ਕਾਲਕੋਠੜੀਆਂ ਦੀ ਜ਼ਿੰਦਗੀ ਹੋਰ ਵੀ ਕੀਮਤੀ ਹੈ, ਕਿਉਂਕਿ ਉਹ ਅਜ਼ਾਦੀ ਸੰਗਰਾਮ ਦੇ ਮੁੱਲ ਦੇਣ ਦੇ ਰੂਪ ਵਿਚ ਹੈ।

ਜਦੋਂ ਅਜੇਹੇ ਸਜੀਵ ਨੇਤਾ ਹੋਣ ਤਦ ਹੀ ਅਮਰੀਕਾ ਦੇ ਨੌਜਵਾਨਾਂ ਵਿਚ ਇਹ ਐਲਾਨ ਕਰਨ ਦਾ ਹੌਸਲਾ ਵੀ ਹੈ ਕਿ : **We believe that when a Government becomes a destructive of natural rights of man, it is the man's duty to destroy that Government."** ਯਾਨੀ ਅਮਰੀਕਾ ਦੇ ਨੌਜਵਾਨ ਵਿਸ਼ਵਾਸ ਕਰਦੇ ਹਨ ਕਿ ਉਨ੍ਹਾਂ ਦਾ ਜਨਮ



Sri Satguru Jagjit Singh Ji Elibrary NamdhariElibrary@gmail.com

ਸਿੱਧ ਹੱਕ ਹੈ ਤਬਾਹ ਕਰਨ ਵਾਲੀ ਸਰਕਾਰ ਦਾ ਵਿਨਾਸ਼ ਇਕ ਮਨੁੱਖੀ ਡਿਊਟੀ ਦੇ ਤੌਰ 'ਤੇ ਕਰਨ।

ਹੇ ਭਾਰਤੀ ਨੌਜਵਾਨ ! ਤੂੰ ਕਿਉਂ ਗਫਲਤ ਦੀ ਨੀਂਦ ਵਿਚ ਬੇਖਬਰ ਸੌਂ ਰਿਹਾ ਹੈਂ। ਉਫ, ਅੱਖਾਂ ਖੋਲ੍ਹ, ਦੇਖ ਚੜ੍ਹਦੇ ਸੂਰਜ ਦੀ ਲਾਲੀ ਉਠ ਰਹੀ ਹੈ। ਹੁਣ ਜ਼ਿਆਦਾ ਸੌਂ ਨਹੀਂ। ਜੇ ਸੌਣਾ ਹੈ ਤਾਂ ਚਿਰ ਨੀਂਦ ਵਿਚ ਸੌਂ ਜਾ। ਅਣਮਨੁੱਖਤਾ ਦੇ ਕੋਹੜ ਵਿਚ ਕਿਉਂ ਸੌਂ ਰਿਹਾ ਹੈਂ। ਮਾਇਆ-ਮੋਹ-ਮਮਤਾ ਤਿਆਗ ਕੇ ਗਰਜ ਉਠ :

**"Farewell, farewell, My true Love, The army is no more And if I stayed with you love, a cowerd shall I prove."**

ਤੇਰੀ ਮਾਂ, ਤੇਰੀ ਪਰਮਵੰਦਨਾ, ਤੇਰੀ ਅਨਪੂਰਣਾ ਅੱਜ ਫੁਟ-ਫੁਟ ਕੇ ਰੋ ਰਹੀ ਹੈ। ਕੀ ਉਸਦੀ ਵਿਆਕੁਲਤਾ ਤੈਨੂੰ ਜ਼ਰਾ ਵੀ ਬੇਚੈਨ ਨਹੀਂ ਕਰਦੀ ? ਧਿਕਾਰ ਹੈ ਤੇਰੀ ਨਿਰਜੀਵਤਾ ਉਤੇ। ਤੇਰੇ ਵੱਡੇ ਵਡੇਰੇ ਵੀ ਤੇਰੀ ਇਸ ਨਪੁੰਕਤਾ ਤੇ ਸ਼ਰਮਸਾਰ ਹਨ। ਜੇ ਹੁਣ ਵੀ ਤੇਰੇ ਕਿਸੇ ਅੰਗ ਵਿਚ ਜਾਨ ਬਾਕੀ ਹੈ ਤਾਂ ਉਠ ਕੇ ਮਾਂ ਦੇ ਦੁੱਧ ਦੀ ਲਾਜ ਰੱਖ ਅਤੇ ਉੱਦਾਰ ਦਾ ਬੀੜਾ ਚੁਕ। ਉਸਦੇ ਹੰਝੂਆਂ ਦੀ ਇਕ ਇਕ ਬੂੰਦ ਦੀ ਸਹੁੰ ਲੈ, ਉਸਦਾ ਬੇੜਾ ਪਾਰ ਕਰ ਅਤੇ ਉਚੀ ਅਵਾਜ਼ ਵਿਚ ਕਹਿ ਬੰਦੇ ਮਾਤਰਮ।

●



Sri Satguru Jagjit Singh Ji Elibrary NamdhariElibrary@gmail.com

ਪਾਠ—8

# ਅੰਤਰਰਾਸ਼ਟਰੀ ਇਨਕਲਾਬੀ ਲਹਿਰਾਂ ਦਾ ਅਧਿਐਨ

[ਜਦ ਭਾਰਤੀ ਇਤਿਹਾਸ, ਇਨਕਲਾਬੀ ਲਹਿਰਾਂ ਦੀ ਵਿਚਾਰਕ, ਕੰਮ ਕਰਨ ਦੇ ਤਰੀਕੇ ਤੇ ਢੰਗ ਦੀ ਪੜਚੋਲ ਭਗਤ ਸਿੰਘ ਨੇ ਸ਼ੁਰੂ ਕੀਤੀ ਤਾਂ ਨਾਲ ਹੀ ਅੰਤਰਰਾਸ਼ਟਰੀ ਇਨਕਲਾਬੀ ਲਹਿਰਾਂ ਨੂੰ ਵੀ ਖੂਬ ਘੋਖਿਆ ਤੇ ਲੋਕਾਂ ਨਾਲ ਸਾਂਝੇ ਵੀ ਕੀਤਾ। ਇਸ ਪੱਖ ਵਿਚ 'ਕਿਰਤੀ' ਵਿਚ ਅਨਾਰਕਿਜ਼ਮ ਕੀ ਹੈ? ਰੂਸ ਦੇ ਜੁਗ-ਪਲਟਾਊ ਨਿਹਿਲਿਸਟ, ਚੀਨੀ ਲੀਡਰ ਸਨ—ਯਤਸੇਨ ਦੀਆਂ ਯਾਦਾਂ ਦਾ ਤਰਜਮਾ, ਕਿਰਤੀਆਂ ਦੇ ਆਪਣੇ ਰੂਸ ਦੇ ਹਾਲਾਤ—ਰੂਸੀ ਮਜ਼ਦੂਰ ਹਕੂਮਤ ਸਭ ਤੋਂ ਚੰਗਾ ਰਾਜ ਹੈ ਜੋ ਐਲਬਰਟ ਰਾਇਸ ਵਿਲੀਅਮ ਦੀ ਕਿਤਾਬ ਦਾ ਤਰਜਮਾ ਅਤੇ ਡਬਲੂ.ਜੇ. ਬ੍ਰਾਊਨ ਦੇ ਲੇਖ ਦਾ ਤਰਜਮਾ ਰੂਸ ਦੇ ਜੇਲ੍ਹ ਖਾਨੇ ਵੀ ਬਹਿਸ਼ਤ ਹਨ। ਡੈਨ ਬਰੀਨ ਦੀ ਕਿਤਾਬ ਆਇਰਸ਼ ਸਵਤੰਤਰਤਾ ਯੁੱਧ ਦੀ ਪੁਸਤਕ ਪੜਚੋਲ ਦਾ ਹਿੰਦੀ ਤਰਜਮਾ ਜੋ ਭਗਤ ਸਿੰਘ ਨੇ ਕੀਤਾ ਸੀ ਅਤੇ ਕਾਨਪੁਰ ਤੋਂ ਛਾਪਿਆ ਸੀ। ਇਹ ਦਰਸਾਉਂਦਾ ਹੈ ਕਿ ਅੰਤਰਰਾਸ਼ਟਰੀ ਇਨਕਲਾਬੀ ਲਹਿਰ ਨੂੰ ਸਮਝਣ ਲਈ ਕਿੰਨਾ ਯਤਨ ਕੀਤਾ ਗਿਆ। ਕੁਝ ਜਾਣਕਾਰੀ ਏਥੇ ਸਾਂਝੀ ਕੀਤੀ ਗਈ ਹੈ।

ਇਹ ਲੇਖ ਭੇਂਟ ਹਨ।

ਭਗਤ ਸਿੰਘ ਨੇ ਮਈ 1928 ਦੇ 'ਕਿਰਤੀ' ਵਿਚ ਅਨਾਰਕਿਜ਼ਮ ਕੀ ਹੈ? ਦੀ ਲੇਖ ਲੜੀ ਸ਼ੁਰੂ ਕੀਤੀ, ਜਿਸ ਦੀ ਦੂਸਰੀ ਤੇ ਤੀਸਰੀ ਕਿਸ਼ਤ ਜੂਨ ਤੇ ਜੁਲਾਈ 1928 ਵਿਚ ਛਪੀਆਂ। ਏਥੇ ਕਮਿਊਨਿਜ਼ਮ ਅਤੇ ਸੋਸ਼ਲਿਜ਼ਮ ਬਾਰੇ ਲਿਖਣ ਦਾ ਵਾਅਦਾ ਵੀ ਕੀਤਾ ਗਿਆ ਹੈ, ਪਰ ਸਮੇਂ ਦੀ ਘਾਟ ਕਰਕੇ ਸ਼ਾਇਦ ਉਹ ਲੇਖ 'ਕਿਰਤੀ' ਵਿਚ ਨਾ ਛਪ ਸਕੇ। ਅਗਸਤ, 1928 ਵਿਚ ਨਿਹਿਲਿਸਟਾਂ ਬਾਰੇ ਲੇਖ ਛਪਿਆ। —ਸੰਪਾਦਕ]

## 28. (1) ਅਨਾਰਕਿਜ਼ਮ (ANARCHISM) ਕੀ ਹੈ?

*(ਵਲੋਂ—'ਵਿਦ੍ਰੋਹੀ' ਜੀ)*

ਅੱਜ ਦੁਨੀਆ ਵਿਚ ਬੜੀ ਹਲਚਲ ਮੱਚੀ ਹੋਈ ਹੈ। ਬੜੇ-ਬੜੇ ਦਿਮਾਗ਼ ਸੰਸਾਰ ਵਿਚ ਸ਼ਾਂਤੀ ਸਥਾਪਿਤ ਕਰਨ ਦੇ ਫ਼ਿਕਰ ਵਿਚ ਫ਼ਸੇ ਹੋਏ ਹਨ ਪਰ ਹੁਣ ਜਿਸ ਸ਼ਾਂਤੀ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਆਰਜ਼ੀ ਸ਼ਾਂਤੀ ਨਹੀਂ, ਉਹ ਪੱਕੀ ਸਦਾ ਰਹਿਣ ਵਾਲੀ ਸ਼ਾਂਤੀ ਹੈ। ਉਸ ਤੀਕ ਪੁੱਜਣ ਵਾਸਤੇ ਬੜੇ-ਬੜੇ ਮਹਾਂਪੁਰਸ਼ ਆਪਣਾ ਜੀਵਨ ਅਰਪਣ ਕਰ ਗਏ ਅਤੇ ਕਰ ਰਹੇ ਹਨ, ਅਸੀਂ ਅੱਜ ਗ਼ੁਲਾਮ ਹਾਂ। ਸਾਡੀ ਨਜ਼ਰ ਕਮਜ਼ੋਰ ਹੈ। ਸਾਡਾ ਦਿਮਾਗ਼ ਮੰਦ ਹੋਇਆ ਹੈ। ਸਾਡਾ ਦਿਲ ਕਮਜ਼ੋਰ ਹੋ ਗਿਆ ਅਤੇ ਹੋ ਰਿਹਾ ਹੈ। ਅਸੀਂ ਦੁਨੀਆ ਦੀ ਸ਼ਾਂਤੀ ਤੇ ਕੀ ਫ਼ਿਕਰ ਕਰਨੀ ਹੈ, ਆਪਣੇ ਦੇਸ਼ ਵਾਸਤੇ ਹੀ ਕੁਝ ਨਹੀਂ ਕਰ ਸਕਦੇ ਅਤੇ ਕੁਝ ਨਹੀਂ ਕਰ ਰਹੇ। ਇਸ ਨੂੰ ਆਪਣੀ ਬਦਕਿਸਮਤੀ ਹੀ ਕਹਿਣਾ ਚਾਹੀਦਾ ਹੈ। ਸਾਨੂੰ ਤਾਂ ਸਾਡੇ ਦਕਿਆਨੂਸੀ ਖ਼ਿਆਲਾਤ ਹੀ ਸਗੋਂ



Sri Satguru Jagjit Singh Ji Elibrary NamdhariElibrary@gmail.com

ਗਰਕ ਕਰੀ ਜਾਂਦੇ ਹਨ। ਅਸੀਂ ਰੱਬ ਤੇ ਸਵਰਗ ਦੇ ਰੋਂਡੀ ਰੋਣੇ ਵਿਚ ਆਤਮਾ ਪਰਮਾਤਮਾ ਦੇ ਸਿਆਪੇ ਵਿਚ ਫਸੇ ਰਹਿੰਦੇ ਹਾਂ।ਅਸੀਂ ਯੂਰਪ ਨੂੰ ਝਟ ਮਾਇਆਂਵਾਦੀ ਕਹਿ ਦੇਂਦੇ ਹਾਂ ਅਤੇ ਉਹਨਾਂ ਦੇ ਜੋ ਬੜੇ ਬੜੇ ਉੱਚੇ ਵਿਚਾਰ ਹਨ, ਉਹਨਾਂ ਵੱਲ ਧਿਆਨ ਹੀ ਨਹੀਂ ਦਿੰਦੇ। ਅਸੀਂ ਰੂਹਾਨਿਯਤ ਪਸੰਦ ਜੁ ਹੋਏ, ਅਸੀਂ ਬੜੇ ਤਿਆਗੀ ਜੁ ਹੋਏ।ਸਾਨੂੰ ਇਸ ਜੱਗ ਦੀਆਂ ਗੱਲਾਂ ਹੀ ਨਹੀਂ ਕਰਨੀਆਂ ਚਾਹੀਦੀਆਂ। ਸਾਡੀ ਏਡੀ ਭੈੜੀ ਹਾਲਤ ਹੋ ਗਈ ਹੈ ਕਿ ਦੁਨੀਆ ਵੱਲ ਵੇਖ-ਵੇਖ ਕੇ ਰੋਣ ਨੂੰ ਚਿੱਤ ਕਰਦਾ ਹੈ, ਪਰ ਫੇਰ ਵੀ ਵੀਹਵੀਂ ਸਦੀ ਵਿਚ ਹਾਲਾਤ ਸੁਧਰ ਰਹੇ ਹਨ। ਨੌਜਵਾਨਾਂ ਵਿਚ ਯੂਰਪ ਦੇ ਵਿਚਾਰਾਂ ਤੇ ਸੋਚਣ ਦਾ ਕੁਝ ਕੁਝ ਭਾਵ ਪੈਦਾ ਹੋ ਰਿਹਾ ਹੈ ਅਤੇ ਜੋ ਨੌਜਵਾਨ ਸੰਸਾਰ ਵਿਚ ਕੁਝ ਉੱਨਤੀ ਕਰਨੀ ਚਾਹੁੰਦੇ ਹਨ, ਉਹਨਾਂ ਨੂੰ ਮੌਜੂਦਾ ਜ਼ਮਾਨੇ ਦੇ ਉੱਚੇ-ਉੱਚੇ ਸੱਚੇ ਖ਼ਿਆਲਾਂ ਦਾ ਮੁਤਾਲਿਆ ਕਰਨਾ ਚਾਹੀਦਾ ਹੈ।

ਅੱਜ ਸੁਸਾਇਟੀ ਦੇ ਵਿਚ ਹੋਣ ਵਾਲੇ ਜ਼ੁਲਮ ਦੇ ਵਿਰੁੱਧ ਕੀ ਆਵਾਜ਼ਾਂ ਉੱਠ ਰਹੀਆਂ ਹਨ ਤੇ ਪੱਕੀ ਸ਼ਾਂਤੀ ਸਥਾਪਿਤ ਕਰਨ ਵਾਸਤੇ ਕੀ ਵਿਚਾਰ ਉਠ ਰਹੇ ਹਨ, ਉਨ੍ਹਾਂ ਨੂੰ ਅੱਛੀ ਤਰ੍ਹਾਂ ਜਾਣਿਆਂ ਬਿਨਾਂ ਆਦਮੀ ਦਾ ਗਿਆਨ ਬਿਲਕੁਲ ਅਧੂਰਾ ਰਹਿ ਜਾਂਦਾ ਹੈ। ਅੱਜ ਅਸੀਂ, ਕਮਿਊਨਿਜ਼ਮ (Communism) ਸੋਸ਼ਲਿਜ਼ਮ (Socialism) ਆਦਿ ਅਨੇਕ ਵਿਚਾਰਾਂ ਦੇ ਸੰਬੰਧ ਵਿਚ ਬਹੁਤ ਕੁਝ ਸੁਣ ਰਹੇ ਹਾਂ। ਇਹਨਾਂ ਸਭਨਾਂ ਤੋਂ ਉੱਚਾ ਆਦਰਸ਼ 'ਅਨਾਰਕਿਜ਼ਮ' (Anarchism) ਹੀ ਸਮਝਿਆ ਜਾਂਦਾ ਹੈ। ਇਹ ਲੇਖ ਉਸੇ ਅਨਾਰਕਿਜ਼ਮ ਦੇ ਮੁਤਾਅਲਕ ਲਿਖਿਆ ਜਾ ਰਿਹਾ ਹੈ।

ਲੋਕੀ "ਅਨਾਰਕਿਸਟ" ਨਾਮ ਕੋਲੋਂ ਬੜਾ ਡਰਦੇ ਸਨ। ਜਦ ਕੋਈ ਆਦਮੀ ਆਪਣੀ ਆਜ਼ਾਦੀ ਖਾਤਰ ਕਿਧਰੋਂ ਪਿਸਤੌਲ ਜਾਂ ਬੰਬ ਲੈ ਨਿਕਲਦਾ ਹੈ। ਤਦੋਂ ਹੀ ਸਾਰੇ ਹਾਕਮ ਅਤੇ ਉਹਨਾਂ ਦੇ ਪਿੱਠੂ "ਅਨਾਰਕਿਸਟ" "ਅਨਾਰਕਿਸਟ" ਕਹਿ ਕੇ ਦੁਨੀਆ ਨੂੰ ਡਰਾ ਦੇਂਦੇ ਹਨ। "ਅਨਾਰਕਿਸਟ" ਇਕ ਬੜਾ ਖ਼ੂੰਖ਼ਾਰ ਆਦਮੀ ਸਮਝਿਆ ਜਾਂਦਾ ਹੈ, ਜਿਸ ਦੇ ਦਿਲ ਵਿਚ ਕਿ ਜ਼ਰਾ ਭਰ ਵੀ ਤਰਸ ਨਾ ਹੋਵੇ ਅਤੇ ਜੋ ਖ਼ੂਨ ਦਾ ਪਿਆਸਾ ਹੋਵੇ। ਨਾਸ਼ ਮਹਾਂਨਾਸ਼ ਦੇਖ ਕੇ ਜੋ ਪ੍ਰਸੰਨ ਹੋ ਉਠਦਾ ਹੋਵੇ। ਅਨਾਰਕਿਸਟ ਲਫ਼ਜ਼ ਇਤਨਾ ਬਦਨਾਮ ਕੀਤਾ ਜਾ ਚੁੱਕਾ ਹੈ ਕਿ ਭਾਰਤ ਤੇ ਰਾਜ ਪਲਟਾਊਆਂ ਵੱਲ ਵੀ ਲੋਕਾਂ ਦੀ ਘਿਰਣਾ ਪੈਦਾ ਕਰਨ ਵਾਸਤੇ ਉਨ੍ਹਾਂ ਨੂੰ ਵੀ ਅਨਾਰਕਿਸਟ ਕਿਹਾ ਗਿਆ। ਡਾਕਟਰ ਭੂਪਿੰਦਰ ਨਾਥ ਦੱਤ ਨੇ ਆਪਣੀ ਬੰਗਾਲੀ ਪੁਸਤਕ 'ਅਪ੍ਰਕਾਸ਼ਿਤ ਰਾਜਨੀਤਿਕ ਇਤਿਹਾਸ' ਦੇ ਪਹਿਲੇ ਭਾਗ ਵਿਚ ਏਸ ਗੱਲ ਦਾ ਵਰਨਣ ਕੀਤਾ ਹੈ। ਉਹ ਕਹਿੰਦੇ ਹਨ ਕਿ ਸਾਡੇ ਦਿਲ ਨੂੰ ਬਦਨਾਮ ਕਰਨ ਖਾਤਰ ਸਰਕਾਰ ਭਾਵੇਂ "ਅਨਾਰਕਿਸਟ" "ਅਨਾਰਕਿਸਟ" ਕਹਿੰਦੀ ਰਹੀ, ਪਰ ਅਸਲ ਵਿਚ ਤਾਂ ਉਹ ਟੋਲਾ ਰਾਜ ਪਲਟਾਊਆਂ ਦਾ ਸੀ ਅਤੇ ਅਨਾਰਕਿਜ਼ਮ (Anarchism) ਤਾਂ ਇਕ ਬੜਾ ਉੱਚਾ (Ideal) ਆਦਰਸ਼ ਹੈ ਉੱਥੇ ਤੀਕ ਤੇ ਸਾਡੇ ਸਾਧਾਰਨ ਲੋਕਾਂ ਨੇ ਕੀ ਸੋਚਣਾ ਸੀ, ਉਹ ਤਾਂ *ਰਾਜ ਪਲਟਾਊਆਂ ਤੋਂ ਅਗਾਂਹ *ਜੁਗ ਪਲਟਾਊ ਵੀ ਨਹੀਂ ਸਨ। ਉਹ ਲੋਕਾਂ ਕੀ ਨਿਰੇ ਰਾਜ-ਪਲਟਾਊ ਹੀ ਸਨ। ਖ਼ੈਰ !

---

*ਇਨ੍ਹਾਂ ਦੋਹਾਂ ਅੱਖਰਾਂ ਵਾਸਤੇ ਅਸੀਂ ਅੰਗਰੇਜ਼ੀ ਦਾ ਲਫ਼ਜ਼ (Revolutionary) ਇਸਤੇਮਾਲ ਕਰਦੇ ਹਾਂ। ਹਾਲਾਂਕਿ (Revolutionary) ਦੇ ਅਰਥ ਬਹੁਤ ਕੁਝ ਜੁੱਗ-ਪਲਟਾਊ ਲਫ਼ਜ਼ ਵਿਚ ਆ ਜਾਂਦੇ ਹਨ, ਰਾਜ-ਪਲਟਾਊ ਤੇ ਉਹ ਲੋਕੀ ਹੁੰਦੇ ਹਨ ਜੋ ਕਿ ਸਿਰਫ਼ ਰਾਜ ਨੂੰ ਹੀ ਪਲਟੌਣ ਦਾ ਯਤਨ ਕਰਨ। ਪਰ ਜੁੱਗ-ਪਲਟਾਊਆਂ ਸਾਹਮਣੇ ਸਾਰਾ ਸਮਾਜ (Society) ਅਤੇ ਜੁੱਗ ਦੇ ਵਿਚ ਇਕ ਪਲਟਾ ਦੇਣ ਜਾਂ (Revolution) ਕਰਨ ਦਾ ਆਦਰਸ਼ ਹੁੰਦਾ ਹੈ ਅਤੇ ਹੁਣ ਤੋਂ ਪਾਠਕਾਂ ਨੂੰ (Revolutionary) ਲਫ਼ਜ਼ ਦਾ ਅਰਥ ਸੋਚ ਸਮਝ ਲੈਣਾ ਚਾਹੀਦਾ ਹੈ। ਤਾਂ ਕਿ ਅਗਾਂਹ ਮਤਲਬ ਸਮਝਣ ਵਿਚ ਖ਼ਰਾਬੀ ਨਾ ਹੋਵੇ।



Sri Satguru Jagjit Singh Ji Elibrary NamdhariElibrary@gmail.com

ਅਸੀਂ ਕਹਿ ਰਹੇ ਸਾਂ ਕਿ ਅਨਾਰਕਿਸਟ ਲਫ਼ਜ਼ ਬੜਾ ਬਦਨਾਮ ਕੀਤਾ ਗਿਆ ਹੈ ਅਤੇ ਖ਼ੁਦਗਰਜ਼, ਪੂੰਜੀਦਾਰਾਂ ਨੇ ਜਿਸ ਤਰ੍ਹਾਂ 'ਬਲਸ਼ਿਵੇਕ' 'ਕਮਿਊਨਿਸਟ' 'ਸੋਸ਼ਲਿਸਟ' ਆਦਿ ਲਫ਼ਜ਼ ਬਦਨਾਮ ਕੀਤੇ ਹਨ, ਉਸ ਤਰ੍ਹਾਂ ਏਸ ਲਫ਼ਜ਼ ਨੂੰ ਵੀ ਬਦਨਾਮ ਕੀਤਾ। ਹਾਲਾਂਕਿ ਅਨਾਰਕਿਸਟ ਸਭ ਤੋਂ ਵਧੀਕ ਦਰਦਮੰਦ ਦਿਲ ਵਾਲੇ ਸਾਰੀ ਦੁਨੀਆ ਦਾ ਭਲਾ ਚਾਹੁਣ ਵਾਲੇ ਹੁੰਦੇ ਹਨ। ਉਨ੍ਹਾਂ ਦੇ ਵਿਚਾਰਾਂ ਨਾਲ ਭੇਦ ਰਖਦਿਆਂ ਹੋਇਆਂ ਵੀ ਉਨ੍ਹਾਂ ਦੀ ਗੰਭੀਰਤਾ, ਲੋਕ ਪਿਆਰ, ਤਿਆਗ ਅਤੇ ਉਨ੍ਹਾਂ ਦੀ ਸੱਚਾਈ ਆਦਿ ਉੱਤੇ ਕਿਸੇ ਨੂੰ ਸ਼ੱਕ ਨਹੀਂ ਹੋ ਸਕਦਾ।

ਲਫ਼ਜ਼ ਅਨਾਰਕਿਸਟ (Anarhist) ਜਿਸ ਦੇ ਮੁਕਾਬਲੇ ਵਿਚ ਹਿੰਦੀ ਲਫ਼ਜ਼ 'ਅਰਾਜਕ' ਹੀ ਇਸਤੇਮਾਲ ਹੁੰਦਾ ਹੈ, ਅਸਲ ਵਿਚ ਇਹ ਲਫ਼ਜ਼ ਯੂਨਾਨੀ ਭਾਸ਼ਾ ਦਾ ਹੈ। ਲਫ਼ਜ਼ੀ ਮਾਨੇ ਹਨ। (an = not, arche = rule) ਨਾ-ਹਕੂਮਤ ਯਾਨੀ ਕਿਸੇ ਕਿਸਮ ਦੀ ਹਕੂਮਤ ਦਾ ਨਾ ਹੋਣਾ। (Negation of Government) ਅਸਲ ਵਿਚ ਆਦਮੀ ਦੀ ਪਹਿਲਾਂ ਤੋਂ ਹੀ ਵਧੀਕ ਤੋਂ ਵਧੀਕ ਆਜ਼ਾਦੀ ਹਾਸਲ ਕਰਨ ਦੀ ਕੋਸ਼ਿਸ਼ ਰਹੀ ਹੈ ਅਤੇ ਵਿਚ-ਵਿਚ ਪੂਰੀ ਆਜ਼ਾਦੀ, ਜੋ ਕਿ ਅਨਾਰਕਿਸਟ ਆਦਰਸ਼ ਵਾਲੀ ਹੈ, ਦੇ ਮਿਲਦੇ ਜੁਲਦੇ ਖ਼ਿਆਲਾਤਾਂ ਦਾ ਇਜ਼ਹਾਰ ਵੀ ਹੋਇਆ। ਮਸਲਨ ਪੁਰਾਣੇ ਜ਼ਮਾਨੇ ਵਿਚ ਇਕ ਯੂਨਾਨੀ ਫਿਲੌਸਫਰ ਨੇ ਕਿਹਾ :

"We wish neither to belong to the governing class nor to the governed.

ਯਾਨੀ ਅਸੀਂ ਨਾ ਰਾਜ ਬਣਨਾ ਚਾਹੁੰਦੇ ਹਾਂ ਤੇ ਨਾ ਪਰਜਾ ਹੀ। ਮੈਂ ਸਮਝਦਾ ਹਾਂ ਕਿ ਹਿੰਦੋਸਤਾਨ ਦੇ 'ਵਿਸ਼ਵ ਪ੍ਰੇਮ' (Universal Brotherhood) ਅਤੇ ਸੰਸਕ੍ਰਿਤ ਦੇ ਵਾਕ 'ਵਸੁਧਾ ਏਵ ਕਟੁੰਬੇਕ' ਆਦਿ ਵਿਚ ਵੀ ਏਹੋ ਹੀ ਪਾਇਆ ਜਾਂਦਾ ਹੈ। ਖ਼ੈਰ ਅਗਰ ਅਸੀਂ ਬਹੁਤ ਪੁਰਾਣੀ ਤਹਕੀਕ ਕਰਕੇ ਕਿਸੇ ਖਾਸ ਨਤੀਜੇ ਤੇ ਨਾ ਵੀ ਪੁੱਜ ਸਕੀਏ ਤਾਂ ਵੀ ਇਹ ਮੰਨਣਾ ਪਵੇਗਾ ਕਿ ਇਹ ਖ਼ਿਆਲ ਉਨ੍ਹੀਵੀਂ ਸਦੀ ਅਰਥਾਤ ਪਿਛਲੀ ਸਦੀ ਦੇ ਸ਼ੁਰੂ ਵਿਚ ਇਕ ਫ਼ਰਾਂਸੀਸੀ ਫਿਲੌਸਫਰ ਪ੍ਰੋਦੋਨ (Proudhon) ਨੇ ਖੁੱਲ੍ਹੇ ਤੌਰ 'ਤੇ ਲੋਕਾਂ ਅੱਗੇ ਰੱਖਿਆ ਅਤੇ ਉਸ ਦਾ ਖੁਲਮ-ਖੁਲਾ ਪ੍ਰਚਾਰ ਕੀਤਾ। ਇਸੇ ਕਰਕੇ ਉਸ ਨੂੰ (Father of Anarchism) ਯਾਨੀ ਅਨਾਰਕਿਜ਼ਮ ਦਾ ਜਨਮ ਦਾਤਾ ਕਿਹਾ ਜਾਂਦਾ ਹੈ। ਉਸ ਨੇ ਇਸ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ ਬਾਅਦ ਵਿਚ ਇਕ ਰੂਸੀ ਵੀਰ, ਬੈਕੂਨਿਨ (Bakounin) ਨੇ ਇਸ ਦੇ ਪ੍ਰਚਾਰ ਅਤੇ ਕਾਮਯਾਬ ਬਨਾਉਣ ਵਾਸਤੇ ਬੜਾ ਕੰਮ ਕੀਤਾ, ਫੇਰ (Johann Most, Prince Kropotkin) ਆਦਿਕ ਅਨੇਕ ਅਨਾਰਕਿਸਟ ਪੈਦਾ ਹੋਏ। ਅੱਜ ਕੱਲ੍ਹ ਅਮਰੀਕਾ ਵਿਚ ਸ਼੍ਰੀਮਤੀ ਏਮਾ ਗੋਲਡ ਮੈਨ (Emma Gold men) ਅਤੇ (Alexandar Brekman) ਆਦਿ ਉਸਦੇ ਪ੍ਰਚਾਰਕ ਹਨ।

ਅਨਾਰਕਿਜ਼ਮ ਮੁਤਅਲਕ ਸ਼੍ਰੀਮਤੀ ਗੋਲਡਮੈਨ ਨੇ ਲਿਖਿਆ ਹੈ :

(Anarchism—The Philosophy of a new social order based on Liberty unrestricted by man-made Law ; the theory that all forms of Government rest on violence, and are therefore wrong and harmful, as well as unnecessary.)

ਯਾਨੀ—ਅਨਾਰਕਿਜ਼ਮ ਇਕ ਨਵੀਂ ਫ਼ਿਲੌਸੋਫ਼ੀ ਹੈ ਜਿਸ ਦੇ ਮੁਤਾਬਿਕ ਇਕ ਨਵਾਂ ਸਮਾਜ ਜਾਂ ਸੁਸਾਇਟੀ ਬਣੇਗੀ ਯਾਨੀ ਲੋਕਾਂ ਦਾ ਰਹਿਣ ਸਹਿਣ ਜਾਂ ਭਾਈਚਾਰਾ ਐਸਾ ਹੋਵੇਗਾ ਜਿਸ ਵਿਚ ਕਿ ਆਦਮੀ ਦੇ ਬਣਾਏ ਹੋਏ ਕਾਨੂੰਨ ਕੋਈ ਰੁਕਾਵਟ ਨਾ ਪਾ ਸਕਣਗੇ। ਉਸ ਦੇ ਮੁਤਾਬਿਕ ਕੋਈ ਗਵਰਨਮੈਂਟ ਵੀ ਜ਼ਰੂਰੀ ਨਹੀਂ ਸਮਝੀ ਜਾਂਦੀ ਕਿਉਂਕਿ ਹਰ ਇਕ ਗਵਰਨਮੈਂਟ ਜ਼ੁਲਮ ਤੇ ਖਲੋਤੀ ਹੁੰਦੀ ਹੈ ਅਤੇ ਇਸੇ ਕਰਕੇ ਗ਼ੈਰ ਜ਼ਰੂਰੀ ਹੈ।

ਏਸ ਤੋਂ ਵੀ ਪਤਾ ਚਲਦਾ ਹੈ ਕਿ ਅਨਾਰਕਿਸਟ ਕਿਸੇ ਕਿਸਮ ਦੀ ਗਵਰਨਮੈਂਟ ਨਹੀਂ ਚਾਹੁੰਦੇ। ਏਹ ਗੱਲ ਠੀਕ ਹੈ ਪਰ ਏਹ ਸੁਣ ਕੇ ਅਸੀਂ ਲੋਕੀਂ ਡਰ ਜਾਂਦੇ ਹਾਂ ! ਸਾਡੇ ਦਿਲਾਂ ਵਿਚ



Sri Satguru Jagjit Singh Ji Elibrary NamdhariElibrary@gmail.com

ਕਈ ਤਰ੍ਹਾਂ ਦੇ ਹਊਏ ਪੈਦਾ ਕੀਤੇ ਜਾਂਦੇ ਹਨ। ਅਸੀਂ ਅੰਗਰੇਜ਼ੀ ਸਰਕਾਰ ਦੇ ਬਾਅਦ ਆਪਣੀ ਸਰਕਾਰ ਬਣਾ ਕੇ ਵੀ ਭੂਤ ਵੇਖ-ਵੇਖ ਡਰੀਏ ਅਤੇ ਸਦਾ ਥਰ-ਥਰ ਕੰਬਦੇ ਰਹੀਏ। ਇਹੋ ਸਾਡੇ ਹਾਕਮਾਂ ਦੀ ਨੀਅਤ ਰਹਿੰਦੀ ਹੈ, ਤਾਂ ਐਸੀ ਹਾਲਤ ਵਿਚ ਅਸੀਂ ਕਿਸ ਤਰ੍ਹਾਂ ਇਕ ਮਿੰਟ ਵਾਸਤੇ ਵੀ ਸੋਚ ਸਕਦੇ ਹਾਂ ਕਿ ਐਸਾ ਵੀ ਕੋਈ ਵੇਲਾ ਆ ਸਕਦਾ ਹੈ ਕਿ ਜਦੋਂ ਬਿਨਾਂ ਗਵਰਨਮੈਂਟ ਦੇ ਵੀ ਅਸੀਂ ਸੁਖੀ ਤੇ ਆਜ਼ਾਦ ਰਹਿ ਸਕਦੇ ਹਾਂ। ਪਰ ਇਸ ਵਿਚ ਸਾਡੀ ਆਪਣੀ ਕਮਜ਼ੋਰੀ ਹੈ। ਆਦਰਸ਼ ਦਾ ਯਾ ਭਾਵ ਦਾ ਕੋਈ ਕਸੂਰ ਨਹੀਂ।

Anarchism ਦੇ ਮੁਤਾਬਕ ਜਿਸ ਆਦਰਸ਼ ਆਜ਼ਾਦੀ ਦੀ ਕਲਪਨਾ ਕੀਤੀ ਜਾਂਦੀ ਹੈ, ਉਹ ਪੂਰਨ ਆਜ਼ਾਦੀ ਹੈ, ਜਿਸ ਦੇ ਮੁਤਾਬਕ ਨਾ ਤੇ ਦਿਲ 'ਤੇ ਰੱਬ ਦਾ ਤੇ ਮਜ਼ਹਬ ਦਾ ਭੂਤ ਸਵਾਰ ਹੋਵੇ ਤੇ ਨਾ ਸਿਰ ਵਿਚ ਮਾਯਾ ਯਾ ਦੌਲਤ ਦਾ ਲਾਲਚ ਯਾ ਖਫਤ ਸਮਾਇਆ ਹੋਇਆ ਹੋਵੇ ਅਤੇ ਨਾ ਸਰੀਰ 'ਤੇ ਸਰਕਾਰੀ ਯਾ ਕਿਸੇ ਪ੍ਰਕਾਰ ਵੀ ਗਵਰਨਮੈਂਟ ਦੀਆਂ ਜ਼ੰਜੀਰਾਂ ਕੱਸੀਆਂ ਹੋਈਆਂ ਹੋਣ। ਇਸ ਦੇ ਮਾਨੇ ਹੋਏ ਕਿ ਉਹ ਤਿੰਨਾਂ ਮੋਟੀਆਂ ਗੱਲਾਂ ਨੂੰ ਦੁਨੀਆ ਦੇ ਤਖ਼ਤੇ ਤੋਂ ਮਿਟਾ ਦੇਣਾ ਚਾਹੁੰਦੇ ਹਨ, (1) Church (ਰੱਬ ਜਾਂ ਮਜ਼ੱਹਬ) (2) State (ਗਵਨਰਮੈਂਟ), (3) Private Property) (ਨਿੱਜੀ ਜਾਇਦਾਦ)।

ਵੈਸੇ ਤਾਂ ਇਹ ਮਜ਼ਮੂਨ ਬੜਾ ਦਿਲਚਸਪ ਅਤੇ ਲੰਬਾ ਹੈ, ਜਿਸ ਕਰਕੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ, ਪਰ ਹੁਣ ਅਸੀਂ ਬਹੁਤਾ ਵਧਾ ਨਹੀਂ ਸਕਦੇ, ਥਾਂ ਥੋੜ੍ਹਾ ਹੈ। ਇਸ ਕਰਕੇ ਅਸੀਂ ਮੋਟੀਆਂ-ਮੋਟੀਆਂ ਗੱਲਾਂ ਦਾ ਹੀ ਜ਼ਿਕਰ ਕਰਦੇ ਹਾਂ।

ਸਭ ਤੋਂ ਪਹਿਲਾਂ ਰੱਬ ਅਤੇ ਮਜ਼ਹਬ ਆਉਂਦਾ ਹੈ। ਹਿੰਦੁਸਤਾਨ ਵਿਚ ਵੀ ਹੁਣ ਤਾਂ ਇਨ੍ਹਾਂ ਦੋਹਾਂ ਭੂਤਾਂ ਦੇ ਵਿਰੁੱਧ ਆਵਾਜ਼ ਉੱਠ ਰਹੀ ਹੈ, ਪਰ ਯੂਰਪ ਵਿਚ ਤਾਂ ਪਿਛਲੀ ਸਦੀ ਤੋਂ ਹੀ ਇਸ ਦੇ ਵਿਰੁੱਧ ਬਗ਼ਾਵਤ ਖੜ੍ਹੀ ਹੋਈ ਹੋਈ ਹੈ। ਉਹ ਤਾਂ ਸ਼ੁਰੂ ਹੀ ਇਸ ਕਾਲ ਤੋਂ ਕਰਦੇ ਹਨ ਕਿ ਪਹਿਲਾਂ ਪਹਿਲ ਜਦੋਂ ਲੋਕਾਂ ਦਾ ਗਿਆਨ ਬੜਾ ਘੱਟ ਸੀ, ਉਦੋਂ ਉਹ ਹਰ ਇਕ ਚੀਜ਼ ਤੋਂ ਡਰ ਜਾਂਦੇ ਸਨ, ਹਮੇਸ਼ਾ ਅਸਮਾਨੀ ਤਾਕਤਾਂ ਤੋਂ ਡਰਦੇ ਰਹਿੰਦੇ ਸਨ। ਆਤਮ ਵਿਸ਼ਵਾਸ ਉਨ੍ਹਾਂ ਵਿਚ ਬਿਲਕੁਲ ਹੀ ਨਾ ਰਿਹਾ ਅਤੇ ਆਪਣੇ ਆਪ ਨੂੰ 'ਖਾਕ ਦਾ ਪੁਤਲਾ' ਕਹਿਣ ਲੱਗ ਪਏ। ਉਹ ਕਹਿੰਦੇ ਹਨ ਕਿ ਮਜ਼ਰਬ ਅਤੇ 'ਅਸਮਾਨੀ ਤਾਕਤ' 'ਖ਼ੁਦਾ' ਉਸੇ ਅਗਿਆਨਤਾ ਦਾ ਨਤੀਜਾ ਹਨ, ਇਸ ਕਰਕੇ ਹੀ ਉਨ੍ਹਾਂ ਦੀ ਹਸਤੀ ਦਾ ਵਹਿਮ ਮਿਟਾ ਦੇਣਾ ਚਾਹੀਦਾ ਹੈ ਅਤੇ ਹੋਰ ਇਹ ਵੀ ਗੱਲ ਹੈ ਕਿ ਅਸੀਂ ਛੋਟਿਆਂ ਹੁੰਦਿਆਂ ਤੋਂ ਹੀ ਬੱਚਿਆਂ ਨੂੰ ਦੱਸਣਾ ਸ਼ੁਰੂ ਕਰ ਦਿੰਦੇ ਹਾਂ ਕਿ :

'God is Everything—man is nothing.'

ਜੋ ਕੁਝ ਵੀ ਹੈ, ਰੱਬ ਹੀ ਹੈ, ਆਦਮੀ ਤਾਂ ਕੁਝ ਵੀ ਨਹੀਂ। ਮਿੱਟੀ ਦਾ ਪੁਤਲਾ ਹੈ। ਇਸ ਵਿਚਾਰ ਦੇ ਦਿਲ 'ਤੇ ਘਰ ਕਰਦਿਆਂ ਹੀ ਆਦਮੀ ਵਿਚ ਆਤਮ ਵਿਸ਼ਵਾਸ ਦਾ ਭਾਵ ਮਾਰਿਆ ਜਾਂਦਾ ਹੈ। ਉਸ ਨੂੰ ਮਲੂਮ ਹੋਣ ਲੱਗ ਪੈਂਦਾ ਹੈ ਕਿ ਉਹ ਬੜਾ ਕਮਜ਼ੋਰ ਹੈ। ਉਹ ਐਵੇਂ ਡਰਦਾ ਰਹਿੰਦਾ ਹੈ। ਜਿਤਨੀ ਦੇਰ ਇਹ ਡਰ ਮੌਜੂਦ ਹੈ, ਉਤਨੀ ਦੇਰ ਪੂਰਨ ਸੁਖ ਅਤੇ ਸ਼ਾਂਤੀ ਨਹੀਂ ਹੋ ਸਕਦੀ।

ਹਿੰਦੁਸਤਾਨ ਵਿਚ ਵੀ ਪਹਿਲਾਂ ਮਹਾਤਮਾ ਬੁੱਧ ਨੇ ਰੱਬ ਦੀ ਹਸਤੀ ਤੋਂ ਇਨਕਾਰ ਕੀਤਾ ਸੀ। ਉਹ ਈਸ਼ਵਰ ਵਿਚ ਯਕੀਨ ਨਹੀਂ ਰੱਖਦੇ ਸਨ। ਹੁਣ ਵੀ ਕੁਝ ਇਕ ਸਾਧੂ ਇਹੋ ਜਿਹੇ ਹਨ, ਜੋ ਰੱਬ ਨੂੰ ਨਹੀਂ ਮੰਨਦੇ। ਬੰਗਾਲ ਦੇ ਸੋਮੋ ਸਵਾਮੀ (Sohom Swami) ਵੀ ਉਨ੍ਹਾਂ ਦੇ ਲੀਡਰਾਂ ਵਿਚੋਂ ਹੋਏ ਹਨ। ਅੱਜਕੱਲ੍ਹ ਨਿਰਾਲੰਬ ਸਵਾਮੀ (Niralamba Swami)। ਸੋਮੋ ਸਵਾਮੀ ਦੀ ਇਕ ਪੁਸਤਕ (Common Sense) ਅੰਗਰੇਜ਼ੀ ਵਿਚ ਛਪੀ ਹੋਈ ਹੈ। ਉਨ੍ਹਾਂ ਨੇ ਖ਼ੁਦਾ ਦੀ ਹਸਤੀ



Sri Satguru Jagjit Singh Ji Elibrary NamdhariElibrary@gmail.com

ਦੇ ਵਿਰੁੱਧ ਬਹੁਤ ਅੱਛੀ ਤਰ੍ਹਾਂ ਲਿਖਿਆ ਅਤੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰੰਤੂ ਉਹ ਲੋਕੀਂ ਅਨਾਰਕਿਸਟ ਨਹੀਂ ਹੋ ਗਏ। 'ਤਿਆਗ' ਅਤੇ 'ਯੋਗ' ਦੇ ਬਹਾਨੇ ਹੁਣ ਵੀ ਵਿਹਲੀਆਂ ਉਡਾਉਂਦੇ ਹਨ। ਖ਼ੈਰ ! ਮਤਲਬ ਹੈ ਸਾਇੰਸ ਦੇ ਜ਼ਮਾਨੇ ਵਿਚ ਖ਼ੁਦਾ ਦੀ ਹਸਤੀ ਵੀ ਮਿਟਾਈ ਜਾ ਰਹੀ ਹੈ, ਜਿਸ ਦੇ ਨਾਲ ਹੀ ਕਿ ਮਜ਼ਹਬ ਵੀ ਨਾਸ਼ ਤੋਂ ਨਾਬੂਤ ਹੋ ਜਾਵੇਗਾ। ਅਮਲ ਵਿਚ ਤੇ ਅਨਾਰਕਿਸਟਾਂ ਦੇ ਸਿਰਤਾਜ (Bakounin) ਨੇ ਆਪਣੀ ਕਿਤਾਬ (God and State) ਵਿਚ ਰੱਬ ਦੀ ਅੱਛੀ ਖ਼ਬਰ ਲਈ ਹੈ। ਉਸ ਨੇ ਅੰਜੀਲ ਦੀ ਕਹਾਣੀ ਸਾਹਮਣੇ ਰੱਖ ਲਈ ਹੈ ਤੇ ਕਹਿੰਦਾ ਹੈ ਖ਼ੁਦਾ ਨੇ ਦੁਨੀਆ ਬਣਾਈ ਅਤੇ ਆਦਮੀ ਨੂੰ ਆਪਣੇ ਵਰਗਾ ਬਣਾਇਆ। ਬੜੀ ਮਿਹਰਬਾਨੀ ਕੀਤੀ ਪਰ ਨਾਲ ਹੀ ਇਹ ਕਹਿ ਦਿੱਤਾ ਕਿ ਦੇਖੀਂ, ਅਕਲ ਦੇ ਦਰੱਖ਼ਤ (Forbidden Tree) ਦਾ ਮੇਵਾ ਨਾ ਖਾਈਂ। ਅਸਲ ਵਿਚ ਖ਼ੁਦਾ ਨੇ ਆਪਣੇ ਦਿਲ ਦੇ ਬਹਿਲੌਣ ਵਾਸਤੇ ਆਦਮੀ ਤੇ ਹਊਵਾ ਨੂੰ ਬਣਾ 'ਤੇ ਦਿੱਤਾ, ਪਰ ਉਹ ਚਾਹੁੰਦਾ ਸੀ ਕਿ ਸਦਾ ਉਸ ਦੇ ਗ਼ੁਲਾਮ ਬਣੇ ਰਹਿਣ ਤੇ ਉਸ ਦਾ ਵਿਰੁੱਧ ਸਿਰ ਨਾ ਚੁੱਕ ਸਕਣ। ਇਸੇ ਕਰਕੇ ਉਨ੍ਹਾਂ ਨੂੰ ਦੁਨੀਆ ਦੀਆਂ ਸਾਰੀਆਂ ਨਿਆਮਤਾਂ ਤੇ ਦੇ ਦਿੱਤੀਆਂ ਪਰ ਅਕਲ ਨਾ ਦਿੱਤੀ। ਇਹ ਹਾਲਤ ਦੇਖ ਕੇ ਸ਼ੈਤਾਨ ਵਾਂਗ ਵਧਿਆ। (But here steps in Satan, the eternal rebel, the first free thinker and the emancipator of the world) ਸੰਸਾਰ ਦੇ ਸਦਾਬਾਗੀ ਪਹਿਲੇ ਆਜ਼ਾਦ ਖ਼ਿਆਲ ਤੇ ਸੰਸਾਰ ਨੂੰ ਆਜ਼ਾਦ ਕਰਾਉਣ ਵਾਲੇ ਸ਼ੈਤਾਨ ਹੋਰੀਂ ਅੱਗੇ ਵਧੇ ਅਤੇ ਆਦਮੀ ਨੂੰ ਬਗ਼ਾਵਤ ਸਿਖਾਈ ਤੇ ਅਕਲ ਦਾ ਮੇਵਾ ਖੁਆ ਦਿੱਤਾ। ਬਸ ਫੇਰ ਸਰਬਸ਼ਕਤੀਮਾਨ, ਜਾਣੀਜਾਣ ਪ੍ਰਮਾਤਮਾ ਹੋਰੀਂ ਕਿਸੇ ਸੜੇ ਹੋਏ ਕਮੀਨੇ ਦਿਲ ਵਾਲੇ ਵਾਂਗੂੰ ਗੁੱਸੇ ਵਿਚ ਆ ਗਏ ਅਤੇ ਆਪਣੀ ਬਣਾਈ ਹੋਈ ਦੁਨੀਆ ਨੂੰ ਬਦ-ਦੁਆਵਾਂ ਦੇਣ ਲੱਗ ਪਏ। ਖ਼ੂਬ।

ਫੇਰ ਸਵਾਲ ਤਾਂ ਇਹ ਉੱਠਦਾ ਹੈ ਕਿ ਰੱਬ ਨੇ ਏਹ ਦੁੱਖਾਂ ਦੀ ਭਰੀ ਹੋਈ ਦੁਨੀਆ ਬਣਾਈ ਕਿਉਂ ? ਕੀ ਤਮਾਸ਼ਾ ਦੇਖਣ ਵਾਸਤੇ ? ਤਾਂ ਉਹ ਰੋਮ ਦੇ ਜ਼ਾਲਮ ਨੀਰੋ ਸ਼ਹਿਨਸ਼ਾਹ ਨਾਲੋਂ ਵੱਧ ਜ਼ਾਲਮ ਹੋਇਆ ! ਕੀ ਇਹ ਉਸ ਦੀ ਲੀਲਾ ਹੈ ? ਇਸ ਲੀਲਾ ਵਾਲੇ ਰੱਬ ਦੀ ਕੀ ਲੋੜ ਹੈ ? ਬਹਿਸ ਲੰਬੀ ਹੁੰਦੀ ਜਾਂਦੀ ਹੈ। ਇਸ ਕਰਕੇ ਇਥੇ ਹੀ ਖ਼ਤਮ ਕਰਦੇ ਹੋਏ ਇਤਨਾ ਹੀ ਕਹਾਂਗੇ ਕਿ ਹੁਣ ਤਕ ਪੂੰਜੀਦਾਰਾਂ ਤੇ ਖ਼ੁਦਗਰਜ਼ ਲੋਕਾਂ ਨੇ ਮਜ਼ਹਬ ਨੂੰ ਆਪਣੇ ਮਤਲਬ ਸਿੱਧ ਕਰਨ ਖ਼ਾਤਰ ਹਮੇਸ਼ਾ ਇਸਤੇਮਾਲ ਕੀਤਾ ਹੈ। ਇਤਿਹਾਸ ਇਸ ਦਾ ਗਵਾਹ ਹੈ। ਸਬਰ ਕਰੋ, ਆਪਣੇ ਕਰਮਾਂ ਨੂੰ ਬੈਠ ਕੇ ਰੋਵੋ। ਇਹੋ ਜਿਹੀ ਫਿਲੋਸਫੀ ਨੇ ਜੋ ਕਹਿਰ ਕੀਤਾ ਹੈ, ਉਹ ਸਭ ਨੂੰ ਪਤਾ ਹੀ ਹੈ।

ਲੋਕੀਂ ਕਹਿੰਦੇ ਹਨ ਕਿ ਜੇ ਰੱਬ ਦੀ ਹਸਤੀ ਤੋਂ ਇਨਕਾਰ ਕਰ ਦਿੱਤਾ ਜਾਵੇ ਤਾਂ ਕੀ ਬਣੂੰਗਾ, ਦੁਨੀਆ ਵਿਚ ਪਾਪ ਵਧ ਜਾਵੇਗਾ। ਹਨੇਰਗਰਦੀ ਮੱਚ ਜਾਵੇਗੀ। ਪ੍ਰੰਤੂ ਅਨਾਰਕਿਸਟ ਲੋਕੀਂ ਇਹ ਕਹਿੰਦੇ ਹਨ ਕਿ ਉਦੋਂ ਆਦਮੀ ਏਡਾ ਉੱਚਾ ਹੋ ਜਾਂਦਾ ਹੈ ਕਿ ਉਸ ਨੂੰ ਬਿਨਾਂ ਸੁਰਗ ਦੇ ਲਾਲਚ ਅਤੇ ਦੋਜ਼ਖ਼ ਜਾਂ ਨਰਕ ਦੇ ਡਰ ਦੱਸਿਆਂ ਹੀ ਉਹ ਬੁਰੇ ਕੰਮ ਕਰਨੋਂ ਹਟ ਜਾਵੇਗਾ ਅਤੇ ਨੇਕ ਕੰਮ ਕਰਨ ਲੱਗ ਪਵੇਗਾ। ਗੱਲ ਇਹ ਹੈ ਕਿ ਹਿੰਦੁਸਤਾਨ ਦੇ ਸ੍ਰੀ ਕ੍ਰਿਸ਼ਨ ਨਿਸ਼ਕਰਮ ਕਰਮ ਕਰਨ ਦਾ ਬੜਾ ਉਪਦੇਸ਼ ਦੇ ਗਏ ਹਨ। ਗੀਤਾ ਸੰਸਾਰ ਦੀ ਇਕ ਪ੍ਰਸਿੱਧ ਪੁਸਤਕ ਸਮਝੀ ਜਾਂਦੀ ਹੈ ਪ੍ਰੰਤੂ ਸ੍ਰੀ ਕ੍ਰਿਸ਼ਨ ਨਿਸ਼ਕਰਮ ਭਾਵ ਨਾਲ ਕਰਮ ਕਰਨ ਦੀ ਪ੍ਰੇਰਣਾ ਕਰਦੇ ਹੋਏ ਵੀ ਅਰਜੁਨ ਮਰਨ ਪੁਰ ਸੁਰਗ ਦਾ ਅਤੇ ਜਿੱਤ ਜਾਣ ਪਰ ਰਾਜ ਭੋਗ ਦਾ ਲਾਲਚ ਦੇਣੋਂ ਨਾ ਰਹੇ। ਪ੍ਰੰਤੂ ਅੱਜ ਅਸੀਂ ਅਨਾਰਕਿਸਟਾਂ ਦੀਆਂ ਕੁਰਬਾਨੀਆਂ ਦੇਖਦੇ ਹਾਂ ਤੇ ਚਿੱਤ ਵਿਚ ਆਉਂਦਾ ਹੈ ਕਿ ਉਨ੍ਹਾਂ ਦੇ ਪੈਰ ਚੁੰਮ ਲਈਏ। ਸਾਕੋ ਅਤੇ ਵੈਨਜ਼ਿਟੀ ਦਾ ਹਾਲ ਸਾਡੇ ਪਾਠਕ ਪੜ੍ਹ ਹੀ ਚੁੱਕੇ ਹਨ। ਨਾ ਖ਼ੁਦਾ ਨੂੰ ਖ਼ੁਸ਼ ਕਰਨ ਦਾ ਲਾਲਚ ਹੈ, ਨਾ ਸੁਰਗ ਵਿਚ ਜਾ ਕੇ ਮੌਜਾਂ ਮਾਨਣ ਦਾ ਲੋਭ ਹੈ, ਨਾ ਅਗਲੇ ਜਨਮ ਵਿਚ ਸੁਖ ਮਿਲਣ ਦੀ ਹੀ ਆਸ਼ਾ ਹੈ। ਫਿਰ ਵੀ ਹੱਸਦਿਆਂ-ਹੱਸਦਿਆਂ ਲੋਕਾਂ



Sri Satguru Jagjit Singh Ji Elibrary NamdhariElibrary@gmail.com

ਦੀ ਖ਼ਾਤਰ ਸੱਚਾਈ ਦੀ ਖਾਤਰ ਜਾਨ ਵਾਰ ਦੇਣੀ ਕੀ ਕੋਈ ਛੋਟੀ ਗੱਲ ਹੈ। ਉਹ ਤਾਂ ਕਹਿੰਦੇ ਹਨ ਕਿ ਇਕ ਵਾਰੀ ਆਦਮੀ ਪੂਰੀ ਤਰ੍ਹਾਂ ਆਜ਼ਾਦ ਹੋਇਆ ਕਿ ਉਹਦਾ ਚਾਲ ਚਲਣ ਬੜਾ ਉੱਚਾ ਹੋ ਜਾਵੇਗਾ। ਖ਼ੈਰ ! ਇਹ ਇਕ ਸਵਾਲ 'ਤੇ ਬੜੀ-ਬੜੀ ਬਹਿਸ ਹੋ ਸਕਦੀ ਹੈ। ਪਰ ਥਾਂ ਥੋੜ੍ਹਾ ਹੈ।

## (2) ਅਨਾਰਕਿਜ਼ਮ ਕੀ ਹੈ ?

*ਵੱਲੋਂ : ਵਿਦ੍ਰੋਹੀ, ਜੂਨ 1928, ਕਿਰਤੀ*

ਅਗਲੀ ਚੀਜ਼ ਜੋ ਉਹ ਉਡਾ ਦੇਣਾ ਚਾਹੁੰਦੇ ਹਨ, ਉਹ ਹੈ (State) ਗਵਰਨਮੈਂਟ। ਅਸਲ ਵਿਚ ਜੇ ਅਸੀਂ ਗਵਰਨਮੈਂਟ ਦੀ ਜੜ ਖੋਜਣ ਤੁਰੀਏ ਤਾਂ ਅਸੀਂ ਦੋਹਾਂ ਨਤੀਜਿਆਂ 'ਤੇ ਪੁੱਜਦੇ ਹਾਂ। ਕੁਝ ਲੋਕਾਂ ਦਾ ਖ਼ਿਆਲ ਹੈ ਕਿ ਜੰਗਲੀ ਮਨੁੱਖ ਦੀ ਅਕਲ ਵਧਦੀ ਚਲੀ ਗਈ ਅਤੇ ਲੋਕਾਂ ਨੇ ਮਿਲ-ਜੁਲ ਕੇ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਇਸੇ ਤਰ੍ਹਾਂ State ਜਾਂ ਗਵਰਨਮੈਂਟ ਦੀ Evolution ਹੋਈ, ਯਾ ਗਵਰਨਮੈਂਟ ਦਾ ਵਿਕਾਸ ਹੋਇਆ। ਇਸ ਨੂੰ Evolution ਕਹਿੰਦੇ ਹਨ। ਦੂਸਰੀ ਇਹ ਕਿ ਲੋਕਾਂ ਨੂੰ ਜੰਗਲੀ ਜਾਨਵਰਾਂ ਦੇ ਮੁਕਾਬਲੇ ਲਈ ਇਕੱਠ੍ਹਿਆਂ ਹੋਣਾ ਪਿਆ। ਹੋਰ ਜ਼ਰੂਰਤਾਂ ਲਈ ਮਿਲਣਾ ਅਤੇ ਜਥੇਬੰਦ ਹੋਣਾ ਪਿਆ। ਫੇਰ ਜਥਿਆਂ ਵਿਚ ਲੜਾਈਆਂ ਹੋਈਆਂ ਅਤੇ ਹਰ ਇਕ ਨੂੰ ਤਾਕਤਵਰ ਸ਼ਤਰੂ ਦਾ ਡਰ ਲੱਗਣ ਲੱਗ ਪਿਆ ਅਤੇ ਮਿਲ-ਜੁਲ ਕੇ ਰਾਜ ਕਾਇਮ ਕੀਤੇ ਗਏ। ਇਹ ਜ਼ਰੂਰਤ ਜਾਂ Utilitarian Theory ਕਹਾਉਂਦੀ ਹੈ, ਚਾਹੇ ਦੋਨਾਂ ਨੂੰ ਹੀ ਲੈ ਲਿਆ ਜਾਵੇ। Evolution ਵਾਲਿਆਂ ਨੂੰ ਜਵਾਬ ਦਿੱਤਾ ਜਾਂਦਾ ਹੈ ਕਿ ਹੁਣ ਹੀ ਕਿਉਂ Evolution ਬੰਦ ਹੋਵੇਗੀ। ਪੰਚਾਇਤੀ ਰਾਜ ਤੋਂ ਅਗਾਂਹ ਅਨਾਰਕਿਜ਼ਮ ਹੀ ਆਉਂਦਾ ਹੈ ਤੇ ਦੂਜਿਆਂ ਨੂੰ ਇਹ ਜਵਾਬ ਹੈ ਕਿ ਹੁਣ ਹਕੂਮਤ ਦੀ ਲੋੜ ਹੀ ਨਹੀਂ। ਇਸ ਦੀ ਬਹਿਸ ਤੇ ਅੱਗੇ ਕੀਤੀ ਹੀ ਗਈ ਹੈ। ਅਗਰ ਇਨ੍ਹਾਂ ਨੂੰ ਜਾਂ ਐਸੀਆਂ ਹੋਰ ਗੱਲਾਂ ਵੱਲ ਵਧੇਰੇ ਧਿਆਨ ਨਾ ਵੀ ਦੇਈਏ ਤਾਂ ਵੀ ਇਹ ਮੰਨਣਾ ਪਵੇਗਾ ਕਿ ਲੋਕਾਂ ਅਸਲ ਵਿਚ ਸੌਦਾ ਕੀਤਾ ਸੀ, ਜਿਸ ਨੂੰ ਕਿ ਫ਼ਰਾਂਸ ਦੇ ਮਸ਼ਹੂਰ ਜੁੱਗ ਪਲਟਾਊ ਰੂਸੋ ਨੇ Social Contract ਕਿਹਾ ਹੈ। ਸੌਦਾ ਇਹ ਸੀ ਕਿ ਆਦਮੀ ਆਪਣੀ ਆਜ਼ਾਦੀ ਦਾ ਇਕ ਖ਼ਾਸ ਹਿੱਸਾ, ਆਮਦਨ ਦਾ ਇਕ ਖ਼ਾਸ ਹਿੱਸਾ, ਕੁਰਬਾਨ ਕਰੇਗਾ, ਜਿਸ ਦੇ ਬਦਲੇ ਵਿਚ ਉਸ ਨੂੰ ਹਿਫ਼ਾਜ਼ਤ Security ਅਮਨ Peace ਦਿੱਤੀ ਜਾਵੇਗੀ। ਇਨ੍ਹਾਂ ਸਾਰੀਆਂ ਗੱਲਾਂ ਦੇ ਬਾਅਦ ਸੋਚਣਾ ਤਾਂ ਇਹ ਹੈ ਕਿ ਕੀ ਉਹ ਸੌਦਾ ਠੀਕ ਪੂਰਾ ਉੱਤਰਿਆ। ਹਕੂਮਤ ਕਾਇਮ ਹੋ ਜਾਣ ਦੇ ਬਾਅਦ State and Church ਗਵਰਨਮੈਂਟ ਅਤੇ ਮਜ਼ਹਬ ਨੇ ਸਾਜ਼ਿਸ਼ ਕਰ ਲਈ। ਲੋਕਾਂ ਨੂੰ ਕਹਿ ਦਿੱਤਾ ਕਿ ਅਸੀਂ ਰੱਬ ਵਲੋਂ ਘੱਲੇ ਗਏ ਹਾਂ। (Theory of Divine rights of Sovereignty) ਲੋਕੀ ਖ਼ੁਦਾ ਤੋਂ ਡਰਦੇ ਰਹੇ ਅਤੇ ਰਾਜੇ ਮਨ ਮੰਨੇ ਜ਼ੁਲਮ ਕਰਦੇ ਰਹੇ, ਜ਼ਾਰ (ਰੂਸ) ਅਤੇ ਲੂਈ (ਫ਼ਰਾਂਸ) ਦੀਆਂ ਮਿਸਾਲਾਂ ਬੜੀ ਚੰਗੀ ਤਰ੍ਹਾਂ ਸਭ ਪੋਲ ਖੋਲ੍ਹ ਦਿੰਦੀਆਂ ਹਨ। ਚੂੰਕਿ ਉਹ ਸਾਜ਼ਿਸ ਬਹੁਤ ਚਿਰ ਚੱਲ ਨਹੀਂ ਸਕਦੀ (Pope Gegory) ਅਤੇ (King Henery) ਦੇ ਵਿਚ ਫੁੱਟ ਪੈ ਗਈ। ਪੋਪ ਨੇ ਲੋਕਾਂ ਨੂੰ ਹੈਨਰੀ ਦੇ ਵਿਰੁੱਧ ਭੜਕਾਇਆ ਅਤੇ ਹੈਨਰੀ ਹੋਣੀ ਮਜ਼ਬ ਦਾ ਹਊਆ ਮਿਟਾਇਆ। ਪੋਪ ਦੇ ਵਿਰੁੱਧ ਲੋਕਾਂ ਨੂੰ ਭੜਕਾ ਦਿੱਤਾ। ਸਵਾਲ ਤਾਂ ਸਿਰਫ਼ ਇਹ ਹੈ ਕਿ ਖ਼ੁਦਗਰਜ਼ ਲੋਕੀਂ ਲੜੇ ਤੇ ਉਹ ਆਡੰਬਰ ਟੁੱਟੇ। ਖ਼ੈਰ ! ਫੇਰ ਲੋਕੀ ਉੱਠੇ। ਜ਼ਾਲਿਮ ਲੂਇਸ ਨੂੰ ਮਾਰ ਮੁਕਾਇਆ। ਦੁਨੀਆ ਵਿਚ ਤਰਥੱਲੀ ਪੈ ਗਈ। ਪੰਚਾਇਤੀ ਰਾਜ ਕਾਇਮ ਹੋਏ ਪਰ ਪੂਰਨ ਸੁਤੰਤਰਤਾ ਫੇਰ ਵੀ ਨਾ ਮਿਲੀ। ਇਧਰ ਜਿਸ ਵੇਲੇ Metternich ਮੈਟਾਰਨਿਕ ਆਸਟਰੀਆ ਦਾ ਵਜ਼ੀਰ ਇਕ ਤੰਤਰ ਯਾਨੀ ਸ਼ਾਹੀ ਰਾਜ ਵਲੋਂ ਜ਼ੁਲਮ ਕਰਕੇ ਲੋਕਾਂ ਨੂੰ ਉਸ ਤੋਂ ਮੁਤਨਾਫ਼ਰ ਕਰ ਰਿਹਾ ਸੀ, ਉਧਰ ਅਮਰੀਕਾ ਦੇ ਪੰਚਾਇਤੀ ਰਾਜ ਵਿਚ ਵਿਚਾਰੇ ਗ਼ੁਲਾਮਾਂ ਦਾ ਬੁਰਾ ਹਾਲ ਹੋ ਰਿਹਾ ਸੀ ਅਤੇ ਫ਼ਰਾਂਸ ਦੇ ਵੀ ਗ਼ਰੀਬ ਲੋਕੀਂ



Sri Satguru Jagjit Singh Ji Elibrary NamdhariElibrary@gmail.com

ਵਾਰ-ਵਾਰ ਹੰਭਲਾ ਮਾਰ ਕੇ ਉੱਠ ਅਤੇ ਡਿੱਗ ਰਹੇ ਸਨ। ਅੱਜ ਵੀ ਫ਼ਰਾਂਸ ਵਿਚ ਪੰਚਾਇਤੀ ਰਾਜ ਹੈ ਪਰ ਲੋਕੀਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਹਨ। ਇਸ ਕਰਕੇ ਅਨਾਰਕਿਸਟ ਕਹਿੰਦੇ ਹਨ ਕਿ ਕੋਈ ਵੀ ਰਾਜ ਨਹੀਂ ਚਾਹੀਦਾ। ਬਾਕੀ ਸਭ ਗੱਲਾਂ ਵਿਚ ਉਹ ਕਮਿਊਨਿਸਟਾਂ (Communists) ਨਾਲ ਮਿਲਦੇ ਹਨ ਪਰ ਇਕ ਦੋ ਗੱਲਾਂ ਦਾ ਫ਼ਰਕ ਹੈ। ਮਸ਼ਹੂਰ ਕਮਿਊਨਿਸਟ ਲੀਡਰ ਕਾਰਲ ਮਾਰਕਸ (Karl Marx) ਦੇ ਮਸ਼ਹੂਰ ਸਾਥੀ ਲੀਡਰ ਫੈਡ੍ਰਿਕ ਏਂਗਿਲਸ (Friedrich Engels) ਨੇ ਵੀ ਆਪਣੇ ਤੇ ਮਾਰਕਸ ਦੇ ਕਮਿਊਨਿਜ਼ਮ ਦੇ ਸੰਬੰਧ ਵਿਚ ਲਿਖਿਆ ਹੈ ਕਿ ਸਾਡਾ ਆਦਰਸ਼ ਵੀ ਇਹ ਹੈ Communism also look forward to a period in the evolution of the Society when the state will become super fluos and having no longer any function to perform, will die away.

ਯਾਨੀ ਆਖ਼ਰ ਵਿਚ ਉਹ ਵੀ ਸਮਝਦੇ ਹਨ ਕਿ ਗਵਰਨਮੈਂਟ ਦੀ ਕੋਈ ਲੋੜ ਨਾ ਰਹੇਗੀ।

ਖ਼ੈਰ ! ਮਤਲਬ ਤਾਂ ਇਹ ਹੈ ਕਿ ਉਹ ਚਾਹੁੰਦੇ ਹਨ ਕਿ ਗਵਰਨਮੈਂਟ ਨਾ ਹੋਵੇ ਤੇ ਕੇਵਲ ਲੋਕੀਂ ਭਾਈਚਾਰੇ ਨਾਲ ਹੀ ਰਹਿਣ ਲੱਗ ਪੈਣ। ਯਾਨੀ ਮੈਕਿਆਵੈਲੀ ਇਟਲੀ ਦਾ ਮਸ਼ਹੂਰ ਰਾਜਨੀਤੀਵਾਨ Machaivali ਤਾਂ ਕਹਿੰਦਾ ਸੀ ਕਿ ਰਾਜ ਵਿਚ ਕੋਈ ਨਾ ਕੋਈ ਜ਼ਰੂਰ ਹੋਣਾ ਚਾਹੀਦਾ ਹੈ, ਚਾਹੇ ਉਹ ਪੰਚਾਇਤੀ ਹੋਵੇ ਤੇ ਭਾਵੇਂ ਇਕ ਰਾਜੇ ਦਾ। ਉਸ ਦਾ ਇਹ ਖ਼ਿਆਲ ਸੀ ਕਿ ਰਾਜ ਹੋਵੇ ਅਤੇ ਖ਼ੂਬ ਲੋਹੇ ਦੇ ਹੱਥ ਵਾਲਾ ਹੋਵੇ। ਪਰ ਅਨਾਰਕਿਸਟ ਕਹਿੰਦੇ ਹਨ, ਨਰਮ ਕੀ ਤੇ ਗਰਮ ਕੀ, ਸਾਨੂੰ ਨਾ ਪੰਚਾਇਤੀ ਰਾਜ ਚਾਹੀਦਾ ਹੈ ਤੇ ਨਾ ਕੋਈ ਹੋਰ। ਉਹ ਕਹਿੰਦੇ ਹਨ :

Undermine the whole conception of a State, and then and then only will we have Liberty worth having.

ਯਾਨੀ ਗਵਰਨਮੈਂਟ ਦਾ ਖ਼ਿਆਲ ਵੀ ਦੁਨੀਆ ਵਿਚੋਂ ਮਿਟਾ ਦਿੱਤਾ ਜਾਵੇ ਤਦੋਂ ਹੀ ਕੁਝ ਆਜ਼ਾਦੀ ਹਾਸਲ ਹੋ ਸਕਦੀ ਹੈ।

ਲੋਕੀਂ ਕਹਿਣਗੇ ਇਹ ਕੀ ਗੱਲ ਹੋਈ, ਗਵਰਨਮੈਂਟ ਨਾ ਹੋਵੇਗੀ, ਕਾਨੂੰਨ ਨਾ ਹੋਵੇਗਾ, ਕਾਨੂੰਨ ਮੰਨਣ ਵਾਲੀ ਪੁਲਿਸ ਨਾ ਹੋਵੇਗੀ ਤਾਂ ਹਨੇਰਗਰਦੀ ਮੱਚ ਜਾਵੇਗੀ। ਪਰ ਇਹ ਖ਼ਿਆਲ ਵੀ ਕਹਿੰਦੇ ਹਨ ਕਿ ਗ਼ਲਤ ਹੈ। ਰਾਜਨੀਤੀ ਦੇ ਮਸ਼ਹੂਰ ਫਿਲੌਸਫਰ David Thorean ਨੇ ਕਿਹਾ ਹੈ ਕਿ :

"Law never made man a bit more just, and by means of their respect for it even the well disposed are daily made gents of injustice."

ਇਸ ਵਿਚ 'ਤੇ ਕੋਈ ਝੂਠ ਵੀ ਨਜ਼ਰ ਨਹੀਂ ਆਉਂਦਾ। ਅਸੀਂ ਵੀ ਦੇਖਦੇ ਹਾਂ ਕਿ ਜਿਉਂ-ਜਿਉਂ ਕਾਨੂੰਨ ਸਖ਼ਤ ਹੁੰਦੇ ਜਾਂਦੇ ਨੇ, ਤਿਉਂ-ਤਿਉਂ ਬੇਈਮਾਨੀ ਵੀ ਵਧਦੀ ਜਾਂਦੀ ਹੈ। ਇਹ ਤਾਂ ਆਮ ਸ਼ਿਕਾਇਤ ਹੈ ਕਿ ਪਹਿਲਾਂ ਹੱਥ ਉਧਾਰ ਹਜ਼ਾਰਾਂ ਰੁਪਈਆਂ ਦਾ ਲੈਣ-ਦੇਣ ਹੁੰਦਾ ਸੀ ਤੇ ਕੋਈ ਬੇਈਮਾਨੀ ਨਹੀਂ ਸੀ ਕਰਦਾ, ਹੁਣ ਦਸਤਖ਼ਤ, ਅੰਗੂਠੇ, ਗ਼ਵਾਹੀਆਂ ਅਤੇ ਰਜਿਸਟਰੀਆਂ ਹੁੰਦੀਆਂ ਹਨ ਅਤੇ ਬੇਈਮਾਨੀ ਵਧ ਰਹੀ ਹੈ, ਫੇਰ ਉਹ ਤਾਂ ਇਸਦਾ ਇਲਾਜ ਇਹੋ ਸਮਝਦੇ ਹਨ ਕਿ ਹਰ ਇਕ ਆਦਮੀ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਚਲੀਆਂ ਜਾਣ ਤੇ ਸਾਰੇ ਕੰਮ ਉਸਦੀ ਮਰਜ਼ੀ ਦੇ ਮੁਤਾਬਕ ਹੁੰਦੇ ਜਾਣ ਤੇ ਕੋਈ ਪਾਪ, ਕੋਈ ਜੁਰਮ ਨਾ ਹੋਣ।

"Crime is naught but misdirected energy. So long as every institution of to-day, economic, political, social and moral conspires to misdirect human energy into wrong channels so long as most people are out of place



Sri Satguru Jagjit Singh Ji Elibrary NamdhariElibrary@gmail.com

doing the things they loath to do living a life they want to live, crime will be inevitable and all the laws on the statutes can only increase but never do away with crime."

ਯਾਨੀ ਆਦਮੀ ਨੂੰ ਜੇ ਪੂਰੀ ਆਜ਼ਾਦੀ ਹੋਵੇ ਅਤੇ ਉਹ ਆਪਣੀ ਮਰਜ਼ੀ ਦੇ ਮੁਤਾਬਕ ਕਾਰੋਬਾਰ ਕਰ ਸਕਣ, ਤੇ ਜੁਰਮ ਨਾ ਹੋਣ ਅਤੇ ਇਸੇ ਤਰ੍ਹਾਂ ਪੂੰਜੀਦਾਰਾਂ ਦੀ ਲੁੱਟਮਾਰ ਮਚੀ ਰਹੀ ਤੇ ਫੇਰ ਬੜੇ-ਬੜੇ ਕਾਨੂੰਨ ਵੀ ਕੁਝ ਨਹੀਂ ਕਰ ਕਦੇਂ। ਲੋਕੀਂ ਕਹਿੰਦੇ ਹਨ ਕਿ ਮਨੁੱਖ ਦਾ ਸੁਭਾਅ ਹੀ ਐਸਾ ਹੈ ਕਿ ਬਿਨਾਂ ਹਕੂਮਤ ਦੇ ਰਹਿ ਹੀ ਨਹੀਂ ਸਕਦਾ, ਬੇਮੁਹਾਰ ਹੋਇਆ ਹੋਵੇ ਤਾਂ ਬਹੁਤ ਨੁਕਸਾਨ ਪਹੁੰਚਾਵੇ। ਇਸ Human Nature ਦੇ ਸਬੰਧ ਵਿਚ Lord ਨੇ ਆਪਣੀ ਪੁਸਤਕ Principals of Politics ਵਿਚ ਲਿਖਿਆ ਹੈ ਕਿ ਕੀੜੀਆਂ ਇਕੱਠੀਆਂ ਰਹਿ ਸਕਦੀਆਂ ਹਨ, ਜਾਨਵਰ ਇਕੱਠੇ ਰਹਿ ਸਕਦੇ ਹਨ ਪਰ ਆਦਮੀ ਇਕੱਠੇ ਨਹੀਂ ਰਹਿ ਸਕਦੇ। ਆਦਮੀ ਕੁਦਰਤ ਵਲੋਂ ਹੀ ਜ਼ਾਲਮ, ਲਾਲਚੀ, ਬੇਰਹਿਮ ਅਤੇ ਸੁਸਤ ਬਣਿਆ ਹੈ। ਇਹੋ ਜਿਹੀਆਂ ਗੱਲਾਂ ਸੁਣ ਕੇ ਤੇ Emma Goldman ਗੁੱਸੇ ਵਿਚ ਆ ਗਈ ਤੇ ਉਨ੍ਹਾਂ ਨੇ Anarchism and other Essay ਨਾਮਕ ਪੁਸਤਕ ਵਿਚ ਲਿਖਿਆ ਹੈ :

"Every fool from king to policeman from the flat headed person to the visionless daubier in science presumes to speak authoritarively of human nature."

ਉਸ ਗੁੱਸੇ ਵਿਚ ਕਹਿੰਦੀਆਂ ਨੇ ਜਿਹੜਾ ਵੀ ਗਧਾ ਉੱਠਦਾ ਹੈ, ਉਹੋ ਹੀ ਵਧ ਕੇ Human Nature 'ਤੇ ਜ਼ਿਆਦਾ ਜ਼ੋਰਦਾਰ ਰਾਏ ਦਿੰਦਾ ਹੈ। ਉਹ ਕਹਿੰਦੀਆਂ ਹਨ ਕਿ ਜਿੱਡਾ ਵੱਡਾ ਮੂਰਖ ਹੋਵੇ, ਉੱਡਾ ਹੀ ਉਹ ਆਪਣੀ ਇਸ ਸਬੰਧੀ ਰਾਏ ਨੂੰ ਕੀਮਤੀ ਸਮਝਦਾ ਹੈ। ਅੱਗੇ ਲਿਖਿਆ ਹੈ ਕਿ ਅੱਜ ਤਕ ਕਿਸੇ ਆਦਮੀ ਨੂੰ ਪੂਰੀ ਆਜ਼ਾਦੀ ਦੇ ਕੇ ਵੀ ਦੇਖਿਆ ਹੈ, ਜੋ ਹਮੇਸ਼ਾ ਉਸ ਦੀਆਂ ਬੁਰਾਈਆਂ ਦਾ ਰੋਣਾ ਰਹਿੰਦਾ ਹੈ। ਉਹ ਕਹਿੰਦੇ ਹਨ ਕਿ ਛੋਟੀਆਂ ਪੰਚਾਇਤਾਂ ਬਣੀਆਂ ਹੋਈਆਂ ਹੋਣ ਅਤੇ ਆਜ਼ਾਦੀ ਨਾਲ ਕੰਮ ਹੋਵੇ।

ਤੀਜੀ ਸਭ ਤੋਂ ਜ਼ਰੂਰੀ ਤੇ ਸਭ ਤੋਂ ਵੱਡੀ ਗੱਲ ਹੈ ਨਿੱਜੀ ਜਾਇਦਾਦ (Private Property)। ਅਸਲ ਵਿਚ ਤਾਂ ਦੁਨੀਆ ਨੂੰ ਪੇਟ ਦਾ ਸਵਾਲ ਹੀ ਚਲਾ ਰਿਹਾ ਹੈ। ਇਸੇ ਦੀ ਖ਼ਾਤਰ ਸਬਰ, ਸੰਤੋਖ ਆਦਿਕ ਉਪਦੇਸ਼ ਘੜੇ ਗਏ, ਸਭ ਕੁਝ ਉਸੇ ਖ਼ਾਤਰ ਕੀਤਾ ਜਾਂਦਾ ਰਿਹਾ। ਹੁਣ ਤੀਕ ਗੁਜ਼ਾਰੇ ਦਾ ਤਰੀਕਾ ਸੀ, ਜਾਇਦਾਦ ਪਰ ਹੁਣ ਅਨਾਰਕਿਸਟ, ਕਮਿਊਨਿਸਟ, ਸੋਸ਼ਿਆਲਿਸਟ, ਸਭੇ ਇਸ ਦੇ ਵਿਰੁੱਧ ਹੋ ਗਏ ਹਨ। ਉਹ ਕਹਿੰਦੇ ਹਨ :

"Property is robbery." (Produhon) but without risk or danger to the robber (Emma Goldman).

ਉਹ ਕਹਿੰਦੇ ਹਨ ਕਿ ਜਾਇਦਾਦ ਬਣਾਉਣ ਦਾ ਖ਼ਿਆਲ ਆਦਮੀਆਂ ਨੂੰ ਲਾਲਚੀ ਬਣਾ ਦਿੰਦਾ ਹੈ ! ਉਹ ਫਿਰ ਪੱਥਰ ਦਿਲ ਹੁੰਦਾ ਚਲਾ ਜਾਂਦਾ ਹੈ। ਰਹਿਮ ਤੇ ਤਰਸ ਉਸ ਦੇ ਦਿਲ ਵਿਚੋਂ ਮਿਟ ਜਾਂਦੇ ਹਨ। (Property) ਜਾਇਦਾਦ ਦੀ ਹਿਫ਼ਾਜ਼ਤ ਦੀ ਖ਼ਾਤਰ (State) ਗਵਰਨਮੈਂਟ ਦੀ ਜ਼ਰੂਰਤ ਹੁੰਦੀ ਹੈ। ਇਸ ਤੋਂ ਫਿਰ ਲਾਲਚ ਵਧਦਾ ਹੈ ਅਤੇ ਆਖ਼ਰ ਵਿਚ ਨਤੀਜਾ Imperialism (ਸਹਿਨਸ਼ਾਹੀਅਤ) ਅਤੇ Wars (ਲੜਾਈਆਂ) ਹੁੰਦਾ ਹੈ। ਖ਼ੂਨ-ਖ਼ਰਾਬਾ ਹੁੰਦਾ ਹੈ ਤੇ ਬੜਾ ਨੁਕਸਾਨ ਹੁੰਦਾ ਹੈ ਤੇ ਜੋ ਸਭੋ ਕੁਝ ਸਾਂਝਾ ਹੋ ਜਾਵੇ ਤੇ ਕੋਈ ਲਾਲਚ ਤੇ ਨਾ ਰਿਹਾ ਨਾ। ਰਲ-ਮਿਲ ਕੇ ਸਾਰੇ ਕੰਮ ਕਰਨ ਲੱਗ ਪਏ। ਚੋਰੀ-ਡਾਕੇ ਦਾ ਫ਼ਿਕਰ ਨਾ ਰਿਹਾ। ਪੁਲਿਸ, ਜੇਲ੍ਹ, ਕਚਹਿਰੀ, ਫ਼ੌਜ ਦੀ ਲੋੜ ਨਾ ਰਹੀ। ਇਹ ਅਤੇ ਮੋਟੇ ਢਿੱਡਾਂ ਵਾਲੇ ਹਰਾਮ ਦੀਆਂ



Sri Satguru Jagjit Singh Ji Elibrary NamdhariElibrary@gmail.com

ਖਾਣ ਵਾਲੇ ਵੀ ਕੰਮ ਲੱਗ ਪਏ। ਥੋੜ੍ਹਾ ਵਕਤ ਕੰਮ ਕਰਕੇ ਵੀ ਪੈਦਾਵਾਰ ਵਧੇਰੇ ਹੋਣ ਲੱਗ ਪਈ। ਲੋਕੀਂ ਸਭੇ ਆਰਾਮ ਨਾਲ ਪੜ੍ਹ ਲਿਖ ਵੀ ਸਕਦੇ ਹੋਏ ਆਪੇ ਅਮਨ ਵੀ ਰਿਹਾ, ਖ਼ੁਸ਼ਹਾਲੀ ਵੀ ਵਧੀ। ਯਾਨੀ ਉਹ ਇਹ ਮੰਨਦੇ ਹਨ ਕਿ ਸੰਸਾਰ ਵਿਚੋਂ ਅਗਿਆਨ ਦੂਰ ਕਰਨਾ ਬੜਾ ਹੀ ਜ਼ਰੂਰੀ ਹੈ।

ਜਾਇਦਾਦ ਦਾ ਅਸਲ ਵਿਚ ਸਭ ਤੋਂ ਬੜਾ ਸਵਾਲ ਹੈ। ਇਸ 'ਤੇ ਵਿਚਾਰ ਕਰਨ ਲਈ ਇਕ ਵੱਖਰਾ ਲੇਖ ਲਿਖਣਾ ਜ਼ਰੂਰੀ ਹੈ। ਸਵਾਲ ਤਾਂ ਅਸਲ ਵਿਚ ਰੋਟੀ ਤੋਂ ਉੱਠਦਾ ਹੈ। Karl Manning ਨੇ ਤਾਂ ਸਾਫ਼ ਐਲਾਨ ਕਰ ਦਿੱਤਾ ਸੀ ਕਿ :

"Ask for work, and if they do not give you work ask for bread, and if they do not give you work or bread, then take bread."

ਯਾਨੀ ਕੰਮ ਵੀ ਨਾ ਮਿਲੇ ਤੇ ਰੋਟੀ ਵੀ ਨਾ ਮਿਲੇ ਤਾਂ ਰੋਟੀ ਤਾਂ ਖੋਹ ਕੇ ਵੀ ਖਾ ਲਵੋ। ਕਿਸੇ ਦਾ ਕੀ ਹੱਕ ਹੈ ਕਿ ਉਹ ਕੇਕ ਪਿਆ ਉੜਾਵੇ ਜਦੋਂਕਿ ਦੂਜਿਆਂ ਨੂੰ ਰੋਟੀ ਦੇ ਸੁੱਕੇ ਟੁਕੜੇ ਵੀ ਨਾ ਜੁੜਨ। ਇਸੇ ਸਵਾਲ ਤੋਂ ਉਨ੍ਹਾਂ ਨੇ ਕਿਹਾ ਕਿ ਗ਼ਰੀਬ ਦੇ ਘਰ ਜੰਮਣ ਕਰਕੇ ਹੀ ਕੋਈ ਆਦਮੀ ਸਾਰੀ ਉਮਰ ਰੁਲਦਾ ਕਿਉਂ ਰਹੇ ? ਤੇ ਅਮੀਰ ਦੇ ਘਰ ਜੰਮਣ ਕਰਕੇ ਹੀ ਹਰਾਮ ਦੀਆਂ ਖਾਣ ਦਾ ਮੌਕਾ ਕਿਸੇ ਨੂੰ ਕਿਉਂ ਮਿਲੇ ? ਅਤੇ 'ਮਾਇਆ ਨੂੰ ਮਾਇਆ ਮਿਲੇ' ਵਾਲੀ ਗੱਲ ਵੀ ਬੰਦ ਕੀਤੀ ਜਾਵੇ। ਇਨ੍ਹਾਂ ਗੱਲਾਂ ਕਰਕੇ ਤੇ Equal opportunities to all ਵਾਲੇ ਖ਼ਿਆਲ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਨੇ (Sanctity of Private Property) ਨਿੱਜੀ ਜਾਇਦਾਦ ਦੀ ਪਵਿੱਤਰਤਾ ਦਾ ਭਰਮ ਉਡਾ ਦਿੱਤਾ। ਉਹ ਕਹਿੰਦੇ ਹਨ ਕਿ ਜਾਇਦਾਦ ਬੇਈਮਾਨੀ ਨਾਲ ਬਣਦੀ ਹੈ ਅਤੇ ਉਸਦੀ ਰੱਖਿਆ ਲਈ (Law) ਕਾਨੂੰਨ ਦੀ ਜ਼ਰੂਰਤ ਪਈ, ਜਿਸ ਤੋਂ ਕਿ State (ਗਵਰਨਮੈਂਟ) ਦੀ ਲੋੜ ਪੈਂਦੀ ਹੈ। ਅਸਲ ਵਿਚ ਇਹੋ ਹੀ ਸਾਰੀ ਖ਼ਰਾਬੀਆਂ ਦੀ ਜੜ੍ਹ ਹੈ। ਇਸ ਦੇ ਦੂਰ ਕਰਦਿਆਂ ਹੀ ਸਭ ਖ਼ਰਾਬੀਆਂ ਦੂਰ ਹੋ ਜਾਣਗੀਆਂ। ਫਿਰ ਉਹ ਕੀ ਕਰਨਾ ਚਾਹੁੰਦੇ ਹਨ, ਕੰਮ ਕਿਵੇਂ ਚੱਲੇਗਾ। ਇਹ ਲੰਬਾ-ਚੌੜਾ ਸਵਾਲ ਹੈ।

ਉੱਪਰ ਦੇ ਲੇਖ ਵਿਚ ਇਹ ਦੱਸਿਆ ਹੈ ਕਿ ਅਨਾਰਕਿਸਟ ਪਹਿਲਾਂ ਤੋਂ ਰੱਬ ਅਤੇ ਮਜ਼ਹਬ ਦੇ ਵਿਰੁੱਧ ਹਨ ਕਿਉਂਕਿ ਉਹ (Mantal Slavery) ਦਿਮਾਗ਼ੀ ਗ਼ੁਲਾਮੀ ਦੀ ਜੜ੍ਹ ਹੈ। ਦੂਜੇ ਗਵਰਨਮੈਂਟ ਦੇ ਵਿਰੁੱਧ ਹਨ ਕਿਉਂਕਿ ਉਹ Physical Slavery ਦੀ ਜੜ੍ਹ ਹੈ। ਉਹ ਇਹ ਕਹਿੰਦੇ ਹਨ ਕਿ ਆਦਮੀ ਨੂੰ ਸੁਰਗ ਦਾ ਲਾਲਚ, ਨਰਕ ਦਾ ਡਰ ਜਾਂ ਕਾਨੂੰਨ (Law) ਦਾ ਡੰਡਾ ਦਿਖਾ ਕੇ ਨੇਕ ਕੰਮ ਦੀ ਪ੍ਰੇਰਣਾ ਕਰਨਾ ਗ਼ਲਤ ਰਸਤਾ ਹੈ ਅਤੇ ਵੈਸੇ ਵੀ ਆਦਮੀ ਵਰਗੇ ਉੱਚੇ ਜੀਵ ਦੀ ਹੱਤਕ ਹੈ। ਤੀਸਰੇ ਆਜ਼ਾਦੀ ਨਾਲ ਗਿਆਨ ਪ੍ਰਾਪਤ ਕਰੇ ਆਪਣੀ ਮਰਜ਼ੀ ਮੁਤਾਬਕ ਕੰਮ ਕਰਨ ਅਤੇ ਖ਼ੁਸ਼ੀ ਨਾਲ ਜ਼ਿੰਦਗੀ ਗੁਜ਼ਾਰਨ। ਲੋਕੀਂ ਕਹਿੰਦੇ ਹਨ ਕਿ ਇਸ ਦਾ ਮਤਲਬ ਇਹ ਹੋਇਆ ਕਿ ਅਸੀਂ ਉਸ ਪਹਿਲੀ ਜੰਗਲੀ ਹਾਲਤ ਵਿਚ ਰਹਿਣਾ ਚਾਹੁੰਦੇ ਹਾਂ, ਜਿਸ ਤਰ੍ਹਾਂ ਕਿ ਅਸੀਂ ਸ਼ੁਰੂ-ਸ਼ੁਰੂ ਵਿਚ ਸਾਂ। ਪਰ ਇਹ ਗ਼ਲਤ ਹੈ। ਉਦੋਂ ਅਗਿਆਨਤਾ ਸੀ, ਆਦਮੀ ਦੂਰ-ਦੂਰ ਜਾ ਨਹੀਂ ਸਨ ਸਕਦੇ। ਪਰ ਹੁਣ ਪੂਰਨ ਗਿਆਨ ਦੇ ਨਾਲ ਦੁਨੀਆ ਭਰ ਦੇ ਆਪੋ ਵਿਚ ਤੁਅੱਲਕਾਤ ਕਾਇਮ ਰੱਖਦਿਆਂ ਹੋਇਆਂ ਵੀ ਆਜ਼ਾਦ ਰਹੀਏ। ਪੈਸੇ ਦਾ ਲਾਲਚ ਨਾ ਹੋਵੇ, ਤੇ ਪੈਸੇ ਦਾ ਸਵਾਲ ਵੀ ਮਿਟਾ ਦਿੱਤਾ ਜਾਵੇ।

ਅਗਲੇ ਲੇਖ ਵਿਚ ਅਸੀਂ ਇਸ ਬਾਰੇ ਕੁਝ ਹੋਰ ਗੱਲਾਂ ਅਤੇ ਏਸ ਫਿਲਾਸਫੀ ਦੇ ਕਈ ਜੁਦੇ-ਜੁਦੇ ਖ਼ਿਆਲ ਇਸ ਦੇ ਇਤਿਹਾਸ ਅਤੇ ਇਸ ਦੇ ਬਦਨਾਮ ਹੋਣ ਦਾ ਕਾਰਨ ਅਤੇ (Violence) ਤਸ਼ੱਦੁਦ ਦੇ ਮਿਲਣ ਦਾ ਹਾਲ ਲਿਖਾਂਗੇ।



Sri Satguru Jagjit Singh Ji Elibrary NamdhariElibrary@gmail.com

# (3) ਅਨਾਰਕਿਜ਼ਮ ਦਾ ਇਤਿਹਾਸ

*—ਜੁਲਾਈ 1928 ਕਿਰਤੀ*

ਪਿਛਲੇ ਦੋ ਲੇਖਾਂ ਵਿਚ ਅਸੀਂ ਅਨਾਰਕਿਜ਼ਮ ਦੇ ਮੁਤਅਲੱਕ ਮੋਟੀਆਂ-ਮੋਟੀਆਂ ਗੱਲਾਂ ਲਿਖੀਆਂ ਹਨ। ਐਡੇ ਜ਼ਰੂਰੀ ਮਜ਼ਮੂਨ ਤੇ ਜੋ ਕਿ ਦੁਨੀਆ ਦੇ ਪੁਰਾਣੇ ਵਿਚਾਰਾਂ ਅਤੇ ਸੰਸਕਾਰਾਂ, ਕਾਰ-ਵਿਹਾਰਾਂ ਦੇ ਇਕ ਦੱਖ-ਵਿਰੁੱਧ ਨਵਾਂ-ਨਵਾਂ ਹੀ ਸਾਹਮਣੇ ਆਵੇ, ਇੰਨੇ ਕੁ ਛੋਟੇ ਲੇਖ ਵਿਚ ਪਾਠਕਾਂ ਦੀ ਪੂਰੀ ਤਸੱਲੀ ਨਹੀਂ ਕੀਤੀ ਜਾ ਸਕਦੀ। ਕਿੰਨੀਆਂ ਹੀ ਸ਼ੰਕਾਂ ਪੈਦਾ ਹੁੰਦੀਆਂ ਹਨ। ਮਗਰ ਅਸੀਂ ਉਨ੍ਹਾਂ ਦੇ ਮੋਟੇ-ਮੋਟੇ ਅਸੂਲ ਪਾਠਕਾਂ ਅੱਗੇ ਰੱਖੇ ਹਨ, ਜਿਸ ਤੋਂ ਉਹ ਉਨ੍ਹਾਂ ਦੀਆਂ ਮੋਟੀਆਂ-ਮੋਟੀਆਂ ਗੱਲਾਂ ਸਮਝ ਗਏ ਹੋਣਗੇ। ਹੁਣ ਅਸੀਂ ਇਸੇ ਤਰ੍ਹਾਂ ਕਮਿਊਨਿਜ਼ਮ, ਸੋਸ਼ਲਿਜ਼ਮ ਅਤੇ ਨਿਹਿਲਿਜ਼ਮ ਆਦਿਕ ਮੱਤਾਂ 'ਤੇ ਲੇਖ ਲਿਖਾਂਗੇ ਤਾਂ ਕਿ ਹਿੰਦੁਸਤਾਨੀ ਵੀ ਸਮਝ ਸਕਣ ਕਿ ਬਾਹਰ ਮੁਲਕਾਂ ਵਿਚ ਕਿਸ ਤਰ੍ਹਾਂ ਦੇ ਵਿਚਾਰ ਚੱਲ ਰਹੇ ਹਨ। ਮਗਰ ਅਗਾਂਹ ਕਿਸੇ ਹੋਰ ਮਜ਼ਮੂਨ ਤੇ ਲਿਖਣ ਤੋਂ ਪਹਿਲਾਂ ਅਨਾਰਕਿਜ਼ਮ ਦੇ ਸਬੰਧ ਵਿਚ ਬੜੀਆਂ ਜ਼ਰੂਰੀ ਅਤੇ ਮਜ਼ੇਦਾਰ ਗੱਲਾਂ ਲਿਖਣ ਦਾ ਇਰਾਦਾ ਹੈ। ਉਹ ਹੈ ਅਨਾਕਿਜ਼ਮ ਦਾ ਇਤਿਹਾਸ। ਯਾਨੀ ਅਨਾਰਕਿਸਟਾਂ ਨੇ ਹੁਣ ਤੀਕ ਕੀ ਕੀਤਾ? ਉਹ ਕਿਵੇਂ ਬਦਨਾਮ ਕੀਤੇ ਗਏ? ਉੱਪਰ ਜੋ ਅਸੀਂ ਉਨ੍ਹਾਂ ਦੇ ਵਿਚਾਰ ਦੱਸੇ ਹਨ, ਹੁਣ ਇਹ ਦੱਸਣਾ ਚਾਹੁੰਦੇ ਹਾਂ ਕਿ ਉਨ੍ਹਾਂ ਵਿਚਾਰਾਂ ਨੂੰ ਅਮਲੀ ਜਾਮਾ ਪੁਆਉਣ ਲਈ ਉਨ੍ਹਾਂ ਕੀ ਕੀਤਾ ਅਤੇ ਤਾਕਤ ਦਾ ਇਸਤੇਮਾਲ ਕਰਕੇ ਕਿਸ ਤਰ੍ਹਾਂ ਉਹ ਬੜੀਆਂ ਜ਼ਬਰਦਸਤ ਸਰਕਾਰਾਂ ਨਾਲ ਮੱਥਾ ਲਾ ਲੈਂਦੇ ਸਨ ਅਤੇ ਪਿੱਛੋਂ ਹੱਸਦੇ-ਹੱਸਦੇ ਉਸੇ ਵਿਚ ਜਾਨ ਤੀਕ ਤੇ ਖੇਡ ਜਾਂਦੇ ਸਨ।

ਅਸਲ ਵਿਚ ਤੇ ਜਦੋਂ ਜ਼ੁਲਮ ਅਤੇ ਕਹਿਰ ਦੀ ਹੱਦ ਹੋ ਜਾਵੇ ਅਤੇ ਜਦੋਂ ਸ਼ਾਂਤਮਈ ਅਤੇ ਖੁੱਲ੍ਹੇ ਕੰਮ ਨੂੰ ਪੀਹ ਸੁੱਟਿਆ ਜਾਵੇ, ਤਦੋਂ ਕੰਮ ਕਰਨ ਵਾਲੇ ਲੋਕੀਂ ਹਮੇਸ਼ਾ ਗੁਪਤ ਕੰਮ ਸ਼ੁਰੂ ਕਰ ਦਿੰਦੇ ਹਨ ਅਤੇ ਅੱਤ ਜ਼ੁਲਮ ਹੁੰਦਾ ਵੇਖ ਕੇ ਬਦਲਾ ਲੈਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਉਸੇ ਕੋਸ਼ਿਸ਼ ਵਿਚ ਆਪਣੀ ਜਾਨ 'ਤੇ ਖੇਡ ਜਾਂਦੇ ਹਨ। ਯੂਰਪ ਵਿਚ ਗ਼ਰੀਬ ਕਿਰਤੀਆਂ ਤੇ ਹੱਦ ਦਰਜੇ ਦੇ ਅੱਤਿਆਚਾਰ ਹੋ ਰਹੇ ਸਨ। ਉਨ੍ਹਾਂ ਦੇ ਹਰ ਪ੍ਰਕਾਰ ਦੇ ਕੰਮ ਨੂੰ ਪੀਹ ਸੁੱਟਿਆ ਜਾ ਰਿਹਾ ਸੀ। ਉਦੋਂ ਹੀ ਰੂਸ ਦੇ ਇਕ ਬੜੇ ਭਾਰੀ ਖ਼ਾਨਦਾਨ ਦੇ ਇਕ ਬੀਰ ਮਾਈਕੇਲ ਬੈਕੂਨਿਨ (Michael Bakounin), ਜੋ ਰੂਸ ਦੇ ਤੋਪਖਾਨੇ ਵਿਚ ਇਕ ਬੜੇ ਅਫ਼ਸਰ ਸੀ, ਪੋਲੈਂਡ ਦੀ ਬਗ਼ਾਵਤ ਦਬਾਉਣ ਵਾਸਤੇ ਘੱਲਿਆ ਗਿਆ। ਉਥੇ ਵਿਚਾਰੇ ਬਾਗ਼ੀ ਲੋਕਾਂ ਨੂੰ ਜਿਸ ਤਰ੍ਹਾਂ ਜ਼ੁਲਮ ਨਾਲ ਦਬਾਇਆ ਗਿਆ ਸੀ, ਉਹ ਦੇਖ ਕੇ ਉਨ੍ਹਾਂ ਦਾ ਦਿਲ ਇਕਦਮ ਫਿਰ ਗਿਆ ਅਤੇ ਉਹ ਜੁਗ ਪਲਟਾਊ ਬਣ ਗਏ ਅਤੇ ਅਖ਼ੀਰ ਵਿਚ ਉਨ੍ਹਾਂ ਦੇ ਖ਼ਿਆਲਾਤ ਅਨਾਰਕਿਜ਼ਮ ਜਾਂ ਅਰਾਜਕਤਾ ਵੱਲ ਝੁਕ ਗਏ। ਆਪ ਨੇ ਸੰਨ 1834 ਵਿਚ ਨੌਕਰੀ ਛੱਡ ਦਿੱਤੀ ਸੀ। ਉਸ ਦੇ ਬਾਅਦ ਬਰਲਿਨ ਅਤੇ ਸਵਿਟਜ਼ਰਲੈਂਡ ਵਿਚੋਂ ਹੁੰਦੇ ਹੋਏ ਪੈਰਿਸ ਪੁੱਜੇ। ਉਸ ਵੇਲੇ ਆਮ ਤੌਰ 'ਤੇ ਸਰਕਾਰਾਂ, ਆਪ ਦੇ ਖ਼ਿਆਲਾਤ ਕਰਕੇ ਆਪ ਦੇ ਵਿਰੁੱਧ ਸਨ। 1864 ਤੀਕ ਆਪ ਆਪਣੇ ਵਿਚਾਰ ਪੱਕਿਆਂ ਕਰਦੇ ਰਹੇ ਅਤੇ ਕਿਰਤੀਆਂ ਵਿਚ ਪ੍ਰਚਾਰ ਕਰਦੇ ਰਹੇ।

ਬਾਅਦ ਵਿਚ ਆਪ ਨੇ ਕੌਮਾਂਤਰੂ ਕਿਰਤੀ ਕਾਂਗਰਸ 'ਤੇ ਕਬਜ਼ਾ ਕਰ ਲਿਆ। ਖ਼ੈਰ, ਅਖ਼ੀਰ ਵਿਚ 1860 ਤੋਂ 1870 ਤਕ ਤੇ ਆਪ ਆਪਣੇ ਦਲ ਦਾ ਸੰਗਠਨ ਜਾਂ ਜਥੇਬੰਦੀ ਕਰਦੇ ਰਹੇ। ਪਰ 4 ਸਤੰਬਰ, 1870 ਨੂੰ ਪੈਰਿਸ ਵਿਚ ਤੀਜਾ ਪੰਚਾਇਤੀ ਰਾਜ ਕਾਇਮ ਕਰਨ ਦਾ ਐਲਾਨ ਕੀਤਾ ਗਿਆ ਅਤੇ ਫ਼ਰਾਂਸ ਵਿਚ ਕਈ ਥਾਈਂ ਸਰਮਾਏਦਾਰ ਸਰਕਾਰ ਦੇ ਵਿਰੁੱਧ ਲੜਾਈਆਂ ਅਤੇ ਬਗ਼ਾਵਤਾਂ ਹੋਈਆਂ। ਉਧਰ ਲਿਓਨ ਸ਼ਹਿਰ (Lyon) ਵਿਚ ਬਗ਼ਾਵਤ ਹੋਈ, ਉਸ ਵਿਚ ਬੈਕੂਨਿਨ ਹੋਰੀਂ ਸ਼ਾਮਲ ਹੋਏ ਅਤੇ ਆਪ ਦਾ ਹੀ ਜ਼ੋਰ ਰਿਹਾ। ਕੁਝ ਹੀ ਦਿਨਾਂ ਬਾਅਦ ਉਥੇ ਆਪ ਨੂੰ ਹਾਰ ਹੋਈ ਅਤੇ ਉਥੋਂ ਮੁੜ ਕੇ ਆਏ।



Sri Satguru Jagjit Singh Ji Elibrary NamdhariElibrary@gmail.com

1873 ਵਿਚ ਹਸਪਾਨੀਆਂ ਵਿਚ ਬਗ਼ਾਵਤ ਖੜ੍ਹੀ ਹੋ ਗਈ। ਆਪ ਨੇ ਉਸ ਵਿਚ ਜਾ ਕੇ ਲੜਾਈ ਲੜਨੀ ਸ਼ੁਰੂ ਕੀਤੀ। ਕੁਝ ਦਿਨ ਤੇ ਕੰਮ ਖ਼ੂਬ ਗਰਮ ਰਿਹਾ। ਅਖ਼ੀਰ ਵਿਚ ਉਥੇ ਵੀ ਹਾਰ ਹੋਈ। ਉਥੋਂ ਮੁੜੇ ਤੇ ਇਟਲੀ ਵਿਚ ਬਗ਼ਾਵਤਾਂ ਹੋ ਗਈਆਂ ਸਨ। ਆਪ ਨੇ ਉਥੇ ਜਾ ਕੇ ਜੰਗ ਦੀ ਵਾਗਡੋਰ ਹੱਥ ਵਿਚ ਲੈ ਲਈ। ਗੈਰੀ ਬਾਲਡੀ ਹੋਰੀਂ ਵੀ ਕੁਝ ਮੁਖਾਲਫਤ ਦੇ ਬਾਅਦ ਉਨ੍ਹਾਂ ਦੇ ਨਾਲ ਮਿਲ ਗਏ ਸਨ। ਕੁਝ ਦਿਨਾਂ ਦੇ ਫ਼ਸਾਦਾਂ ਬਾਅਦ ਉਥੇ ਵੀ ਹਾਰ ਹੋਈ। ਇਸੇ ਤਰ੍ਹਾਂ ਉਨ੍ਹਾਂ ਦੀ ਸਾਰੀ ਉਮਰ ਲੜਾਈ ਭਿੜਾਈ ਵਿਚ ਗੁਜ਼ਰ ਗਈ ਅਤੇ ਅਖ਼ੀਰ ਵਿਚ ਆਪ ਬੁੱਢੇ ਹੋ ਗਏ ਅਤੇ ਆਪ ਨੇ ਆਪਣੇ ਸਾਥੀਆਂ ਨੂੰ ਚਿੱਠੀਆਂ ਲਿਖੀਆਂ ਕਿ ਹੁਣ ਮੈਂ ਲੀਡਰੀ ਹੱਥੋਂ ਛੱਡਦਾ ਹਾਂ ਤਾਂ ਕਿ ਤੁਹਾਡੇ ਕੰਮ ਵਿਚ ਰੁਕਾਵਟ ਨਾ ਪਵੇ। ਅਖ਼ੀਰ ਵਿਚ ਜੁਲਾਈ 1876 ਵਿਚ ਆਪ ਹੋਰੀਂ ਬੀਮਾਰ ਹੋ ਕੇ ਚਲਾਣਾ ਕਰ ਗਏ।

ਬਾਅਦ ਵਿਚ ਚਾਰ ਆਦਮੀ ਬੜੇ ਤਕੜੇ ਏਸ ਕੰਮ 'ਤੇ ਲੱਕ ਬੰਨ੍ਹ ਕੇ ਡਟ ਗਏ ਸਨ। ਉਹ ਸਨ, ਕਾਰਲੋ ਕੇਫੀਰੋ (Carlo cafiers) ਇਟਲੀ ਦੇ ਰਹਿਣ ਵਾਲੇ ਅਤੇ ਬੜੇ ਅਮੀਰ ਖ਼ਾਨਦਾਨ ਦੇ ਸਨ। ਦੂਜੇ ਮਾਲਾ ਟੇਮਟਾ (Malatemta) ਸਨ। ਆਪ ਬੜੇ ਲਾਇਕ ਡਾਕਟਰ ਸਨ ਪਰ ਆਪ ਸਭ ਕੁਝ ਛੱਡ ਕੇ ਜੁਗ ਪਲਟਾਊ ਬਣ ਗਏ। ਤੀਜੇ (Paul Biressee) ਪਾਲ ਬ੍ਰਸੀ ਵੀ ਬੜੇ ਮਸ਼ਹੂਰ ਡਾਕਟਰ ਸਨ ਤੇ ਆਪ ਵੀ ਇਸੇ ਪਾਸੇ ਲੱਗ ਗਏ। ਚੌਥੇ ਸਨ ਪੀਟਰ ਕਰਪਾਟ ਕਿਨ (Peterkropotkin) ਆਪ ਰੂਸ ਦੇ ਜ਼ਾਰ ਖ਼ਾਨਦਾਨ ਵਿਚੋਂ ਸਨ ਅਤੇ ਕਈ ਵੇਰੀ ਮਖ਼ੌਲ ਨਾਲ ਕਿਹਾ ਜਾਂਦਾ ਸੀ ਕਿ ਅਸਲ ਵਿਚ ਤਾਂ ਆਪ ਨੇ ਹੀ ਜ਼ਾਰ ਬਣਨਾ ਸੀ। ਖ਼ੈਰ, ਆਪ ਸਾਰੇ ਹੀ ਬੈਕੂਨਿਨ ਦੇ ਅਨੁਯਾਯੀ ਸਨ। ਆਪ ਨੇ ਕਿਹਾ ਕਿ ਅਸੀਂ ਜ਼ਬਾਨੀ ਬਹੁਤ ਪ੍ਰਚਾਰ ਕਰ ਚੁੱਕੇ ਹਾਂ, ਕੁਝ ਅਸਰ ਨਹੀਂ ਹੁੰਦਾ। ਨਵੇਂ-ਨਵੇਂ ਵਿਚਾਰ ਸੁਣਾ-ਸੁਣਾ ਥੱਕ ਗਏ ਹਾਂ। ਲੋਕਾਂ 'ਤੇ ਕੁਝ ਵੀ ਅਸਰ ਨਹੀਂ ਹੁੰਦਾ। ਇਸ ਕਰਕੇ ਹੁਣ ਅਮਲੀ ਪ੍ਰਚਾਰ (Propaganda of deed) ਸ਼ੁਰੂ ਕੀਤਾ ਜਾਵੇ। ਕਰਪਾਟਕਿਨ ਨੇ ਕਿਹਾ ਕਿ :

"A single deed makes more propaganda in a few days than a thousand pamphlets. The Government defends it self. It reges pitilessly, but by this it only causes further deeds to the committed by one or more persons and drives the insurgents to heroism. One deed brings forth another opponents join the mutiny, the Govt. splits into factions harshness intensifies the conflict, concessions come too late, the revolution brakes out."

ਯਾਨੀ 'ਇਕ ਵੀ ਅਮਲੀ ਕੰਮ' ਹਜ਼ਾਰਾਂ ਕਿਤਾਬਾਂ ਅਤੇ ਪਰਚਿਆਂ ਨਾਲੋਂ ਵਧੀਕ ਪ੍ਰਚਾਰ ਕਰ ਦੇਂਦਾ ਹੈ। ਗੌਰਮਿੰਟ ਆਪਣੀ ਰੱਖਿਆ ਕਰਦੀ ਹੈ, ਉਸ ਨੂੰ ਗੁੱਸਾ ਆਉਂਦਾ ਹੈ, ਉਹ ਜਲਦੀ ਭੱਜਦੀ ਹੈ ਅਤੇ ਜ਼ੁਲਮ ਕਰਦੀ ਹੈ ਅਤੇ ਕਈ ਆਦਮੀ ਅੱਕ ਕੇ ਮੁੜ ਬਦਲਾ ਲੈਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਫੇਰ ਕਈ ਵੇਰੀ ਉਹੋ ਜਿਹੇ ਕੰਮ ਹੁੰਦੇ ਹਨ। ਉਨ੍ਹਾਂ ਨੂੰ ਸ਼ਹੀਦ ਬਣਾ ਦਿੱਤਾ ਜਾਂਦਾ ਹੈ। ਮੁਖਾਲਿਫ਼ ਲੋਕ ਭੀ ਨਾਲ ਆ ਕੇ ਸ਼ਾਮਲ ਹੋ ਜਾਂਦੇ ਹਨ। ਗਵਰਨਮੈਂਟ ਤੜਫਦੀ ਹੈ। ਆਪੋ ਵਿਚ ਉਨ੍ਹਾਂ ਦੀ ਚੱਖ-ਚੱਖ ਚੱਲ ਪੈਂਦੀ ਹੈ। ਲੋਕਾਂ ਦੀਆਂ ਸ਼ਰਤਾਂ ਮੰਨਣ ਵਿਚ ਖਾਹਮਖਾਹ ਦੀ ਦੇਰ ਕੀਤੀ ਜਾਂਦੀ ਹੈ ਅਤੇ ਇਨਕਲਾਬ ਦੀ ਜੰਗ ਸ਼ੁਰੂ ਹੋ ਜਾਂਦੀ ਹੈ। ਇਹ ਉਨ੍ਹਾਂ ਦੇ ਖ਼ਿਆਲਾਤ ਦਾ ਫੋਟੋ ਆਪ ਦੇ ਸਾਹਮਣੇ ਰੱਖਿਆ ਗਿਆ ਹੈ। ਪੀਟਰ ਕਰੂਪਟਕਿਨ ਰੂਸੀ ਜੁੱਗ ਪਲਟਾਊਆਂ ਵਿਚੋਂ ਸਨ। ਪਕੜੇ ਜਾਣ 'ਤੇ ਪੀਟਰ ਪਾਲ ਨਾਮੀ ਕਿਲ੍ਹੇ ਵਿਚ ਕੈਦ ਕੀਤੇ ਗਏ ਸਨ। ਉਸ ਸਖ਼ਤ ਜੇਲ੍ਹ ਵਿਚੋਂ ਵੀ ਆਪ ਹੋਰੀਂ ਭੱਜ ਗਏ ਅਤੇ ਯੂਰਪ ਵਿਚ ਜਾ ਕੇ ਆਪਣੇ ਖ਼ਿਆਲਾਂ ਦਾ ਪ੍ਰਚਾਰ ਕਰਨ ਲੱਗ ਪਏ। ਉੱਪਰਲੀ ਗੱਲ ਤੋਂ ਪਤਾ ਚਲਦਾ ਹੈ ਕਿ ਉਸ ਵੇਲੇ ਉਨ੍ਹਾਂ ਦੇ ਦਿਲ ਦੀ ਕੀ ਹਾਲਤ ਸੀ।



Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਪਹਿਲੋਂ ਉਨ੍ਹਾਂ ਨੇ ਬਰਨ (Bern) ਨਾਮੀ ਸ਼ਹਿਰ ਵਿਚ ਫ਼ਰਾਂਸ ਦੀ ਮਜ਼ਦੂਰ ਹਕੂਮਤ ਕਾਇਮ ਕਰਨ ਵਾਲੇ ਦਿਨ ਦੀ ਬਰਸੀ ਮਨਾਈ। ਇਹ ਗੱਲ 18 ਮਾਰਚ, 1876 ਦੀ ਹੈ। ਉਸ ਦਿਨ ਉਨ੍ਹਾਂ ਕਿਰਤੀਆਂ ਦਾ ਜਲੂਸ ਕੱਢਿਆ ਅਤੇ ਬਜ਼ਾਰਾਂ ਵਿਚ ਪੁਲਿਸ ਨਾਲ ਘਸੁੰਨ ਮੁੱਕੀ ਵੀ ਹੋ ਪਏ। ਜਦੋਂ ਪੁਲਿਸ ਵਾਲਿਆਂ ਉਨ੍ਹਾਂ ਦਾ ਲਾਲ ਝੰਡਾ ਪੁੱਟਣ ਦੀ ਕੋਸ਼ਿਸ਼ ਕੀਤੀ, ਤਦੋਂ ਤੇ ਫੇਰ ਤਗੜਾ ਫਸਾਦ ਖੜ੍ਹਾ ਹੋ ਗਿਆ ਅਤੇ ਕਈ ਸਿਪਾਹੀ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਅਖ਼ੀਰ ਵਿਚ ਇਹ ਸਾਰੇ ਲੋਕੀਂ ਪਕੜੇ ਗਏ ਅਤੇ 10 ਦਿਨ ਤੋਂ ਚਾਲੀ ਦਿਨਾਂ ਤਕ ਦੀ ਕੈਦ ਦੀ ਸਜ਼ਾ ਹੋਈ।

ਉਧਰ ਅਪ੍ਰੈਲ ਵਿਚ ਇਟਲੀ ਵਿਚ ਜੱਟਾਂ ਨੂੰ ਉਭਾਰ-ਉਭਾਰ ਕੇ ਥਾਂ-ਥਾਂ ਬਗ਼ਾਵਤਾਂ ਖੜੀਆਂ ਕਰ ਦਿੱਤੀਆਂ। ਉਥੇ ਵੀ ਇਨ੍ਹਾਂ ਦੇ ਸਾਥੀ ਪਕੜੇ ਗਏ, ਜਿਨ੍ਹਾਂ ਵਿਚ ਬਹੁਤ ਸਾਰੇ ਬਰੀ ਹੋ ਗਏ, ਚੂੰਕਿ ਉਨ੍ਹਾਂ ਦਾ ਖ਼ਿਆਲ ਹੁਣ ਇਸੇ ਤਰ੍ਹਾਂ ਪ੍ਰਚਾਰ ਕਰਨ ਦਾ ਸੀ, ਇਸੇ ਕਰਕੇ ਉਹ ਕਿਹਾ ਕਰਦੇ ਸਨ :

"Neither money, not organisation nor literature was any longer (for these propaganda work) One human being in revolt with torch or Dynamite was able to instruct the World."

ਕਿ ਪ੍ਰਚਾਰ ਦੇ ਕੰਮ ਵਾਸਤੇ ਨਾ ਤੇ ਰੁਪਏ ਦੀ ਜ਼ਰੂਰਤ ਹੈ ਤੇ ਨਾ ਬੜੀਆਂ ਪੋਥੀਆਂ ਦੀ ਅਤੇ ਨਾ ਬੜੀ ਭਾਰੀ ਜਥੇਬੰਦੀ ਦੀ। ਕਿਸੇ ਵੀ ਇਕ ਆਦਮੀ, ਜਿਸ ਨੇ ਹੱਥ ਵਿਚ ਮਸ਼ਾਲ ਫੜੀ ਹੋਈ ਹੋਵੇ, ਜਿਸ ਨਾਲ ਉਹ ਅੱਗ ਲਾ ਸਕੇ ਯਾ ਡਾਇਨਾਮਾਈਟ ਹੋਵੇ, ਜਿਸ ਨਾਲ ਉਹ ਇਕ ਵਾਰੀ ਮਕਾਨਾਂ ਤੇ ਇਹੋ ਜਿਹੇ ਇਨਸਾਨਾਂ ਨੂੰ ਉੜਾ ਸਕੇ, ਉਹ ਸਾਰੀ ਦੁਨੀਆ ਨੂੰ ਆਪਣੀ ਮਰਜ਼ੀ ਮੁਤਾਬਕ ਸਿੱਖਿਆ ਦੇ ਸਕਦਾ ਹੈ।

ਅਗਲੇ ਵਰ੍ਹੇ 1868 ਤੋਂ ਬਸ ਇਹੋ ਜਿਹੇ ਕੰਮ 'ਤੇ ਜ਼ੋਰ ਪੈ ਗਿਆ। ਬਰਲਿਨ ਵਿਚ ਇਟਲੀ ਦਾ ਬਾਦਸ਼ਾਹ (Hunbert) ਜਦੋਂ ਕਿ ਉਹ ਆਪਣੀ ਲੜਕੀ ਨਾਲ ਮੋਟਰ 'ਤੇ ਜਾ ਰਿਹਾ ਸੀ, ਤਦੋਂ ਹੀ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਸ਼ਹਿਨ ਸ਼ਾਲ ਵਿਲਿਅਮ (Willium) ਨੂੰ ਇਕ ਮਾਮੂਲੀ ਜਿਹੇ ਨੌਜਵਾਨ ਨੇ ਗੋਲੀ ਮਾਰ ਦਿੱਤੀ। ਤਿੰਨ ਹਫ਼ਤੇ ਬਾਅਦ ਡਾਕਟਰ ਕਾਰਲ ਨੌਵਲਿੰਗ (Karl Novling) ਨੇ ਇਕ ਬਾਰੀ ਵਿਚੋਂ ਸ਼ਹਿਨਸ਼ਾਹ 'ਤੇ ਗੋਲੀ ਚਲਾ ਦਿੱਤੀ। ਇਹ ਅਸਲ ਵਿਚ ਤਾਂ ਜਰਮਨੀ ਵਿਚ ਗ਼ਰੀਬ ਮਜ਼ਦੂਰਾਂ ਦੀਆਂ ਤਹਿਰੀਕਾਂ ਨੂੰ ਅੱਤਿਆਚਾਰ ਕਰਕੇ ਦਬਾਇਆ ਜਾ ਰਿਹਾ ਸੀ। ਉਸ ਦੇ ਬਦਲੇ ਵਿਚ ਹੀ ਇਹ ਸਭ ਕੁਝ ਕੀਤਾ ਗਿਆ ਸੀ। ਉਸਦੇ ਬਾਅਦ ਇਕ ਦਿਨ ਸਭਾ ਕਰਕੇ ਫ਼ੈਸਲਾ ਕੀਤਾ ਗਿਆ ਸ਼ੀ ਕਿ ਜਿਵੇਂ ਹੀ ਹੋਵੇ, ਹੁਣ ਸਾਨੂੰ ਇਸ ਧੋਖੇਬਾਜ਼ ਸਰਮਾਏਦਾਰ ਜਮਾਤ ਅਤੇ ਇਸ ਦੇ ਮਦਦਗਾਰ ਸਰਕਾਰ ਤੇ ਪੁਲਿਸ ਵਗ਼ੈਰਾ ਨੂੰ ਡਰਾਇਆ ਜਾਵੇ।

15 ਦਸੰਬਰ, 1883 ਨੂੰ ਵਿਲੀਰਿਡ ਫਲੋਰਡ (Flordsdorf) ਵਿਚ ਬਲੂਬੇਕ (Blubek) ਨਾਮੀ ਪੁਲਿਸ ਅਫ਼ਸਰ ਮਾਰ ਸੁੱਟਿਆ। 23 ਜੂਨ, 1884 ਨੂੰ ਰੂਜੇਟ (Reuget) ਨੂੰ ਇਸੇ ਅਪਰਾਧ ਵਿਚ ਫ਼ਾਂਸੀ ਦੇ ਦਿੱਤੀ ਗਈ। ਅਗਲੇ ਹੀ ਦਿਨ ਉਸੇ ਦੇ ਬਦਲੇ ਵਿਚ ਬਲੋਕਿਟ ਨਾਮੀ ਅਫ਼ਸਰ ਨੂੰ ਕਤਲ ਕਰ ਦਿੱਤਾ ਗਿਆ। ਆਸਟਰੀਆ ਦੀ ਸਰਕਾਰ ਨੂੰ ਗੁੱਸਾ ਚੜ੍ਹ ਗਿਆ। ਵਿਯਾਨਾ ਵਿਚ ਪੁਲਿਸ ਨੇ ਘੇਰਾ ਘੱਤ ਦਿੱਤਾ ਅਤੇ ਕਈ ਆਦਮੀ ਗ੍ਰਿਫ਼ਤਾਰ ਕਰ ਲਏ ਗਏ, ਦੋ ਨੂੰ ਫ਼ਾਂਸੀ ਹੋ ਗਈ।

ਉਧਰ ਲਿਓਨ ਵਿਚ ਹੜਤਾਲਾਂ ਹੋਈਆਂ। ਇਕ ਹੜਤਾਲੀ ਫੂਰਨਿਅਨ (Fornier) ਨੇ ਆਪਣੇ ਸਰਮਾਏਦਾਰ ਮਾਲਕ ਨੂੰ ਗੋਲੀ ਮਾਰ ਦਿੱਤੀ। ਉਸ ਦੀ ਬੜੀ ਇੱਜ਼ਤ ਕੀਤੀ ਗਈ ਅਤੇ



Sri Satguru Jagjit Singh Ji Elibrary NamdhariElibrary@gmail.com

ਜਲਸੇ ਵਿਚ ਉਸਨੂੰ ਇਕ ਪਿਸਤੌਲ ਇਨਾਮ ਦੇ ਤੌਰ 'ਤੇ ਦਿੱਤਾ ਗਿਆ। 1888 ਵਿਚ ਉਥੇ ਬੜੀ ਗੜਬੜੀ ਪਈ ਹੋਈ ਸੀ ਅਤੇ ਰੇਸ਼ਮ ਦਾ ਕੰਮ ਕਰਨ ਵਾਲੇ ਮਜ਼ਦੂਰ ਭੁੱਖੇ ਮਰ ਰਹੇ ਸਨ। ਤਦੋਂ ਹੀ ਸਰਮਾਏਦਾਰ ਅਖ਼ਬਾਰਾਂ ਵਾਲੇ ਅਤੇ ਹੋਰ ਉਨ੍ਹਾਂ ਦੇ ਸਾਥੀ ਇਕ ਥਾਂ ਐਸ਼ ਉਡਾ ਰਹੇ ਸਨ। ਉਥੇ ਹੀ ਇਕ ਬੰਬ ਸੁੱਟ ਦਿੱਤਾ ਗਿਆ। ਧਨੀ ਲੋਕ ਕੰਬ ਉੱਠੇ, 60 ਅਨਾਰਕਿਸਟ ਪਕੜੇ ਗਏ। ਉਨ੍ਹਾਂ ਵਿਚੋਂ ਸਿਰਫ਼ ਤਿੰਨ ਹੀ ਬਰੀ ਕੀਤੇ ਗਏ। ਫੇਰ ਵੀ ਅਸਲੀ ਬੰਬ ਸੁੱਟਣ ਵਾਲੇ ਦੀ ਬੜੀ ਭਾਲ ਕੀਤੀ ਜਾਂਦੀ ਰਹੀ। ਅਖ਼ੀਰ ਵਿਚ ਉਹ ਫੜਿਆ ਗਿਆ ਅਤੇ ਫ਼ਾਂਸੀ 'ਤੇ ਲਟਕਾਇਆ ਗਿਆ। ਬਸ ਇਸ ਤਰ੍ਹਾਂ ਹੀ ਉਨ੍ਹਾਂ ਦੇ ਖ਼ਿਆਲਾਂ ਦੇ ਮੁਤਾਬਕ ਕੰਮ ਚੱਲ ਪਿਆ। ਫੇਰ ਤੇ ਜਿਥੇ ਵੀ ਹੜਤਾਲ ਹੁੰਦੀ, ਉਥੇ ਹੀ ਕਤਲ ਖ਼ੂਨ ਵੀ ਹੋ ਜਾਂਦਾ ਸੀ। ਇਨ੍ਹਾਂ ਗੱਲਾਂ ਦਾ ਜ਼ਿੰਮੇਵਾਰ ਵੀ ਅਨਾਰਕਿਸਟਾਂ ਨੂੰ ਹੀ ਠਹਿਰਾਇਆ ਗਿਆ। ਇਸ ਕਰਕੇ ਇਸ ਨਾਂ ਤੋਂ ਲੋਕੀਂ ਥਰ-ਥਰ ਕੰਬਣ ਲੱਗ ਪਏ।

ਉਧਰ ਇਕ ਜਰਮਨ ਅਨਾਰਕਿਸਟ ਜਹਾਨ ਮੋਸਟ (Johnen Most) ਜੋ ਕਿ ਪਹਿਲਾਂ ਦਫ਼ਤਰੀ ਦਾ ਕੰਮ ਕਰਦਾ ਹੁੰਦਾ ਸੀ, 1882 ਵਿਚ ਅਮਰੀਕਾ ਜਾ ਪੁੱਜਾ, ਉਸ ਨੇ ਵੀ ਇਹੋ ਖ਼ਿਆਲ ਲੋਕਾਂ ਅੱਗੇ ਰੱਖਣੇ ਸ਼ੁਰੂ ਕਰ ਦਿੱਤੇ। ਉਹ ਲੈਕਚਰ ਬੜਾ ਸੁਹਣਾ ਦਿੰਦਾ ਹੁੰਦਾ ਸੀ ਅਤੇ ਉਸ ਦਾ ਅਮਰੀਕਾ ਵਿਚ ਬੜਾ ਅਸਰ ਹੋਇਆ। 1886 ਵਿਚ ਸ਼ਿਕਾਗੋ ਵਗ਼ੈਰਾ ਵਿਚ ਬੜੀਆਂ ਹੜਤਾਲਾਂ ਹੋ ਰਹੀਆਂ ਸਨ। ਇਕ ਕਾਗ਼ਜ਼ ਦੇ ਕਾਰਖਾਨੇ ਦੇ ਮਜ਼ਦੂਰਾਂ ਜਾਂ ਕਿਰਤੀਆਂ ਨੂੰ ਇਕ ਅਨਾਰਕਿਸਟ "ਸਪਾਈਜ਼" (Spies) ਉਪਦੇਸ਼ ਦੇ ਰਿਹਾ ਸੀ। ਕਾਰਖ਼ਾਨੇ ਵਾਲਿਆਂ ਬੰਦ ਕਰਨਾ ਚਾਹਿਆ। ਉਥੇ ਲੜਾਈ ਹੋ ਗਈ। ਪੁਲਿਸ ਬੁਲਾਈ ਗਈ। ਜਿਸ ਨੇ ਆਉਂਦਿਆਂ ਹੀ ਗੋਲੀ ਚਲਾ ਦਿੱਤੀ ਅਤੇ ਛੇ ਆਦਮੀ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ। "ਸਪਾਈਜ਼" ਨੂੰ ਜੋ ਗੁੱਸਾ ਆਇਆ, ਉਸ ਨੇ ਆਪੇ ਜਾ ਕੇ ਇਕ ਐਲਾਨ ਕੰਪੋਜ਼ ਕਰਕੇ ਛਾਪਿਆ ਕਿ ਮਜ਼ਦੂਰਾਂ ਨੂੰ ਰਲ ਕੇ ਆਪਣੇ ਬੇਗੁਨਾਹ ਭਰਾਵਾਂ ਦੇ ਖ਼ੂਨ ਦਾ ਬਦਲਾ ਲੈਣਾ ਚਾਹੀਦਾ ਹੈ। ਅਗਲੇ ਦਿਨ 4 ਮਈ ਨੂੰ ਹੇ ਮਾਰਕੀਟ (Hay Market) ਵਿਚ ਜਲਸਾ ਸੀ। ਸ਼ਹਿਰ ਦਾ ਪ੍ਰਧਾਨ ਦੇਖਣ ਆਇਆ ਹੋਇਆ ਸੀ। ਉਸ ਦੇਖਿਆ ਕਿ ਉਥੇ ਕੁਝ ਵੀ ਭੈੜੀ ਗੱਲ ਨਹੀਂ ਸੀ ਹੋ ਰਹੀ। ਉਹ ਚਲਾ ਗਿਆ। ਬਾਅਦ ਵਿਚ ਪੁਲਿਸ ਨੇ ਆ ਕੇ ਅੱਗਾ ਦੇਖਿਆ ਨਾ ਪਿੱਛਾ, ਝੱਟ ਮਾਰਕੁੱਟ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਿਹਾ ਕਿ ਜਲਸਾ ਬੰਦ ਕਰੋ। ਇਨੇ ਵਿਚ ਹੀ ਇਕ ਬੰਬ ਉਨ੍ਹਾਂ 'ਤੇ ਸੁੱਟਿਆ ਗਿਆ ; ਜਿਸ ਨਾਲ ਕਿ ਬਹੁਤ ਸਾਰੇ ਪੁਲਿਸ ਵਾਲੇ ਮਾਰੇ ਗਏ। ਕਈ ਆਦਮੀਆਂ ਨੂੰ ਫੜ ਕੇ ਫ਼ਾਂਸੀ ਦੀ ਸਜ਼ਾ ਦੇ ਦਿੱਤੀ ਗਈ। ਜਾਂਦੀ ਵਾਰੀ ਉਨ੍ਹਾਂ ਵਿਚੋਂ ਇਕ ਸਖ਼ਸ ਕਹਿਣ ਲੱਗਾ :

"ਮੈਂ ਫਿਰ ਕਹਿੰਦਾ ਹਾਂ ਕਿ ਮੈਂ ਅੱਜਕੱਲ੍ਹ ਦੇ ਪ੍ਰਬੰਧ ਦਾ ਕੱਟੜ ਦੁਸ਼ਮਣ ਹਾਂ ਅਤੇ ਮੈਂ ਚਾਹੁੰਦਾ ਹਾਂ ਕਿ ਅਸੀਂ ਇਹ ਨਜ਼ਾਮ ਤੋੜ ਫੋੜ ਦਈਏ ਅਤੇ ਅਸੀਂ ਵੀ ਤਖ਼ਤ ਦਾ ਇਸਤੇਮਾਲ ਕਰੀਏ। ਤੁਸੀਂ ਸ਼ਾਇਦ ਹੱਸੋ ਕਿ ਮੈਂ ਤਾਂ ਹੁਣ ਬੰਬ ਨਹੀਂ ਸੁੱਟ ਸਕਾਂਗਾ, ਪਰ ਮੈਂ ਦੱਸਦਾ ਹਾਂ ਕਿ ਤੁਹਾਡੇ ਜ਼ੁਲਮਾਂ ਨੇ ਸਾਰੇ ਹੀ ਮਜ਼ਦੂਰਾਂ ਨੂੰ ਬੰਬ ਫੜਨ ਅਤੇ ਚਲਾਉਣ 'ਤੇ ਮਜਬੂਰ ਕਰ ਦੇਣਾ ਹੈ। ਮੰਨ ਲਓ, ਮੈਂ ਸੱਚ ਕਹਿੰਦਾ ਹਾਂ ਕਿ ਮੇਰੇ ਫ਼ਾਂਸੀ ਲੱਗਣ 'ਤੇ ਹੋਰ ਵੀ ਕਈ ਆਦਮੀ ਪੈਦਾ ਹੋ ਜਾਣਗੇ। ਇਸੇ ਕਰਕੇ ਮੈਂ ਤੁਹਾਨੂੰ ਘ੍ਰਿਣਾ ਦ੍ਰਿਸ਼ਟੀ ਨਾਲ ਦੇਖਦਾ ਹਾਂ ਅਤੇ ਤੁਹਾਡੇ ਹੁਣ ਸਾਰੇ ਨਿਜ਼ਾਮਾਂ ਨੂੰ ਤੋੜ-ਫੋੜ ਦੇਣਾ ਚਾਹੁੰਦਾ ਹਾਂ। ਇਸੇ ਕਰਕੇ ਹੀ ਫ਼ਾਂਸੀ 'ਤੇ ਚਾੜ੍ਹ ਦਿਓ।" ਖ਼ੈਰ ! ਇਸੇ ਤਰ੍ਹਾਂ ਬਹੁਤ ਸਾਰੇ ਵਾਕਿਆਤ ਹੁੰਦੇ ਚਲੇ ਗਏ। ਪਰ ਇਕ-ਦੋ ਬੜੇ ਮਸ਼ਹੂਰ ਵਾਕਿਆਤ ਹੋਰ ਹੋਏ। ਅਮਰੀਕਾ ਦੇ ਪ੍ਰਧਾਨ ਮੈਕਨਿਲਵ (Makniclv) 'ਤੇ ਗੋਲੀ ਚਲਾਈ ਗਈ ਅਤੇ ਫੇਰ ਕਾਰਨੇਗੀ ਸਟੀਲ ਕੰਪਨੀ ਵਿਚ ਹੜਤਾਲ ਹੋਈ ਹੋਈ ਸੀ ਅਤੇ ਮਜ਼ਦੂਰਾਂ 'ਤੇ ਬੜਾ ਕਹਿਰ ਢਾਹਿਆ ਜਾ ਰਿਹਾ ਸੀ। ਉਹਦੇ ਮਾਲਕ ਹੈਨਰੀ-ਸੀ-ਫਰਿਕ (Hener-C-Frick) ਨੂੰ ਅਲੈਕਜ਼ੰਡਰ ਨਾਮੀ ਅਨਾਰਕਿਸਟ ਨੇ ਗੋਲੀ ਮਾਰ ਕੇ ਸਖ਼ਤ ਜ਼ਖ਼ਮੀ ਕਰ ਦਿੱਤਾ। ਆਪ ਨੂੰ ਉਮਰ ਕੈਦ ਹੋ ਗਈ।



Sri Satguru Jagjit Singh Ji Elibrary NamdhariElibrary@gmail.com

ਸ਼ੋਰ, ਇਸੇ ਤਰ੍ਹਾਂ ਹੀ ਅਮਰੀਕਾ ਵਿਚ ਵੀ ਅਨਾਰਕਿਸਟਾਂ ਦੇ ਇਸ ਖ਼ਿਆਲ ਦਾ ਪ੍ਰਚਾਰ ਅਤੇ ਉਸ 'ਤੇ ਅਮਲ ਹੋਣ ਲੱਗ ਪਿਆ।

ਇਧਰ ਯੂਰਪ ਵਿਚ ਵੀ ਹਨੇਰ ਪਿਆ ਹੋਇਆ ਸੀ। ਪੁਲਿਸ ਅਤੇ ਸਰਕਾਰ ਨਾਲ ਇਨ੍ਹਾਂ ਅਨਾਰਕਿਸਟਾਂ ਦਾ ਰੇੜਾ ਡਾਢਾ ਲੱਗ ਗਿਆ। ਅਖ਼ੀਰ ਇਕ ਦਿਨ ਵੇਲੈਂਟ (Vallant) ਨਾਮ ਦੇ ਇਕ ਨੌਜਵਾਨ ਨੇ ਅਸੈਂਬਲੀ ਵਿਚ ਬੰਬ ਸੁੱਟ ਦਿੱਤਾ। ਪਰ ਇਕ ਔਰਤ ਨੇ ਉਸ ਦਾ ਹੱਥ ਪਕੜ ਕੇ ਰੋਕ ਲਿਆ, ਜਿਸ ਕਰਕੇ ਕੁਝ ਡਿਪਟੀਆਂ ਦੇ ਜ਼ਖ਼ਮੀ ਹੋਣ ਦੇ ਸਿਵਾਏ ਹੋਰ ਕੋਈ ਅਸਰ ਨਾ ਹੋਇਆ। ਉਸ ਨੇ ਬੜੇ ਜ਼ੋਰ ਨਾਲ ਬਿਆਨ ਦਿੱਤਾ ਅਤੇ ਕਿਹਾ, "It takes a loud voice to make the deaf hear" ਕਿ ਬੋਲੇ ਆਦਮੀ ਨੂੰ ਸੁਣਾਉਣ ਵਾਸਤੇ ਬੜੀ ਤਕੜੀ ਆਵਾਜ਼ ਦੀ ਲੋੜ ਹੈ। ਤੁਸੀਂ ਮੈਨੂੰ ਹੁਣ ਸਜ਼ਾ ਦੇਣੀ ਹੈ, ਪਰ ਮੈਨੂੰ ਉਸ ਦਾ ਕੋਈ ਡਰ ਨਹੀਂ ਕਿਉਂਕਿ ਮੈਂ ਤੁਹਾਡਾ ਦਿਲ ਦੁਖਾਇਆ ਹੈ, ਜੋ ਕਿ ਗ਼ਰੀਬਾਂ ਨਾਲ ਅੱਤਿਆਚਾਰ ਕਰਦੇ ਹੋ ਅਤੇ ਮਿਹਨਤ ਕਰਨ ਵਾਲੇ ਭੁੱਖੇ ਮਰਦੇ ਹਨ ਅਤੇ ਤੁਸੀਂ ਉਨ੍ਹਾਂ ਦਾ ਲਹੂ ਚੂਸ-ਚੂਸ ਕੇ ਐਸ਼ ਪਏ ਕਰਦੇ ਹੋ। ਮੈਂ ਤੁਹਾਨੂੰ ਚੋਟ ਮਾਰੀ ਹੈ, ਹੁਣ ਤੁਹਾਡੀ ਵਾਰੀ ਹੈ।

ਉਸ ਦੇ ਵਾਸਤੇ ਬੜੀ ਅਪੀਲ ਕੀਤੀ ਗਈ। ਸਭ ਤੋਂ ਵੱਧ ਕੇ ਜ਼ਖ਼ਮੀ ਹੋਣ ਵਾਲੇ ਅਸੈਂਬਲੀ ਦੇ ਮੈਂਬਰ ਨੇ ਵੀ ਜਿਊਰੀ ਨੂੰ ਕਿਹਾ ਕਿ ਇਸ 'ਤੇ ਰਹਿਮ ਕਰਨਾ ਪਰ ਕਾਰਨਾਟ (Cornet) ਨਾਮੀ ਪ੍ਰਧਾਨ ਨੇ ਜਿਊਰੀ ਨੂੰ ਉਨ੍ਹਾਂ ਦੀ ਗੱਲ ਨਾ ਮੰਨਣ 'ਤੇ ਉਸਨੂੰ ਫ਼ਾਂਸੀ ਦੇ ਦਿੱਤੀ ਗਈ। ਬਾਅਦ ਵਿਚ ਇਕ ਇਟਾਲੀਅਨ ਲੜਕੇ ਨੇ ਇਕ ਛੁਰੀ ਉਸ ਦੇ ਮਾਰ ਦਿੱਤੀ, ਜਿਸ 'ਤੇ ਵੇਲੈਂਟ ਦਾ ਨਾਮ ਲਿਖਿਆ ਹੋਇਆ ਸੀ।

ਇਸੇ ਤਰ੍ਹਾਂ ਦੇ ਹੱਦ ਦਰਜੇ ਦੇ ਅੱਤਿਆਚਾਰਾਂ ਤੋਂ ਤੰਗ ਆ ਕੇ ਸਪੇਨ ਵਿਚ ਬੰਬ ਵੀ ਚੱਲੇ ਅਤੇ ਅਖ਼ੀਰ ਵਿਚ ਇਕ ਇਟਾਲੀਅਨ ਨੇ ਵਜ਼ੀਰ ਨੂੰ ਮਾਰ ਸੁੱਟਿਆ। ਇਸੇ ਤਰ੍ਹਾਂ ਯੂਨਾਨ ਦੇ ਬਾਦਸ਼ਾਹ, ਆਸਟਰੀਆ ਦੀ ਮਲਕਾ 'ਤੇ ਵੀ ਹਮਲੇ ਕੀਤੇ ਗਏ। 1900 ਵਿਚ ਗੈਟਾਨੋ ਬ੍ਰੇਸੀ (Guetano Brese) ਨੇ ਇਟਲੀ ਦੇ ਬਾਦਸ਼ਾਹ ਹੰਬਰਟ ਨੂੰ ਮਾਰ ਸੁੱਟਿਆ। ਇਸੇ ਤਰ੍ਹਾਂ ਉਹ ਲੋਕੀਂ ਗ਼ਰੀਬਾਂ ਖ਼ਾਤਰ ਆਪਣੀਆਂ ਜਾਨਾਂ 'ਤੇ ਖੇਲਦੇ ਰਹੇ ਅਤੇ ਹੱਸਦੇ-ਹੱਸਦੇ ਫ਼ਾਂਸੀਆਂ 'ਤੇ ਚੜ੍ਹਦੇ ਰਹੇ। ਇਸੇ ਕਰਕੇ ਉਨ੍ਹਾਂ ਦੇ ਵਿਰੋਧੀ ਵੀ ਉਨ੍ਹਾਂ ਦੇ ਵਿਰੁੱਧ ਕੁਝ ਨਹੀਂ ਸਨ ਕਰ ਸਕਦੇ। ਉਨ੍ਹਾਂ ਦੇ ਅਖ਼ੀਰੀ ਸ਼ਹੀਦੀ ਸਾਕੋ ਅਤੇ ਵੈਨਜ਼ੇਟੀ ਨੂੰ ਹਾਲੇ ਪਿਛਲੇ ਸਾਲ ਅਮਰੀਕਾ ਵਿਚ ਫ਼ਾਂਸੀ ਹੋਈ ਹੈ। ਉਹ ਜਿਸ ਬਹਾਦਰੀ ਨਾਲ ਫ਼ਾਂਸੀ ਲਟਕੇ ਹਨ, ਉਹ ਸਭ ਜਾਣਦੇ ਹਨ। ਬਸ ਇਹੋ ਸੰਖੇਪ ਜਿਹਾ ਇਤਿਹਾਸ ਹੈ, ਅਨਾਰਕਿਜ਼ਮ ਅਤੇ ਉਨ੍ਹਾਂ ਦੇ ਕੰਮ ਦਾ। ਅਗਲੀ ਵੇਰੀ 'ਕਮਿਊਨਿਜ਼ਮ' ਦੇ ਬਾਰੇ ਵਿਚ ਲੇਖ ਲਿਖ ਰਹੇ ਹਾਂ।

* * *

## 29. ਰੂਸ ਦੇ ਜੁਗ ਪਲਟਾਊ ਨੇਹਲਿਸਟ

*—ਅਗਸਤ 1928—ਕਿਰਤੀ*

ਰੂਸ ਵਿਚ ਇਕ ਬੜੇ ਭਾਰੇ ਨਾਵਲਿਸਟ ਹੋਏ ਹਨ। ਉਨ੍ਹਾਂ ਦਾ ਨਾਂ ਸੀ ਆਈਵਨ ਟਰਗੇਨੇਵ (Iuan Turgenev)। ਉਨ੍ਹਾਂ ਨੇ 1862 ਈਸਵੀ ਵਿਚ ਪੁਸਤਕ ਲਿਖੀ, ਜਿਸ ਦਾ ਨਾਂ ਸੀ 'ਪਿਤਾ ਅਤੇ ਪੁੱਤਰ' ਜਾਂ (Father and children)। ਕਿਤਾਬ ਛਪਦਿਆਂ ਹੀ ਬੜਾ ਰੌਲਾ ਪਿਆ ਕਿਉਂਕਿ ਉਸ ਵਿਚ ਨਵੇਂ ਮੁੰਡਿਆਂ ਦੇ ਨਵੀਂ ਤਰ੍ਹਾਂ ਦੇ ਖ਼ਿਆਲਾਂ ਦਾ ਚਿਤਰਣ ਕੀਤਾ ਗਿਆ ਸੀ। ਪਹਿਲਾਂ ਪਹਿਲ ਉਨ੍ਹਾਂ ਨੇ ਹੀ ਲਫ਼ਜ਼ 'ਨਿਹਲਿਸਟ' ਇਸਤੇਮਾਲ ਕੀਤਾ ਸੀ। ਨਿਹਲਿਸਟ ਦੇ ਮਾਨੇ ਹਨ, ਕੁਝ ਵੀ ਨਾ ਮੰਨਣ ਵਾਲਾ। (Nihil-Nothing) ਯਾਨੀ ਲਫ਼ਜ਼ੀ ਮਾਨੇ ਤੇ ਹੋਏ



Sri Satguru Jagjit Singh Ji Elibrary NamdhariElibrary@gmail.com

ਜੋ ਕੁਝ ਵੀ ਨਾ ਮੰਨਣ। ਪਰ ਅਸਲ ਵਿਚ ਇਹ ਲੋਕੀਂ, ਲੋਕਾਂ ਦੇ ਪੁਰਾਣੇ ਰਸਮੋ-ਰਿਵਾਜ, ਅਤੇ ਭੈੜੀਆਂ-ਭੈੜੀਆਂ ਰੀਤਾਂ ਦੇ ਵਿਰੋਧੀ ਸਨ। ਉਹ ਲੋਕੀਂ ਮੁਲਕ ਦੀ ਦਿਮਾਗ਼ੀ ਗੁਲਾਮੀ ਤੋਂ ਅੱਕ ਗਏ ਸਨ। ਇਸ ਕਰਕੇ ਉਨ੍ਹਾਂ ਇਸੇ ਦੇ ਵਿਰੁੱਧ ਦੀ ਬਗ਼ਾਵਤ ਕੀਤੀ। ਸਿਰਫ਼ ਕਿਹਾ ਹੀ ਨਹੀਂ ਬਲਕਿ ਅਮਲ ਵੀ ਕਰਕੇ ਵਿਖਾਇਆ ਟਰੇਗਨੇਵ ਕਹਿੰਦਾ ਹੈ ਕਿ ਮੇਰੇ ਨਾਵਲ ਦਾ ਅਸਲੀ ਹੀਰੋ ਜੋ ਹੈ, ਸੋ ਕੋਈ ਖ਼ਿਆਲੀ ਜੀਵ ਹੀ ਨਹੀਂ, ਬਲਕਿ ਸੱਚੀਂ-ਮੁੱਚੀਂ ਇਸੇ ਵਿਚਾਰਾਂ ਦਾ ਆਦਮੀ ਹੈ ਸੀ ਅਤੇ ਇਹੋ ਜਿਹੇ ਖ਼ਿਆਲਾਂ ਦਾ ਪ੍ਰਚਾਰ ਆਮ ਤੌਰ 'ਤੇ ਹੋਣ ਲੱਗ ਪਿਆ ਸੀ। ਉਹ ਕਹਿੰਦੇ ਨੇ ਕਿ ਇਕ ਦਿਨ ਧੁੱਪ ਸੇਕਦਿਆਂ ਮੈਨੂੰ ਇਸ ਨਾਵਲ ਦਾ ਖ਼ਿਆਲ ਸੁੱਝਾ ਅਤੇ ਉਸੇ ਨੂੰ ਜ਼ਰਾ ਕੁ ਵਧਾ ਕੇ ਪੁਸਤਕ ਲਿਖ ਦਿੱਤੀ ਗਈ। ਉਸ ਦਾ ਹੀਰੋ 'ਬੈਜ਼ੇਰਵ' ਹੈ। ਉਹ ਸ਼ਖਸ ਨਾਸਤਕ ਜਿਹਾ ਹੈ, ਪੁਰਾਣੀਆਂ ਗੱਲਾਂ ਦਾ ਵਿਰੋਧੀ ਹੈ। ਉਸ ਨੂੰ ਮੂੰਹ ਜ਼ੁਬਾਨੀ ਬਹੁਤੀ ਲੰਮੀ ਚੌੜੀ ਲੱਲੋ-ਪੱਪੋ ਨਹੀਂ ਕਰਨੀ ਆਉਂਦੀ। ਬੜਾ ਮੂੰਹ-ਫੱਟ ਹੈ ਤੇ ਜੋ ਕਹਿਣਾ ਹੁੰਦਾ ਹੈ, ਝੱਟਪਟ ਸਾਫ਼ ਹੀ ਮੂੰਹ 'ਤੇ ਕਹਿ ਦਿੰਦਾ ਹੈ। ਇਸ ਕਰਕੇ ਕਦੀ ਬੜਾ ਔਖੜ ਜਿਹਾ ਲੱਗਦਾ ਹੈ। ਉਹ ਕਵਿਤਾ ਦਾ ਵਿਰੋਧੀ ਹੈ। ਸੰਗੀਤ ਤਕ ਨੂੰ ਪਸੰਦ ਨਹੀਂ ਰੱਖਦਾ। ਮਗਰ ਉਹ ਬੜਾ ਆਜ਼ਾਦੀ ਪਸੰਦ ਹੈ। ਆਮ ਲੋਕਾਂ ਦੀ ਆਜਾਦੀ ਦਾ ਬੜਾ ਹਾਮੀ ਹੈ। ਉਹ ਜੋ ਉਨ੍ਹਾਂ ਦਿਨਾਂ ਵਿਚ ਇਨਸਾਨੀ ਫ਼ਿਤਰਤ ਬਣੀ ਹੋਈ ਸੀ, ਉਸ ਦੇ ਵਿਰੁੱਧ ਲੜਨ ਦਾ ਯਤਨ ਕਰਦਾ ਹੈ।

ਉਸ ਤਸਵੀਰ ਤੋਂ ਅਸਲੀ ਨਿਹਲਿਸਟ ਥੋੜ੍ਹਾ ਜਿਹਾ ਭਿੰਨ ਹੈ, ਅਰਥਾਤ ਉਨ੍ਹਾਂ ਵਿਚ ਕੁਝ ਕੁ ਫ਼ਰਕ ਹੈ। ਯਾਨੀ ਨਾਵਲ ਵਾਲਾ ਹੀਰੋ ਥੋੜ੍ਹੀ ਜਿਹੀ ਅਸਲੀਅਤ ਤੋਂ ਹੀ ਕਲਪਨਾ ਨਾਲ ਵਧਾਇਆ ਗਿਆ ਹੈ। ਅਸਲੀ ਨਿਹਿਲਿਸਟ ਦਾ ਚਰਿੱਤਰ ਬੜਾ ਹੋਰ ਤਰ੍ਹਾਂ ਦਾ ਬਣਿਆ।

The Nihilism of 1851–a philosophical system especially dealing with what Mr. Herbert Spencer would call religous, governmental and Social Fetishism."

ਰੂਸੀ ਜੁਗ ਪਲਟਾਊ ਪਰਿਸ ਕੋਪਾਟਕਿਨ ਨੇ ਉੱਪਰ ਲਿਖੇ ਲਫ਼ਜ਼ਾਂ ਵਿਚ 1861 ਦੇ ਨਿਹਲਿਜ਼ਮ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਅਰਥ ਹੈ ਕਿ ਉਸ ਵੇਲੇ ਨਿਹਲਿਜ਼ਮ ਕੇਵਲ ਇਕ ਫਿਲੌਸੋਫੀ ਸੀ, ਜੋ ਕਿ ਮਜ਼ਹਬੀ ਅੰਧ-ਵਿਸ਼ਵਾਸ ਸਮਾਜਿਕ ਅਨਿਆਂਇ ਤੇ ਤੁਅੱਸਬ ਅਤੇ ਗਵਰਨਮੈਂਟ ਦੀ ਅੰਧੇਰਗਰਦੀ ਦੇ ਮੁਤੱਅਲਕ ਸੀ ਅਤੇ ਇਨ੍ਹਾਂ ਚੀਜ਼ਾਂ ਦੇ ਵਾਸਤੇ ਜੋ ਅੰਧ ਵਿਸ਼ਵਾਸ ਪੈਦਾ ਹੋ ਗਿਆ ਸੀ, ਉਸ ਦੇ ਵਿਰੁੱਧ ਪ੍ਰਚਾਰ ਕਰਦੀ ਸੀ। ਅਸਲ ਵਿਚ ਗੱਲ ਇਉਂ ਹੈ ਕਿ ਉਸ ਵੇਲੇ ਦੇ ਹਾਲਾਤ ਤੋਂ ਤੰਗ ਆ ਕੇ ਉਹ ਨੌਜਵਾਨ ਮੈਦਾਨ ਵਿਚ ਕੁੱਦ ਪਏ ਸਨ। ਉਨ੍ਹਾ ਕਿਹਾ ਕਿ ਅਸੀਂ ਪਿਛਲੀਆਂ ਸਾਰੀਆਂ ਗੱਲਾਂ ਦਾ ਪੂਰਾ-ਪੂਰਾ ਨਾਸ ਕਰ ਦੇਣਾ ਹੈ। ਅੱਗੋਂ ਕੀ ਹੋਣਾ ਹੈ, ਜਾਂ ਕੀ ਹੋਵੇਗਾ, ਇਸ ਦਾ ਠੀਕ-ਠੀਕ ਉੱਤਰ ਨਾ ਦਿੰਦਿਆਂ ਹੋਇਆਂ ਵੀ ਉਹ ਯਕੀਨ ਕਰਦੇ ਸਨ ਇਕ ਬੜੀ ਸੁੰਦਰ ਦੁਨੀਆ ਪੈਦਾ ਕਰਨਗੇ।

Nihilism was destructive because it wanted a whole sale destruction, but with a pleasure of building up.

ਯਾਨੀ ਨਿਹਿਲਿਜ਼ਮ ਵਿਨਾਸ਼ਕਾਰੀ ਜਾਂ ਤਬਾਹੀਖੇਜ਼ ਵਿਚਾਰ ਸਨ, ਕਿਉਂਕਿ ਉਹ ਪਿਛਲੀਆ ਜਾਂ ਪੁਰਾਣੀਆਂ ਗੱਲਾ ਦੇ ਵਿਰੋਧੀ ਅਤੇ ਉਨ੍ਹਾਂ ਦਾ ਨਾਸ਼ ਚਾਹੁਣ ਵਾਲੇ ਸੀ। ਪਰ ਫੇਰ ਵੀ ਉਸ ਵਿਨਾਸ਼ ਦੇ ਬਾਅਦ (ਉਨ੍ਹਾਂ ਨੂੰ) ਬੜੀ ਸੁੰਦਰ ਚੀਜ਼ ਦੀ ਪੈਦਾਇਸ਼ ਦੀ ਉਮੀਦ ਸੀ।

ਹੌਲੀ-ਹੌਲੀ ਇਨ੍ਹਾ ਗੱਲਾਂ ਦਾ ਪ੍ਰਚਾਰ ਵਧਦਾ ਚਲਾ ਗਿਆ ਅਤੇ ਆਮ ਨੌਜਵਾਨ ਵਿਚ ਇਹੋ ਖ਼ਿਆਲਾਤ ਘਟ ਕਰਨ ਲੱਗ ਪਏ। ਉਹ ਚਾਹੁੰਦੇ ਸਨ :



Sri Satguru Jagjit Singh Ji Elibrary NamdhariElibrary@gmail.com

'To liberate the people from the chains of traditions and autocracy of the Czar.'

ਕਿ ਲੋਕਾਂ ਨੂੰ ਪੁਰਾਣੀਆਂ ਚਲੀਆਂ ਆਉਂਦੀਆਂ ਰਸਮਾਂ ਅਤੇ ਜ਼ਾਰਸ਼ਾਹੀ ਕੋਲੋਂ ਆਜ਼ਾਦ ਕੀਤਾ ਜਾਵੇ।

ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦਾ ਪ੍ਰੋਗਰਾਮ ਇਨ੍ਹਾਂ ਗੱਲਾਂ ਦਾ ਪ੍ਰਚਾਰ ਹੀ ਸੀ। ਹਾਲਤ ਬਦਲ ਗਈ। ਉਨ੍ਹਾਂ ਹੀ ਦਿਨਾਂ ਵਿਚ ਹਾਲੇ ਗ਼ੁਲਾਮ ਆਜ਼ਾਦ ਕੀਤੇ ਗਏ ਸਨ। ਪਰ ਉਨ੍ਹਾਂ ਗ਼ਰੀਬਾਂ ਨੂੰ ਕਾਫ਼ੀ ਜ਼ਮੀਨ ਨਹੀਂ ਸੀ ਦਿੱਤੀ ਗਈ, ਜਿਸ ਤੋਂ ਕਿ ਉਹ ਮਿਹਨਤ ਕਰਕੇ ਕੁਝ ਲਾਭ ਉਠਾ ਸਕਦੇ ਜਾਂ ਕਮ ਸੇ ਕਮ ਭੁੱਖ ਤੋਂ ਬਚ ਸਕਦੇ।

ਤੇ ਜੇ ਥੋੜ੍ਹੀ ਬਹੁਤੀ ਜ਼ਮੀਨ ਉਨ੍ਹਾਂ ਨੂੰ ਮਿਲੀ ਵੀ, ਉਸ 'ਤੇ ਟੈਕਸ ਇੰਨਾ ਵਧੀਕ ਲੱਗ ਗਿਆ ਕਿ ਲੋਕੀਂ ਭੁੱਖੇ ਮਰਨ ਲੱਗ ਪਏ ਅਤੇ 1867 ਵਿਚ ਬੜਾ ਭਾਰੀ ਕਹਿਰ ਪੈ ਗਿਆ। ਉਸ ਵੇਲੇ ਗਵਰਨਮੈਂਟ ਦਾ ਇੰਤਜ਼ਾਮ ਇਤਨਾ ਭੈੜਾ ਸੀ, ਕਿ ਕੋਈ ਕਹਿਣ ਦੀ ਗੱਲ ਨਹੀਂ। ਇਤਨਾ ਜ਼ੁਲਮ ਹੁੰਦਾ ਸੀ, ਇਤਨਾ ਕਹਿਰ ਢਾਇਆ ਜਾਂਦਾ ਸੀ ਕਿ ਲੋਕੀਂ ਤੰਗ ਆ ਗਏ। ਸਰਕਾਰੀ ਜ਼ੁਲਮ ਕੋਲੋਂ ਤੰਗ ਆ ਕੇ ਬੜੇ-ਬੜੇ ਸਰਕਾਰੀ ਅਫ਼ਸਰ ਜੁਗ-ਪਲਟਾਊ ਬਣ ਗਏ। ਔਸਿਸਕੀ (Ossinsky) ਅਤੇ (Keit Kovesky) ਕਿਆਟਕੋਵਸਕੀ, ਜਿਨ੍ਹਾਂ ਨੂੰ 1880 ਵਿਚ ਫ਼ਾਂਸੀ ਦਿੱਤੀ ਗਈ, ਪਹਿਲਾਂ ਸਰਕਾਰੀ ਮੁਲਾਜ਼ਮ ਸਨ। ਇਸੇ ਤਰ੍ਹਾਂ ਹੋਰ ਵੱਡੇ-ਵੱਡੇ ਅਫ਼ਸਰ, ਜੱਜ ਸਾਖਰੇ ਤੰਗ ਆ ਕੇ ਜੁੱਗ-ਪਲਟਾਊ ਬਣ ਗਏ।

ਇਧਰ ਇਨ੍ਹਾਂ 'ਤੇ ਵੀ ਜ਼ੁਲਮ ਦੀ ਹੱਦ ਹੋ ਗਈ। ਲੜਕਿਆਂ ਵਿਚ ਅੱਛੀਆਂ-ਅੱਛੀਆਂ ਕਿਤਾਬਾਂ ਦਾ ਪ੍ਰਚਾਰ ਨਹੀਂ ਹੋਣ ਦਿੱਤਾ ਜਾਂਦਾ ਸੀ। ਕੁਝ ਐਸੀਆਂ ਸਭਾਵਾਂ ਬਣੀਆਂ ਹੋਈਆਂ ਸਨ, ਜੋ ਕਿ ਸਾਰੀਆਂ ਅੱਛੀਆਂ-ਅੱਛੀਆਂ ਪੁਸਤਕਾਂ ਪ੍ਰਕਾਸ਼ਕਾਂ ਕੋਲੋਂ ਸਾਰੀਆਂ ਦੀਆਂ ਸਾਰੀਆਂ ਲੈ ਕੇ ਮੁਫ਼ਤ ਵੰਡ ਦਿੰਦੇ ਜਾਂ ਕੇਵਲ ਲਾਗਤ 'ਤੇ ਵੇਚ ਦਿੰਦੇ। ਇਹ ਸਾਰੀਆਂ ਹੀ ਕਿਤਾਬਾਂ ਸਰਕਾਰੀ ਸੈਂਸਰ ਤੋਂ ਮਨਜ਼ੂਰ ਕਰਵਾਈਆਂ ਹੋਈਆਂ ਹੁੰਦੀਆਂ ਸਨ ਪਰ ਸਰਕਾਰ ਨੇ ਵੇਖਿਆ ਕਿ ਇਹ ਤਾਂ ਪ੍ਰਚਾਰ ਵਾਸਤੇ ਇਸਤੇਮਾਲ ਹੁੰਦੀਆਂ ਹਨ, ਤਦੋਂ ਉਨ੍ਹਾਂ ਪੁਸਤਕਾਂ ਛਾਪਣ ਅਤੇ ਵੰਡਣ ਵਾਲਿਆਂ ਨੂੰ ਤਬਾਹ ਕਰਨ ਦਾ ਇਰਾਦਾ ਕਰ ਲਿਆ ਅਤੇ ਉਨ੍ਹਾਂ 'ਤੇ ਹਰ ਤਰ੍ਹਾਂ ਦੇ ਜ਼ੁਲਮ ਸ਼ੁਰੂ ਕਰ ਦਿੱਤੇ। 1861 ਤੋਂ 1870 ਤੀਕ ਹਰ ਮੁਮਕਿਨ ਤੇ ਜਾਇਜ਼ ਤਰੀਕੇ ਨਾਲ ਲੋਕਾਂ ਦੀ ਹਾਲਤ ਸੁਧਾਰਨ ਅਤੇ ਸਰਕਾਰ ਨੂੰ ਸਿੱਧੇ ਰਾਹ 'ਤੇ ਲਿਆਉਣ ਦੇ ਯਤਨ ਕੀਤੇ ਗਏ। ਪਰ ਕੁਝ ਵੀ ਅਸਰ ਨਾ ਹੋਇਆ।

ਐਸੀ ਹਾਲਤ ਵਿਚ ਬਹੁਤ ਸਾਰੇ ਆਦਮੀ ਤਾਂ ਹੱਥ 'ਤੇ ਹੱਥ ਧਰ ਕੇ ਕਿਸੇ ਐਸੇ ਵੇਲੇ ਦੀ ਇੰਤਜ਼ਾਰ ਵਿਚ ਬੈਠ ਗਏ ਜਦੋਂਕਿ ਹਾਲਤ ਕੁਝ ਸੁਧਰੇ। ਕਿਵੇਂ ਸੁਧਰੇਗੀ, ਸੋ ਕੋਈ ਨਹੀਂ ਸੀ ਜਾਣਦਾ। ਈਸ਼ਵਰ ਦਾ ਹੀ ਭਰੋਸਾ ਰੱਖ ਕੇ ਬੈਠੇ ਰਹੇ ਪਰ ਨੌਜਵਾਨਾਂ ਦੇ ਦਿਲਾਂ ਵਿਚ ਅੱਗ ਲੱਗ ਉੱਠੀ ਸੀ। ਉਨ੍ਹਾਂ ਦੇ ਦਿਲਾਂ ਵਿਚ ਰੱਬ ਦਾ ਭਰੋਸਾ ਕੁਝ ਵੀ ਬਾਕੀ ਨਹੀਂ ਸੀ ਰਿਹਾ ਅਤੇ ਚੁੱਪਚਾਪ ਬਿਨਾਂ ਕੁਝ ਵੀ ਕੰਮ ਕੀਤਿਆਂ ਉਨ੍ਹਾਂ ਕੋਲੋਂ ਬੈਠਣਾ ਮੁਸ਼ਕਲ ਹੋ ਗਿਆ ਸੀ।

ਪ੍ਰਿੰਸ ਕ੍ਰੌਪਟਕਿਨ ਆਪਣੇ ਇਕ ਲੇਖ ਵਿਚ ਲਿਖਦੇ ਹਨ :

"There are period when some generations are penelerated with the noblest feelings of altruism and self sacrifice ; when life becomes utterly impossible—morally and physically impossible—for the man for woman who feels that he is not doing duty ; and so it was with the youth Russia."



Sri Satguru Jagjit Singh Ji Elibrary NamdhariElibrary@gmail.com

ਯਾਨੀ ਕਦੀ-ਕਦੀ ਐਸਾ ਸਮਾਂ ਆ ਜਾਂਦਾ ਹੈ ਕਿ ਜਦੋਂ ਆਮ ਲੋਕਾਂ ਵਿਚ ਲੋਕ-ਸੇਵਾ ਦਾ ਭਾਵ ਜ਼ੋਰ ਪਕੜ ਜਾਂਦਾ ਹੈ ਅਤੇ ਉਨ੍ਹਾਂ ਮਰਦ ਅਤੇ ਔਰਤਾਂ ਵਾਸਤੇ ਜੀਣਾ ਮੁਸ਼ਕਲ ਹੋ ਜਾਂਦਾ ਹੈ, ਜੋ ਇਹ ਸਮਝਣ ਲੱਗ ਪੈਂਦੇ ਹਨ ਕਿ ਉਹ ਆਪਣਾ ਫਰਜ਼ ਪੂਰਾ ਨਹੀਂ ਕਰ ਰਹੇ। ਇਹੋ ਹਾਲਤ ਉਸ ਵੇਲੇ ਰੂਸ ਦੀ ਹੋ ਗਈ ਸੀ। ਬੁੱਢੇ ਠੇਰੇ ਆਦਮੀ ਹੱਥ ਧਰ ਕੇ ਬੈਠੇ ਰਹੇ ਪਰ ਨੌਜਵਾਨਾਂ ਦੇ ਦਿਲਾਂ ਵਿਚ ਅੱਗ ਲੱਗ ਉੱਠੀ।

1871 ਵਿਚ ਬਹੁਤ ਸਾਰੇ ਨੌਜਵਾਨ ਰੂਸੀ ਲੜਕੇ ਅਤੇ ਲੜਕੀਆਂ ਪੱਛਮੀ ਯੂਰਪ ਵਿਚ ਭੱਜ ਕੇ ਚਲੇ ਗਏ ਹੋਏ ਸਨ ਅਤੇ ਉੱਥੇ ਉਹ ਪੜ੍ਹਦੇ ਸਨ। ਜ਼ਿਆਦਾਤਰ ਸਵਿਟਜ਼ਰਲੈਂਡ ਵਿਚ ਸਨ। ਉਨ੍ਹਾਂ ਨੂੰ ਮੁਲਕ ਵਿਚ ਵਾਪਸ ਆਉਣ ਦੀ ਇਜਾਜ਼ਤ ਮਿਲ ਗਈ। ਉਹ ਲੋਕੀਂ ਨਵੇਂ ਸਾਂਝੀਵਾਲ ਜਾਂ ਇਕਮਈ ਖ਼ਿਆਲ ਲੈ ਕੇ ਆਏ ਸਨ। ਉਨ੍ਹਾਂ ਨੇ ਆਉਂਦਿਆਂ ਹੀ ਜੋ ਪ੍ਰਚਾਰ ਸ਼ੁਰੂ ਕੀਤਾ, ਜ਼ਾਰ ਨੇ ਝੱਟਪੱਟ ਸਾਰੇ ਹੀ ਫੜ ਲਏ ਅਤੇ ਅੰਨ੍ਹੇਵਾਹ ਸਾਇਬੇਰੀਆ ਵਿਚ ਜਲਾਵਤਨ ਕਰ ਦਿੱਤੇ। ਕੰਮ ਨੇ ਗੁਪਤ ਰੂਪ ਧਾਰਨ ਕਰ ਲਿਆ।

ਉਸ ਵੇਲੇ ਤਿੰਨ ਪਾਰਟੀਆਂ ਕੰਮ ਕਰ ਰਹੀਆਂ ਸਨ। ਇਨ੍ਹਾਂ ਦੇ ਲੀਡਰ ਚਰਨੀ ਸ਼ੇਵਸਕੀ, ਈਸ਼ੁਟਿਨ ਅਤੇ ਨੇਚਾਇਫ ਸਨ। ਪਹਿਲੋਂ ਆਵਾਜ਼ ਸੁਣਾਈ ਦਿੰਦੀ ਸੀ "with the people" ਯਾਨੀ ਲੋਕਾਂ ਦੇ ਨਾਲ ਹੋਣਾ ਚਾਹੀਦਾ ਹੈ। ਯਾਨੀ ਉਨ੍ਹਾਂ ਨਾਲ ਹਮਦਰਦੀ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਚੁੱਕਣ ਦਾ ਯਤਨ ਕਰਨਾ ਚਾਹੀਦਾ ਹੈ। ਪਰ ਹੁਣ ਨਵੀਂ ਆਵਾਜ਼ ਉੱਠੀ ਕਿ (Be the people vanguard) ਆਪ ਹੀ ਆਮ ਲੋਕੀਂ ਬਣ ਜਾਓ ਯਾਨੀ ਉਨ੍ਹਾਂ ਦੇ ਨਾਲ ਰਲ ਜਾਓ। ਇਸ ਆਵਾਜ਼ ਦੇ ਉੱਠਦਿਆਂ ਹੀ ਐਸੀਆਂ-ਐਸੀਆਂ ਕੁਰਬਾਨੀਆਂ ਦੀਆਂ ਮਿਸਾਲਾਂ ਮਿਲਦੀਆਂ ਹਨ ਕਿ ਹੁਣ ਤੀਕ ਦੁਨੀਆ ਦੇ ਤਖ਼ਤੇ 'ਤੇ ਉਨ੍ਹਾਂ ਦੀ ਨਜ਼ੀਰ ਨਹੀਂ ਮਿਲਦੀ।

ਪਰ ਪਹਿਲੋਂ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਹ ਆਵਾਜ਼ ਉੱਠੀ ਕਿਉਂ? ਪ੍ਰਿੰਸ ਕ੍ਰੋਪਾਟਕਿਨ ਨੇ ਲਿਖਿਆ ਹੈ :

"Until of late-however, the peasant has always regarded the man who wears broad cloth and neither ploughs, nor hews, neither hammers, nor digs, side by side with him, as an enemy. We wanted faith, and love from him ; and to obtain them it was necessary to live their life."

ਮਤਲਬ ਇਹ ਕਿ ਉਸ ਵੇਲੇ ਤੀਕ ਰੂਸੀ ਕਿਸਾਨ ਕਿਸੇ ਵੀ ਆਦਮੀ ਨੂੰ, ਜਿਸ ਨੇ ਖੁੱਲ੍ਹੇ-ਖੁੱਲ੍ਹੇ ਕੱਪੜੇ ਪਾਏ ਹੋਏ ਹੋਣ ਅਤੇ ਜੋ ਨਾ ਤੇ ਹਲ ਵਾਹੁੰਦਾ ਹੋਵੇ, ਤੇ ਨਾ ਕੁਹਾੜਾ ਚਲਾਉਂਦਾ ਹੋਵੇ, ਜਿਸ ਦੇ ਹੱਥਾਂ ਵਿਚ ਨਾ ਤੇ ਹਥੌੜਾ ਚਲਾਉਣ ਵਾਲੇ ਛਾਲੇ ਪਏ ਹੋਣ ਤੇ ਨਾ ਜਿਸ ਨੇ ਕਦੀ ਕਹੀ ਵਾਹੀ ਹੋਵੇ, ਉਸ ਨੂੰ ਆਪਣਾ ਦੁਸ਼ਮਣ ਸਮਝਦੇ ਸਨ ਪਰ ਸਾਨੂੰ ਉਸ ਦੀ ਮੁਹੱਬਤ ਚਾਹੀਦੀ ਸੀ। ਉਸ ਦਾ ਯਕੀਨ ਚਾਹੀਦਾ ਸੀ ਅਤੇ ਇਸੇ ਕਰਕੇ ਉਸ ਦੇ ਨਾਲ ਰਹਿਣ ਦੀ ਜ਼ਰੂਰਤ ਸੀ। ਉਸਦੇ ਨਾਲ ਮਿਹਨਤ ਕਰਨ ਦੀ ਤੇ ਉਸ ਦੇ ਵਾਂਗੂੰ ਰਹਿਣ ਦੀ ਲੋੜ ਸੀ। ਆਹਾ ! ਅੱਜ ਅਸੀਂ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀਆਂ ਬੜੀਆਂ ਵਧ-ਵਧ ਕੇ ਗੱਲਾਂ ਪਏ ਕਰਦੇ ਹਾਂ। ਕਿੰਨੇ ਕੁ ਆਦਮੀ ਇਸੇ ਤਰ੍ਹਾਂ ਕੁਰਬਾਨੀ ਕਰਨ ਨੂੰ ਤਿਆਰ ਹਨ ? ਕਿੰਨੇ ਕੁ ਆਪਣੇ ਸ਼ਹਿਰਾਂ ਨੂੰ ਛੱਡ ਕੇ ਪਿੰਡਾਂ ਵਿਚ ਜੱਟਾਂ ਵਾਂਗੂੰ ਗੰਦੇ ਮੰਦੇ ਰਹਿਣ ਲਈ ਤਿਆਰ ਹੋਣਗੇ ? ਉਥੇ ਤਾਂ ਅਜੀਬ ਨਜ਼ਾਰਾ ਬੱਝ ਗਿਆ ਸੀ।

"Youngman left their classrooms, their regiments and their desks, learned the smith's trade, or the cobbler's or the ploughman's, and went to



Sri Satguru Jagjit Singh Ji Elibrary NamdhariElibrary@gmail.com

work among the villages. Highborn and wealthy ladies be took themselves to the factories, worked fifteen and sixteen hours a day at the machine, slept in dog holes with peasants, went barefoot as out working women go, bring ng water from the river for the house.

ਲੜਕਿਆਂ ਨੇ ਆਪਣੇ ਕਾਲਜ, ਆਪਣੇ ਸਕੂਲ, ਆਪਣੀਆਂ ਪਲਟਨਾਂ ਅਤੇ ਕੁਰਸੀਆਂ ਛੱਡ ਦਿੱਤੀਆਂ, ਜੱਟਾਂ ਦੇ ਲੁਹਾਰੇ ਕੰਮ ਸਿੱਖ ਕੇ ਪਿੰਡਾਂ ਨੂੰ ਟੁਰ ਪਏ। ਉਹ ! ਕਿੱਡੀ ਵੱਡੀ ਕੁਰਬਾਨੀ ਹੈ !! ਬੜੇ-ਬੜੇ ਅਮੀਰ ਖ਼ਾਨਦਾਨਾਂ ਦੀਆਂ ਪਲੀਆਂ ਹੋਈਆਂ ਬੜੀਆਂ ਨਾਜ਼ੁਕ ਲੜਕੀਆਂ ਕਾਰਖ਼ਾਨਿਆਂ ਵਿਚ ਮਜ਼ਦੂਰੀ ਕਰਨ ਵਾਸਤੇ ਟੁਰ ਗਈਆਂ। ਦੂਜੇ ਮਜ਼ਦੂਰਾਂ ਵਾਂਗੂੰ ਘੁਰਨਿਆਂ ਵਿਚ ਸੌਂਦੀਆਂ, ਸੋਲਾਂ-ਸੋਲਾਂ ਘੰਟੇ ਮਸ਼ੀਨ 'ਤੇ ਕੰਮ ਕਰਦੀਆਂ। ਨੰਗੇਂ ਪੈਰੀਂ ਦਰਿਆ ਤੋਂ ਘਰਾਂ ਜੋਗਾ ਪਾਣੀ ਲਿਆਉਂਦੀਆਂ। ਬਸ ਇਕੋ ਲਗਨ, ਇਕ ਧੁਨ ਵਿਚ ਮਸਤ ਹਨ। ਉਨ੍ਹਾਂ ਗ਼ਰੀਬਾਂ ਮਜ਼ਦੂਰਾਂ ਨੂੰ ਉਨ੍ਹਾਂ ਦੀ ਭੈੜੀ ਹਾਲਤ ਦਾ ਗਿਆਨ ਕਰਾਉਣਾ ਅਤੇ ਉਸ ਦਾ ਇਲਾਜ ਦੱਸਣਾ ਹੈ। ਉਹ ! ਕਿੱਡੀ ਵੱਡੀ ਕੁਰਬਾਨੀ ਹੈ। ਲੜਕੀਆਂ ਨੇ ਹੱਦ ਦਰਜੇ ਦਾ ਕੰਮ ਕੀਤਾ। ਰੂਸੀ ਜੁੱਗ-ਗਰਦੀ ਦੀ ਦਾਦੀ ਕਹਾਉਣ ਵਾਲੀ ਸ਼੍ਰੀਮਤੀ ਕੈਥੇਰਾਈਨ ਇਕ ਬੜੀ ਅਮੀਰ ਅਤੇ ਖ਼ੂਬਸੂਰਤ ਔਰਤ ਸੀ। ਉਹ ਵੀ ਇਨ੍ਹਾਂ ਵਿਚ ਸ਼ਾਮਲ ਹੋਈ। ਪਹਿਲਾਂ ਆਪਣੀ ਖ਼ੂਬਸੂਰਤੀ ਨੂੰ ਤੇਜ਼ਾਬ ਪਾ ਕੇ ਜਲਾ ਦਿੱਤਾ। ਚਿਹਰਾ ਦਾਗ਼-ਦਾਗ਼ ਬਣਾ ਕੇ ਬਦਸੂਰਤ ਬਣੀ। ਤਾਂ ਕਿ ਲੋਕਾਂ ਦੇ ਕੰਮਾਂ ਵਿਚ ਰੁਕਾਵਟ ਨਾ ਪਵੇ ਅਤੇ ਉਹ ਮਜ਼ਦੂਰਾਂ ਵਿਚ ਸ਼ਾਮਲ ਹੋ ਸਕੇ। ਉਹ ! ਅੱਜ ਐਸੀ ਕਰ ਸਕਣ ਦੀ ਹਿੰਮਤ ਕਰਨ ਵਾਲੇ ਕਿੰਨੇ ਕੁ ਆਦਮੀ ਹਿੰਦੁਸਤਾਨ ਵਿਚ ਮੌਜੂਦ ਹਨ। ਰੂਸ ਵਿਚ ਨੌਜਵਾਨ ਲੜਕੇ-ਲੜਕੀਆਂ ਘਰਾਂ ਤੋਂ ਭੱਜ ਜਾਂਦੇ ਸਨ ਅਤੇ ਇਨ੍ਹਾਂ ਕੰਮਾਂ ਵਿਚ ਹੀ ਜ਼ਿੰਦਗੀ ਬਤੀਤ ਕਰ ਦਿੰਦੇ ਸਨ। ਪਰ ਅੱਜ ਹਿੰਦੁਸਤਾਨ ਵਿਚ ਕਿੰਨੇ ਕੁ ਨੌਜਵਾਨ ਹਨ, ਜੋ ਦੇਸ਼ ਨੂੰ ਆਜ਼ਾਦ ਕਰਾਉਣ ਖ਼ਾਤਰ ਪਾਗ਼ਲ ਹੋਏ ਵਿਰਨ ? ਸਭਨੀਂ ਪਾਸੀਂ ਸਿਆਣੇ-ਸਿਆਣੇ ਆਦਮੀ ਪਏ ਨਜ਼ਰ ਆਉਂਦੇ ਹਨ। ਹਰ ਇਕ ਨੂੰ ਆਪਣੀ ਜ਼ਿੰਦਗੀ ਆਰਾਮ ਨਾਲ ਲੰਘਾਉਣ ਦਾ ਫ਼ਿਕਰ ਹੋ ਰਿਹਾ ਹੈ। ਫਿਰ ਅਸੀਂ ਆਪਣੇ ਦੇਸ਼ ਦੀ ਹਾਲਤ ਸੁਧਰਨੇ ਦੀ ਕੀ ਉਮੀਦ ਰੱਖੀਏ ? ਪਿਛਲੀ ਸਦੀ ਦਾ ਅਖ਼ੀਰਲਾ ਹਿੱਸਾ ਰੂਸੀ ਨੌਜਵਾਨਾਂ ਨੇ ਇਸੇ ਤਰ੍ਹਾਂ ਹੀ ਪ੍ਰਚਾਰ ਦੇ ਕੰਮਾਂ ਵਿਚ ਗੁਜ਼ਾਰਿਆ। ਲੜਕੀਆਂ ਨੂੰ ਘਰੋਂ ਲਿਆਉਣ ਦੇ ਬੜੇ-ਬੜੇ ਸੋਹਣੇ ਵਾਕੇ ਮੌਜੂਦ ਹਨ।

ਸੋਨੀਆ (Sonia) ਇਕ ਪਾਦਰੀ ਦੀ ਲੜਕੀ ਸੀ। ਉਸ ਦੇ ਸਕੂਲ ਵਿਚ ਜੁਗ-ਪਲਟਾਊ ਔਰਤਾਂ ਪੜ੍ਹਾਉਣ ਵਾਲੀਆਂ ਵਿਚ ਸ਼ਾਮਲ ਹੋਈਆਂ ਹੋਈਆਂ ਸਨ। ਉਨ੍ਹਾਂ ਦੇ ਉਪਦੇਸ਼ ਸੁਣ ਕੇ ਸੋਨੀਆ ਦੇ ਦਿਲ ਵਿਚ ਵੀ ਦੇਸ਼ ਸੇਵਾ ਦਾ ਭਾਵ ਜ਼ੋਰ ਪਕੜ ਗਿਆ। ਇਕ ਦਿਨ ਉਹ ਘਰੋਂ ਦੌੜ ਗਈ, ਪਰ ਪਿੱਛੋਂ ਬਾਪ ਨੇ.ਆ ਕੇ ਫੜ ਲਈ। ਮੁੜ ਪਾਰਟੀ ਵਲੋਂ ਉਸ ਨੂੰ ਘਰੋਂ ਨਿਜਾਤ ਦੁਆਉਣ ਦਾ ਬੰਦੋਬਸਤ ਕੀਤਾ ਗਿਆ ਅਤੇ ਇਕ ਨੌਜਵਾਨ ਉਸ ਦਾ ਪ੍ਰੇਮੀ ਬਣ ਕੇ ਉਸ ਦੇ ਘਰ ਗਿਆ ਅਤੇ ਉਨ੍ਹਾਂ ਦੇ ਪਿਤਾ ਨੂੰ ਮਨਾ ਕੇ ਉਸ ਨਾਲ ਸ਼ਾਦੀ ਕਰ ਲਈ। ਕਹਾਣੀ ਬੜੀ ਮਜ਼ੇਦਾਰ ਹੈ ਅਤੇ Heroes and Heroins of Russia ਨਾਮ ਦੀ ਕਿਤਾਬ ਵਿਚ ਛਪੀ ਹੋਈ ਹੈ। ਮੌਕਾ ਮਿਲਿਆ ਤੇ ਉਹ ਕਹਾਣੀ ਪਾਠਕਾਂ ਅੱਗੇ ਰੱਖਾਂਗੇ। ਖ਼ੈਰ ! ਇਸ ਤਰ੍ਹਾਂ ਥੋੜ੍ਹੇ ਵਿਚ ਹੀ ਪਾਠਕ ਸਮਝ ਜਾਣ ਕਿ ਕਿਸ ਤਰ੍ਹਾਂ ਰੂਸ ਵਿਚ ਕੰਮ ਚੱਲ ਰਿਹਾ ਸੀ।

ਪਹਿਲੋਂ ਕੰਮ ਖੁਲ੍ਹਮ-ਖੁਲ੍ਹਾ ਸ਼ੁਰੂ ਕੀਤਾ ਗਿਆ ਸੀ। ਸਰਕਾਰ ਨੇ ਜ਼ੁਲਮ ਕੀਤੇ, ਫੜ-ਫੜ ਕੇ ਹਜ਼ਾਰਾਂ ਆਦਮੀ ਸਾਇਬੇਰੀਆ ਵਿਚ ਘੱਲ ਦਿੱਤੇ ਗਏ। ਬਿਨਾਂ ਵਾਰੰਟ ਹਜ਼ਾਰਾਂ ਆਦਮੀ ਪਕੜ ਲਏ ਜਾਂਦੇ। ਚਾਰ-ਪੰਜ ਸਾਲ ਉਹ ਹਨੇਰੀਆਂ ਕੋਠੜੀਆਂ ਵਿਚ ਬੰਦ ਰੱਖੇ ਜਾਂਦੇ। ਬਾਅਦ ਵਿਚ ਸੌ ਕੁ 'ਤੇ ਮੁਕੱਦਮਾ ਚਲਾਇਆ ਜਾਂਦਾ ਅਤੇ ਕੁਝ ਨੂੰ ਸਜ਼ਾ ਹੋ ਜਾਂਦੀ ਹੈ। ਹਜ਼ਾਰਾਂ



Sri Satguru Jagjit Singh Ji Elibrary NamdhariElibrary@gmail.com

ਮੁਕੱਦਮਿਆਂ ਵਿਚੋਂ ਇਕ ਮੁਕੱਦਮਾ (Trial of the Hundred Ninety Three) 193 ਆਦਮੀਆਂ ਦੇ ਮੁਕੱਦਮੇ ਦੇ ਨਾਮ ਤੋਂ ਪ੍ਰਸਿੱਧ ਹੈ। ਉਸ ਦੇ ਸਬੰਧ ਵਿਚ ਸਰਕਾਰੀ ਤਾਦਾਦ ਦੇ ਮੁਤਾਬਕ ਹਜ਼ਾਰ ਤੋਂ ਵੱਧ ਪਕੜੇ ਗਏ ਅਤੇ ਜੇਲ੍ਹਾਂ ਦੀਆਂ ਭੀੜੀਆਂ ਹਨੇਰੀਆਂ, ਸਿੱਲ੍ਹੀਆਂ ਕੋਠੜੀਆਂ ਵਿਚ ਚਾਰ-ਚਾਰ, ਪੰਜ-ਪੰਜ ਸਾਲ ਬੰਦ ਕਰੀ ਰੱਖਿਆ। ਇਨ੍ਹਾਂ ਵਿਚੋਂ ਤਿੰਨ ਸੌ ਨੂੰ ਤਾਂ ਬਹੁਤ ਦਿਨਾਂ ਤੀਕ ਬੰਦ ਰੱਖਿਆ। ਜਿਨ੍ਹਾਂ ਵਿਚੋਂ ਕਿ 11 ਤਪਦਿਕ ਨਾਲ ਮਰ ਗਏ। 4 ਨੇ ਆਪਣੇ ਗਲ ਵੱਢ ਲਏ, ਇਸੇ ਤਰ੍ਹਾਂ ਹੋਰ ਵੀ ਕਈਆਂ ਨੇ ਮਰਨ ਦੀ ਕੋਸ਼ਿਸ਼ ਕੀਤੀ। 193 'ਤੇ ਮੁਕੱਦਮਾ ਚੱਲਿਆ, ਬੜੀ ਜ਼ਾਲਮ ਕੋਰਟ, ਜਿਸ ਨੇ ਮਾੜੇ ਜਿਹੇ ਸਬੂਤ ਪਰ ਹੀ 10-10 ਸਾਲ ਦੀ ਸਜ਼ਾ ਸਿਰਫ ਇਸ ਗੱਲ ਵਿਚ ਦਿੱਤੀ ਕਿ ਉਹ ਪ੍ਰਚਾਰਕ ਸਨ। ਉਨ੍ਹਾਂ ਵਿਚੋਂ 90 ਨੂੰ ਬਰੀ ਕਰ ਦਿੱਤਾ। ਬਾਕੀਆਂ ਨੂੰ ਸੱਤ ਸਾਲ ਤੋਂ ਦਸ ਸਾਲ ਦੀ ਸਜ਼ਾ ਸਖ਼ਤ ਹੋਈ ਅਤੇ ਬਾਅਦ ਵਿਚ ਉਮਰ ਵਾਸਤੇ ਸਾਇਬੇਰੀਆ ਦੀ ਜਲਾਵਤਨੀ। ਇਕ ਹੋਰ ਮੁਕੱਦਮੇ ਵਿਚ ਔਰਤ ਨੂੰ ਨੌਂ ਦਸ ਸਾਲ ਦੀ ਸਖ਼ਤ ਕੈਦ ਕੇਵਲ ਇਸ ਅਪਰਾਧ ਵਿਚ ਹੋਈ ਕਿ ਉਸ ਨੇ ਇਕ ਮਜ਼ਦੂਰ ਨੂੰ ਸਾਂਝੀਵਾਲ ਖ਼ਿਆਲਾਂ ਦਾ ਪੈਂਫ਼ਲਟ ਦਿੱਤਾ ਸੀ।

ਇਸ ਤਰ੍ਹਾਂ ਜ਼ੁਲਮ ਹੁੰਦਾ ਵੇਖ ਕੇ ਕੰਮ ਪਹਿਲੋਂ ਨਾਲੋਂ ਵੀ ਵਧੀਕ ਗੁਪਤ ਅਤੇ ਸੋਚ ਸਮਝਦਾਰੀ ਨਾਲ ਚੱਲਣ ਲੱਗ ਪਿਆ ਅਤੇ ਨਾਲ ਹੀ ਬਦਲੇ ਦਾ ਭਾਵ ਵੀ ਚੱਲ ਪਿਆ। ਆਮ ਤੌਰ 'ਤੇ ਇਕ ਅੰਧਾ ਕਮੀਨਾ ਖੁਫ਼ੀਆ ਜਿਸ ਨੂੰ ਚਾਹੁੰਦਾ ਪਕੜਵਾ ਕੇ ਜਲਾਵਤਨ ਕਰਵਾ ਦੇਂਦਾ। ਜਿਸ ਨਾਲ ਉਸ ਨੂੰ ਤੇ ਇਨਾਮ ਮਿਲ ਜਾਂਦਾ ਪਰ ਨੌਜਵਾਨਾਂ ਦੀਆਂ ਜ਼ਿੰਦਗੀਆਂ ਖ਼ਤਰੇ ਵਿਚ ਪੈ ਜਾਂਦੀਆਂ ਇਸ ਤੋਂ ਤੰਗ ਆ ਕੇ ਇਨ੍ਹਾਂ ਨੂੰ ਵੀ ਠਿਕਾਣੇ ਲਾਉਣ ਦੀ ਫ਼ਿਕਰ ਹੋਈ।

ਕਿਹਾ ਤੇ ਇਹ ਜਾਂਦਾ ਹੈ ਕਿ 16 ਅਪ੍ਰੈਲ 1879 ਨੂੰ ਜੋ ਕਾਰਾਕਾਜ਼ੋਫ (Karakazoff) ਨੇ ਜ਼ਾਰ 'ਤੇ ਗੋਲੀ ਚਲਾਈ ਸੀ ਉਹ ਵੀ ਨਿਹਿਲਸਟਾਂ ਦਾ ਹੀ ਕੰਮ ਸੀ ਅਤੇ ਅਗਲੇ ਵਰ੍ਹੇ ਇਕ ਪੁਲਿਸ ਨੌਜਵਾਨ ਬੇਰੋਜੋਬਸਕੀ (Bere zowski) ਨੇ ਜੋ ਜ਼ਾਰ 'ਤੇ ਪੈਰਿਸ ਵਿਚ ਗੋਲੀ ਚਲਾਈ ਸੀ ਏਹ ਵੀ ਉਸ ਪਾਰਟੀ ਦਾ ਕੰਮ ਸੀ। ਪਰ ਏਹ ਹਾਲਤ ਹੈ ਕਿਉਂਕਿ ਕ੍ਰੋਪਾਟਕਿਨ ਹੋਰਾਂ ਲਿਖਿਆ ਹੈ ਕਿ ਸਾਡੇ ਸ਼ੁਰੂ-ਸ਼ੁਰੂ ਕੰਮ ਵਿਚ 'ਤੇ ਜਿੰਨਾ ਜ਼ਾਰ ਮਹਫ਼ੂਜ਼ ਸੀ ਓਨਾ ਕਦੇ ਵੀ ਨਹੀਂ ਹੋਣਾ। ਏਹ ਤਾਂ ਅੱਕ ਅੱਕ ਕੇ ਆਖੀਰ ਵਿਚ ਤਾਕਤ ਦੇ ਇਸਤੇਮਾਲ 'ਤੇ ਉਤਰੇ। ਇਨ੍ਹਾਂ ਪਹਿਲੋਂ ਤੇ ਜ਼ਾਰ ਨੂੰ ਹਮੇਸ਼ਾ ਬਚਾਉਣ ਦੀ ਕੋਸ਼ਿਸ਼ ਕੀਤੀ। ਇਕ ਵਾਰੀ ਕੋਈ ਨੌਜਵਾਨ ਜ਼ਾਰ ਨੂੰ ਮਾਰਨ ਵਾਸਤੇ ਸੇਂਟ ਪੀਟਰਸਬਰਗ ਵਿਚ ਪੁਜਾ। ਪਰ ਏਸ ਪਾਰਟੀ ਵਾਲਿਆਂ ਉਸ ਨੂੰ ਏਸ ਕੰਮ ਤੋਂ ਰੋਕ ਦਿੱਤਾ।

ਪਰ ਮਗਰੋਂ ਤੇ ਕੰਮ ਜ਼ੋਰਾਂ ਨਾਲ ਚੱਲ ਪਿਆ। 1879 ਵਿਚ ਜ਼ੇਰ ਸਮਾਇਤ ਕੈਦੀ ਜਿਨ੍ਹਾਂ 'ਤੇ ਕਿ ਹਾਲੇ ਮੁਕੱਦਮਾ ਚਲਣਾ ਸੀ ਉਨ੍ਹਾਂ ਵਿਚੋਂ ਇਕ ਨੂੰ ਬੈਂਤ ਲਗਾਏ ਗਏ। ਕਿਉਂਕਿ ਉਸ ਨੇ ਉਠ ਕੇ ਪੁਲਿਸ ਅਫ਼ਸਰ ਨੂੰ ਸਲਾਮ ਨਹੀਂ ਸੀ ਕੀਤਾ ਤੇ ਬਾਕੀ ਕੈਦੀਆਂ ਨੂੰ, ਜਿਨ੍ਹਾਂ ਕਿ ਉਸ ਦੀ ਹਮਾਇਤ ਕੀਤੀ, ਜੈਨਰਲ ਟ੍ਰੈਪੋਫ (Trepoff) ਦੇ ਹੁਕਮ ਨਾਲ ਬੁਰੀ ਤਰ੍ਹਾਂ ਮਾਰਿਆ ਗਿਆ। ਏਸ ਪਰ ਇਕ ਬਹਾਦਰ ਲੜਕੀ ਵੀਰਾ ਜਸੂਲਿੱਚ (Bera Zassoulitch) ਨੇ ਜੈਨਰਲ ਟ੍ਰੈਪਫ 'ਤੇ ਗੋਲੀ ਚਲਾ ਦਿੱਤੀ। ਉਹ ਮਰਿਆ ਤੇ ਨਾ ਪਰ ਲੜਕੀ ਤੇ ਮੁਕੱਦਮਾ ਚਲਿਆ। ਤੇ ਬਰੀ ਕਰ ਦਿੱਤੀ ਗਈ। ਪੁਲਿਸ ਨੇ ਮੁੜ ਫੜਨਾ ਚਾਹਿਆ ਪਰ ਲੋਕੀਂ ਉਸ ਨੂੰ ਖੋਹ ਕੇ ਲੈ ਗਏ।

ਜਦ ਤੋਂ ਰੂਸੀ ਜੁੱਗ-ਪਲਟਾਊਆਂ ਵੇਖਿਆ ਕਿ ਉਨ੍ਹਾਂ ਦੀ ਕੋਈ ਮਦਦ ਨਹੀਂ ਕਰਦਾ ਅਤੇ ਉਨ੍ਹਾਂ ਦੀ ਰੱਖਿਆ ਵਾਸਤੇ ਕੋਈ ਕਾਨੂੰਨ ਨਹੀਂ ਤਦੋਂ ਆਪ ਹੀ ਰੱਖਿਆ ਸ਼ੁਰੂ ਕਰ ਦਿੱਤੀ। ਪੁਲਿਸ ਤੜਕੇ ਲੋਕਾਂ ਦੇ ਘਰ ਘੇਰ ਲੈਂਦੀ, ਔਰਤਾਂ ਤੀਕ ਦੇ ਕਪੜੇ ਲਾਹ ਕੇ ਸਿਪਾਹੀ ਉਨ੍ਹਾਂ ਦੀ ਤਲਾਸ਼ੀ ਲੈਂਦੇ, ਲੋਕੀ ਬੜੇ ਤੰਗ ਆਏ ਤਦੋਂ ਕੁਝ ਗੁਣ-ਗੁਣਾਨ ਲੱਗ ਪਏ ਕਿ ਦੂਜੇ ਮੁਲਕਾ ਵਿਚ ਤਾਂ



Sri Satguru Jagjit Singh Ji Elibrary NamdhariElibrary@gmail.com

ਇਵੇਂ ਨਹੀਂ ਹੋ ਸਕਦਾ। ਅਸੀਂ ਵੀ ਇਹ ਬੰਦ ਕਰਾਂਗੇ। ਸਭ ਤੋਂ ਪਹਿਲੋਂ (Oessa) ਔਡੇਸਾ ਵਿਚ (Kovalsky) ਕੋਵਾਲਸਕੀ ਨੇ ਇਹ ਕੰਮ ਕੀਤਾ। ਉਸ ਪੁਲਿਸ ਨਾਲ ਲੜਾਈ ਸ਼ੁਰੂ ਕਰ ਦਿੱਤੀ। ਜ਼ੁਲਮ ਹੋਰ ਵੀ ਵਧਿਆ, ਬਸ ਫੇਰ ਕੀ ਸੀ। ਬਦਲੇ ਦਾ ਕੰਮ ਚੱਲ ਪਿਆ। ਰੱਖਿਆ ਵਾਸਤੇ ਤਾਕਤ ਦਾ ਇਸਤੇਮਾਲ ਜਾਇਜ਼ ਸਮਝਿਆ ਜਾਣ ਲੱਗ ਪਿਆ।

ਪਹਿਲੋਂ ਪੰਜ ਖੁਫ਼ੀਏ ਅਤੇ ਤਿੰਨ ਅਫਸਰ ਕਤਲ ਕੀਤੇ ਗਏ। ਜਿਨ੍ਹਾਂ ਦੇ ਬਦਲੇ ਵਿਚ ਸਤਾਰਾਂ ਨੌਜਵਾਨਾਂ ਨੂੰ ਫ਼ਾਂਸੀ ਦੇ ਦਿੱਤੀ ਗਈ। ਮੁੜ ਬਦਲੇ ਲੈਣੇ ਅਤੇ ਮੁੜ ਫ਼ਾਂਸੀਆਂ, ਬਸ ਏਹੋ ਹੀ ਕੰਮ ਚੱਲ ਪਿਆ।

1879 ਤੀਕ ਤੇ ਫੇਰ ਨਿਹਲਿਜ਼ਮ ਦੇ ਮਾਨੇ ਬੰਬ ਚਲਾਉਣੇ ਤੇ ਪਿਸੌਤਲ ਚਲਾਉਣ ਦੇ ਹੀ ਹੋ ਗਏ। ਤੰਗ ਆ ਕੇ ਉਨ੍ਹਾਂ ਨੇ ਜ਼ਾਰ ਨੂੰ ਵੀ ਟਿਕਾਣੇ ਲਗਾਣ ਦਾ ਇਰਾਦਾ ਧਾਰ ਲਿਆ।

ਬਸ ਫੇਰ ਕੀ ਸੀ ! ਸਿਰੋਂ ਪੈਰੋਂ ਲੈ ਕੇ ਸਾਰੇ ਇਸੇ ਕੰਮ 'ਤੇ ਲੱਗ ਪਏ। 14 ਅਪ੍ਰੈਲ 1879 ਨੂੰ ਸੋਲੋਵੀਉਫ਼ (Solovief) ਨੇ ਜ਼ਾਰ 'ਤੇ ਗੋਲੀ ਚਲਾ ਦਿੱਤੀ, ਪਰ ਜ਼ਾਰ ਬਚ ਗਿਆ। ਉਸੇ ਸਾਲ ਜ਼ਾਰ ਦੇ ਵਿੰਟਰ ਪਲੇਸ (Winter place) ਨੂੰ ਯਾਨੀ ਸਰਦ ਮਹੱਲ ਡਾਇਨਾਮੇਟ ਨਾਲ ਉਡਾ ਦਿੱਤਾ ਪਰ ਜ਼ਾਰ ਫੇਰ ਵੀ ਬਚ ਗਿਆ। ਅਗਲੇ ਵਰ੍ਹੇ ਜਦੋਂ ਉਹ ਪੀਟਰਜ਼ਬਰਗ ਤੋਂ ਮਾਸਕੋ ਜਾ ਰਿਹਾ ਸੀ, ਉਸ ਦੀ ਗੱਡੀ ਉਡਾ ਦਿੱਤੀ ਗਈ ਦੇ ਕਈ ਡੱਬੇ ਉੱਡ ਗਏ, ਪਰ ਜ਼ਾਰ ਫੇਰ ਵੀ ਬਚ ਰਿਹਾ। 1881 ਦੀ 13 ਮਾਰਚ ਨੂੰ ਜ਼ਾਰ ਆਪਣੀ ਖਾਸ ਪਲਟਨ ਅਤੇ ਘੋੜਿਆਂ ਦੀ ਪਰੇਡ ਦੇਖ ਕੇ ਮੁੜਿਆ ਆਉਂਦਾ ਸੀ ਕਿ ਉਸ ਪੁਰ ਇਕ ਬੰਬ ਸੁੱਟਿਆ ਗਿਆ। ਬੰਬ ਨਾਲ ਗੱਡੀ ਟੁਟ ਗਈ। ਜ਼ਾਰ ਉਤਰ ਕੇ ਨੌਕਰ ਕੋਲ ਉਸ ਨੂੰ ਦੇਖਣ ਝੁਕਿਆ ਅਤੇ ਕਹਿਣ ਲੱਗਾ। "Thank God I am saved."

ਖ਼ੁਦਾ ਦਾ ਸ਼ੁਕਰ ਹੈ ਕਿ ਮੈਂ ਬਚ ਗਿਆ ਹਾਂ। ਝੱਟਪੱਟ ਇਕ ਹੋਰ ਨੌਜਵਾਨ ਗਰੀਟੰਜਕ (Grintzky) ਨੇ ਅੱਗੇ ਵਧ ਕੇ ਹੋਰ ਬੰਬ ਸੁੱਟਦਿਆਂ ਹੋਇਆਂ ਕਿਹਾ Czar, it is too early to thank God ਕਿ ਏਡੀ ਛੇਤੀ ਖ਼ੁਦਾ ਦਾ ਸ਼ੁਕਰੀਆ ਨਾ ਕਰ। ਝੱਟ ਬੰਬ ਫਟ ਗਿਆ। ਜ਼ਾਰ ਮਰ ਗਿਆ। ਹਜ਼ਾਰਾਂ ਆਦਮੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਬਹੁਤ ਸਾਰੇ ਫਾਹੇ ਲੱਗੇ। ਪੰਜ ਆਦਮੀਆਂ ਨੂੰ ਖਾਸ ਤੌਰ 'ਤੇ ਲੋਕਾਂ ਦੇ ਸਾਹਮਣੇ ਫ਼ਾਂਸੀ ਦਿੱਤੀ ਗਈ। ਜਿਨ੍ਹਾਂ ਵਿਚੋਂ ਸਭ ਤੋਂ ਵੱਡੀ ਮਸ਼ਹੂਰ ਹਸਤੀ ਇਕ ਔਰਤ ਦੀ ਸੀ, ਜਿਸਦਾ ਨਾਮ ਸੋਫ਼ੀਆ ਪੈਰੋਵਸਕੀਆਂ (Sophia Perovaskya) ਸੀ।

ਉਸ ਵੇਲੇ ਪਾਰਟੀ ਦਬ ਗਈ। ਮੁੜ ਹੋਰ ਪਾਰਟੀਆਂ ਉਠੀਆਂ ਪਰ ਨਿਹਲਿਸਟ ਪਾਰਟੀ ਦਾ ਇਤਿਹਾਸ ਇਨਾ ਕੁ ਹੀ ਹੈ। ਨਿਹਲਿਸਟਾਂ ਨੂੰ ਲੋਕਾਂ ਗਲਤ ਸਮਝਿਆ ਅਤੇ ਅਨਾਰਕਿਸਟਾਂ ਵਾਂਗੂੰ ਇਨ੍ਹਾਂ ਨੂੰ ਵੀ ਬਦਨਾਮ ਕੀਤਾ ਗਿਆ। ਇਕ ਅੰਗਰੇਜ਼ੀ ਅਖ਼ਬਾਰ ਨੇ ਇਕ ਕਾਰਟੂਨ ਬਣਾਇਆ ਜਿਸ ਵਿਚ ਤਬਾਹ ਹੋਈਆਂ ਚੀਜ਼ਾਂ ਵਿਚ ਦੋ ਨਿਹਲਿਸਟ ਬੰਬ ਅਤੇ ਡਾਇਨਾਮੇਟ ਲਈ ਖਲੋਤੇ ਸਨ। ਇਕ ਪੁੱਛਦਾ ਹੈ "ਕਿਉਂ ਭਾਈ ਕੁਝ ਬਾਕੀ 'ਤੇ ਨਹੀਂ ਹੈ ?" ਉਹ ਕਹਿੰਦਾ ਹੈ "ਦੁਨੀਆ ਦਾ ਗੋਲਾ ਹੀ ਬਾਕੀ ਹੈ।" ਪਹਿਲਾ ਕਹਿੰਦਾ ਹੈ "ਲਾ ਡੈਨਾਮੇਟ ਤੇ ਉੜਾ ਦੇ ਉਹਨੂੰ ਵੀ," ਇਹ ਬੜਾ ਗਲਤ ਬਿਆਨ ਹੈ। ਆਕਸਰ ਵਾਈਲਡ ਨੇ ਇਕ ਡਰਾਮਾ Vera the Nihilist (ਵੀਰਾ ਦੀ ਨਿਹਲਿਸਟ) ਲਿਖਿਆ ਸੀ। ਉਸ ਵਿਚ ਨਿਹਲਿਸਟਾਂ ਦੀ ਤਸਵੀਰ ਸੋਹਣੀ ਖਿਚਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਸ ਵਿਚ ਬੜੀਆਂ ਗ਼ਲਤੀਆਂ ਹਨ। ਇਕ ਹੋਰ ਪੁਸਤਕ Career of a Nihilist ਵੀ ਛਪੀ ਸੀ। ਏਹ ਪੁਸਤਕ ਪੜ੍ਹਨ ਲਾਇਕ ਹੈ ਅਤੇ ਏਸ ਵਿਚ ਨਿਹਲਿਸਟਾਂ ਦਾ ਸੋਹਣਾ ਹਾਲ ਲਿਖਿਆ ਗਿਆ ਹੈ। ਹਿੰਦੀ ਵਿਚ "ਬੋਲਸ਼ਵਿਕ ਦੇ ਕੰਮ" ਅਤੇ "ਨਿਹਲਿਸਟ ਰਹਸਯ" ਛਪ ਚੁਕੇ ਹਨ। ਪਹਿਲਾਂ ਤਾਂ ਕਾਕੋਰੀ ਦੇ ਸ਼ਹੀਦ ਸ੍ਰੀ ਰਾਮ ਪ੍ਰਸ਼ਾਦ



Sri Satguru Jagjit Singh Ji Elibrary NamdhariElibrary@gmail.com

ਬਿਸਮਿਲ ਦਾ ਲਿਖਿਆ ਹੋਇਆ ਹੈ ਉਸ ਵਿਚ ਉਨ੍ਹਾਂ ਨੇ ਨਿਹਲਿਸਟਾਂ ਦੀ ਬੜੀ ਦਰਦਨਾਕ ਤਸਵੀਰ ਖਿੱਚੀ ਹੈ। ਪਰ ਉਨ੍ਹਾਂ ਨੂੰ ਕੇਵਲ ਵਿਨਾਸ਼ ਚਾਹੁਣ ਵਾਲੇ ਹੀ ਦਸਿਆ ਗਿਆ ਹੈ ਜੋ ਕਿ ਠੀਕ ਨਹੀਂ। ਉਹ ਬੜੇ ਲੋਕ ਸੇਵਕ ਸਨ। ਉਹ ਬੜੇ ਕੁਰਬਾਨੀ ਕਰਨ ਵਾਲੇ ਅਤੇ ਲੋਕਾਂ ਨੂੰ ਪਿਆਰ ਕਰਨ ਵਾਲੇ ਸਨ। ਉਹ ਧੰਨ ਸਨ।

ਅਨਿਆਈ ਪ੍ਰਬੰਧ !

ਉਹ ਲੋਕ ਜੋ ਮਹੱਲ ਬਣਾਉਂਦੇ ਹਨ। ਝੌਂਪੜੀਆਂ ਵਿਚ ਰਹਿੰਦੇ ਹਨ। ਉਹ ਲੋਕ ਜੋ ਸੋਹਣੀਆਂ-ਸੋਹਣੀਆਂ ਅਤੇ ਆਰਾਮ ਦੇਣ ਵਾਲੀਆਂ ਚੀਜ਼ਾਂ ਬਣਾਉਂਦੇ ਹਨ। ਪੁਰਾਣੀਆਂ ਅਤੇ ਗੰਦੀਆਂ ਚਟਾਈਆਂ 'ਤੇ ਸੌਂਦੇ ਹਨ। ਐਸਾ ਕਿਉਂ ਰਹਿਣਾ ਚਾਹੀਦਾ ਹੈ? ਜੇ ਐਸੀ ਹੀ ਹਾਲਤ ਪਿਛਲੇ ਸਮੇਂ ਵਿਚ ਰਹੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਕਿਉਂ ਨਹੀਂ ਹੋਰ ਹੋਣੀ ਚਾਹੀਦੀ। ਜੇ ਅਸੀਂ ਚਾਹੁੰਦੇ ਹਾਂ ਕਿ ਹਿੰਦੋਸਤਾਨੀਆਂ ਦੀ ਹਾਲਤ ਅੱਜ ਨਾਲੋਂ ਚੰਗੀ ਹੋਵੇ ਤਾਂ ਇਹ ਹਾਲਤ ਤਬਦੀਲ ਹੋਣੀ ਚਾਹੀਦੀ ਹੈ। ਸਾਨੂੰ ਤਬਦੀਲ ਕਰਨੀ ਚਾਹੀਦੀ ਹੈ।

* * *

## 30. ਰੂਸ ਦੇ ਜੇਲ੍ਹਖਾਨੇ ਵੀ ਬਹਿਸ਼ਤ ਹਨ।

*ਵੱਲੋਂ : ਡਬਲੂ. ਜੇ. ਬ੍ਰਾਊਨ* *ਸਤੰਬਰ, 1928—ਕਿਰਤੀ*

[ਰੂਸੀ ਇਨਕਲਾਬ ਕੇਵਲ ਰਾਜਸੀ ਜਾਂ ਪੋਲੀਟੀਕਲ ਇਨਕਲਾਬ ਹੀ ਨਹੀਂ ਸੀ, ਬਲਕਿ ਉਸ ਨੇ ਮੁਲਕ ਦੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਇਨਕਲਾਬ ਪੈਦਾ ਕਰ ਦਿੱਤਾ। ਜਿਥੇ ਰਾਜਸੀ ਤਾਕਤ ਇਕ ਜ਼ਾਲਮ ਬਾਦਸ਼ਾਹ ਜ਼ਾਰ ਤੋਂ ਖੋਹ ਕੇ ਮੁਲਕ ਭਰ ਦੇ ਆਮ ਲੋਕਾਂ ਦੇ ਹੱਥ ਵਿਚ ਦੇ ਦਿੱਤੀ ਗਈ, ਉਥੇ ਆਰਥਿਕ ਮੈਦਾਨ ਵਿਚ ਕਮਾਵੇ ਕੋਈ ਅਤੇ ਉਡਾਵੇ ਕੋਈ Exploitation of man by man ਵਾਲੀ ਗੱਲ ਵੀ ਬੰਦ ਕਰ ਦਿੱਤੀ ਗਈ। ਅੱਜ ਉਥੇ ਨਾ ਤੇ ਲੱਖਾਂ ਤੇ ਕਰੋੜਾਂ ਕਿਰਤੀ ਭੁੱਖੇ ਮਰਦੇ ਨਜ਼ਰ ਆਉਂਦੇ ਹਨ ਤੇ ਨਾ ਕੁਝ ਗਿਣਤੀ ਦੇ ਹਰਾਮ ਖੋਰੀ ਕਰਨ ਵਾਲੇ ਮੋਟੇ ਢਿੱਡਾਂ ਵਾਲੇ ਪੂੰਜੀਦਾਰ ਹੀ ਨਜ਼ਰ ਆਉਂਦੇ ਹਨ। ਸਮਾਜਿਕ ਜੀਵਨ ਵਿਚ ਕੋਈ ਉਚ ਨੀਚ ਬਾਕੀ ਨਹੀਂ ਹੈ। ਔਰਤਾਂ ਨੂੰ ਵੀ ਬਰਾਬਰ ਦੇ ਹੱਕ ਹਨ। ਅੱਜ ਰੂਸ ਹੀ ਇਕ ਐਸਾ ਮੁਲਕ ਹੈ ਜਿਥੇ ਵੱਧ ਤੋਂ ਵੱਧ ਲੋਕੀਂ ਖ਼ੁਸ਼ ਅਤੇ ਪ੍ਰਸੰਨ ਹਨ। ਉਨ੍ਹਾਂ ਦਾ ਇਨਕਲਾਬ ਇਕ ਵਾਕਈ ਸੱਚਾ ਇਨਕਲਾਬ ਹੈ।

ਹੋਰ ਤੇ ਹੋਰ ਉਹਨਾਂ ਨੇ ਜੇਲ੍ਹਾਂ ਦੇ ਬਾਰੇ ਵਿਚ ਵੀ ਇਕ ਬੜਾ ਭਾਰੀ ਇਨਕਲਾਬ ਪੈਦਾ ਕਰ ਦਿੱਤਾ ਹੈ। ਪਹਿਲਾਂ ਵੀ ਕਈ ਵਾਰੀ ਉਥੋਂ ਦੇ ਜੇਲ੍ਹਾਂ ਦਾ ਹਾਲ ਪੜ੍ਹ ਚੁਕੇ ਹਾਂ। ਉਥੋਂ ਦੀਆਂ ਜੇਲ੍ਹਾਂ ਸਾਡੇ ਮੁਲਕ ਨਾਲੋਂ ਹਜ਼ਾਰ ਦਰਜੇ ਅੱਛੀਆਂ ਹਨ। ਹੋਰ ਤੇ ਹੋਰ ਉਹਨਾਂ ਦੇ ਕੈਦੀ ਸਾਡੇ ਆਜ਼ਾਦ ਆਦਮੀਆਂ ਨਾਲੋਂ ਹਜ਼ਾਰ ਦਰਜੇ ਅੱਛੇ ਹਨ। ਇਥੇ ਰੋਟੀ ਦਾ ਸਵਾਲ ਐਡਾ ਮੁਸ਼ਕਿਲ ਹੁੰਦਾ ਜਾਂਦਾ ਹੈ ਕਿ ਖਾਹਮਖਾਹ ਦਿਲ ਕਰਦਾ ਹੈ ਕਿ ਇਸ ਨਾਲੋਂ ਤਾਂ ਰੂਸ ਵਿਚ ਜਾ ਕੇ ਜੇਲ੍ਹ ਵਿਚ ਹੀ ਆਦਮੀ ਪੈ ਜਾਵੇ। ਬੜਾ ਆਲ੍ਹਾ ਰਹਿਣ ਸਹਿਣ, ਬੜਾ ਆਲ੍ਹਾ ਖਾਣ ਪੀਣ ਅਤੇ ਨਾਲ ਹੀ ਪੜ੍ਹਾਈ ਹੁੰਦੀ ਹੈ। ਹੁਨਰ ਸਿਖਾਏ ਜਾਂਦੇ ਹਨ। ਕੰਮ ਕਰਨ ਦੀ ਤਨਖਾਹ ਦਿੱਤੀ ਜਾਂਦੀ ਹੈ। ਅੱਜ ਅਸੀਂ ਇਕ ਤਾਜ਼ਾ ਲੇਖ ਪਾਠਕਾਂ ਦੀ ਸੇਵਾ ਵਿਚ ਭੇਟ ਕਰਦੇ ਹਾਂ, ਤਾਂਕਿ ਉਹ ਦੇਖ ਲੈਣ ਕਿ ਰੂਸ ਦੀਆਂ ਹੋਰ ਗੱਲਾਂ ਦੇ ਨਾਲ ਹੀ ਨਾਲ ਜੇਲ੍ਹ ਮਹਿਕਮੇ ਵਿਚ ਕੀ ਤਬਦੀਲੀ ਆ ਗਈ ਹੈ। ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਸੋਸ਼ਲਿਜ਼ਮ ਵਿਚ ਜੁਰਮ ਨੂੰ ਬੰਦ ਕਰਨ ਵਾਸਤੇ ਸਜ਼ਾ ਹੀ ਕਾਫ਼ੀ ਨਹੀਂ ਸਮਝੀ ਜਾਂਦੀ, ਬਲਕਿ ਉਹ ਮੁਜਰਿਮਾਂ ਨੂੰ ਅੱਛੀ ਤਾਲੀਮ ਦੇ ਕੇ ਉਹਨਾਂ ਨੂੰ ਸਦਾ ਲਈ ਜੁਰਮ ਤੋਂ ਹਟਾਉਣ ਦੀ ਕੋਸ਼ਿਸ਼ ਕਰਦੇ ਹਨ। ਸਜ਼ਾ ਦੇ ਦਿਨਾਂ ਵਿਚ ਉਹ ਕੈਦੀ



Sri Satguru Jagjit Singh Ji Elibrary NamdhariElibrary@gmail.com

ਨੂੰ ਹੁਨਰ ਸਿਖਾਉਂਦੇ ਹਨ। ਬਾਹਰੋਂ ਆਉਂਦੇ ਨੂੰ ਹੀ ਕੰਮ 'ਤੇ ਲਾ ਦੇਂਦੇ ਹਨ ਤਾਂ ਕਿ ਵਿਹਲਾ ਭੁੱਖਾ ਮਰਦਾ ਮੁੜ ਜੁਰਮ ਨਾ ਕਰਨ ਲੱਗ ਪਵੇ। ਇਹ ਜੁਰਮ ਨੂੰ ਜੜ੍ਹੋਂ ਮੁਕਾਉਣ ਦਾ ਤਰੀਕਾ ਹੈ। —ਐਡੀਟਰ (ਕਿਰਤੀ)]

ਮੈਂ ਰੂਸ ਵਿਚ ਗਿਆ। ਬੜੀਆਂ-ਬੜੀਆਂ ਚੀਜ਼ਾਂ ਦੇਖ ਕੇ ਹੈਰਾਨ ਰਹਿ ਗਿਆ। ਸਭ ਤੋਂ ਵੱਡੀ ਹੈਰਾਨੀ ਤੇ ਹੋਈ ਉਥੋਂ ਦੀਆਂ ਜੇਲ੍ਹਾਂ ਦੇਖ ਕੇ ਮੇਰੀ ਨੀਯਤ ਸੀ ਕਿ ਦੇਖਾਂ ਇਥੇ ਜੇਲ੍ਹਾਂ ਦੀ ਕੀ ਹਾਲਤ ਹੈ "ਜਾਰਜੀਆ" ਦੀ ਜੇਲ੍ਹ ਦੇਖਣ ਦਾ ਮੌਕਾ ਮਿਲ ਗਿਆ। ਉਥੇ ਪਹੁੰਚਣ 'ਤੇ ਪਤਾ ਲੱਗਾ ਕਿ ਜੇਲ੍ਹਰ ਨੂੰ ਮੈਨੂੰ ਜੇਲ੍ਹ ਦੇਖਣ ਦੀ ਇਜਾਜ਼ਤ ਮਿਲ ਜਾਣ ਦੀ ਖ਼ਬਰ ਨਹੀਂ ਹੋਈ। ਇਸ ਕਰਕੇ ਪਹਿਲੋਂ ਜ਼ਰਾ ਦਿੱਕਤ ਹੋਈ, ਪਰ ਫੇਰ ਇਹ ਫੈਸਲਾ ਹੋਇਆ ਕਿ ਮੈਂ ਉਸ ਦੇ ਨਾਲ ਜਾ ਕੇ ਜੇਲ੍ਹ ਵਿਚ ਫਿਰ ਕੇ ਸਭ ਕੁਝ ਦੇਖ ਲਵਾਂ। ਖ਼ੈਰ ! ਮੈਂ, ਜੇਲ੍ਹਰ ਅਤੇ ਇਕ ਦੋ ਹੋਰ ਆਦਮੀ ਜੇਲ੍ਹ ਦੀ ਸੈਰ ਨੂੰ ਨਿਕਲ ਪਏ। ਸਭ ਤੋਂ ਪਹਿਲੋਂ ਮੈਨੂੰ ਜੇਲ੍ਹ ਦੇ ਲੰਗਰ ਦਾ ਵਾਰਡਰ ਮਿਲਿਆ। ਓਹ ਆਦਮੀ ਜ਼ਾਰ ਦੇ ਵੇਲੇ ਵੀ ਜੇਲ੍ਹ ਵਿਚ ਨੌਕਰ ਸੀ ਅਤੇ ਪੂੰਜੀਦਾਰਾਂ ਦੀ ਕ੍ਰੈਂਸਕੀ ਵਾਲੀ ਆਰਜ਼ੀ ਸਰਕਾਰ ਦੇ ਮਤੈਹਤ ਵੀ ਜੇਲ੍ਹ ਵਿਚ ਹੀ ਕੰਮ ਕਰਦਾ ਰਿਹਾ ਸੀ। ਉਹਨਾਂ ਦੋਹਾਂ ਸਰਕਾਰਾਂ ਦੀ ਬੜੀ ਨਿੰਦਾ ਕਰਦਾ ਸੀ। ਓਹ ਕਹਿੰਦਾ ਸੀ ਕਿ ਉਹਨਾਂ ਦੋਹਾਂ ਸਰਕਾਰਾਂ ਦੇ ਮਤੈਹਤ ਕੈਦੀਆਂ ਅਤੇ ਵਾਰਡਰਾਂ ਨੂੰ ਪਸ਼ੂਆਂ ਵਾਲੀ ਖੁਰਾਕ ਦਿੱਤੀ ਜਾਂਦੀ ਸੀ ਅਤੇ ਬੇਚਾਰੇ ਕੈਦੀਆਂ ਤੇ ਹੱਦ ਦਰਜੇ ਦਾ ਜ਼ੁਲਮ ਹੁੰਦਾ ਸੀ। ਪਰ ਕੌਣ ਸੁਣਦਾ ਸੀ। ਜ਼ਾਰ ਦੇ ਬਾਅਦ ਦੀ ਆਰਜ਼ੀ ਸਰਕਾਰ ਵੀ ਕੋਈ ਚੰਗੀ ਨਹੀਂ ਸੀ। ਹਾਂ, ਉਸ ਵੇਲੇ ਜ਼ਾਰ ਦੀ ਗਵਰਨਮੈਂਟ ਨਾਲੋਂ ਇਕ ਗੱਲ ਚੰਗੀ ਸੀ, ਕਿ ਆਦਮੀ ਆਪਣੀ ਤਕਲੀਫਾਂ ਦੀ ਸ਼ਿਕਾਇਤ ਕਰ ਸਕਦਾ ਸੀ। ਪਰ ਕੋਈ ਅਮਲੀ ਫਾਇਦਾ ਨਹੀਂ ਸੀ ਹੁੰਦਾ, ਕਿਉਂਕਿ ਕੋਈ ਸ਼ਿਕਾਇਤ ਦੂਰ ਕਰਨ ਦੀ ਕੋਸ਼ਿਸ਼ ਨਹੀਂ ਸੀ ਕਰਦਾ ਅਤੇ ਸਭ ਤੋਂ ਬੜਾ ਗੁੱਸਾ ਉਸਨੂੰ ਇਸ ਗੱਲ ਦਾ ਵੀ ਸੀ ਕਿ ਆਰਜ਼ੀ ਸਰਕਾਰ ਨੇ ਉਨ੍ਹਾਂ ਦੀ ਤਿੰਨਾਂ ਮਹੀਨਿਆਂ ਦੀ ਤਨਖਾਹ ਨਹੀਂ ਦਿੱਤੀ। ਇਸ ਗੱਲ ਦਾ ਉਨ੍ਹਾਂ ਤੇ ਹੁਣ ਤੀਕ ਬੜਾ ਅਸਰ ਹੈ।

ਉਨ੍ਹਾਂ ਨੂੰ ਪੁੱਛਿਆ ਕਿ ਹੁਣ ਕੀ ਹਾਲ ਹੈ ? ਤਾਂ ਉਨ੍ਹਾਂ ਕਿਹਾ, ਉਹ ਹੱਦ ਹੋ ਗਈ ਹੈ। ਹੁਣ ਤੇ ਬੜੀਆਂ ਮੌਜਾਂ ਨੇ। ਹੁਣ ਕੈਦੀਆਂ ਅਤੇ ਵਾਰਡਰਾਂ ਨੂੰ ਬੜੀ ਅੱਛੀ ਖੁਰਾਕ ਮਿਲਦੀ ਹੈ। ਹਰ ਇਕ ਨੂੰ ਐਨ ਵਕਤ ਪਰ ਤਨਖਾਹ ਮਿਲ ਜਾਂਦੀ ਹੈ। ਓਹ ਬੜੀ ਖੁਸ਼ੀ ਨਾਲ ਕਹਿੰਦਾ ਸੀ, "ਹੁਣ ਤੇ ਮੈਂ ਵੀ ਆਦਮੀ ਬਣ ਗਿਆ ਹਾਂ ਚਾਹੇ ਹਾਲੇ ਤੀਕ ਜੇਲ੍ਹ ਦਾ ਵਾਰਡਰ ਹਾਂ।"

ਜੇਲ੍ਹ ਵਿਚ ਘੁਸਦਿਆਂ ਹੀ ਮੈਂ ਇਕ ਕਮਰਾ ਦੇਖਿਆ, ਜਿਥੇ ਕਿ ਬਹੁਤ ਸਾਰੇ ਆਦਮੀ ਕੈਦੀਆਂ ਨੂੰ ਮਿਲ ਰਹੇ ਸਨ। ਉਥੇ ਕੈਦੀਆਂ ਦਾ ਅਤੇ ਦੂਜਿਆਂ ਆਦਮੀਆਂ ਦਾ ਫ਼ਰਕ ਕੇਵਲ ਇਕ ਲੋਹੇ ਦੇ ਡੰਡੇ ਦਾ ਹੀ ਸੀ, ਉਥੇ ਉਹ ਬੜੀ ਖੁੱਲ੍ਹੀ ਤਰ੍ਹਾਂ ਗੱਲਬਾਤ ਕਰ ਸਕਦੇ, ਹੱਥ ਮਿਲਾ ਸਕਦੇ ਸਨ ਅਤੇ ਆਪਣੇਂ ਪਿਆਰਿਆਂ ਨੂੰ ਚੁੰਮ ਸਕਦੇ ਸਨ। ਮੈਂ ਉਸ ਵੇਲੇ ਇਕ ਆਦਮੀ ਨੂੰ ਆਪਣਾ ਬੱਚਾ ਚੁੰਮਦਿਆਂ ਦੇਖਿਆ, ਜੋ ਕਿ ਉਸ ਦੀ ਔਰਤ ਲੈ ਆਈ ਸੀ। ਪਤਾ ਲੱਗਾ ਕਿ ਹਫਤੇ ਵਿਚ ਤਿੰਨ ਵਾਰੀ ਹਰ ਇਕ ਕੈਦੀ ਦੇ ਦੋਸਤ ਰਿਸ਼ਤੇਦਾਰ ਮੁਲਾਕਾਤ ਕਰਨ ਆ ਸਕਦੇ ਹਨ ਅਤੇ ਅੱਧਾ-ਅੱਧਾ ਘੰਟਾ ਮੁਲਾਕਾਤ ਹੁੰਦੀ ਰਹਿੰਦੀ ਹੈ। ਪਰ ਮਿਲਣ ਵਾਲਿਆਂ ਦੀ ਗਿਣਤੀ ਦੀ ਕੋਈ ਖਾਸ ਬੰਦਸ਼ ਨਹੀਂ। ਜਿੰਨੇ ਮਰਜ਼ੀ ਮਿਲਣ ਵਾਲੇ ਆ ਜਾਣ। ਇਹ ਦੇਖ ਕੇ ਮੈਂ ਬਹੁਤ ਹੈਰਾਨ ਹੋਇਆ।

ਮੁੜ ਇਹ ਜਾਨਣ ਨਾਲ ਬੜੀ ਹੈਰਾਨੀ ਹੋਈ ਕਿ ਹੁਣ ਇਕੱਲੀ ਕੋਠੜੀ ਵਿਚ ਕੈਦੀਆਂ ਨੂੰ ਬੰਦ ਨਹੀਂ ਰਖਿਆ ਜਾਂਦਾ। ਬੜੀਆਂ-ਬੜੀਆਂ ਬੈਰਕਾਂ ਬਣੀਆਂ ਹੋਈਆਂ ਹਨ। ਜਿਨ੍ਹਾਂ ਵਿਚ 20-20 ਆਦਮੀ ਰਹਿੰਦੇ ਹਨ। ਉਨ੍ਹਾਂ ਬੈਰਕਾਂ ਨੂੰ ਨਾ ਰਾਤੀਂ ਤੇ ਨਾ ਦਿਨੇ ਜਿੰਦਰਾ ਲਗਾਇਆ ਜਾਂਦਾ ਹੈ। ਹਾਂ, ਰਾਤ ਨੂੰ ਹੇਠਲੀ ਛੱਤ ਤੇ ਉਤਲੀ ਛੱਤ ਦੀਆਂ ਪੌੜੀਆਂ ਨੂੰ ਤਾਲਾ ਲਗਾ ਦਿੱਤਾ



Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ। ਦਿਨੇ ਓਹ ਵੀ ਖੋਲ੍ਹ ਦਿੱਤਾ ਜਾਂਦਾ ਹੈ। ਹਰ ਇਕ ਕੈਦੀ ਜਿਸ ਕਮਰੇ ਵਿਚ ਚਾਹੇ ਜਾ ਸਕਦਾ ਹੈ। ਉਹ ਚਾਹੇ ਸਿਗਰਟ ਪੀਣ, ਚਾਹੇ ਪੜ੍ਹਨ, ਚਾਹੇ ਖੇਡਣ, ਜੋ ਮਰਜ਼ੀ ਕਰਨ, ਉਨ੍ਹਾਂ ਨੂੰ ਪੂਰੀ ਖੁਲ੍ਹ ਹੁੰਦੀ ਹੈ।

ਦਿਨ ਵਿਚ ਚਾਰ ਵਾਰ ਉਨ੍ਹਾਂ ਨੂੰ ਵਰਜਿਸ਼ ਲਈ ਬਾਹਰ ਕੱਢਿਆ ਜਾਂਦਾ ਹੈ। ਓਹ ਉਥੇ ਹੀ ਇਹਾਤਿਆਂ ਵਿਚ ਬੰਦੂਕ ਦੇ ਪਹਿਰੇ ਨਾਲ ਨਹੀਂ, ਬਲਕਿ ਬਾਹਰ ਉਨ੍ਹਾਂ ਦੀਆਂ ਗਰਾਊਂਡਾਂ ਵਿਚ, ਅਤੇ ਬਿਨਾਂ ਕਿਸੇ ਖਾਸ ਪਹਿਰੇ ਦੇ। ਏਹ ਦੇਖ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਪਤਾ ਲੱਗਾ ਕਿ ਭਲੇ ਮਾਨਸ ਕੈਦੀਆਂ ਨੂੰ ਹਫਤੇ ਵਿਚੋਂ ਇਕ ਦਿਨ ਜੇਲ੍ਹ ਵਿਚੋਂ ਛੁੱਟੀ ਦੇ ਦਿੱਤੀ ਜਾਂਦੀ ਹੈ ਜਦ ਕਿ ਓਹ ਆਪਣੇ ਘਰ ਜਾ ਸਕਦੇ ਹਨ ਅਤੇ ਘਰਦਿਆਂ ਪਾਸ ਸਾਰਾ ਦਿਨ ਕੱਟ ਸਕਦੇ ਹਨ ਜਾਂ ਸੈਰ ਕਰ ਸਕਦੇ ਹਨ। ਮੈਂ ਪੁਛਿਆ, ਇਸ ਤਰ੍ਹਾਂ ਕੈਦੀ ਦੌੜ ਨਹੀਂ ਜਾਂਦੇ? ਉਨ੍ਹਾਂ ਕਿਹਾ, ਕਦੇ "ਐਸਾ ਮੌਕਾ ਘੱਟ ਹੀ ਬਣਦਾ ਹੈ। ਕਦੀ ਵੀ ਕੋਈ ਕੈਦੀ ਇਸ ਤਰ੍ਹਾਂ ਦੌੜ ਕੇ ਨਹੀਂ ਗਿਆ। ਗਰਮੀਆਂ ਵਿਚ ਭਲੇ ਮਾਨਸ ਕੈਦੀਆਂ ਨੂੰ ਪੰਦਰਾਂ ਦਿਨਾਂ ਦੀ ਛੁੱਟੀ ਮਿਲ ਜਾਂਦੀ ਹੈ। ਜਦੋਂਕਿ ਉਹ ਜਿਥੇ ਚਾਹੁੰਣ, ਜਾ ਸਕਦੇ ਹਨ। ਇਨ੍ਹਾਂ ਦਿਨਾਂ ਦੀ ਛੁੱਟੀ ਵਿਚ ਵੀ ਕੈਦੀ ਦੌੜ ਨਹੀਂ ਜਾਂਦੇ। ਆਪਣੇ ਵਕਤ ਪੁਰ ਆ ਪੁੱਜਦੇ ਹਨ।

ਕਈ ਕੈਦੀ ਸਾਡੇ ਨਾਲ ਨਾਲ ਚੱਲ ਪਏ। ਇਕ ਕੈਦੀ ਥੋੜ੍ਹੀ ਥੋੜ੍ਹੀ ਅੰਗਰੇਜ਼ੀ ਪੜ੍ਹ ਗਿਆ ਸੀ। ਉਸ ਨਾਲ ਮੈਂ ਗੱਲਬਾਤ ਕੀਤੀ। ਉਹ ਕਹਿਣ ਲੱਗਾ, ਜੇਲ੍ਹ ਬੜੀ ਅੱਛੀ ਜਗ੍ਹਾ ਹੈ। ਕੈਦੀ 8 ਘੰਟੇ ਕੰਮ ਕਰਦੇ ਹਨ। ਖੁਰਾਕ ਬਹੁਤ ਅੱਛੀ ਮਿਲਦੀ ਹੈ। ਕੋਈ ਸਖ਼ਤੀ ਅਤੇ ਜ਼ੁਲਮ ਨਹੀਂ ਹੁੰਦਾ, ਉਨ੍ਹਾਂ ਆਪਣੀ ਪੜ੍ਹਾਈ ਦੀ ਸਭਾ ਲਾਇਬ੍ਰੇਰੀ, ਸੰਗੀਤ ਪਾਰਟੀ ਵਗੈਰਾ ਬਣਾਈਆਂ ਹੋਈਆਂ ਹਨ, ਜਿਨ੍ਹਾਂ ਦਾ ਪ੍ਰਬੰਧ ਕਿ ਉਹਨਾਂ ਦੀ ਇਕ ਕਮੇਟੀ ਕਰਦੀ ਹੈ। ਸਾਰਾ ਜੇਲ੍ਹ ਖਾਨਾ ਦੇਖ ਕੇ ਕੋਈ ਉਸ ਨੂੰ ਜੇਲ੍ਹ ਖਾਨਾ ਨਹੀਂ ਕਹਿ ਸਕਦਾ। ਉਹ ਤਾਂ ਇਕ ਸਭਾ ਜਾਂ ਕਲੱਬ ਘਰ ਮਾਲੂਮ ਹੁੰਦਾ ਹੈ।

ਮਕਾਨ ਜੇਲ੍ਹ ਦਾ ਹੋਣ ਕਰਕੇ ਜੇਲ੍ਹ ਦਾ ਹੀ ਮਾਲੂਮ ਹੁੰਦਾ ਸੀ। ਹਾਲੇ ਹੋਰ ਸਮਾਨ ਵੀ ਜੇਲ੍ਹ ਦਾ ਹੀ ਨਜ਼ਰ ਆਉਂਦਾ ਸੀ ਪਰ ਹਾਲਤ ਸਾਡੇ ਬਹੁਤ ਸਾਰੇ ਮਿਹਨਤ ਮਜ਼ਦੂਰੀ ਕਰਨ ਵਾਲੇ ਆਜ਼ਾਦ ਲੋਕਾਂ ਕੋਲੋਂ ਚੰਗੀ ਸੀ। ਉਥੇ ਹਫ਼ਤੇ ਵਿਚ ਤਿੰਨ ਵਾਰ ਸਿਨੇਮਾ ਅਤੇ ਥੀਏਟਰ ਵੀ ਦਿਖਾਏ ਜਾਂਦੇ ਹਨ।

ਕੈਦੀਆਂ ਦੇ ਕੱਪੜੇ ਦੇਖ ਕੇ ਬੜੀ ਹੈਰਾਨੀ ਹੋਈ। ਕੋਈ ਚਾਲੀ ਕੁ ਕੈਦੀ, ਦਾਰੋਗਾ ਜੇਲ੍ਹ ਅਤੇ ਕੁਝ ਕੁ ਵਾਰਡਰ ਖਲੋਤੇ ਸਾਂ। ਮੈਜਿਸਟ੍ਰੇਟ ਸਾਹਿਬ ਆਏ। ਉਨ੍ਹਾਂ ਨਾਲ ਗੱਲਬਾਤ ਕਰਦਿਆਂ, ਅੰਗਰੇਜ਼ੀ ਜੇਲ੍ਹਾਂ ਦੀ ਗੱਲ ਛਿੜ ਪਈ। ਸਭੇ ਆਦਮੀ, ਕੀ ਕੈਦੀ ਤੇ ਕੀ ਅਫਸਰ, ਇਕੋ ਜਿਹਾ ਹਿੱਸਾ ਲੈ ਰਹੇ ਸਨ ਤੇ ਜੇ ਕੋਈ ਆਦਮੀ ਓਪਰਾ ਉਥੇ ਜਾ ਨਿਕਲਦਾ ਤਾਂ ਬਿਲਕੁਲ ਨਾ ਪਛਾਣ ਸਕਦਾ ਕਿ ਕਿਹੜਾ ਕੈਦੀ ਹੈ ਤੇ ਕਿਹੜਾ ਦਰੋਗਾ ਜਾਂ ਕਿਹੜਾ ਮੈਜਿਸਟ੍ਰੇਟ।

ਕੈਦੀਆਂ ਦੀਆਂ ਆਪਣੀਆਂ ਹੱਟੀਆਂ ਹਨ। ਉਹ ਆਪੇ ਹੀ ਉਨ੍ਹਾਂ ਨੂੰ ਚਲਾਉਂਦੇ ਹਨ। ਉਥੋਂ ਉਹ ਤਮਾਕੂ, ਸਿਗਰਟ, ਮਿਠਾਈ ਅਤੇ ਬੁਰਸ਼ ਵਗੈਰਾ ਹਜ਼ਾਰਾਂ ਜ਼ਰੂਰੀ ਚੀਜ਼ਾਂ ਖਰੀਦ ਸਕਦੇ ਹਨ ਅਤੇ ਜੋ ਨਫ਼ਾ ਹੋਵੇ ਉਹ ਛੁਟਣ ਪਰ ਕੈਦੀਆਂ ਵਿਚ ਵੰਡਿਆ ਜਾਂਦਾ ਹੈ। ਸਵਾਲ ਉਠੇਗਾ ਕਿ ਪੈਸੇ ਬਿਨਾਂ ਕੈਦੀ ਖਰੀਦਦੇ ਕਿਥੋਂ ਨੇ? ਪਰ ਰੂਸ ਵਿਚ ਹਰ ਇਕ ਕੈਦੀ ਨੂੰ ਮਹੀਨੇ ਪਿਛੋਂ ਮਿਹਨਤ ਕਰਨ ਦੀ ਤਨਖਾਹ ਮਿਲਦੀ ਹੈ। ਉਹ ਜਿਸ ਤਰ੍ਹਾਂ ਚਾਹੁੰਣ ਉਹ ਰਕਮ ਖ਼ਰਚ ਕਰ ਸਕਦੇ ਹਨ। ਕੈਦੀਆਂ ਦੇ ਕਸੂਰ ਅਫਸਰਾਂ ਪਾਸ ਨਹੀਂ ਜਾਂਦੇ। ਕੈਦੀਆਂ ਦੀ ਕਮੇਟੀ ਆਪੇ ਹੀ ਸਾਰੇ ਮਾਮਲੇ ਨਬੇੜਦੀ ਹੈ।

ਕੈਦੀਆਂ ਨੇ ਆਪਣੀ ਇਕ ਕਮੇਟੀ ਬਣਾਈ ਹੋਈ ਹੈ ਤਾਂ ਕਿ ਜਿਹੜੀ ਕੋਈ ਤਕਲੀਫ਼ ਹੋਵੇ ਉਹ ਰਫ਼ਾ ਕੀਤੀ ਜਾ ਸਕੇ। ਉਹ ਕਮੇਟੀ ਅਫ਼ਸਰਾਂ ਨੇ ਮਨਜ਼ੂਰ ਕੀਤੀ ਹੋਈ ਹੇ, ਉਹ ਝੱਟ



Sri Satguru Jagjit Singh Ji Elibrary NamdhariElibrary@gmail.com

ਦਾਰੋਗੇ ਨੂੰ ਸਭ ਤਕਲੀਫ਼ਾਂ ਦੱਸ ਦੇਂਦੇ ਹਨ। ਤੇ ਜੋ ਭਲਾ ਕੋਈ ਫੈਸਲਾ ਨਾ ਹੋਵੇ ਤਾਂ ਆਪੇ ਹੀ ਮੈਜਿਸਟ੍ਰੇਟ ਪਾਸ ਅਦਾਲਤ ਵਿਚ ਮਾਮਲਾ ਪੇਸ਼ ਕਰ ਸਕਦੇ ਹਨ। ਇਨ੍ਹਾਂ ਦਾ ਆਪਣਾ ਅਖ਼ਬਾਰ ਵੀ ਹੁੰਦਾ ਹੈ। ਹੱਥ ਨਾਲ ਹੀ ਲਿਖਿਆ ਜਾਂਦਾ ਹੈ। ਲੇਖਕ ਦਾ ਨਾਮ ਨਹੀਂ ਦਿੱਤਾ ਜਾਂਦਾ ਪਰ ਉਨ੍ਹਾਂ ਨੂੰ ਜੇਲ੍ਹ ਦੇ ਪ੍ਰਬੰਧ ਦੇ ਬਾਰੇ ਵਿਚ ਆਲੋਚਨਾ ਕਰਨ ਦਾ ਪੂਰਾ ਪੂਰਾ ਅਧਿਕਾਰ ਹੈ। ਜੇਲਰ ਦਾ ਇਕ ਬੜਾ ਮਜ਼ੇਦਾਰ ਕਾਰਟੂਨ ਬਣਿਆ ਹੋਇਆ ਮੈਂ ਆਪ ਵੀ ਦੇਖਿਆ ਸੀ।

ਕਈ ਕਮਰਿਆਂ ਵਿਚ ਮੈਂ ਦੇਖਿਆ ਕਿ ਕੈਦੀ ਵੱਖਰੇ ਵੱਖਰੇ ਕੰਮ ਸਿੱਖ ਰਹੇ ਹਨ। ਕਿਧਰੇ ਕਪੜੇ ਸੀਉਣ ਦਾ ਕੰਮ, ਕਿਧਰੇ ਬੂਟ ਸੀਉਣ ਦਾ ਤੇ ਕਿਧਰੇ ਤਰਖਾਣਾਂ ਕੰਮ ਸਿਖਾਇਆ ਜਾ ਰਿਹਾ ਸੀ।

ਹਰ ਇਕ ਕਮਰਿਆਂ ਵਿਚ ਪੜ੍ਹਾਈ ਹੋ ਰਹੀ ਸੀ। ਕਈ ਮਾਸਟਰ ਬਾਹਰੋਂ ਪੜ੍ਹਾਉਣ ਆਉਂਦੇ ਸਨ ਤੇ ਕਈ ਕੈਦੀਆਂ ਵਿਚੋਂ ਹੀ ਸਨ। ਕੈਦੀ ਮਾਸਟਰ ਨੂੰ ਦੋ ਦਿਨ ਦੀ ਕੈਦ ਪਿੱਛੇ ਇਕ ਦਿਨ ਦੀ ਕੈਦ ਮੁਆਫ ਕੀਤੀ ਜਾਂਦੀ ਹੈ।

ਮੈਂ ਇਕ ਕੈਦੀ ਨੂੰ ਇਕ ਪਾਸੇ ਇਕੱਲਿਆਂ ਲੈ ਗਿਆ। ਅਫਸਰ ਬੜੀ ਖ਼ੁਸ਼ੀ ਨਾਲ ਵੱਖਰੇ ਹੋ ਗਏ। ਉਸਨੇ ਵੀ ਇਹੋ ਕਿਹਾ ਕਿ ਸਭ ਕੈਦੀ ਖ਼ੁਸ਼ ਹਨ ਅਤੇ ਇਹ ਜਗ੍ਹਾ ਬੜੀ ਅੱਛੀ ਹੈ। ਮੈਨੂੰ ਪੁੱਛਿਆ ਗਿਆ ਕਿ ਇੰਗਲੈਂਡ ਵਿਚ ਕੈਦੀਆਂ ਨਾਲ ਕੀ ਸਲੂਕ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਇਹ ਯਕੀਨ ਹੀ ਨਹੀਂ ਸੀ ਆਉਂਦਾ ਕਿ ਇੰਗਲੈਂਡ ਵਿਚ ਕੈਦੀ ਜੁਦੀਆਂ-ਜੁਦੀਆਂ ਕੋਠੜੀਆਂ ਵਿਚ ਬੰਦ ਕੀਤੇ ਜਾਂਦੇ ਹਨ ਅਤੇ ਗੱਲਬਾਤ ਕਰਨ ਦੀ ਵੀ ਇਜਾਜ਼ਤ ਨਹੀਂ ਹੁੰਦੀ।

ਉਹ ਕਹਿਣ ਲੱਗੇ ਤੇ ਫੇਰ ਜੇਲ੍ਹ ਦੇ ਕੈਦੀਆਂ ਦੀ ਕਮੇਟੀ ਕੀ ਕਰਦੀ ਹੈ। ਉਹ ਇਹ ਸ਼ਿਕਾਇਤ ਦੂਰ ਕਿਉਂ ਨਹੀਂ ਕਰਦੀ ? ਮੈਂ ਉਨ੍ਹਾਂ ਨੂੰ ਦਸਿਆ ਕਿ ਕੋਈ ਕਮੇਟੀ ਉਥੇ ਨਹੀਂ ਬਣਾਈ ਜਾ ਸਕੀ, ਨਹੀਂ ਤਾਂ ਜੇਲ੍ਹਰ ਗੁੱਸੇ ਨਾਲ ਹੀ ਮਰ ਜਾਣ। ਉਹ ਹੈਰਾਨ ਰਹਿ ਗਏ। ਉਹ ਯਕੀਨ ਨਹੀਂ ਸਨ ਕਰਦੇ ਕਿ ਜੇਲ੍ਹ ਵਿਚ ਕੈਦੀਆਂ ਦੀ ਕਮੇਟੀ ਤੋਂ ਬਿਨਾਂ ਕੈਦੀਆਂ ਦਾ ਗੁਜ਼ਾਰਾ ਹੁੰਦਾ ਹੋਵੇ।

ਉਨ੍ਹਾਂ ਇਹ ਨਤੀਜਾ ਕੱਢਿਆ ਕਿ ਮੈਨੂੰ ਅੰਗਰੇਜ਼ਾਂ ਦੀਆਂ ਜੇਲ੍ਹਾਂ ਦੇ ਬਾਰੇ ਵਿਚ ਕੁਝ ਵੀ ਪਤਾ ਨਹੀਂ। ਉਹ ਮੈਨੂੰ ਆਪਣੇ ਨਹਾਉਣ ਦੇ ਕਮਰਿਆਂ ਵਿਚ ਲੈ ਗਏ। ਇਹ ਕਮਰੇ ਜ਼ਾਰ ਦੇ ਵੇਲੇ ਹਨ੍ਹੇਰੀਆਂ ਕੋਠੜੀਆਂ ਬਣਾਈਆਂ ਸਨ, ਹੁਣ ਉਥੇ ਫ਼ਵਾਰੇ ਲਾ ਦਿੱਤੇ ਗਏ ਹਨ ਅਤੇ ਨਹਾਉਣ ਦਾ ਬੜਾ ਵਧੀਆ ਇੰਤਜ਼ਾਮ ਕੀਤਾ ਗਿਆ ਸੀ।

ਅਖੀਰ ਵਿਚ ਮੈਂ ਉਹਨਾਂ ਨਾਲ ਲੰਗਰ ਵਿਚ ਗਿਆ। ਖਾਣਾ ਬਹੁਤ ਸਾਦਾ, ਬੜਾ ਆਲ੍ਹਾ ਅਤੇ ਬਹੁਤ ਸੁਆਦਲਾ ਸੀ। ਐਸਾ ਆਲ੍ਹਾ ਖਾਣਾ ਤੇ ਸਾਡੇ ਬਹੁਤ ਸਾਰੇ ਆਜ਼ਾਦੀ ਨਾਲ ਮਿਹਨਤ ਮਜ਼ਦੂਰੀ ਕਰਕੇ ਖਾਣ ਵਾਲੇ ਕਿਰਤੀ ਕਦੀ ਵੀ ਨਹੀਂ ਲੱਭ ਸਕਦੇ। ਮੇਰੇ ਜਾਣ 'ਤੇ ਉਨ੍ਹਾਂ ਨੂੰ ਬੜਾ ਦੁੱਖ ਹੋਇਆ ! ਉਨ੍ਹਾਂ ਮੈਨੂੰ ਕਿਹਾ ਕਿ ਇੰਗਲੈਂਡ ਦੇ ਕੈਦੀਆਂ ਨੂੰ ਸਾਡੀ ਦੁਆ ਸਲਾਮ ਕਹਿਣਾ। ਮੈਨੂੰ ਉਨ੍ਹਾਂ ਆਪਣੇ ਬਗੀਚੇ ਦੇ ਫੁੱਲਾਂ ਦਾ ਗੁਲਦਸਤਾ ਦਿੱਤਾ ਅਤੇ ਬੜੀ ਇੱਜ਼ਤ ਨਾਲ ਵਿਦਾ ਕੀਤਾ ਅਤੇ ਕਿਹਾ ਕਿ ਉਮੀਦ ਹੈ ਕਿ ਤੁਸੀਂ ਫਿਰ ਵੀ ਆਵੋਗੇ।

* * *

## 31. ਆਇਰਸ਼ ਸਵਤੰਤਰਤਾ ਯੁੱਧ

*—ਅਕਤੂਬਰ, 1928 ਕਿਰਤੀ*

। ਆਇਰਲੈਂਡ ਦੇ ਦੇਸ਼ ਭਗਤ ਡੇਨ ਬ੍ਰੀਨ ਦੀ ਪੁਸਤਕ ਦਾ ਅਨੁਵਾਦ ਭਗਤ ਸਿੰਘ ਨੇ ਕੀਤਾ ਸੀ, ਉਸ ਕਿਤਾਬ ਦਾ ਰੀਵਿਊ ਭਗਵਤੀ ਚਰਨ ਵੋਹਰਾ ਜੀ ਨੇ ਲਿਖਿਆ ਲੱਗਦਾ ਹੈ।



Sri Satguru Jagjit Singh Ji Elibrary NamdhariElibrary@gmail.com

ਏਸੇ ਤਰ੍ਹਾਂ ਸ਼ੌਕਤ ਉਸਮਾਨੀ ਜੀ ਦੀ ਕਿਤਾਬ ਮੇਰੀ ਰੂਸ ਯਾਤਰਾ ਦਾ ਹਿੰਦੀ ਅਨੁਵਾਦ ਹੋਇਆ ਤੇ ਛਪਿਆ ਸੀ। ਇਨ੍ਹਾਂ ਰੀਵਿਊ ਵਿਚ ਵੀ ਇਕ ਸੁਨੇਹਾ ਹੈ, ਨੌਜਵਾਨਾਂ ਵਾਸਤੇ ਜੋ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਦੇਣਾ ਚਾਹੁੰਦੇ ਸਨ। —ਸੰਪਾਦਕ]

## ਸਮਾਲੋਚਨਾ!
## (ਰੀਵਿਊ)

"ਆਇਰਸ਼ ਸਵਤੰਤਰਤਾ ਯੁੱਧ" ਹਿੰਦੀ ਵਿਚ "ਪ੍ਰਤਾਪ ਆਫ਼ਿਸ ਕਾਨ੍ਹਪੁਰ" ਤੋਂ ਛਪੀ ਹੈ। ਸਫੇ 100—ਮੁੱਲ : 1

ਇਹ ਕਿਤਾਬ ਆਇਰਲੈਂਡ ਦੇ ਬਹਾਦਰ ਰਾਜ ਪਲਟਾਊ ਬੀਰ ਸ਼੍ਰੀ ਡੋਨ ਬ੍ਰੀਲ ਦੀ ਅੰਗਰੇਜ਼ੀ ਕਿਤਾਬ My fight for Irish Freedom ਦਾ ਹਿੰਦੀ ਅਨੁਵਾਦ ਹੈ। ਪਾਠਕ ਜਾਣਦੇ ਹੋਣਗੇ ਕਿ ਸੌ ਸਾਲ ਤੋਂ ਆਇਰਲੈਂਡ ਅੰਗਰੇਜ਼ਾਂ ਦੇ ਪੰਜੇ 'ਚੋ ਰਿਹਾਅ ਹੋਣ ਦੀ ਕੋਸ਼ਿਸ਼ ਵਿਚ ਮਸਰੂਫ ਸੀ। ਪਿਛਲੀ ਸਦੀ ਵਿਚ 1848, 68, 98 ਦੀਆਂ ਬਗ਼ਾਵਤਾਂ ਮਸ਼ਹੂਰ ਹਨ। ਪਿਛਲੀ ਲੜਾਈ ਦੇ ਦਿਨਾਂ ਵਿਚ 1916 ਵਿਚ ਈਸਟਰ ਦੇ ਦਿਨਾਂ ਵਿਚ ਉਨ੍ਹਾਂ ਮੁੜ ਬਗ਼ਾਵਤ ਕਰ ਦਿੱਤੀ ਸੀ। ਉਸ ਵਿਚ ਵੀ ਉਨ੍ਹਾਂ ਨੂੰ ਨਿਸਫ਼ਲਤਾ ਹੀ ਹੋਈ ਸੀ। ਉਹ ਹੁਣ ਤੀਕ ਈਸਟਰ ਬਗ਼ਾਵਤ (Easter Rising) ਦੇ ਨਾਮ ਨਾਲ ਪ੍ਰਸਿੱਧ ਹੈ।

ਫੇਰ ਲੜਾਈ ਮੁੱਕ ਜਾਣ ਪਰ ਜਦੋਂ ਪਾਰਲੀਮੈਂਟ ਵਾਸਤੇ ਮੈਂਬਰਾਂ ਦੀ ਚੋਣ ਹੋਈ ਤੇ ਆਇਰਲੈਂਡ ਦੇ 'ਸਿਨਫਿਨਰਾਂ' ਦੇ ਮੈਂਬਰ ਹੀ ਵਧੇਰੇ ਚੁਣੇ ਗਏ। ਉਨ੍ਹਾਂ ਆਰਿਸ਼ ਪਾਰਲੀਮੈਂਟ ਵੱਖਰੀ ਹੀ ਕਾਇਮ ਕਰ ਲਈ ਅਤੇ ਦੂਜੇ ਪਾਸੇ ਰਾਜ ਪਲਟਾਊਆਂ ਗੁਰੀਲਾ ਯੁੱਧ (Guerilla warfare) ਯਾਨੀ ਲੁਕਵੀਂ ਛਿਪਵੀਂ ਲੜਾਈ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲੋਂ ਲੜਾਈ ਛੇੜ ਕੇ ਮੁਲਕ ਤੇ ਕੌਮ ਅਤੇ ਸਰਕਾਰ ਦੀ ਨੀਂਦਰ ਭੰਗ ਕਰਨ ਵਾਲੇ ਲੋਕਾਂ ਵਿਚੋਂ ਸ਼੍ਰੀ ਡੋਨ ਬ੍ਰੀਨ ਹੋਰੀਂ ਭੀ ਸਨ। ਪਹਿਲੇ ਦਿਨ ਹੀ ਸਿਪਾਹੀਆਂ ਨਾਲ ਲੜ ਕੇ ਉਨ੍ਹਾਂ ਦਾ ਬਾਰੂਦ ਖੋਹ ਕੇ ਉਹ ਭੱਜ ਗਏ। ਫੇਰ ਉਨ੍ਹਾਂ ਦੇ ਵਾਰੰਟ ਨਿਕਲ ਆਏ ਤੇ ਪਕੜਨ ਲਈ ਇਨਾਮਾਂ ਦੇ ਵੀ ਐਲਾਨ ਹੋ ਗਏ। ਬਸ ਰਾਤ ਦਿਨ ਸਿਰ ਧੱਰ ਤਲੀ ਉਹ ਲੋਕੀਂ ਉਥੇ ਹੀ ਬੱਬਰ ਅਕਾਲੀਆਂ ਵਾਂਗੂੰ ਦੌੜਦੇ ਭੱਜਦੇ ਰਹੇ।

ਉਨ੍ਹਾਂ ਨੂੰ ਕਿਹਾ ਕਿ ਤੁਸੀਂ ਅਮਰੀਕਾ ਚਲੇ ਜਾਓ, ਪਰ ਉਨ੍ਹਾਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਅਸੀਂ ਤਾਂ ਆਇਰਲੈਂਡ ਵਿਚ ਹੀ ਲੜ-ਲੜ ਕੇ ਮਰਨਾ ਹੈ ਤੇ ਦੂਜੇ ਮੁਲਕਾਂ ਵਿਚ ਟੱਕਰਾਂ ਮਾਰਨੀਆਂ। ਕਿਸ ਤਰ੍ਹਾਂ ਲੋਕ ਉਨ੍ਹਾਂ ਨੂੰ ਗਾਲ੍ਹਾਂ ਕੱਢਦੇ ਤੇ ਨੇੜੇ ਨਾ ਢੁੱਕਣ ਦੇਂਦੇ ਅਤੇ ਕਿਸੇ ਤਰ੍ਹਾਂ ਉਹ ਵਾਰ-ਵਾਰ ਪੁਲਿਸ ਦੇ ਪੰਜੇ 'ਚੋਂ ਫਸਦੇ ਫਸਦੇ ਬਚ ਜਾਂਦੇ। ਇਹ ਸਭ ਗੱਲਾਂ ਪੜ੍ਹਨ ਦੇ ਹੀ ਕਾਬਲ ਹਨ। ਸ਼੍ਰੀ ਡੋਨ ਬ੍ਰੀਨ ਦਾ ਲਿਖਣ ਦਾ ਢੰਗ ਬੜਾ ਨਿਰਾਲਾ ਤੇ ਮਖ਼ੌਲੀਆ ਹੈ, ਇਸ ਕਰਕੇ ਉਸ ਨੇ ਸਾਰਾ ਹਾਲ ਐਸੇ ਢੰਗ ਨਾਲ ਲਿਖਿਆ ਹੈ ਕਿ ਪੜ੍ਹਨ ਵਿਚ ਬਹੁਤ ਹੀ ਸਵਾਦ ਆਉਂਦਾ ਹੈ।

ਉਸ ਨੇ ਪਹਿਲੀ ਲੜਾਈ ਵਿਚ ਆਪਣੇ ਘਬਰਾਉਣ ਦੀ, ਤੇ ਬਾਅਦ ਦੀਆਂ ਲੜਾਈਆਂ ਵਿਚ ਆਪਣੀ ਧੀਰਜ ਦੀ ਸਾਫ਼ ਅਤੇ ਸੱਚੀ ਸੱਚੀ ਕਥਾ ਲਿਖੀ, ਜੋ ਕਿ ਬਿਲਕੁਲ ਹੀ ਸੁਭਾਵਕ ਨਜ਼ਰ ਆਉਂਦੀ ਹੈ। ਸਾਥੀ ਪਕੜੇ ਜਾਣ ਤੇ ਕਿਸ ਤਰ੍ਹਾਂ ਉਹ ਤੜਫ ਉਠੇ ਅਤੇ ਉਸ ਨੂੰ ਛੁਡਾਉਣ ਲਈ ਯਤਨ ਕਰਨ ਲੱਗ ਪਏ, ਇਹ ਸਭ ਪੜ੍ਹਨ ਵਾਲੀ ਹੀ ਵਾਰਤਾ ਹੈ।

ਇਕ ਬੜੀ ਮਾਰਕੇ ਦੀ ਗੱਲ, ਸ਼੍ਰੀ ਡੋਨ ਬ੍ਰੀਨ ਦੀ ਸ਼ਾਦੀ ਹੈ। ਸਾਡੇ ਮੁਲਕ ਦੇ ਨੌਜਵਾਨ ਵੀ ਵਿਆਹ ਕਰਾਉਣ ਨੂੰ ਭਜਦੇ ਹਨ। ਪਿਓ ਨੇ ਕੋਈ ਸਵਾਰੀ ਨਹੀਂ ਕੀਤੀ ਹੋਂਦੀ ਤੇ ਲਾੜੇ



Sri Satguru Jagjit Singh Ji Elibrary NamdhariElibrary@gmail.com

ਹੋਰੀਂ ਤਲਵਾਰ ਬੰਨ੍ਹ ਕੇ ਟੁੱਟੀ ਹੋਈ ਘੋੜੀ ਤੇ ਚੜ੍ਹ ਕੇ ਟੁਰ ਪੈਂਦੇ ਹਨ ਤੇ ਓਸ ਦੀ ਟੋਰ ਨੂੰ ਵੀ ਕਾਬੂ ਰੱਖਣ ਲਈ ਦੋ ਆਦਮੀ ਅੱਗੋਂ ਪਕੜੀ ਰਹਿੰਦੇ ਹਨ ਤੇ ਜਾ ਕੇ ਕਪੜਿਆਂ ਦੀ ਪੰਡ ਵਾਂਗੂੰ ਲਪੇਟੀ ਹੋਈ ਕੁੜੀ ਨਾਲ ਗੰਢ ਚਤਰਾਵਾ ਹੋ ਜਾਂਦਾ ਹੈ। ਸਾਰੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਮੁੰਡਾ ਵਿਆਹਿਆ ਗਿਆ। ਲਾਹਨਤ ਹੈ ਐਸੇ ਵਿਆਹ 'ਤੇ, ਤੇ ਉਸ ਮੁੰਡੇ 'ਤੇ।

ਡੇਨ ਬ੍ਰੀਨ ਦੇ ਵਾਰੰਟ ਨਿਕਲੇ ਹੋਏ ਹਨ ਹੁਕਮ ਹੋਇਆ ਹੈ ਕਿ ਦੇਖਦਿਆਂ ਸਾਰ ਹੀ ਗੋਲੀ ਨਾਲ ਮਾਰ ਸੁਟਿਆ ਜਾਵੇ। ਲੜਾਈ ਵਿਚ ਜ਼ਖਮੀ ਹੋ ਜਾਂਦੇ ਹਨ। ਤਦੋਂ ਇਕ ਲੜਕੀ ਉਨ੍ਹਾਂ ਦੀ ਸੇਵਾ ਕਰਦੀ ਹੈ ਅਤੇ ਆਪਣੀ ਜਾਨ ਤਲੀ ਤੇ ਰੱਖ ਕੇ ਉਨ੍ਹਾਂ ਦੀ ਹਰ ਤਰ੍ਹਾਂ ਸਹਾਇਤਾ ਕ਼ਰਦਾ ਹੈ। ਆਖ਼ਰ ਦੋਹਾਂ ਦਾ ਪ੍ਰੇਮ ਹੋ ਜਾਂਦਾ ਅਤੇ ਐਨ ਘਮਸਾਣ ਦੇ ਦਿਨਾਂ ਵਿਚ ਇਕ ਥਾਂ ਫ਼ੌਜਾਂ ਇਕੱਠੀਆਂ ਕਰਕੇ ਪਹਿਰੇ ਲਾ ਕੇ ਆਪ ਹੋਰੀਂ ਸ਼ਾਦੀ ਕਰਦੇ ਹਨ। ਹਰ ਘੜੀ ਖ਼ਤਰਾ ਹੈ ਕਿ ਜੇ ਦੁਸ਼ਮਣਾਂ ਹਮਲਾ ਕਰ ਦਿੱਤਾ, ਤਾਂ ਖ਼ੈਰ ਨਹੀਂ। ਕਿਉਂ ! ਨੌਜਵਾਨੋਂ ਇਹ ਵਿਆਹ ਹੈ ਜਾਂ ਮੁਰਦਿਆਂ ਵਾਲਾ ਵਿਆਹ ? ਨੌਜਵਾਨ ਇਸ ਕਿਤਾਬ ਨੂੰ ਜ਼ਰੂਰ ਪੜ੍ਹਨ ਅਤੇ ਗੌਰ ਨਾਲ ਪੜ੍ਹਨ।

ਅੰਗਰੇਜ਼ਾਂ ਦੇ ਜ਼ੁਲਮਾਂ ਦੀ ਅੱਤ ਦੀ ਦਰਦਨਾਕ ਕਹਾਣੀ ਹੈ ਅਤੇ ਇਹ ਵੀ ਸੋਹਣੀ ਤਰ੍ਹਾਂ ਦਸਿਆ ਗਿਆ ਹੈ ਕਿ "ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ।"

* * *

## 32. ਮੇਰੀ ਰੂਸ ਯਾਤਰਾ

*—ਅਕਤੂਬਰ, 1928 ਕਿਰਤੀ*

ਲੇਖਕ ਭਾਈ ਸ਼ੌਕਤ ਉਸਮਾਨੀ ਸਾਹਿਬ ! ਪ੍ਰਤਾਪ ਦਫ਼ਤਰ ਕਾਨ੍ਹਪੁਰ ਤੋਂ ਮਿਲੇਗੀ। (144 ਸਫ਼ੇ ਮੁਲ 11-) ਹਿੰਦੋਸਤਾਨ ਦੀ ਮੌਜੂਦਾ ਲਹਿਰ ਵਿਚ ਦੂਜੇ ਮੁਲਕਾਂ ਦੀ ਯਾਤਰਾ ਦਾ ਬਹੁਤ ਅਸਰ ਹੈ। ਪਾਠਕ ਜਾਣਦੇ ਹਨ ਕਿ 1914-15 ਦੀ ਲਹਿਰ ਵਿਚ ਅਮਰੀਕਾ ਤੋਂ ਮੁੜੇ ਹੋਏ ਵੀਰਾਂ ਹੀ ਆਪਣੇ ਪ੍ਰਾਣਾਂ ਦੀ ਬਾਜ਼ੀ ਲਾ ਕੇ ਇਕ ਵੇਰੀਂ ਹਿੰਦੋਸਤਾਨ ਦੀ ਕਿਸਮਤ 'ਚ ਪਲਟਾ ਦੇਣ ਦਾ ਯਤਨ ਕੀਤਾ ਸੀ।

1918 ਵਿਚ ਜਦੋਂ ਖਿਲਾਫ਼ਤ ਦਾ ਮਾਮਲਾ ਖੜ੍ਹਾ ਹੋਇਆ ਤਦੋਂ ਮੁਸਲਮਾਨ ਭਰਾਵਾਂ ਵਿਚ ਹਿਜ਼ਰਤ ਦੀ ਲਹਿਰ ਚੱਲੀ ਸੀ, ਕਿ ਅੰਗਰੇਜ਼ੀ ਮੁਲਕ ਹੀ ਛੱਡ ਕੇ ਚਲੇ ਜਾਣਾ ਹੈ। ਸੈਂਕੜੇ ਆਦਮੀ ਗਏ ਅਤੇ ਬਾਹਰ ਜਾ ਕੇ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹੀਆਂ। ਤੁਅੱਸਬੀ ਮੁਸਲਮਾਨਾਂ ਨੇ ਦੇਖਿਆ ਕਿ ਕੋਈ ਵੀ ਉਨ੍ਹਾਂ ਦਾ ਭਾਰੂ ਨਹੀਂ ਬਣਦਾ। ਆਖਿਰ ਕਈ ਝੱਖੜ ਝਰਨੇ ਝੱਲ ਕੇ ਕਈ ਤੇ ਓਦੋਂ ਹੀ ਮੁੜ ਆਏ, ਤੇ ਕਈ ਅਗਾਂਹ ਚਲੇ ਗਏ ਅਤੇ ਰੂਸ ਜਾ ਪੁੱਜੇ। ਜਿਨ੍ਹਾਂ ਮੁਸੀਬਤਾਂ ਵਿਚੋਂ ਲੰਘ ਕੇ ਉਹ ਲੋਕੀਂ ਗਏ ਸਨ, ਉਹ ਹਾਲ ਬੜਾ ਉਤਸ਼ਾਹ ਵਧਾਉਣ ਵਾਲਾ ਤੇ ਦਰਦਨਾਕ ਹੈ। ਸ਼ੌਕਤ ਉਸਮਾਨੀ ਉਨ੍ਹਾਂ ਹੀ ਆਦਮੀਆਂ ਵਿਚੋਂ ਹਨ। ਤੁਰਕਿਸਤਾਨ ਦੀਆਂ ਲੜਾਈਆਂ ਵਿਚੋਂ ਉਹ ਕਿਵੇਂ ਜਾਨ ਬਚਾ ਕੇ ਨਿਕਲੇ ਅਤੇ ਉਹ ਕਿਵੇਂ ਰੂਸ ਪੁੱਜੇ ਅਤੇ ਉਥੋਂ ਦੇ ਹਾਲਾਤ ਦੇਖ ਕੇ ਮੂੰਹ ਅੱਡੀ ਖਲੋਤੇ ਰਹੇ। ਇਹ ਪੜ੍ਹਨ ਨਾਲ ਹੀ ਸਬੰਧ ਰੱਖਦੀ ਹੈ। ਨੌਜਵਾਨਾਂ ਨੂੰ ਇਸ ਕਿਤਾਬ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਅਤੇ ਬਾਹਰ ਜਾ ਕੇ ਦੁਨੀਆ ਦੇਖਣ ਦਾ ਸ਼ੌਕ ਪੈਦਾ ਕਰਨਾ ਚਾਹੀਦਾ ਹੈ। ਰੂਸ ਦਾ ਬੜਾ ਸੋਹਣਾ ਹਾਲ ਲਿਖਿਆ ਹੋਇਆ ਹੈ। ਹਰ ਇਕ ਹਿੰਦੀ ਪੜ੍ਹੇ ਸੱਜਣ ਨੂੰ ਕਿਤਾਬ ਮੰਗਵਾ ਕੇ ਪੜ੍ਹਨੀ ਚਾਹੀਦੀ ਹੈ।

●



Sri Satguru Jagjit Singh Ji Elibrary NamdhariElibrary@gmail.com

ਪਾਠ—9

# ਵੱਖ-ਵੱਖ ਸਮਾਜਕ ਤੇ ਰਾਜਨੀਤਿਕ ਮਸਲਿਆਂ ਬਾਰੇ ਵਿਚਾਰ

[ਜਦ ਭਗਤ ਸਿੰਘ ਤੇ ਉਸਦੇ ਸਾਥੀ ਭਾਰਤੀ ਅਤੇ ਅੰਤਰਰਾਸ਼ਟਰੀ ਇਨਕਲਾਬੀ ਲਹਿਰਾਂ ਤੇ ਘੋਖ ਕਰਦੇ, ਅਤੇ ਆਪਣੀ ਜਾਣਕਾਰੀ ਲੋਕਾਂ ਨਾਲ ਸਾਂਝੇ ਕਰ ਰਹੇ ਸਨ ਤਾਂ ਭਾਰਤ ਦੀ ਆਜ਼ਾਦੀ ਪ੍ਰਾਪਤੀ ਦੇ ਢੰਗ ਨਾਲ ਆਜ਼ਾਦੀ ਲਹਿਰ ਨੂੰ ਦਰਪੇਸ਼ ਰੁਕਾਵਟਾਂ ਬਾਰੇ ਵੀ ਚਰਚਾ ਪੂਰੇ ਜ਼ੋਰਾਂ ਵਿਚ ਚੱਲ ਰਹੀ ਸੀ। ਮਈ, 1928 ਤੋਂ ਸਤੰਬਰ, ਤਕ ਦੇ ਅਰਸੇ ਵਿਚ ਜਦ ਭਗਤ ਸਿੰਘ ਪੂਰੀ ਤਰ੍ਹਾਂ 'ਕਿਰਤੀ' ਅਖ਼ਬਾਰ ਚਲਾਉਣ ਵਿਚ ਰੁਝੇ ਹੋਏ ਸਨ, ਉਸ ਸਮੇਂ ਦੇ ਇਹ ਲੇਖ ਏਥੇ ਦਿੱਤੇ ਜਾ ਰਹੇ ਹਨ। ਚਾਹੇ ਲੇਖਕਾਂ ਦੇ ਨਾਵਾਂ ਦਾ ਪਤਾ ਨਹੀਂ, ਪਰ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਉਸ ਸਮੇਂ ਦੇ ਵਿਚਾਰਾਂ ਦਾ ਪਰਗਟਾਓ ਜ਼ਰੂਰ ਕਰਦੇ ਹਨ, ਇਸ ਕਰਕੇ ਏਥੇ ਦਿੱਤੇ ਜਾ ਰਹੇ ਹਨ। ਸ਼ਹੀਦ ਭਗਵਤੀ ਚਰਨ ਵੋਹਰਾ ਵੀ 'ਕਿਰਤੀ' ਅਖ਼ਬਾਰ ਨਾਲ ਬਹੁਤ ਗੂੜ੍ਹੀ ਤਰ੍ਹਾਂ ਸੰਬੰਧਤ ਰਹੇ ਹਨ। ਉਹ ਵੀ ਕਿਰਤੀ ਲਈ ਲਗਾਤਾਰ ਲਿਖਦੇ ਸਨ।—ਸੰਪਾਦਕ]

❋ ❋ ❋

## 33. ਹਰ ਸੰਭਵ ਤਰੀਕੇ ਨਾਲ ਅੰਗਰੇਜ਼ੀ ਰਾਜ ਤੋਂ ਬਾਹਰ ਪੂਰਨ ਸਵਤੰਤਰਤਾ

*—ਮਈ 1928 'ਕਿਰਤੀ' ਵਿਚੋਂ*

ਅੰਮ੍ਰਿਤਸਰ ਕਾਨਫਰੰਸ ਵਿਚ ਜਿਨ੍ਹਾਂ ਗੱਲਾਂ 'ਤੇ ਬਹੁਤ ਝਗੜਾ ਵਧਿਆ ਅਤੇ ਬਹਿਸ ਹੋਈ ਉਨ੍ਹਾਂ ਵਿਚੋਂ ਇਕ ਸਭ ਤੋਂ ਵੱਡੀ ਅਤੇ ਜ਼ਰੂਰੀ ਗੱਲ ਇਹ ਸੀ, ਕਿ ਕਾਂਗਰਸ ਦਾ ਉਦੇਸ਼ ਅੰਗਰੇਜ਼ੀ ਰਾਜ ਤੋਂ ਬਾਹਰ ਹਰ ਮੁਮਕਿਨ ਜ਼ਰੀਏ ਨਾਲ ਮੁਕੰਮਲ ਆਜ਼ਾਦੀ ਹਾਸਲ ਕਰਨੀ ਹੋਵੇ। The attainment of complete independence outside the British Empire by all possible means. ਰੈਜ਼ੂਲੇਸ਼ਨ ਪਾਸ ਹੋ ਗਿਆ ਅਤੇ ਬੜੇ-ਬੜੇ ਲੀਡਰਾਂ ਨੇ ਕਾਂਗਰਸ ਵਿਚੋਂ ਅਸਤੀਫੇ ਦੇ ਦਿੱਤੇ ਤੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਮਤਾ ਪਾਸ ਕਰਨ ਵਾਲਿਆਂ ਨੂੰ ਸਾਜ਼ਿਸ਼ੀ ਲੀਡਰੀ ਦੇ ਭੁੱਖੇ ਲੋਕੀਂ ਕਿਹਾ ਗਿਆ। ਪੰਜਾਬ ਭਰ ਦੇ ਅਖ਼ਬਾਰਾਂ ਨੇ ਅਸਮਾਨ ਸਿਰ ਤੇ ਚੁੱਕ ਲਿਆ ਅਤੇ ਹਾਏ ਤੌਬਾ ਮਚਾ ਦਿੱਤੀ। ਸਾਨੂੰ ਸਮਝ ਨਹੀਂ ਆਉਂਦੀ ਕਿ ਕਹਿਰ ਕੀ ਹੋ ਗਿਆ।

ਮਦਰਾਸ ਕਾਂਗਰਸ ਨੇ ਪੂਰਨ ਸਵਤੰਤਰਤਾ (Complete Independence) ਦਾ ਮਤਾ ਪਾਸ ਕਰ ਦਿੱਤਾ ਸੀ। ਇਥੇ ਉਸ ਨੂੰ ਸਾਫ਼ ਕਹਿ ਦਿੱਤਾ ਗਿਆ ਕਿ ਆਜ਼ਾਦੀ, ਪੂਰਨ ਆਜ਼ਾਦੀ ਅੰਗਰੇਜ਼ੀ ਰਾਜ ਤੋਂ ਬਾਹਰ ਹੀ ਹੋ ਸਕਦੀ ਹੈ। ਹਾਂ ਇਹ ਗੱਲ ਸਾਫ਼ ਹੈ ਕਿ ਮਦਰਾਸ ਦੇ ਪ੍ਰਸਤਾਵ ਨੂੰ ਜ਼ਿਆਦਾ ਜ਼ੋਰਦਾਰ ਤੇ ਵਾਜਿਆ ਕਰ ਦਿੱਤਾ ਗਿਆ ਹੈ। ਉਸ ਮਤੇ ਉਤੇ ਤਾਂ ਕਿਸੇ ਨੂੰ ਕੋਈ ਖ਼ਾਸ ਸ਼ਿਕਾਇਤ ਨਹੀਂ ਹੋਈ ਨਜ਼ਰ ਆਉਂਦੀ। ਸਿਰਫ ਝਗੜਾ ਹਰ ਮੁਮਕਿਨ ਜ਼ਰੀਏ ਨਾਲ (By all possible means) ਪ੍ਰਾਪਤ ਕਰਨ ਦਾ ਹੈ। ਹੁਣ ਤਾਂ ਕਾਂਗਰਸ ਕਰੀਡ ਵਿਚ ਲਿਖਿਆ



Sri Satguru Jagjit Singh Ji Elibrary NamdhariElibrary@gmail.com

ਹੋਇਆ ਸੀ। (By all peaceful and legitimate means) ਕਿ ਹਰ ਸ਼ਾਂਤਮਈ ਅਤੇ ਜਾਇਜ਼ ਤਰੀਕੇ ਨਾਲ ਸਵਰਾਜ ਲਿਆ ਜਾਵੇ।

ਮੁਲਕ ਸਾਰਾ ਤਿਆਰ ਸੀ। ਨੌਜਵਾਨਾਂ ਨੇ ਪਿੰਡ ਪਿੰਡ ਵਿਚ ਸਿਵਲ ਨਾ-ਫਰਮਾਨੀ ਦੀ ਤਿਆਰੀ ਕਰ ਦਿੱਤੀ ਸੀ। ਚੋਰਾ ਚੋਰੀ ਵਿਚ ਦੋ ਇਕ ਭਾੜੇ ਦੇ ਟੱਟੂਆਂ ਨੇ ਤਸ਼ੱਦਦ ਕਰ ਦਿੱਤਾ ਜਾਂ ਇਉਂ ਕਹੋ ਕਿ ਕੁਝ ਆਦਮੀਆਂ ਕੋਲੋਂ ਕਰਵਾ ਦਿੱਤਾ ਗਿਆ। ਬੱਸ ਪੂਰਨ ਸ਼ਾਂਤੀ ਵਾਲੀ ਗੱਲ ਨਾ ਰਹੀ। ਫਿਰ ਕੀ ਸੀ ਸਾਰੇ ਦੇਸ਼ ਦਾ ਬੇੜਾ ਗਰਕ ਕਰ ਦਿੱਤਾ ਗਿਆ। ਕਿਆ ਖੂਬ ਫ਼ਿਲਾਸਫੀ ਹੈ ਕਿ ਸ਼ਾਂਤਮਈ ਲਫ਼ਜ਼ ਦਾ ਬਹਾਨਾ ਲੈ ਕੇ ਹਰਾਮ ਖੋਰ ਜ਼ਿਮੀਂਦਾਰਾਂ ਤੇ ਤਾਅਲੁਕੇਦਾਰਾਂ ਦਾ ਪੱਖ ਲਿਆ ਗਿਆ ਅਤੇ ਬਾਰਦੋਲੀ ਰੇਜ਼ੋਲਿਊਸ਼ਨ ਵਿਚ ਸਾਫ਼ ਆਖ ਦਿੱਤਾ ਕਿ ਹੇ ਕਿਸਾਨੋ ਤੁਸੀਂ ਆਪਣੇ ਮਾਲਕਾਂ ਨੂੰ ਲਗਾਨ ਦੇ ਦਿਉ।

ਬਸ ਸ਼ਾਂਤਮਈ ਦੇ ਬਹਾਨੇ ਨਾਲ ਮੁਲਕ ਦਾ ਬੇੜਾ ਗਰਕ ਕਰ ਦਿੱਤਾ ਗਿਆ। ਤਸ਼ੱਦਦ ਦੇ ਝੂਠੇ ਇਲਜ਼ਾਮ ਵਿਚ ਫਸਾਏ ਗਏ ਲੋਕਾਂ ਦਾ ਵੀ ਪੱਖ ਲੈਣ ਦੀ ਸਾਨੂੰ ਜੁਅਰਤ ਨਾ ਹੋਈ ਅਤੇ ਕਈ ਗਰੀਬ ਉਥੇ ਫਾਹੇ ਲੱਗ ਗਏ। ਏਹ ਤਾਂ ਤਸ਼ੱਦਦ ਨਾ ਹੋਇਆ ਨਾ? ਇਸ ਤੁਅੱਸਬ ਨੂੰ ਮਿਟਾਉਣਾ ਬੜਾ ਜ਼ਰੂਰੀ ਹੋ ਰਿਹਾ ਸੀ। ਇਸ ਪ੍ਰਸਤਾਵ ਦੇ ਪਾਸ ਕੀਤੇ ਜਾਣ ਨਾਲ ਲੋਕਾਂ ਦੀ ਦ੍ਰਿਸ਼ਟੀ ਦਾ ਘੇਰਾ ਕੁਝ ਵਧ ਗਿਆ ਹੈ।

ਦੂਸਰੀ ਗੱਲ ਇਹ ਹੈ ਕਿ ਕੀ ਅਸੀਂ ਸੌਂਹ ਖਾਧੀ ਹੋਈ ਹੈ ਕਿ ਸ਼ਾਂਤਮਈ ਨਾਲ ਹੀ ਸਵਰਾਜ ਮਿਲੂ ਤਾਂ ਲੈਣਾ, ਨਹੀਂ ਤਾਂ ਅਸੀਂ ਅੰਗਰੇਜ਼ੀ ਰਾਜ ਵਿਚ ਹੀ ਰਹਿਣਾ ਪਸੰਦ ਕਰਾਂਗੇ? 'ਹਾਂ' ਕਹਿਣ ਵਾਲੇ ਅੰਨ੍ਹੇ ਆਦਰਸ਼ਵਾਦੀ ਲੋਕਾਂ ਦੇ ਨਾਲ ਅਸੀਂ ਗੱਲ ਨਹੀਂ ਕਰਨਾ ਚਾਹੁੰਦੇ। ਉਹ ਸਵਰਾਜ ਜਿਸ ਵਾਸਤੇ ਦੁਨੀਆ ਦਾ ਸਭੋ ਕੁਝ ਕੁਰਬਾਨ ਕੀਤਾ ਜਾ ਸਕਦਾ ਹੈ ਓਸ ਦੇ ਬਾਰੇ ਵਿਚ ਇਹੋ ਜੇਹੀਆਂ ਫ਼ਜ਼ੂਲ ਗੱਲਾਂ ਦੀ ਕੀ ਲੋੜ ਹੈ।

ਹਾਂ ਤੀਸਰਾ ਸਵਾਲ ਉਠਦਾ ਹੈ ਕਿ ਕੀ ਬਗ਼ਾਵਤ ਕਰਕੇ, ਲੜਾਈ ਕਰਕੇ ਅਸੀਂ ਸਵਰਾਜ ਲੈ ਸਕਦੇ ਹਾਂ? ਅੱਜ ਤੇ ਇਕੋ ਹੀ ਜਵਾਬ ਮਿਲ ਸਕਦਾ ਹੈ ਕਿ ਨਹੀਂ। ਅੱਜ ਅਸੀਂ ਐਨੇ ਜਥੇਬੰਦ, ਹਥਿਆਰਬੰਦ ਅਤੇ ਤਾਕਤਵਰ ਨਹੀਂ। ਇਸੇ ਕਰਕੇ ਇਹ ਤਰੀਕਾ ਹਾਲੇ ਨਾਮੁਮਕਿਨ ਹੋਇਆ ਫੇਰ ਝਗੜਾ ਕਾਹਦਾ! ਸਵਾਲ ਤਾਂ ਇਹ ਹੈ ਕਿ ਕੀ ਹਰ ਕੌਮ ਨੂੰ ਕਦੇ ਵੀ ਤਾਕਤ ਦਾ ਇਸਤੇਮਾਲ ਕਰਨ ਦਾ ਹੱਕ ਹੈ ਕਿ ਨਹੀਂ? ਡਾਕਟਰ ਸਤਿਆਪਾਲ ਜੀ ਦੇ ਲਫ਼ਜ਼ਾਂ ਵਿਚ (Have we not a right to employ all possible means to attain our goal) ਇਸ ਦੇ ਉੱਤਰ ਵਿਚ ਟ੍ਰਿਬਿਊਨ ਕਹਿੰਦਾ ਕਿ 'ਨਹੀਂ' !(Not ! a right can either be a legal or moral right.) ਬਹੁਤ ਅੱਛਾ ਜੀ। ਕਾਨੂੰਨੀ ਹੱਕ ਤੇ ਨਹੀਂ ਹੋ ਸਕਦਾ ਕਿਉਂਕਿ ਕਾਨੂੰਨ ਬੇਗਾਨਿਆਂ ਦੇ ਹੱਥ ਵਿਚ ਹੈ ਪਰ ਕਿਉਂ ਜੀ, ਸਿਵਲ ਨਾ-ਫਰਮਾਨੀ ਸਿਵਲ ਨਾ-ਫਰਮਾਨੀ ਕਰਕੇ ਆਸਮਾਨ ਨੂੰ ਸਿਰ 'ਤੇ ਚੁੱਕ ਲੈਣ ਵਾਲੇ ਸੱਜਣ ਇਹ ਨਹੀਂ ਜਾਣਦੇ ਕਿ ਸਿਵਲ ਨਾ-ਫਰਮਾਨੀ ਵੀ ਕੋਈ ਕਾਨੂੰਨੀ ਤੌਰ 'ਤੇ ਜਾਇਜ਼ (Legal right) ਨਹੀਂ ਅਖਵਾ ਸਕਦੀ? ਓਹ ਵੀ ਸਾਫ਼ ਤੌਰ 'ਤੇ ਵਕਤ ਦੇ (Law) ਕਾਨੂੰਨ ਨੂੰ ਤੋੜਨਾ ਤੇ ਓਸ ਦੀ ਮੁਖਾਲਫ਼ਤ ਕਰਨੀ ਹੈ। ਕਿਸੇ ਵੀ ਰਾਜ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਆਵਾਜ਼ ਉਠਾਉਣਾ ਕਦੀ ਵੀ (Legal right) ਨਹੀਂ ਕਹਿ ਸਕਦੀ। ਇਥੇ ਇਖ਼ਲਾਕੀ-ਹੱਕ (Moral right) ਹੁੰਦਾ ਹੈ। ਜੋ ਜਦੋਂ ਮੁਮਕਿਨ ਹੋਵੇ ਤੇ ਜਦੋਂ ਅੱਤ ਜ਼ਰੂਰੀ ਹੋਵੇ ਉਦੋਂ ਵੀ ਤਾਕਤ ਦੇ ਇਸਤੇਮਾਲ ਨੂੰ (Moral right) ਨਹੀਂ ਸਮਝਿਆ ਜਾਂਦਾ, ਤਾਂ ਤੇ ਅਮਰੀਕਾ ਦੇ ਵੀਰ ਵਾਸ਼ਿੰਗਟਨ ਤੇ ਪੇਟ੍ਰਿਕ ਹੈਨਰੀ, ਇਟਲੀ ਦੇ ਮੇਜ਼ਿਨੀ ਤੇ ਗੈਰੀਬਾਲਡੀ, ਰੂਸ ਦੇ ਲੈਨਿਨ ਆਦਿ ਆਜ਼ਾਦ ਕਰਾਉਣ ਵਾਲੇ, ਅਤੇ ਆਪਣੇ ਸਾਰੇ ਬਜ਼ੁਰਗ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ, ਸ੍ਰੀ ਸ਼ਿਵਾ ਜੀ, ਸ੍ਰੀ ਪ੍ਰਤਾਪ ਅਤੇ ਗੁਰੂ ਗੋਬਿੰਦ ਸਿੰਘ ਜੀ, ਨੇ ਬੁਰੇ ਕਰਮ ਕੀਤੇ,



Sri Satguru Jagjit Singh Ji Elibrary NamdhariElibrary@gmail.com

ਅਤੇ ਉਹ ਮਾਨਯੋਗ ਤੇ ਨਾ ਹੋਏ !! ਇਹ ਫਿਲੌਸਫੀ ਵੀ ਕਮਾਲ ਹੈ ! ਸਵਾਲ ਸਿਰਫ ਇਹ ਉਠਦਾ ਹੈ ਕਿ ਜਦੋਂ ਅੱਜ ਬਗ਼ਾਵਤ ਕਰਨੀ ਵੀ ਨਹੀਂ ਅਤੇ ਹੈ ਵੀ ਨਾਮੁਮਕਿਨ ਤਦੋਂ (All possible means) ਪਾਸ ਕਰਨ ਦੀ ਕੀ ਲੋੜ ਪੈ ਗਈ ? ਪਰ ਜਦੋਂ ਅਸੀਂ ਅੱਜ ਮੁਕੰਮਲ ਆਜ਼ਾਦੀ ਦਾ ਪ੍ਰਸਤਾਵ ਪਾਸ ਕਰਦੇ ਹਾਂ, ਤੇ ਕੀ ਅੱਜ ਹੀ ਅਸੀਂ ਆਜ਼ਾਦੀ ਲੈ ਲਈ ਹੈ ? ਇਹ ਸਿਰਫ਼ ਉੱਚਾ ਆਦਰਸ਼ ਸਨਮੁੱਖ ਰੱਖਿਆ ਗਿਆ ਹੈ। ਇਸੇ ਤਰ੍ਹਾਂ "ਹਰ ਮੁਮਕਿਨ ਜ਼ਰੀਏ ਨਾਲ" ਪਾਸ ਕਰਨ ਨਾਲ ਲੋਕਾਂ ਦੀ ਤੰਗ ਦਿਲੀ ਦੂਰ ਕਰ ਦਿੱਤੀ ਅਤੇ ਉਨ੍ਹਾਂ ਸਾਹਮਣੇ ਬੜਾ ਭਾਰੀ ਆਦਰਸ਼ ਰੱਖ ਦਿੱਤਾ ਹੈ।

ਨਾਲ ਹੀ ਇਕ ਹੋਰ ਵੀ ਗੱਲ ਹੈ। ਅੱਜ ਕਈ ਸਾਲ ਹੋ ਗਏ ਹਨ ਜਦੋਂ ਤੋਂ ਕਿਤਨੇ ਹੀ ਵੀਰ ਮੁਕੰਮਲ-ਆਜ਼ਾਦੀ ਮੁਕੰਮਲ ਆਜ਼ਾਦੀ ਦੀ ਰੱਟ ਲਗਾਉਂਦੇ ਫਾਂਸੀ ਲਟਕ ਗਏ। ਅੱਜ ਸਾਡੇ ਸਮਝਦਾਰ ਲੀਡਰਾਂ ਨੂੰ ਮੁਕੰਮਲ ਆਜ਼ਾਦੀ ਦਾ ਐਲਾਨ ਕਰਨ ਦੀ ਜ਼ੁਰਅਤ ਪਈ ਅਤੇ ਉਹ ਸਭ ਤੋਂ ਗਰਮ ਲੀਡਰ ਕਹਾਉਣ ਲੱਗ ਪਏ ਹਨ ਤੇ ਅਸੀਂ ਕਿਸੇ ਵੀ ਨੌਜਵਾਨ ਨੂੰ ਤਾਕਤ ਵਿਚ ਵਿਸ਼ਵਾਸ ਰੱਖਦਿਆਂ ਦੇਖਦੇ ਸਾਰ ਹੀ ਪਰੇ ਪਰੇ ਦੁਰਕਾਰਨਾ ਸ਼ੁਰੂ ਕਰ ਦੇਂਦੇ ਹਾਂ ਅਤੇ ਉਨ੍ਹਾਂ ਵਿਚਾਰੇ ਦੇਸ਼ਭਗਤਾਂ 'ਤੇ ਕਹਿਰ ਵਰਤਦੇ ਹਨ ਅਤੇ ਅਸੀਂ ਕੋਈ ਪਰਵਾਹ ਨਹੀਂ ਕਰਦੇ। 1914-15 ਦੇ ਮੁਕੱਦਮਿਆਂ ਵਿਚ ਜੋ ਹਨੇਰ-ਗਰਦੀ ਮੱਚੀ, ਕੀ ਉਹ ਸਾਡੀ ਆਪਣੀ ਹੀ ਲਾ-ਪਰਵਾਹੀ ਦਾ ਨਤੀਜਾ ਨਹੀਂ ਸੀ ? ਉਦੋਂ ਸੰਘ-ਪਾੜ ਕਾਂ ਕਾਂ ਕਰਨਾ, ਇਹ ਬੜੇ ਖ਼ਤਰਨਾਕ ਹਨ, ਖ਼ੂੰਖਾਰ ਹਨ ਤੇ ਜਦੋਂ ਬੇਚਾਰਿਆਂ ਫਾਹੇ ਲੱਗ ਜਾਣਾ, ਉਦੋਂ ਅੰਦਰੀਂ ਵੜ ਵੜ ਗੱਲਾਂ ਕਰਨੀਆਂ। "ਉਹ ਸੱਚੇ ਦੇਸ਼ ਭਗਤ ਸਨ।" 1908 ਤੋਂ ਲੋਕੀਂ ਫਾਹੇ ਲਗਦੇ ਰਹੇ। ਸਾਰੇ ਅਕਲ-ਮੰਦ ਉਨ੍ਹਾਂ ਨੂੰ ਗਾਲਾਂ ਕੱਢਦੇ ਰਹੇ। 1925 ਵਿਚ ਬਿਪਿਨ ਚੰਦਰ ਪਾਲ ਹੋਰਾਂ ਇਕ ਲੇਖ ਲਿਖਿਆ ਕਿ (It were political assásins who paved their way to Minto Morley Scheme.) ਰਾਜਸੀ ਕਤਲਾਂ ਦੀ ਮੇਹਰਬਾਨੀ ਨਾਲ ਹੀ ਮਿੰਟੋ ਮਾਰਲੇ ਸਕੀਮ ਮਿਲੀ ਸੀ ਅਤੇ ਅੱਜ ਕਾਕੋਰੀ ਵਾਲਿਆ ਸ਼ਹੀਦਾਂ ਦੇ ਘਰ ਵਾਲਿਆਂ ਨਾਲ ਵੀ ਹਮਦਰਦੀ ਜ਼ਾਹਿਰ ਕਰਨ ਪਰ ਬਿਗੜ ਖਲਾਉਣ ਵਾਲਾ "Modern Review" ਵੀ ਬਿਪਿਨ ਚੰਦਰ ਪਾਲ ਦੀ ਉਪਰ ਲਿਖੀ ਗੱਲ ਦੀ ਤਾਈਦ ਕਰਦਾ ਹੋਇਆ ਇਕ ਵੱਡੇ ਮਾਡਰੇਟ ਐਸ.ਆਰ. ਦਾਸ ਦੇ ਇਕ ਖ਼ਤ ਵਿਚੋਂ ਲਿਖਦਾ ਹੈ—ਕਿ ਇੰਗਲਿਸਤਾਨ ਨੂੰ ਜਗਾਉਣ ਲਈ ਤੇ ਇਹ ਦੱਸਣ ਲਈ ਕਿ ਹਿੰਦੋਸਤਾਨ ਦੀ ਚੰਗੀ ਹਾਲਤ ਨਹੀਂ, ਇਕ ਬੰਬ ਦੀ ਲੋੜ ਸੀ :

"A Bomb was necessary to awaken England from her sweat dream that all was well with India."

ਆਖਰ ਉਹਨਾਂ ਗਰੀਬਾਂ ਵੱਲ ਜਿਹੜੇ ਕਿ ਸ਼ਾਂਤੀ ਵਿਚ ਯਕੀਨ ਨਹੀ ਰੱਖਦੇ, ਪਰ ਆਜ਼ਾਦੀ ਲਈ ਕੁਰਬਾਨੀਆਂ ਸਾਡੇ ਨਾਲੋਂ ਵਧੀਕ ਕਰ ਸਕਦੇ ਹਨ ; ਜੇ ਵੇਲੇ ਸਿਰ ਧਿਆਨ ਦਿੱਤਾ ਜਾਇਆ ਕਰੇ ਤਾਂ ਕਮ ਸੇ ਕਮ ਉਹਨਾਂ ਨਾਲ ਹਨੇਰਗਰਦੀ ਅਤੇ ਜ਼ੁਲਮ ਤੇ ਨਾ ਹੋਇਆ ਕਰੇ ਅਤੇ ਉਹਨਾਂ ਦੀ ਮੁਸੀਬਤ ਵਿਚ ਕੁਝ ਕੁ ਤਾਂ ਕਮੀ ਹੋ ਜਾਇਆ ਕਰੇ।

ਇਕ ਹੋਰ ਵੀ ਗੱਲ ਹੈ ਕਿ ਮਾਡਰੇਟਾਂ ਨੂੰ ਮੈਂਬਰ ਬਣਾਉਣ ਦੀ ਖਾਤਿਰ ਖੱਦਰ ਦੀ ਸ਼ਰਤ ਉਡਾਉਣ 'ਤੇ ਜ਼ੋਰ ਦੇਣ ਵਾਲੇ ਸੱਜਣ ਇਹ ਤਾਂ ਦੱਸਣ ਕਿ ਕੀ ਮਾਡਰੇਟਾਂ ਨਾਲੋਂ ਵਧੀਕ ਕੁਰਬਾਨੀਆਂ ਕਰਨ ਵਾਲੇ ਨੌਜਵਾਨਾਂ ਵਾਸਤੇ ਕਾਂਗਰਸ ਦਾ ਬੂਹਾ ਖੋਲ੍ਹਣਾ ਪਾਪ ਹੈ ? ਉਹਨਾ ਨੂੰ ਅਗਾਹਾਂ ਨਹੀਂ ਆਉਣ ਦੇਣਾ ? ਇਹ ਤਾਂ ਅਸੀਂ ਜਾਣਦੇ ਹਾਂ ਕਿ ਆਜ਼ਾਦੀ ਦੀ ਜੰਗ ਵਿਚ ਇਸਤੇਮਾਲ ਕਰਨ ਵਾਸਤੇ ਸਾਡੇ ਪਾਸ ਕੇਵਲ ਇਕੋ ਹੀ ਹਥਿਆਰ ਹੈ। 'ਸਿਰਫ ਨਾਫਰਮਾਨੀ' ਅਤੇ ਉਹੋ ਜਿਹੀ ਤਹਿਰੀਕ ਜ਼ਿਆਦਾ ਸ਼ਾਂਤਮਈ ਹੀ ਹੋਵੇਗੀ ਪਰ 'ਮੁਮਕਿਨ' ਲਫ਼ਜ਼ ਦੇ ਆ ਜਾਣ ਨਾਲ ਤੇ ਕਿਸੇ ਨੂੰ ਕੋਈ ਵੀ ਸ਼ਿਕਾਇਤ ਨਹੀਂ ਰਹਿਣੀ ਚਾਹੀਦੀ।



Sri Satguru Jagjit Singh Ji Elibrary NamdhariElibrary@gmail.com

ਤੇ ਜੇ ਲਫ਼ਜ਼ ਕਹਿਣ ਤੋਂ ਡਰਦੇ ਹੋ ਕਿ ਸਰਕਾਰ ਗੱਲ ਆ ਨੱਪੇਗੀ ਤਾਂ ਸੁਣ ਲਉ।

"Freedom has to be won inch by inch and whether peaceful or other methods are employed, the Government of the day will not spare any pains to crush the movements of Independence."

ਯਾਨੀ ਸਰਕਾਰ ਨੇ ਤਾਂ ਹਰ ਸ਼ਾਂਤਮਈ ਕੀ ਤੇ ਅਸ਼ਾਂਤਮਈ ਕੀ, ਸਭਨਾਂ ਤਹਿਰੀਕਾਂ ਨੂੰ ਦਬੋਣ ਦੀ ਕੋਸ਼ਿਸ਼ ਕਰਨੀ ਹੈ ਅਤੇ ਇਸ ਕਰਕੇ ਸਾਨੂੰ ਉਸ ਪ੍ਰਸਤਾਵ ਕੋਲੋਂ ਡਰਨਾ ਨਹੀਂ ਚਾਹੀਦਾ ਕਿ ਜਿਸ ਨੇ ਸਾਡੇ ਕੌਮ ਦੇ ਦਾਇਰੇ ਨੂੰ ਜ਼ਿਆਦਾ ਖੁੱਲ੍ਹਾ ਕਰ ਦਿੱਤਾ ਅਤੇ ਸਾਡੀ ਤੰਗ ਨਜ਼ਰ ਨੂੰ ਖੁੱਲ੍ਹ ਦਿੱਤੀ ਹੈ। ਉਸ ਦਾ ਤੇ ਸਗੋਂ ਸਵਾਗਤ ਕਰਨਾ ਚਾਹੀਦਾ ਹੈ।

* * *

## 34. ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਜੰਗ

*—ਮਈ 1928*

[ਮਈ 1928 ਦੇ 'ਕਿਰਤੀ' ਵਿਚ ਇਹ ਲੇਖ ਛਪਿਆ। ਅੰਮ੍ਰਿਤਸਰ ਅਪ੍ਰੈਲ ਵਿਚ ਰਾਜਨੀਤਿਕ ਕਾਨਫਰੰਸ ਅਤੇ ਨੌਜਵਾਨ ਸਭਾ ਦੀ ਕਾਨਫਰੰਸ ਹੋਈ। ਇਸ ਲੇਖ ਵਿਚ ਮਜ਼ਹਬ ਦੇ ਮਸਲੇ ਤੇ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਨੇ ਵਿਚਾਰ ਪ੍ਰਗਟਾਏ ਹਨ।

ਆਜ਼ਾਦ ਭਾਰਤ ਦੇ ਸੰਕਲਪ ਦਾ ਮੁੱਢ ਵੀ ਕੁਝ ਨਿਖਰਨਾ ਸ਼ੁਰੂ ਹੋ ਗਿਆ ਸੀ। ਲੋਕ ਏਕਤਾ ਦੇ ਬਣਾਏ ਜਾਣ ਬਾਰੇ ਕੁਝ ਠੋਸ ਸੁਝਾਅ ਦਿੱਤੇ ਗਏ ਹਨ।

ਅਪ੍ਰੈਲ, 1928 ਵਿਚ ਨੌਜਵਾਨ ਭਾਰਤ ਸਭਾ ਦੇ ਮਨੋਰਥ ਪੱਤਰ ਵਿਚ ਜੋ ਕਿ ਭਗਤ ਸਿੰਘ ਤੇ ਭਗਵਤੀ ਚਰਨ ਵੋਹਰਾ ਦਾ ਲਿਖਿਆ ਸੀ, ਫਿਰਕਾਪ੍ਰਸਤੀ ਬਾਰੇ ਕੁਝ ਬਹੁਤ ਹੀ ਠੋਸ ਵਿਚਾਰ ਰੱਖੇ ਗਏ ਹਨ। ਇਹ ਮਨੋਰਥ ਪੱਤਰ ਅੱਗੇ ਜਾ ਕੇ ਪੜ੍ਹੋਗੇ —ਸੰਪਾਦਕ]

ਅੰਮ੍ਰਿਤਸਰ ਵਿਚ 11-12-13 ਅਪ੍ਰੈਲ ਨੂੰ ਪੰਜਾਬ ਪੁਲੀਟੀਕਲ ਕਾਨਫਰੰਸ ਹੋਈ ਅਤੇ ਨਾਲ ਹੀ ਨੌਜਵਾਨਾਂ ਦੀ ਕਾਨਫਰੰਸ ਹੋਈ। ਦੋ ਤਿੰਨ ਸਵਾਲਾਂ 'ਤੇ ਬੜਾ ਝਗੜਾ ਤੇ ਬਹਿਸ ਹੋਈ। ਉਨ੍ਹਾਂ ਵਿਚੋਂ ਇਕ ਸਵਾਲ ਮਜ਼ਹਬ ਦਾ ਵੀ ਸੀ। ਉਂਝ ਤਾਂ ਮਜ਼ਹਬ ਦਾ ਕੋਈ ਸਵਾਲ ਨਾ ਉੱਠਦਾ, ਪਰ ਫਿਰਕੇਵਾਰਾਨਾ ਜਥੇਬੰਦੀਆਂ ਦੇ ਵਿਰੁੱਧ ਪ੍ਰਸਤਾਵ ਪੇਸ਼ ਹੋਇਆ ਤੇ ਮਜ਼ਹਬ ਦੇ ਬਹਾਨੇ ਉਨ੍ਹਾਂ ਜਥੇਬੰਦੀਆਂ ਦਾ ਪੱਖ ਲੈਣ ਵਾਲਿਆਂ ਨੇ ਆਪਣਾ ਆਪ ਬਚਾਉਣਾ ਚਾਹਿਆ। ਉਂਝ ਤਾਂ ਇਹ ਸਵਾਲ ਹੋਰ ਕੁਝ ਚਿਰ ਦਬਿਆ ਰਹਿੰਦਾ, ਪਰ ਇਸ ਤਰ੍ਹਾਂ ਸਾਹਮਣੇ ਆ ਜਾਣ ਪਰ ਖੁਲ੍ਹਮ-ਖੁਲ੍ਹਾ ਗੱਲਾਂ ਹੋ ਗਈਆਂ ਅਤੇ ਮਜ਼ਹਬ ਦੀ ਸਮੱਸਿਆ ਦੇ ਹੱਲ ਦਾ ਵਿਚਾਰ ਵੀ ਉਠਿਆ। ਪ੍ਰਾਵਿੰਸ਼ੀਅਲ ਕਾਨਫਰੰਸ ਦੀ ਸਬਜੈਕਟ ਕਮੇਟੀ ਵਿਚ ਵੀ ਮੌਲਾਨਾ ਜ਼ਫਰ ਅਲੀ ਸਾਹਿਬ ਦੇ ਪੰਜ ਸਤ ਕੁ ਵੇਰਾਂ ਖੁਦਾ-ਖੁਦਾ ਕਰਨ ਪਰ ਪੰਡਿਤ ਜਵਾਹਰ ਲਾਲ ਪ੍ਰਧਾਨ ਹੋਰਾਂ ਕਿਹਾ ਕਿ ਇਸ ਸਟੇਜ 'ਤੇ ਆ ਕੇ ਖੁਦਾ-ਖੁਦਾ ਨਾ ਕਰੋ। ਤੁਸੀਂ ਮਜ਼ਹਬ (Religion) ਦੇ ਮਿਸ਼ਨਰੀ ਹੋ ਤਾਂ ਮੈਂ ਲਾਮਜ਼ਹਬੀਅਤ (Irreligion) ਦਾ ਪ੍ਰਚਾਰਕ ਹਾਂ। ਬਾਅਦ ਵਿਚ ਲਾਹੌਰ ਵੀ, ਨੌਜਵਾਨ ਭਾਰਤ ਸਭਾ ਲਾਹੌਰ ਨੇ ਇਕ ਜਲਸਾ ਇਸੇ ਮਜ਼ਮੂਨ ਉੱਤੇ ਕੀਤਾ। ਕਈ ਲੈਕਚਰਾਰ ਬੋਲੇ ਤੇ ਮਜ਼ਹਬ ਦੇ ਨਾਮ ਦਾ ਨਾਜਾਇਜ਼ ਲਾਭ ਉਠਾਉਣ ਵਾਲੇ ਤੇ ਇਸ ਸਵਾਲ ਦੇ ਉਠਣ ਤੇ ਝਗੜੇ ਹੋ ਜਾਣ ਤੋਂ ਡਰਨ ਵਾਲੇ ਸੱਜਣਾਂ ਨੇ ਕਈ ਤਰ੍ਹਾਂ ਦੀਆਂ ਨੇਕ ਸਲਾਹਵਾਂ ਦਿੱਤੀਆਂ।

ਸਭ ਤੋਂ ਜ਼ਿਆਦਾ ਜੋਰ ਜੋ ਵਾਰ-ਵਾਰ ਕਹੀ ਜਾਂਦੀ ਹੈ ਅਤੇ ਜਿਸ ਤੇ ਸ੍ਰੀ ਮਾਨ ਭਾਈ ਅਮਰ ਸਿੰਘ ਜੀ ਝਬਾਲ ਨੇ ਖਾਸ ਜ਼ੋਰ ਦਿੱਤਾ, ਉਹ ਇਹ ਸੀ ਕਿ ਮਜ਼ਹਬ ਦੇ ਸਵਾਲ ਨੂੰ ਛੇੜਿਆ ਹੀ ਨਾ ਜਾਵੇ। ਬੜੀ ਨੇਕ ਸਲਾਹ ਹੈ। ਜੇ ਕਿਸੇ ਦਾ ਮਜ਼ਹਬ ਬਾਹਰ ਲੋਕਾਂ ਦੇ ਸੁਖ ਅਮਨ ਵਿਚ



Sri Satguru Jagjit Singh Ji Elibrary NamdhariElibrary@gmail.com

ਕੋਈ ਰੁਕਾਵਟ ਨਾ ਪਾਉਂਦਾ ਹੋਵੇ ਤਾਂ ਕਿਸੇ ਨੂੰ ਵੀ ਉਸ ਦੇ ਵਿਰੁੱਧ ਆਵਾਜ਼ ਉਠਾਉਣ ਦੀ ਕੀ ਲੋੜ ਹੋ ਸਕਦੀ ਹੈ? ਪਰ ਸਵਾਲ ਤਾਂ ਇਹ ਹੈ ਕਿ ਹੁਣ ਤੀਕ ਦਾ ਤਜਰਬਾ ਕੀ ਦਸਦਾ ਹੈ। ਪਿਛਲੀ ਤਹਿਰੀਕ ਵਿਚ ਵੀ ਮਜ਼ਹਬ ਦਾ ਇਹੀ ਸਵਾਲ ਪੈਦਾ ਹੋਇਆ ਤੇ ਹਰ ਇਕ ਨੂੰ ਪੂਰਨ ਆਜ਼ਾਦੀ ਦੇ ਦਿੱਤੀ ਗਈ, ਇਥੋਂ ਤੀਕ ਕਿ ਕਾਂਗਰਸ ਸਟੇਜ ਪੁਰ ਵੀ ਆਇਤਾਂ ਤੇ ਮੰਤਰ ਪੜ੍ਹੇ ਜਾਣ ਲੱਗ ਪਏ। ਉਨ੍ਹਾਂ ਦਿਨਾਂ ਵਿਚ ਕੋਈ ਵੀ ਮਜ਼ਹਬ ਵਿਚ ਪਿੱਛੇ ਰਹਿਣ ਵਾਲਾ ਆਦਮੀ ਚੰਗਾ ਨਹੀਂ ਸੀ ਸਮਝਿਆ ਜਾਂਦਾ। ਸਗੋਂ ਤਅੱਸੁਬ ਵਧਣ ਲੱਗ ਪਿਆ।

ਜੋ ਭੈੜਾ ਨਤੀਜਾ ਹੋਇਆ, ਉਹ ਕਿਸ ਤੋਂ ਲੁਕਿਆ ਹੋਇਆ ਹੈ? ਹੁਣ ਕੌਮ ਪ੍ਰਸਤ ਜਾਂ ਆਜ਼ਾਦੀ-ਪਸੰਦ ਲੋਕੀਂ ਮਜ਼ਹਬ ਦੀ ਅਸਲੀਅਤ ਸਮਝ ਗਏ ਹਨ ਅਤੇ ਓਹੋ ਉਸ ਨੂੰ ਆਪਣੇ ਰਸਤੇ ਦਾ ਰੋੜਾ ਸਮਝਦੇ ਹਨ।

ਗੱਲ ਇਹ ਹੈ ਕਿ ਕੀ ਮਜ਼ਹਬ ਘਰ ਵਿਚ ਰਖਦਿਆਂ ਹੋਇਆਂ ਲੋਕਾਂ ਦੇ ਦਿਲਾਂ ਵਿਚ ਭੇਦ ਭਾਵ ਤੇ ਨਹੀਂ ਪੈਂਦਾ? ਕੀ ਉਸ ਦਾ ਦੇਸ਼ ਦੀ ਪੂਰਨ ਆਜ਼ਾਦੀ ਤੀਕ ਪੁੱਜਣ ਵਿਚ ਕੋਈ ਅਸਰ ਤੇ ਨਹੀਂ ਪੈਂਦਾ? ਇਸ ਸਮੇਂ ਪੂਰਨ ਆਜ਼ਾਦੀ ਦੇ ਉਪਾਸ਼ਕ ਸੱਜਣ ਮਜ਼ਹਬ ਨੂੰ (Mental Slavery) ਯਾਂ ਦਿਮਾਗੀ ਗੁਲਾਮੀ ਦਾ ਨਾਮ ਦੇਂਦੇ ਹਨ, ਉਹ ਤੇ ਇਹ ਕਹਿੰਦੇ ਹਨ ਕਿ ਬੱਚੇ ਨੂੰ ਇਹ ਦੱਸਣਾ ਕਿ ਰੱਬ ਹੀ ਸਰਬ ਸ਼ਕਤੀਮਾਨ ਹੈ ਤੇ ਬੰਦਾ ਕੁਝ ਵੀ ਨਹੀਂ ਮਿੱਟੀ ਦਾ ਪੁਤਲਾ ਹੈ, ਬੱਚੇ ਨੂੰ ਸਦਾ ਵਾਸਤੇ ਕਮਜ਼ੋਰ ਬਨਾਉਣਾ ਹੈ। ਉਸਦੇ ਦਿਲ ਦੀ ਤਾਕਤ ਅਤੇ ਉਸ ਦੇ ਆਤਮਵਿਸ਼ਵਾਸ ਦਾ ਭਾਵ ਹੀ ਨਾਸ ਕਰ ਦੇਣਾ ਹੈ: ਪਰ ਏਸ ਗੱਲ ਉਤੇ ਬਹਿਸ ਨਾ ਵੀ ਕਰੀਏ ਤੇ ਸਿੱਧੇ ਆਪਣੇ ਪ੍ਰਤੱਖ ਦੋ ਸਵਾਲਾਂ ਉਤੇ ਹੀ ਵਿਚਾਰ ਕਰੀਏ ਤਾਂ ਵੀ ਸਾਨੂੰ ਨਜ਼ਰ ਆਉਂਦਾ ਹੈ ਕਿ ਮਜ਼ਹਬ ਸਾਡੇ ਰਸਤੇ ਵਿਚ ਇਕ ਬੜਾ ਭਾਰੀ ਰੋੜਾ ਹੈ, ਮਸਲਨ ਅਸੀਂ ਚਾਹੁੰਦੇ ਹਾਂ ਕਿ ਸਭੇ ਲੋਕੀਂ ਇਕੋ ਜਿਹੇ ਹਨ। ਇਹਨਾਂ ਵਿਚ ਸਰਮਾਏਦਾਰਾਂ ਦੇ ਉਚ ਨੀਚ ਦੀ ਛੂਤ ਅਛੂਤ ਦੀ ਕੋਈ ਵੰਡ ਨਾ ਰਹੇ ਪਰ ਸਨਾਤਨ ਧਰਮ ਤੇ ਇਸ ਭਿੰਨ ਭੇਦ ਦੇ ਹੱਕ ਵਿਚ ਹੈ। ਵੀਹਵੀਂ ਸਦੀ ਵਿਚ ਵੀ ਪੰਡਤ ਮੌਲਵੀ ਜੀ ਵਰਗੇ ਭੰਗੀ ਦੇ ਮੁੰਡੇ ਕੋਲੋਂ ਹਾਰ ਪੁਆ ਕੇ ਕਪੜਿਆਂ ਸਮੇਤ ਅਸ਼ਨਾਨ ਕਰਦੇ ਹਨ ਅਤੇ ਅਛੂਤਾਂ ਨੂੰ ਜਨੇਊ ਤੀਕ ਦੇਣ ਤੋਂ ਇਨਕਾਰੀ ਹਨ। ਜੇ ਇਸ ਮਜ਼ਹਬ ਦੇ ਵਿਰੁਧ ਕੁਝ ਨਾ ਕਹਿਣ ਦੀ ਸਹੁੰ ਖਾ ਲਈਏ ਤਾਂ ਚੁਪ ਕਰਕੇ ਘਰ ਬੈਠ ਜਾਣਾ ਚਾਹੀਦਾ ਹੈ। ਨਹੀਂ ਤਾਂ ਮਜ਼ਹਬ ਦੀ ਮੁਖਾਲਫਿਤ ਹੋਵੇਗੀ। ਲੋਕੀਂ ਇਹ ਵੀ ਕਹਿੰਦੇ ਹਨ ਕਿ ਇਨ੍ਹਾਂ ਬੁਰਾਈਆਂ ਦਾ ਸੁਧਾਰ ਕੀਤਾ ਜਾਵੇ। ਬਹੁਤ ਖੂਬ ! ਛੂਤ ਅਛੂਤ ਨੂੰ ਜੋ ਸਵਾਮੀ ਦਯਾਨੰਦ ਹੋਰਾਂ ਮਿਟਾਇਆ ਤੇ ਚਾਰ ਵਰਨਾਂ ਤੋਂ ਅੱਗੇ ਉਹ ਵੀ ਨਾ ਵਧ ਸਕੇ। ਭਿੰਨ ਭੇਦ ਤਾਂ ਫਿਰ ਵੀ ਰਹਿ ਗਿਆ। ਗੁਰਦੁਆਰੇ ਵਿਚ ਜਾ ਕੇ ਜੋ ਸਿੱਖ 'ਰਾਜ ਕਰੇਗਾ ਖਾਲਸਾ' ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆ ਗੱਲਾ ਕਰਨ ਤੇ ਕੀ ਮਤਲਬ ਹੋਵੇਗਾ?

ਮਜ਼ਹਬ ਤੇ ਕਹਿੰਦਾ ਹੈ ਕਿ ਇਸਲਾਮ ਤੇ ਯਕੀਨ ਨਾ ਲਿਆਉਣ ਵਾਲੇ ਕਾਫਰ ਤਲਵਾਰ ਦੇ ਘਾਟ ਉਤਾਰ ਦੇਣੇ ਚਾਹੀਦੇ ਹਨ ਤੇ ਇੱਧਰ ਜੇ ਇਤਫਾਕ ਦੀ ਕੂਕ ਪੁਕਾਰ ਮਚਾਈ ਜਾਵੇ ਤੇ ਨਤੀਜਾ ਕੀ ਹੋਵੇਗਾ? ਅਸੀਂ ਜਾਣਦੇ ਹਾਂ ਕਿ ਹੁਣੇ ਕਈ ਹੋਰ ਆਇਤਾਂ ਤੇ ਮੰਤਰ ਬੜੇ ਉੱਚੇ ਭਾਵ ਦੇ ਪੜ੍ਹ ਕੇ ਖਿੱਚ ਧੂਹ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਪਰ ਸਵਾਲ ਤਾਂ ਇਹ ਹੈ ਕਿ ਇਸ ਸਾਰੇ ਝਗੜੇ ਤੋਂ ਛੁਟਕਾਰਾ ਹੀ ਕਿਉਂ ਨਾ ਪਾਇਆ ਜਾਵੇ। ਮਜ਼ਹਬ ਦਾ ਪਹਾੜ ਤਾਂ ਸਾਨੂੰ ਸਾਹਮਣੇ ਖਲੋਤਾ ਨਜ਼ਰ ਆਉਂਦਾ ਹੈ। ਫ਼ਰਜ਼ ਕੀਤਾ ਜਾਵੇ ਕਿ ਭਾਰਤ ਵਿਚ ਆਜ਼ਾਦੀ ਦੀ ਜੰਗ ਛਿੜ ਪਵੇ। ਫ਼ੌਜਾਂ ਆਹਮਣੇ ਸਾਹਮਣੇ ਬੰਦੂਕਾ ਲਈ ਖਲੋਤੀਆਂ ਹੋਣ, ਗੋਲੀ ਚੱਲਣ ਹੀ ਵਾਲੀ ਹੋਵੇ ਤੇ ਜੇ ਉਸ ਵੇਲੇ ਮੁਹੰਮਦ ਗੌਰੀ ਵਾਂਗੂ—ਜੈਸਾ ਕਿ ਕਹਾਵਤ ਦੱਸੀ ਜਾਂਦੀ ਹੈ—ਅੱਜ ਵੀ ਸਾਡੇ ਸਾਹਮਣੇ ਗਾਈਆਂ, ਸੂਰ, ਗ੍ਰੰਥ ਸਾਹਿਬ, ਵੇਦ ਕੁਰਾਨ ਆਦਿ ਚੀਜ਼ਾਂ ਖੜ੍ਹੀਆਂ ਕਰ



Sri Satguru Jagjit Singh Ji Elibrary NamdhariElibrary@gmail.com

ਦਿਤੀਆਂ ਜਾਣ ਤੇ ਅਸੀਂ ਕੀ ਕਰਾਂਗੇ? ਜੇ ਤਾਂ ਪੱਕੇ ਮਜ਼ਹਬੀ ਹੋਵਾਂਗੇ, ਤਦ ਤੇ ਆਪਣੇ ਬਿਸਤਰਾ ਬੋਰੀਆ ਲਪੇਟ ਘਰ ਬੈਠ ਜਾਵਾਂਗੇ। ਮਜ਼ਹਬ ਦੇ ਹੁੰਦਿਆਂ ਸੁੰਦਿਆਂ ਤੇ ਹਿੰਦੂ ਜਾਂ ਸਿੱਖ ਗਾਂ, ਤੇ ਮੁਸਲਾਨ੍ਹ ਸੁਅਰ ਉਤੇ ਗੋਲੀ ਨਹੀਂ ਚਲਾ ਸਕਦੇ। ਮਜ਼ਹਬ ਦੇ ਬੜੇ ਪੱਕੇ ਬੰਦੇ ਤਾਂ ਉਸ ਵੇਲੇ ਸੋਮਨਾਥ ਦੇ ਕਈ ਹਜ਼ਾਰ ਪਾਂਡਿਆਂ ਵਾਂਗੂੰ ਠਾਕਰਾਂ ਅੱਗੇ ਲਿਟਦੇ ਰਹਿਣਗੇ। ਦੂਜੇ ਲੋਕੀਂ ਮਜ਼ਹਬਹੀਣ ਜਾਂ ਲਾਮਜ਼ਹਬ ਕੌਮ ਕਰ ਜਾਣਗੇ ਤੇ ਫਿਰ ਅਸੀਂ ਕਿਸ ਨਤੀਜੇ ਤੇ ਪੁੱਜਦੇ ਹਾਂ? ਮਜ਼ਹਬ ਦੇ ਵਿਰੁੱਧ ਹੀ ਸੋਚਣਾ ਪੈਂਦਾ ਹੈ। ਪਰ ਜੇ ਮਜ਼ਹਬ ਦੇ ਪੱਖ ਵਾਲਿਆਂ ਦੀਆਂ ਦਲੀਲਾਂ ਭੀ ਸੋਚੀਆਂ ਜਾਣ, ਤਦ ਵੀ ਉਹ ਇਹ ਕੀ ਕਹਿੰਦੇ ਹਨ ਕਿ ਦੁਨੀਆ ਵਿਚ ਹਨੇਰ ਪੈ ਜਾਵੇਗਾ। ਪਾਪ ਵਧ ਜਾਵੇਗਾ। ਬਹੁਤ ਅੱਛਾ, ਇਸੇ ਗੱਲ ਨੂੰ ਲੈ ਲਈਏ।

ਰੂਸੀ ਮਹਾਤਮਾ 'ਟਾਲਸਟਾਇ' ਨੇ ਆਪਣੀ ਪੁਸਤਕ (Essay & Letters) ਵਿਚ ਮਜ਼ਹਬ 'ਤੇ ਬਹਿਸ ਕਰਦਿਆਂ ਹੋਇਆਂ ਉਸ ਦੇ ਤਿੰਨ ਹਿੱਸੇ ਕੀਤੇ ਹਨ।

1. Essentials of Religion ਯਾਨੀ ਮਜ਼ਹਬ ਦੀਆਂ ਜ਼ਰੂਰੀ ਗੱਲਾਂ ਕਿ ਸੱਚ ਬੋਲੋ ; ਚੋਰੀ ਨਾ ਕਰੋ, ਗ਼ਰੀਬਾਂ ਦੀ ਸਹਾਇਤਾ ਕਰੋ, ਪਿਆਰ ਨਾਲ ਰਹੋ ਵਗੈਰਾ।

2. Philosophy of Religion ਯਾਨੀ ਜਨਮ, ਮਰਨ, ਪੁਨਰ ਜਨਮ, ਸੰਸਾਰ ਦੀ ਬਨਾਵਟੀ ਆਦਿ ਦੀ ਫਿਲੋਸਫੀ। ਇਸ ਵਿਚ ਆਦਮੀ ਆਪਣੀ ਮਰਜ਼ੀ ਅਨੁਸਾਰ ਸੋਚਦਾ ਤੇ ਸਮਝਣ ਦਾ ਯਤਨ ਕਰਦਾ ਹੈ।

C. Rituals of Religion ਯਾਨੀ ਰਸਮੋ ਰਿਵਾਜ ਵਗੈਰਾ। ਮਤਲਬ ਇਹ ਹੈ ਕਿ ਪਹਿਲੇ ਹਿੱਸੇ ਵਿਚ ਤੇ ਸਾਰੇ ਮਜ਼ਹਬ ਇਕੱਠੇ ਹਨ। ਸਭ ਕਹਿੰਦੇ ਹਨ ਸੱਚ ਬੋਲੋ, ਝੂਠ ਨਾ ਬੋਲੋ, ਪਿਆਰ ਨਾਲ ਰਹੋ। ਇਨ੍ਹਾਂ ਗੱਲਾਂ ਨੂੰ ਕੁਝ ਸੱਜਣਾਂ ਨੇ (Indivisual Religion) ਕਿਹਾ ਹੈ। ਇਸ ਵਿਚ ਤੇ ਝਗੜੇ ਦਾ ਖ਼ਿਆਲ ਹੀ ਨਹੀਂ ਉਠਦਾ, ਬਲਕਿ ਇਹ ਨੇਕ ਵਿਚਾਰ ਹਰੇਕ ਆਦਮੀ ਵਿਚ ਹੋਣੇ ਚਾਹੀਦੇ ਹਨ। ਦੂਜੇ ਫਿਲੋਸਫੀ ਦਾ ਸੁਆਲ ਹੈ। ਅਸਲ ਵਿਚ 'ਤੇ ਕਹਿਣਾ ਪੈਂਦਾ ਹੈ ਕਿ Philosophy is the out come of Human weakness ਯਾਨੀ ਫਿਲੋਸਫੀ ਆਦਮੀ ਦੀ ਕਮਜ਼ੋਰੀ ਦਾ ਨਤੀਜਾ ਹੈ। ਜਿਥੇ ਵੀ ਆਦਮੀ ਦੇਖ ਸਕਦੇ ਹਨ ਉਥੇ ਤੀਕ ਕੋਈ ਝਗੜਾ ਨਹੀਂ। ਜਿਥੇ ਕੁਝ ਨਜ਼ਰ ਨਾ ਆਇਆ, ਉਥੇ ਦਿਮਾਗ਼ ਲੜਾਉਣਾ ਸ਼ੁਰੂ ਕਰ ਦਿੱਤਾ ਤੇ ਖ਼ਾਸ ਖ਼ਾਸ ਨਤੀਜੇ ਕੱਢ ਲਏ। ਵੈਸੇ ਤੇ ਫਿਲੋਸਫੀ ਬੜੀ ਜ਼ਰੂਰੀ ਚੀਜ਼ ਹੈ ਕਿਉਂਕਿ ਇਸ ਤੋਂ ਬਿਨਾਂ ਉੱਨਤੀ ਨਹੀਂ ਹੋ ਸਕਦੀ। ਪਰ ਇਸ ਦੇ ਨਾਲ-ਨਾਲ ਸ਼ਾਂਤੀ ਹੋਣੀ ਬੜੀ ਜ਼ਰੂਰੀ ਹੈ। ਸਾਡੇ ਬਜ਼ੁਰਗ ਕਹਿ ਗਏ ਕਿ ਮਰਨ ਦੇ ਬਾਅਦ ਵੀ ਪੁਨਰਜਨਮ ਹੁੰਦਾ ਹੈ, ਇਸਾਈ ਤੇ ਮੁਸਲਮਾਨ ਇਸ ਗੱਲ ਨੂੰ ਨਹੀਂ ਮੰਨਦੇ। ਬਹੁਤ ਅੱਛਾ, ਆਪਣਾ-ਆਪਣਾ ਵਿਚਾਰ ਹੈ। ਆਉ ਮੁਹੱਬਤ ਨਾਲ ਬੈਠ ਕੇ ਬਹਿਸ ਕਰੀਏ। ਇਕ ਦੂਜੇ ਦੇ ਖ਼ਿਆਲਾਤ ਸੁਣੀਏ। ਪਰ 'ਮਸਲਾ ਤਨਾਸੁਕ' 'ਤੇ ਬਹਿਸ ਹੁੰਦੀ ਹੈ ਤੇ ਆਰੀਆ ਸਮਾਜੀਆਂ ਅਤੇ ਮੁਸਲਮਾਨਾਂ ਦੀ ਡਾਂਗ ਚਲ ਜਾਂਦੀ ਹੈ। ਗੱਲ ਕੀ ਹੈ, ਦੋਵੇਂ ਧਿਰਾਂ ਦਿਮਾਗ਼ ਨੂੰ, ਅਕਲ ਨੂੰ, ਸੋਚਣ ਸਮਝਣ ਦੀ ਸ਼ਕਤੀ ਨੂੰ ਤਾਲਾ ਲਾ ਕੇ ਘਰ ਰੱਖ ਜਾਂਦੇ ਹਨ। ਉਹ ਸਮਝਦੇ ਹਨ ਕਿ ਵੇਦ ਭਗਵਾਨ ਵਿਚ ਪਰਮਾਤਮਾ ਨੇ ਇਸੇ ਤਰ੍ਹਾਂ ਲਿਖਿਆ ਹੈ ਤੇ ਸੱਚਾ ਹੈ। ਉਹ ਕਹਿੰਦੇ ਹਨ ਕਿ ਕੁਰਾਨ ਸ਼ਰੀਫ਼ ਵਿਚ ਖੁਦਾ ਨੇ ਇਉਂ ਲਿਖਿਆ ਹੈ ਤੇ ਇਹੋ ਹੀ ਸੱਚ ਹੈ। ਆਪਣੇ ਸੋਚਣ ਦੀ ਸ਼ਕਤੀ Power of Reasoning ਨੂੰ ਛੁੱਟੀ ਦਿੱਤੀ ਹੋਈ ਹੁੰਦੀ ਹੈ, ਸੋ ਜੇ ਫਿਲੋਸਫੀ ਹਰ ਇਕ ਆਦਮੀ ਦੀ ਜਾਤੀ ਰਾਇ ਤੋਂ ਵਧੀਕ ਕੋਈ ਵੁਕਤ ਨਾਂ ਰੱਖਦੀ ਹੋਵੇ ਤੇ ਇਕ ਖਾਸ ਫਿਲੋਸਫੀ ਮੰਨਣ ਕਰਕੇ ਵੱਖਰਾ ਜੱਥਾ ਨਾ ਬਣੇ ਤਾਂ ਇਸ ਵਿਚ ਕਿਸੇ ਨੂੰ ਕੀ ਸ਼ਿਕਾਇਤ ਹੋ ਸਕਦੀ ਹੈ।

ਹੁਣ ਆਉਂਦੀ ਹੈ ਤੀਸਰੀ ਗੱਲ। ਰਸਮੋ-ਰਿਵਾਜ, ਸਰਸਵਤੀ ਪੂਜਾ ਵਾਲੇ ਦਿਨ, ਸਰਸਵਤੀ ਦੀ ਮੂਰਤੀ ਦਾ ਜਲੂਸ ਨਿਕਲਣਾ ਜ਼ਰੂਰੀ ਹੈ ਅਤੇ ਉਸ ਵਿਚ ਅੱਗੇ-ਅੱਗੇ ਵਾਜਾ



Sri Satguru Jagjit Singh Ji Elibrary NamdhariElibrary@gmail.com

ਵੱਜਣਾ ਵੀ ਜ਼ਰੂਰੀ ਹੈ। ਪਰ ਹੈਰੀਮਨ ਰੋਡ ਦੇ ਰਸਤੇ ਵਿਚ ਇਕ ਮਸਜਿਦ ਵੀ ਪੈਂਦੀ ਹੈ। ਇਸਲਾਮ ਮਜ਼ਹਬ ਕਹਿੰਦਾ ਹੈ ਕਿ ਮਸਜਿਦ ਅੱਗੇ ਵਾਜਾ ਨਾ ਵੱਜੇ। ਹੁਣ ਕੀ ਹੋਣਾ ਚਾਹੀਦਾ ਹੈ Civil Rights of a citizen ਸ਼ਹਿਰੀ ਹਕੂਕ ਕਹਿੰਦੇ ਹਨ ਕਿ ਬਾਜ਼ਾਰ ਵਿਚੋਂ ਵਾਜਾ ਵਜਾਉਂਦਿਆਂ ਹੋਇਆਂ ਵੀ ਜਾ ਸਕੀਦਾ ਹੈ, ਪਰ ਮਜ਼ਹਬ ਕਹਿੰਦਾ ਹੈ ਨਹੀਂ। ਇਨ੍ਹਾਂ ਦੇ ਮਜ਼ਹਬ ਵਿਚ ਗਾਂ ਦੀ ਕੁਰਬਾਨੀ ਜ਼ਰੂਰੀ ਹੈ ਤੇ ਦੂਸਰੇ ਦੇ ਵਿਚ ਗਊ ਦੀ ਪੂਜਾ ਲਿਖੀ ਹੋਈ ਹੈ, ਹੁਣ ਕੀ ਹੋਵੇ? ਪਿੱਪਲ ਦੀ ਟਾਹਣੀ ਵੱਢਦਿਆਂ ਹੀ ਮਜ਼ਹਬ ਵਿਚ ਫ਼ਰਕ ਆ ਜਾਂਦਾ ਹੈ ਤੇ ਕੀਤਾ ਕੀ ਜਾਵੇ? ਅਤੇ ਇਹ ਫਿਲੋਸਫੀ ਤੇ ਰਸਮੋ ਰਿਵਾਜ ਵਾਲੇ ਛੋਟੇ ਭੇਦ ਪਿਛੋਂ ਜਾ ਕੇ National Religion ਬਣ ਜਾਂਦੇ ਹਨ ਤੇ ਜੁਦਾ ਜੁਦਾ ਜਥੇਬੰਦੀ ਦਾ ਕਾਰਨ ਹੁੰਦੇ ਹਨ ਨਤੀਜਾ ਸਾਡੇ ਸਾਹਮਣੇ ਹੈ।

ਸੋ ਅਗਰ ਮਜ਼ਹਬ ਪਿਛਲੀ ਤੀਜੀ ਗੱਲ ਅਤੇ ਦੂਜੀ ਗੱਲ ਦੇ ਨਾਲ ਅੰਧ ਵਿਸ਼ਵਾਸ ਮਿਲਾਉਣ ਦਾ ਨਾਮ ਹੈ ਤਾਂ ਮਜ਼ਹਬ ਦੀ ਕੋਈ ਲੋੜ ਨਹੀਂ। ਕੱਲ੍ਹ ਨੂੰ ਨਹੀਂ ਅੱਜ ਹੀ ਉੜਾ ਦੇਣਾ ਚਾਹੀਦਾ ਹੈ। ਜੇ ਪਹਿਲੀ ਗੱਲ 'ਤੇ ਦੂਜੀ ਵਿਚ ਆਜ਼ਾਦ ਖਿਆਲੀ ਮਿਲਾ ਕੇ ਮਜ਼ਹਬ ਹੁੰਦਾ ਹੈ ਤਾਂ ਮੁਬਾਰਕ ਹੋਵੇ ਮਜ਼ਹਬ ਪਰ ਜੁਦੀ-ਜੁਦੀ ਫਿਰਕੇਬੰਦੀ ਅਤੇ ਖਾਣ ਪੀਣ ਦਾ ਭੇਦ ਭਾਵ ਹਰ ਸੂਰਤ ਵਿਚ ਮਿਟਾਉਣਾ ਜ਼ਰੂਰੀ ਹੈ, ਛੂਤ ਅਛੂਤ ਲਫਜ਼ਾਂ ਨੂੰ ਜੜ੍ਹੋਂ ਕੱਢਣਾ ਪਵੇਗਾ।

ਜਿੰਨਾ ਚਿਰ ਅਸੀਂ ਆਪਣੀ ਤੰਗ ਦਿਲੀ ਛੱਡ ਕੇ ਇਕੱਠੇ ਨਾ ਹੋਵਾਂਗੇ ਓਨਾ ਚਿਰ ਸਾਡੇ ਵਿਚ ਹਕੀਕੀ ਇਤਫ਼ਾਕ ਨਹੀਂ ਹੋ ਸਕਦਾ। ਇਸ ਕਰਕੇ ਉਪਰ ਲਿਖੀ ਗੱਲ ਦੇ ਮੁਤਾਬਕ ਚਲਣ ਪਰ ਹੀ ਅਸੀਂ ਆਜ਼ਾਦੀ ਵਲ ਵੱਧ ਸਕਦੇ ਹਾਂ। ਸਾਡੀ ਆਜ਼ਾਦੀ ਦਾ ਮਤਲਬ ਕੇਵਲ ਅੰਗਰੇਜ਼ੀ ਚੁੰਗਲ ਤੋਂ ਛੁਟਕਾਰਾ ਪਾਉਣ ਦਾ ਹੀ ਨਾਮ ਨਹੀਂ, ਉਹ ਪੂਰਨ ਆਜ਼ਾਦੀ ਦਾ ਨਾਉਂ ਹੈ, ਜਦੋਂ ਕਿ ਲੋਕੀਂ ਆਪੋ ਵਿਚ ਘੁਲ ਮਿਲ ਕੇ ਰਹਿਣਗੇ ਅਤੇ ਦਿਮਾਗ਼ੀ ਗੁਲਾਮੀ ਤੋਂ ਵੀ ਆਜ਼ਾਦ ਹੋ ਜਾਣਗੇ।

* * *

## 35. ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ

*—ਜੂਨ, 1927*

[ਫ਼ਿਰਕਾਦਾਰਾਨਾ ਫਸਾਦ, 1919 ਦੇ ਜਲਿਆਂਵਾਲੇ ਬਾਗ ਦੇ ਬਾਅਦ ਅੰਗਰੇਜ਼ੀ ਸਰਕਾਰ ਨੇ ਖ਼ੂਬ ਪ੍ਰਚਾਰਨੇ ਸ਼ੁਰੂ ਕਰ ਦਿੱਤੇ ਸਨ। ਇਸੇ ਦੇ ਅਸਰ ਹੇਠ 1924 ਵਿਚ ਕੋਹਾਟ ਦੇ ਮੁਕਾਮ ਤੇ ਬਹੁਤ ਹੀ ਗ਼ੈਰ ਇਨਸਾਨੀ ਢੰਗ ਨਾਲ ਮੁਸਲਮਾਨ ਹਿੰਦੂ ਦੰਗੇ ਹੋਏ। ਇਸਦੇ ਬਾਅਦ ਕੌਮੀ ਰਾਜਨੀਤਿਕ ਚੇਤਨਾ ਵਿਚ ਫਿਰਕੂ ਫਸਾਦਾਂ 'ਤੇ ਖ਼ੂਬ ਬਹਿਸ ਚੱਲੀ। ਇਨ੍ਹਾਂ ਨੂੰ ਖ਼ਤਮ ਕਰਨ ਦੀ ਲੋੜ ਤਾਂ ਸਭ ਨੇ ਮਹਿਸੂਸ ਕੀਤੀ ਪਰ ਕਾਂਗਰਸ ਨੇਤਾਵਾਂ ਨੇ ਮੁਸਲਮਾਨ ਹਿੰਦੂ ਨੇਤਾਵਾਂ ਵਿਚ ਸੁਲਾਹਨਾਮਾ ਲਿਖਾ ਕੇ ਫਸਾਦਾਂ ਨੂੰ ਰੋਕਣ ਦੇ ਯਤਨ ਕੀਤੇ।

ਜਿਵੇਂ ਪਿਛੇ ਕਿਹਾ ਗਿਆ ਹੈ, ਇਸ ਮਸਲੇ ਦੇ ਯਕੀਨੀ ਹੱਲ ਬਾਰੇ ਇਨਕਲਾਬੀ ਲਹਿਰ ਨੇ ਇਕ ਖਾਸ ਵਿਚਾਰ ਸਾਹਮਣੇ ਰੱਖੇ। ਇੱਥੇ ਪੇਸ਼ ਲੇਖ ਜੋ ਜੂਨ, 1927 ਦੇ 'ਕਿਰਤੀ' ਵਿਚ ਛਪਿਆ ਸੀ, ਉਦੋਂ ਦੇ ਇਸ ਪੱਖ ਦੇ ਵਿਚਾਰਾਂ ਤੋਂ ਜਾਣੂ ਕਰਵਾਏਗਾ। ਭਾਵੇਂ ਲੇਖਕ ਦਾ ਨਾਂ ਪਤਾ ਨਹੀਂ ਪਰ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਦੇ ਵਿਚਾਰਾਂ ਦਾ ਪ੍ਰਗਟਾਵਾ ਇਹ ਲੇਖ ਜ਼ਰੂਰ ਕਰਦਾ ਹੈ। —ਸੰਪਾਦਕ]

ਭਾਰਤ-ਵਰਸ਼ ਦੀ ਇਸ ਵੇਲੇ ਬੜੀ ਤਰਸਯੋਗ ਹਾਲਤ ਹੈ। ਇਕ ਧਰਮ ਦੇ ਪਿਛੇ-ਲੱਗ ਦੂਜੇ ਧਰਮ ਦੇ ਜਾਨੀ ਦੁਸ਼ਮਣ ਹਨ। ਹੁਣ ਤਾਂ ਇਕ ਧਰਮ ਦੇ ਹੋਣਾ ਹੀ ਦੂਜੇ ਧਰਮ ਦੇ ਕੱਟੜ ਵੈਰੀ ਹੋਣਾ ਹੈ, ਜੇ ਇਸ ਗੱਲ ਦਾ ਅਜੇ ਵੀ ਯਕੀਨ ਨਾ ਹੋਵੇ ਤਾਂ ਲਾਹੌਰ ਦੇ ਤਾਜ਼ੇ ਫਸਾਦ



Sri Satguru Jagjit Singh Ji Elibrary NamdhariElibrary@gmail.com

ਹੀ ਦੇਖ ਲਉ। ਕਿੱਦਾਂ ਮੁਸਲਮਾਨਾਂ ਨੇ ਬੇਗੁਨਾਹ ਸਿੱਖਾਂ, ਹਿੰਦੂਆਂ ਦੇ ਆਹੂ ਲਾਹੇ ਹਨ, ਤੇ ਕਿੱਦਾਂ ਸਿੱਖਾਂ ਨੇ ਵੀ ਵਾਹ ਲੱਗਦੀ ਕੋਈ ਕਸਰ ਨਹੀਂ ਛੱਡੀ ਹੈ। ਇਹ ਆਹੂ ਇਸ ਲਈ ਨਹੀਂ ਲਾਹੇ ਗਏ ਹਨ ਕਿ ਫਲਾਣਾ ਪੁਰਸ਼ ਦੋਸ਼ੀ ਹੈ, ਸਗੋਂ ਇਸ ਲਈ ਕਿ ਫਲਾਣਾ ਪੁਰਸ਼ ਹਿੰਦੂ ਹੈ ਜਾਂ ਸਿੱਖ ਹੈ ਜਾਂ ਮੁਸਲਮਾਨ ਹੈ। ਬੱਸ, ਕਿਸੇ ਪੁਰਸ਼ ਦਾ ਸਿੱਖ ਜਾਂ ਹਿੰਦੂ ਹੋਣਾ ਮੁਸਲਮਾਨਾਂ ਦੇ ਕਤਲ ਕਰਨ ਲਈ ਕਾਫ਼ੀ ਕਾਰਨ ਸੀ ਅਤੇ ਇਸੇ ਤਰ੍ਹਾਂ ਹੀ ਕਿਸੇ ਪੁਰਸ਼ ਦਾ ਮੁਸਲਮਾਨ ਹੋਣਾ ਹੀ, ਉਸ ਦੀ ਜਾਨ ਲੈਣ ਲਈ ਕਾਫ਼ੀ ਦਲੀਲ ਸੀ। ਜਦ ਇਹੋ ਜਿਹੀ ਹਾਲਤ ਹੋਵੇ ਤਾਂ ਹਿੰਦੋਸਤਾਨ ਦਾ ਅੱਲਾ ਹੀ ਬੇਲੀ ਹੈ।

ਇਸ ਹਾਲਤ ਵਿਚ ਹਿੰਦੋਸਤਾਨ ਦਾ ਭਵਿੱਖ ਬੜਾ ਕਾਲਾ ਨਜ਼ਰ ਆਉਂਦਾ ਹੈ। ਇਨ੍ਹਾਂ 'ਧਰਮਾਂ' ਨੇ ਭਾਰਤ ਵਰਸ਼ ਦਾ ਬੇੜਾ ਗਰਕ ਕਰ ਛੱਡਿਆ ਹੈ ਅਤੇ ਅਜੇ ਪਤਾ ਨਹੀਂ ਹੈ ਕਿ ਇਹ ਧਾਰਮਕ ਫਸਾਦ ਭਾਰਤ ਵਰਸ਼ ਦਾ ਕਦੋਂ ਖਹਿੜਾ ਛੱਡਣਗੇ। ਇਨ੍ਹਾਂ ਫਸਾਦਾਂ ਨੇ ਸੰਸਾਰ ਦੀਆਂ ਅੱਖਾਂ ਵਿਚ ਹਿੰਦੋਸਤਾਨ ਨੂੰ ਬਦਨਾਮ ਕਰ ਛੱਡਿਆ ਹੈ ਅਤੇ ਅਸਾਂ ਵੇਖਿਆ ਹੈ ਕਿ ਇਸ ਅੰਧ ਵਿਸ਼ਵਾਸੀ ਵਹਿਣ ਵਿਚ ਸਭ ਵਹਿ ਜਾਂਦੇ ਹਨ। ਕੋਈ ਵਿਰਲਾ ਹੀ ਹਿੰਦੂ, ਮੁਸਲਮਾਨ ਜਾਂ ਸਿੱਖ ਹੁੰਦਾ ਹੈ ਜਿਹੜਾ ਆਪਣਾ ਦਿਮਾਗ਼ ਠੰਡਾ ਰੱਖਦਾ ਹੈ, ਬਾਕੀ ਸਭ ਦੇ ਸਭ ਇਹ ਨਾਮ ਧਰੀਕ ਧਰਮੀ ਆਪਣੇ ਨਾਮ ਧਰੀਕ ਧਰਮ ਦਾ ਰੋਹਬ ਕਾਇਮ ਰੱਖਣ ਲਈ ਡੰਡੇ ਸੋਟੇ, ਤਲਵਾਰਾਂ ਛੁਰੀਆਂ ਹੱਥ ਵਿਚ ਫੜ ਲੈਂਦੇ ਹਨ ਤੇ ਆਪਸ ਵਿਚੀਂ ਸਿਰ ਪਾੜ ਪਾੜ ਕੇ ਮਰ ਜਾਂਦੇ ਹਨ। ਰਹਿੰਦੇ ਖੂੰਹਦੇ ਕੁਛ ਤਾਂ ਫਾਹੇ ਲੱਗ ਜਾਂਦੇ ਹਨ ਤੇ ਕੁਝ ਜੇਲ੍ਹਾਂ ਵਿਚ ਸੁੱਟ ਦਿੱਤੇ ਜਾਂਦੇ ਹਨ। ਏਦਾਂ ਖ਼ੂਨ ਖ਼ਰਾਬਾ ਹੋ ਕੇ ਇਨ੍ਹਾਂ 'ਧਰਮੀਆਂ' ਉਪਰ ਅੰਗਰੇਜ਼ੀ ਡੰਡਾ ਵਰਦਾ ਹੈ ਤੇ ਫਿਰ ਇਨ੍ਹਾਂ ਦੇ ਦਿਮਾਗ਼ ਦਾ ਕੀੜਾ ਟਿਕਾਣੇ ਆ ਜਾਂਦਾ ਹੈ।

ਜਿਥੋਂ ਤਕ ਵੇਖਿਆ ਗਿਆ ਹੈ, ਇਨ੍ਹਾਂ ਫਸਾਦਾਂ ਦੇ ਪਿਛੇ ਫਿਰਕੂ ਲੀਡਰਾਂ ਅਤੇ ਅਖ਼ਬਾਰਾਂ ਦਾ ਹੱਥ ਹੈ। ਇਸ ਵੇਲੇ ਹਿੰਦੋਸਤਾਨ ਦੇ ਲੀਡਰਾਂ ਨੇ ਉਹ ਗਹੋ-ਗਾਲ ਛੱਡੀ ਹੈ, ਕਿ ਚੁੱਪ ਹੀ ਭਲੀ। ਉਹੋ ਲੀਡਰ ਜਿਨ੍ਹਾਂ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦਾ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਸੀ ਅਤੇ ਜਿਹੜੇ 'ਸਾਂਝੀ ਕੌਮੀਅਤ' ਅਤੇ 'ਸਵਰਾਜ ਸਵਰਾਜ' ਦੇ ਦਮਗਜੇ ਮਾਰਦੇ ਨਹੀਂ ਸਨ ਥੱਕਦੇ, ਉਹੋ, ਜਾਂ ਤਾਂ ਆਪਣੀਆਂ ਸਿਰੀਆਂ ਲੁਕਾਈ ਚੁੱਪ ਬੈਠੇ ਹਨ ਜਾਂ ਏਸੇ ਧਰਮ ਵਾਰ ਵਹਿਣ ਵਿਚ ਹੀ ਵਹਿ ਗਏ ਹਨ। ਸਿਰੀਆਂ ਲੁਕਾ ਕੇ ਬੈਠਣ ਵਾਲੇ ਲੀਡਰਾਂ ਦੀ ਗਿਣਤੀ ਵੀ ਥੋੜ੍ਹੀ ਹੈ? ਪਰ ਉਹ ਲੀਡਰ ਜਿਹੜੇ ਫਿਰਕੂ ਲਹਿਰ ਵਿਚ ਜਾ ਰਲੇ ਹਨ, ਉਹੋ ਜਿਹੇ ਤਾਂ ਬਹੁਤ ਹਨ। ਇਕ ਢੀਮ ਪੁੱਟਿਆਂ ਸੌ ਨਿਕਲਦੇ ਹਨ। ਇਸ ਵੇਲੇ ਉਹ ਆਗੂ ਜਿਹੜੇ ਕਿ ਦਿਲੋਂ ਸਾਂਝਾ ਭਲਾ ਚਾਹੁੰਦੇ ਹਨ ; ਬਹੁਤ ਹੀ ਥੋੜ੍ਹੇ ਹਨ ਅਤੇ ਧਰਮ-ਵਾਰ ਲਹਿਰ ਦਾ ਇਤਨਾ ਪਰਬਲ ਹੜ੍ਹ ਆਇਆ ਹੈ ਕਿ ਉਹ ਵੀ ਇਸ ਹੜ੍ਹ ਨੂੰ ਠੱਲ ਨਹੀਂ ਪਾ ਸਕੇ ਹਨ। ਇੰਝ ਜਾਪਦਾ ਹੈ ਕਿ ਹਿੰਦੋਸਤਾਨ ਵਿਚ ਤਾਂ ਲੀਡਰੀ ਦਾ ਦਿਵਾਲਾ ਨਿਕਲ ਗਿਆ ਹੈ।

ਦੂਜੇ ਸੱਜਣ ਜਿਹੜੇ ਫਿਰਕੂ ਅੱਗ ਨੂੰ ਭੜਕਾਉਣ ਵਿਚ ਖ਼ਾਸ ਹਿੱਸਾ ਲੈਂਦੇ ਰਹੇ ਹਨ, ਉਹ ਅਖ਼ਬਾਰਾਂ ਵਾਲੇ ਹਨ।

ਅਖ਼ਬਾਰ-ਨਵੀਸੀ ਦਾ ਪੇਸ਼ਾ, ਜਿਹੜਾ ਕਦੇ ਬੜਾ ਉੱਚਾ ਸਮਝਿਆ ਜਾਂਦਾ ਸੀ, ਅੱਜ ਬਹੁਤ ਹੀ ਗੰਦਾ ਹੋਇਆ ਹੈ। ਇਹ ਲੋਕ ਇਕ ਦੂਜੇ ਦੇ ਬਰਖ਼ਿਲਾਫ਼ ਬੜੇ ਮੋਟੇ-ਮੋਟੇ ਸਿਰਲੇਖ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾਉਂਦੇ ਹਨ ਤੇ ਆਪਸ ਵਿਚ ਡਾਂਗੋਂ-ਸੋਟੀ ਕਰਾਉਂਦੇ ਹਨ। ਇਕ ਦੋ ਥਾਈਂ ਨਹੀਂ, ਕਿੰਨੀ ਥਾਈਂ ਹੀ ਇਸ ਲਈ ਫਸਾਦ ਹੋਇਆ ਹੈ ਕਿ ਲੋਕਲ ਅਖ਼ਬਾਰਾਂ ਨੇ ਬੜੇ ਭੜਕੀਲੇ ਲੇਖ ਲਿਖੇ ਸਨ। ਉਹ ਲਿਖਾਰੀ, ਜਿਨ੍ਹਾਂ ਨੇ ਇਨ੍ਹਾਂ ਦਿਨਾਂ ਵਿਚ ਦਿਲ ਤੇ ਦਿਮਾਗ਼ ਠੰਡੇ ਰੱਖੇ ਹਨ, ਉਹ ਬਹੁਤ ਹੀ ਘੱਟ ਹਨ।



Sri Satguru Jagjit Singh Ji Elibrary NamdhariElibrary@gmail.com

ਅਖ਼ਬਾਰਾਂ ਦਾ ਅਸਲੀ ਫਰਜ਼ ਤਾਂ ਵਿਦਿਆ ਦੇਣੀ, ਤੰਗ-ਦਿਲੀ ਵਿਚੋਂ ਲੋਕਾਂ ਨੂੰ ਕੱਢਣਾ, ਤੁਅਸੱਬ ਦੂਰ ਕਰਨਾ, ਆਪਸ ਵਿਚ ਪ੍ਰੇਮ ਮਿਲਾਪ ਪੈਦਾ ਕਰਨਾ ਤੇ ਹਿੰਦੋਸਤਾਨ ਦੀ ਸਾਂਝੀ ਕੌਮੀਅਤ ਬਣਾਉਣਾ ਸੀ, ਪਰ ਇਹਨਾਂ ਨੇ ਆਪਣਾ ਫਰਜ਼ ਇਨ੍ਹਾਂ ਸਾਰੇ ਹੀ ਅਸੂਲਾਂ ਦੇ ਉਲਟ ਬਣਾ ਲਿਆ ਹੈ। ਇਹਨਾਂ ਨੇ ਆਪਣਾ ਮੁਖ ਮੰਤਵ ਅਗਿਆਨ ਭਰਨਾ, ਤੰਗ ਦਿਲੀ ਦਾ ਪ੍ਰਚਾਰ ਕਰਨਾ, ਤੁਅਸੱਬੀ ਬਣਾਉਣਾ, ਲੜਾਈ ਝਗੜੇ ਕਰਾਉਣਾ ਅਤੇ ਹਿੰਦੋਸਤਾਨ ਦੀ ਸਾਂਝੀ ਕੌਮੀਅਤ ਨੂੰ ਤਬਾਹ ਕਰਨਾ ਬਣਾ ਲਿਆ ਹੋਇਆ ਹੈ। ਏਹੋ ਕਾਰਨ ਹੈ ਕਿ ਭਾਰਤ ਵਰਸ਼ ਦੀ ਵਰਤਮਾਨ ਦਸ਼ਾ ਦਾ ਖ਼ਿਆਲ ਕਰਕੇ ਰੱਤ ਦੇ ਹੰਝੂ ਆਉਣ ਲੱਗ ਜਾਂਦੇ ਹਨ ਤੇ ਦਿਲ ਵਿਚ ਸਵਾਲ ਉਠਦਾ ਹੈ ਕਿ ਹਿੰਦੋਸਤਾਨ ਦਾ ਕੀ ਬਣੂੰ?

ਜਿਹੜੇ ਸੱਜਣ ਨਾ-ਮਿਲਵਰਤਨ ਦੇ ਦਿਨਾਂ ਦੇ ਜੋਸ਼ 'ਤੇ ਉਭਾਰ ਨੂੰ ਜਾਣਦੇ ਹਨ, ਉਨ੍ਹਾਂ ਨੂੰ ਇਹ ਹਾਲਤ ਵੇਖ ਕੇ ਰੋਣ ਆਉਂਦਾ ਹੈ। ਕਿਥੇ ਉਹ ਦਿਨ ਸਨ ਕਿ ਸੁਤੰਤਰਤਾ ਦੀ ਝਲਕ ਸਾਹਮਣੇ ਪਈ ਨਜ਼ਰ ਆਉਂਦੀ ਸੀ ਕਿ ਕਿੱਥੇ ਅੱਜ ਆਹ ਦਿਨ ਹਨ ਕਿ ਸਵਰਾਜ ਸੁਪਨਾ ਜਿਹਾ ਹੋਇਆ ਹੋਇਆ ਹੈ। ਬਸ, ਏਹੋ ਹੀ ਤੀਜਾ ਲਾਭ ਹੈ, ਜਿਹੜਾ ਇਨ੍ਹਾਂ ਫਸਾਦਾਂ ਨਾਲ, ਪਾਰਟੀ ਜਾਬਰ ਸ਼ਾਹੀ ਨੂੰ ਹੋਇਆ ਹੈ। ਉਹੋ ਨੌਕਰਸ਼ਾਹੀ, ਜਿਸ ਦੀ ਹੋਂਦ ਨੂੰ ਖ਼ਤਰਾ ਪਿਆ ਹੋਇਆ ਸੀ, ਕਿ ਉਹ ਕੱਲ੍ਹ ਵੀ ਨਹੀਂ ਹੈ, ਪਰਸੋਂ ਵੀ ਨਹੀਂ, ਅੱਜ ਇਤਨੀਆਂ ਮਜ਼ਬੂਤ ਜੜ੍ਹਾਂ 'ਤੇ ਬੈਠੀ ਹੈ ਕਿ ਉਸ ਨੂੰ ਹਿਲਾਣਾ ਕੋਈ ਮਾੜਾ ਮੋਟਾ ਕੰਮ ਨਹੀਂ ਹੈ।

ਜੇ ਇਹਨਾਂ ਫਿਰਕੂ ਫਸਾਦਾਂ ਦਾ ਜੜ੍ਹ ਕਾਰਨ ਲੱਭੀਏ ਤਾਂ ਸਾਨੂੰ ਤਾਂ ਇਹ ਕਾਰਨ ਆਰਥਕ ਹੀ ਜਾਪਦਾ ਹੈ। ਨਾ-ਮਿਲਵਰਤਣ ਦੇ ਦਿਨਾਂ ਵਿਚ ਲੀਡਰਾਂ ਤੇ ਅਖ਼ਬਾਰ ਨਵੀਸਾਂ ਨੇ ਢੇਰ ਕੁਰਬਾਨੀਆਂ ਕੀਤੀਆਂ ਸਨ। ਉਨ੍ਹਾਂ ਦੀ ਆਰਥਕ ਦਸ਼ਾ ਖ਼ਰਾਬ ਹੋ ਗਈ ਹੋਈ ਸੀ। ਨਾ-ਮਿਲਵਰਤਨ ਦੇ ਪਿਛੋਂ ਮੱਧਮ ਪੈ ਜਾਣ ਕਰਕੇ ਲੀਡਰਾਂ ਦੀ ਕੋਈ ਬੇ-ਇਤਬਾਰੀ ਜਿਹੀ ਹੋ ਗਈ। ਜਿਸ ਲਈ ਅੱਜ ਕੱਲ੍ਹ ਦੇ ਬਹੁਤ ਸਾਰੇ ਫ਼ਿਰਕੂ ਲੀਡਰਾਂ ਦੇ ਰੁਜ਼ਗਾਰ ਰੁਕ ਗਏ। ਸੰਸਾਰ ਵਿਚ ਜਿਹੜਾ ਕੰਮ ਸ਼ੁਰੂ ਹੁੰਦਾ ਹੈ ਉਸ ਦੀ ਤਹਿ ਵਿਚ ਪੇਟ ਦਾ ਸੁਆਲ ਜ਼ਰੂਰ ਹੁੰਦਾ ਹੈ। ਕਾਰਲ ਮਾਰਕਸ ਦੇ ਵੱਡੇ-ਵੱਡੇ ਤਿੰਨ ਅਸੂਲਾਂ ਵਿਚੋਂ ਇਹ ਮੁੱਖ ਅਸੂਲ ਹੈ। ਇਸ ਅਸੂਲ ਦੇ ਕਾਰਨ ਹੀ ਤਬਲੀਗ, ਤਕਜ਼ੀਮ ਅਤੇ ਸ਼ੁਧੀ ਤੇ ਸੰਗਠਨ ਸ਼ੁਰੂ ਹੋਏ ਤੇ ਏਸੇ ਕਾਰਨ ਹੀ ਅੱਜ ਸਾਡੀ ਉਹ ਦੁਰਦਸ਼ਾ ਹੋਈ ਜਿਹੜੀ ਕਿ ਬਿਆਨ ਤੋਂ ਬਾਹਰ ਹੈ।

ਬਸ ਸਾਰੇ ਫਸਾਦਾਂ ਦਾ ਇਲਾਜ ਜੇ ਕੋਈ ਹੋ ਸਕਦਾ ਹੈ ਤਾਂ ਉਹ ਹਿੰਦੋਸਤਾਨ ਦੀ ਆਰਥਕ ਦਸ਼ਾ ਦੇ ਸੁਧਾਰ ਨਾਲ ਹੀ ਹੋ ਸਕਦਾ ਹੈ। ਕਿਉਂਕਿ ਭਾਰਤ ਵਰਸ਼ ਦੇ ਆਮ ਲੋਕਾਂ ਦੀ ਆਰਥਕ ਹਾਲਤ ਇੰਨੀ ਭੈੜੀ ਹੈ ਕਿ ਇਕ ਪੁਰਸ਼ ਨੂੰ ਚਾਰ ਆਨੇ ਦੇ ਕੇ ਦੂਜੇ ਨੂੰ ਬੇਇੱਜ਼ਤ ਕਰਵਾ ਸਕਦਾ ਹੈ। ਭੁੱਖ ਤੇ ਦੁੱਖ ਤੋਂ ਆਤਰ ਹੋ ਕੇ ਮਨੁੱਖ ਸਭ ਅਸੂਲ ਛਿੱਕੇ 'ਤੇ ਟੰਗ ਦਿੰਦਾ ਹੈ। ਸੱਚ ਹੈ ਮਰਦਾ ਕੀ ਨਹੀਂ ਕਰਦਾ।

ਪਰ ਵਰਤਮਾਨ ਹਾਲਤ ਵਿਚ ਆਰਥਕ ਸੁਧਾਰ ਹੋਣਾ ਅਤੀ ਕਠਨ ਹੈ। ਕਿਉਂਕਿ ਸਰਕਾਰ ਬਦੇਸ਼ੀ ਹੈ ਤੇ ਇਹੋ ਹੀ ਲੋਕਾਂ ਦੀ ਹਾਲਤ ਨੂੰ ਨਹੀਂ ਸੁਧਾਰਨ ਦੇਂਦੀ ਹੈ। ਇਸ ਲਈ ਏਸੇ ਦੇ ਪਿਛੇ ਹੀ ਹੱਥ ਧੋ ਕੇ ਪੈਣਾ ਚਾਹੀਦਾ ਹੈ ਕਿ ਜਦ ਤਕ ਇਹ ਬਦਲ ਨਾ ਜਾਵੇ ਆਰਾਮ ਨਹੀਂ ਲੈਣਾ ਚਾਹੀਦਾ ਹੈ।

ਲੋਕਾਂ ਨੂੰ ਆਪਸ ਵਿਚ ਲੜਨ ਤੋਂ ਰੋਕਣ ਲਈ ਸ਼੍ਰੇਣੀ ਜਾਗ੍ਰਤ ਦੀ ਲੋੜ ਹੈ। ਗਰੀਬਾਂ ਕਿਰਤੀਆਂ ਤੇ ਕਿਰਸਾਣਾਂ ਨੂੰ ਸਾਫ਼ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ, ਇਸ ਲਈ ਤੁਹਾਨੂੰ ਇਹਨਾਂ ਦੇ ਹੱਥ-ਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਤੇ ਇਨ੍ਹਾਂ ਦੇ ਹੱਥ 'ਤੇ ਚੜ੍ਹ ਕੇ ਕੁੱਝ ਨਹੀਂ ਕਰਨਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ



Sri Satguru Jagjit Singh Ji Elibrary NamdhariElibrary@gmail.com

ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇਕੋ ਹੀ ਹਨ। ਤੁਹਾਡਾ ਭਲਾ ਇਸ ਵਿਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਕੌਮ ਤੇ ਮੁਲਕ ਦੇ ਭਿੰਨ ਭੇਦ ਮਿਟਾ ਕੇ ਇਕੱਠੇ ਹੋ ਜਾਉ ਅਤੇ ਗਵਰਨਮੈਂਟ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦੇ ਯਤਨ ਕਰੋ। ਇਹਨਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ ਨਹੀਂ ਹੋਵੇਗਾ ਕਿਸੇ ਦਿਨ ਨੂੰ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਤੇ ਤੁਹਾਨੂੰ ਆਰਥਕ ਸੁਤੰਤਰਤਾ ਮਿਲ ਜਾਵੇਗੀ।

ਜਿਨ੍ਹਾਂ ਲੋਕਾਂ ਨੂੰ ਰੂਸ ਦੇ ਇਤਿਹਾਸ ਦਾ ਪਤਾ ਹੈ ਉਹ ਜਾਣਦੇ ਹਨ ਕਿ ਜ਼ਾਰ ਦੇ ਵੇਲੇ ਉਥੇ ਵੀ ਏਹੋ ਹਿੰਦੋਸਤਾਨ ਵਾਲੀ ਹਾਲਤ ਸੀ, ਉਥੇ ਵੀ ਕਿੰਨੇ ਹੀ ਫਿਰਕੇ ਸਨ ਜਿਹੜੇ ਆਪਸ ਵਿਚ ਛਿੱਤਰ-ਪੌਲਾ ਹੀ ਖੜਕਾਉਂਦੇ ਰਹਿੰਦੇ ਸਨ ਪਰ ਜਿਸ ਦਿਨ ਤੋਂ ਕਿਰਤੀ ਰਾਜ ਹੋਇਆ ਹੈ ਉਥੇ ਨਕਸ਼ਾ ਹੀ ਬਦਲ ਗਿਆ ਹੈ। ਹੁਣ ਉਥੇ ਕਦੇ ਫਸਾਦ ਹੋਏ ਹੀ ਨਹੀਂ, ਹੁਣ ਉਥੇ ਹਰ ਇਕ ਨੂੰ 'ਇਨਸਾਨ' ਸਮਝਿਆ ਜਾਂਦਾ ਹੈ 'ਧਰਮੀ' ਨਹੀਂ ! ਜ਼ਾਰ ਦੇ ਵੇਲੇ ਲੋਕਾਂ ਦੀ ਆਰਥਕ ਦਸ਼ਾ ਬਹੁਤ ਹੀ ਭੈੜੀ ਸੀ। ਇਸ ਲਈ ਸਭ ਫਸਾਦ-ਝਗੜੇ ਹੁੰਦੇ ਸਨ। ਪਰ ਹੁਣ ਰੂਸੀਆਂ ਦੀ ਆਰਥਿਕ ਹਾਲਤ ਸੁਧਰ ਗਈ ਹੈ ਤੇ ਉਨ੍ਹਾਂ ਵਿਚ ਸ਼੍ਰੇਣੀ-ਜਾਗ੍ਰਤੀ ਘਰ ਕਰ ਗਈ ਹੈ ਇਸ ਲਈ ਉਥੇ ਹੁਣ ਤਾਂ ਕਦੇ ਕੋਈ ਫ਼ਸਾਦ ਸੁਨਣ ਵਿਚ ਹੀ ਨਹੀਂ ਆਏ।

ਇਹਨਾਂ ਫਸਾਦਾਂ ਵਿਚ ਉਂਝ ਤਾਂ ਬੜੇ ਦਿਲ ਢਾਹੁਣ ਵਾਲੇ ਸਮਾਚਾਰ ਸੁਣੇ ਜਾਂਦੇ ਹਨ ਪਰ ਕਲਕੱਤੇ ਦੇ ਫਸਾਦਾਂ ਵਿਚ ਇਕ ਗੱਲ ਬੜੀ ਖ਼ੁਸ਼ੀ ਵਾਲੀ ਸੁਣੀ ਗਈ ਸੀ। ਉਹ ਇਹ ਸੀ ਕਿ ਉਥੇ ਹੋਏ ਫਸਾਦਾਂ ਵਿਚ ਟਰੇਡ ਯੂਨੀਅਨਾਂ ਦੇ ਕਿਰਤੀਆਂ ਨੇ ਕੋਈ ਹਿੱਸਾ ਨਹੀਂ ਲਿਆ ਸੀ। ਤੇ ਨਾ ਉਹ ਆਪਸ ਵਿਚ ਗੁਥਮ ਗੁੱਥਾ ਹੋਏ ਸਨ। ਸਗੋਂ ਉਹ ਬੜੇ ਪ੍ਰੇਮ ਨਾਲ ਸਾਰੇ ਹੀ ਹਿੰਦੂ-ਮੁਸਲਮਾਨ ਇਕੱਠੇ ਮਿੱਲਾਂ ਆਦਿ ਵਿਚ ਰਹਿੰਦੇ ਬਹਿੰਦੇ ਸਨ ਤੇ ਫਸਾਦ ਹਟਾਣ ਦੇ ਵੀ ਯਤਨ ਕਰਦੇ ਰਹੇ ਸਨ। ਇਹ ਇਸ ਲਈ ਕਿ ਉਹਨਾਂ ਵਿਚ ਸ਼੍ਰੇਣੀ-ਜਾਗ੍ਰਤੀ ਆਈ ਹੋਈ ਸੀ ਤੇ ਉਹ ਆਪਣੇ ਸ਼੍ਰੇਣੀ ਫਾਇਦਿਆਂ ਨੂੰ ਭਲੀ ਭਾਂਤ ਜਾਣਦੇ ਸਨ। ਇਹ ਸ਼੍ਰੇਣੀ ਜਾਗ੍ਰਤ ਦਾ ਇਕ ਸੋਹਣਾ ਰਾਹ ਹੈ ਜਿਹੜਾ ਕਿ ਫਸਾਦ ਰੋਕ ਸਕਦਾ ਹੈ !

ਇਹ ਖ਼ੁਸ਼ੀ ਦੀ ਸੋਅ ਸਾਡੇ ਕੰਨੀ ਪਈ ਹੈ ਕਿ ਭਾਰਤ ਦੇ ਨੌਜਵਾਨ ਹੁਣ ਉਹੋ ਜਿਹੇ ਧਰਮਾਂ ਤੋਂ, ਜਿਹੜੇ ਕਿ ਆਪਸ ਵਿਚੀਂ ਲੜਾਉਣਾ ਤੇ ਨਫ਼ਰਤ ਕਰਨਾ ਸਿਖਾਲਦੇ ਹਨ, ਤੰਗ ਆ ਕੇ ਹੱਥ ਧੋਈ ਜਾਂਦੇ ਹਨ ਤੇ ਉਨ੍ਹਾਂ ਵਿਚ ਇੰਨੀ ਖੁਲ-ਦਿਲੀ ਆ ਗਈ ਹੈ ਕਿ ਉਹ ਭਾਰਤ ਵਰਸ਼ ਦੇ ਪੁਰਸ਼ਾਂ ਨੂੰ ਧਰਮ ਦੀ ਨਿਗਾਹ ਨਾਲ ਹਿੰਦੂ ਜਾਂ ਮੁਸਲਮਾਨ ਜਾਂ ਸਿੱਖ ਨਹੀਂ ਵੇਖਦੇ ਸਗੋਂ ਹਰ ਇਕ ਨੂੰ ਪਹਿਲਾਂ ਇਨਸਾਨ ਸਮਝਦੇ ਹਨ ਤੇ ਫਿਰ ਹਿੰਦੋਸਤਾਨੀ। ਭਾਰਤ ਵਰਸ਼ ਦੇ ਗੱਭਰੂਆਂ ਵਿਚ ਇਨ੍ਹਾਂ ਖ਼ਿਆਲਾਂ ਦਾ ਔਣਾਂ ਦਸਦਾ ਹੈ ਕਿ ਭਾਰਤ ਵਰਸ਼ ਦਾ ਅੱਗਾ ਬੜਾ ਚਮਕੀਲਾ ਹੈ ਅਤੇ ਭਾਰਤ ਵਾਸੀਆਂ ਨੂੰ ਇਹ ਫਸਾਦ ਆਦਿ ਹੁੰਦੇ ਵੇਖ ਕੇ ਘਬਰਾ ਨਹੀਂ ਜਾਣਾ ਚਾਹੀਦਾ ਹੈ, ਸਗੋਂ ਤਿਆਰ-ਬਰ-ਤਿਆਰ ਹੋ ਕੇ ਵਾਹ ਲਾਉਣੀ ਚਾਹੀਦੀ ਹੈ, ਕਿ ਐਸਾ ਵਾਯੂ-ਮੰਡਲ ਪੈਦਾ ਹੋ ਜਾਵੇ, ਜਿਸ ਨਾਲ ਕਿ ਫਸਾਦ ਹੋਣ ਹੀ ਨਾ।

1914-15 ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵੱਖਰਾ ਕਰ ਦਿੱਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਆਪਣਾ ਆਪਣਾ ਵੱਖਰਾ ਕਰੱਤਵ ਹੈ, ਤੇ ਇਸ ਵਿਚ ਦੂਜੇ ਦਾ ਕੋਈ ਦਖ਼ਲ ਨਹੀਂ। ਨਾ ਹੀ ਇਸ ਨੂੰ ਰਾਜਨੀਤੀ ਵਿਚ ਘੁਸੇੜਨਾ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਨੂੰ ਸਾਂਝੇ ਇਕ ਥਾਂ ਮਿਲ ਕੇ ਕੰਮ ਨਹੀਂ ਕਰਨ ਦੇਂਦਾ ਹੈ। ਇਸੇ ਲਈ ਹੀ ਉਹ ਗ਼ਦਰ ਵਰਗੀ ਲਹਿਰ ਵਿਚ ਵੀ ਇਕ-ਮੁੱਠ ਤੇ ਇਕ ਜਾਨ ਰਹੇ ਸਨ ਤੇ ਜਿੱਥੇ ਸਿੱਖ ਵਧ ਵਧ ਕੇ ਫਾਂਸੀਆਂ 'ਤੇ ਟੰਗੇ ਗਏ ਸਨ ਉਥੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ ਸੀ।



Sri Satguru Jagjit Singh Ji Elibrary NamdhariElibrary@gmail.com

ਇਸ ਵੇਲੇ ਕੁਝ ਹਿੰਦੋਸਤਾਨੀ ਆਗੂ ਵੀ ਮੈਦਾਨ ਵਿਚ ਨਿਤਰੇ ਜਾਪਦੇ ਹਨ ਜਿਹੜੇ ਕਿ ਧਰਮ ਨੂੰ ਰਾਜਨੀਤੀ ਤੋਂ ਵੱਖਰਾ ਕਰਨਾ ਚਾਹੁੰਦੇ ਹਨ। ਝਗੜੇ ਮੁਕਾਣ ਦਾ ਇਹ ਵੀ ਇਕ ਸੋਹਣਾ ਇਲਾਜ ਹੈ ਤੇ ਅਸੀਂ ਇਸ ਦੀ ਪ੍ਰੋੜ੍ਹਤਾ ਕਰਦੇ ਹਾਂ।

ਜੇ ਧਰਮ ਨੂੰ ਵੱਖਰਿਆਂ ਕਰ ਦਿੱਤਾ ਜਾਵੇ ਤਾਂ ਅਸੀਂ ਰਾਜਨੀਤੀ ਤੇ ਸਾਰੇ ਹੀ ਇਕੱਠੇ ਹੋ ਸਕਦੇ ਹਾਂ, ਧਰਮਾਂ ਵਿਚ ਭਾਵੇਂ ਅਸੀਂ ਵੱਖਰੇ-ਵੱਖਰੇ ਹੀ ਹੋਈਏ।

ਸਾਡਾ ਖ਼ਿਆਲ ਹੈ, ਕਿ ਹਿੰਦੋਸਤਾਨ ਦੇ ਸੱਚੇ ਦਰਦੀ ਸਾਡੇ ਇਹਨਾਂ ਦੱਸੇ ਇਲਾਜਾਂ ਵੱਲ ਜ਼ਰੂਰ ਗਹੁ ਕਰਨਗੇ ਤੇ ਹਿੰਦੋਸਤਾਨ ਦਾ ਜਿਹੜਾ ਆਤਮ ਘਾਤ ਹੋ ਰਿਹਾ ਹੈ, ਇਸ ਤੋਂ ਇਸਨੂੰ ਬਚਾ ਲੈਣਗੇ।

❋ ❋ ❋

## 36. ਤਸ਼ੱਦਦ ਦੇ ਅਸਲੀ ਅਰਥ !

*—ਮਈ, 1928*

[ਸਮੇਂ ਦੀ ਵਿਚਾਰਧਾਰਕ ਬਹਿਸ ਵਿਚ ਹਿੱਸਾ ਲੈਂਦੇ ਹੋਏ, ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ 'ਤਸ਼ੱਦਦ' ਲਫ਼ਜ਼ ਦੇ ਅਰਥ ਸਮਝਣ ਦੀ ਕੋਸ਼ਿਸ਼ ਕੀਤੀ। ਇਸ ਦਾ ਪ੍ਰਗਟਾਵਾ ਉਨ੍ਹਾਂ ਦੀਆਂ ਲਿਖਤਾਂ ਵਿਚ ਹੈ। ਮਈ, 1928 ਦੇ 'ਕਿਰਤੀ' ਵਿਚ ਇਹ ਲੇਖ ਇਸ ਵਿਸ਼ੇ 'ਤੇ ਛਪਿਆ। ਭਾਵੇਂ ਲਿਖਿਆ ਹੈ ਕਿ ਲੇਖ ਬੰਬਈ ਦੇ ਅਖ਼ਬਾਰ 'ਸ਼ਰਧਾਨੰਦ' ਵਿਚੋਂ ਅਨੁਵਾਦ ਕਰਕੇ ਛਾਪਿਆ ਗਿਆ ਹੈ। ਪਰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਦੇ ਬਣਨ ਵਿਚ ਹਿੱਸੇਦਾਰ ਦਾ, ਪਰਗਟਾਓ ਕਰਦਾ ਹੈ —ਸੰਪਾਦਕ]

ਪਿਛਲੇ ਸੱਤ ਅੱਠ ਸਾਲਾਂ ਤੋਂ ਜਿਨ੍ਹਾਂ ਕੁਝ ਕੁ ਅੱਖਰਾਂ ਨੇ ਸਾਡੀ ਰਾਜਸੀ ਦੁਨੀਆ ਵਿਚ ਤੂਫ਼ਾਨ ਲਿਆ ਛੱਡਿਆ ਏ ਅਤੇ ਜਿਨ੍ਹਾਂ ਦੇ ਬਾਰੇ ਬਹੁਤ ਸਾਰਿਆਂ ਨੂੰ ਭੁਲੇਖਾ ਰਿਹਾ ਏ, ਉਨ੍ਹਾਂ ਵਿਚੋਂ ਸਭ ਤੋਂ ਜ਼ਰੂਰੀ ਸ਼ਬਦ 'ਤਸ਼ੱਦਦ' ਦਾ ਏ। ਹੁਣ ਤੀਕ ਕਿਸੇ ਨੇ ਵੀ ਡੂੰਘੀ ਵਿਚਾਰ ਕਰਕੇ ਇਸ ਸ਼ਬਦ ਦੇ ਅਰਥ ਸਮਝਣ ਦਾ ਯਤਨ ਨਹੀਂ ਕੀਤਾ।

ਇਸੇ ਲਈ ਹੀ ਇਸ ਸ਼ਬਦ ਦੀ ਅੱਜ ਤੀਕ ਅਯੋਗ ਵਰਤੋਂ ਹੁੰਦੀ ਰਹੀ ਏ। ਸਾਰੀ ਕੌਮ ਆਪਣੇ ਨਿਸ਼ਾਨੇ ਨੂੰ ਠੀਕ ਨਾ ਸਮਝ ਸਕਣ ਦੇ ਕਾਰਨ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਸਮਝਦੀ ਹੋਈ ਠੋਕਰਾਂ ਖਾ ਰਹੀ ਏ।

ਤਸ਼ੱਦਦ ਪਰ ਬੋਲਦਿਆਂ ਹੀ ਅਨੁਭਵ ਪੈਣ ਲੱਗ ਜਾਂਦਾ ਹੈ ਕਿ ਉਹ ਮਕਰੂਹ ਅਤੇ ਭੈੜਾ ਸ਼ਬਦ ਹੈ। ਸੁਣਦਿਆਂ ਸਾਰ ਹੀ ਖ਼ਿਆਲ ਆ ਜਾਂਦਾ ਹੈ ਕਿ ਇਹ ਦੁਖ ਦੇਣ ਵਾਲੇ ਜ਼ਾਲਮਾਨਾ, ਜ਼ੋਰ, ਜਬਰ ਅਤੇ ਅਨਿਆਂ ਪੂਰਤੀ ਹੈ। ਜਿਹੜੇ ਕੰਮ ਦੇ ਨਾਲ ਸ਼ਬਦ 'ਤਸ਼ੱਦਦ' ਲੱਗ ਜਾਵੇ, ਉਹ ਕੰਮ ਪਲੀਤ, ਨੁਕਸਾਨ ਦੇਣ ਵਾਲਾ ਅਤੇ ਤਿਆਗਣ ਯੋਗ ਪ੍ਰਤੀਤ ਹੋਣ ਲੱਗ ਜਾਂਦਾ ਏ। ਇਸ ਹਾਲਤ ਵਿਚ ਕੋਈ ਵੀ ਭਲਾ ਮਾਣਸ ਅਤੇ ਨੇਕਦਿਲ ਇਨਸਾਨ ਇਸ ਤੋਂ ਸਦਾ ਲਈ ਲਾਂਭੇ ਰਹਿਣ ਦਾ ਯਤਨ ਕਰੇ, ਤਾਂ ਇਹ ਇਕ ਕੁਦਰਤੀ ਗੱਲ ਹੈ। ਤਸ਼ੱਦਦ ਅਤੇ ਜ਼ੁਲਮ ਦੀ ਮੁਰਾਦ ਤਾਕਤ ਨੂੰ ਅਯੋਗ ਢੰਗ ਨਾਲ ਵਰਤਣ ਤੋਂ ਹੈ। ਇਹਨਾਂ ਦੋਹਾਂ ਸ਼ਬਦਾਂ ਵਿਚੋਂ ਤਾਕਤ ਦੇ ਵਰਤਣ ਦੀ ਬੋ ਤਾਂ ਆਉਂਦੀ ਏ। ਪਰ ਤਾਕਤ ਦੇ ਵਰਤਣ ਦੀ ਇਕ ਹੱਦ ਏ। ਉਸ ਹੱਦ ਦਾ ਖ਼ਿਆਲ ਨਾ ਕਰਦਿਆਂ ਹੋਇਆ ਤਾਕਤ ਦੇ ਵਰਤਣ ਨੂੰ ਹੀ ਕੁਝ ਕੁ ਰੌਲਾ ਪਾਊ ਲੋਕਾਂ ਨੇ ਤਸ਼ੱਦਦ ਦਾ ਨਾਮ ਦੇ ਦਿੱਤਾ ਏ ਅਤੇ ਹਿੰਦੀ ਭਾਸ਼ਾ ਵਿਚ ਉਸ ਦੇ ਟਾਕਰੇ ਵਿਚ 'ਅਹਿੰਸਾ' ਸ਼ਬਦ ਠੋਕ ਦਿੱਤਾ ਗਿਆ ਏ। ਇਸੇ ਕਰਕੇ ਹੀ ਅੱਜ ਇਕ ਵੱਡੀ ਖ਼ਤਰਨਾਕ ਗ਼ਲਤ ਫ਼ਹਿਮੀ ਖਿੰਡੀ ਹੋਈ ਹੈ।



Sri Satguru Jagjit Singh Ji Elibrary NamdhariElibrary@gmail.com

ਤਸ਼ੱਦਦ ਵਿਚ ਵੀ ਤਾਕਤ ਦੀ ਵਰਤੋਂ ਹੁੰਦੀ ਹੈ, ਇਸ ਲਈ ਕੁਝ ਕੁ ਘਟੀਆ ਦਿਮਾਗ਼ ਰੱਖਣ ਵਾਲਿਆਂ ਨੇ ਤਾਕਤ ਦੇ ਵਰਤਣ ਨੂੰ ਹੀ ਤਸ਼ੱਦਦ ਦੇ ਨਾਮ ਨਾਲ ਸੱਦਣਾ ਆਰੰਭ ਕਰ ਦਿੱਤਾ। ਕਿਸੇ ਆਦਮੀ ਨੂੰ ਬੁਰੇ ਕੰਮ ਤੋਂ ਰੋਕਣ ਲਈ ਕੇਵਲ ਏਨਾ ਕਹਿ ਦੇਣਾ ਹੀ ਕਾਫੀ ਹੁੰਦਾ ਏ ਕਿ ਉਹ ਕੰਮ ਬਹੁਤ ਬੁਰਾ ਅਤੇ ਘਿਰਣਾ-ਯੋਗ ਏ। ਏਹੋ ਜਿਹੇ ਸ਼ਬਦਾਂ ਵਿਚੋਂ ਇਕ ਤਸ਼ੱਦਦ ਵੀ ਹੈ। ਕਾਂਗਰਸ ਦੇ ਹੁਕਮ ਥੱਲੇ ਹਜ਼ਾਰਾਂ ਹੀ ਇਨਸਾਨ ਬਿਨਾਂ ਕਿਸੇ ਨਾਂਹ ਨੁਕਰ ਤੋਂ ਸ਼ਾਂਤਮਈ ਦੀ ਸਹੁੰ ਖਾਂਦੇ ਚਲੇ ਗਏ। ਗੱਲ ਤਾਂ ਠੀਕ ਸੀ, ਤਸ਼ੱਦਦ ਦੇ ਅਰਥ ਜ਼ੁਲਮ ਅਤੇ ਜਬਰ ਕਰਨਾ ਹੈ। ਇਹੋ ਜਿਹੇ ਬੁਰੇ ਕੰਮ ਨਾ ਕਰਨ ਦੀ ਸਹੁੰ ਖਾਣ ਵਿਚ ਕਿਸੇ ਨੂੰ ਕੀ ਉਜ਼ਰ ਹੋ ਸਕਦਾ ਸੀ। ਪਰ ਅਸਲ ਗੱਲ ਤਾਂ ਇਹ ਹੈ ਕਿ ਇਥੇ ਜ਼ੁਲਮ ਨੂੰ ਨਹੀਂ, ਸਗੋਂ ਤਾਕਤ ਦੇ ਵਰਤਣ ਨੂੰ ਹੀ ਤਸ਼ੱਦਦ ਦਾ ਨਾਮ ਰੱਖ ਕੇ ਲੋਕਾਂ ਵਿਚ ਗ਼ਲਤ ਫ਼ਹਿਮੀ ਖਿੰਡਾ ਦਿੱਤੀ ਗਈ ਏ। ਬਹੁਤ ਸਾਰੇ ਲੋਕ ਜਿਹੜੇ ਕਿ ਤਾਕਤ ਨੂੰ ਵਰਤਣ ਦੇ ਹੱਕ ਵਿਚ ਸਨ, ਉਹ ਤਸ਼ੱਦਦ ਦੇ ਹਾਮੀ ਬਣਨ ਦੀ ਦਲੇਰੀ ਨਾ ਕਰ ਸਕੇ ਅਤੇ ਉਨ੍ਹਾਂ ਨੇ ਵੀ ਚੁੱਪ ਚੁਪੀ ਤੇ ਸ਼ਾਂਤਮਈ ਦੇ ਪੱਖੀ ਰਹਿਣ ਦੀ ਸਹੁੰ ਖਾ ਲਈ। ਏਸੇ ਕਰਕੇ ਅਹਿੰਸਾ (Non-violence) ਵਰਗੇ ਸ਼ਬਦਾਂ ਨੇ ਬੜੀ ਗੜਬੜ ਮਚਾ ਦਿੱਤੀ। ਹਜ਼ਾਰਾਂ ਹੀ ਕੰਮ ਜਿਹੜੇ ਕਿ ਅੱਜ ਤਕ ਜਾਇਜ਼ ਹੀ ਨਹੀਂ, ਸਗੋਂ ਚੰਗੇ ਖ਼ਿਆਲ ਕੀਤੇ ਜਾਂਦੇ ਸਨ, ਉਹ ਅੱਜ ਇਕ ਅੱਖ ਦੇ ਪਲਕਾਰੇ ਵਿਚ ਘਿਰਣਾ ਯੋਗ ਸਮਝੇ ਜਾਣ ਲੱਗ ਪਏ। ਬਹਾਦਰੀ, ਹੌਸਲਾ, ਸ਼ਹੀਦੀ, ਕੁਰਬਾਨੀ, ਫ਼ੌਜੀ ਕਰੱਤਵ, ਸ਼ਸਤਰ ਚਲਾਣ ਦੀ ਯੋਗਤਾ, ਦਲੇਰੀ ਅਤੇ ਜਾਬਰਾਂ ਦੇ ਸਿਰ ਕੁਚਲਣ ਵਾਲੀ ਬਹਾਦਰੀ ਆਦਿਕ ਗੁਣਾਂ ਦਾ ਨਿਰਭਰ ਤਾਕਤ ਦੇ ਵਰਤਣ ਉਤੇ ਸੀ, ਇਸ ਕਰਕੇ ਇਹ ਗੁਣ ਅਯੋਗ ਅਤੇ ਨੀਚ ਸਮਝੇ ਜਾਣ ਲੱਗੇ। ਸ਼ਬਦ ਤਸ਼ੱਦਦ ਦੇ ਵਰਤਣ ਉਤੇ ਸੀ, ਇਸ ਕਰਕੇ ਇਹ ਗੁਣ ਅਯੋਗ ਅਤੇ ਨੀਚ ਸਮਝੇ ਜਾਣ ਲੱਗੇ। ਸ਼ਬਦ ਤਸ਼ੱਦਦ ਦੇ ਇਸ ਭੁਲੇਖਾ ਪਾਉਣ ਵਾਲੇ ਅਰਥਾਂ ਨੇ ਕੌਮ ਦੀ ਸਮਝ ਉਤੇ ਪਾਣੀ ਫੇਰ ਦਿੱਤਾ। ਨੌਬਤ ਇਥੋਂ ਤੀਕ ਪੁੱਜੀ ਕਿ ਪੱਥਰ ਦੇ ਬੁੱਤ ਨੂੰ ਹਥੌੜੇ ਨਾਲ ਤੋੜਨਾ ਵੀ ਤਸ਼ੱਦਦ ਦੇ ਘੇਰੇ ਵਿਚ ਗਿਣਿਆ ਜਾਣ ਲੱਗਾ ਅਤੇ ਲਾਠੀ ਫੜਨ ਤੀਕ ਨੂੰ ਵੀ ਤਸ਼ੱਦਦ ਮੰਨਿਆ ਗਿਆ ਤਾਂ ਫੇਰ ਕੀ ਹੱਥਾਂ ਨਾਲ ਹੀ ਬੁੱਤ ਨੂੰ ਤੋੜਿਆ ਜਾਵੇ?

ਕਿਸੇ ਵੀ ਸ਼ਬਦ ਦੇ ਸੁਣਦਿਆਂ ਹੀ ਹਰ ਇਕ ਇਨਸਾਨ ਦੇ ਦਿਲ ਵਿਚ ਇਕ ਅਨੋਖੇ ਢੰਗ ਦੇ ਵਲ-ਵਲੇ ਉੱਠ ਖੜ੍ਹੇ ਹੁੰਦੇ ਹਨ ਅਤੇ ਉਸ ਤੋਂ ਪਿੱਛੋਂ ਝੱਟ ਹੀ ਇਕ ਪ੍ਰਕਾਰ ਦੇ ਅਰਥ ਸਮਝ ਚੁੱਕਣ ਦੇ ਕਾਰਨ ਇਨਸਾਨ ਉਸ ਦੀ ਤਹਿ ਤੀਕ ਪੁੱਜਣ ਦੇ ਲਈ ਵਧੀਕ ਮਗ਼ਜ਼-ਖੋਰੀ ਨਹੀਂ ਕਰਦਾ। ਕਿਸੇ ਓਪਰੇ ਇਨਸਾਨ ਦੇ ਆਉਂਦਿਆਂ ਹੀ ਜੇਕਰ ਇਹ ਆਖ ਦਿੱਤਾ ਜਾਵੇ ਕਿ ਉਹ ਬੜਾ ਪਾਪੀ ਹੈ, ਲੁੱਚਾ ਹੈ ਤਾਂ ਸੁਣਨ ਵਾਲਿਆਂ ਦੇ ਦਿਲਾਂ ਵਿਚ ਉਸ ਦੇ ਵਿਰੁੱਧ ਕੁਦਰਤੀ ਤੌਰ 'ਤੇ ਇਕ ਪ੍ਰਕਾਰ ਦੇ ਘ੍ਰਿਣਤ ਖ਼ਿਆਲ ਉਤਪੰਨ ਹੋ ਜਾਂਦੇ ਹਨ। ਉਸ ਆਦਮੀ ਦੇ ਬਾਰੇ ਵਧੀਕ ਪੜਤਾਲ ਕਰਨ ਤੋਂ ਪਹਿਲਾਂ ਹੀ ਰਾਇ ਕਾਇਮ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਹੀ ਸ਼ਬਦਾਂ ਦੇ ਵਰਤਣ ਬਾਰੇ ਆਖੀ ਜਾ ਸਕਦੀ ਏ। ਵੇਦਾਂ ਅਤੇ ਪੁਰਾਣਾਂ ਵਿਚ ਇਸੇ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਜਿਹੜੇ ਸ਼ਬਦ ਵੀ ਬੋਲੇ ਜਾਣ ਉਨ੍ਹਾਂ ਦੀ ਠੀਕ-ਠੀਕ ਵਰਤੋਂ ਹੋਣੀ ਚਾਹੀਦੀ ਏ; ਕਿਉਂਕਿ ਸ਼ਬਦਾਂ ਦੇ ਭੁਲੇਖਾ ਪੈਣ ਨਾਲ ਹੀ ਦੇਵਤਿਆਂ ਵਿਚ ਵੀ ਵੱਡੇ-ਵੱਡੇ ਫ਼ਸਾਦ ਖੜ੍ਹੇ ਹੋ ਗਏ ਸਨ ਅਤੇ ਬੜਾ ਭਾਰੀ ਨੁਕਸਾਨ ਹੋ ਗਿਆ ਸੀ। ਠੀਕ ਉਹੀ ਦਸ਼ਾ ਸਾਡੀ ਪਿਛਲੀ ਸੱਤ ਸਾਲਾਂ ਤੋਂ ਹੋ ਰਹੀ ਏ। ਤਾਕਤ ਦੀ ਯੋਗ ਅਤੇ ਅਯੋਗ ਵਰਤੋਂ ਨੂੰ ਬਿਨਾਂ ਕਿਸੇ ਸੋਚ ਵਿਚਾਰ ਦੇ ਝੱਟ ਤਸ਼ੱਦਦ ਦਾ ਫ਼ਤਵਾ ਲਾ ਕੇ ਘ੍ਰਿਣਾ ਯੋਗ ਹੋਣ ਦਾ ਐਲਾਨ ਕਰ ਦਿੱਤਾ ਗਿਆ ਏ।

ਜੇਕਰ ਇਕ ਡਾਕੂ ਕੁਹਾੜੀ ਲੈ ਕੇ ਕਿਸੇ ਦੇ ਘਰ ਵਿਚ ਆਣ ਵੜਿਆ ਤਾਂ ਉਹ ਤਸ਼ੱਦਦ ਸਮਝਿਆ ਗਿਆ। ਪਰ ਜੇਕਰ ਉਸ ਘਰ ਵਾਲਿਆਂ ਨੇ ਛੁਰੀ ਦੀ ਵਰਤੋਂ ਕਰਕੇ ਡਾਕੂ ਨੂੰ ਮਾਰ



Sri Satguru Jagjit Singh Ji Elibrary NamdhariElibrary@gmail.com

ਦਿੱਤਾ ਤਾਂ ਉਹ ਵੀ ਤਸ਼ੱਦਦ ਗਿਣਿਆ ਗਿਆ। ਅਰਥਾਤ ਜਦੋਂ ਵੀ ਆਪਣੀ ਅਤੇ ਆਪਣੇ ਟੱਬਰ-ਟੋਰ ਦੀ ਰਾਖੀ ਲਈ ਤਾਕਤ ਦੀ ਯੋਗ ਅਤੇ ਨੇਕ ਇਰਾਦੇ ਨਾਲ ਵਰਤੋਂ ਕੀਤੀ ਗਈ ਤਦ ਵੀ ਉਸ ਨੂੰ ਤਸ਼ੱਦਦ ਹੀ ਆਖਿਆ ਜਾਣ ਲੱਗਾ। ਰਾਵਣ ਜ਼ੋਰਾ-ਜਬਰੀ ਸੀਤਾ ਨੂੰ ਚੁੱਕ ਕੇ ਲੈ ਗਿਆ, ਉਹ ਵੀ ਤਸ਼ੱਦਦ। ਰਾਮ ਨੇ ਸੀਤਾ ਨੂੰ ਛੁਡਾਉਣ ਗਿਆਂ ਰਾਵਣ ਦਾ ਸਿਰ ਵੱਢ ਦਿੱਤਾ, ਤਾਂ ਉਹ ਵੀ ਤਸ਼ੱਦਦ। ਇਟਲੀ, ਅਮਰੀਕਾ, ਆਇਰਲੈਂਡ ਆਦਿ ਮੁਲਕਾਂ 'ਤੇ ਕਈ ਪ੍ਰਕਾਰ ਦੇ ਜ਼ੁਲਮ ਕਰਨ ਵਾਲੇ ਜਾਬਰ ਲੋਕ ਵੀ ਤਸ਼ੱਦਦ ਕਰਨ ਵਾਲੇ ਸਮਝੇ ਗਏ ਅਤੇ ਇਹਨਾਂ ਨੰਗੀ ਤਲਵਾਰ ਫੜੇ ਹੋਏ ਬਦੇਸ਼ੀ ਡਾਕੂਆਂ ਨੂੰ ਲੁਕੀ ਹੋਈ ਸ਼ਮਸ਼ੀਰ ਦੇ ਨਾਲ ਹਲਾਲ ਕਰਨ ਵਾਲਿਆਂ ਨੂੰ ਵੀ ਉਹੀ ਤਸ਼ੱਦਦ ਦਾ ਖਿਤਾਬ ਦਿੱਤਾ ਜਾਂਦਾ ਏ। ਗੈਰੀ ਬਾਲਡੀ, ਵਾਸ਼ਿੰਗਟਨ ਅਤੇ ਏਮਟ ਤੇ ਡੀਵਲੇਰਾ ਵਰਗੇ ਸਾਰੇ ਹੀ ਇਸੇ ਫਹਿਰਿਸ਼ਤ ਵਿਚ ਹੀ ਦਾਖਲ ਕੀਤੇ ਗਏ। ਕੀ ਇਹ ਇਨਸਾਫ਼ ਕਿਹਾ ਜਾ ਸਕਦਾ ਏ। ਗਹਿਣੇ ਚੁਰਾਉਣ ਖ਼ਾਤਰ ਮਾਸੂਮ ਬੱਚੇ ਦੀ ਧੌਣ ਲਾਹ ਸੁਟਣ ਵਾਲਾ ਚੋਰ ਵੀ ਘਿਰਣਾ ਯੋਗ ਅਤੇ ਉਸ ਪੱਥਰ ਦਿਲ ਚੋਰ ਨੂੰ ਫ਼ਾਂਸੀ ਟੰਗ ਦੇਣ ਵਾਲਾ ਨਿਆਂਕਾਰ ਬਾਦਸ਼ਾਹ ਵੀ ਤਸ਼ੱਦਦ ਕਰਨ ਵਾਲਾ ਅਤੇ ਘਿਰਣਾ ਯੋਗ ਸਮਝ ਲਿਆ ਜਾਂਦਾ ਏ। ਕ੍ਰਿਸ਼ਨ ਵੀ ਉੱਨਾ ਹੀ ਪਾਪੀ, ਜਿਨ੍ਹਾਂ ਕਿ ਕੰਸ। ਸੂਰਬੀਰ ਭੀਮ ਵੀ ਉੱਨਾ ਹੀ ਗੁਨਾਹੀ, ਜਿੰਨਾ ਕਿ ਉਸ ਦੀ ਧਰਮਾਤਮਾ ਇਸਤਰੀ ਦੀ ਬੇ-ਇੱਜ਼ਤੀ ਕਰਨ ਵਾਲਾ ਦੁਸ਼ਾਸਨ। ਆਹ ! ਕਿੰਨਾ ਭੁਲੇਖਾ ਏ। ਕਿੱਡੀ ਵੱਡੀ ਬੇਇਨਸਾਫ਼ੀ ਹੈ। ਇਸੇ ਕਰਕੇ ਈ ਕੁਝ ਕੁ ਸਿੱਧੇ ਸਾਧੇ ਲੋਕਾਂ ਨੇ ਚੰਗੇ ਕੰਮ ਨੂੰ ਕੇਵਲ ਤਾਕਤ ਦੀ ਵਰਤੋਂ ਹੋਣ ਦੇ ਕਾਰਨ ਅਯੋਗ ਅਤੇ ਤਸ਼ੱਦਦ ਭਰਿਆ ਆਖ ਦਿੱਤਾ। ਸੱਪ ਡੰਗ ਮਾਰਦਾ ਏ, ਆਦਮੀ ਉਸ ਨੂੰ ਮਾਰ ਸੁਟਦਾ ਹੈ। ਇਸ ਲਈ ਦੋਵੇਂ ਬਰਾਬਰ। ਬਰਾਬਰ ਹੀ ਨਹੀਂ, ਡੰਗਣਾ ਤਾਂ ਸੱਪ ਦੀ ਆਦਤ ਸੀ ਅਤੇ ਉਹ ਇਸ ਆਦਤ ਕਰਕੇ ਮਜਬੂਰ ਸੀ। ਪਰ ਇਨਸਾਨ ਨੇ ਜਾਣ ਬੁਝ ਕੇ ਇਹ ਕੰਮ ਕੀਤਾ। ਇਸ ਕਰਕੇ ਉਹ ਵਧੀਕ ਨੀਚ ਸਮਝਿਆ ਜਾਣਾ ਚਾਹੀਦਾ ਏ। ਨੌਬਤ ਇਥੋਂ ਤੀਕ ਪੁੱਜੀ ਕਿ ਮੁਲਕ ਅਤੇ ਕੌਮ ਦੀ ਖ਼ਾਤਰ ਸ਼ਸਤਰਧਾਰੀ ਹੋ ਕੇ ਮੈਦਾਨ-ਏ-ਜੰਗ ਵਿਚ ਸ਼ਹੀਦ ਹੋ ਜਾਣ ਵਾਲੇ ਬਹਾਦਰ ਵੀ ਪਾਪੀ ਸਮਝੇ ਜਾਣ ਲੱਗੇ। ਸ਼ਿਵਾ ਜੀ, ਪ੍ਰਤਾਪ ਜੀ ਅਤੇ ਰਣਜੀਤ ਸਿੰਘ ਜੀ ਨੂੰ ਤਸ਼ੱਦਦ ਕਰਨ ਵਾਲਾ ਆਖਿਆ ਗਿਆ ਅਤੇ ਉਹ ਪੂਜਣ ਯੋਗ ਹਸਤੀਆਂ ਘਿਰਣਾ ਦਾ ਸ਼ਿਕਾਰ ਹੋ ਗਈਆਂ।

ਉਧਰ ਦੁਨੀਆ ਦੇ ਸਾਰੇ ਦੇਸ਼ ਸ਼ਸਤਰਧਾਰੀ ਹਨ। ਹਰ ਇਕ ਆਪਣੇ ਹਥਿਆਰਾਂ ਦੀ ਤਾਕਤ ਨੂੰ ਵਧਾਈ ਚਲਿਆ ਜਾ ਰਿਹਾ ਏ। ਏਧਰ ਇਹ ਸਾਡਾ ਭਾਰਤ-ਵਰਸ਼ ਹੈ, ਜਿਸ ਦੇ ਵਿਚ ਰਹਿਣ ਵਾਲਿਆਂ ਦਾ ਸ਼ਸਤਰ ਫੜਨਾ ਪਾਪ ਖ਼ਿਆਲ ਕੀਤਾ ਜਾਂਦਾ ਹੈ। "ਲਾਠੀ ਮੱਤ ਫੜੋ" ਇਹ ਸਿੱਖਿਆ ਦੇਣ ਵਾਲੇ ਲਾਠੀ ਵੇਖਦੇ ਈ ਡਰਾਕਲ ਅਤੇ ਕਾਇਰ ਲੋਕਾਂ ਦੀ ਪਿੱਠ ਠੋਕਣ ਲੱਗੇ। ਮੁਲਕ ਨੂੰ ਢਹਿੰਦੀਆਂ ਕਲਾਂ ਤੋਂ ਉੱਨਤੀ ਦੇ ਰਾਹ 'ਤੇ ਖੜ੍ਹਾ ਕਰਨ ਵਾਲੀ ਸੂਰ-ਬੀਰਤਾ ਦਾ ਮਲੀਆਮੇਟ ਹੋਣ ਲੱਗਾ ਅਤੇ ਤਾਕਤ ਤੋਂ ਡਰਨ ਵਾਲੇ ਦੁਸ਼ਮਣ ਰਾਜ਼ੀ ਖੁਸ਼ੀ ਦਿੱਸਣ ਲੱਗ ਪਏ। ਕੁਝ ਵਿਰਲੇ ਵਾਂਝੇ ਲੋਕ ਇਹ ਸ਼ੋਕਮਈ ਨਸ਼ਾ ਨਾ ਦੇਖ ਸਕੇ। ਇਹਨਾਂ ਨੇ ਇਸ ਦੀ ਤਰਦੀਦ ਕਰਨੀ ਸ਼ੁਰੂ ਕਰ ਦਿੱਤੀ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਹ ਆਪ ਵੀ ਇਸ ਗੜਬੜ ਦਾ ਸਿਕਾਰ ਹੋ ਗਏ ਅਤੇ ਨਿੱਗਰ ਦਲੀਲਾਂ ਨਾਲ ਵਿਰੋਧਤਾ ਕਰਨੀ ਉਨ੍ਹਾਂ ਲਈ ਕਠਿਨ ਹੋ ਗਈ। ਬੱਸ ਇਸੇ ਕਰਕੇ ਹੀ ਯੁੱਗ-ਪਲਟਾਊ ਲੋਕਾਂ ਨੇ ਚਿੜ-ਚੜਾਕੇ ਇਹ ਆਖਣਾ ਸ਼ੁਰੂ ਕਰ ਦਿੱਤਾ—ਹਾਂ, ਹਾਂ ਅਸੀਂ ਤਸ਼ੱਦਦ ਕਰਾਂਗੇ। ਅਸੀਂ (Violence) ਹੀ ਕਰਾਂਗੇ। ਜਿੱਦਾਂ ਕੋਈ ਭਲਾ ਮਾਣਸ ਆਦਮੀ ਆਪਣੇ ਚੰਗੇ ਕੰਮ ਨੂੰ ਗੁਨਾਹ ਆਖਿਆ ਜਾਂਦਾ ਦੇਖ ਕੇ ਦਲੀਲਾ ਨਾਲ ਉਤਰ ਨਾ ਦੇ ਸਕਣ ਦੇ ਕਾਰਨ ਹਿਸਿਆ ਹੋਇਆ, ਇਹ ਕਹਿਣਾ ਆਰੰਭ ਦੇਵੇ—ਹਾ, ਹਾਂ ਮੈਂ ਗੁਨਾਹ ਹੀ ਕਰਾਂਗਾ। ਠੀਕ ਇਹੋ ਹਾਲਤ ਇਹਨਾਂ ਵਿਚਾਰੇ ਯੁੱਗ-



Sri Satguru Jagjit Singh Ji Elibrary NamdhariElibrary@gmail.com

ਪਲ਼ਟਾਊਆਂ ਦੀ ਹੋ ਰਹੀ ਏ। ਮਦ੦.. ਕਾਂਗਰਸ ਦੇ ਪ੍ਰਧਾਨ ਤੀਕ ਨੇ ਇਹ ਆਖ ਦਿੱਤਾ ਕਿ ਜੇਕਰ ਅੱਜ ਅਸੀਂ ਸ਼ਾਂਤਮਈ ਦੇ ਪੱਖੀ ਹਾਂ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਸਦਾ ਲਈ ਏਸੇ ਤਰ੍ਹਾਂ ਹੀ ਰਹਾਂਗੇ। ਹੋ ਸਕਦਾ ਹੈ ਕਿ ਸਾਨੂੰ ਕੱਲ੍ਹ ਹੀ ਤਸ਼ੱਦਦ (Violence) ਲਈ ਤਿਆਰ ਹੋਣਾ ਪਵੇ। ਸ਼ੋਕ ਤਾਂ ਇਸ ਗੱਲ ਦਾ ਏ ਕੀ ਇਹ 'ਤਸ਼ੱਦਦ' ਪਦ ਘਿਰਣਾ ਯੋਗ ਹੈ ? ਇਸ ਦੀਆਂ ਸਿਫਤਾਂ ਠੀਕ ਤੇ ਯੋਗ ਅੱਖਰਾਂ ਵਿਚ ਵਰਣਨ ਨਾ ਹੋਣ ਦੇ ਕਾਰਨ ਦੂਸਰਿਆਂ ਨੂੰ ਆਪਣਾ ਪੱਖੀ ਨਹੀਂ ਬਣਾ ਸਕੀਆਂ। ਅਰਥਾਤ ਉਹ ਲੋਕ ਜਿਹੜੇ ਕਿ ਤਾਕਤ ਵਰਤਣ ਦੇ ਹੱਕ ਵਿਚ ਵੀ ਹਨ, ਉਹ ਵੀ ਜ਼ਾਲਮ ਜਾਂ ਤਸ਼ੱਦਦ ਕਰਤਾ ਕਹਿਲਾਉਣ ਨੂੰ ਪਸੰਦ ਨਹੀਂ ਕਰ ਸਕਦੇ। ਇਸ ਇਕ 'ਤਸ਼ੱਦਦ' ਸ਼ਬਦ ਦੇ ਅਰਥਾਂ ਦੇ ਅਨਰਥ ਹੋਣ ਦੇ ਕਾਰਨ ਹੀ ਕਿੰਨਾ ਭਾਰੀ ਹਰਜ ਹੋ ਰਿਹਾ ਏ।

ਸਾਰੀ ਗ਼ਲਤ-ਫ਼ਹਿਮੀ ਦੀ ਜੜ੍ਹ ਤਾਂ ਇਸ ਇਕ ਸ਼ਬਦ ਤਸ਼ੱਦਦ ਦੀ ਗ਼ਲਤ ਵਿਆਖਿਆ ਹੈ। ਕਿਉਂਕਿ ਤਸ਼ੱਦਦ ਅਤੇ ਜ਼ੁਲਮ ਵੀ ਤਾਕਤ ਦੀ ਵਰਤੋਂ ਨਾਲ ਹੀ ਹੁੰਦੇ ਹਨ, ਇਸ ਲਈ ਤਾਕਤ ਦੀ ਵਰਤੋਂ ਨਾਲ ਬਹੁਤ ਸਾਰੇ ਚੰਗੇ ਅਤੇ ਬੁਰੇ ਕੰਮ ਹੁੰਦੇ ਹਨ। ਏਸ ਲਈ ਤਾਕਤ ਦੀ ਵਰਤੋਂ ਨੂੰ ਹੀ ਤਸ਼ੱਦਦ ਜਾਂ ਜ਼ੁਲਮ ਆਖਣਾ ਕਿਸੇ ਤਰ੍ਹਾਂ ਵੀ ਚੰਗਾ ਨਹੀਂ ਆਖਿਆ ਜਾ ਸਕਦਾ। ਤਾਕਤ ਦੀ ਵਰਤੋਂ ਨਾਲ ਬਹੁਤ ਸਾਰੇ ਚੰਗੇ ਤੇ ਭੈੜੇ ਕੰਮ ਹੁੰਦੇ ਹਨ। ਜ਼ੁਲਮ ਇਹਨਾਂ ਵਿਚੋਂ ਇਕ ਹੈ। ਇਕ ਪੁਰਸ਼ ਚੋਰੀ ਕਿਸੇ ਦੇ ਘਰ ਨੂੰ ਅੱਗ ਲਾ ਦੇਂਦਾ ਹੈ, ਉਹ ਵੀ ਅੱਗ ਬਾਲਣ ਵਾਲਾ ਹੈ ਅਤੇ ਦੂਜੇ ਪਾਸੇ ਇਕ ਰਸੋਈਆ ਵੀ ਅੱਗ ਬਾਲਦਾ ਏ। ਪਰ ਰਸੋਈਆ ਕਸੂਰ-ਵਾਰ ਨਹੀਂ ਅਖਵਾ ਸਕਦਾ ਅਤੇ ਨਾ ਹੀ ਅੱਗ ਬਾਲਣ ਦਾ ਕੰਮ ਹੀ ਬੁਰਾ ਕਿਹਾ ਜਾ ਸਕਦਾ ਏ। ਇਸ ਤਰ੍ਹਾਂ ਆਪਣੇ ਦੇਸ਼ ਦੀ ਰੱਖਿਆ ਲਈ ਜਾਂ ਦੇਸ਼-ਆਜ਼ਾਦੀ ਦੀ ਪ੍ਰਾਪਤੀ ਲਈ ਸ਼ਸਤਰ ਲੈ ਕੇ ਮੈਦਾਨ ਵਿਚ ਨਿਤਰਨ ਵਾਲਾ ਦੇਸ਼ ਭਗਤ ਜਦੋਂ ਜ਼ਾਲਮ ਅਤੇ ਜ਼ੋਰਾਵਰ ਦੀ ਧੌਣ ਤਲਵਾਰ ਦੇ ਨਾਲ ਲਾਹ ਦੇਂਦਾ ਹੈ, ਜਾਂ ਜ਼ਾਲਮ ਤੋਂ ਕਿਸੇ ਮਜ਼ਲੂਮ ਦਾ ਬਦਲਾ ਲੈਂਦਾ ਹੋਇਆ ਫ਼ਾਂਸੀ 'ਤੇ ਚੜ੍ਹ ਜਾਂਦਾ ਏ। ਉਹ, ਜਾਂ ਕੋਈ ਹੋਰ ਸੂਰਬੀਰ, ਜਿਹੜਾ ਕਿ ਆਪਣੇ ਆਪਣੇ ਸਾਕ ਸਬੰਧੀਆਂ, ਆਪਣੀ ਇਸਤਰੀ ਜਾਂ ਆਪਣੇ ਘਰ ਬਾਰ ਦੀ ਰਾਖੀ ਦੀ ਖਾਤਰ ਹਥਿਆਰ ਲੈ ਕੇ ਲੁੱਚੇ ਜ਼ਾਲਮਾਂ ਦਾ ਮੁਕਾਬਲਾ ਕਰਨ ਲਈ ਨਿਕਲਦਾ ਏ, ਉਹ ਤਾਕਤ ਦੀ ਵਰਤੋਂ ਤਾਂ ਜ਼ਰੂਰ ਕਰਦੇ ਹਨ, ਪਰ ਤਸ਼ੱਦਦ ਨਹੀਂ ਕਰਦੇ। ਅਰਥਾਤ ਇਹਨਾਂ ਦੇ ਕੀਤੇ ਕੰਮ, ਤਸ਼ੱਦਦ ਦੇ ਕੰਮਾਂ ਵਿਚ ਗਿਣੇ ਨਹੀਂ ਜਾ ਸਕਦੇ। ਸਗੋਂ ਉਹ ਚੰਗੇ ਤੇ ਨੇਕ ਆਖੇ ਜਾਂਦੇ ਹਨ।

ਤਾਕਤ ਦੀ ਉਹ ਵਰਤੋਂ, ਜਿਸ ਨਾਲ ਬੇਦੋਸ਼ੀਆਂ ਨੂੰ ਬਿਨਾਂ ਕਿਸੇ ਕਾਰਨ ਦੇ ਸਤਾਇਆ ਜਾਵੇ, ਜਾਂ ਦੂਜਿਆਂ ਨੂੰ ਕਿਸੇ ਨੀਚ ਗਰਜ਼ ਦੀ ਖਾਤਰ ਨੁਕਸਾਨ ਪਹੁੰਚਾਇਆ ਜਾਵੇ, ਕੇਵਲ ਇਹੋ ਜਿਹੇ ਬੇਹੂਦਾ ਕੰਮਾਂ 'ਤੇ ਤਾਕਤ ਦੀ ਵਰਤੋਂ ਕਰਨਾ ਤਸ਼ੱਦਦ ਅਖਵਾ ਸਕਦਾ ਏ। ਪਰ ਜਦੋਂ ਕਿਸੇ ਤਾਕਤ ਨੂੰ ਕਿਸੇ ਗਰੀਬ ਅਨਾਥ ਦੀ ਮਦਦ ਲਈ, ਜਾਂ ਇਹੋ ਜਿਹੇ ਕਿਸੇ ਹੋਰ ਚੰਗੇ ਕੰਮ ਲਈ ਵਰਤਿਆ ਜਾਵੇ, ਤਾਂ ਉਹ ਤਸ਼ੱਦਦ ਨਹੀਂ, ਸਗੋਂ ਪੁੰਨ ਅਤੇ ਪਰਉਪਕਾਰ ਅਖਵਾਂਦਾ ਏ। ਤਾਂ ਫਿਰ ਇਸ ਤੋਂ ਸਿੱਧ ਹੋਇਆ ਕਿ ਤਾਕਤ ਦੀ ਵਰਤੋਂ ਕਰਨਾ ਕੋਈ ਜ਼ੁਲਮ, ਜਬਰ ਜਾਂ ਤਸ਼ੱਦਦ ਨਹੀਂ ਸਗੋਂ ਇਹ ਤਾਕਤ ਦੇ ਵਰਤਣ ਵਾਲੇ ਦੀ ਨੀਯਤ 'ਤੇ ਨਿਰਭਰ ਰਹਿੰਦਾ ਏ। ਜੇਕਰ ਉਸ ਨੇ ਕਿਸੇ ਭਲੇ ਤੇ ਨੇਕ ਕੰਮ ਲਈ ਤਾਕਤ ਨੂੰ ਵਰਤਿਆ ਏ ਤਾਂ ਉਸ ਨੂੰ ਤਸੱਦਦ ਕਰਨ ਦਾ ਦੋਸ਼ ਨਹੀਂ ਠਹਿਰਾਇਆ ਜਾ ਸਕਦਾ। ਪਰ ਜੇਕਰ ਉਸ ਨੇ ਆਪਣੀ ਨਿੱਜ ਦੀ ਗਰਜ਼ ਜਾਂ ਬੇਦੋਸ਼ੀਆਂ ਨੂੰ ਦੁੱਖ ਦੇਣ ਦੀ ਖ਼ਾਤਰ ਆਪਣੀ ਤਾਕਤ ਦੀ ਅਯੋਗ ਵਰਤੋਂ ਕੀਤੀ ਹੈ ਤਾਂ ਉਹ ਬਿਨਾਂ ਕਿਸੇ ਸ਼ੱਕ ਜਾਂ ਡਰ ਦੇ 'ਤਸ਼ੱਦਦੀ' ਆਖਿਆ ਜਾ ਸਕਦਾ ਏ। ਤਸ਼ੱਦਦ ਸਦਾ ਹੀ ਘਿਰਣਾ-ਯੋਗ ਹੈ। ਤਸ਼ੱਦਦ ਤਾਕਤ ਦੀ ਉਹ ਵਰਤੋਂ ਹੈ, ਜਿਸ ਨਾਲ ਕਿ ਬਿਨਾਂ ਕਸੂਰ ਦੇ ਕਿਸੇ ਨੂੰ ਦੁੱਖ ਦਿੱਤਾ ਜਾਵੇ। ਪਰ ਜਿੱਥੇ ਜ਼ਾਲਮਾਂ ਜਾਂ ਗੁੰਡਿਆਂ ਦੇ ਗੁੰਡ-ਪੁਣੇ ਨੂੰ ਰੋਕਣ ਲਈ



Sri Satguru Jagjit Singh Ji Elibrary NamdhariElibrary@gmail.com

ਤਾਕਤ ਦੀ ਵਰਤੋਂ ਕੀਤੀ ਜਾਵੇ, ਉਹ ਤਸ਼ੱਦਦ ਨਹੀਂ, ਸਗੋਂ ਚੰਗਾ ਤੇ ਭਲਾ ਕੰਮ ਹੁੰਦਾ ਏ ਕਿਉਂਕਿ ਦੁਨੀਆ ਦੇ ਚੰਗੇ ਕੰਮਾਂ ਦੇ ਪਰਖਣ ਦੀ ਕੇਵਲ ਇਕੋ ਕਸਵੱਟੀ ਹੈ ਤੇ ਉਹ ਇਹ ਹੈ ਕਿ ਉਹ ਕੰਮ ਦੁਨੀਆ ਦੇ ਲਈ ਸੁੱਖ ਅਤੇ ਅਰਾਮ ਦੇਣ ਵਾਲੇ ਹੋਣ। ਕਿਸੇ ਨੂੰ ਦੁੱਖ ਦੇਣਾ ਤਸ਼ੱਦਦ ਏ, ਪਰ ਦੁੱਖ ਦੇਣ ਵਾਲੇ ਜ਼ਾਲਮ ਦਾ ਖੁਰਾ-ਖੋਜ ਮਿਟਾਉਣਾ ਪੁੰਨ ਹੈ। ਜ਼ਾਲਮ ਕੰਸ ਜਦ ਜ਼ੁਲਮ ਦੀ ਤਲਵਾਰ ਹੱਥ ਫੜ ਕੇ ਦੇਵਕੀ ਦੇ ਘਰ ਵਿਚ ਜਾ ਘੁਸਰਦਾ ਏ, ਉਸਦਾ ਉਸ ਵੇਲੇ ਦਾ ਕੰਮ ਘਿਰਣਾ ਯੋਗ ਤਸ਼ੱਦਦ ਹੈ। ਪਰ ਜਦੋਂ ਏਸ ਜ਼ਾਲਮ ਦੇ ਪੰਜੇ ਵਿਚੋਂ ਜਨਤਾ ਨੂੰ ਛੁਟਕਾਰਾ ਦਿਵਾਉਣ ਦੇ ਲਈ ਸ੍ਰੀ ਕ੍ਰਿਸ਼ਨ ਤਲਵਾਰ ਲੈ ਕੇ ਉਸ ਦੇ ਦਰਬਾਰ ਵਿਚ ਵੜ ਜਾਂਦੇ ਹਨ ਅਤੇ ਤਲਵਾਰ ਨਾਲ ਉਸ ਦਾ ਸਿਰ ਧੌਣ ਨਾਲੋਂ ਅੱਡ ਕਰ ਦੇਂਦੇ ਹਨ ; ਉਸ ਵੇਲੇ ਦੀ ਉਹਨਾਂ ਦੀ ਇਹ ਕਾਰਵਾਈ ਸਤਿਕਾਰ-ਯੋਗ ਹੈ। ਦੋਵੇਂ ਤਲਵਾਰਾਂ ਹਨ, ਦੋਵੇਂ ਹਥਿਆਰ ਹਨ, ਦੋਵਾਂ ਕੰਮਾਂ ਵਿਚ ਤਾਕਤ ਦੀ ਵਰਤੋਂ ਕੀਤੀ ਗਈ ਏ। ਪਰ ਇਕ ਕੰਮ ਜ਼ੁਲਮ ਭਰਿਆ ਏ, ਇਸ ਲਈ ਉਹ ਤਸ਼ੱਦਦ ਕਿਹਾ ਜਾਵੇਗਾ। ਪਰ ਦੂਜਾ ਕੰਮ ਨੇਕ ਹੈ, ਉਹ ਇਕ ਜ਼ਾਲਮ ਅਤੇ ਜ਼ੋਰਾਵਰ ਦੀ ਹਸਤੀ ਨੂੰ ਗ਼ਲਤ ਅੱਖਰ ਵਾਂਗ ਮਿਟਾ ਕੇ ਲੋਕਾਂ ਤੇ ਪਰਉਪਕਾਰ ਕਰਨਾ ਹੈ ਇਸ ਲਈ ਉਹ ਨੇਕ ਕੰਮ ਸਤਿਕਾਰ-ਯੋਗ ਏ। ਜੇਕਰ ਸਾਡੀ ਵਰਤਮਾਨ ਫਿਲਾਸਫੀ ਅਨੁਸਾਰ ਦੇਖਿਆ ਜਾਵੇ ਤਾਂ ਦੋਵੇਂ ਕੰਮ ਹੀ ਤਸ਼ੱਦਦ ਭਰੇ ਅਤੇ ਘਿਰਣਾ ਯੋਗ ਹੁੰਦੇ ਹਨ। ਲੋਕਾਂ ਨੂੰ ਦੁੱਖ ਦੇਣ ਵਾਲਾ ਜ਼ਾਲਮ ਵੀ ਤਸ਼ੱਦਦੀ ਅਤੇ ਲੋਕਾਂ ਨੂੰ ਜ਼ਾਲਮ ਦੇ ਪੰਜੇ ਤੋਂ ਛੁਟਕਾਰਾ ਦਲਾਉਣ ਵਾਲਾ ਵੀ ਤਸ਼ੱਦਦੀ। ਜੇਕਰ ਸਾਡੇ ਮੁਲਕ ਵਿਚ ਇਹੋ ਹੀ ਹਾਲਤ ਰਹੀ ਤਾਂ ਚੰਗੇ ਮਾੜੇ ਦੀ ਪਰਖ ਕਿਵੇਂ ਹੋ ਸਕੇਗੀ ਅਤੇ ਸਤਿਕਾਰ-ਯੋਗ ਕੰਮਾਂ ਅਤੇ ਘਿਰਣਤ ਕੰਮਾਂ ਦੇ ਫ਼ਰਕ ਦਾ ਕਿੱਦਾਂ ਪਤਾ ਲੱਗੇਗਾ।

ਜੇਕਰ ਇੰਨਾ ਜਾਣ ਲਿਆ ਜਾਵੇ ਕਿ ਤਾਕਤ ਦਾ ਅਯੋਗ ਵਰਤਣਾ ਅਰਥਾਤ ਗਰੀਬਾਂ, ਅਨਾਥਾਂ ਨੂੰ ਸਤਾਣਾ ਤਸ਼ੱਦਦ ਅਖਵਾਂਦਾ ਏ ਅਤੇ ਇਹਨਾਂ ਸਾਰਿਆਂ ਨੂੰ ਰੋਕਣਾ ਚੰਗਾ ਕੰਮ ਖ਼ਿਆਲ ਕੀਤਾ ਜਾਂਦਾ ਏ ਤਾਂ ਸਾਰੇ ਭੁਲੇਖੇ ਦੂਰ ਹੋ ਸਕਦੇ ਹਨ। ਚੋਰ ਡਾਕੂ ਅਤੇ ਖ਼ੂਨੀ, ਜਦੋਂ ਹਥਿਆਰ ਦੀ ਵਰਤੋਂ ਕਰਦੇ ਹਨ ਤਾਂ ਉਹ ਤਸ਼ੱਦਦ ਕਰਦੇ ਹਨ। (That force being aggresively used become Violence)

ਪਰ ਜਦੋਂ ਘਰ ਦਾ ਮਾਲਕ ਸਮਾਂ ਤਾੜ ਕੇ ਉਸ ਡਾਕੂ ਜਾਂ ਖ਼ੂਨੀ ਦੀ ਛਾਤੀ ਵਿਚ ਛੁਰੀ ਖੋਭ ਦਿੰਦਾ ਏ ਜਾਂ ਉਸੇ ਡਾਕੂ ਨੂੰ ਕੋਈ ਨਿਆਂਕਾਰੀ ਹਾਕਮ ਫ਼ਾਂਸੀ ਦੀ ਸਜ਼ਾ ਦਿੰਦਾ ਏ, ਤਾਂ ਉਹ ਚੰਗਾ ਕੰਮ ਹੁੰਦਾ ਏ। ਇਸ ਲਈ ਹਿੰਦੂ ਧਰਮ ਸ਼ਾਸਤਰ ਦੇ ਕਰਤਾ ਮੰਨੂੰ ਲਿਖਦੇ ਹਨ, ਕਿ :

ਜ਼ਾਲਮ, ਖ਼ੂਨੀ, ਗੁਨਾਹੀ ਨੂੰ ਖੁਫ਼ੀਆ ਢੰਗ ਨਾਲ ਜਾਂ ਰੜੇ ਮੈਦਾਨ ਵਿਚ ਲਲਕਾਰ ਕੇ ਜਾਂ ਕਿਸੇ ਹੋਰ ਢੰਗ ਦੁਆਰਾ ਛਾਪਾ ਮਾਰ ਕੇ ਜਾਨੋਂ ਮਾਰ ਦੇਣ ਵਾਲਾ ਦਲੇਰ ਇਨਸਾਨ, ਪਾਪੀ ਜਾਂ ਗੁਨਾਹਗਾਰ ਨਹੀਂ, ਸਗੋਂ ਇਕ ਸਤਕਾਰ-ਯੋਗ ਇਨਸਾਨ ਅਖਵਾਂਦਾ ਏ, ਪੁਰਾਣੇ ਤੋਂ ਪੁਰਾਣੇ ਅਤੇ ਨਵੇਂ ਤੋਂ ਨਵੇਂ ਕਾਨੂੰਨ ਅਨੁਸਾਰ ਆਪਣੀ ਰਖਿਆ ਲਈ ਵਰਤੀ ਗਈ ਤਾਕਤ ਨੂੰ ਕਦੇ ਤਸ਼ੱਦਦ ਦੇ ਨਾਮ ਨਾਲ ਨਹੀਂ ਸੱਦਿਆ ਗਿਆ। ਇਥੋਂ ਤੀਕ ਕਿ ਹਿੰਦ ਦੰਡਾਵਲੀ ਵਿਚ ਵੀ ਉਸ ਨੂੰ (Violence) ਤਸ਼ੱਦਦ ਨਹੀਂ ਆਖਿਆ ਗਿਆ। ਤਸ਼ੱਦਦ ਕਰਨਾ ਸਜ਼ਾ ਦੇ ਯੋਗ ਹੈ, ਪਰ ਆਪਣੀ ਰੱਖਿਆ ਲਈ ਵਰਤੀ ਗਈ ਤਾਕਤ ਕਾਨੂੰਨੀ ਤਾਕਤ ਸਮਝੀ ਜਾਂਦੀ ਏ।

ਠੀਕ ਉਹੀ ਗੱਲ ਰਾਜ ਨੀਤੀ ਦੀ ਏ। ਇਟਲੀ ਉਤੇ ਇਸ ਮੁਲਕ ਦੀ ਮਨਸ਼ਾ ਦੇ ਉਲਟ ਆਸਟ੍ਰੇਰੀਆ ਕੇਵਲ ਤਲਵਾਰ ਦੇ ਜ਼ੋਰ ਨਾਲ ਰਾਜ ਕਰਦਾ ਸੀ। ਇਸ ਲਈ ਉਸਦਾ ਇਟਲੀ ਨੂੰ ਜ਼ਬਰਦਸਤੀ ਅਧੀਨ ਰੱਖਣ ਦਾ ਕੰਮ ਤਸ਼ੱਦਦ ਸੀ, ਘਿਰਣਾ-ਯੋਗ ਅਤੇ ਖ਼ਾਤਮਾ ਕਰਨ ਦੇ ਯੋਗ ਸੀ, ਪਰ ਜਦੋਂ ਗਰੀਬਾਲਡੀ ਅਤੇ ਮੈਜ਼ਿਨੀ ਨੇ ਇਸ ਦੇ ਵਿਰੁੱਧ ਤਲਵਾਰ ਚੁੱਕੀ ਅਤੇ ਉਨ੍ਹਾਂ ਦੀ ਜ਼ਾਲਮ ਬਾਦਸ਼ਾਹੀ ਨੂੰ ਹੇਠਾ ਉਤੇ ਕਰ ਸੁਟਿਆ, ਤਦ ਉਨ੍ਹਾਂ ਦਾ ਇਹ ਕੰਮ ਘਿਰਣਾ



Sri Satguru Jagjit Singh Ji Elibrary NamdhariElibrary@gmail.com

ਯੋਗ ਨਹੀਂ ਸਗੋਂ ਪੂਜਣ-ਯੋਗ ਮੰਨਿਆ ਗਿਆ। ਠੀਕ ਏਹੋ ਗੱਲ ਅਸੀਂ 1857 ਵਿਚ ਹਿੰਦੋਸਤਾਨ ਦੀ ਆਜ਼ਾਦੀ ਲਈ ਹੋਈ ਲੜਾਈ ਬਾਰੇ ਆਖ ਸਕਦੇ ਹਾਂ। ਕਿਉਂਕਿ ਉਹ ਸਾਡੇ ਪਿੱਛੇ ਦੱਸੇ ਅਨੁਸਾਰ ਜ਼ੁਲਮ ਜਾਂ ਤਸ਼ੱਦਦ ਨਹੀਂ ਸੀ। ਇਸ ਲੇਖ ਦੇ ਇਹ ਅਰਥ ਕੱਢਣੇ ਕਿ ਅਸੀਂ ਇਕ ਹਥਿਆਰਬੰਦ ਗ਼ਦਰ ਦੀ ਪ੍ਰੇਰਨਾ ਕਰ ਰਹੇ ਹਾਂ, ਉੱਕਾ ਈ ਝੂਠ ਅਤੇ ਫਜ਼ੂਲ ਹੋਵੇਗਾ। ਅੱਜ ਅਸੀਂ ਹਥਿਆਰਬੰਦ ਗ਼ਦਰ ਕਰਨ ਜਾਂ ਨਾ ਕਰਨ ਦੇ ਬਾਰੇ ਕੁਝ ਨਹੀਂ ਲਿਖਦੇ। ਹਥਿਆਰ ਬੰਦ ਗ਼ਦਰ ਦੀ ਪ੍ਰੋੜ੍ਹਤਾ ਜਾਂ ਵਿਰੋਧਤਾ ਅੱਡੋ ਅੱਡ ਮੁਲਕਾਂ ਦੇ ਅੱਡਰੇ-ਅੱਡਰੇ ਸਮਾਚਾਰਾਂ ਦੇ ਕਾਰਨ ਹੋਇਆ ਕਰਦੀ ਏ। ਜਿਹੜੇ ਲੋਕ ਇਸੇ ਵੇਲੇ ਹਥਿਆਰਬੰਦ ਗ਼ਦਰ ਨੂੰ ਕਠਨ ਜਾਂ ਸਮੇਂ ਤੋਂ ਅਗੇਤਰਾ ਸਮਝਦੇ ਹੋਣ, ਉਹ 'ਤਸ਼ੱਦਦ' ਸ਼ਬਦ ਦਾ ਬਹਾਨਾ ਲੈ ਕੇ ਉਸ ਖ਼ਿਆਲ ਨੂੰ ਹੀ ਛੱਡ ਦੇਣ ਦੇ ਯੋਗ ਨਾ ਬਨਾਉਣ। ਇਸ ਖ਼ਿਆਲ ਨਾਲ ਹੀ ਸ਼ਬਦ ਤਸ਼ੱਦਦ ਦੀ ਉਕਤ ਵਿਆਖਿਆ ਕੀਤੀ ਗਈ ਏ ਤਾਂ ਜੋ ਲੋਕ ਫੇਰ ਵੈਸੀ ਹੀ ਖ਼ਤਰਨਾਕ ਅਤੇ ਨਾ ਸੋਧੀ ਜਾਣ ਵਾਲੀ ਭੁਲ ਨਾ ਕਰਨ।

*("ਸ਼ਰਧਾ ਨੰਦ" ਬੰਬਈ ਵਿਚੋਂ ਅਨੁਵਾਦ)*

* * *

## 37. ਸਤਿਆਗ੍ਰਹਿ ਅਤੇ ਹੜਤਾਲਾਂ

[ਜੂਨ 1928 ਦੇ 'ਕਿਰਤੀ' ਨੇ ਇਨ੍ਹਾਂ ਦੋ ਵਿਸ਼ਿਆਂ 'ਤੇ ਵੀ ਟਿੱਪਣੀਆਂ ਛਪੀਆਂ। ਭਗਤ ਸਿੰਘ 'ਕਿਰਤੀ' ਦੇ ਐਡੀਟੋਰੀਅਲ ਬੋਰਡ 'ਚ ਸਨ। ਕਾਨਪੁਰ ਵਿਦਿਆਰਥੀ ਜੀ ਨਾਲ ਕੰਮ ਕਰ ਚੁਕੇ ਸਨ ਤੇ ਗਹਿਰੇ ਸੰਬੰਧ ਸਨ। ਹਵਾਲਾ ਦੱਸਦਾ ਹੈ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਹੀ ਲਿਖਿਆ ਲੇਖ ਹੈ। ਉਸ ਸਮੇਂ ਦੇ ਉਨ੍ਹਾਂ ਦੇ ਵਿਚਾਰਾਂ ਬਾਰੇ ਕੁਝ ਝਲਕ ਇਨ੍ਹਾਂ ਤੋਂ ਮਿਲ ਸਕਦੀ ਹੈ। ਸੋ ਉਸ ਸਮੇਂ ਦੀ ਕੌਮੀ ਲਹਿਰ ਬਾਰੇ ਵਿਚਾਰ ਪਾਠਕਾਂ ਲਈ ਇਥੇ ਪੇਸ਼ ਹਨ —ਸੰਪਾਦਕ]

1928 ਵਿਚ ਮੁੜ ਹਿੰਦੋਸਤਾਨ ਵਿਚ ਜੀ-ਜਾਨ ਪਈ ਨਜ਼ਰ ਆਉਣ ਲੱਗ ਪਈ ਹੈ। ਇਕ ਪਾਸੇ ਹੜਤਾਲਾਂ ਦਾ ਜ਼ੋਰ ਹੈ ਅਤੇ ਦੂਜੇ ਪਾਸੇ ਸਤਿਆਗ੍ਰਹਿ ਦੀਆਂ ਤਿਆਰੀਆਂ ਹੋ ਰਹੀਆਂ ਹਨ। ਇਹ ਨਿਸ਼ਾਨ ਬੜੇ ਅੱਛੇ ਹਨ। ਸਭ ਤੋਂ ਵੱਡਾ ਸਤਿਆਗ੍ਰਹਿ ਬਾਰਦੋਲੀ (ਸੂਬਾ ਗੁਜਰਾਤ) ਦੇ ਕਿਸਾਨ ਕਰ ਰਹੇ ਹਨ। ਤੀਹਾਂ ਸਾਲਾਂ ਪਿੱਛੋਂ ਬੰਦੋਬਸਤ ਨਵਾਂ ਕੀਤਾ ਜਾਂਦਾ ਹੈ ਤੇ ਹਰ ਵੇਰੀਂ ਜ਼ਮੀਨ ਦਾ ਹਾਲਾ ਵਧਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਐਤਕਾਂ ਵੀ ਬੰਦੋਬਸਤ ਹੋਇਆ ਅਤੇ ਮਾਮਲਾ ਵਧਾ ਦਿੱਤਾ ਗਿਆ। ਲੋਕ ਵਿਚਾਰੇ ਕੀ ਕਰਨ। ਗ਼ਰੀਬ ਕਿਸਾਨ ਤੇ ਪਹਿਲੋਂ ਹੀ ਪੇਟ ਭਰ ਰੋਟੀ ਨਹੀਂ ਖਾ ਸਕਦੇ ਤੇ ਉਹ ਪਹਿਲੋਂ ਨਾਲੋਂ 22 ਫੀਸਦੀ ਵੱਧ ਲਗਾਨ ਕਿਥੋਂ ਦੇਣ? ਸਤਿਆਗ੍ਰਹਿ ਦੀਆਂ ਤਿਆਰੀਆਂ ਕੀਤੀਆਂ ਗਈਆਂ। ਮਹਾਤਮਾ ਗਾਂਧੀ ਜੀ ਨੇ ਲਾਟ ਪੰਜਾਬ ਨਾਲ ਚਿੱਠੀ ਪੱਤਰ ਕਰਕੇ ਮਾਮਲਾ ਘਟਾਉਣ ਦਾ ਯਤਨ ਕੀਤਾ ਸੀ, ਪਰ ਜਨਾਬ ਸਿਰਫ਼ ਚਿੱਠੀ ਪੱਤਰ ਨਾਲ ਸਿਰ ਨੁਔਣ ਵਾਲੀ ਇਹ ਸਰਕਾਰ ਨਹੀਂ। ਕੁਝ ਅਸਰ ਨਾ ਹੋਇਆ। ਸਤਿਆਗ੍ਰਹਿ ਕਰਨਾ ਹੀ ਪਿਆ। ਗੁਜਰਾਤ ਵਿਚ ਪਹਿਲੋਂ ਭੀ ਕ੍ਰਿਸਾਨ ਇਕ ਦੋ ਵੇਰੀਂ ਬੜਾ ਭਾਰੀ ਸਤਿਆਗ੍ਰਹਿ ਕਰਕੇ ਸਰਕਾਰ ਨੂੰ ਹਰਾ ਚੁਕੇ ਹਨ। ਪਹਿਲੋਂ ਪਹਿਲ 1917-18 ਵਿਚ ਮੀਂਹ ਬਹੁਤ ਪੈਣ ਕਰਕੇ ਫ਼ਸਲਾਂ ਖ਼ਰਾਬ ਹੋ ਗਈਆਂ ਅਤੇ ਰੁਪਏ ਵਿਚੋਂ ਚਾਰ ਆਨੇ ਵੀ ਨਾ ਹੋਈਆਂ। ਕਾਨੂੰਨ ਇਹ ਸੀ ਕਿ ਰੁਪਏ ਵਿਚੋਂ ਛੇ ਆਨੇ ਤੋਂ ਘੱਟ ਫ਼ਸਲ ਹੋਣ ਪੁਰ ਉਸ ਸਾਲ ਮਾਮਲਾ ਨਾ ਲਿਆ ਜਾਇਆ ਕਰੂ ਬਲਕਿ ਅਗਲੇ ਵਰ੍ਹੇ ਇਕੱਠਾ ਲੈ ਲਿਆ ਜਾਊ। ਉਸ ਸਾਲ ਜਦੋਂ ਲੋਕਾਂ ਕਿਹਾ ਕਿ ਚਾਰ ਆਨੇ ਦੀ ਫਸਲ ਨਹੀਂ ਹੋਈ ਤਾਂ ਸਰਕਾਰ ਨਹੀਂ ਮੰਨੀ। ਫੇਰ ਮਹਾਤਮਾ ਗਾਂਧੀ ਜੀ ਨੇ ਕੰਮ ਹੱਥ ਲੈ ਲਿਆ। ਇਕ ਸਭਾ ਕੀਤੀ। ਲੋਕਾਂ ਨੂੰ ਦੱਸਿਆ ਕਿ ਜੇ ਤੁਸੀਂ ਲਗਾਨ ਦੇਣੋਂ



Sri Satguru Jagjit Singh Ji Elibrary NamdhariElibrary@gmail.com

ਨਾਂਹ ਕਰੋਂਗੇ ਤੇ ਤੁਹਾਡੀ ਜਾਇਦਾਦ ਜ਼ਬਤ ਹੋ ਜਾਵੇਗੀ। ਕੀ ਤਿਆਰ ਹੋ? ਲੋਕੀਂ ਚੁਪ ਚਾਪ ਬੈਠੇ ਰਹੇ ਜਦੋਂ ਬੰਬਈ ਦੇ ਸਤਿਆਗ੍ਰਹਿ ਲੀਡਰ ਇਸ ਗੱਲ ਤੋਂ ਬੜੇ ਨਾਰਾਜ਼ ਹੋਏ ਅਤੇ ਟੁਰ ਚੱਲੇ। ਪਰ ਫੇਰ ਇਕ ਬੁੱਢਾ ਕਿਸਾਨ ਉਠਿਆ ਅਤੇ ਉਸ ਕਿਹਾ ਕਿ ਅਸੀਂ ਸਭ ਕੁਝ ਸਹਾਂਗੇ ਅਤੇ ਮਗਰੋਂ ਸਾਰੇ ਹੀ ਲੋਕ ਇਹ ਕੁਝ ਕਹਿਣ ਲੱਗ ਪਏ। ਸਤਿਆਗ੍ਰਹਿ ਸ਼ੁਰੂ ਹੋਇਆ। ਸਰਕਾਰ ਨੇ ਵੀ ਜਾਇਦਾਦ ਅਤੇ ਜ਼ਮੀਨਾਂ ਦੀਆਂ ਜ਼ਬਤੀਆਂ ਸ਼ੁਰੂ ਕਰ ਦਿੱਤੀਆਂ। ਪਰ ਦੋ ਕੁ ਮਹੀਨਿਆਂ ਬਾਅਦ ਸਰਕਾਰ ਨੇ ਸਿਰ ਝੁਕਾ ਦਿੱਤਾ ਅਤੇ ਜ਼ਮੀਨਦਾਰਾਂ ਦੀਆਂ ਸ਼ਰਤਾਂ ਮੰਨ ਲਈਆਂ।

ਦੂਜੀ ਵਾਰੀ ਜਦੋਂ ਮਹਾਤਮਾ ਜੀ 1923-24 ਵਿਚ ਜੇਲ੍ਹ ਵਿਚ ਸਨ, ਉਦੋਂ ਸਤਿਆਗ੍ਰਹਿ ਹੋਇਆ। ਪਹਿਲੀ ਵਾਰੀ 600 ਪਿੰਡਾਂ ਨੇ ਹਿੱਸਾ ਲਿਆ ਸੀ। ਇਸ ਵਾਰੀ 94 ਪਿੰਡਾਂ ਦਾ ਲਗਾਨ ਵਧਿਆ ਸੀ ਅਤੇ ਇਨ੍ਹਾਂ ਪਿੰਡਾਂ ਨੇ ਸਤਿਆਗ੍ਰਹਿ ਕੀਤਾ। ਉਨ੍ਹਾਂ ਉੱਤੇ ਤਾਜ਼ੀਰੀ ਟੈਕਸ ਲਗਾਇਆ ਗਿਆ ਸੀ। ਉਥੇ ਕਾਇਦਾ ਸੀ ਕਿ ਸੂਰਜ ਡੁਬੇ 'ਤੇ ਉਹ ਜਾਇਦਾਦ ਕੁਰਕ ਨਹੀਂ ਕਰ ਸਕਦੇ ਸਨ ਅਤੇ ਕਿਸਾਨ ਸਵੇਰੇ ਹੀ ਆਪਣੇ ਆਪਣੇ ਘਰਾਂ ਨੂੰ ਜੰਦੇ ਲਾ ਕੇ ਟੁਰ ਜਾਂਦੇ ਅਤੇ ਪੁਲਿਸ ਨੂੰ ਗਵਾਹ ਤੀਕ ਵੀ ਕੋਈ ਨਹੀਂ ਸੀ ਮਿਲਦਾ। ਆਖਰ ਤੰਗ ਆ ਕੇ ਸਰਕਾਰ ਨੇ ਟੈਕਸ ਵਾਪਸ ਲੈ ਲਿਆ। ਐਤਕੀਂ ਦੀ ਵਾਰ ਬਾਰਦੋਲੀ ਵਿਚ ਸਤਿਆਗ੍ਰਹਿ ਸ਼ੁਰੂ ਹੋਇਆ ਹੈ। ਬਾਰਦੋਲੀ ਵਿਚ ਹੀ 1921-22 ਵਿਚ ਆਜ਼ਾਦੀ ਦੀ ਖ਼ਾਤਰ ਬੜਾ ਭਾਰੀ ਸਤਿਆਗ੍ਰਹਿ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ ਸਨ। ਉਦੋਂ ਕਿਸਮਤ ਦੇ ਖੇਲ ! ਬਣਿਆ ਬਣਾਇਆ ਖੇਲ ਵਿਗੜ ਗਿਆ। ਖ਼ੈਰ ! ਉਹਨਾਂ ਪਿਛਲੀਆਂ ਗੱਲਾਂ ਦਾ ਕੀ ਕਰਨਾ ! ਹੁਣ ਉਸੇ ਇਲਾਕੇ ਦਾ ਬੰਦੋਬਸਤ ਸਰਕਾਰ ਨੇ ਕੀਤਾ। ਵਿਚਾਰੇ ਕਿਸਾਨਾਂ ਦੀ ਮੁਸੀਬਤ, ਚੰਗਾ ਬੰਦੋਬੋਸਤ ਹੋਇਆ। 22 ਫੀਸਦੀ ਲਗਾਨ ਵੱਧ ਗਿਆ। ਬਹੁਤੇਰਾ ਕਿਹਾ ਗਿਆ ਪਰ ਸਰਕਾਰ ਕਦੋਂ ਮੰਨਦੀ ਹੈ। ਸ੍ਰੀ ਵੱਲਭ ਭਾਈ ਪਟੇਲ ਦੀ ਲੀਡਰੀ ਵਿਚ ਕੰਮ ਸ਼ੁਰੂ ਹੋ ਗਿਆ ਅਤੇ ਕਿਸਾਨਾਂ ਨੇ ਹਾਲਾ ਦੇਣ ਤੋਂ ਨਾਂਹ ਕਰ ਦਿੱਤੀ। ਹੁਣ ਜ਼ਬਤੀ ਅਫ਼ਸਰ ਅਤੇ ਸਾਰੇ ਹੀ ਅਫ਼ਸਰ ਬਾਰਦੋਲੀ ਤਅਲੁਕੇ ਵੱਲ ਇਕੱਠੇ ਹੋਏ ਹੋਏ ਹਨ। ਜੋ ਉਨ੍ਹਾਂ ਕੋਲੋਂ ਹੋ ਸਕਦਾ ਹੈ, ਲੋਕਾਂ ਨੂੰ ਗ਼ਲਤ ਰਾਹ 'ਤੇ ਪਾਉਣ ਵਾਸਤੇ ਕਰ ਰਹੇ ਹਨ। ਜਾਇਦਾਦਾਂ ਜ਼ਬਤ ਕਰੀ ਜਾਂਦੇ ਹਨ। ਜ਼ਮੀਨਾਂ ਜ਼ਬਤ ਕਰਨ ਦੇ ਹੁਕਮ ਜਾਰੀ ਕਰ ਰਹੇ ਹਨ ਪਰ ਮਾਲ ਅਸਬਾਬ ਚੁੱਕਣ ਨੂੰ ਬੰਦੇ ਨਹੀਂ ਲੱਭਦੇ। ਐਸੇ ਵੇਲੇ ਉਥੇ ਕੰਮ ਬੜੇ ਜ਼ੋਰਾਂ 'ਤੇ ਹੈ। ਪਰ ਇਕ ਮਜ਼ੇ ਦੀ ਗੱਲ ਇਹ ਹੈ ਕਿ ਸਾਰਾ ਕੰਮ ਬੜੀ ਸ਼ਾਂਤੀ ਨਾਲ ਹੋ ਰਿਹਾ ਹੈ। ਉਹ ਅਫ਼ਸਰ ਜਿਹੜੇ ਲੋਕਾਂ ਨੂੰ ਤੰਗ ਕਰਨ ਵਾਸਤੇ ਆਏ ਹੋਏ ਹਨ, ਉਨ੍ਹਾਂ ਨਾਲ ਬੜੀ ਮੁਹੱਬਤ ਦਾ ਸਲੂਕ ਕੀਤਾ ਜਾਂਦਾ ਹੈ। ਪਹਿਲੋਂ ਉਨ੍ਹਾਂ ਨੂੰ ਰੋਟੀ ਪਾਣੀ ਨਹੀਂ ਸੀ ਮਿਲਦਾ। ਹੁਣ ਪਟੇਲ ਹੋਰਾਂ ਕਿਹਾ ਕਿ "ਨਾ, ਉਨ੍ਹਾਂ ਨੂੰ ਰੋਟੀ ਪਾਣੀ ਜ਼ਰੂਰ ਦੇ ਦਿਆ ਕਰੋ।" ਇਕ ਦਿਨ ਇਕ ਸ਼ਰਾਬ ਦੀ ਦੁਕਾਨ ਤੋਂ ਚਾਰ ਪੀਪੇ ਕੁਰਕ ਕੀਤੇ ਗਏ। ਪਰ ਚੁੱਕਣ ਵਾਲਾ ਕੋਈ ਨਾ ਲੱਭਾ। ਜਦੋਂ ਅਫ਼ਸਰ ਨੇ ਕਿਹਾ, "ਬੜੀ ਪਿਆਸ ਲੱਗੀ ਹੋਈ ਹੈ, ਪਾਣੀ ਤਾਂ ਦਿਉ।" ਝੱਟ ਪੱਟ ਇਕ ਸੇਵਾਦਾਰ ਸਤਿਆਗ੍ਰਹਿ ਨੇ ਸੋਡੇ ਦੀ ਬੋਤਲ ਲਿਆ ਪਿਆਈ। ਇਸ ਤਰ੍ਹਾਂ ਬੜੇ ਜ਼ੋਰਾਂ ਨਾਲ ਪੂਰੀ ਸ਼ਾਂਤੀ ਨਾਲ ਕੰਮ ਚਲ ਰਿਹਾ ਹੈ। ਬੜੀ ਆਸ਼ਾ ਹੈ ਕਿ ਆਖ਼ਰ ਸਰਕਾਰ ਨੂੰ ਸਿਰ ਝੁਕਾਉਣਾ ਪਵੇਗਾ।

ਦੂਜੀ ਜਗ੍ਹਾ ਕਾਨਪੁਰ ਹੈ ਜਿਥੇ ਕਿ ਸਤਿਆਗ੍ਰਹਿ ਹੋਣ ਵਾਲਾ ਹੈ। ਪਿਛੇ ਜਿਹੇ ਕਾਨਪੁਰ ਹਿੰਦੂ ਮੁਸਲਮ ਫਸਾਦ ਹੋਇਆ। ਪਿਛੋਂ ਤਾਜ਼ੀਰੀ ਪੁਲਿਸ ਬਠਾਲੀ ਗਈ। ਕੁਝ ਦਿਨ ਹੋਏ ਹਨ ਕਿ ਕਾਨਪੁਰ ਦੇ ਮੈਂਬਰ ਕੌਂਸਲ ਸ੍ਰੀ ਗਣੇਸ਼ ਸ਼ੰਕਰ ਜੀ ਵਿਦਿਯਾਰਥੀ ਐਡੀਟਰ ਪ੍ਰਤਾਪ ਕਾਨਪੁਰ ਨੂੰ ਇਕ ਚਿੱਠੀ ਮੈਜਿਸਟ੍ਰੇਟ ਦੀ ਆਈ ਕਿ ਆਪਣੇ ਦਫ਼ਤਰ ਦੇ ਸਭਨਾਂ ਮੁਲਾਜਿਮਾਂ ਦੀ ਫਹਿਰਿਸਤ ਤੇ ਉਨ੍ਹਾਂ ਦੀ ਨੌਕਰੀ ਜਾਂ ਤਨਖਾਹ ਲਿਖ ਕੇ ਘੱਲੋ ਕਿਉਂਕਿ ਤਾਜ਼ੀਰੀ ਟੈਕਸ ਵਸੂਲ



Sri Satguru Jagjit Singh Ji Elibrary NamdhariElibrary@gmail.com

ਕਰਨਾ ਹੈ। ਪਰ ਵਿਦਿਯਾਰਥੀ ਜੀ ਨੇ ਲਿਖ ਘੱਲਿਆ ਕਿ ਮੈਂ ਕੋਈ ਟੈਕਸ ਦੇਣ ਨੂੰ ਤਿਆਰ ਨਹੀਂ ਅਤੇ ਨਾ ਹੀ ਇਸ ਕੰਮ ਵਿਚ ਕੋਈ ਸਹਾਇਤਾ ਕਰਨ ਨੂੰ ਤਿਆਰ ਹਾਂ। ਕਿਉਂਕਿ ਫਸਾਦ ਪੁਲਿਸ ਨੇ ਕਰਵਾਇਆ ਸੀ, ਸਾਨੂੰ ਉਸ ਦਾ ਜੁਰਮਾਨਾ ਨਹੀਂ ਹੋਣਾ ਚਾਹੀਦਾ। ਲੋਕਾਂ ਵਿਦਿਯਾਰਥੀ ਜੀ ਨੂੰ ਕਿਹਾ ਕਿ ਅਸੀਂ ਕੀ ਕਰੀਏ। ਆਪ ਨੇ ਕਿਹਾ ਕਿ ਮੁਸੀਬਤ ਆ ਜਾਵੇਗੀ, ਨੁਕਸਾਨ ਵਧੇਰੇ ਹੋਵੇਗਾ। ਪਰ ਇਹ ਜ਼ਾਲਿਮਾਨਾ ਟੈਕਸ ਨਹੀਂ ਦੇਣਾ ਚਾਹੀਦਾ। ਜਲਸੇ ਹੋਏ। 7000 ਆਦਮੀਆਂ ਨੇ ਟੈਕਸ ਨਾ ਦੇਣ ਦੇ ਦਸਤਖ਼ਤ ਕਰਕੇ ਕਾਗਜ਼ ਸਰਕਾਰ ਪਾਸ ਘੱਲ ਦਿੱਤੇ। ਤਿਆਰੀਆਂ ਹੋ ਰਹੀਆਂ ਹਨ। ਤੀਜੀ ਜਗ੍ਹਾ ਮੇਰਠ ਹੈ। ਉਥੇ ਵੀ ਬੰਦੋਬਸਤ ਹੋਇਆ ਅਤੇ ਮਾਮਲਾ ਵੱਧ ਗਿਆ। ਉਥੇ ਵੀ ਸਤਿਆਗ੍ਰਹਿ ਦਾ ਐਲਾਨ ਕਰ ਦਿੱਤਾ ਗਿਆ ਹੈ।

ਪੰਜਾਬ ਵਿਚ ਵੀ ਕੁਝ ਕੁ ਇਹੋ ਜਿਹੀਆਂ ਗੱਲਾਂ ਨਜ਼ਰ ਆਉਂਦੀਆਂ ਹਨ। ਸ਼ੇਖੂਪੁਰ ਅਤੇ ਲਾਹੌਰ ਜ਼ਿਲੇ ਵਿਚ ਗੜੇ (ਔਹਣ) ਪੈਣ ਕਰਕੇ ਫ਼ਸਲਾਂ ਤਬਾਹ ਹੋ ਗਈਆਂ ਹਨ। ਦਾਣਾ ਕੁਝ ਵੀ ਨਹੀਂ ਹੋਇਆ, ਤੇ ਹਾਲੇ ਕਿਵੇਂ ਦਿੱਤੇ ਜਾਣ? ਪਰ ਇਥੋਂ ਦੇ ਸਿਆਣੇ ਸਿਆਣੇ ਆਦਮੀ ਹੋਰ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, "ਕਾਂਗਰਸ ਦੇ 'ਬਦਨਾਮ' ਆਦਮੀ ਉਨ੍ਹਾਂ ਜੱਟਾਂ ਵਿਚ ਲੈਕਚਰ ਨਾ ਦੇਣ ਕਿਧਰੇ ਸਰਕਾਰ ਨਾਰਾਜ਼ ਨਾ ਹੋ ਜਾਵੇ।" ਇਹੋ ਜਿਹੀਆਂ ਗੱਲਾਂ ਹੋ ਰਹੀਆਂ ਹਨ। ਪਰ ਉਨ੍ਹਾਂ ਨੂੰ ਖ਼ੂਬ ਯਾਦ ਰੱਖਣਾ ਚਾਹੀਦਾ ਹੈ ਕਿ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਦੇ। ਅੰਗਰੇਜ਼ ਪੈਸੇ ਦੇ ਪੀਰ ਤੇ ਉਮੀਦ ਇਹ ਕੀਤੀ ਜਾਵੇ ਕਿ ਆਪੇ ਮਾਮਲਾ ਮਾਫ਼ ਕਰ ਦੇਣਗੇ, ਇਹ ਭਰਮ ਹਾਲੇ ਕਿੰਨਾ ਕੁ ਚਿਰ ਰਹਿਣਾ ਹੈ?

* * *

## 38. ਹੜਤਾਲਾਂ ।

*—ਜੂਨ, 1928—ਕਿਰਤੀ*

ਉਧਰ ਸਤਿਆਗ੍ਰਹਿ ਦੀ ਧੂਮਧਾਮ ਹੈ ਤੇ ਇਧਰ ਹੜਤਾਲਾਂ ਦਾ ਵੀ ਕੁਝ ਘੱਟ ਜ਼ੋਰ ਨਹੀਂ। ਬੜੀ ਖ਼ੁਸ਼ੀ ਤੇ ਇਸ ਗੱਲ ਦੀ ਹੈ ਕਿ ਦੇਸ਼ ਵਿਚ ਮੁੜ ਕੇ ਆਉਣ ਵਾਲੀ ਬੜੀ ਭਾਰੀ ਤਹਿਰੀਕ ਤੇ ਅਸਰ ਰਹੇਗਾ। ਅਸਲ ਵਿਚ ਤੇ ਇਹ ਹੀ ਲੋਕੀਂ ਹਨ ਕਿ ਜਿਨ੍ਹਾਂ ਨੂੰ ਆਜ਼ਾਦੀ ਦੀ ਲੋੜ ਹੈ। ਕਿਸਾਨ ਅਤੇ ਮਜ਼ਦੂਰ ਰੋਟੀ ਚਾਹੁੰਦੇ ਹਨ ਅਤੇ ਉਨ੍ਹਾਂ ਦੀ ਰੋਟੀ ਦਾ ਸਵਾਲ ਤਦੋਂ ਤਕ ਹੱਲ ਨਹੀਂ ਹੋ ਸਕਦਾ। ਜਦੋਂ ਤੀਕ ਕਿ ਇਥੇ ਪੂਰਨ ਆਜ਼ਾਦੀ ਨਾ ਹੋ ਜਾਵੇ। ਓਹ ਗੋਲ ਮੇਜ਼ ਕਾਨਫਰੰਸ ਜਾਂ ਐਸੀ ਹੀ ਕਿਸੇ ਗੱਲ ਤੇ ਨਹੀਂ ਰੁਕ ਸਕਦੇ। ਖ਼ੈਰ !

ਅੱਜ ਕੱਲ ਲਿਲੂਆਂ ਰੇਲਵੇ ਵਰਕਸ਼ਾਪ ਟਾਟਾ ਦੇ ਜਮਸ਼ੇਦਪੁਰ ਮਿੱਲਜ਼, ਜਮਸ਼ੇਦਪੁਰ ਸ਼ਹਿਰ ਦੇ ਭੰਗੀਆਂ ਅਤੇ ਬੰਬਈ ਦੇ ਕੱਪੜੇ ਦੀਆਂ ਮਿੱਲਾਂ ਵਿਚ ਹੜਤਾਲ ਹੋ ਗਈ ਹੈ। ਅਸਲ ਵਿਚ ਤਾਂ ਮੋਟੀਆਂ-ਮੋਟੀਆਂ ਸ਼ਿਕਾਇਤਾਂ ਸਭਨਾਂ ਦੀਆਂ ਇਕੋ ਹੁੰਦੀਆਂ ਹਨ, ਤਨਖ਼ਾਹ ਘੱਟ, ਕੰਮ ਜ਼ਿਆਦਾ ਅਤੇ ਸਲੂਕ ਬੁਰਾ, ਇਸ ਹਾਲਤ ਵਿਚ ਗਰੀਬ ਮਜ਼ਦੂਰ ਜਿਵੇਂ ਕਿਵੇਂ ਗੁਜ਼ਾਰਾ ਤੇ ਕਰਦੇ ਹਨ, ਪਰ ਆਖਰ ਅਸਹਿ ਹੋ ਜਾਂਦਾ ਹੈ। ਅੱਜ ਬੰਬਈ ਵਿਚ ਡੇਢ ਤੋਂ ਲੱਖ ਆਦਮੀ ਹੜਤਾਲ ਕਰੀ ਬੈਠੇ ਹਨ। ਸਿਰਫ ਇਕ ਮਿੱਲ ਚਲਦੀ ਹੈ। ਗੱਲ ਇਹ ਸੀ ਕਿ ਹੁਣ ਨਵੇਂ ਕਰਘੇ ਆਏ ਹਨ, ਜਿਸ ਵਿਚ ਇਕ ਆਦਮੀ ਨੂੰ ਦੋਵੇਂ ਕਰਘਿਆਂ 'ਤੇ ਕੰਮ ਕਰਨਾ ਪੈਂਦਾ ਹੈ ਅਤੇ ਮੇਹਨਤ ਜ਼ਿਆਦਾ ਕਰਨੀ ਪੈਂਦੀ ਹੈ। ਇਸ 'ਤੇ ਕੰਮ ਕਰਨ ਵਾਲਿਆਂ ਦੀ ਤਨਖਾਹ ਖਾਸ ਤੌਰ 'ਤੇ ਵਧਾਉਣ ਦਾ ਜ਼ੋਰ ਅਤੇ ਬਾਕੀ ਆਮ ਮਜ਼ਦੂਰਾਂ ਦੀ ਤਨਖਾਹ ਵਧਾਉਣ ਅਤੇ 8 ਘੰਟੇ ਤੋਂ ਵਧੀਕ ਕੰਮ ਨਾ ਲੈ ਸਕਣ ਤੇ ਕੁਝ ਕੁ ਸਲੂਕ ਸਬੰਧੀ ਸ਼ਰਤਾਂ ਪੇਸ਼ ਕੀਤੀਆਂ ਗਈਆਂ ਹਨ। ਐਸੇ ਵੇਲੇ ਹੜਤਾਲ ਦਾ ਬੜਾ ਜ਼ੋਰ ਹੈ। ਜਮਸ਼ੇਦਪੁਰ ਮਿੱਲ ਦੇ ਕੰਮ ਕਰਨ ਵਾਲਿਆਂ ਦੀਆਂ



Sri Satguru Jagjit Singh Ji Elibrary NamdhariElibrary@gmail.com

ਵੀ ਕੁਝ ਅਜਿਹੀਆਂ ਹੀ ਸ਼ਰਤਾਂ ਹਨ। ਉੱਥੇ ਵੀ ਹੜਤਾਲ ਵਧਦੀ ਜਾ ਰਹੀ ਹੈ, ਭੰਗੀ ਆਪਣੀ ਹੜਤਾਲ ਕਰੀ ਬੈਠੇ ਹਨ ਅਤੇ ਸ਼ਹਿਰ ਦਾ ਨੱਕ ਵਿਚ ਦਮ ਹੋਇਆ ਹੋਇਆ ਹੈ। ਸਭ ਤੋਂ ਵਧੀਕ ਸੇਵਾ ਕਰਨ ਵਾਲੇ ਭਰਾਵਾਂ ਨੂੰ ਅਸੀਂ ਭੰਗੀ-ਭੰਗੀ ਕਹਿ ਕੇ ਤੇ ਨੇੜੇ ਨਾ ਆਉਣ ਦਈਏ ਅਤੇ ਉਸ ਦੀ ਗਰੀਬੀ ਦਾ ਫਾਇਦਾ ਉਠਾ ਕੇ ਥੋੜ੍ਹੇ ਜਿਹੇ ਪੈਸੇ ਦੇ ਕੇ ਕੰਮ ਕਰਾਉਂਦੇ ਰਹੀਏ ਤੇ ਵੰਗਾਰ ਵਿਚ ਵੀ ਘਸੀਟੀ ਫਿਰੀਏ। ਖ਼ੂਬ ! ਆਖ਼ਿਰ ਉਨ੍ਹਾਂ ਵੀ ਉਠਣਾ ਹੀ ਸੀ। ਉਹ ਤਾਂ ਲੋਕਾਂ ਨੂੰ ਖਾਸ ਕਰਕੇ ਸਹਿਰਾਂ ਵਿਚ ਦੋ ਦਿਨਾਂ ਵਿਚ ਸਿੱਧੇ ਰਾਹ 'ਤੇ ਲਿਆ ਸਕਦੇ ਹਨ। ਉਨ੍ਹਾਂ ਦਾ ਉਠਣਾ ਇਕ ਬੜੀ ਖੁਸ਼ੀ ਦੀ ਗੱਲ ਹੈ। ਲਿਲੂਆਂ ਵਰਕਸ਼ਾਪ ਵਿਚ ਕੁਝ ਕੁ ਆਦਮੀ ਕੱਢ ਦਿੱਤੇ ਗਏ ਸਨ ਅਤੇ ਤਨਖਾਹਵਾਂ ਦਾ ਵੀ ਕੁਝ ਕੁ ਰੇੜਕਾ ਪਿਆ ਹੋਇਆ ਸੀ। ਇਸ ਕਰਕੇ ਹੜਤਾਲ ਹੋ ਗਈ। ਮਗਰੋਂ ਐਲਾਨ ਹੋ ਗਿਆ ਕਿ ਕਈ ਹਜ਼ਾਰ ਆਦਮੀਆਂ ਦਾ ਕੰਮ ਉਕਾ ਹੀ ਬੰਦ ਕਰ ਦਿੱਤਾ ਜਾਵੇਗਾ ਅਤੇ ਹੜਤਾਲ ਮੁੱਕਣ 'ਤੇ ਵੀ ਉਨ੍ਹਾਂ ਨੂੰ ਕੰਮ ਨਾ ਲਾਇਆ ਜਾਵੇਗਾ। ਇਸ ਨਾਲ ਬੜੀ ਸਨਸਨੀ ਫੈਲੀ। ਪਰ ਹੜਤਾਲ ਜ਼ੋਰਾਂ 'ਤੇ ਹੈ। ਸ੍ਰੀ ਸਪ੍ਰੇਟ ਆਦਿਕ ਸੱਜਣ ਖ਼ੂਬ ਕੰਮ ਕਰ ਰਹੇ ਹਨ। ਲੋਕਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਹਰ ਤਰ੍ਹਾਂ ਸਹਾਇਤਾ ਕਰਨ ਅਤੇ ਉਨ੍ਹਾਂ ਦੀ ਹੜਤਾਲ ਤੁੜਾਉਣ ਦੀ ਜੋ ਤਿਆਰੀ ਹੋ ਰਹੀ ਹੈ ਉਹ ਬੰਦ ਕਰਵਾਈ ਜਾਵੇ। ਅਸੀਂ ਚਾਹੁੰਦੇ ਹਾਂ ਕਿ ਸਾਰੇ ਕਿਰਤੀ ਤੇ ਕਿਸਾਨ ਜਥੇਬੰਦ ਹੋਣ ਅਤੇ ਆਪਣੇ ਹੱਕਾਂ ਵਾਸਤੇ ਯਤਨ ਕਰਨ।

* * *

## 39. ਵਿਦਿਆਰਥੀ ਤੇ ਪਾਲੇਟਿਕਸ

*—ਜੁਲਾਈ, 1928*

[ਇਸ ਅਹਿਮ ਰਾਜਨੀਤਿਕ ਮਸਲੇ 'ਤੇ ਜੁਲਾਈ, 1928 ਵਿਚ ਇਹ ਲੇਖ 'ਕਿਰਤੀ' ਵਿਚ ਛਪਿਆ ਸੀ। ਸਮੇਂ ਦੇ ਕਈ ਲੀਡਰ, ਵਿਦਿਆਰਥੀਆਂ ਨੂੰ ਰਾਜਨੀਤੀ ਵਿਚ ਹਿੱਸਾ ਨਾ ਲੈਣ ਲਈ ਸਲਾਹਾਂ ਦਿੰਦੇ ਸਨ, ਜਿਸ ਦੇ ਜਵਾਬ ਵਿਚ ਇਹ ਲੇਖ ਬਹੁਤ ਅਹਿਮ ਹੈ। ਸੰਪਾਦਕੀ ਵਿਚਾਰਾਂ ਦੇ ਵਿਚ ਛਪਿਆ ਸੀ, ਭਗਤ ਸਿੰਘ ਦੀ ਕਲਮ ਤੋਂ ਹੋ ਸਕਦਾ ਹੈ —ਸੰਪਾਦਕ]

ਬੜਾ ਭਾਰੀ ਰੌਲਾ ਇਸ ਗੱਲ ਦਾ ਸੁਣਿਆ ਜਾ ਰਿਹਾ ਹੈ ਕਿ ਪੜ੍ਹਨ ਵਾਲੇ ਨੌਜਵਾਨ (ਵਿਦਿਆਰਥੀ) ਰਾਜਸੀ ਜਾਂ ਪਾਲੇਟਿਕਸ ਕੰਮ ਵਿਚ ਹਿੱਸਾ ਨਾ ਲੈਣ। ਪੰਜਾਬ ਗੌਰਮਿੰਟ ਦਾ ਰੱਬ ਖਿਲਕੁਲ ਹੀ ਨਿਆਰਾ ਹੈ। ਵਿਦਿਆਰਥੀਆਂ ਕੋਲੋਂ ਕਾਲਜਾਂ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਇਸ ਮਤਲਬ ਦੀ ਸ਼ਰਤ ਉਪਰ ਦਸਖ਼ਤ ਕਰਾਏ ਜਾਂਦੇ ਹਨ ਕਿ ਉਹ ਪਾਲੇਟਿਕਸ ਕੰਮਾਂ ਵਿਚ ਹਿੱਸਾ ਨਾ ਲੈਣ। ਅੱਗੋ ਤਕਦੀਰ ਸਾਡੀ ਫੁੱਟੀ ਹੋਈ, ਲੋਕਾਂ ਵਿਚ ਚੁਣਿਆ ਹੋਇਆ ਮਨੋਹਰ ਲਾਲ, ਜੋ ਕਿ ਹੁਣ ਵਜ਼ੀਰ ਤਾਲੀਮ (ਵਿਦਿਆ ਮੰਤਰੀ) ਬਣਿਆ ਹੋਇਆ ਹੈ, ਸਕੂਲਾਂ ਕਾਲਜਾਂ ਦੇ ਨਾਮ ਇਕ ਸਰਕੂਲਰ ਜਾਂ ਗਸਤੀ ਚਿੱਠੀ ਭੇਜਦਾ ਹੈ ਕਿ ਕੋਈ ਪੜ੍ਹਨ ਅਤੇ ਪੜ੍ਹਾਉਣ ਵਾਲਾ ਪਾਲੇਟਿਕਸ ਵਿਚ ਹਿੱਸਾ ਨਾ ਲੈ ਸਕੇ। ਕੁਝ ਦਿਨ ਹੋਏ ਹਨ ਜਦੋਂ ਕਿ ਲਾਹੌਰ ਵਿਚ ਸਟੂਡੇਂਟਸ ਯੂਨੀਅਨ ਜਾਂ ਵਿਦਿਆਰਥੀ ਸਭਾ ਵੱਲੋਂ ਵਿਦਿਆਰਥੀ ਹਫ਼ਤਾ ਮਨਾਇਆ ਜਾ ਰਿਹਾ ਸੀ, ਉਥੇ ਵੀ ਸਰ ਅਬਦੁਲ ਕਾਦਰ ਅਤੇ ਸ੍ਰੀਮਤੀ ਪ੍ਰੋਫੈਸਰ ਈਸਵਰ ਚੰਦਰ ਨੰਦਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਵਿਦਿਆਰਥੀਆਂ ਨੂੰ ਪਾਲੇਟਿਕਸ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ।

ਪੰਜਾਬ ਰਾਜਸੀ ਮੈਦਾਨ ਵਿਚ ਸਭ ਤੋਂ ਨਖਿੱਧ (Politically backward) ਕਹਾਉਂਦਾ ਹੈ।

ਇਸ ਦੀ ਕੀ ਵਜ੍ਹਾ ਹੈ ? ਕੀ ਪੰਜਾਬ ਨੇ ਕੁਰਬਾਨੀਆਂ ਘੱਟ ਦਿੱਤੀਆਂ ਹਨ ? ਕੀ ਪੰਜਾਬ ਨੇ ਮੁਸੀਬਤਾਂ ਘੱਟ ਝੱਲੀਆਂ ਹਨ ? ਫਿਰ ਵੀ ਇਸ ਦੀ ਵਜ੍ਹਾ ਸਾਫ਼ ਹੈ ਕਿ ਸਾਡੇ ਤਾਲੀਮ ਯਾਫ਼ਤਾ



Sri Satguru Jagjit Singh Ji Elibrary NamdhariElibrary@gmail.com

(ਵਿਦਿਆ ਮਹਿਕਮੇ ਦੇ ਅਧਿਕਾਰੀ) ਲੋਕੀਂ ਬਿਲਕੁਲ ਹੀ ਬੁੱਧੂ ਹਨ। ਅੱਜ ਪੰਜਾਬ ਕੌਂਸਲ ਦੀ ਕਾਰਵਾਈ ਪੜ੍ਹ ਕੇ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਲੱਗਦਾ ਹੈ। ਇਸ ਦਾ ਕਾਰਨ ਇਹੋ ਹੀ ਹੈ ਕਿ ਸਾਡੀ ਤਾਲੀਮ (ਵਿਦਿਆ) ਨਿਕੰਮੀ ਹੁੰਦੀ ਹੈ ਅਤੇ ਫਜ਼ੂਲ ਹੁੰਦੀ ਹੈ ਅਤੇ ਵਿਦਿਆਰਥੀ-ਦੁਨੀਆ ਨੂੰ ਛੱਡ ਕੇ ਆਪਣੇ ਮੁਲਕ ਦੀਆਂ ਗੱਲਾਂ ਵਿਚ ਹਿੱਸਾ ਨਹੀਂ ਲੈਂਦੇ। ਉਨ੍ਹਾਂ ਨੂੰ ਇਸ ਦੇ ਸਬੰਧ ਵਿਚ ਕੁਝ ਵੀ ਗਿਆਨ ਨਹੀਂ ਹੁੰਦਾ। ਜਦੋਂ ਪੜ੍ਹ ਕੇ ਨਿਕਲਦੇ ਹਨ ਤਦੋਂ ਉਨ੍ਹਾਂ ਵਿਚੋਂ ਹੀ ਕੁਝ ਅਗਾਂਹ ਵੱਧਦੇ ਹਨ ਪਰ ਉਹ ਐਸੀਆਂ ਕੱਚੀਆਂ-ਕੱਚੀਆਂ ਗੱਲਾਂ ਕਰਦੇ ਹਨ ਕਿ ਸੁਣ ਕੇ ਆਪ ਹੀ ਅਫਸੋਸ ਕਰਨ ਬਹਿ ਜਾਣ ਤੋਂ ਸਿਵਾਏ ਕੋਈ ਚਾਰਾ ਨਹੀਂ ਹੁੰਦਾ। ਜਿਨ੍ਹਾਂ ਨੌਜਵਾਨਾਂ ਨੇ ਕੱਲ੍ਹ ਨੂੰ ਮੁਲਕ ਦੀ ਵਾਗਡੋਰ ਹੱਥ ਵਿਚ ਲੈਣੀ ਹੈ ਉਨ੍ਹਾਂ ਨੂੰ ਹੀ ਅੱਜ ਅਕਲ ਦੇ ਅੰਨ੍ਹੇ ਬਣਾਏ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਜੋ ਨਤੀਜਾ ਨਿਕਲੇਗਾ, ਉਹ ਸਾਨੂੰ ਆਪ ਹੀ ਸਮਝ ਜਾਣਾ ਚਾਹੀਦਾ ਹੈ। ਇਹ ਅਸੀਂ ਮੰਨਦੇ ਹਾਂ ਕਿ ਵਿਦਿਆਰਥੀ ਦਾ ਮੁੱਖ ਕੰਮ ਵਿਦਿਆ ਪੜ੍ਹਨਾ ਹੈ। ਉਸ ਨੂੰ ਆਪਣੀ ਸਾਰੀ ਤਵੱਜੋਂ ਉਸ ਪਾਸੇ ਵੱਲ ਲਾ ਦੇਣੀ ਚਾਹੀਦੀ ਹੈ। ਪਰ ਕੀ ਦੇਸ਼ ਦੇ ਹਾਲਾਤ ਦਾ ਗਿਆਨ, ਅਤੇ ਉਨ੍ਹਾਂ ਦੇ ਸੁਧਾਰ ਤੇ ਉਪਾਅ ਸੋਚਣ ਦੀ ਯੋਗਤਾ ਪੈਦਾ ਕਰਨਾ ਉਸੇ ਵਿਦਿਆ ਵਿਚ ਸ਼ਾਮਲ ਨਹੀਂ ? ਜੇ ਨਹੀਂ ਤਾਂ ਅਸੀਂ ਉਸ ਵਿਦਿਆ ਨੂੰ ਵੀ ਨਿਕੰਮਾ ਸਮਝਦੇ ਹਾਂ ਜਿਹੜੀ ਕਿ ਕੇਵਲ ਕਲਰਕੀ ਕਰਨ ਵਾਸਤੇ ਹੀ ਹਾਸਲ ਕੀਤੀ ਜਾਵੇ। ਐਸੀ ਵਿਦਿਆ ਦੀ ਲੋੜ ਹੀ ਕੀ ਹੈ। ਕੁਝ ਜ਼ਿਆਦਾ ਚਲਾਕ ਆਦਮੀ ਇਹ ਕਹਿੰਦੇ ਹਨ।

"ਕਾਕਾ ਤੁਸੀਂ ਪਾਲੇਟਿਕਸ ਦੇ ਮੁਤੱਅਲਕ ਪੜ੍ਹੋ ਅਤੇ ਸੋਚੋ ਤੇ ਜ਼ਰੂਰ, ਪਰ ਕੋਈ ਅਮਲੀ ਹਿੱਸਾ ਨਾ ਲਵੋ ਕਿਉਂਕਿ ਤੁਸੀਂ ਜ਼ਿਆਦਾ ਲਾਇਕ ਹੋ ਕੇ ਦੇਸ਼ ਵਾਸਤੇ ਫ਼ਾਇਦੇਮੰਦ ਸਾਬਤ ਹੋਵੋਗੇ।"

ਗੱਲ ਬੜੀ ਸੋਹਣੀ ਲੱਗਦੀ ਹੈ ਪਰ ਅਸੀਂ ਇਸ ਨੂੰ ਵੀ ਦੱਸਦੇ ਹਾਂ ਕਿ ਇਹ ਵੀ ਕੇਵਲ ਉਪਰੀ ਉਪਰੀ ਹੀ ਗੱਲ ਹੈ। ਇਸ ਗੱਲ ਤੋਂ ਇਹ ਸਾਫ਼ ਜ਼ਾਹਿਰ ਹੋ ਜਾਂਦਾ ਹੈ ਕਿ ਇਕ ਦਿਨ ਵਿਦਿਆਰਥੀ ਇਕ ਕਿਤਾਬ ("Apeal to the young" Peter Kropotkin) ਨੌਜਵਾਨਾਂ ਦੇ ਨਾਮ ਅਪੀਲ ਵੱਲੋਂ ਕਰੋਪਟਕਿਨ ਪੜ੍ਹ ਰਿਹਾ ਸੀ। ਇਕ ਪ੍ਰੋਫ਼ੈਸਰ ਸਾਹਿਬ ਕਹਿਣ ਲੱਗੇ, ਇਹ ਕੀ ਕਿਤਾਬ ਹੈ ? ਅਤੇ ਇਹ ਤਾਂ ਕਿਸੇ ਬੰਗਾਲੀ ਦਾ ਨਾਮ ਜਾਪਦਾ ਹੈ। ਮੁੰਡਾ ਹੱਸ ਪਿਆ। ਪਰਿੰਸ ਕਰੋਪਟਕਿਨ ਦਾ ਨਾਮ ਬੜਾ ਪ੍ਰਸਿੱਧ ਹੈ। ਉਹ ਅਰਥ-ਸ਼ਾਸਤਰ ਦੇ ਵਿਸ਼ੇ ਦੇ ਵਿਦਵਾਨ ਸਨ। ਆਪ ਦੇ ਨਾਮ ਤੋਂ ਵਾਕਿਫ ਹੋਣਾ ਹਰ ਇਕ ਪ੍ਰੋਫ਼ੈਸਰ ਨੂੰ ਤੇ ਬੜਾ ਜ਼ਰੂਰੀ ਸੀ। ਪਰ ਪ੍ਰੋਫ਼ੈਸਰ ਦੀ ਲਿਆਕਤ 'ਤੇ ਮੁੰਡਾ ਹੱਸ ਪਿਆ ਤੇ ਉਸ ਕਿਹਾ : ਕਿ ਜੀ ਇਹ ਰੂਸੀ ਸੱਜਣ ਸਨ।

ਬਸ। "ਰੂਸੀ" ? ਹੋਇਆ ਕਹਿਰ ! ਝੱਟ ਪ੍ਰੋਫ਼ੈਸਰ ਨੇ ਕਹਿ ਦਿੱਤਾ ਕਿ "ਤੂੰ ਬਾਲਸ਼ਿਵਕ ਹੈਂ, ਕਿਉਂਕਿ ਤੂੰ ਪੁਲੀਟੀਕਲ ਕਿਤਾਬਾਂ ਪੜ੍ਹਦਾ ਹੈਂ।" ਦੇਖੋ ਤੁਸੀਂ ਪ੍ਰੋਫ਼ੈਸਰ ਦੀ ਲਿਆਕਤ। ਹੁਣ ਉਨ੍ਹਾਂ ਮੁੰਡਿਆਂ ਵਿਚਾਰਿਆਂ ਨੇ ਉਨ੍ਹਾਂ ਕੋਲੋਂ ਕੀ ਸਿੱਖਣਾ ਹੈ ? ਐਸੀ ਹਾਲਤ ਵਿਚ ਉਹ ਨੌਜਵਾਨ ਕੀ ਸਿੱਖ ਸਕਦੇ ਹਨ।

ਅਤੇ ਦੂਜੀ ਗੱਲ ਇਹ ਹੈ ਕਿ ਅਮਲੀ ਪਾਲੇਟਿਕਸ ਕੀ ਹੁੰਦਾ ਹੈ ? ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਸੁਭਾਸ਼ ਚੰਦਰ ਬੋਸ ਦਾ ਸੁਆਗਤ ਕਰਨਾ ਅਤੇ ਲੈਕਚਰ ਸੁਣਨਾ ਤਾਂ ਹੋਇਆ ਨਾ ਅਮਲੀ ਪਾਲੇਟਿਕਸ ਤੇ ਕਮਿਸ਼ਨ ਜਾਂ ਵਾਇਸਰਾਏ ਦਾ ਸੁਆਗਤ ਕਰਨਾ ਕੀ ਹੋਇਆ ? ਕੀ ਉਹ ਪਾਲੇਟਿਕਸ ਦਾ ਹੀ ਦੂਜਾ ਪਹਿਲੂ ਨਹੀਂ ? ਸਰਕਾਰਾਂ ਤੇ ਮੁਲਕਾਂ ਦੇ ਇੰਤਜ਼ਾਮਾਂ ਦੇ ਮੁਤੱਅਲਕ ਕੋਈ ਵੀ ਗੱਲ ਪਾਲੇਟਿਕਸ ਦੇ ਮੈਦਾਨ ਵਿਚ ਹੀ ਗਿਣੀ ਜਾਵੇਗੀ। ਤਾਂ ਫਿਰ ਇਹ ਵੀ ਪਾਲੇਟਿਕਸ ਹੋਇਆ ਕਿ ਨਾ ? ਕਿਹਾ ਜਾਵੇਗਾ ਕਿ ਇਸ ਤੋਂ ਸਰਕਾਰ ਖ਼ੁਸ਼



Sri Satguru Jagjit Singh Ji Elibrary NamdhariElibrary@gmail.com

ਹੁੰਦੀ ਹੈ ਤੇ ਦੂਜੇ ਤੋਂ ਨਾਰਾਜ਼ ? ਫੇਰ ਸਵਾਲ ਤਾਂ ਸਰਕਾਰ ਦੀ ਖੁਸ਼ੀ ਜਾਂ ਨਾਰਾਜ਼ਗੀ ਦਾ ਹੋਇਆ। ਕੀ ਵਿਦਿਆਰਥੀਆਂ ਨੂੰ ਜੰਮਦਿਆਂ ਹੀ ਖੁਸ਼ਾਮਦ ਦਾ ਸਬਕ ਪੜ੍ਹਾਇਆ ਜਾਣਾ ਚਾਹੀਦਾ ਹੈ ? ਅਸੀਂ ਤੇ ਸਮਝਦੇ ਹਾਂ ਕਿ ਜਦੋਂ ਤੀਕ ਹਿੰਦੁਸਤਾਨ ਵਿਚ ਬਦੇਸ਼ੀ ਡਾਕੂ ਹਕੂਮਤ ਕਰ ਰਹੇ ਹਨ ਤਦੋਂ ਤੀਕ ਵਫਾਦਾਰੀ ਕਰਨ ਵਾਲੇ ਵਫਾਦਾਰ ਨਹੀਂ ਬਲਕਿ ਗਦਾਰ ਹਨ, ਇਨਸਾਨ ਨਹੀਂ, ਪਸ਼ੂ ਹਨ, ਪੇਟ ਦੇ ਗੁਲਾਮ ਹਨ। ਤਾਂ ਅਸੀਂ ਕਿਸ ਤਰ੍ਹਾਂ ਕਹੀਏ ਕਿ ਵਿਦਿਆਰਥੀ ਵਫ਼ਾਦਾਰੀ ਦਾ ਸਬਕ ਸਿੱਖਣ।

ਸਾਰੇ ਹੀ ਮੰਨਦੇ ਹਨ ਕਿ ਹਿੰਦੋਸਤਾਨ ਨੂੰ ਇਸ ਵੇਲੇ ਦੇਸ਼ ਸੇਵਕਾਂ ਦੀ ਲੋੜ ਹੈ, ਜੋ ਤਨ-ਮਨ ਧਨ ਦੇਸ਼ ਤੋਂ ਵਾਰ ਦੇਣ ਅਤੇ ਪਾਗਲਾਂ ਵਾਂਗੂੰ ਸਾਰੀ ਉਮਰ ਦੇਸ਼ ਦੀ ਆਜ਼ਾਦੀ ਦੀ ਖਾਤਰ ਨਿਛਾਵਰ ਕਰ ਦੇਣ। ਪਰ ਕੀ ਬੁੱਢਿਆਂ ਵਿਚੋਂ ਵੀ ਇਹੋ ਜਿਹੇ ਆਦਮੀ ਮਿਲ ਸਕਣਗੇ ? ਕੀ ਟੱਬਰਾਂ ਦੇ ਤੇ ਦੁਨੀਆਦਾਰੀ ਦੇ ਟੰਟਿਆਂ ਵਿਚ ਫਸੇ ਹੋਏ ਸਿਆਣੇ ਲੋਕਾਂ ਵਿਚੋਂ ਇਹੋ ਜਿਹੇ ਨਿਕਲ ਸਕਣਗੇ ? ਇਹ ਤਾਂ ਉਹ ਨੌਜਵਾਨ ਹੀ ਨਿਕਲ ਸਕਦੇ ਹਨ ਜਿਨ੍ਹਾਂ ਨੂੰ ਕੋਈ ਜੰਜਾਲ ਨਾ ਪਏ ਹੋਣ ਅਤੇ ਜੰਜਾਲਾਂ ਵਿਚ ਪੈਣ ਤੋਂ ਪਹਿਲਾਂ ਵਿਦਿਆਰਥੀ ਜਾਂ ਨੌਜਵਾਨ ਤਦੇ ਹੀ ਸੋਚ ਸਕਦੇ ਹਨ ਜੇ ਉਨ੍ਹਾਂ ਨੇ ਕੁਝ ਅਮਲੀ ਇਲਮ (ਗਿਆਨ) ਵੀ ਹਾਸਲ ਕੀਤਾ ਹੋਵੇ। ਨਿਰੇ ਹਿਸਾਬ ਤੇ ਜੁਗਰਾਫੀਏ ਨੂੰ ਹੀ ਇਮਤਿਹਾਨ ਦੇ ਪਰਚਿਆਂ ਵਾਸਤੇ ਘੋਟੇ ਨਾ ਲਾਏ ਹੋਣ।

ਕੀ ਇੰਗਲੈਂਡ ਦੇ ਸਾਰੇ ਵਿਦਿਆਰਥੀਆਂ ਦਾ ਕਾਲਜ ਛੱਡ ਕੇ ਜਰਮਨੀ ਖਿਲਾਫ਼ ਲੜਨ ਤੁਰ ਜਾਣਾ ਪਾਲੇਟਿਕਸ ਨਹੀਂ ਸੀ ? ਉਦੋਂ ਸਾਡੇ ਉਪਦੇਸ਼ਕ ਕਿੱਥੇ ਸਨ ? ਉਨ੍ਹਾਂ ਨੂੰ ਕਹਿੰਦੇ ਜਾਉ, ਜਾ ਕੇ ਹਾਲੇ ਵਿਦਿਆ ਹਾਸਲ ਕਰੋ। ਅੱਜ ਕੌਮੀ ਕਾਲਜ ਅਹਿਮਦਾਬਾਦ ਦੇ ਜੋ ਲੜਕੇ ਸਤਿਆਗ੍ਰਹਿ ਵਿਚ ਬਾਰਦੋਲੀ ਵਾਲਿਆਂ ਦੀ ਸਹਾਇਤਾ ਕਰ ਰਹੇ ਹਨ, ਕੀ ਉਹ ਐਵੇਂ ਮੂਰਖ ਹੀ ਰਹਿ ਜਾਣਗੇ ? ਦੇਖਾਂਗੇ ਉਨ੍ਹਾਂ ਦੇ ਮੁਕਾਬਲੇ ਵਿਚ ਪੰਜਾਬ ਦੀ ਯੂਨੀਵਰਸਿਟੀ ਕਿੰਨੇ ਕੁ ਲਾਇਕ ਆਦਮੀ ਪੈਦਾ ਕਰਦੀ ਹੈ। ਸਾਰੇ ਹੀ ਮੁਲਕਾਂ ਨੂੰ ਆਜ਼ਾਦ ਕਰਾਉਣ ਵਾਲੇ ਉਥੋਂ ਦੇ ਵਿਦਿਆਰਥੀ ਅਤੇ ਨੌਜਵਾਨ ਹੀ ਹੋਇਆ ਕਰਦੇ ਹਨ ਕਿ ਹਿੰਦੋਸਤਾਨ ਦੇ ਨੌਜਵਾਨ ਵੱਖਰੇ ਰਹਿ ਕੇ ਆਪਣੀ ਤੇ ਆਪਣੇ ਦੇਸ਼ ਦੀ ਹਸਤੀ ਬਚਾ ਸਕਣਗੇ ? ਨੌਜਵਾਨਾਂ ਨੂੰ 1919 ਵਿਚ ਢਾਏ ਵਿਦਿਆਰਥੀਆਂ 'ਤੇ ਜ਼ੁਲਮ ਭੁਲ ਨਹੀਂ ਸਕਦੇ। ਉਹ ਇਹ ਵੀ ਸਮਝਦੇ ਹਨ ਕਿ ਇਕ ਭਾਰੀ ਇਨਕਲਾਬ ਦੀ ਜ਼ਰੂਰਤ ਹੈ। ਉਹ ਪੜ੍ਹਨ, ਜ਼ਰੂਰ ਪੜ੍ਹਨ। ਨਾਲ ਹੀ ਪਾਲੇਟਿਕਸ ਦਾ ਵੀ ਗਿਆਨ ਹਾਸਲ ਕਰਨ ਅਤੇ ਜਦੋਂ ਜ਼ਰੂਰਤ ਆ ਪਵੇ ਉਦੋਂ ਮੈਦਾਨ ਵਿਚ ਆ ਕੁੱਦਣ ਅਤੇ ਆਪਣੀਆਂ ਜ਼ਿੰਦਗੀਆਂ ਕਿਸੇ ਕੰਮ ਵਿਚ ਲਾ ਦੇਣ। ਆਪਣੀਆਂ ਜਾਨਾਂ ਕਿਸੇ ਕੰਮ ਵਿਚ ਦੇ ਦੇਣ। ਵਰਨਾ ਕੋਈ ਬਚਣ ਦਾ ਉਪਾਅ ਨਜ਼ਰ ਨਹੀਂ ਆਉਂਦਾ।

* * *

## 40. ਸਾਜ਼ਸ਼ਾਂ ਕਿਉਂ ਹੁੰਦੀਆਂ ਹਨ ? ਇਹ ਕਿਸ ਤਰ੍ਹਾਂ ਰੁਕ ਸਕਦੀਆਂ ਹਨ ?

*—ਸਤੰਬਰ, 1928*

[ਸਤੰਬਰ 1928 ਦੇ 'ਕਿਰਤੀ' ਦਾ ਇਹ ਲੇਖ ਰਾਜਨੀਤਿਕ ਮੁਕੱਦਮਿਆਂ ਬਾਰੇ ਵਿਚਾਰ ਦਰਸਾਉਂਦਾ ਹੈ, ਜਿਨ੍ਹਾਂ ਨੂੰ ਅੰਗਰੇਜ਼ ਸਰਕਾਰ ਸਾਜ਼ਿਸ਼ ਕਹਿ ਕੇ ਨਿੰਦਦੀ ਸੀ, ਸਮਾਜ ਦੀ ਮੁੱਢਲੀ ਤਬਦੀਲੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਗਿਆ ਕਿ 'ਸਾਜ਼ਿਸ਼ਾਂ ਨੂੰ ਰੋਕਣ ਦਾ ਇੱਕੋ ਤਰੀਕਾ ਹੈ ਦੁਨੀਆ ਤੋਂ ਗਰੀਬੀ ਤੇ ਗੁਲਾਮੀ ਨੂੰ ਦੂਰ ਕਰਨਾ।'



Sri Satguru Jagjit Singh Ji Elibrary NamdhariElibrary@gmail.com

ਇਸ ਲੇਖ ਵਿਚ ਸ਼ਾਂਤਮਈ ਤੇ ਤਸ਼ੱਦਦ ਦੇ ਤਰੀਕਿਆਂ ਬਾਰੇ ਵੀ ਵਿਚਾਰ ਬੜੇ ਤਰਕਮਈ ਤਰੀਕੇ ਨਾਲ ਪੇਸ਼ ਕੀਤੇ ਗਏ ਹਨ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਧਾਰਕ ਵਿਕਾਸ ਨੂੰ ਜਾਣਨ ਲਈ ਇਕ ਅਹਿਮ ਦਸਤਾਵੇਜ਼ਾਂ ਵਿਚੋਂ ਇਕ ਹੈ। —ਸੰਪਾਦਕ]

ਹਾਲਾਂ ਇਕ ਸਾਜ਼ਸ਼ ਦੀ ਚਰਚਾ ਮੁਕਦੀ ਵੀ ਨਹੀਂ, ਇਕ ਦੂਸਰੀ ਸਾਜ਼ਸ਼ ਦੀ ਚਰਚਾ ਸ਼ੁਰੂ ਹੋ ਪੈਂਦੀ ਹੈ। ਕੁਝ ਚਿਰ ਪਹਿਲਾਂ ਕਾਕੋਰੀ ਸਾਜ਼ਸ਼ ਦੇ ਹਾਲ ਪੜ੍ਹ ਰਹੇ ਸਾਂ। ਇਨੀਂ ਦਿਨੀਂ ਅਸੀਂ ਦੇਵ ਘਰ ਦੀ ਸਾਜ਼ਸ਼ ਦੇ ਹਾਲ ਸੁਣ ਰਹੇ ਹਾਂ। ਇਨ੍ਹਾਂ ਤੋਂ ਪਹਿਲੇ ਲਾਹੌਰ-ਸਾਜ਼ਸ਼ ਕੇਸ, ਦਿੱਲੀ ਸਾਜ਼ਸ਼ ਕੇਸ, ਬਾਲਸ਼ਵਿਕ ਸਾਜ਼ਸ਼ ਕੇਸ ਅਤੇ ਪਤਾ ਨਹੀਂ ਕਿ ਹੋਰ ਕਿੰਨੇ ਕੁ ਸਾਜ਼ਸ਼ੀ ਕੇਸ ਚਲ ਚੁਕੇ ਹਨ। ਜਿਨ੍ਹਾਂ ਵਿਚ ਕਿ ਦਰਜਨਾਂ ਹੀ ਨੌਜਵਾਨ ਫਾਂਸੀਆਂ 'ਤੇ ਲਟਕਾਏ ਗਏ। ਟੋਲੀਆਂ ਨਾਲ ਉੱਡਾ ਦਿੱਤੇ ਗਏ। ਸੈਂਕੜੇ ਨਹੀਂ ਸਗੋਂ ਹਜ਼ਾਰਾਂ ਹੀ ਕਾਲੇ ਪਾਣੀ ਭੇਜੇ ਗਏ। ਬੇ-ਸ਼ੁਮਾਰ ਦੇਸ਼ ਭਗਤ ਹਾਲੇ ਤਾਂਈਂ ਜੇਲ੍ਹਾਂ ਵਿਚ ਕੈਦਾਂ ਭੁਗਤ ਰਹੇ ਹਨ।

ਸਾਜ਼ਸ਼ਾਂ ਕੀ ਹੁੰਦੀਆਂ ਹਨ। ਗੌਰਮਿੰਟਾਂ ਦਾ ਖ਼ਿਆਲ ਹੈ, ਕਿ ਮਨੁੱਖੀ ਦਿਮਾਗ਼ ਵਿਚ ਇਹ ਇਕ ਬੀਮਾਰੀ ਹੈ, ਜੋ ਬਾਕਾਇਦਾ ਚੱਲ ਰਹੇ ਨਿਜ਼ਾਮ ਨੂੰ ਭੰਨ ਤੋੜ ਕਰਨ ਲਈ ਸਾਜ਼ਸ਼ੀ ਨੂੰ ਮਜਬੂਰ ਕਰ ਦਿੰਦੀ ਹੈ। ਉਹ ਇਸ ਬੀਮਾਰੀ ਦੇ ਵਸ ਵਿਚ ਹੋ ਕੇ ਕਾਨੂੰਨ ਨੂੰ ਤੋੜਦਾ ਹੈ, ਅਮਨ ਵਿਚ ਖਲਲ ਪਾਉਂਦਾ ਹੈ। ਕਤਲ ਕਰਦਾ ਅਤੇ ਡਾਕੇ ਮਾਰਦਾ ਹੈ ਅਤੇ ਕਈ ਹੋਰ ਐਸੇ ਤਰੀਕੇ ਵਰਤਦਾ ਹੈ ਜੋ ਕਿ ਸੁਸਾਇਟੀ ਵਿਚ ਗੜਬੜ ਮਚਾਉਣ ਅਤੇ ਖਲਲ ਪਾਉਣ ਦਾ ਕਾਰਨ ਬਣਦੇ ਹਨ। ਉਹ ਪਹਿਲਾਂ ਤਮਾਮ ਚੱਲ ਰਹੇ ਨਿਜ਼ਾਮ ਨੂੰ ਭੰਨ ਤੋੜ ਕਰਨ ਲਈ ਠਾਨ ਲੈਂਦੀ ਹੈ। ਫੇਰ ਇਸੇ ਮਤਲਬ ਲਈ ਕੋਈ ਕਸਰ ਬਾਕੀ ਨਹੀਂ ਰੱਖਦਾ।

ਇਸ ਦੇ ਉਲਟ "ਸਾਜ਼ਸ਼ੀ ਲੋਕਾਂ ਦਾ ਦਾਹਵਾ ਹੈ ਕਿ ਸਾਜ਼ਸ਼ ਉਨ੍ਹਾਂ ਆਦਰਸ਼ਕ ਆਦਮੀਆਂ ਦੀ ਕੋਸ਼ਿਸ਼ ਹੁੰਦੀ ਹੈ, ਜੋ ਕਿ ਚੱਲ ਰਹੇ ਨਿਜ਼ਾਮ ਦੇ ਘਾਟਿਆਂ, ਬੇਇਨਸਾਫੀਆਂ ਅਤੇ ਜ਼ੁਲਮ ਨੂੰ ਨਹੀਂ ਸਹਾਰ ਸਕਦੇ। ਜੋ ਕਿ ਅਮੀਰ, ਗਰੀਬ, ਵੱਡੇ-ਵੱਡੇ, ਜ਼ਾਲਮ ਮਜ਼ਲੂਮ, ਹਾਕਮ-ਪਰਜਾ, ਸਰਮਾਇਆ-ਮਜ਼ਦੂਰ, ਜ਼ਿਮੀਂਦਾਰ-ਕਿਸਾਨ ਆਦਿਕ ਦੇ ਫ਼ਰਕ ਨੂੰ ਉਡਾ ਕੇ ਇਕੋ ਜਿਹੇ ਹੱਕਾਂ ਅਤੇ ਆਜ਼ਾਦੀ ਦਾ ਦੌਰ ਲਿਆਉਣਾ ਚਾਹੁੰਦੇ ਹਨ ਅਤੇ ਜੋ ਪੁਰਾਣੇ ਗੰਦੇ ਅਤੇ ਜ਼ੁਲਮੀ ਨਿਜ਼ਾਮ ਨੂੰ ਉਡਾ ਕੇ ਇਕ ਨਵਾਂ ਅਤੇ ਸੋਹਣਾ ਨਿਜ਼ਾਮ ਉਸਾਰਨਾ ਚਾਹੁੰਦੇ ਹਨ। ਜਿਸ ਵਿਚ ਕਿ ਕੋਈ ਹਾਕਮ-ਪਰਜਾ ਅਮੀਰ, ਗਰੀਬ, ਜ਼ਿਮੀਂਦਾਰ ਕਿਸਾਨ ਨਾ ਹੋਵੇ। ਸਗੋਂ ਸਾਰੇ ਦੇ ਸਾਰੇ ਇਕੋ ਜਿਹੇ ਭਰਾ ਹੀ ਹੋਣ। ਹਰ ਇਕ ਕੰਮ ਕਰੇ ਅਤੇ ਖਾਵੇ ਅਤੇ ਹਰ ਇਕ ਦੀ ਹਰ ਇਕ ਲੋੜ ਪੂਰੀ ਹੋਵੇ।"

ਇਹ ਤਾਰੀਫ਼ਾਂ ਠੀਕ ਹਨ ਜਾਂ ਗ਼ਲਤ ਜਾਂ ਦੋਵੇਂ ਹੀ ਆਪਣੇ-ਆਪਣੇ ਖ਼ਿਆਲ ਨੂੰ ਸਾਹਮਣੇ ਰੱਖ ਕੇ ਕੀਤੀਆ ਗਈਆ ਹਨ। ਇਹ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ।

ਗੁਜ਼ਰ ਚੁਕੇ ਸਮੇਂ ਦੀ ਤਾਰੀਖ ਸਾਬਤ ਕਰਦੀ ਹੈ ਕਿ ਕਰੜੀਆਂ ਸਜ਼ਾਵਾਂ ਅਤੇ ਫਾਂਸੀਆਂ ਤੋਂ ਸਾਜ਼ਸ਼ਾਂ ਨਹੀਂ ਰੁਕ ਸਕਦੀਆਂ ; ਨਾ ਹੀ ਜ਼ੁਲਮੋ ਜਬਰ ਕਰਨ ਨਾਲ ਭਾਵੇਂ ਉਹ ਕਿੰਨਾ ਹੀ ਭਿਆਨਕ ਕਿਉਂ ਨਾ ਹੋਵੇ ਆਜ਼ਾਦੀ ਦੀ ਚਾਹ ਨੂੰ ਕੁਚਲ ਸਕਦਾ ਹੈ। ਬੇਅੰਤ ਨੌਜਵਾਨ ਜੋ ਕਿ ਜੇ ਕਿਸੇ ਹੋਰ ਆਜ਼ਾਦ ਮੁਲਕ ਵਿਚ ਹੁੰਦੇ ਤਾਂ ਆਪਣੇ ਮੁਲਕ ਲਈ ਕਿ ਤੋਹਫ਼ਾ ਸਾਬਤ ਹੁੰਦੇ! ਜਾਬਰ ਤੇ ਜ਼ਾਲਮ ਹਕੂਮਤਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਗਏ। ਹਜ਼ਾਰਾਂ ਹੀ ਦੇਸ ਭਗਤ ਟੁਕੜੇ-ਟੁਕੜੇ ਕਰਕੇ ਕਤਲ ਕਰ ਦਿੱਤੇ ਗਏ ਤਾਂ ਕਿ ਲੋਕੀ ਉਨ੍ਹਾਂ ਤੋਂ ਡਰ ਕੇ ਸਾਜਸ਼ਾਂ ਕਰਨੋਂ ਬਾਜ਼ ਆ ਜਾਣ ਅਤੇ ਆਜ਼ਾਦੀ ਲਈ ਹੱਥ ਪੈਰ ਨਾ ਮਾਰਨ। ਤਮਾਮ ਸਜ਼ਾਵਾਂ, ਫ਼ਾਂਸੀਆਂ, ਕੈਦਾਂ ਅਤੇ ਬੈਂਤਾਂ ਆਦਿ ਨੂੰ ਵਰਤ ਕੇ ਪਰਤਾ ਲਿਆ ਗਿਆ ਹੈ। ਪਰ ਇਹ ਤਮਾਮ ਸਜ਼ਾਵਾਂ ਹੀ ਸਾਜ਼ਸ਼ਾਂ ਨੂੰ ਰੋਕਣ ਵਿਚ ਨਕੰਮੀਆਂ ਨਿਕਲੀਆ ਹਨ। ਸਗੋਂ :

"ਬੜ੍ਹਤਾ ਹੈ ਸ਼ੌਕਿ ਸ਼ਹਾਦਤ ਸਜ਼ਾ ਪਾਨੇ ਕੇ ਬਾਅਦ" ਦੇ ਅਨੁਸਾਰ ਸਾਜਸ਼ਾਂ ਦੀ ਅੱਗ



Sri Satguru Jagjit Singh Ji Elibrary NamdhariElibrary@gmail.com

ਭੜਕਦੀ ਗਈ ਅਤੇ ਇਹਨਾ ਸਜ਼ਾਵਾਂ ਤੋਂ ਨਾ ਰੁਕੀ। ਇਹ ਕਿਉਂ ਹੈ, ਕੀ ਛੇਕੜ ਇਹਨਾ ਸਾਜ਼ਸ਼ਾਂ ਦੇ ਰੋਕਣ ਦਾ ਕੋਈ ਇਲਾਜ ਵੀ ਹੋ ਸਕਦਾ ਹੈ?

ਜੇ ਸਾਜਸ਼ਾਂ ਦੇ ਪਿਛਲੇ ਇਤਿਹਾਸ ਨੂੰ ਚੰਗੀ ਤਰ੍ਹਾਂ ਵੇਖਿਆ ਜਾਵੇ ਤਾਂ ਅਸਾਨੂੰ ਹਰ ਇਕ ਗੱਲ ਦਾ ਚੰਗੀ ਤਰ੍ਹਾਂ ਪਤਾ ਲਗਦਾ ਹੈ ਕਿ ਜਿੰਨੀਆਂ ਵਧੀਕ ਕੋਸ਼ਿਸ਼ਾਂ ਸਾਜ਼ਸ਼ਾਂ ਦੇ ਰੋਕਣ ਲਈ ਹੁੰਦੀਆਂ ਰਹਿੰਦੀਆਂ ਹਨ ਉਨੀਆਂ ਹੀ ਵਧੀਕ ਸਾਜ਼ਸ਼ਾਂ ਕਿਸੇ ਨਾ ਕਿਸੇ ਸ਼ਕਲ ਵਿਚ, ਵਜੂਦ ਵਿਚ ਆਉਂਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਪਤਾ ਚਲਦਾ ਹੈ ਕਿ ਇਹ ਸਜ਼ਾਵਾਂ ਸਾਜ਼ਸ਼ਾਂ ਦੀ ਅੱਗ ਭੜਕੌਣ ਵਿਚ ਸਗੋਂ ਲਕੜੀ ਦਾ ਕੰਮ ਦਿੰਦੀਆਂ ਹਨ।

ਸੈਂਕੜੇ ਨੌਜਵਾਨ ਗੋਲੀਆਂ ਨਾਲ ਉਡਾ ਦਿੱਤੇ ਜਾਂਦੇ ਹਨ, ਪਰ ਉਨ੍ਹਾਂ ਦੀ ਥਾਂ ਪੂਰੀ ਕਰਨ ਲਈ ਹਜ਼ਾਰਾਂ ਹੀ ਨੌਜਵਾਨ ਹਥੇਲੀਆਂ 'ਤੇ ਸਿਰ ਰੱਖ ਕੇ ਮੈਦਾਨ ਵਿਚ ਕੁੱਦ ਪੈਂਦੇ ਹਨ ਅਤੇ ਆਪਣੀਆਂ ਜਾਨਾਂ ਖ਼ਤਰੇ ਵਿਚ ਪਾ ਕੇ ਉਸ ਅਧੂਰੇ ਕੰਮ ਨੂੰ ਆਰੰਭ ਦਿੱਤੇ ਹਨ। ਛੇਕੜ ਇਸ ਦਾ ਕਾਰਨ ਕੀ ਹੈ?

ਬਦਲਾ ਲੈਣਾ ਇਕ ਇਨਸਾਨੀ ਸੁਭਾ ਹੈ। ਇਨਸਾਨ ਜਦ ਤਾਈਂ ਇਨਸਾਨ ਹੈ, ਉਹ ਆਪਣੇ ਵੈਰੀਆਂ ਪਾਸੋਂ ਬਦਲਾ ਜ਼ਰੂਰ ਲਵੇਗਾ। ਖ਼ਿਆਲੀ ਪਲਾਉ ਪਕਾਉਣ ਵਾਲੇ ਭਾਵੇਂ ਕੁਝ ਵੀ ਕਿਉਂ ਨਾ ਕਹਿਣ? ਆਪ ਨੌਜਵਾਨ ਜਦੋਂ ਵੇਖਦੇ ਹਨ ਕਿ ਉਨ੍ਹਾਂ ਦੇ ਭਰਾ ਕਿਸੇ ਬੇਦਰਦੀ ਅਤੇ ਬੇਰਹਿਮੀ ਨਾਲ ਕੇਵਲ ਦੇਸ਼-ਪ੍ਰੇਮ ਖ਼ਾਤਰ ਹੀ ਜ਼ੁਲਮਾਂ ਦੇ ਸ਼ਿਕਾਰ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਦਿਲਾਂ ਵਿਚ ਆਪਣੇ ਭਰਾਵਾਂ 'ਤੇ ਹੋਏ ਜ਼ੁਲਮਾਂ ਦਾ ਬਦਲਾ ਲੈਣ ਦੀ ਅੱਗ ਚਮਕ ਪੈਂਦੀ ਹੈ। ਉਹ ਸਬਰ ਤੇ ਸ਼ਾਂਤੀ ਨੂੰ ਸਲਾਮ ਆਖ ਦਿੰਦੇ ਹਨ। ਆਪਣੀ ਕਿਸ਼ਤੀ ਰੱਬ ਦੇ ਆਸਰੇ ਛੱਡ ਕੇ ਲੰਗਰ ਤੋੜ ਦਿੰਦੇ ਹਨ। ਫੇਰ ਜਾਂ ਤਾਂ ਉਹ ਆਪ ਉਸ ਬਦਲੇ ਦੀ ਅੱਗ ਵਿਚ ਸੜਕੇ ਸੁਆਹ ਹੋ ਜਾਂਦੇ ਹਨ, ਜਾਂ ਵੈਰੀਆਂ ਨੂੰ ਹੀ ਸੁਆਹ ਕਰਕੇ ਸਾਹ ਲੈਂਦੇ ਹਨ। ਇਹ ਇਨਸਾਨੀ ਦਲੇਰੀ ਹੈ। ਭੰਗੀਆਂ ਅਮਲੀਆਂ ਦਾ ਪਲਾਉ ਹੈ।

ਦੂਜੇ ਪਾਸੇ ਇਕ ਬੁਜ਼ਦਿਲ ਅਤੇ ਕਾਇਰ ਹੁੰਦਾ ਹੈ। ਉਸ ਨੂੰ ਜਾਨ ਬਹੁਤ ਪਿਆਰੀ ਹੁੰਦੀ ਹੈ। ਕਿਉਂਕਿ ਉਹ ਨਹੀ ਚਾਹੁੰਦਾ ਕਿ ਉਸ ਪਾਸੋਂ ਐਸ਼-ਆਰਾਮ ਅਤੇ ਸਫ਼ੈਦ ਸਿਆਹ ਕਰਨ ਦੀ ਤਾਕਤ ਨੂੰ ਖੋਹ ਲਿਆ ਜਾਵੇ। ਜਦ ਉਸ ਦੀ ਜਾਨ ਤੇ ਹਮਲਾ ਕੀਤਾ ਜਾਂਦਾ ਹੈ ਤਾਂ ਉਸ ਦੇ ਮੂੰਹ ਵਿਚੋਂ ਝੱਗ ਜਾਣ ਲੱਗ ਪੈਂਦੀ ਹੈ ਤਾਂ ਉਹ ਗੁੱਸੇ ਵਿਚ ਆ ਕੇ ਐਸੇ-ਐਸੇ ਕਸ਼ਟ ਦਾਉਂਦਾ ਹੈ ਕਿ ਜ਼ਮੀਨ ਤੇ ਅਸਮਾਨ ਕੰਬ ਉਠਦੇ ਹਨ। ਉਹ ਜ਼ੁਲਮ ਵਿਚ ਅੰਨ੍ਹਾ ਹੋ ਕੇ ਜਿਸ 'ਤੇ ਹੱਥ ਉਠਾਉਂਦਾ ਹੈ ਭਾਵੇਂ ਉਹ ਬੇਹੋਸ਼ ਹੀ ਕਿਉਂ ਨਾ ਹੋਵੇ। ਉਸ ਨੂੰ ਪਾਰ ਬੁਲਾ ਕੇ ਹੀ ਛੱਡਦਾ ਹੈ। ਇਸ ਤਰ੍ਹਾਂ ਬਹੁਤ ਵੇਰ ਕਣਕ ਨਾਲ ਘੁਣ ਵੀ ਪੀਸਿਆ ਜਾਂਦਾ ਹੈ ਅਤੇ ਹਜ਼ਾਰਾਂ ਹੀ ਬੇਗੁਨਾਹ ਨੌਜਵਾਨ ਵਤਨ ਪਰ ਸ਼ਹੀਦ ਹੋ ਜਾਂਦੇ ਹਨ। ਇਹ ਬੇਗੁਨਾਹਾਂ ਦਾ ਹੀ ਖ਼ੂਨ ਹੁੰਦਾ ਹੈ, ਜੋ ਛੇਕੜ ਰੰਗ ਲਿਆਉਂਦਾ ਹੈ। ਜਨਤਾ ਵਿਚ ਬੇਚੈਨੀ ਫੈਲ ਜਾਂਦੀ ਹੈ। ਸਾਜ਼ਸੀਆਂ ਦੇ ਹੱਥ ਮਜ਼ਬੂਤ ਹੋ ਜਾਂਦੇ ਹਨ ਕਿਉਂਕਿ ਇਹ ਜ਼ੁਲਮ ਬੇਇਨਸਾਫੀ ਅਤੇ ਤਸ਼ੱਦਦ ਹੀ ਹਨ ਜੋ ਕਿ ਸਾਜ਼ਸ਼ਾਂ ਦੇ ਪੈਦਾ ਕਰਨ ਦਾ ਕਾਰਨ ਹਨ। ਉਹ ਖੁੱਲ੍ਹੇ ਐਲਾਨ ਆਖ ਦਿੰਦੇ ਹਨ ਕਿ 'ਵੇਖਿਆ ਨਾ, ਅਸੀਂ ਆਖਦੇ ਸਾਂ ਕਿ ਲਾਤੋਂ ਕੇ ਭੂਤ ਬਾਤੋਂ ਸੇ ਨਹੀ ਸੁਧਰਤੇ, ਪਰ ਤੁਸੀ ਅਸਾਡੀਆਂ ਗੱਲਾਂ 'ਤੇ ਕੰਨ ਹੀ ਨਹੀ ਸੋ ਧਰਦੇ। ਹੁਣ ਖ਼ੂਬ ਗੱਤ ਬਣ ਰਹੀ ਹੈ, ਪਰ ਇਹ ਤਾਂ :

*"ਇਬਤਦਾਏ ਇਸ਼ਕ ਹੈ ਰੋਤਾ ਹੈ ਕਿਆ?*
*ਆਗੇ ਆਗੇ ਦੇਖੀਏ ਹੋਤਾ ਹੈ ਕਿਆ?*

ਇਸ ਤਰ੍ਹਾਂ ਸਾਜ਼ਸ਼ ਦਾ ਬਿਰਛ ਬੇਗੁਨਾਹਾਂ ਦੇ ਖ਼ੂਨ ਨਾਲ ਤਰ ਹੋ ਕੇ ਵਧਦਾ ਹੈ ਅਤੇ ਥੋੜ੍ਹੇ ਹੀ ਚਿਰ ਵਿਚ ਵਧਣ ਫੁੱਲਣ ਲੱਗਦਾ ਹੈ।



Sri Satguru Jagjit Singh Ji Elibrary NamdhariElibrary@gmail.com

ਜਦ ਤਾਈਂ ਲੋਕ ਖੁੱਲ੍ਹੀ ਤਰ੍ਹਾਂ ਆਪਣੇ ਦੁਖੜੇ ਅਤੇ ਤਕਲੀਫ਼ਾਂ ਪ੍ਰਗਟ ਕਰ ਸਕਦੇ ਹਨ ਅਤੇ ਗੌਰਮਿੰਟਾਂ ਦੇ ਜ਼ੁਲਮਾਂ ਦਾ ਪੋਲ ਖੋਲ ਸਕਦੇ ਹਨ ਤਦ ਤਕ ਤਾਂ ਸਾਜ਼ਸ਼ਾਂ ਦੀ ਐਨੀ ਲੋੜ ਨਹੀਂ ਪੈਂਦੀ। ਪਰ ਜਦ ਗੌਰਮਿੰਟਾਂ ਖੁੱਲ੍ਹੀਆਂ ਲਹਿਰਾਂ ਨੂੰ ਕੁਚਲਨਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਜਦ :

*'ਨਾ ਤੜਪਨੇ ਕੀ ਇਜਾਜ਼ਤ ਹੈ,*
*ਨਾ ਫਰਿਆਦ ਕੀ ਹੈ।*
*ਘੁੱਟ ਕੇ ਮਰ ਜਾਊਂ ਯਹੀ ਮਰਜ਼ੀ,*
*ਮੇਰੇ ਸਯਾਦ ਕੀ ਹੈ।'*

ਪਰ ਅਮਲ ਸ਼ੁਰੂ ਹੋ ਜਾਂਦਾ ਹੈ ਤਾਂ ਇਧਰ ਜੋਸ਼ੀਲੇ ਅਤੇ ਗ਼ੈਰਤ ਵਾਲੇ ਨੌਜਵਾਨ ਵੀ ਇਸ ਭੈੜੀ ਹਾਲਤ ਵਿਚ ਰਹਿਣਾ ਨਹੀਂ ਚਾਹੁੰਦੇ, ਉਹ ਸਿਰਾਂ ਧੜਾਂ ਦੀਆਂ ਬਾਜ਼ੀਆਂ ਲਾ ਦਿੰਦੇ ਹਨ ਅਤੇ ਅਜਿਹੇ ਜ਼ਾਲਮ ਨਿਜ਼ਾਮ ਨੂੰ ਤੋੜਨ ਲਈ ਸਿਰਤੋੜ ਕੋਸ਼ਿਸ਼ ਕਰਨ ਵਿਚ ਰੁਝ ਜਾਂਦੇ ਹਨ।

ਜਦ ਤਕ ਸ਼ਾਂਤਮਈ ਲਹਿਰ ਵਿਚ ਆਜ਼ਾਦੀ ਦੀ ਖ਼ਾਤਰ ਦੀ ਖੁਲ੍ਹ ਰਹੀ। ਕੋਈ ਸਾਜ਼ਸ ਨਹੀਂ ਸੀ। ਕੋਈ ਖ਼ੁਫੀਆ ਲਹਿਰ ਨਹੀਂ ਚੱਲ ਸਕੀ। ਪਰ ਜਦੋਂ ਹੀ ਸ਼ਾਂਤਮਈ ਲਹਿਰ ਨੂੰ ਕੁਚਲਨ ਵਾਸਤੇ ਜ਼ੁਲਮ ਜਾਰੀ ਕੀਤੇ ਗਏ। ਉਸ ਵੇਲੇ ਖ਼ੁਫੀਆ ਲਹਿਰਾਂ ਸ਼ੁਰੂ ਹੋ ਗਈਆਂ ਅਤੇ ਸਾਜ਼ਸਾਂ ਦੇ ਸਾਮਾਨ ਹੋਣ ਲੱਗ ਪਏ। ਗੌਰਮਿੰਟ ਦੀ ਸਖ਼ਤੀ ਦਾ ਦੌਰ ਆਰੰਭ ਹੋਇਆ ਅਤੇ ਕਾਲੇ ਕਾਨੂੰਨ ਹੇਠਾਂ ਸੈਂਕੜੇ ਨੌਜਵਾਨਾਂ ਨੂੰ, ਜੋ ਕਿ ਖੁੱਲ੍ਹੀ ਤਰ੍ਹਾਂ ਕੰਮ ਕਰਦੇ ਸਨ, ਜੇਲ੍ਹਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਜੋਸ਼ੀਲੇ ਨੌਜਵਾਨਾਂ ਨੂੰ ਇਸ ਤੋਂ ਅੱਗ ਲੱਗ ਗਈ ਅਤੇ ਉਹ ਤੜਫ਼ ਉਠੇ, ਬਸ ਫੇਰ ਕੀ ਸੀ ? ਕਿਸੇ ਪਾਸੇ ਸਾਜ਼ਸ਼ ਕਾਕੋਰੀ ਦਾ, ਕਿਸੇ ਪਾਸੇ ਕਿਸੇ ਹੋਰ ਸਾਜ਼ਸ਼ ਦਾ ਧੂੰਆਂ ਨਿਕਲਣ ਲੱਗ ਪਿਆ।

ਜਦੋਂ ਤਾਂਈ ਦੁਨੀਆ ਵਿਚ ਗੁਲਾਮੀ ਅਤੇ ਗਰੀਬੀ ਵਰਗੀਆਂ ਵਹਿਸ਼ੀਆਨਾ ਜ਼ਮਾਨੇ ਦੀਆਂ ਯਾਦਗਾਰਾਂ ਕਾਇਮ ਰਹਿਣਗੀਆਂ ਉਦੋਂ ਤਕ ਕੋਈ ਵੀ ਤਾਕਤ ਦੁਨੀਆ ਦੇ ਤਖ਼ਤੇ ਤੋਂ ਸਾਜ਼ਸ਼ਾਂ ਅਤੇ ਖ਼ੁਫ਼ੀਆ ਲਹਿਰਾਂ ਨੂੰ ਨਹੀਂ ਮਿਟਾ ਸਕਦੀ। ਜੇ ਜਬਰ-ਸਖ਼ਤੀ ਤੇ ਜ਼ੁਲਮ ਸਾਜ਼ਸਾਂ ਦੇ ਰੋਕਣ ਦਾ ਠੀਕ ਇਲਾਜ ਹੁੰਦਾ ਤਾਂ ਅੱਜ ਨੂੰ ਕਦੇ ਦਾ ਹੀ ਸਾਜ਼ਸ਼ਾਂ ਦਾ ਨਾਮੋ ਨਿਸ਼ਾਨ ਮਿੱਟ ਗਿਆ ਹੁੰਦਾ ਪਰ ਇਹ ਇਲਾਜ ਨਹੀਂ ਹੈ। ਇਹ ਹੋ ਸਕਦਾ ਹੈ ਕਿ ਜ਼ੁਲਮ ਤੇ ਜਬਰ ਕੁਝ ਚਿਰ ਲਈ ਤਾਂ ਸਾਜ਼ਸ਼ਾਂ ਨੂੰ ਰੋਕ ਸਕੇ ਪਰ ਜ਼ੁਲਮ ਅਤੇ ਜਬਰ ਸਾਜ਼ਸ਼ਾਂ ਨੂੰ ਰੋਕਣ ਵਾਸਤੇ ਕੋਈ ਕਾਰਆਮਦ ਨੁਸਖਾ ਨਹੀ ਹੈ। ਕਈਆਂ ਦਾ ਖ਼ਿਆਲ ਹੈ ਕਿ ਕੇਵਲ ਆਜ਼ਾਦੀ ਹੀ ਸਾਜ਼ਸਾਂ ਦਾ ਖ਼ਾਤਮਾ ਕਰਨ ਵਾਲਾ ਅਸਲੀ ਇਲਾਜ ਹੈ। ਪਰ ਸਾਡਾ ਇਸ ਨਾਲ ਮੱਤ-ਭੇਦ ਹੈ। ਇਹ ਤਾਂ ਠੀਕ ਹੈ ਕਿ ਇਹ ਆਜ਼ਾਦੀ ਹੀ ਹੈ ਜੋ ਬਹੁਤ ਹੱਦ ਤਾਂਈ ਸਾਜ਼ਸ਼ਾਂ ਨੂੰ ਰੋਕ ਸਕਦੀ ਹੈ, ਪਰ ਫ਼ੇਰ ਵੀ ਇਸ ਵਿਚ ਸੋਲਾਂ ਆਨੇ ਸੱਚ ਨਹੀਂ ਹੈ ਕਿਉਂਕਿ ਵਰਤਮਾਨ ਸਮੇਂ ਨੇ ਸਾਬਤ ਕਰ ਦਿੱਤਾ ਹੈ ਕਿ ਕੇਵਲ ਆਜ਼ਾਦੀ ਪ੍ਰਾਪਤ ਨਾਲ ਹੀ ਸਾਜ਼ਸ਼ਾਂ ਨਹੀਂ ਰੁਕ ਸਕਦੀਆਂ। ਅਸਾਡੇ ਸਾਹਮਣੇ ਅਮਰੀਕਾ, ਜਰਮਨ ਤੇ ਫਰਾਂਸ ਆਜ਼ਾਦ ਮੁਲਕਾਂ ਵਿਚ ਗਿਣੇ ਜਾਂਦੇ ਹਨ ਅਤੇ ਉਹ ਹਨ ਵੀ ਬਿਲਕੁਲ ਆਜ਼ਾਦ ਕਿਸੇ ਦੇ ਗੁਲਾਮ ਜਾਂ ਕਿਸੇ ਤਰ੍ਹਾਂ ਦੇ ਵੀ ਮੁਥਾਜ ਨਹੀਂ ਪਰ ਫੇਰ ਵੀ ਉਥੇ ਸਾਜ਼ਸ਼ਾਂ ਹੁੰਦੀਆਂ ਹੀ ਰਹਿੰਦੀਆਂ ਹਨ ਹਾਲਾਂ ਕੋਈ ਵਧੀਕ ਚਿਰ ਨਹੀਂ ਹੋਇਆ ਜਦ ਕਿ 'ਸਾਕੋ' ਅਤੇ 'ਵੈਨਜ਼ਟੀ' ਨੂੰ ਅਮਰੀਕਾ ਦੀ ਸਰਮਾਇਆਦਾਰ ਗੌਰਮਿੰਟ ਨੇ ਸਾਜ਼ਸ਼ ਦੇ ਦੂਸ਼ਨ ਵਿਚ ਹੀ ਬਿਜਲੀ ਦੀ ਕੁਰਸੀ 'ਤੇ ਬੈਠਾ ਕੇ ਹਲਾਕ ਕਰ ਦਿੱਤਾ ਸੀ। ਜਰਮਨੀ ਵਿਚ ਕਮਿਊਨਿਸਟਾਂ ਨੇ ਇਕ ਇਲਾਕੇ 'ਤੇ ਹੀ ਕਬਜ਼ਾ ਕਰ ਲਿਆ ਸੀ, ਪਰ ਉਹ ਕਬਜ਼ਾ ਕਾਇਮ ਨਾ ਰੱਖ ਸਕੇ। ਫ਼ਰਾਂਸ ਅਤੇ ਇੰਗਲੈਂਡ ਵਿਚ ਕਈ ਵਾਰ ਸਾਜ਼ਸ਼ ਹੁੰਦੀ ਰਹਿੰਦੀ ਹੈ।



Sri Satguru Jagjit Singh Ji Elibrary NamdhariElibrary@gmail.com

ਅਮਰੀਕਾ ਵਰਗਾ ਦੌਲਤਮੰਦ ਮੁਲਕ ਸਾਰੀ ਦੁਨੀਆ ਦੇ ਤਖ਼ਤੇ ਉਪਰ ਵੀ ਨਹੀਂ। ਉਥੇ "ਰਾਕ ਫੈਲਰ" ਵਰਗੇ ਤਕੜੇ ਅਮੀਰ ਹਨ, ਜੋ ਜੇ ਚਾਹੁਣ ਤਾਂ ਸਾਰੇ ਹਿੰਦੁਸਤਾਨ ਨੂੰ ਇਕੱਲੇ ਹੀ ਖਰੀਦ ਸਕਦੇ ਹਨ ਪਰ ਦੂਜੇ ਪਾਸੇ ਬੇਰੁਜ਼ਗਾਰੀ ਤੇ ਗਰੀਬੀ ਦਾ ਇਹ ਹਾਲ ਹੈ ਕਿ ਹਜ਼ਾਰਾਂ ਨਹੀਂ ਸਗੋਂ ਲੱਖਾਂ ਅਮਰੀਕਨ ਮਜ਼ਦੂਰ ਐਸੇ ਹਨ ਜੋ ਕਿ ਬੇ-ਰੁਜ਼ਗਾਰ ਭੁੱਖੇ ਦਰ-ਬ-ਦਰ ਫਿਰ ਰਹੇ ਹਨ ਅਤੇ ਜਿਨ੍ਹਾਂ ਦਾ ਲਾਂਘਾ ਕੇਵਲ ਗੌਰਮਿੰਟ ਦੇ ਦਾਨ 'ਤੇ ਹੀ ਲੰਘਦਾ ਹੈ। ਕੀ ਜਦ ਤਾਂਈਂ ਇਹ ਹੱਦ ਦਰਜੇ ਦੀ ਗਰੀਬੀ ਅਤੇ ਹੱਦ ਦਰਜੇ ਦੀ ਅਮੀਰੀ ਦੁਨੀਆ ਵਿਚ ਕਾਇਮ ਰਹਿਣਗੀਆਂ। ਦੁਨੀਆ ਤੋਂ ਸਾਜਸ਼ ਉੱਡ ਸਕਦੀ ਹੈ। ਅਸਾਡਾ ਆਪਣਾ ਖ਼ਿਆਲ ਤਾਂ ਨਹੀਂ ਵਿਚ ਹੈ। ਸਾਜਸ਼ਾਂ ਦਾ ਹਟਣਾ ਜਾਂ ਨਾ ਹਟਣਾ ਰੋਟੀ ਦੇ ਸਵਾਲ ਦੇ ਹੱਲ ਪੁਰ ਨਿਰਭਰ ਹੈ, ਜੇ ਰੋਟੀ ਦਾ ਸਵਾਲ ਅੱਜ ਨਿਬੜ ਜਾਵੇ ਤਾਂ ਅੱਜੋ ਹੀ ਸਾਜ਼ਸ਼ਾਂ ਦਾ ਖਾਤਮਾ ਹੋ ਸਕਦਾ ਹੈ ਪਰ ਜੇ ਰੋਟੀ ਦਾ ਸਵਾਲ ਨਾ ਨਿਪਟਿਆ ਜਾਵੇ ਤਾਂ ਇਹ ਸਾਜ਼ਸ਼ਾਂ ਕਦੇ ਵੀ ਰੁਕ ਨਹੀਂ ਸਕਦੀਆਂ। ਭਾਵੇਂ ਨੀਰੂ ਅਤੇ ਜ਼ਹਾਦ ਵਰਗੇ ਜ਼ਾਲਮ ਵੀ ਕਿਉਂ ਨਾ ਪੈਦਾ ਹੋ ਜਾਣ।

ਸ਼ਾਇਦ ਕਈ ਲੋਕ ਆਖਣ ਕਿ ਜੇ ਰੋਟੀ ਦੇ ਸਵਾਲ ਦਾ ਹੱਲ ਹੀ ਸਾਜ਼ਸ਼ਾਂ ਦੀ ਬੀਮਾਰੀ ਲਈ ਅਮ੍ਰਿਤਧਾਰਾ ਹੈ ਤਾਂ ਫਿਰ ਰੂਸ ਵਿਚ ਕਿਉਂ ਸਾਜ਼ਸ਼ਾਂ ਹੁੰਦੀਆਂ ਹਨ? ਅਸਾਡਾ ਜਵਾਬ ਸਾਫ਼ ਹੈ ਕਿ ਰੂਸ ਵਿਚ ਜੋ ਵੀ ਸਾਜਸ਼ਾਂ ਹੁੰਦੀਆਂ ਹਨ ਉਹ ਕੇਵਲ ਗੈਰ ਮੁਲਕੀ ਸਰਮਾਇਦਾਰ ਗੌਰਮਿੰਟਾਂ ਦੇ ਛੱਡੇ ਹੋਏ ਕੁਝ ਭਾੜੇ ਦੇ ਟੱਟੂਆਂ ਵੱਲੋਂ ਹੁੰਦੀਆਂ ਹਨ ਅਤੇ ਉਹ ਗੈਰ ਮੁਲਕੀ ਗੌਰਮਿੰਟਾਂ ਆਪਣੇ ਏਜੰਟਾਂ ਨੂੰ ਰੁਪੈ ਦੀ ਸਹਾਇਤਾ ਦੇ ਕੇ ਉਨ੍ਹਾਂ ਪਾਸੋਂ ਸਾਜ਼ਸ਼ਾਂ ਕਰਵਾਉਂਦੀਆਂ ਹਨ। ਨਹੀਂ ਤਾਂ ਰੂਸ ਵਿਚ ਤਾਂ ਸਾਜ਼ਸ਼ ਕਰਨ ਲਈ ਕੋਈ ਕਾਰਨ ਨਹੀਂ ਹੈ, ਨਾ ਹੀ ਰੂਸੀ ਲੋਕਾਂ ਨੂੰ ਕੋਈ ਤਕਲੀਫ਼ ਹੈ, ਜਿਸ ਤੋਂ ਕਿ ਉਨ੍ਹਾਂ ਨੂੰ ਸਾਜ਼ਸ਼ ਕਰਨ ਦੀ ਲੋੜ ਪਵੇ, ਕੁਝ ਜ਼ਾਰ ਦੇ ਚਾਟੜੇ ਹਨ ਜਾਂ ਗੈਰ ਮੁਲਕੀ ਏਜੰਟ ਹਨ। ਜੋ ਕਦੇ-ਕਦੇ ਰੌਲਾ ਰੱਪਾ ਪਾ ਦੇਂਦੇ ਹਨ ਸਗੋਂ ਰੂਸ ਤਾਂ ਇਸ ਵੇਲੇ ਇਕ ਐਸਾ ਦੇਸ਼ ਹੈ, ਜੋ ਹਰ ਇਕ ਮਨੁੱਖ ਨੂੰ ਪ੍ਰਸੰਨ ਵੇਖਣਾ ਚਾਹੁੰਦਾ ਹੈ ਅਤੇ ਹਰ ਇਕ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਦਾ ਹੈ।

ਹਿੰਦੋਸਤਾਨ ਦਾ ਤਾਂ ਆਖਣਾ ਹੀ ਕੀ ਹੈ। ਪਹਿਲਾਂ ਤਾਂ ਇਹ ਗੁਲਾਮ ਹੈ, ਇਥੋਂ ਦੇ ਨੌਜਵਾਨ ਦੂਜੇ ਮੁਲਕਾਂ ਨੂੰ ਜਦ ਉੱਨਤੀ ਕਰਦਿਆਂ ਦੇਖਦੇ ਹਨ ਤਾਂ ਉਨ੍ਹਾਂ ਦੇ ਕਲੇਜਿਆਂ 'ਤੇ ਛੁਰੀਆਂ ਚੱਲ ਜਾਂਦੀਆਂ ਹਨ। ਉਹ ਅਨੁਭਵ ਕਰਦੇ ਹਨ ਕਿ ਉੱਨਤੀ ਕਰਨੀ ਤੇ ਕਿਤੇ ਨਹੀਂ। ਉਨ੍ਹਾਂ ਦੇ ਤਾਂ ਸਾਹ ਲੈਣ ਨੂੰ ਵੀ ਇਥੇ ਥਾਂ ਨਹੀਂ ਹੈ, ਇਸ ਕਰਕੇ ਹਿੰਦੋਸਤਾਨ ਦਾ ਗ਼ੁਲਾਮ ਹੋਣਾ ਹੀ ਇਕ ਚੰਗੀ ਦਲੀਲ ਹੈ ਕਿ ਇਥੇ ਆਜ਼ਾਦੀ ਲਈ ਕੋਸ਼ਿਸ਼ਾਂ ਹੋਣ। ਆਜ਼ਾਦੀ ਲਈ ਦੋ ਪ੍ਰਕਾਰ ਨਾਲ ਹੀ ਕੋਸ਼ਿਸ਼ਾਂ ਹੋ ਸਕਦੀਆਂ ਹਨ। ਇਕ ਸ਼ਾਂਤਮਈ ਨਾਲ ਦੂਜੇ ਤਸ਼ੱਦਦ ਨਾਲ। ਆਜ਼ਾਦੀ ਦੀ ਪ੍ਰਾਪਤੀ ਦੇ ਹਰ ਇਕ ਜ਼ਰੀਏ ਦੀ ਇਕ ਨਾ ਇਕ ਦਿਨ ਅਜ਼ਮੈਸ਼ ਹੁੰਦੀ ਹੈ। ਜੋ ਉਹ ਜ਼ਰੀਆ ਪਰਖ਼ ਵਿਚ ਪੂਰਾ ਉੱਤਰ ਆਵੇ ਤਾਂ ਲੋਕ ਉਸ ਵਿਚ ਨਿਸ਼ਚਾ ਰੱਖਦੇ ਹਨ ਪਰ ਜੇ ਉਹ ਪਰਖ ਵਿਚ ਫੇਲ੍ਹ ਹੋ ਜਾਵੇ ਤਾਂ ਲੋਕ ਉਸ ਵਿਚੋਂ ਨਿਸਚਾ ਛੱਡ ਦਿੰਦੇ ਹਨ। ਹਿੰਦੋਸਤਾਨ ਵਿਚ ਬਹੁਤ ਭਾਰੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਕਿ ਸ਼ਾਂਤਮਈ ਦੇ ਹਾਮੀ ਹਨ। ਸ਼ਾਇਦ ਇਸ ਲਈ ਕਿ ਉਨ੍ਹਾਂ ਨੂੰ ਇਸ ਤੋਂ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ ਜਾਂ ਜੇ ਕੁਝ ਸੁਝਦਾ ਵੀ ਹੈ ਤਾਂ ਉਹ ਆਪਣੇ ਆਪ ਨੂੰ ਉਸ ਪਰ ਅਮਲ ਕਰਨੋਂ ਅਸਮਰਥ ਸਮਝਦੇ ਹਨ। ਪਰ ਇਹ ਗੱਲ ਹੁਣ ਸ਼ੱਕ ਸ਼ੁਭੇ ਤੋਂ ਬਾਹਰ ਹੈ ਕਿ ਅਜਿਹੇ ਆਦਮੀ ਵੀ ਹਿੰਦੋਸਤਾਨ ਵਿਚ ਮੌਜੂਦ ਹਨ। ਜੋ ਕਿ ਸ਼ਾਂਤਮਈ ਤੋਂ ਯਕੀਨ ਹਟਾ ਬੈਠੇ ਹਨ। ਪਰ ਜਿਹੜੇ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਕੰਮ ਵੀ ਕਰਨਾ ਚਾਹੁੰਦੇ ਹਨ। ਜਦ ਤਾਂਈਂ ਅਜਿਹੇ ਆਦਮੀ ਮੌਜੂਦ ਹੋਣ ਤਦ ਤਾਂਈ ਸਾਜਸ਼ਾਂ ਦਾ ਹੁੰਦੇ ਰਹਿਣਾ ਅਚੰਭੇ ਦੀ ਗੱਲ ਨਹੀ ਹੈ। ਪਰ ਇਕ ਗੁਲਾਮ ਕੀ ? ਹਿੰਦੋਸਤਾਨ ਵਿਚ ਤਾਂ ਐਨੀ ਗਰੀਬੀ ਹੈ ਕਿ ਤੋਬਾ ਹੀ ਭਲੀ ਹੈ। ਹਜਾਰਾਂ ਨਹੀਂ, ਲੱਖਾਂ ਨਹੀਂ, ਸਗੋਂ ਕਰੋੜਾਂ ਹੀ ਲੋਕ ਰੋਟੀ ਦੀਆਂ ਦੋ ਬੁਰਕੀਆਂ



Sri Satguru Jagjit Singh Ji Elibrary NamdhariElibrary@gmail.com

ਨੂੰ ਹੀ ਤਰਸਦੇ ਮਰ ਜਾਂਦੇ ਹਨ। ਜਦ ਤਾਂਈਂ ਗੁਲਾਮੀ ਅਤੇ ਗਰੀਬੀ ਨਹੀਂ ਹਟਦੀਆਂ, ਤਦ ਤਾਂਈਂ ਲੋਕ ਭਲਾ ਕਿਸ ਤਰ੍ਹਾਂ ਆਰਾਮ ਨਾਲ ਬਹਿ ਸਕਦੇ ਹਨ। ਹੋ ਸਕਦਾ ਹੈ ਕਿ ਅਮੀਰ ਲੋਕ ਐਸ਼ ਆਰਾਮ ਵਿਚ ਆਜ਼ਾਦੀ ਨੂੰ ਭੁੱਲ ਜਾਣ ਅਤੇ ਗੁਲਾਮੀ ਨੂੰ ਪਸੰਦ ਕਰਨ ਕਿਉਂਕਿ ਉਨ੍ਹਾਂ ਦੇ ਵਾਸਤੇ ਤਾਂ ਐਸ਼ ਪਰੱਸਤੀ ਹੀ ਆਜ਼ਾਦੀ ਹੋ ਸਕਦੀ ਹੈ। ਪਰ ਜਿਹੜੇ ਲੋਕ ਭੁੱਖੇ ਮਰ ਰਹੇ ਹਨ, ਉਹ ਸਮਝਦੇ ਹਨ ਕਿ ਅਸੀਂ ਮਰਨਾ ਹੀ ਹੈ ਤਾਂ ਫਿਰ ਕਿਉਂ ਨਾ ਮਰਦੇ-ਮੈਦਾਨ ਬਣ ਕੇ ਇਸ ਜ਼ਾਲਮ ਅਤੇ ਅਨਿਆਈਂ ਨਜ਼ਾਮ ਨੂੰ ਰੱਦ ਕਰਨ ਵਿਚ ਮਰੀਏ। ਕਿਉਂ ਨਾ ਦੇਸ਼ ਦੇ ਗ਼ਰੀਬਾਂ ਨੂੰ ਜਗਾਉਣ ਲਈ ਤੇ ਭਾਰਤ ਮਾਤਾ ਨੂੰ ਆਜ਼ਾਦ ਕਰਾਉਣ ਲਈ ਸੀਸ ਦਿੱਤੇ ਜਾਣ। ਹੋ ਸਕਦਾ ਕਿ ਅਜਿਹੇ ਖ਼ਿਆਲ ਕੁਝ ਚਿਰ ਤਾਂਈਂ ਗ਼ਰੀਬਾਂ ਦੇ ਦਿਮਾਗ਼ਾਂ ਵਿਚ ਨਾ ਆਉਣ। ਪਰ ਕਦ ਤਕ ਰੁਕ ਸਕਣਗੇ? ਇਸ ਬੇਇਨਸਾਫੀ ਗੁਲਾਮੀ ਤੇ ਗ਼ਰੀਬੀ ਦੇ ਵਿਰੁੱਧ ਮੁੱਢ ਤੋਂ ਹੀ ਸਾਜ਼ਸ਼ ਹੁੰਦੀ ਚਲੀ ਆਈ ਹੈ। ਜਦ ਤਕ ਇਹ ਹਾਲ ਰਹੇਗਾ, ਜੋਸ਼ੀਲੇ ਲੋਕ ਸਾਜ਼ਸ਼ ਕਰਦੇ ਰਹਿਣਗੇ ਕਿਉਂਕਿ ਤਮਾਮ ਸਾਜ਼ਸ਼ਾਂ ਦੀ ਜੜ੍ਹ ਗ਼ਰੀਬੀ ਅਤੇ ਗੁਲਾਮੀ ਹੀ ਹੈ। ਭਾਵੇਂ ਗੌਰਮਿੰਟਾਂ ਇਸ ਗੱਲ ਨੂੰ ਨਹੀਂ ਮੰਨਦੀਆਂ, ਪਰ ਫੇਰ ਵੀ ਇਹ ਬਿਲਕੁਲ ਹੀ ਠੀਕ ਹੈ ਕਿ ਹਕੂਮਤਾਂ ਜੋ ਕੁਝ ਵੀ ਹੱਕ ਜਾਂ ਰੈਫਾਰਮਾਂ ਦਿਆ ਕਰਦੀਆਂ ਹਨ, ਇਹ ਉਨ੍ਹਾਂ ਸਾਜ਼ਸ਼ੀਆਂ ਦੇ ਖੌਫ਼ ਤੋਂ ਹੀ ਦਿਆ ਕਰਦੀਆਂ ਹਨ। ਨਹੀਂ ਤਾਂ ਜੇ ਇਹ ਨੌਜਵਾਨ ਤਲੀਆਂ ਪਰ ਸਿਰ ਰੱਖ ਕੇ ਬਿਨਾਂ ਕਿਸੇ ਖੁਦਗਰਜ਼ੀ ਦੇ ਸੁਸਾਇਟੀ ਨੂੰ ਚੰਗੀ ਬਣਾਉਣ ਲਈ ਕੁਰਬਾਨੀਆਂ ਨਾ ਕਰਦੇ ਤਾਂ ਗੌਰਮਿੰਟਾਂ ਪਾਸੋਂ ਜਿੰਨੇ ਕੁ ਹੱਕ ਅੱਜ ਤਾਂਈਂ ਖੋਹੇ ਜਾ ਚੁਕੇ ਹਨ, ਉਹ ਵੀ ਨਾ ਖੁਸ ਸਕਦੇ।

1925 ਵਿਚ ਬਿਪਨ ਚੰਦਰ ਪਾਲ ਨੇ ਇਕ ਮਜ਼ਮੂਨ ਵਿਚ ਲਿਖਿਆ ਸੀ ਕਿ "ਇਹ ਪੁਲੀਟੀਕਲ ਕਾਤਲ ਹੀ ਸਨ ਜਿਨ੍ਹਾਂ ਨੇ ਕਿ ਮਿੰਟੋ ਮਾਰਲੇ ਸਕੀਮ ਲਈ ਰਸਤਾ ਸਾਫ਼ ਕੀਤਾ।" ਇਕ ਹੋਰ ਮਾਡਰੇਟ ਐਸ.ਆਰ. ਦਾਸ ਨੇ ਲਿਖਿਆ ਸੀ ਕਿ "ਇੰਗਲਿਸਤਾਨ ਨੂੰ ਇਸ ਮਿੱਠੀ ਨੀਂਦ ਤੋਂ ਜਗਾਉਣ ਲਈ 'ਕਿ ਹਿੰਦਸਤਾਨ ਨਾਲ 'ਚੰਗਾ' ਸਲੂਕ ਹੋ ਰਿਹਾ ਹੈ' ਇਕ ਬੰਬ ਦੀ ਲੋੜ ਸੀ।" ਭਾਵੇਂ ਆਮ ਤੌਰ 'ਤੇ ਲੀਡਰ ਲੋਕ ਇਹਨਾਂ ਸਾਜ਼ਸ਼ੀਆਂ ਦੇ ਵਿਰੁੱਧ ਹੀ ਰਿਹਾ ਕਰਦੇ ਹਨ, ਪਰ ਕਦੇ-ਕਦੇ ਉਨ੍ਹਾਂ ਦੀਆਂ ਖਿਦਮਤਾਂ ਦਾ ਜ਼ਿਕਰ ਵੀ ਕਰ ਦਿਆ ਕਰਦੇ ਹਨ। ਸਾਡੇ ਲੀਡਰ ਸਾਹਿਬ ਬੱਬਰ ਅਕਾਲੀ ਲਹਿਰ ਦੀ ਤਾਰੀਫ਼ ਇਹ ਕਹਿ ਕੇ ਕਰਿਆ ਕਰਦੇ ਹਨ ਕਿ ਸਿੱਖਾਂ ਨੂੰ ਗੁਰਦੁਆਰਾ ਬਿਲ ਅਜਿਹੀ ਨੇ ਹੀ ਦਿਵਾਇਆ ਹੈ, ਨਹੀਂ ਤਾਂ ਗੁਰਦੁਆਰਾ ਬਿਲ ਕਦੇ ਵੀ ਨਾ ਮਿਲਦਾ।

ਇਹ ਲੇਖ ਲਿਖਣ ਤੋਂ ਨਾ ਤਾਂ ਸਾਡਾ ਇਹ ਭਾਵ ਹੈ ਕਿ ਬੰਬ ਸੁੱਟਣ ਲਈ ਪ੍ਰੇਰਨਾ ਕੀਤੀ ਜਾਵੇ ਅਤੇ ਨਾ ਹੀ ਇਹ ਕਿ ਸਾਜ਼ਸ਼ੀਆਂ ਦੀ ਤਾਰੀਫ਼ ਵਿਚ ਵੱਡੇ-ਵੱਡੇ ਪੁਲ ਬੰਨ੍ਹ ਦਿੱਤੇ ਜਾਣ। ਭਾਵੇਂ ਅਸੀਂ ਸਮਝਦੇ ਹਾਂ ਕਿ ਉਹ ਸੱਚੇ ਦੇਸ਼ ਭਗਤ ਹੁੰਦੇ ਹਨ ਅਤੇ ਆਪਣੇ ਅੰਦਰ ਸੱਚੀ ਕੌਮੀ ਅਤੇ ਮੁਲਕੀ ਸਪਿਰਟ ਰੱਖਦੇ ਹਨ ਅਤੇ ਆਪਣੇ ਅਕੀਦੇ ਦੇ ਮੁਤਾਬਿਕ ਕੰਮ ਕਰਦੇ ਹਨ। ਉਹ ਇਸੇ ਵਿਚ ਮੁਲਕ ਤੇ ਕੌਮ ਦੀ ਬਿਹਤਰੀ ਸਮਝਦੇ ਹਨ। ਸਗੋਂ ਇਸ ਲੇਖ ਦੇ ਲਿਖਣ ਦਾ ਭਾਵ ਇਹ ਹੈ, ਕਿ ਜਨਤਾ ਨੂੰ ਦਸਿਆ ਜਾਵੇ ਕਿ ਜਿਥੇ ਵੀ ਗੁਲਾਮੀ ਤੇ ਗਰੀਬੀ ਮੌਜੂਦ ਹਨ, ਉਥੇ ਹੀ ਕੁਝ ਜੋਸ਼ੀਲੇ ਲੋਕ ਉਠਦੇ ਰਹਿਣਗੇ ਅਤੇ ਗੁਲਾਮੀ ਤੇ ਗਰੀਬੀ ਦੇ ਜੂਲੇ ਨੂੰ ਲਾਹ ਕੇ ਸੁੱਟ ਦੇਣ ਦੇ ਯਤਨ ਕਰਦੇ ਰਹਿਣਗੇ। ਭਾਵੇਂ ਉਨ੍ਹਾਂ ਨੂੰ ਕਾਮਯਾਬੀ ਹੋਵੇ ਜਾਂ ਨਾ। ਇਹੋ ਅਸੀਂ ਸਮਝਦੇ ਹਾਂ ਕਿ ਤਾਰੀਖ ਸਾਨੂੰ ਇਹੋ ਦਸਦੀ ਹੈ, ਇਨ੍ਹਾਂ ਸਾਜ਼ਿਸ਼ਾਂ ਦੇ ਰੋਕਣ ਅਤੇ ਸਦਾ ਲਈ ਖ਼ਤਮ ਕਰਨ ਦਾ ਇਕੋ ਤਰੀਕਾ ਹੈ ਕਿ ਦੁਨੀਆ ਤੋਂ ਗਰੀਬੀ ਅਤੇ ਗੁਲਾਮੀ ਨੂੰ ਦੂਰ ਕੀਤਾ ਜਾਵੇ ਅਤੇ ਹਰ ਇਕ ਮੁਲਕ ਵਿਚ ਆਜ਼ਾਦੀ ਦੇ ਨਾਲ ਰੋਟੀ ਦੇ ਸਵਾਲ ਦਾ ਵੀ ਪੂਰਾ ਹੱਲ ਹੋਵੇ, ਜਦ ਤਾਂਈਂ ਇਹ ਨਹੀਂ ਹੁੰਦਾ, ਸਾਜ਼ਿਸ਼ਾਂ ਦਾ ਬੰਦ ਹੋਣਾ ਔਖਾ ਹੈ।



Sri Satguru Jagjit Singh Ji Elibrary NamdhariElibrary@gmail.com

## 41. ਪੁਲਿਸ ਦੀਆਂ ਕਮੀਨੀਆਂ ਚਾਲਾਂ

*—ਜੂਨ, 1928 ਕਿਰਤੀ*

[ਪੁਲਿਸ ਦੇ ਆਦਮੀ ਕਿਵੇਂ ਨੌਜਵਾਨਾਂ ਨੂੰ ਫਸਾਉਣ ਤੇ ਵਰਗਲਾਉਣ ਦੇ ਕੰਮ ਕਰਦੇ ਹਨ, ਇਸ ਬਾਰੇ ਇਹ ਲੇਖ ਜੂਨ, 1928 ਦੇ ਕਿਰਤੀ ਵਿਚ ਛਪਿਆ ਸੀ। ਇਹ ਪਾਠਕਾਂ ਲਈ ਦਿਲਚਸਪ ਹੋਵੇਗਾ ਸੋ ਇਥੇ ਪੇਸ਼ ਕੀਤਾ ਜਾ ਰਿਹਾ ਹੈ। —ਸੰਪਾਦਕ]

ਕੁਝ ਦਿਨਾਂ ਤੋਂ ਪੰਜਾਬ ਵਿਚ ਬੜੀ ਸਨਸਨੀ ਫੈਲੀ ਹੋਈ ਹੈ। ਇਕ ਅਜੀਬ ਕਹਾਣੀ ਦਾ ਪਤਾ ਲੱਗਾ ਹੈ। ਪੁਲਿਸ ਦੀ ਇਕ ਅਜਬ ਕਰਤੂਤ ਦਾ ਭਾਂਡਾ ਫੁੱਟਾ ਹੈ। ਹੁਣ ਚੂੰਕਿ ਭਾਂਡਾ ਫੁੱਟ ਹੀ ਪਿਆ ਹੈ, ਇਸ ਕਰਕੇ ਉਹ ਮਜ਼ੇਦਾਰ ਕਹਾਣੀ ਲੱਗਦੀ ਹੈ, ਪਰ ਜੇ ਬਦਕਿਸਮਤੀ ਨਾਲ ਭਾਂਡਾ ਨਾ ਫੁੱਟਦਾ ਤਾਂ ਅੱਜ ਉਸ ਦਾ ਨਤੀਜਾ ਇਹ ਹੋਣਾ ਸੀ ਕਿ ਕਈ ਨੌਜਵਾਨ ਫ਼ਾਂਸੀ ਲਟਕ ਜਾਣੇ ਸਨ ਤੇ ਕਈਆਂ ਨੂੰ ਕਾਲਾ ਪਾਣੀ ਹੋ ਗਿਆ ਹੋਣਾ ਸੀ। ਭਾਂਡਾ ਲਾਹੌਰ ਦੇ ਅਖ਼ਬਾਰ ਟ੍ਰਿਬਿਊਨ (The Tribune) ਨੇ ਭੰਨਿਆ ਹੈ।

ਕਹਾਣੀ ਇਉਂ ਹੈ ਕਿ ਅਪ੍ਰੈਲ 1927 ਵਿਚ ਲਾਹੌਰ ਸਟੇਸ਼ਨ 'ਤੇ ਇਕ ਬੰਗਾਲੀ ਅਤੇ ਇਕ ਮੇਰਠ ਦਾ ਰਹਿਣ ਵਾਲੇ ਨੌਜਵਾਨ ਪਕੜੇ ਗਏ। ਬੰਗਾਲੀ ਪਾਸੋਂ ਪਿਸਤੌਲ ਤੇ ਮੇਰਠ ਵਾਲੇ ਪਾਸੋਂ ਤੇਜ਼ਾਬ ਨਿਕਲਿਆ। ਕੁਝ ਕੁ ਦਿਨ ਹਵਾਲਾਤ ਵਿਚ ਰੱਖਣ ਦੇ ਪ੍ਰੰਤੂ ਪਹਿਲੋਂ ਤਾਂ ਮੇਰਠ ਦਾ ਰਹਿਣ ਵਾਲਾ ਨੌਜਵਾਨ, ਜਿਸ ਦਾ ਨਾਂ ਕਿ ਮੋਹਨ ਲਾਲ ਰੰਕ ਸੀ, ਛੁੱਟ ਗਿਆ ਅਤੇ ਬੰਗਾਲੀ ਉੱਤੇ ਮੁਕੱਦਮਾ ਚਲਾਇਆ ਗਿਆ। ਕੁਝ ਕੁ ਦਿਨਾਂ ਮਗਰੋਂ ਬੰਗਾਲੀ ਨੂੰ ਵੀ ਜ਼ਮਾਨਤ 'ਤੇ ਛੱਡ ਦਿੱਤਾ ਗਿਆ। ਜ਼ਮਾਨਤ ਪੰਜ ਸੌ ਦੀ ਹੋਈ ਸੀ। ਪੇਸ਼ੀ ਵਾਲੇ ਦਿਨ ਉਹ ਨਾ ਆਇਆ ਅਤੇ ਜ਼ਮਾਨਤ ਵੀ ਜ਼ਬਤ ਨਾ ਕੀਤੀ ਗਈ। ਉਸ ਨੂੰ ਵਾਰੰਟ ਕੱਢ ਕੇ ਮੇਰਠ ਤੋਂ ਗ੍ਰਿਫ਼ਤਾਰ ਕਰਕੇ ਲਿਆਂਦਾ ਗਿਆ ਅਤੇ ਮਿ. ਹੀਰਾ ਲਾਲ ਫੈਲਬ੍ਰਸ ਨੇ ਉਸ ਨੂੰ ਪੰਜ ਸਾਲ ਦੀ ਕੈਦ ਕਰ ਦਿੱਤੀ। ਲਾਹੌਰ ਦੇ ਕੌਮੀ ਕਾਰਕੁਨਾਂ ਨੂੰ ਉਸ ਦੇ ਨਾਲ ਹਮਦਰਦੀ ਪੈਦਾ ਹੋਈ। ਉਸ ਵਾਸਤੇ ਅਪੀਲ ਦਾ ਬੰਦੋਬਸਤ ਕੀਤਾ ਗਿਆ। ਅਪੀਲ ਅਜੇ ਪੇਸ਼ ਵੀ ਨਹੀਂ ਸੀ ਹੋਈ ਕਿ ਉਹ ਛੁੱਟ ਕੇ ਘਰ ਚਲਿਆ ਗਿਆ। ਲੋਕੀ ਸਭ ਹੈਰਾਨ ਸਨ। ਉਡਦੀ-ਉਡਦੀ ਗੱਲ ਸੁਣੀਂਦੀ ਸੀ ਕਿ ਉਹ ਖੁਫ਼ੀਆ ਪੁਲਿਸ ਦਾ ਹੀ ਟੱਟੂ ਸੀ। ਪਰ ਕੁਝ ਯਕੀਨ ਨਾਲ ਨਹੀਂ ਸੀ ਕਿਹਾ ਜਾ ਸਕਦਾ।

ਹੁਣ ਕੁਝ ਕੁ ਦਿਨ ਹੋਏ ਤਾਂ ਉਸ ਦੇ ਉਹਨਾਂ ਦਿਨਾਂ ਦੇ ਲਿਖੇ ਹੋਏ ਕੁਝ ਕੁ ਖ਼ਤ ਟ੍ਰਿਬਿਊਨ ਵਿਚ ਛਪੇ ਹਨ। ਉਹ ਇਕ ਤਾਂ ਮੇਰਠ ਦੇ ਕਪਤਾਨ ਪੁਲਿਸ ਦੇ ਨਾਮ ਹੈ, ਤੇ ਇਕ ਲਾਹੌਰ ਦੇ ਕਪਤਾਨ ਪੁਲਿਸ ਦੇ ਨਾਮ ਹੈ, ਅਤੇ ਇਕ ਅਜਿਹਾ ਹੈ ਜਿਸ ਵਿਚ ਕਿ ਉਸ ਨੇ ਆਪਣਾ ਸਾਰਾ ਹਾਲ ਲਿਖਿਆ ਹੈ। ਉਹ ਲਿਖਦਾ ਹੈ ਕਿ ਉਹ ਖੁਫ਼ੀਆ ਪੁਲਿਸ ਦਾ ਇਕ ਜਸੂਸ ਹੈ ਅਤੇ ਕਈਆਂ ਵਰ੍ਹਿਆਂ ਤੋਂ ਪੁਲਿਸ ਦਾ ਕੰਮ ਕਰਦਾ ਹੈ। ਪੁਲਿਸ ਨੂੰ ਪਤਾ ਲੱਗਾ ਹੈ ਕਿ ਇਕ ਹੋਰ ਆਦਮੀ 'ਏਨ' ਨਾਮ ਦਾ ਮੇਨਪੁਰੀ (Main Puri) ਦਾ ਰਹਿਣ ਵਾਲਾ ਹੈ ਜਿਸ ਪਾਸ ਕਿ ਦੋ ਪਿਸਤੌਲ ਹਨ। ਕੇ.ਸੀ. ਬੈਨਰਜੀ, ਜੋ ਕਿ ਉਸ ਬੰਗਾਲੀ ਦਾ ਨਾਂ ਹੈ, ਨੂੰ ਉਸ ਦੇ ਨਾਲ ਦੋਸਤੀ ਕਰਨ ਵਾਸਤੇ ਕਿਹਾ ਗਿਆ ਤਾਂ ਉਸ ਕੋਲੋਂ ਪਿਸਤੌਲ ਲੈ ਲਏ ਜਾਣ। ਉਸ ਨੇ ਇਕ ਪਿਸਤੌਲ ਲੈ ਲਿਆ ਅਤੇ ਪੁਲਿਸ ਅਫ਼ਸਰਾਂ ਉਸ ਨੂੰ ਕਿਹਾ ਕਿ ਇਹ ਤੂੰ ਆਪਣੇ ਪਾਸ ਹੀ ਰੱਖ।

ਇਕ ਦਿਨ ਲਾਹੌਰ ਦੇ ਕਿਸੇ ਆਦਮੀ ਦੀ ਚਿੱਠੀ ਬੰਗਾਲੀ ਦੀ ਮਾਰਫਤ ਮੋਹਨ ਲਾਲ ਦੇ ਨਾਂ ਲਿਖੀ ਹੋਈ ਗਈ। ਉਸ ਵਿਚ ਲਿਖਿਆ ਸੀ ਕਿ ਤੁਸੀਂ ਆਦਮੀ ਅਤੇ ਚੀਜ਼ਾਂ ਲੈ ਕੇ ਲਾਹੌਰ ਪੁੱਜੋ ਕਿਉਂਕਿ ਫਿਰੋਜ਼ਪੁਰ ਡਾਕਾ ਮਾਰਨਾ ਹੈ। ਬੰਗਾਲੀ ਨੇ ਉਹ ਚਿੱਠੀ ਪੁਲਿਸ ਅਫ਼ਸਰਾਂ ਨੂੰ ਦੇ ਦਿੱਤੀ ਜਿਨ੍ਹਾਂ ਕਿ ਚਿੱਠੀ ਦਾ ਫੋਟੋ ਲੈ ਲਿਆ ਅਤੇ ਚਿੱਠੀ ਮੋੜ ਦਿੱਤੀ। ਬੈਨਰਜੀ ਨੇ ਉਹ ਚਿੱਠੀ ਮੋਹਨ ਲਾਲ ਨੂੰ ਦੇ ਦਿੱਤੀ। ਤਿਆਰੀ ਕੀਤੀ ਗਈ। ਅਫ਼ਸਰਾਂ ਦੀ ਸਲਾਹ ਲੈ ਕੇ ਉਹ



Sri Satguru Jagjit Singh Ji Elibrary NamdhariElibrary@gmail.com

ਪਿਸਤੌਲ ਨਾਲ ਲੈ ਕੇ ਮੋਹਨ ਲਾਲ ਦੇ ਨਾਲ ਲਾਹੌਰ ਨੂੰ ਆ ਗਿਆ। ਇਥੋਂ ਇਕ ਆਦਮੀ ਡਾਕੇ ਵਾਲੀ ਥਾਂ ਦੀ ਦੇਖ ਭਾਲ ਵਾਸਤੇ ਘੱਲ ਦਿੱਤਾ ਗਿਆ। ਪਰ ਪਤਾ ਨਹੀਂ ਕੀ ਵਜ੍ਹਾ, ਡਾਕਾ ਤੇ ਨਾ ਪਿਆ ਤੇ ਦੋਨੋਂ ਜਣੇ ਮੁੜ ਕੇ ਮੇਰਠ ਨੂੰ ਚੱਲ ਪਏ। ਪਰ ਲਾਹੌਰ ਰੇਲਵੇ ਸਟੇਸ਼ਨ 'ਤੇ ਗ੍ਰਿਫ਼ਤਾਰ ਕਰ ਲਏ ਗਏ।

ਫੜ ਹੁੰਦਿਆਂ ਹੀ ਬੰਗਾਲੀ ਨੇ ਪੁਲਿਸ ਨੂੰ ਦੱਸ ਦਿੱਤਾ ਕਿ ਉਹ ਬੰਗਾਲੀ ਖੁਫ਼ੀਆ ਪੁਲਿਸ ਦਾ ਬੰਦਾ ਹੈ ਅਤੇ ਪਿਸਤੌਲ ਵੀ ਇਕ ਤਰ੍ਹਾਂ ਸਰਕਾਰੀ ਹੈ ਅਤੇ ਉਸ ਨੂੰ ਇਹ ਕਹਿ ਦਿੱਤਾ ਗਿਆ ਕਿ ਤੂੰ ਇਹ ਪਿਸਤੌਲ ਕਿਸੇ ਦੂਸਰੇ ਦੇ ਹੱਥ ਪਕੜਾ ਦੇਈਂ। ਪਰ ਹਾਲਾਤ ਐਸੇ ਹੋ ਗਏ ਕਿ ਆਪ ਹੀ ਉਹ ਗ੍ਰਿਫ਼ਤਾਰ ਹੋ ਗਿਆ। ਹੁਣ ਪੁਲਿਸ ਉਸਨੂੰ ਛੱਡਣਾ ਵੀ ਚਾਹੁੰਦੀ ਸੀ, ਪਰ ਇਕ ਦਮ ਛੱਡਣ ਨਾਲ ਸ਼ੱਕ ਪੈ ਜਾਣ ਦਾ ਖ਼ਤਰਾ ਸੀ, ਉਸ ਨੂੰ 500 ਦੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

ਤਾਰੀਖ ਵਾਲੇ ਦਿਨ ਉਹ ਪੇਸ਼ ਨਾ ਹੋਇਆ। ਫੇਰ ਵੀ ਉਸਦੀ ਜ਼ਮਾਨਤ ਜ਼ਬਤ ਨਾ ਕੀਤੀ ਗਈ। ਪੰਡੂ ਮੈਜਿਸਟਰੇਟ ਨੂੰ ਸਾਰੀ ਕਥਾ ਦਾ ਪਤਾ ਨਹੀਂ ਸੀ, ਇਸ ਕਰਕੇ ਉਸ ਨੇ ਬਹੁਤੀ ਵਫ਼ਾਦਾਰੀ ਜ਼ਾਹਿਰ ਕਰਨ ਖ਼ਾਤਿਰ ਜਿੰਨੀ ਵੱਧ ਤੋਂ ਵੱਧ ਸਜ਼ਾ ਮੁਮਕਿਨ ਸੀ, ਦੇ ਦਿੱਤੀ। ਆਰਮਜ਼ ਐਕਟ (Arms Act) ਅਨੁਸਾਰ ਆਮ ਤੌਰ 'ਤੇ ਦੂਜੇ ਸੂਬਿਆਂ ਵਿਚ 6 ਕੁ ਮਹੀਨੇ ਕੈਦ ਹੁੰਦੀ ਹੈ ਪਰ ਇਹ ਪੰਜਾਬ ਜੁ ਹੋਇਆ। ਇਥੇ ਪੰਜ ਸਾਲ ਦੀ ਸਜ਼ਾ ਹੋਈ। ਹੁਣ ਬੰਗਾਲੀ ਦੇ ਸਾਹ ਸੁੱਕ ਗਏ। ਚਿੱਠੀਆਂ ਤੇ ਚਿੱਠੀਆਂ ਲਿਖੀਆਂ। ਕਿਧਰੇ ਰਾਏ ਸਾਹਿਬ ਲਾਲਾ ਚੂਨੀ ਲਾਲ ਕਪਤਾਨ ਲਾਹੌਰ ਨੂੰ ਤੇ ਕਿਧਰੇ ਕਪਤਾਨ ਮੇਰਠ ਨੂੰ ਚਿੱਠੀਆਂ ਲਿਖੀਆਂ। ਸਾਰਾ ਹਾਲ ਕਿਹਾ। ਉਨ੍ਹਾਂ ਵਿਚੋਂ ਹੀ ਚਿੱਠੀਆਂ ਕਿਸੇ ਤਰ੍ਹਾਂ ਟ੍ਰਿਬਿਊਨ ਦੇ ਹੱਥਿ ਚੜ੍ਹ ਗਈਆਂ ਅਤੇ ਉਹ ਹੀ ਛਪਵਾ ਦਿੱਤੀਆਂ ਗਈਆਂ। ਕੌਂਸਿਲ ਵਿਚ ਇਸੇ 'ਤੇ ਬਹਿਸ ਹੋਈ। ਸਰਕਾਰੀ ਮੈਂਬਰਾਂ ਚੁੱਪ ਕਰਕੇ ਗੱਲ ਮੰਨ ਲਈ। ਉਹਨਾਂ ਕਿਹਾ ਕਿ ਉਹ ਸਾਡਾ ਜਸੂਸ ਸੀ, ਪੰਜਾਬ ਪੁਲਿਸ ਨੂੰ ਪਹਿਲੋਂ ਸਾਰੀ ਗੱਲ ਦਾ ਪਤਾ ਨਹੀਂ ਸੀ। ਪਤਾ ਲੱਗਣ ਪਰ ਉਸ ਨੂੰ ਲੋਕਾਂ ਦੇ ਸ਼ੱਕ ਤੋਂ ਬਚਾਉਣ ਲਈ ਮੁਕੱਦਮੇ ਦਾ ਢੌਂਗ ਰਚਿਆ ਗਿਆ।

ਹੁਣ ਸਵਾਲ ਹੋਰ ਪੈਦਾ ਹੁੰਦਾ ਹੈ ਕਿ ਸਿਰਫ਼ ਜਾਸੂਸ ਹੀ ਸੀ ਜਾਂ ਨਾਲ ਹੀ ਉਹ ਇਸ਼ਤਾਲ ਦੁਆਉਣ ਵਾਲਾ (Agent Provocatour) ਏਜੰਟ ਪ੍ਰੋਵੋਕੇਟਰ ਵੀ ਸੀ। ਏਜੰਟ ਪ੍ਰੋਵੋਕੇਟਰ ਦਾ ਕੰਮ (Investigate) ਕਰਨ ਜਾਂ ਤਫਤੀਸ਼ ਕਰਨਾ ਨਹੀਂ ਹੁੰਦਾ ਬਲਕਿ (To create) ਜੁਰਮ ਪੈਦਾ ਕਰਨਾ ਹੁੰਦਾ ਹੈ। ਆਮ ਤੌਰ 'ਤੇ ਪੁਲਿਸ ਆਪਣੀ ਜ਼ਰੂਰਤ ਜਤਾਉਣ ਦੀ ਖ਼ਾਤਿਰ ਕੁਝ ਐਸਾ ਕੰਮ ਕਰਦੀ ਰਹਿੰਦੀ ਹੈ। ਲਾਲਾ ਲਾਜਪਤ ਰਾਏ ਨੇ ਇਕ ਵਾਰ ਟਰਕੀ ਦੀ ਖੁਫ਼ੀਆ ਪੁਲਿਸ ਦੀ ਕਰਤੂਤ ਦੀ ਕਹਾਣੀ ਲਿਖੀ ਸੀ। ਰੂਸ ਵਿਚ (Agent Provacatour) ਬਹੁਤ ਸਾਰਾ ਕੰਮ ਕਰਦੇ ਰਹੇ ਹਨ। ਪਰ ਆਮ ਤੌਰ 'ਤੇ ਪੁਲਿਸ ਹੀ ਐਸੀਆਂ ਸਾਜ਼ਸ਼ਾਂ ਨਹੀਂ ਕਰਦੀ ਹੁੰਦੀ। ਗਵਰਨਮੈਂਟਾਂ ਆਪ ਵੀ ਕਰਾਉਂਦੀਆਂ ਹਨ। ਮਸਲਨ ਜਦੋਂ ਕਿਤੇ ਬੜੇ ਭਾਰੀ ਅੰਦੋਲਨ ਖੜ੍ਹੇ ਹੋਣ ਦੀ ਉਮੀਦ ਹੁੰਦੀ ਹੈ ਉਸ ਨੂੰ ਪਹਿਲਾਂ ਹੀ ਦਬਾਉਣ ਦੀ ਖ਼ਾਤਰ ਜ਼ੁਲਮ ਕਰਨ ਦਾ ਬਹਾਨਾ ਲੱਭਣ ਖਾਤਰ ਉਹ ਆਪਣੇ ਆਦਮੀਆਂ ਨੂੰ ਉਨ੍ਹਾਂ ਵਿਚ ਰਲਾ ਦਿੰਦੇ ਹਨ ਅਤੇ ਉਹ ਕੋਈ ਨਾ ਕੋਈ ਗਲਤੀ ਕਰਵਾ ਦਿੰਦੇ ਹਨ। ਜਿਸ ਤੋਂ ਕਿ ਜ਼ੁਲਮ ਦਾ ਬਹਾਨਾ ਮਿਲ ਜਾਂਦਾ ਹੈ। ਦੂਰ ਜਾਣ ਦੀ ਲੋੜ ਨਹੀਂ ਅੱਜ ਕੱਲ੍ਹ ਭੀ ਜੋ ਹੜਤਾਲਾਂ ਹੋਈਆਂ ਹਨ ਉਹਨਾਂ ਵਿਚ ਵੀ ਐਸੇ ਆਦਮੀ ਛੱਡੇ ਜਾਂਦੇ ਹਨ ਜੋ ਫਸਾਦ ਕਰਾਉਣ ਖ਼ਾਤਰ ਲੋਕਾਂ ਨੂੰ ਭੜਕਾਉਂਦੇ ਰਹਿੰਦੇ ਹਨ ਅਤੇ ਜ਼ੁਲਮ ਦਾ ਬਹਾਨਾ ਪੈਦਾ ਕਰਨ ਵਾਸਤੇ ਯਤਨ ਕਰਦੇ ਰਹਿੰਦੇ ਹਨ। ਰੂਸ ਵਿਚ ਤਾਂ ਇਹਨਾਂ ਲੋਕਾਂ ਕਈ ਵਾਰੀ ਬੜਾ ਕਹਿਰ ਢਾਇਆ ਅਤੇ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਫਾਹੇ ਲਗਵਾ ਦਿੱਤਾ।



Sri Satguru Jagjit Singh Ji Elibrary NamdhariElibrary@gmail.com

ਬੜੇ-ਬੜੇ ਅੰਦੋਲਨ ਪੀਹ ਸੁਟੇ ਗਏ। ਪਰ ਇਹ ਆਖ਼ਰੀ ਚਾਲਾਂ ਹੁੰਦੀਆਂ ਹਨ। ਇਨ੍ਹਾਂ ਨਾਲ ਰਾਜ ਪੱਕੇ ਨਹੀਂ ਹੁੰਦੇ, ਬਲਕਿ ਜ਼ੁਲਮ ਕਰਨ ਨਾਲ ਛੇਤੀ ਜੜ੍ਹਾਂ ਪੁੱਟੀਆਂ ਜਾਂਦੀਆਂ ਹਨ। ਖ਼ੈਰ ! ਅੰਗਰੇਜ਼ੀ ਰਾਜ ਵੀ ਹੁਣੇ ਇਹੋ ਜਿਹੀਆਂ ਆਖ਼ਰੀ ਚਾਲਾਂ 'ਤੇ ਉਤਰ ਆਇਆ ਹੈ। 1923 ਦੇ ਅਖ਼ੀਰ ਵਿਚ ਜਦੋਂ ਸਵਰਾਜ ਪਾਰਟੀ ਬਣੀ, ਪਿਛਲੀ ਸ਼ਾਂਤਮਈ ਦੀ ਤਹਰੀਕ ਫੇਲ੍ਹ ਹੋ ਗਈ, ਉਦੋਂ ਸਰਕਾਰ ਨੇ ਇਸ ਹਾਲ ਤੋਂ ਡਰਦਿਆਂ ਕਿ ਕਿਧਰੇ ਮੁੜ ਬੜੀ ਭਾਰੀ ਜੁੱਗ-ਪਲਟਾਊਆਂ ਦੀ ਪਾਰਟੀ ਖੜ੍ਹੀ ਨਾ ਹੋ ਜਾਵੇ, ਆਪਣੇ ਆਦਮੀ ਇਹਨਾਂ ਗੱਲਾਂ ਦੇ ਪ੍ਰਚਾਰ ਵਾਸਤੇ ਛੱਡੇ ਅਤੇ ਛੇਤੀ ਹੀ ਰੈਗੂਲੇਸ਼ਨ 1818 ਮਾਤੈਹਤ ਬਹੁਤ ਸਾਰੇ ਸੱਜਣਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 25 ਜੁਲਾਈ, 1924 ਨੂੰ ਉਨ੍ਹਾਂ ਕੈਦੀਆਂ ਵਿਚੋਂ ਦੋ ਨੇ ਯਾਨੀ ਸ੍ਰੀ ਭੂਪੇਂਦਰ ਨਾਥ ਦੱਤ ਅਤੇ ਸ੍ਰੀ ਜੀਵਨ ਲਾਲ ਚੈਟਰਜੀ ਨੇ ਇਕ ਚਿੱਟੀ ਵਜ਼ੀਰੇ ਹਿੰਦ ਦੇ ਨਾਂ ਲਿਖੀ, ਜਿਸ ਵਿਚ ਕਿ ਉਨ੍ਹਾਂ ਨੇ ਕਿਹਾ ਕਿ ਐਸੇ ਆਦਮੀ ਬੰਗਾਲ ਵਿਚ ਛੱਡੇ ਗਏ ਹਨ, ਜੇ ਇਕ ਨਿਰਪੱਖ ਕਮੇਟੀ ਬਣੇ, ਤਾਂ ਅਸੀਂ ਸਾਰਾ ਪੋਲ ਖੋਲ੍ਹ ਦਈਏ। ਪਰ ਸਰਕਾਰ ਕਦੋਂ ਸੁਣਦੀ ਸੀ। ਇਹਨਾਂ ਗੱਲਾਂ ਤੋਂ ਮੰਨਣਾ ਪੈਂਦਾ ਹੈ ਕਿ ਸਰਕਾਰ ਦੀ ਆਪਣੀ ਨੀਯਤ ਵੀ ਇਹੋ ਜਿਹੀ ਹੈ।

ਸਵਾਲ ਪੇਸ਼ ਹੁੰਦਾ ਹੈ ਕਿ ਕੀ ਕੇ.ਸੀ. ਬੈਨਰਜੀ ਸੂਹ ਕੱਢਣ ਵਾਲਾ ਸਿਰਫ਼ ਜਾਸੂਸ (Spy) ਹੀ ਸੀ ਜਾਂ ਸਾਜ਼ਿਸ਼ ਬਣਾਉਣ ਵਾਲਾ (Agent Provocatour) ਸੀ ? ਜਾਂ ਕੀ ਸਰਕਾਰ ਦਾ ਇਸ ਸਾਰੇ ਮਾਮਲੇ ਵਿਚ ਕੋਈ ਹੱਥ ਹੈ ਸੀ ? ਹਾਲਾਤ ਨੂੰ ਜ਼ਰਾ ਕੁ ਗ਼ੌਰ ਨਾਲ ਦੇਖੀਏ ਤਾਂ ਪਤਾ ਚੱਲਦਾ ਹੈ ਕਿ ਇਹਨਾਂ ਤਿੰਨਾਂ ਚੌਹ ਆਦਮੀਆਂ ਵਿਚੋਂ ਇਕ ਤੋਂ ਵਧੀਕ ਖ਼ੁਫ਼ੀਆ ਜਾਸੂਸ ਸਨ ਅਤੇ ਸਰਕਾਰ ਨੇ ਪੰਜਾਬ ਦੇ ਕੰਮ ਕਰਨ ਵਾਲੇ ਹੋਣਹਾਰ ਨੌਜਵਾਨਾਂ ਦੇ ਖ਼ਿਲਾਫ਼ ਸਾਜ਼ਿਸ਼ ਸ਼ੁਰੂ ਕੀਤੀ ਹੋਈ ਸੀ, ਜੋ ਕਿ ਖ਼ੁਸ਼ਕਿਸਮਤੀ ਨਾਲ ਸੋਹਣੀ ਤਰ੍ਹਾਂ ਫੁੱਟ ਪਈ। ਗੱਲ ਇਹ ਹੈ ਕਿ ਨੈਸ਼ਨਲ ਕਾਲਜ ਦੇ ਇਕ ਗਰੈਜੂਏਟ ਨੇ, ਜਿਸ ਵਾਸਤੇ ਕਿ ਟ੍ਰਿਬਿਊਨ ਵਿਚ ਮਿਸਟਰ ਪੀ. ਲਿਖਿਆ ਹੈ, ਉਹ ਚਿੱਠੀ ਲਿਖੀ ਸੀ। ਇਹ ਨੌਜਵਾਨ ਬੜਾ ਮੂਰਖ ਤੇ ਕਮੀਨਾ ਹੈ। ਮਾਲੂਮ ਹੁੰਦਾ ਹੈ ਕਿ ਉਹ ਵੀ ਐਸਾ ਹੀ ਏਜੰਟ ਪ੍ਰੋਵੋਕੇਟਰ (Agent Provecatour) ਹੈ। ਉਸ ਮੁਤੱਲਕ ਆਮ ਤੌਰ 'ਤੇ ਸ਼ਿਕਾਇਤ ਸੁਣੀ ਗਈ ਸੀ ਕਿ ਉਹ ਵੱਡੀਆਂ-ਵੱਡੀਆਂ ਫੜ੍ਹਾਂ ਮਾਰਦਾ ਹੈ ਅਤੇ ਕਹਿੰਦਾ ਫਿਰਦਾ ਹੈ ਕਿ ਮੈਂ ਇਕ ਰਾਜ-ਪਲਟਾਊ ਪਾਰਟੀ ਦਾ ਲੀਡਰ ਹਾਂ। ਖ਼ੈਰ ਕਮ ਸੇ ਕਮ ਉਹ ਮੂਰਖ ਤੇ ਬੜਾ ਸੀ ਅਤੇ ਸ਼ਾਇਦ ਬੁਰਾ ਨਾ ਹੋਵੇ। ਪਰ ਅਗਾਂਹ ਦੇ ਹਾਲਾਤ ਤੋਂ ਪਾਠਕ ਆਪੇ ਨਤੀਜਾ ਕੱਢ ਲੈਣਗੇ। ਪਹਿਲੇ ਦੀ ਕਹਾਣੀ ਟ੍ਰਿਬਿਊਨ ਵਿਚੋਂ ਲਿਖੀ ਗਈ ਹੈ, ਉਸ ਤੋਂ ਬਾਅਦ ਜੋ ਹਾਲਾਤ ਪਤਾ ਲੱਗ ਸਕੇ ਹਨ ਇਹ ਸਭ ਉਹਨਾਂ ਦੇ ਆਧਾਰ 'ਤੇ ਲਿਖਿਆ ਜਾ ਰਿਹਾ ਹੈ। ਉਸਨੇ ਇਹ ਚਿੱਠੀ ਲਿਖੀ ਕਿ ਆਓ ਡਾਕਾ ਮਾਰੀਏ। ਉਹ ਇਥੇ ਆਏ। ਜਦੋਂ ਮੁੜ ਚੱਲੇ ਬੜੀ ਸਾਜ਼ਿਸ਼ ਨਾ ਬਣ ਸਕੀ ਤੇ ਪਿਸਤੌਲ ਵਾਲਾ ਬੰਗਾਲੀ ਵੀ ਹੱਥੋਂ ਨਿਕਲ ਚਲਿਆ ਤਦ ਉਸ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਗਿਆ। ਫੜਦਿਆਂ ਹੀ ਸਾਰਾ ਭਾਂਡਾ ਫੁੱਟ ਗਿਆ। ਹੁਣ ਕੀ ਕੀਤਾ ਜਾਵੇ, ਫੇਰ ਪੁਲਿਸ ਉਸ ਨੂੰ ਛੱਡਣਾ ਵੀ ਚਾਹੁੰਦੀ ਸੀ ਪਰ ਕਿਸੇ ਬਹਾਨੇ ਸਿਰ। ਉਸੇ ਚਿੱਠੀ ਲਿਖਣ ਵਾਲੇ 'ਪੀ' ਨੂੰ ਹੀ ਸੱਦ ਕੇ ਉਸੇ ਦੀ ਜ਼ਮਾਨਤ ਲੈ ਲਈ ਗਈ। 'ਪੀ' ਦੇ ਪਾਸ ਕੋਈ ਜਾਇਦਾਦ ਨਹੀਂ ਸੀ ਉਸ ਦਾ ਸਾਰਾ ਮਾਲ 5 ਤੋਂ ਵਧੀਕ ਦਾ ਨਹੀਂ ਸੀ। ਪਰ ਚੁੱਪ ਕਰਕੇ 500 ਦੀ ਜ਼ਮਾਨਤ ਮਨਜ਼ੂਰ ਹੋ ਗਈ। ਖ਼ੁਫ਼ੀਆ ਕੰਮ ਕਰਨ ਵਾਲਾ ਰਾਜ-ਪਲਟਾਊ ਭਲਾ ਕਿਸ ਤਰ੍ਹਾਂ ਅਗਾਂਹ ਵਧ ਕੇ ਉਸ ਪਰਦੇਸੀ ਨਾਲ ਆਪਣੀ ਦੋਸਤੀ ਜ਼ਾਹਿਰ ਕਰਕੇ ਸਾਜ਼ਸ਼ ਦਾ ਸਬੂਤ ਪੈਦਾ ਕਰ ਸਕਦਾ ਸੀ ? ਉਹ ਤੇ ਸਾਰੇ ਹੀ ਪੁਲਿਸ ਦੇ ਆਦਮੀ ਸਨ। ਫਿਰ ਤਾਰੀਖ ਪੁਰ ਬੰਗਾਲੀ ਪੇਸ਼ ਨਾ ਹੋਇਆ। ਜ਼ਮਾਨਤ ਵੀ ਜ਼ਬਤ ਨਾ ਹੋਈ। ਉਹ ਕਿਓ ਤੇ ਤੇਜ਼ਾਬ ਵਾਲਾ ਮੋਹਣ ਲਾਲ ਵੀ ਕਿਉਂ ਛੁੱਟ ਗਿਆ ? ਜੇ ਇਹ ਵੀ ਮੰਨ ਲਈਏ ਕਿ ਉਸ ਵਿਰੁੱਧ ਕੋਈ ਸਬੂਤ ਨਹੀਂ ਸਨ, ਤਦ ਵੀ 120 ਬੀ. ਦਫ਼ਾ ਦੇ ਮੁਤਾਬਿਕ ਉਨ੍ਹਾਂ 'ਤੇ ਸਾਜ਼ਿਸ਼ ਦਾ ਮੁਕੱਦਮਾ ਕਿਉਂ ਨਾ ਚਲਾਇਆ ਗਿਆ ?



Sri Satguru Jagjit Singh Ji Elibrary NamdhariElibrary@gmail.com

ਇਕ ਨੇ ਡਾਕਾ ਮਾਰਨ ਦੀ ਚਿੱਠੀ ਲਿਖੀ, ਪੁਲਿਸ ਨੇ ਉਸ ਦੀ ਫੋਟੋ ਲੈ ਲਈ। ਚਿੱਠੀ, ਚਿੱਠੀ ਵਾਲੇ ਪਾਸੇ ਪਹੁੰਚ ਗਈ, ਉਸ ਭਲੇਮਾਨਸ ਨੇ ਪੁਲਿਸ ਨੂੰ ਚਿੱਠੀ ਨਹੀਂ ਦੇ ਦਿੱਤੀ ਕਿ ਮੈਨੂੰ ਕਿਸੇ ਡਾਕਾ ਮਾਰਨ ਵਾਸਤੇ ਸੱਦਿਆ ਹੈ ਬਲਕਿ ਉਲਟਾ ਉਹ ਆਪ ਇਕ ਹੋਰ ਆਦਮੀ ਨੂੰ ਪਿਸਤੌਲ ਸਮੇਤ ਲੈ ਜਾਂਦਾ ਹੈ। ਪਿਸਤੌਲ ਸਮੇਤ ਪਕੜਿਆ ਜਾਂਦਾ ਹੈ। ਕੀ ਸਾਜ਼ਿਸ਼ ਦਾ ਮੁਕੱਦਮਾ ਨਹੀਂ ਸੀ ਬਣ ਸਕਦਾ? 120 ਬੀ. ਦਫਾ ਵਿਚ ਸਾਫ਼ ਲਿਖਿਆ ਹੋਇਆ ਹੈ ਕਿ—

("Who ever is party to a criminal conspiracy to commit an offence...be punished in the same manner as if he had abetted such offence.")

ਯਾਨੀ ਜੋ ਵੀ ਇਕ ਐਸੀ ਸਾਜ਼ਿਸ਼ ਦਾ ਮੈਂਬਰ ਹੋਵੇ ਜਿਸ ਨੇ ਕਿ ਕੋਈ ਜੁਰਮ ਕਰਨ ਦਾ ਮਤਾ ਕੀਤਾ ਹੋਵੇ, ਉਸ ਨੂੰ ਉਹੋ ਜਿਹੇ ਜੁਰਮ ਵਿਚ ਮਦਦ ਕਰਨ ਦੀ ਸਜ਼ਾ ਮਿਲਣੀ ਚਾਹੀਦੀ ਹੈ। ਦੇਵ ਗੜ੍ਹ (ਬਿਹਾਰ) ਵਿਚ ਜੋ ਇਸ ਵੇਲੇ ਬੜਾ ਭਾਰੀ ਸਾਜ਼ਿਸ਼ ਦਾ ਮੁਕੱਦਮਾ ਚੱਲ ਰਿਹਾ ਹੈ, ਉਸ ਵਿਚ ਇਹੋ ਹੈ ਕਿ--

("You......did agree with the one another.....to do or cause to be done an illegal act....and thereby you committed and offence punishable under section 120 B.....")

ਤੁਸੀਂ ਆਪੋ ਵਿਚ ਮਤਾ ਗਠਿਆ ਕਿ ਜੁਰਮ ਕੀਤੇ ਜਾਣ, ਇਸ ਕਰਕੇ ਤੁਹਾਡੇ 'ਤੇ 120 ਦਫ਼ਾ ਲਾਈ ਜਾਂਦੀ ਹੈ। ਉਹਨਾਂ ਪੁਰ ਵੀ ਕੋਈ ਜੁਰਮ ਕਰਨ ਦਾ ਇਲਜ਼ਾਮ ਨਹੀਂ ਲਗਾਇਆ ਗਿਆ, ਸਿਰਫ ਇਹ 'ਕਰਨ ਦੀ' 'ਉਹ ਕਰਨ ਦੀ' ਸਾਜ਼ਿਸ਼ ਕਰਨ ਦਾ ਜੁਰਮ ਲਗਾਇਆ ਗਿਆ ਹੈ। ਉਸ ਮੁਕੱਦਮੇ ਦਾ ਸਾਰਾ ਹਾਲ ਪੜ੍ਹ ਕੇ ਸਾਡਾ ਤਾਂ ਇਹ ਖ਼ਿਆਲ ਹੁੰਦਾ ਹੈ ਕਿ ਉਹ ਮੁਕੱਦਮਾ ਵੀ ਪੁਲਿਸ ਦਾ ਹੀ ਘੜਿਆ ਹੋਇਆ ਹੈ। ਇਕ ਆਦਮੀ ਬੀਰੇਂਦਰ ਨਾਥ ਭੱਟਾਚਾਰਜੀ ਦੇ ਮਕਾਨ ਦੀ ਤਲਾਸ਼ੀ ਹੋਈ। ਉਸ ਨੇ ਪੁਲਿਸ ਨੂੰ ਆਪਣੇ ਕਮਰੇ ਵਿਚ ਸੱਦ ਕੇ ਦੋ ਪਿਸਤੌਲ ਅਤੇ ਇਕ ਕਾਪੀ ਦਿੱਤੀ, ਜਿਸ ਵਿਚ ਕਿ ਸੱਠਾਂ ਕੁ ਆਦਮੀਆਂ ਦੇ ਪਤੇ ਲਿਖੇ ਹੋਏ ਸਨ। ਪੁਲਿਸ ਦੇ ਆਉਣ ਤੀਕ ਉਸ ਕਾਪੀ ਨੂੰ ਜਲਾ ਦੇਣ ਦੀ ਵੀ ਉਨ੍ਹਾਂ ਨੇ ਕੋਈ ਕੋਸ਼ਿਸ਼ ਨਹੀਂ ਕੀਤੀ। ਜਾਣ ਬੁੱਝ ਕੇ ਹੀ ਨਹੀਂ ਕੀਤੀ। ਉਨ੍ਹਾਂ ਵਿਚੋਂ ਵੀਹ ਆਦਮੀ ਪਕੜ ਕੇ ਸਾਜ਼ਿਸ਼ ਦਾ ਕੇਸ ਖੜ੍ਹਾ ਕਰ ਦਿੱਤਾ ਗਿਆ ਅਤੇ ਇਕ ਪੰਜਾਬੀ ਨੌਜਵਾਨ, ਜਿਸ ਦਾ ਨਾਂ ਕਿ ਸ੍ਰੀ ਇੰਦਰ ਚੰਦਰ ਨਾਰੰਗ ਹੈ, ਨੂੰ ਵੀ ਵਿਚ ਰਗੜਿਆ ਜਾ ਰਿਹਾ ਹੈ। ਆਪ ਕਾਮਲੀਏ ਵਾਲੀ ਸ਼੍ਰੀਮਤੀ ਪਾਰਬਤੀਦੇਵੀ ਜੀ ਦੇ ਸਭ ਤੋਂ ਛੋਟੇ ਭਾਈ ਹਨ। ਠੀਕ ਉਹੋ ਜਿਹਾ ਮੁਕੱਦਮਾ ਇਧਰ ਬਣ ਰਿਹਾ ਸੀ। ਜੇ ਕਿਧਰੇ ਇਕੱਲਾ ਕੇ ਸੀ. ਬੈਨਰਜੀ ਹੀ ਖੁਫੀਆ ਪੁਲਿਸ ਦਾ ਹੁੰਦਾ ਤਾਂ ਮੁਕੱਦਮਾ ਜ਼ਰੂਰ ਚੱਲ ਜਾਂਦਾ। ਪਰ ਉਥੇ ਤਾਂ ਸਾਰਾ ਆਵਾ ਹੀ ਊਤਿਆ ਹੋਇਆ ਸੀ ਅਤੇ ਜਿਨ੍ਹਾਂ ਆਦਮੀਆਂ ਨੂੰ ਫਾਹੇ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਉਨ੍ਹਾਂ ਦੇ ਵਿਰੁੱਧ ਕੁਝ ਵੀ ਸਬੂਤ ਨਹੀਂ ਸੀ ਮਿਲ ਸਕਿਆ। ਇਸੇ ਕਰਕੇ ਉਹ ਮੁਕੱਦਮਾ ਨਾ ਚਲਾਇਆ ਗਿਆ। ਸਰਕਾਰ ਦੀ ਇਹ ਚਾਲ ਬੜੀ ਭੈੜੀ ਅਤੇ ਘ੍ਰਿਣਾ ਯੋਗ ਹੈ। ਰਾਜ-ਪਲਟਾਊ ਲਹਿਰ ਨੂੰ ਰੋਕਣ ਖ਼ਾਤਰ ਵੀ ਇਹ ਕੋਈ ਅੱਛਾ ਤਰੀਕਾ ਨਹੀਂ ਪਰ ਨਕਲੀ ਸਾਜ਼ਿਸ਼ਾਂ ਵਿਚ ਬੇਗੁਨਾਹ ਮਾਰਨ ਦੇ ਨਾਲ ਰਾਜ ਦੀਆਂ ਨੀਹਾਂ ਪੱਕੀਆਂ ਨਹੀਂ ਹੋ ਸਕਦੀਆਂ, ਬਲਕਿ ਖੋਖਲੀਆਂ ਹੋ ਰਹੀਆਂ ਹਨ। ਰੂਸ ਦੇ ਜ਼ਾਰ ਤੇ ਫ਼ਰਾਂਸ ਦੇ ਲੂਇਸ ਨੂੰ ਭੁੱਲਣਾ ਨਹੀਂ ਚਾਹੀਦਾ।

* * *



Sri Satguru Jagjit Singh Ji Elibrary NamdhariElibrary@gmail.com

## 42. ਜੁੱਗ-ਪਲਟਾਊ ਮਾਤਾ !

*—ਸਤੰਬਰ, 1928-ਕਿਰਤੀ*

[ਸਤੰਬਰ 1928 ਦੇ 'ਕਿਰਤੀ' ਦੇ ਦੋ ਸੰਪਾਦਕੀ ਏਥੇ ਦਿੱਤੇ ਜਾ ਰਹੇ ਹਨ। ਜੁੱਗ-ਪਲਟਾਊ ਮਾਤਾ, ਜੋ ਦੇਸ਼ ਭਗਤ ਸਚਿੰਦਰ ਨਾਥ ਸਾਨਿਯਾਲ ਦੇ ਮਾਤਾ ਜੀ ਬਾਰੇ ਹੈ ਅਤੇ ਇੰਦਰ ਚੰਦਰ ਨਾਰੰਗ ਦੇ ਮੁਕੱਦਮੇ ਬਾਰੇ ਹੈ। 'ਬੰਦੀ ਜੀਵਨ' ਕਿਤਾਬ ਪੜ੍ਹਣ ਵਾਸਤੇ ਸਜ਼ਾ ਦੇਣ ਦੀ ਘਟਨਾ ਨੂੰ ਏਥੇ ਨੰਗਾ ਕੀਤਾ ਗਿਆ ਹੈ। ਉਸ ਵਕਤ ਸ਼ਹਿਰੀ ਆਜ਼ਾਦੀਆਂ ਤੇ ਜਮਹੂਰੀ ਹੱਕਾਂ 'ਤੇ ਅੰਗਰੇਜ਼ ਸਰਕਾਰ ਦੇ ਹਮਲਿਆਂ ਦਾ ਇਕ ਨਮੂਨਾ ਇਹ ਨੋਟ ਪੇਸ਼ ਕਰਦਾ ਹੈ।—ਸੰਪਾਦਕ]

ਸਾਡੇ ਪਾਠਕ ਹਿੰਦੋਸਤਾਨ ਦੇ ਪ੍ਰਸਿੱਧ ਜੁੱਗ-ਪਲਟਾਊ ਸ੍ਰੀ ਸਚਿੰਦਰ ਨਾਥ ਜੀ ਸਾਨਿਯਾਲ ਦੀ ਨਾਮ-ਨਾਮੀ ਤੋਂ ਚੰਗੀ ਤਰ੍ਹਾਂ ਜਾਣੂ ਹਨ। ਅਸੀਂ ਉਹਨਾਂ ਦੀ ਤਸਵੀਰ ਵੀ ਕਿਰਤੀ ਵਿਚ ਛਾਪ ਚੁੱਕੇ ਹਾਂ, ਉਨ੍ਹਾਂ ਦਾ ਸਾਰੇ ਦਾ ਸਾਰਾ ਘਰਾਨਾ ਹੀ ਜੁੱਗ-ਪਲਟਾਊ ਘਰਾਨਾ ਹੈ। ਉਨ੍ਹਾਂ ਦੇ ਨਾਲ ਹੀ 1914-15 ਵਾਲੀ ਗ਼ਦਰ ਲਹਿਰ ਵਿਚ ਉਹਨਾਂ ਦੇ ਦੋ ਭਾਈ ਪਕੜੇ ਗਏ ਸਨ, ਜਿਨ੍ਹਾਂ ਵਿਚੋਂ ਇਕ ਨਜ਼ਰ-ਬੰਦ ਤੇ ਇੱਕ ਨੂੰ ਦੋ ਸਾਲ ਦੀ ਕੈਦ ਹੋਈ ਸੀ, ਤੇ ਆਪ ਉਨ੍ਹਾਂ ਨੂੰ ਉਮਰ ਕੈਦ ਹੋ ਗਈ ਸੀ। ਹੁਣ ਉਨ੍ਹਾਂ ਨੂੰ ਕਾਕੋਰੀ ਦੇ ਕੇਸ ਵਿਚ ਫੇਰ ਉਮਰ ਕੈਦ ਹੋ ਗਈ ਹੈ ਅਤੇ ਨਾਲ ਹੀ ਉਨ੍ਹਾਂ ਦੇ ਸਭ ਤੋਂ ਛੋਟੇ ਭਾਈ ਸ੍ਰੀ ਭੁਪਿੰਦਰ ਨਾਥ ਜੀ ਸਾਨਯਾਲ ਨੂੰ ਪੰਜ ਸਾਲ ਦੀ ਕੈਦ ਹੋ ਗਈ ਹੈ। ਪਰੰਤੂ ਆਪ ਵੀ ਆਪਣੇ ਵੱਡੇ ਭਰਾਵਾਂ ਵਾਂਗੂੰ ਪ੍ਰਸੰਨ ਰਹਿਣ ਵਾਲੇ ਅਤੇ ਦਲੇਰ ਹਨ।

ਐਸੇ ਵੀ ਪੁੱਤਰਾਂ ਦੀ ਜਨਨੀ ਮਾਤਾ ਧੰਨ ਹੈ। ਪਰ ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦਾ 52 ਸਾਲ ਦੀ ਉਮਰ ਵਿਚ ਕੋਈ ਮਹੀਨਾ ਕੁ ਹੋਇਆ ਚਲਾਣਾ ਹੋ ਗਿਆ ਹੈ। ਉਹ ਕੋਈ ਸਾਧਾਰਨ ਇਸਤਰੀ ਨਹੀਂ ਸੀ। ਉਹ ਖ਼ੁਦ ਵੀ ਬੜੀ ਪੜ੍ਹੀ ਲਿਖੀ ਅਤੇ ਜੁੱਗ-ਪਲਟਾਊ ਖ਼ਿਆਲਾਂ ਵਾਲੀ ਸੀ।

ਆਪ ਦਾ ਜਨਮ ਬੰਗਾਲ ਦੇ ਸਭ ਤੋਂ ਅਧਿਕ ਪੜ੍ਹੇ ਲਿਖੇ, ਸਿਆਣੇ ਅਤੇ ਭਗਤੀ ਦੇ ਗੜ੍ਹ ਸ਼ਹਿਰ ਸ਼ਾਂਤੀ ਪੁਰ ਦੇ ਇਕ ਬੜੇ ਖਾਨਦਾਨ ਵਿਚ ਹੋਇਆ। ਆਪ ਜੀ ਦੇ ਇਕ ਭੈਣ ਅਤੇ ਇਕ ਭਾਈ ਹੋਰ ਸੀ। ਉਨ੍ਹਾਂ ਦੇ ਵੱਡੇ ਭਾਈ ਸ੍ਰੀ ਜੋਗੇਸ਼ ਚੰਦਰ ਰਾਏ ਹੁਣ ਤੱਕ ਜ਼ਿੰਦਾ ਹੈ। ਆਪ 1907 ਦੀ ਸੁਦੇਸ਼ੀ ਲਹਿਰ ਦੇ ਬੜੇ ਭਾਰੀ ਕੰਮ ਕਰਨ ਵਾਲਿਆਂ ਵਿਚੋਂ ਸਨ। ਪਿੱਛੋਂ ਰਾਜ-ਪਲਟਾਊ ਲਹਿਰਾਂ ਦੇ ਸੰਬੰਧ ਵਿਚ ਆਪ ਦੀ ਬਹੁਤ ਵਾਰ ਤਲਾਸ਼ੀਆਂ ਹੋਈਆਂ ਅਤੇ ਪੁਲਿਸ ਆਪ ਜੀ ਦੇ ਪਿੱਛੇ ਲੱਗੀ ਰਹਿੰਦੀ ਸੀ।

ਸ੍ਰੀ ਸਚਿੰਦਰ ਦੀ ਮਾਤਾ ਸ੍ਰੀਮਤੀ ਖੀਰੋਦ ਵਾਸਿਨੀ ਦੇਵੀ ਬੜੀ ਅੱਛੀ ਤਰ੍ਹਾਂ ਪੜ੍ਹੀ ਲਿਖੀ ਸੀ। ਆਪ ਨੂੰ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਵਜ਼ੀਫਾ ਮਿਲਦਾ ਰਿਹਾ ਸੀ। ਉਹ ਅਖ਼ਬਾਰ ਰਸਾਲੇ ਅਤੇ ਨਵੀਆਂ-ਨਵੀਆਂ ਪੁਸਤਕਾਂ ਹਮੇਸ਼ਾ ਪੜ੍ਹਦੀ ਰਹਿੰਦੀ ਸੀ।

ਸ੍ਰੀ ਸਚਿੰਦਰ ਦੇ ਪਿਤਾ ਸ੍ਰੀ ਹਰੀ ਨਾਥ ਸਾਨਯਾਲ ਵੀ ਸੁਦੇਸ਼ੀ ਲਹਿਰ ਦੇ ਬੜੇ ਹਾਮੀ ਸਨ। 1907 ਦੀ ਸੁਦੇਸ਼ੀ ਲਹਿਰ ਤੋਂ ਬਹੁਤ ਪਹਿਲੋਂ ਤੋਂ ਹੀ ਉਹ ਦੇਸੀ ਚੀਜ਼ਾਂ ਵਰਤਨ ਲੱਗ ਪਏ ਸਨ। ਸ੍ਰੀ ਸਚਿੰਦਰ ਦੀ ਮਾਤਾ ਉਨ੍ਹਾ ਦੀ ਇਸ ਗੱਲ ਵਿਚ ਬੜੀ ਮਦਦ ਕਰਦੇ ਸਨ ਅਤੇ ਸੁਦੇਸ਼ੀ ਲਹਿਰ ਚੱਲ ਪੈਣ 'ਤੇ ਦੋਵੇਂ ਜਣੇ ਇਸੇ ਕੰਮ ਵਿਚ ਲੱਗ ਗਏ ਸਨ। ਹਾਲਾਂਕਿ ਹਰੀ ਨਾਥ ਸਾਨਯਾਲ ਸਰਕਾਰ ਦੇ ਨੌਕਰ ਸਨ ਅਤੇ ਬੜੀ ਭਾਰੀ ਤਨਖਾਹ ਪਾਉਂਦੇ ਸਨ।

ਸ੍ਰੀਮਤੀ ਖੀਰੋਦ ਵਾਸਿਨੀ ਦੇਵੀ ਆਪਣੇ ਬੱਚਿਆਂ ਨੂੰ ਆਪ ਘਰ ਵਿਚ ਪੜ੍ਹਾਉਂਦੀ ਹੁੰਦੀ ਸੀ ਅਤੇ ਸੁਦੇਸ਼ੀ ਲਹਿਰ ਦੇ ਪਿੱਛੋਂ ਇਨ੍ਹਾਂ ਆਪ ਹੀ ਆਪਣੇ ਪੁੱਤਰਾਂ ਨੂੰ ਅਨੁਸ਼ੀਲਨ ਸਮਿਤੀ ਵਿਚ ਭਰਤੀ ਕਰਵਾਇਆ। ਅਨੁਸ਼ੀਲਨ ਸਮਿਤੀ ਬੰਗਾਲ ਦੀ ਇਕ ਪਾਰਟੀ ਸੀ, ਜੋ ਜਿ ਦਿ—



Sri Satguru Jagjit Singh Ji Elibrary NamdhariElibrary@gmail.com

ਵੇਲੇ ਗੁਪਤ ਯਾਨੀ ਖੁਫ਼ੀਆ ਰਾਜ-ਪਲਟਾਊ ਪਾਰਟੀ ਨਹੀਂ ਸੀ ਬਣੀ। ਮਗਰ ਪਿੱਛੋਂ ਤੇ ਉਹ ਹੀ ਸਭ ਤੋਂ ਵੱਡੀ ਅਤੇ ਤਾਕਤਵਰ ਰਾਜ-ਪਲਟਾਊ ਪਾਰਟੀ ਬਣ ਗਈ ਸੀ।

ਪਿੱਛੋਂ ਮਾਤਾ ਨੂੰ ਇਹ ਵੀ ਪਤਾ ਲੱਗ ਗਿਆ ਕਿ ਸਚਿੰਦਰ ਜੁੱਗ-ਪਲਟਾਊ ਪਾਰਟੀ ਵਿਚ ਸ਼ਾਮਲ ਹੋਇਆ ਹੈ ਪਰ ਉਹ ਕਦੇ ਘਬਰਾਈ ਨਹੀਂ ਬਲਕਿ ਹਮੇਸ਼ਾ ਉਨ੍ਹਾਂ ਨਾਲ ਹਮਦਰਦੀ ਕਰਦੀ ਸੀ ਅਤੇ ਖ਼ੁਸ਼ ਸੀ ਪਰ ਉਨ੍ਹਾਂ ਦਾ ਪੁੱਤਰ ਦੇਸ ਸੇਵਾ ਵਿਚ ਪਿਆ ਹੋਇਆ ਹੈ।

ਉਨ੍ਹਾਂ ਦੀ ਹਮਦਰਦੀ ਦੇਖ-ਦੇਖ ਕੇ ਬਹੁਤ ਦੂਰ-ਦੂਰ ਤੋਂ ਜੁੱਗ-ਪਲਟਾਊ ਉਹਨਾਂ ਦੇ ਦਰਸ਼ਨਾਂ ਨੂੰ ਆਉਂਦੇ ਹੁੰਦੇ ਸਨ। ਉਨ੍ਹਾਂ ਵਿਚ ਸ਼੍ਰੀ ਰਾਸ ਬਿਹਾਰੀ ਬੋਸ ਅਤੇ ਹਿੰਦੋਸਤਾਨ ਦੇ ਰਾਜ-ਪਲਟਾਊ ਸ਼ਹੀਦਾਂ ਦੇ ਸਿਰਤਾਜ ਸ਼੍ਰੀ ਜਤਿੰਦਰ ਨਾਥ ਮੁਕਰਜੀ ਅਤੇ ਸ਼੍ਰੀ ਸ਼ਸਾਂਕ ਹਾਜ਼ਰਾਂ ਵਗੈਰਾ ਕਈ ਸਨੰ ਅਤੇ ਉਹ ਬੰਗਾਲ ਦੇ ਜੁੱਗ-ਪਲਟਾਊਆਂ ਵਿਚ 'ਜੁੱਗ-ਪਲਟਾਊ ਮਾਤਾ' (The revolutionary mother) ਮਸ਼ਹੂਰ ਸਨ। ਦੂਰ ਅੰਡੇਮਾਨ ਦੇ ਕੈਦੀਆਂ ਵਿਚ ਵੀ ਉਨ੍ਹਾਂ ਦੀ ਮਸ਼ਹੂਰੀ ਹੋਈ ਸੀ।

1915 ਵਿਚ ਜਦੋਂ ਗ਼ਦਰ ਪਾਰਟੀ ਦੀ ਹਿੰਮਤ ਨਾਲ ਚੌਹੀਂ ਪਾਸੀਂ ਗ਼ਦਰ ਖੜ੍ਹਾ ਕਰਨ ਦੀਆਂ ਤਿਆਰੀਆਂ ਹੋਈਆਂ ਸਨ, ਓਦੋਂ ਸ਼੍ਰੀ ਸਚਿੰਦਰ ਨਾਥ ਸਾਨਯਾਲ ਤੇ ਉਹਨਾਂ ਦੇ ਦੋਵੇਂ ਨੌਜਵਾਨ ਭਰਾ ਇਸ ਕੰਮ ਵਿਚ ਜੁਟੇ ਹੋਏ ਸਨ। ਖ਼ਿਆਲ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੇ ਪਿਤਾ ਚਲਾਣਾ ਕਰ ਚੁੱਕੇ ਸਨ। ਇਸ ਕਰਕੇ ਘਰ ਦਾ ਭਾਰ ਵੀ ਇਹਨਾਂ ਦੇ ਹੀ ਸਿਰ 'ਤੇ ਸੀ। ਜਦੋਂ ਫਰਵਰੀ ਦੀ ਬਗਾਵਤ ਖੜ੍ਹੀ ਕਰਨ ਦੀ ਤਾਰੀਖ ਵੀ ਮੁਕੱਰਰ ਹੋ ਗਈ ਸੀ, ਤਦੋਂ ਭਰਾਵਾਂ ਵਿਚ ਝਗੜਾ ਚਲ ਪਿਆ ਕਿ ਕੌਣ ਪਿੱਛੇ ਰਹੇ ਅਤੇ ਘਰ ਦਾ ਕੰਮ ਕਾਜ ਸੰਭਾਲੇ। ਕੋਈ ਵੀ ਪਿੱਛੇ ਰਹਿਣਾ ਨਹੀਂ ਹੀ ਮੰਨਦਾ। ਹਰ ਇਕ ਚਾਹੁੰਦਾ ਸੀ ਕਿ ਮੁਲਕ ਦੀ ਆਜ਼ਾਦੀ ਜੀ ਜੰਗ ਵਿਚ ਦੋ-ਦੋ ਹੱਥ ਕਰੇ। ਜਦੋਂ ਉਸ ਵੀਰ ਮਾਤਾ ਨੇ ਅੱਗੇ ਆ ਕੇ ਕਿਹਾ ਕਿ ਮੈਂ ਕਿਸੇ ਦੇ ਰਾਹ ਵਿਚ ਨਹੀਂ ਆਉਣਾ ਚਾਹੁੰਦੀ, ਜਿਸ ਕਿਸੇ ਦਾ ਵੀ ਨਾ ਦਿਲ ਕਰਦਾ ਹੋਵੇ। ਉਹ ਮੇਰਾ ਖ਼ਿਆਲ ਛੱਡ ਕੇ ਸੇਵਾ ਦੇ ਕੰਮ ਵਿਚ ਲੱਗ ਜਾਵੇ।

ਫੇਰ ਉਹ ਸਾਰਾ ਕੰਮ ਤਾਂ ਵਿਚ ਹੀ ਰਹਿ ਗਿਆ। ਗ਼ਦਰ ਦੀ ਸਾਰੀ ਤਹਿਰੀਕ ਤੇ ਫੇਲ੍ਹ ਹੋ ਗਈ। ਮੁਕੱਦਮਾ ਚਲਿਆ। ਸ਼੍ਰੀ ਸਚਿੰਦਰ ਨਾਥ ਸਾਨਯਾਲ ਨੂੰ ਉਮਰ ਕੈਦ ਹੋ ਗਈ। ਜਿੰਦਣ ਉਹ ਬਨਾਰਸ ਜੇਲ੍ਹ ਤੋਂ ਅੰਡੇਮਾਨ (ਕਾਲੇ ਪਾਣੀ) ਨੂੰ ਘੱਲੇ ਗਏ, ਓਦਣ ਉਹਨਾਂ ਦੀ ਉਮਰ 22 ਸਾਲ ਦੀ ਸੀ। ਉਹਨਾਂ ਨੂੰ ਮਾਤਾ ਦੇਖਣ ਗਈ ਅਤੇ ਬੜੀ ਖ਼ੁਸ਼ੀ ਨਾਲ ਕਿਹਾ : 'ਮੇਰਾ ਪੁੱਤ ਸੱਚਾ ਸੰਨਿਆਸੀ ਹੋ ਗਿਆ ਹੈ। ਮੈਂ ਬੜੀ ਪ੍ਰਸੰਨ ਹਾਂ ਕਿ ਉਸ ਦਾ ਜੀਵਨ ਦੇਸ਼ ਸੇਵਾ ਵਿਚ ਲੱਗ ਗਿਆ ਹੈ।' ਇਸ ਤੋਂ ਬਾਅਦ ਉਨ੍ਹਾਂ ਪਿੱਛੇ ਵੀ ਪੁਲਿਸ ਲੱਗ ਗਈ ਅਤੇ ਉਹਨਾਂ ਨੂੰ ਬਹੁਤ ਤੰਗ ਕਰਦੀ ਰਹੀ।

ਹੁਣ ਆਖ਼ਰੀ ਵਾਰੀ ਜਦੋਂ ਕਾਕੋਰੀ ਕੇਸ ਚੱਲ ਪਿਆ ਅਤੇ ਉਹਨਾਂ ਦਾ ਛੋਟਾ ਪੁੱਤਰ ਸ਼੍ਰੀ ਭੂਪਿੰਦਰ ਨਾਥ ਸਾਨਯਾਲ ਵੀ ਪਕੜਿਆ ਗਿਆ। ਤਦੋਂ ਆਪ ਬਹੁਤ ਘਬਰਾਈ ਕਿਉਂਕਿ ਉਹ ਹਾਲੇ ਬਿਲਕੁਲ ਬੱਚਾ ਹੈ ਸੀ ਅਤੇ ਪੜ੍ਹਦਾ ਸੀ। ਆਪ ਨੂੰ ਫਿਕਰ ਸੀ ਕਿ ਕਿਧਰੇ ਮੁਸੀਬਤ ਵਿਚ ਉਹ ਘਬਰਾ ਨਾ ਜਾਵੇ। ਪਰ ਪਤਾ ਲੱਗਿਆ ਕਿ ਉਹ ਜੇਲ੍ਹ ਵਿਚ ਬਿਲਕੁਲ ਬੇਫ਼ਿਕਰੀ ਨਾਲ ਗੁਜ਼ਾਰਾ ਕਰ ਰਿਹਾ ਹੈ ਤਾਂ ਆਪ ਬਹੁਤ ਪ੍ਰਸੰਨ ਹੋਈ ਅਤੇ ਕਹਿਣ ਲੱਗੀ 'ਮੈਨੂੰ ਆਪਣੇ ਭੂਪਿੰਦਰ ਕੋਲੋਂ ਏਹੋ ਹੀ ਉਮੀਦ ਸੀ।'

ਪਰ ਸਾਰੀ ਉਮਰ ਮੁਸੀਬਤਾਂ ਵਿਚ ਹੀ ਲੰਘ ਗਈ। ਕਦੀ ਸੁਖ ਦਾ ਦਿਨ ਨਹੀਂ ਸੀ ਦੇਖਿਆ। ਦੇਖਦਿਆਂ-ਦੇਖਦਿਆਂ ਕਾਕੋਰੀ ਦਾ ਮੁਕੱਦਮਾ ਮੁੱਕ ਗਿਆ। ਬਿਲਕੁਲ ਕੁਝ ਵੀ ਸਬੂਤ ਨਾ ਮਿਲਣ 'ਤੇ ਵੀ ਸ਼੍ਰੀ ਸਚਿੰਦਰ ਨਾਥ ਸਾਨਯਾਲ ਨੂੰ ਉਮਰ ਕੈਦ ਹੋ ਗਈ ਅਤੇ ਭੂਪਿੰਦਰ ਨਾਥ



Sri Satguru Jagjit Singh Ji Elibrary NamdhariElibrary@gmail.com

ਨੂੰ ਪੰਜ ਸਾਲ ਦੀ ਇਹ ਗ਼ਮ ਉਨ੍ਹਾਂ ਕੋਲੋਂ ਬਰਦਾਸ਼ਤ ਨਾ ਹੋ ਸਕਿਆ। ਇਹ ਚੋਟ ਉਨ੍ਹਾਂ ਕੋਲੋਂ ਸਹੀ ਨਾ ਗਈ। ਫੇਰ ਕਦੇ ਉਹ ਸੰਭਲ ਨਾ ਸਕੀ। ਪਰ ਆਪਣੇ ਪੁੱਤਰਾਂ ਵਿਚ ਉਹਨਾਂ ਦਾ ਬਹੁਤ ਵਿਸ਼ਵਾਸ ਹੈ। ਉਨ੍ਹਾਂ ਆਖ਼ਰੀ ਖ਼ਤ, ਜੋ ਸ਼੍ਰੀ ਸਚਿੰਦਰ ਨਾਥ ਸਾਨਯਾਬ ਨੂੰ ਲਿਖਿਆ, ਉਸ ਵਿਚ ਵੀ ਉਨ੍ਹਾਂ ਲਿਖਿਆ ਹੈ ਕਿ ਚਾਹੇ ਦੁਨੀਆਦਾਰੀ ਦੇ ਖ਼ਿਆਲ ਨਾਲ ਮੈਂ ਬਹੁਤ ਗਰੀਬ ਹਾਂ ਪਰ ਮੇਰੇ ਵਰਗਾ ਅਮੀਰ ਕੌਣ ਹੈ ਜਿਸ ਦੇ ਪੁੱਤਰ ਸੱਚੇ ਰਾਹ 'ਤੇ ਚੱਲ ਰਹੇ ਹਨ ਅਤੇ ਦੇਸ਼ ਦੀ ਸੇਵਾ ਵਿਚ ਜਿਨ੍ਹਾਂ ਜੀਵਨ ਅਰਪਣ ਕਰ ਦਿੱਤਾ ਹਨ ਅਤੇ ਮੈਨੂੰ ਆਪਣੇ 'ਤੇ ਬੜਾ ਫ਼ਖਰ ਹੈ।

ਉਹ ! ਏਹੋ ਜੇਹੀਆਂ ਹੋਰ ਕਿੰਨੀਆਂ ਕੁ ਮਾਵਾਂ ਅੱਜ ਸਾਡੇ ਮੁਲਕ ਵਿਚ ਹਨ ? ਧੰਨ ਧੰਨ ਹੈ ਇਹ ਮਾਤਾ ਅਤੇ ਧੰਨ ਹਨ ਇਨ੍ਹਾਂ ਦੇ ਸਪੁੱਤਰ।

❋ ❋ ❋

## 43. ਸ਼੍ਰੀ ਇੰਦਰ ਚੰਦਰ ਨਾਰੰਗ ਦਾ ਮੁਕੱਦਮਾ ?

ਪਾਠਕ ਪਿਛਲੀ ਵਾਰੀ ਦੇਵ ਗੜ੍ਹ ਸਾਜ਼ਿਸ਼ ਕੇਸ ਦੇ ਬਾਰੇ ਵਿਚ ਕੁਝ ਪੜ੍ਹ ਚੁੱਕੇ ਹਨ। ਅਸੀਂ ਉਸ ਮੁਕੱਦਮੇ ਦੇ ਫੈਸਲੇ ਦਾ ਸੰਖੇਪ ਜਿਹਾ ਹਾਲ ਲਿਖਿਆ ਸੀ। ਉਨ੍ਹਾਂ ਵਿਚ ਹੀ ਇਕ ਪੰਜਾਬੀ ਨੌਜਵਾਨ ਸ਼੍ਰੀ ਇੰਦਰ ਚੰਦਰ ਨਾਰੰਗ ਨੂੰ ਐਵੇਂ ਹੀ ਦੱਬ ਘੁੱਟ ਕੇ ਤਿੰਨ ਸਾਲ ਦੀ ਸਜ਼ਾ ਦੇ ਦਿੱਤੀ ਗਈ ਹੈ। ਅੱਜ ਆਪ ਦੇ ਮੁਕੱਦਮੇ ਦਾ ਫ਼ੈਸਲਾ ਸਾਡੇ ਸਾਹਮਣੇ ਹੈ। ਪੜ੍ਹ ਕੇ ਹੈਰਾਨੀ ਹੋ ਰਹੀ ਹੈ, ਕਿ ਕਿਸ ਗੱਲ ਦੀ ਉਸ ਗਰੀਬ ਨੂੰ ਸਜ਼ਾ ਦਿੱਤੀ ਗਈ ਹੈ। ਉਨ੍ਹਾਂ ਦੇ ਖ਼ਿਲਾਫ ਜੋ ਕੁਝ ਮਿਲਿਆ ਉਹ ਇਹ ਹੈ ਕਿ ਦੇਵਗੜ੍ਹ ਦੀ ਤਲਾਸ਼ੀ ਵਿਚ ਇਕ ਲਿਸਟ ਮਿਲੀ ਸੀ। ਉਸ ਵਿਚ ਉਨ੍ਹਾਂ ਦਾ ਨਾਮ ਵੀ ਮਿਲ ਗਿਆ ਸੀ ਅਤੇ ਉਨ੍ਹਾਂ ਦੀ ਤਲਾਸ਼ੀ ਵਿਚ ਬੰਦੀ ਜੀਵਨ ਦੀਆਂ ਸੱਠ ਕਾਪੀਆਂ ਮਿਲੀਆਂ ਸੀ ਅਤੇ ਇਕ ਹੋਰ ਆਦਮੀ ਪਾਸੋਂ ਡਾਕਟਰ ਭੂਪਿੰਦਰ ਨਾਥ ਦੱਤ ਪ੍ਰਧਾਨ ਰਾਜਨੀਤਿਕ ਪੀੜਿਤ ਕਾਨਫਰੰਸ (Political Suffers Conference) ਦਾ ਐਡਰੈਸ ਮਿਲ ਗਿਆ ਸੀ। ਉਸ ਨੇ ਕਿਹਾ ਕਿ ਏਹ ਇੰਦਰ ਚੰਦਰ ਕੋਲੋਂ ਲਿਆ ਸੀ। ਬੱਸ !

ਲਿਸਟ ਵਿਚ ਨਾਮ ਮਿਲਣ ਵਿਚ ਇੰਦਰ ਚੰਦਰ ਦਾ ਕੋਈ ਖਾਸ ਕਸੂਰ ਨਹੀਂ। ਹੋਰ ਵੀ ਸੱਠਾਂ ਸੱਤਰਾਂ ਆਦਮੀਆਂ ਦੇ ਨਾਮ ਸਨ। ਉਨ੍ਹਾਂ ਨੂੰ ਪੁੱਛਿਆ ਵੀ ਨਹੀਂ ਗਿਆ।

ਸਭ ਤੋਂ ਜ਼ਿਆਦਾ ਜ਼ੋਰ ਇਸ ਗੱਲ 'ਤੇ ਦਿੱਤਾ ਗਿਆ ਹੈ ਕਿ ਉਹ ਬੰਦੀ ਜੀਵਨ ਵੇਚਦਾ ਸੀ ਅਤੇ ਇਸ ਕਰ ਕੇ ਉਹ ਰਾਜ-ਪਲਟਾਊ ਸਾਜ਼ਿਸ਼ ਦਾ ਮੈਂਬਰ ਸਮਝਿਆ ਜਾਂਦਾ ਹੈ। ਖ਼ੂਬ ! ਅਸੀਂ ਪੁੱਛਦੇ ਹਾਂ ਕਿ ਕੀ ਬੰਦੀ ਜੀਵਨ ਜ਼ਬਤ ਕਿਤਾਬ ਹੈ ? ਕੀ ਸਰਕਾਰ ਨੇ ਉਸਦਾ ਵੇਚਣਾ ਮਨ੍ਹਾ ਕਰ ਦਿੱਤਾ ਹੋਇਆ ਹੈ ? ਅਗਰ ਨਹੀਂ ਤੇ ਉਸਨੂੰ ਸਜ਼ਾ ਕਿਸ ਗੱਲ ਦੀ ਦਿੱਤੀ ਗਈ ਹੈ ? ਸਜ਼ਾ ਤਾਂ ਇਹ ਹੈ ਕਿ ਕਿਤਾਬ ਵਿਚ ਉਸ ਗਰੀਬ ਦੇ ਭਰਾ ਨੇ ਲਾਹੌਰ ਹਿੰਦੀ ਭਵਨ ਵਿਚ ਛਾਪੀ ਹੋਈ ਹੈ ਉਸ ਨੂੰ ਵੇਚਨ ਵਾਸਤੇ ਸਾਰਿਆਂ ਹੀ ਕੋਸ਼ਿਸ਼ ਕਰਨੀ ਹੋਈ। ਪਰ ਇਸ ਵਿਚ ਸਾਜ਼ਿਸ਼ ਦਾ ਕੀ ਸਬੂਤ ਹੈ ? ਕੀ/ਡਾਕਟਰ ਭੂਪਿੰਦਰ ਨਾਥ ਦੱਤ ਦਾ ਪ੍ਰਧਾਨਗੀ ਐਡਰੇਸ ਸਰਕਾਰ ਨੇ ਜ਼ਬਤ ਕਰ ਦਿੱਤਾ ਹੈ ? ਅਗਰ ਨਹੀਂ, ਤੇ ਉਹ ਕਿਸੇ ਆਦਮੀ ਨੂੰ ਪੜ੍ਹਨ ਵਾਸਤੇ ਦੇਣਾ ਹੀ ਕਿਵੇਂ ਗੁਨਾਹ ਹੋ ਗਿਆ। ਕੀ ਇੰਦਰ ਚੰਦਰ ਨੇ ਅਖ਼ਬਾਰ ਦੀ ਏਜੰਸੀ ਲੈਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ? ਉਹ ਗਰੀਬ, ਜਿਸ ਕਿਸ ਤਰ੍ਹਾਂ ਪੈਸੇ ਕਮਾ ਕੇ ਗੁਜ਼ਾਰਾ ਕਰ ਰਿਹਾ ਸੀ ਅਤੇ ਤਾਲੀਮ ਵੀ ਹਾਸਲ ਕਰ ਰਿਹਾ ਸੀ, ਕੀ ਉਹ ਆਪਣੇ ਭਰਾ ਦੀ ਛਪਵਾਈ ਹੋਈ ਕਿਤਾਬ ਵੇਚ ਕੇ ਪੈਸੇ ਕਮਾ ਲੈਂਦਾ ਤਾਂ ਗੁਨਾਹ ਸੀ ? ਸਾਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਵੇਂ ਗੁਨਾਹ ਹੋ ਗਿਆ। ਅੱਜ ਹਜ਼ਾਰਾਂ ਆਦਮੀਆਂ ਦੇ ਘਰਾਂ ਵਿਚ ਬੰਦੀ ਜੀਵਨ ਹੋਣਗੇ, ਸੈਂਕੜੇ ਆਦਮੀ ਉਹ ਕਿਤਾਬ ਵੇਚਦੇ ਹੋਣਗੇ ਤੇ ਕੀ ਉਹ ਸਾਰੇ ਹੀ ਸਾਜ਼ਿਸ਼ੀ ਹਨ ? ਅਤੇ ਜੇਲ੍ਹ ਭੇਜਣ ਲਾਇਕ ਹਨ ? ਅਗਰ ਨਹੀਂ ਤੇ ਇਕ ਬੇਚਾਰੇ ਇੰਦਰ ਚੰਦਰ ਦੇ ਹੱਥ ਵਿਚ ਜਾਂਦਿਆਂ ਹੀ ਬੰਦੀ ਜੀਵਨ ਜ਼ਹਿਰ ਹੋ ਗਿਆ।



Sri Satguru Jagjit Singh Ji Elibrary NamdhariElibrary@gmail.com

ਸਾਨੂੰ ਤੇ ਦਾਲ ਵਿਚ ਕੁਝ ਕਾਲਾ ਕਾਲਾ ਨਜ਼ਰ ਆਉਂਦਾ ਹੈ। ਕਿਧਰੇ ਕਿਸੇ ਹੋਰ ਤਿਆਰੀ ਦੇ ਸਿਲਸਿਲੇ ਵਿਚ ਹੀ ਉਸ ਗਰੀਬ ਨੂੰ ਐਵੇਂ ਹੀ ਜੇਲ੍ਹ ਵਿਚ ਤਾਂ ਨਹੀ ਧੱਕ ਦਿੱਤਾ ਗਿਆ। ਸਾਨੂੰ ਨਜ਼ਰ ਆਉਂਦਾ ਹੈ ਕਿ ਪੰਜਾਬ ਦੇ ਨੌਜਵਾਨਾਂ 'ਤੇ ਮੁਸੀਬਤ ਪੈਣ ਵਾਲੀ ਹੈ ਅਤੇ ਇਹ ਇਸੇ ਦੀ ਤਿਆਰੀ ਵਿਚ ਪਹਿਲਾ ਕਦਮ ਚੁੱਕਿਆ ਗਿਆ ਹੈ। ਪਰ ਅੰਗਰੇਜ਼ੀ ਸਰਕਾਰ ਜ਼ਰਾ ਜ਼ਾਰ ਦਾ ਇਤਿਹਾਸ ਯਾਦ ਕਰ ਲਿਆ ਕਰੇ। ਇਸ ਤਰ੍ਹਾਂ ਦੇ ਜ਼ੁਲਮ ਕਰ ਕੇ ਆਪਣੇ ਰਾਜ ਨੂੰ ਪੱਕਿਆਂ ਪੈਰਾਂ 'ਤੇ ਖੜ੍ਹਾ ਕਰਦਾ ਕਰਦਾ ਜ਼ਾਰ ਅੱਜ ਆਪਣੀ ਹਸਤੀ ਮਿਟਾ ਬੈਠਾ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਜ਼ੁਲਮ ਨਾਲ ਕਦੀ ਸ਼ਾਂਤੀ ਨਹੀਂ ਕਾਇਮ ਹੋ ਸਕਦੀ, ਰਾਜ ਮਜ਼ਬੂਤ ਨਹੀਂ ਹੋ ਸਕਦੇ, ਬਲਕਿ ਇਹ ਆਪਣੇ ਪੈਰਾਂ 'ਤੇ ਕੁਹਾੜਾ ਮਾਰਨਾ ਹੈ। ਪਰ ਸਾਡੇ ਬੜੇ ਰੌਲਾ ਰੱਪਾ ਪਾਉਣ ਵਾਲੇ ਦੇਸ਼ ਭਗਤਾਂ ਤੇ ਲੀਡਰਾਂ ਨੂੰ ਇਹ ਅੰਧੇਰ-ਗਰਦੀ ਬੰਦ ਕਰਾਉਣ ਲਈ ਐਜੀਟੇਸ਼ਨ ਕਰਨੀ ਚਾਹੀਦੀ ਹੈ।

❋ ❋ ❋

## 44. ਕਿਰਤੀ ਲਹਿਰ ਨੂੰ ਦਬਾਉਣ ਲਈ ਕਮੀਨੀਆਂ ਚਾਲਾਂ

[ਸਤੰਬਰ, 1928 ਦੇ 'ਕਿਰਤੀ' ਦੇ ਚਾਰ ਹੋਰ ਸੰਪਾਦਕੀ ਵੀ ਖਾਸ ਧਿਆਨਯੋਗ ਹਨ। ਇਕ ਪਬਲਿਕ ਸੇਫ਼ਟੀ ਬਿੱਲ, ਦੂਸਰਾ ਟਰੇਡ ਡਿਸਪਿਊਟ ਬਿੱਲ ਦੇ ਬਾਰੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰ ਦਰਸਾਉਂਦਾ ਹੈ। ਯਾਦ ਰਹੇ 8 ਅਪ੍ਰੈਲ, 1929 ਨੂੰ ਭਗਤ ਸਿੰਘ ਤੇ ਬੀ.ਕੇ. ਦੱਤ ਜੀ ਨੇ ਦਿੱਲੀ ਅਸੈਂਬਲੀ ਵਿਚ ਬੰਬ ਸੁੱਟਿਆ ਸੀ। ਉਹ ਇਨ੍ਹਾਂ ਦੋਨਾਂ ਬਿਲਾਂ ਦੇ ਖਿਲਾਫ਼ ਸੀ।

ਤੀਸਰਾ ਸੰਪਾਦਕੀ ਨੋਟ ਮੋਤੀ ਲਾਲ ਨਹਿਰੂ ਦੀ ਕਮੇਟੀ ਰਿਪੋਰਟ ਬਾਰੇ ਚਰਚਾ ਕਰਦਾ ਹੈ। ਭਗਤ ਸਿੰਘ ਦੇ ਬਣਾਏ ਇਕ ਨੋਟ ਵਿਚ ਜੋ "ਭਾਰਤੀ ਇਨਕਲਾਬ ਦਾ ਆਦਰਸ਼" ਕਰਕੇ ਹੈ, ਅੰਦਰ ਮੌਜੂਦਾ ਵਿਚਾਰਧਾਰਾ ਦਾ ਜ਼ਿਕਰ ਕਰਦੇ ਇਸ ਰਿਪੋਰਟ ਨੂੰ ਬੁਰਜ਼ੂਆ ਵਿਚਾਰਧਾਰਾ ਦਾ ਪ੍ਰਤੀਕ ਦੱਸਿਆ ਗਿਆ ਹੈ।

ਚੌਥਾ ਸੰਪਾਦਕੀ ਬਾਰਦੋਲੀ ਦੇ ਕਿਸਾਨਾਂ ਦੇ ਸਤਿਆਗ੍ਰਹਿ ਬਾਰੇ ਵਿਚ ਵਿਚਾਰ ਪ੍ਰਗਟਾਉਂਦਾ ਹੈ।

ਸਤੰਬਰ 1928 ਵਿਚ ਹੀ ਭਗਤ ਸਿੰਘ ਦੀ ਪਾਰਟੀ, ਹਿੰਦੋਸਤਾਨੀ ਰੀਪਬਲੀਕਨ ਪਾਰਟੀ ਨੇ ਭਾਰਤ ਦੇ ਭਵਿੱਖ ਦਾ ਆਦਰਸ਼ ਸਮਾਜਵਾਦ ਐਲਾਨ ਕਰਦੇ ਹੋਏ ਪਾਰਟੀ ਦਾ ਨਾਂ ਹਿੰਦੋਸਤਾਨੀ ਸਮਾਜਵਾਦੀ ਰੀਪਬਲੀਕਨ ਪਾਰਟੀ ਰੱਖ ਦਿੱਤਾ ਸੀ। —ਸੰਪਾਦਕ]

ਦੁਨੀਆ ਵਿਚ ਜੋ ਹਨ੍ਹੇਰਗਰਦੀ ਇਹਨਾਂ ਖ਼ੁਦਗਰਜ਼ ਅਤੇ ਬੇਈਮਾਨ ਪੂੰਜੀਦਾਰ ਹਾਕਮਾਂ ਮਚਾਈ ਹੋਈ ਹੈ, ਉਹ ਲਿਖ ਕੇ ਲੋਕਾਂ ਨੂੰ ਸਮਝਾਈ ਨਹੀਂ ਜਾ ਸਕਦੀ। ਹੁਣ ਜਦੋਂ ਉਹਨਾਂ ਦੇ ਪਾਜ ਦੁਨੀਆ ਵਿਚ ਖੁੱਲ੍ਹਦੇ ਜਾਂਦੇ ਹਨ ਅਤੇ ਹੁਣ ਜਦੋਂ ਕਿਰਤੀ ਵੀ ਇਹਨਾਂ ਲੋਕਾਂ ਨੂੰ ਆਪਣੀ ਮਿਹਨਤ ਪੁਰ ਹਰਾਮ ਦੀਆਂ ਖਲਾ-ਖਲਾ ਕੇ ਮੋਟਿਆਂ ਹੋਣ ਤੋਂ ਬੰਦ ਕਰਨ ਦਾ ਯਤਨ ਕਰਨ ਲੱਗੇ ਹਨ ਤੇ ਇਹ ਤੜਫਦੇ ਹਨ ਅਤੇ ਅਮਨ ਅਮਾਨ ਦਾ ਰੌਲਾ ਪਾਉਣ ਲੱਗ ਪੈਂਦੇ ਹਨ। ਜਾਇਦਾਦ ਖ਼ਤਰੇ ਵਿਚ ਹੈ, ਦੁਨੀਆ ਕਿਵੇਂ ਚੱਲੇਗੀ ਆਦਿ ਫਿਕਰਿਆਂ ਨਾਲ ਰੌਲਾ ਪਾ ਕੇ ਆਮ ਲੋਕਾ ਨੂੰ ਅਤੇ ਕਿਰਤੀਆਂ ਨੂੰ ਸਾਂਝੀਵਾਲ ਲਹਿਰਾਂ ਦੇ ਵਿਰੋਧੀ ਬਣਾ ਰਹੇ ਹਨ। ਨਾਲ ਹੀ ਨਾਲ ਉਨ੍ਹਾਂ ਲਹਿਰਾਂ ਨੂੰ ਦਬਾਉਣ ਦੇ ਖ਼ਿਆਲ ਵਿਚ ਅੰਨ੍ਹੇ ਹੋਏ ਪਹਿਆਂ ਜ਼ੁਲਮ 'ਤੇ ਲੱਕ ਬੰਨ੍ਹ ਲਿਆ ਹੈ। ਅੱਜ ਅਸੀਂ ਅਖ਼ਬਾਰਾਂ ਵਿਚ ਪੜ੍ਹ ਰਹੇ ਹਾਂ ਕਿ ਲੋਕਾਂ ਦੀ ਹਿਫ਼ਾਜ਼ਤ ਨਾਂ ਦਾ ਇਕ [Public safety (removed from India) Bill] ਬਿੱਲ ਅਸੈਂਬਲੀ ਵਿਚ ਪੇਸ਼ ਹੋ ਰਿਹਾ



Sri Satguru Jagjit Singh Ji Elibrary NamdhariElibrary@gmail.com

ਹੈ। ਪੇਸ਼ ਸਰਕਾਰ ਵੱਲੋਂ ਹੀ ਹੋਣਾ ਹੈ। ਬਿੱਲ ਦਾ ਮਤਲਬ ਇਹ ਹੈ ਕਿ ਜੇ ਸਾਂਝੀਵਾਲ ਖ਼ਿਆਲਾਂ ਦਾ ਪ੍ਰਚਾਰ ਕਰਨ ਵਾਲਾ ਐਸਾ ਆਦਮੀ ਹਿੰਦੋਸਤਾਨ ਵਿਚ ਆ ਜਾਵੇਗਾ ਜੋ ਕਿ ਹਿੰਦੋਸਤਾਨ ਦਾ ਰਹਿਣ ਵਾਲਾ ਨਾ ਹੋਵੇਗਾ, ਉਸ ਨੂੰ ਇਕਦਮ ਨੋਟਿਸ ਦੇ ਕੇ ਮੁਲਕ ਤੋਂ ਬਾਹਰ ਕੱਢ ਦਿੱਤਾ ਜਾਇਆ ਕਰੇਗਾ। ਇਹ ਬਿੱਲ ਕਿਉਂ ਪਾਸ ਕੀਤਾ ਜਾਵੇਗਾ ? ਅਤੇ ਇਸ ਨੂੰ ਪਾਸ ਕਰਾਉਣ ਵਾਸਤੇ ਕੀ-ਕੀ ਨੀਚ ਚਾਲਾਂ ਚੱਲੀਆਂ ਜਾ ਰਹੀਆਂ ਹਨ। ਇਹ ਹੀ ਅਸੀਂ ਪਾਠਕਾਂ ਨੂੰ ਦੱਸਣਾ ਚਾਹੁੰਦੇ ਹਾਂ। ਕੁਝ ਦਿਨ ਹੋਏ ਕਿ ਅਖ਼ਬਾਰਾਂ ਵਿਚ ਇਕ ਚਿੱਠੀ ਛਪੀ ਸੀ ਜੋ ਕਿ ਕਿਹਾ ਜਾਂਦਾ ਸੀ ਕਿ ਕਮਿਊਨਿਸਟਾਂ ਵੱਲੋਂ ਇਹ ਚਿੱਠੀ ਇੰਗਲਿਸਤਾਨ ਦੀ ਕਮਿਊਨਿਸਟ ਪਾਰਟੀ ਨੂੰ ਲਿਖੀ ਗਈ ਸੀ। ਉਸ ਵਿਚ ਉਨ੍ਹਾਂ ਕਿਹਾ ਸੀ ਕਿ ਅਖ਼ੀਰ ਵਿਚ ਅਸੀਂ ਸ਼ਸਤਰ ਕ੍ਰਾਂਤੀ ਜਾਂ ਹਥਿਆਰਾਂ ਨਾਲ ਜੰਗ ਕਰਕੇ ਇਨਕਲਾਬ ਕਰ ਦੇਣਾ ਹੈ ਅਤੇ ਉਸ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਗੁਪਤ ਰੂਪ ਤੇ ਕੰਮ ਕਰੇਗੀ ਅਤੇ ਕਿਰਤੀ ਕਿਸਾਨ ਪਾਰਟੀ (Peasants and workers Party) ਨੂੰ ਕਾਬੂ ਕਰਕੇ ਪਰਚਾਰ ਦਾ ਕੰਮ ਖੁੱਲ੍ਹੇ ਤੌਰ 'ਤੇ ਕੀਤਾ ਜਾਇਆ ਕਰੇਗਾ ; ਆਦਿਕ। ਉਧਰ ਚੂੰਕਿ ਰੂਸ ਚਾਹੁੰਦਾ ਹੈ ਕਿ ਦੁਨੀਆ ਭਰ ਵਿਚ ਕਿਰਤੀਆਂ ਦੀ ਹਕੂਮਤ ਕਾਇਮ ਕੀਤਿਆਂ ਬਿਨਾਂ ਅਮਨ ਕਾਇਮ ਨਹੀਂ ਹੋ ਸਕਦਾ। ਇਸ ਕਰਕੇ ਉਹ ਸਾਂਝੀਵਾਲ ਇਨਕਲਾਬ ਹਰ ਜਗ੍ਹਾ ਕਰਾਉਣਾ ਚਾਹੁੰਦਾ ਹੈ ਅਤੇ ਚੂੰਕਿ ਦੁਨੀਆ ਵਿਚ ਸਭ ਤੋਂ ਵੱਡਾ ਪੂੰਜੀਦਾਰ ਅਤੇ ਸ਼ਹਿਨਸ਼ਾਹੀਅਤ ਪਸੰਦ ਅੰਗਰੇਜ਼ ਹਨ। ਇਸ ਕਰਕੇ ਇਹਨਾਂ ਦਾ ਰਾਜ ਤਬਾਹ ਕਰਨਾ ਜ਼ਰੂਰੀ ਹੈ ਅਤੇ ਇਹਨਾਂ ਦਾ ਰਾਜ ਵੀ ਹਿੰਦੋਸਤਾਨ ਦੇ ਸਿਰ 'ਤੇ ਹੈ। ਇਸ ਕਰਕੇ ਇਥੇ ਇਨਕਲਾਬ ਕਰਾਉਣਾ ਜ਼ਰੂਰੀ ਹੈ। ਐਸੀ ਦਸ਼ਾ ਵਿਚ ਅੰਗਰੇਜ਼ ਰੂਸ ਤੋਂ ਬਹੁਤ ਡਰਦੇ ਹਨ ਅਤੇ ਉਹ ਕਮਿਊਨਿਸਟ ਜਾਂ ਸਾਂਝੀਵਾਲ ਖ਼ਿਆਲਾਂ ਦੇ ਪ੍ਰਚਾਰ ਨੂੰ ਰੋਕਣਾ ਚਾਹੁੰਦੇ ਹਨ। ਪਰ ਕੀਤਾ ਕੀ ਜਾਂਦਾ ? ਹਿੰਦੋਸਤਾਨੀ ਪੂੰਜੀਦਾਰਾਂ ਦੀ ਹਮਦਰਦੀ ਜਿੱਤਣ ਲਈ ਉਹ ਖ਼ਤ ਛਪਵਾਇਆ ਗਿਆ। ਅਖ਼ਬਾਰਾਂ ਵਿਚ ਲਿਖਿਆ ਗਿਆ ਸੀ।

"Delhi, August 20.

The following letter has been given publicity.

ਅਰਥਾਤ ਦਿੱਲੀ, 20 ਅਗਸਤ ਕਿਸ ਦੀ ਤਰਫੋਂ, ਕਦੋਂ, ਕਿੱਥੋਂ ? ਇਹ ਕੁਝ ਪਤਾ ਨਹੀਂ ਅਤੇ ਉਹ ਖ਼ਤ ਹੈ ਵੀ ਪਿਛਲੇ ਦਸੰਬਰ ਦੀ ਤਾਰੀਖ ਦਾ। ਹੁਣ ਤੀਕ ਉਹ ਕਿੱਥੇ ਲੁਕਿਆ ਰਿਹਾ।

ਕਮਿਊਨਿਸਟ ਪਾਰਟੀ ਨੇ ਉਸ ਖ਼ਤ ਨਾਲ ਆਪਣਾ ਕੋਈ ਸੰਬੰਧ ਮੰਨਣੋਂ ਇਨਕਾਰ ਕਰ ਦਿੱਤਾ ਹੈ। ਕਿਰਤੀ ਕਿਸਾਨ ਪਾਰਟੀ ਨੇ ਵੀ ਅਜਿਹਾ ਹੀ ਐਲਾਨ ਕੀਤਾ ਹੈ। ਫਿਰ ਉਹ ਖ਼ਤ ਕਿਥੋਂ ਆਇਆ ? ਅਤੇ ਹੁਣ ਹੀ ਕਿਉਂ ਛਪਿਆ ? ਇਹ ਗੱਲਾਂ ਸੋਚਣ ਵਾਲੀਆਂ ਹਨ। ਇਸ ਖ਼ਤ ਨਾਲ ਅਤੇ ਰੂਸ ਦੇ ਕੁਝ ਕੁ ਐਲਾਨਾਂ ਨੂੰ ਮੁੜ-ਮੁੜ ਛਾਪਣ ਨਾਲ ਹਿੰਦੀ ਪੂੰਜੀਦਾਰਾਂ ਨੂੰ ਵੀ ਸਰਕਾਰ ਨੇ ਆਪਣਾ ਨਾਲ ਰਲਾ ਲਿਆ ਹੈ। ਸਾਨੂੰ ਪਤਾ ਵਿਹਲੜ ਪੂੰਜੀਦਾਰਾਂ ਨੇ ਰਲ ਕੇ ਇਹ ਬਿੱਲ ਪਾਸ ਕਰ ਦੇਣਾ ਹੈ। ਪਰ ਕੀ ਸਰਕਾਰ ਸਮਝਦੀ ਹੈ ਕਿ ਇਸੇ ਤਰ੍ਹਾਂ ਸਾਂਝੀਵਾਲ ਖ਼ਿਆਲਾਂ ਦਾ ਪ੍ਰਚਾਰ ਰੁਕ ਜਾਵੇਗਾ ? ਕੀ ਇਹਨਾਂ ਨੀਚਤਾ ਭਰੀਆਂ ਚਾਲਾਂ ਨਾਲ ਉਹ ਆਪਣੇ ਪੈਰ ਪੱਕੇ ਕਰਕੇ ਜਮਾਈ ਰੱਖਣਗੇ। ਇਤਿਹਾਸ ਵੱਲੋਂ ਜਾਣ ਬੁੱਝ ਕੇ ਅੱਖੀਆਂ ਕਿਉਂ ਬੰਦ ਕੀਤੀਆਂ ਜਾਂਦੀਆਂ ਹਨ ? ਅੱਜ ਫ਼ਰਾਂਸ ਦੇ ਫਯੂਡਲ ਲਾਰਡਸ ਅਤੇ ਰੂਸੀ ਨੋਬਲਸ ਕਿਥੇ ਹਨ ? ਕੀ ਉਨ੍ਹਾਂ ਨੇ ਇਨ੍ਹਾਂ ਖ਼ਿਆਲਾਂ ਨੂੰ ਦਬਾਉਣ ਵਾਸਤੇ ਆਪਣੀ-ਆਪਣੀ ਵਾਹ ਨਹੀਂ ਸੀ ਲਾਈ ਤੇ ਕੀ ਜੁੱਗ-ਗ਼ਰਦੀ ਰੁਕ ਸਕੀ ਸੀ ? ਫਿਰ ਇਥੇ ਹੀ ਜੁੱਗ-ਗ਼ਰਦੀ ਕਿਵੇਂ ਰੁਕ ਸਕੇਗੀ ? ਜਦੋਂ ਤੀਕ ਭੁੱਖ ਹੈ ਅਤੇ ਮਿਹਨਤ ਕਰਨ ਵਾਲੇ ਭੁੱਖੇ ਮਰਦੇ ਰਹਿਣਗੇ ਅਤੇ ਵਿਹਲੇ ਬੈਠਣ ਵਾਲੇ



Sri Satguru Jagjit Singh Ji Elibrary NamdhariElibrary@gmail.com

ਹਰਾਮ ਦੀਆਂ ਉਡਾਉਣਗੇ, ਉਦੋਂ ਤੀਕ ਸਾਂਝੀਵਾਲ ਖ਼ਿਆਲ ਦਬਾਇਆ ਵੀ ਜ਼ੋਰ ਫੜਦੇ ਜਾਣਗੇ ਪਰ ਕਿਰਤੀਆਂ ਨੂੰ ਸੰਭਲ ਜਾਣਾ ਚਾਹੀਦਾ ਹੈ ਅਤੇ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਤਹਿਰੀਕ ਨੂੰ ਦਬਾਉਣ ਲਈ ਕੋਡੀਆਂ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ ਤੇ ਜੇ ਉਹ ਹੁਣ ਨਾ ਸੰਭਲੇ ਤਾਂ ਪਿੱਛੋਂ ਪਛਤਾਇਆਂ ਕੁਝ ਨਹੀਂ ਬਣਨਾ।

* * *

## 45. ਇਕ ਹੋਰ ਜ਼ਾਲਮਾਨਾ ਕਾਨੂੰਨ

*—ਸਤੰਬਰ, 1928-ਕਿਰਤੀ*

ਜਿਉਂ-ਜਿਉਂ ਹਿੰਦੁਸਤਾਨ ਵਿਚ ਕਾਰਖਾਨੇ ਵਧਦੇ ਜਾ ਰਹੇ ਹਨ, ਤਿਉਂ-ਤਿਉਂ ਸਾਡੇ ਪੂੰਜੀਦਾਰਾਂ ਅਤੇ ਅੰਗਰੇਜ਼ਾਂ ਦੇ ਹਾਣ ਲਾਭ ਵੀ ਸਾਂਝੇ ਹੁੰਦੇ ਜਾ ਰਹੇ ਹਨ ਅਤੇ ਮੁਲਕ ਦੀਆਂ ਆਮ ਲਹਿਰਾਂ ਨੂੰ ਆਮ ਤੌਰ 'ਤੇ ਦਬਾਉਣ ਦਾ ਰਲ-ਮਿਲ ਕੇ ਪ੍ਰਯਤਨ ਕਰ ਰਹੇ ਹਨ। ਹੁਣ ਦੋ ਕਾਨੂੰਨ ਇਕੋ ਜਿਹੇ ਪਾਸ ਹੋ ਰਹੇ ਹਨ : ਇਕ ਤੇ ਹੈ ਪਬਲਿਕ ਸੇਫ਼ਟੀ ਬਿੱਲ ਅਤੇ ਦੂਸਰਾ ਹੈ (Indian Trades Dispute Bill) ਅਰਥਾਤ ਹਿੰਦੁਸਤਾਨੀ ਦਸਤਕਾਰੀਆਂ ਦੇ ਝਗੜਿਆਂ ਵਾਲਾ ਬਿੱਲ। ਮਤਲਬ ਕੀ ਕਿ ਜਦੋਂ ਕੋਈ ਪੂੰਜੀਦਾਰਾਂ ਅਤੇ ਕਿਰਤੀ ਮਜ਼ਦੂਰਾਂ ਦਾ ਕਿਸੇ ਸਵਾਲ 'ਤੇ ਝਗੜਾ ਹੋ ਜਾਵੇ, ਤਦੋਂ ਝੱਟ ਇਕ ਪੰਚਾਇਤ ਬਣਾ ਦਿੱਤੀ ਜਾਵੇ। ਜਿਸ ਵਿਚ ਪੂੰਜੀਦਾਰ ਮਾਲਕਾਂ ਅਤੇ ਮਜ਼ਦੂਰਾਂ ਦੇ ਪ੍ਰਤੀਨਿਧ ਹੋਣ 'ਤੇ ਪ੍ਰਧਾਨ ਨਿਰਪੱਖ ਹੋਵੇ। ਉਹ ਜੋ ਫ਼ੈਸਲਾ ਕਰੇ, ਉਹ ਹੀ ਸਾਰੇ ਪ੍ਰਵਾਨ ਕਰਨ ਤੇ ਕਿਸੇ ਨੂੰ ਹੜਤਾਲ ਕਰਾਉਣ ਦਾ ਹੱਕ ਨਹੀਂ ਹੋਵੇਗਾ। ਹੜਤਾਲ ਕਰਨ ਵਾਲੇ ਨੂੰ 500 ਰੁਪਏ ਜੁਰਮਾਨਾ ਜਾਂ ਇਕ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਜਾਵੇਗੀ। ਅਤੇ ਜੇ ਕੋਈ ਪੁਲੀਟੀਕਲ ਨੁਕਤਾ ਨਿਗਾਹ ਨਾਲ ਹੜਤਾਲ ਕਰੇਗਾ ਤਾਂ ਉਸ ਨੂੰ ਤਿੰਨ ਮਹੀਨੇ ਕੈਦ ਤੇ 500 ਰੁਪਏ ਜੁਰਮਾਨਾ ਦੀ ਸਜ਼ਾ ਹੋਵੇਗੀ। ਪਰ ਇਹ ਸਜ਼ਾ ਕਿਉਂ ? ਜੇ ਕਮੇਟੀ, ਜੋ ਕਿ ਝਗੜਾ ਮਿਟਾਉਣ ਲਈ ਬਣਾਈ ਜਾਵੇਗੀ, ਮਜ਼ਦੂਰਾਂ ਦੀ ਮਰਜ਼ੀ ਦੇ ਵਿਰੁੱਧ ਫ਼ਸਲਾ ਕਰ ਦੇਵੇ ਤਾਂ ਫੇਰ ? ਕੀ ਉਨ੍ਹਾਂ ਗ਼ਰੀਬਾਂ ਨੂੰ ਫਿਰ ਵੀ ਹੜਤਾਲ ਕਰਨ ਦਾ ਹੱਕ ਨਹੀਂ ਮਿਲਣਾ ਚਾਹੀਦਾ ? ਬੜੀ ਅਜੀਬ ਗੱਲ ਹੈ ! ਅਸਲ ਵਿਚ ਤੇ ਕਿਰਤੀਆਂ ਨੂੰ ਛੇਤੀ ਹੀ ਸੰਭਲ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀਆਂ ਤਹਿਰੀਕਾਂ ਦਬਾਉਣ ਦਾ ਹੀ ਇਹ ਸਭ ਯਤਨ ਹੈ। ਬੰਬਈ ਦੀ ਕਿਰਤੀ ਕਿਸਾਨ ਪਾਰਟੀ ਨੇ ਐਲਾਨ ਕੱਢਿਆ ਹੈ ਕਿ ਇਸ ਬਿੱਲ ਦੇ ਬਰਖ਼ਿਲਾਫ਼ ਮਜ਼ਦੂਰਾਂ ਨੂੰ ਹੜਤਾਲਾਂ ਕਰਨੀਆਂ ਚਾਹੀਦੀਆਂ ਹਨ। ਗੱਲ ਵੀ ਠੀਕ ਹੈ। ਅਸੈਂਬਲੀ ਦੇ ਪੂੰਜੀਦਾਰ ਮੈਂਬਰਾਂ 'ਤੇ ਝੱਟ ਇਹ ਕਾਨੂੰਨ ਪਾਸ ਕਰਵਾ ਦੇਣਾ ਹੈ ਉਨ੍ਹਾਂ ਦੇ ਵਾਸਤੇ ਹੀ ਤਾਂ ਸਰਕਾਰ ਨੇ ਇਹ ਕਾਨੂੰਨ ਘੜਿਆ ਹੈ ਅਤੇ ਪਹਿਲਾਂ ਹੀ ਪ੍ਰੇਮ ਚੰਦ ਕੀਕਾ ਭਾਈ ਵਰਗੇ ਸਰਮਾਏਦਾਰ ਸਰਕਾਰ ਅੱਗੇ ਦੁਆਵਾਂ ਕਰਦੇ ਸਨ ਕਿ ਕਿਰਤੀਆਂ ਦੀ ਸਾਂਝੀਵਾਲ ਲਹਿਰ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਸੋ ਸਰਕਾਰ ਨੇ ਝੱਟ ਪੱਟ ਇਲਾਜ ਬਣਾ ਕੇ ਰੱਖ ਦਿੱਤਾ ਹੈ। ਦੋਵੇਂ ਕਾਨੂੰਨ ਪਾਸ ਹੋ ਜਾਣਗੇ। ਪਰ ਕਿਰਤੀਆਂ ਨੂੰ ਸੰਭਲ ਜਾਣਾ ਚਾਹੀਦਾ ਹੈ ਕਿਉਂਕਿ ਜੇ ਹੁਣੇ-ਹੁਣੇ ਫ਼ਿਕਰ ਨਾ ਕੀਤਾ ਗਿਆ ਤੇ ਪਿੱਛੋਂ ਬਹੁਤ ਤਕਲੀਫ਼ ਦਾ ਸਾਹਮਣਾ ਕਰਨਾ ਪਵੇਗਾ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇੰਗਲੈਂਡ ਵਿਚ ਐਸਾ ਕਾਨੂੰਨ ਪਾਸ ਕਰਨ ਦੀ ਅੰਗਰੇਜ਼ੀ ਸਰਕਾਰ ਨੂੰ ਜੁਰਅਤ ਨਹੀਂ ਪੈ ਸਕਦੀ। ਮਜ਼ਦੂਰਾਂ ਨਾਲ ਰੱਤੀ ਭਰ ਵੀ ਹਮਦਰਦੀ ਰੱਖਣ ਵਾਲੇ ਸੱਜਣਾਂ ਨੂੰ ਇਸ ਗ਼ੈਰ-ਕਾਨੂੰਨੀ ਅਤੇ ਜ਼ਾਲਮਾਨਾ ਕਾਨੂੰਨ ਦੀ ਵਿਰੋਧਤਾ ਵਿਚ ਆਵਾਜ ਉੱਠਣੀ ਚਾਹੀਦੀ ਹੈ।

* * *



Sri Satguru Jagjit Singh Ji Elibrary NamdhariElibrary@gmail.com

## 46. ਨਹਿਰੂ ਕਮੇਟੀ ਦੀ ਰਿਪੋਰਟ

*—ਸਤੰਬਰ, 1928-ਕਿਰਤੀ*

ਹਿੰਦੁਸਤਾਨ ਵੀ ਅਜੀਬ ਮੁਲਕ ਹੈ। ਇਥੋਂ ਦੇ ਲੀਡਰ ਵੀ ਅਜੀਬ ਬੰਦੇ ਹਨ। ਬੈਠਿਆਂ-ਬੈਠਿਆਂ ਖ਼ਿਆਲ ਆਇਆ, ਚਲੋ ਇਕ ਕਾਂਸਟੀਟਿਊਸ਼ਨ ਹੀ ਤਿਆਰ ਕਰ ਦਿੱਤਾ ਜਾਵੇ ਕਿ ਅਸੀਂ ਹਿੰਦੁਸਤਾਨ ਵਿਚ ਕਿਹੋ ਜਿਹਾ ਰਾਜ ਚਾਹੁੰਦੇ ਹਾਂ। ਝੱਟ ਸਰਬ ਦਲ ਕਾਨਫਰੰਸ (All Parties Conference) ਬੁਲਾ ਲਈ ਗਈ ਅਤੇ ਉਨ੍ਹਾਂ ਨਹਿਰੂ ਕਮੇਟੀ ਅਲੱਗ ਬਣਾ ਦਿੱਤੀ ਕਿ ਉਹ ਇਕ ਰਿਪੋਰਟ ਤਿਆਰ ਕਰੇ। ਰਿਪੋਰਟ ਤਿਆਰ ਹੋ ਗਈ ਅਤੇ ਛਪ ਵੀ ਗਈ। ਬੜੀ ਤਾਰੀਫ਼ ਹੋ ਰਹੀ ਹੈ। ਬੜੀ ਸ਼ਲਾਘਾ ਹੋ ਰਹੀ ਹੈ। ਤਾਰੀਫ਼ ਦੇ ਪੁਲ ਬੰਨ੍ਹੇ ਜਾ ਰਹੇ ਹਨ। ਰਿਪੋਰਟ ਦਾ ਮਤਲਬ ਕੀ ਹੈ? ਕਿ ਸਾਨੂੰ ਵੀ ਸਰਕਾਰ ਕੈਨੇਡਾ, ਆਸਟਰੇਲੀਆ ਅਤੇ ਆਇਰਲੈਂਡ ਜੈਸਾ ਰਾਜ ਦੇ ਦੇਵੇ। ਬਹੁਤ ਖ਼ੂਬ ! ਅਤੇ ਵਾਇਸਰਾਏ ਅੰਗਰੇਜ਼ ਹੋਇਆ ਕਰੇਗਾ, ਜਿਸ ਨਾਲ ਬਹੁਤ ਸਾਰੀ ਤਾਕਤ ਹੋਇਆ ਕਰੇਗੀ, ਪਰ ਮੈਂਬਰ ਚੋਣ ਨਾਲ ਹੀ ਕੌਂਸਲਾਂ ਅਤੇ ਅਸੈਂਬਲੀ ਵਿਚ ਭੇਜੇ ਜਾਇਆ ਕਰਨਗੇ ਅਤੇ ਚੋਣ ਵਿਚ ਰਾਏ ਦੇਣ ਦਾ ਹੱਕ ਹਰ ਇਕ ਬਾਲਗ ਇਨਸਾਨ ਨੂੰ ਹੋਵੇਗਾ। ਸਦਨ ਵਿਚ ਖ਼ੁਦ ਉਹ ਕਰ ਕੁਝ ਨਹੀਂ ਸਕਣਗੇ ਕੇਵਲ ਵਾਇਸਰਾਏ ਦੀਆਂ ਉਂਗਲੀਆਂ 'ਤੇ ਨੱਚਿਆ ਕਰਨਗੇ।

ਮਾਲੂਮ ਇਹ ਹੁੰਦਾ ਹੈ ਕਿ ਕੈਨੇਡਾ ਅਤੇ ਆਇਰਲੈਂਡ ਵਗੈਰਾ ਦੀਆਂ ਕਾਂਸਟੀਟਿਊਸ਼ਨਾਂ ਉਹ ਸਾਹਮਣੇ ਖੋਲ੍ਹ ਕੇ ਬੈਠ ਗਏ ਅਤੇ ਇਹ ਰਿਪੋਰਟ ਲਿਖ ਮਾਰੀ। ਪਰ ਸਵਾਲ ਤਾਂ ਦੇਖਣ ਵਾਲਾ ਹੈ ਕਿ ਇਹ ਰਿਪੋਰਟ ਲਿਖੀ ਕਿਉਂ ਗਈ? ਜਦੋਂ ਨਾ ਮਿਲਵਰਤਨ ਵਾਲੀ ਲਹਿਰਾਂ ਜ਼ੋਰਾਂ 'ਤੇ ਸੀ, ਉਦੋਂ ਬਾਬੂ ਭਗਵਾਨ ਦਾਸ ਹੋਰੀਂ ਜ਼ੋਰ ਲਾ-ਲਾ ਰਹਿ ਗਏ ਤਾਂ ਕਿਸੇ ਸਵਰਾਜ ਦੀ ਵਿਆਖਿਆ ਕਰਨ ਦੀ ਲੋੜ ਨਾ ਸਮਝੀ ਪਰ ਅੱਜ ਜਦ ਕਿ ਕੋਈ ਲਹਿਰ ਵੀ ਮੌਜੂਦ ਨਹੀਂ, ਅੱਜ ਕਾਂਸਟੀਟਿਊਸ਼ਨ ਵੀ ਤਿਆਰ ਕਰਕੇ ਰੱਖ ਦਿੱਤੀ ਗਈ ਹੈ। ਇਸ ਦਾ ਕਾਰਨ ਕੀ ਹੈ? ਅਸਲ ਵਿਚ ਤਾਂ ਗੱਲ ਇਹ ਹੈ ਕਿ ਲੋਕਾਂ ਨੂੰ ਖ਼ਿਆਲ ਹੋ ਗਿਆ ਹੈ ਕਿ ਇਹ ਜੋ ਸਾਈਮਨ ਕਮਿਸ਼ਨ ਬਣਿਆ ਹੈ, ਇਹ ਜ਼ਰੂਰ ਕੁਝ ਨਾ ਕੁਝ ਦੇਣ ਨੂੰ ਹੀ ਬਣਿਆ ਹੈ ਅਤੇ ਹੁਣ ਸਰਕਾਰ ਆਉਣ ਵਾਲੀ ਜੰਗ ਅਤੇ ਹੋਰ ਕੌਮਾਂਤਰੀ ਹਾਲਾਤ ਨੂੰ ਸਾਹਮਣੇ ਰੱਖਦੀ ਹੋਈ ਹਿੰਦੁਸਤਾਨ ਨੂੰ ਕੁਝ ਨਾ ਕੁਝ ਦੇਣ ਨੂੰ ਤਿਆਰ ਹੈ। ਕਮਿਸ਼ਨ ਦਾ ਬਾਈਕਾਟ ਤਾਂ ਇਸ ਕਰਕੇ ਕੀਤਾ ਜਾ ਰਿਹਾ ਹੈ ਕਿ ਕਮਿਸ਼ਨ ਵਿਚ ਕੋਈ ਹਿੰਦੁਸਤਾਨੀ ਮੈਂਬਰ ਨਹੀਂ। ਹੋਰ ਤਾਂ ਕੋਈ ਗੱਲ ਨਹੀਂ ਅਤੇ ਹੁਣ ਸਿੱਧੀ ਤਰ੍ਹਾਂ ਨਹੀਂ ਬਲਕਿ ਐਵੇਂ ਦੂਜੀ ਤਰ੍ਹਾਂ ਕਮਿਸ਼ਨ ਨੂੰ ਦੱਸਣਾ ਚਾਹੁੰਦੇ ਹਨ ਕਿ ਅਸੀਂ ਆਹ ਕੁਝ ਲੈਣਾ ਚਾਹੁੰਦੇ ਹਾਂ। ਇਕ ਸੱਜਣ ਨੇ ਖ਼ੂਬ ਮਿਸਾਲ ਦਿੱਤੀ ਕਿ ਇਕ ਫ਼ਕੀਰ ਨੇ ਆਪਣੀ ਲੰਮੀ ਸਾਰੀ ਲਾਠੀ ਨਾਲ ਇਕ ਲੋਟਾ ਬੰਨ੍ਹ ਲਿਆ ਅਤੇ ਕਹਿਣ ਲੱਗ ਪਿਆ, "ਮੈਂ ਭੀਖ ਨਹੀਂ ਮੰਗਦਾ। ਮੇਰੇ ਲੋਟੇ ਨੂੰ ਦੇਵੋ।" ਸਾਡੇ ਗਰਮ ਲੀਡਰਾਂ ਦਾ ਉਹ ਹੀ ਹਾਲ ਹੈ। ਇਹ ਸਾਰੇ ਹੀ ਸਮਝੀ ਬੈਠੇ ਹਨ ਕਿ ਹੁਣ ਕੁਝ ਨਾ ਕੁਝ ਮਿਲ ਕੇ ਹੀ ਰਹਿਣਾ ਹੈ, ਇਸ ਕਰਕੇ ਦੱਸ ਤਾਂ ਦਿਓ ਕਿ ਅਸੀਂ ਕੀ ਲੈਣਾ ਚਾਹੁੰਦੇ ਹਾਂ। ਅਕਲ ਦੇ ਅੰਨ੍ਹੇ ਲੀਡਰ ਆਇਰਲੈਂਡ ਦੇ ਹਕੂਕ ਤਾਂ ਜ਼ਰੂਰ ਮੰਗਦੇ ਹਨ ਪਰ ਇਹ ਨਹੀਂ ਦੇਖਦੇ ਕਿ ਉਨ੍ਹਾਂ ਉਹ ਹਕੂਕ ਕਿਵੇਂ ਲਏ ਹਨ? 1916 ਤੋਂ ਲਗ ਕੇ 1923 ਤਕ ਉਹ ਵਿਚਾਰੇ ਸਿਰੋਂ ਪੈਰੋਂ ਲਾਹ ਕੇ ਇਨ੍ਹਾਂ ਨਾਲ ਲੜਾਈ ਕਰਦੇ ਰਹੇ। ਇਨ੍ਹਾਂ ਦਾ ਨੱਕ ਵਿਚ ਦਮ ਕਰ ਦਿੱਤਾ। ਤੰਗ ਆ ਕੇ ਮਜਬੂਰ ਹੋ ਕੇ ਜਦੋਂ ਉਥੇ ਬਿਲਕੁਲ ਹੀ ਜੜ੍ਹਾਂ ਪੁੱਟੀਆਂ ਗਈਆਂ ਤਾਂ ਜਾ ਕੇ ਇਨ੍ਹਾਂ ਉਨ੍ਹਾਂ ਨੂੰ ਆਹ ਥੋੜ੍ਹੇ ਜਿਹੇ ਹਕੂਕ ਦਿੱਤੇ। ਤੇ ਅਸੀਂ ਚਾਹੁੰਦੇ ਹਾਂ ਕਿ ਅਸੀਂ ਬੈਠ ਕੇ ਜੋ ਗੱਲਾਂ ਕੀਤੀਆਂ ਹਨ, ਸਾਨੂੰ ਵੀ ਉਨ੍ਹਾਂ ਵਾਲੇ ਹਕੂਕ ਮਿਲ ਜਾਣੇ ਚਾਹੀਦੇ ਹਨ। ਕੇਡੀ ਭਾਰੀ ਗ਼ਲਤ ਫ਼ਹਿਮੀ ਹੈ? ਅੱਛਾ ਫੇਰ ਇਹ ਤਾਂ ਹੈ ਹੀ ਬੜਾ ਭਾਰਾ ਧ੍ਰੋਹ ! ਹਾਲੇ ਪਿਛਲੀ



Sri Satguru Jagjit Singh Ji Elibrary NamdhariElibrary@gmail.com

ਕਾਂਗਰਸ ਵਿਚ ਮੁਕੰਮਲ ਆਜ਼ਾਦੀ ਦਾ ਰੈਜ਼ੂਲੇਸ਼ਨ ਪਾਸ ਕੀਤਾ ਸੀ ਤੇ ਹੁਣੇ ਹੀ ਝੱਟ ਡੂਮੀਨੀਅਨ ਸਟੇਟਸ ਮਨਜ਼ੂਰ ਕਰ ਲਿਆ ਹੈ। ਇਸ ਦਾ ਕੀ ਮਤਲਬ ! ਕਿਹਾ ਜਾਂਦਾ ਹੈ ਕਿ ਇਹ ਕੋਈ ਕਾਂਗਰਸ ਪਾਰਟੀ ਥੋੜ੍ਹੀ ਸੀ, ਕਿ ਜਿਸ ਨੇ ਕਾਂਗਰਸ ਨਾਲ ਧ੍ਰੋਹ ਕੀਤਾ ਹੋਵੇ ਇਹ ਤਾਂ ਹੈ ਸਰਵਦਲ ਕਾਨਫਰੰਸ, ਬਹੁਤ ਖ਼ੂਬ ! ਤੁਸੀਂ ਕਾਂਗਰਸ ਵਾਲੇ ਹੀ ਸਮਝੌਤੇ ਦੇ ਠੇਕੇਦਾਰ ਹੋ ਗਏ ਹੋ। ਮਾਡਰੇਟ ਲੀਡਰਾਂ ਕਿਉਂ ਨਾ ਸਮਝੌਤਾ ਕਰਨ ਖ਼ਾਤਰ ਪੂਰਨ ਸੁਤੰਤਰਤਾ ਮੰਨ ਲਈ। ਉਨ੍ਹਾਂ ਨੂੰ ਤਾਂ ਹਿੰਦੁਸਤਾਨ ਦੀ ਆਜ਼ਾਦੀ ਦੀ ਕੋਈ ਲੋੜ ਨਹੀਂ ਨਾ ? ਤੇ ਫੇਰ ਕਾਂਗਰਸ ਦੇ ਹੋਣ ਵਾਲੇ ਪ੍ਰਧਾਨ ਪੰਡਿਤ ਮੋਤੀ ਲਾਲ ਨਹਿਰੂ ਹੋਰਾਂ ਕਿਸ ਤਰ੍ਹਾਂ ਹੋਰ ਕਾਂਗਰਸੀ ਮੈਂਬਰਾਂ ਵਲੋਂ ਦਸਤਖ਼ਤ ਕਰਵਾ ਦਿੱਤੇ ? ਕੀ ਇਹ ਮਦਰਾਸ ਕਾਂਗਰਸ ਦੇ ਪ੍ਰਸਤਾਵ ਨਾਲ ਧ੍ਰੋਹ ਨਹੀਂ ? ਤੇ ਕੀ ਹੁਣ ਅਗਲੀ ਕਾਂਗਰਸ ਵਿਚ ਪੰਡਿਤ ਮੋਤੀ ਲਾਲ ਹੋਰੀਂ ਕਾਂਗਰਸ ਨੂੰ ਪਿਛਾਂਹ ਖਿੱਚਣ ਦਾ ਯਤਨ ਨਾ ਕਰਨਗੇ ? ਸਮਝ ਨਹੀਂ ਆਉਂਦੀ ਕਿ ਪੰਡਿਤ ਜਵਾਹਰ ਲਾਲ ਹੋਰੀਂ, ਜੋ ਕਿ ਸਾਂਝੀਵਾਲ ਖ਼ਿਆਲਾਂ ਦੇ ਹਾਮੀ ਹਨ, ਉਹ ਕਿਵੇਂ ਇਸ ਕਮੇਟੀ ਵਿਚ ਸ਼ਾਮਲ ਹੋ ਕੇ ਆਪਣਾ ਆਦਰਸ਼ ਬਦਲ ਸਕੇ ? ਕੀ ਉਹ ਇਨਕਲਾਬ ਨਹੀਂ ਚਾਹੁੰਦੇ ? ਐਵੇਂ ਹੀ ਇਨਕਲਾਬ-ਇਨਕਲਾਬ (Revolution) ਪਏ ਕੂਕਦੇ ਹੁੰਦੇ ਹਨ ? ਕੀ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਸਰਕਾਰ ਆਪੇ ਹੀ ਇਹ ਜੋ ਮੰਗ ਪੇਸ਼ ਕੀਤੀ ਗਈ ਹੈ, ਮਨਜ਼ੂਰ ਕਰ ਲਵੇਗੀ ? ਜਾਣ ਬੁਝ ਕੇ ਅੱਖੀਆਂ ਮੀਟਣ ਹੈ। ਜਾਂ ਕਿ ਨਹਿਰੂ ਸਾਹਿਬ ਕੇਵਲ ਸਰਕਾਰ ਨੂੰ ਡਰਾਉਣ ਲਈ ਹੀ ਮੁਕੰਮਲ ਆਜ਼ਾਦੀ ਦਾ ਰੌਲਾ ਪਾਉਂਦੇ ਹਨ ਅਤੇ ਚਾਹੁੰਦੇ ਮਾਤੈਹਤੀ ਰਾਜ ਹੀ ਹਨ। ਅਸਲ ਵਿਚ ਇਹ ਉਮੀਦ ਕਿ ਹੁਣ ਵੀ ਕੁਝ ਮਿਲਿਆ, ਹੁਣ ਵੀ ਕੁਝ ਮਿਲਿਆ ਬਹੁਤ ਖ਼ਰਾਬ ਕਰਦੀ ਹੈ। ਦਾਸ, ਬਰਕੇਨ ਹੈੱਡ ਦੇ ਲਾਰੇ-ਲੱਪੇ ਦੇ ਧੋਖੇ ਵਿਚ ਕਿੱਡਾ ਗਿਰ ਗਿਆ ਸੀ। ਇਹ ਉਸੇ ਦੇ ਫਰੀਦਪੁਰ ਦੇ ਐੱਡਰੈੱਸ ਤੋਂ ਹੀ ਪਤਾ ਚੱਲ ਸਕਦਾ ਹੈ। ਅੱਜ ਸਾਰੇ ਹੀ ਲੀਡਰ ਉਸ ਰਾਹ 'ਤੇ ਚੱਲ ਪਏ ਹਨ।

ਆਜ਼ਾਦੀ ਕਦੀ ਦਾਨ ਵਿਚ ਨਹੀਂ ਮਿਲਦੀ ਹੁੰਦੀ, ਲਿਆਂ ਮਿਲਦੀ ਹੈ। ਤਾਕਤ ਨਾਲ ਹਾਸਲ ਕੀਤੀ ਜਾਂਦੀ ਹੈ। ਜਿੱਦਣ ਤਾਕਤ ਸੀ, ਓਦਣ ਲਾਰਡ ਰੀਡਿੰਗ ਗੋਲਮੇਜ਼ ਕਾਨਫਰੰਸ ਹੋਈ ਮਹਾਤਮਾ ਗਾਂਧੀ ਦੇ ਮਗਰ-ਮਗਰ ਪਿਆ ਫਿਰਦਾ ਸੀ ਤੇ ਜਦੋਂ ਲਹਿਰ ਦੱਬ ਗਈ, ਫਿਰ ਵਾਰ-ਵਾਰ ਦਾਸ ਤੇ ਨਹਿਰੂ ਜ਼ੋਰ ਲਾ ਰਹੇ ਕਿਸੇ ਗੋਲਮੇਜ਼ ਛੱਡ ਸਟੂਲ ਕਾਨਫਰੰਸ ਭੀ ਨਾ ਮੰਨੀ। ਇਸ ਕਰਕੇ ਆਪਣਾ ਅਤੇ ਮੁਲਕ ਦਾ ਵਿਹਲਾ ਵਕਤ ਜ਼ਾਇਆ ਕਰਨ ਨਾਲੋਂ ਮੈਦਾਨ ਵਿਚ ਨਿਕਲ ਕੇ ਮੁਲਕ ਨੂੰ ਆਜ਼ਾਦੀ ਦੀ ਜੰਗ ਵਾਸਤੇ ਤਿਆਰ ਕਰਨਾ ਚਾਹੀਦਾ ਹੈ। ਨਹੀਂ ਤਾਂ ਮੂੰਹ ਧੋ ਰੱਖਣ ਸਾਰੇ ਜਣੇ। ਆਉਣ ਡਿਹਾ ਹੈ ਸਵਰਾਜ ਦਾ ਪਾਰਸਲ।

ਨੌਜਵਾਨਾਂ ਨੂੰ ਇਨ੍ਹਾਂ ਵਹਿਮਾਂ ਤੋਂ ਬਚ ਕੇ ਚੁੱਪ-ਚਾਪ ਆਪਣਾ ਕੰਮ ਕਰੀ ਜਾਣਾ ਚਾਹੀਦਾ ਹੈ।

* * *

## 47. ਬਾਰਦੋਲੀ ਸੱਤਿਆਗ੍ਰਹਿ

*—ਸਤੰਬਰ, 1928-ਕਿਰਤੀ*

ਅਸੀਂ ਪਹਿਲੇ ਵੀ ਪਾਠਕਾਂ ਦੀ ਸੇਵਾ ਵਿਚ ਬਾਰਦੋਲੀ ਦੇ ਬਹਾਦਰ ਕਿਸਾਨਾਂ ਦੇ ਹਾਲਾਤ ਰੱਖਦੇ ਰਹੇ ਹਾਂ। ਉਨ੍ਹਾ ਸੱਤਿਆਗ੍ਰਹਿ ਸ਼ੁਰੂ ਕੀਤਾ ਸੀ ਕਿਉਂਕਿ ਉਨ੍ਹਾਂ ਦਾ 'ਬੰਦੋਬਸਤ' ਕਰਕੇ ਮਾਮਲਾ ਜਾਂ ਲਗਾਨ ਹੋਰ ਵਧਾ ਦਿੱਤਾ ਗਿਆ ਹੈ। ਉਨ੍ਹਾਂ ਲਗਾਨ ਦੇਣੋਂ ਹੀ ਨਾਂਹ ਕਰ ਦਿੱਤੀ ਸੀ। ਬੜਾ ਝਗੜਾ ਵਧਿਆ। ਆਖ਼ਰ ਸਮਝੌਤਾ ਹੋ ਗਿਆ। ਫ਼ੈਸਲਾ ਇਹ ਹੋਇਆ ਕਿ ਇਕ ਆਦਮੀ ਨੇ ਆਪਣੇ ਕੋਲੋਂ ਵਧਿਆ ਹੋਇਆ ਲਗਾਨ ਜਮ੍ਹਾਂ ਕਰਵਾ ਦਿੱਤਾ ਹੈ। ਤੇ ਇਕ ਕਮੇਟੀ ਤਹਿਕੀਕਾਤ ਕਰੇਗੀ ਕਿ ਲਗਾਨ ਵਧਾਉਣ-ਠੀਕ ਸੀ ਜਾਂ ਨਹੀਂ। ਤੇ ਜੋ ਉਹ ਫ਼ੈਸਲਾ ਕਰੇਗੀ,



Sri Satguru Jagjit Singh Ji Elibrary NamdhariElibrary@gmail.com

ਉਹ ਦੋਨਾਂ ਤਰਫਾਂ ਨੂੰ ਮਨਜ਼ੂਰ ਕਰਨਾ ਪਵੇਗਾ। ਤੇ ਜੇ ਉਹ ਕਮੇਟੀ ਫ਼ੈਸਲਾ ਕਰ ਦੇਵੇ ਕਿ ਲਗਾਨ ਵਧ ਜਾਵੇ ਤਾਂ ਕੋਈ ਡਰ ਨਹੀਂ ਤਾਂ ਫੇਰ ਕੀ ਬਣੂ? ਵਿਚਾਰੇ ਕਿਸਾਨ ਤੇ ਪਹਿਲਾਂ ਹੀ ਐਡੇ ਕਮਜ਼ੋਰ ਅਤੇ ਗ਼ਰੀਬ ਹਨ ਕਿ ਉਹ ਇਕ ਪੈਸਾ ਵੀ ਵੱਧ ਨਹੀਂ ਦੇ ਸਕਦੇ। ਫਿਰ ਇਹ ਤਾਂ ਗੱਲ ਕੁਝ ਨਾ ਬਣੀ। ਪਰ ਅਸੀਂ ਦੇਖਦੇ ਹਾਂ ਕਿ ਇਹ ਸੱਤਿਆਗ੍ਰਹਿ ਸਰਕਾਰ ਨਾਲ ਜੰਗ ਦੇ ਖ਼ਿਆਲ ਨਾਲ ਨਹੀਂ ਸੀ ਸ਼ੁਰੂ ਕੀਤਾ ਗਿਆ ਬਲਕਿ ਕੇਵਲ ਇਕ ਸ਼ਿਕਾਇਤ ਦੂਰ ਕਰਨ ਵਾਸਤੇ ਸੀ। ਲੀਡਰਾਂ ਇਹ ਮੰਨਿਆ ਵੀ ਹੈ ਪਰ ਸਮਝ ਨਹੀਂ ਆਉਂਦੀ ਕਿ ਇਕ-ਇਕ ਸ਼ਿਕਾਇਤ ਲਈ ਲੜਨ-ਝਗੜਨ ਨਾਲੋਂ ਮੂਲ ਜਾਂ ਜੜ੍ਹ ਦਾ ਕਿਉਂ ਨਹੀਂ ਇਲਾਜ ਕੀਤਾ ਜਾਂਦਾ? ਅਸਲ ਵਿਚ ਤੇ 'ਜ਼ਿੰਮੇਵਾਰ ਲੀਡਰ' ਤੇ ਜ਼ਿੰਮੇਵਾਰੀ ਤੋਂ ਡਰਦੇ ਰਹਿੰਦੇ ਹਨ ਅਤੇ ਝੱਟ-ਪੱਟ ਸਮਝੌਤਾ ਕਰਨ ਲਈ ਉਤਰ ਪੈਂਦੇ ਹਨ। ਤੇ ਮੰਨੀਂ ਗੱਲ ਹਮੇਸ਼ਾ ਤਾਕਤਵਰ ਦੇ ਫ਼ਾਇਦੇ ਵਾਸਤੇ ਹੁੰਦੀ ਹੈ।

ਅਸੀਂ ਸਮਝਦੇ ਹਾਂ ਕਿ ਜਦੋਂ ਤੀਕ ਜੁੱਗ-ਪਲਟਾਊ ਸਿਪਿਰਟ ਨਾਲ ਲੀਡਰ ਇਹੋ ਜਿਹੀ ਇਨਕਲਾਬੀ ਜੰਗ ਨੂੰ ਨਾ ਛੇੜਣਗੇ ਤਦੋਂ ਤੀਕ ਆਜ਼ਾਦੀ ਆਜ਼ਾਦੀ ਕੂਕਨਾ ਦੂਰ ਦੀ ਗੱਲ ਹੈ।

* * *

## 48. ਦਿਲਚਸਪ ਅਤੇ ਲਾਭਦਾਇਕ ਪੁਸਤਕਾਂ !

*—ਸਤੰਬਰ, 1928-ਕਿਰਤੀ*

[ਨੌਜਵਾਨਾਂ ਨੂੰ ਪੜ੍ਹਨ ਲਈ ਅਜਿਹੀਆਂ ਕਿਤਾਬਾਂ ਸੁਝਾਈਆਂ ਜਾਂਦੀਆਂ ਹਨ—ਸੰਪਾਦਕ]

1. ਹਿੰਦੁਸਤਾਨ ਅਤੇ ਆਉਣ ਵਾਲਾ ਜੰਗ (ਅੰਗਰੇਜ਼ੀ ਵਿਚ) ਲੇਖਕ ਮਿਸ ਐਗਨਸ ਸਮੈਡਲੀ, ਬਰਲਨ, ਜਰਮਨੀ। •)

2. ਏ ਕਾਲ ਟੂ ਐਕਸ਼ਨ (A Call to action) (ਅੰਗਰੇਜ਼ੀ ਵਿਚ) ਇਸ ਵਿਚ ਮੌਜੂਦਾ ਹਾਲਾਤ ਕੋ ਇਕਤਸਾਦੀ ਨੁਕਤਾ ਨਿਗ੍ਹਾ ਸੇ ਬਿਆਨ ਕੀਆ ਗਿਆ ਹੈ ਤੇ ਸਾਬਤ ਕੀਤਾ ਗਿਆ ਹੈ ਕਿ ਮੌਜੂਦਾ ਲੀਡਰ ਮੁਲਕ ਕੋ ਨਿਜਾਤ ਨਹੀਂ ਪੁਜਾ ਸਕਦੇ। (ਕੀਮਤ ।।)

3. ਨੌਜਵਾਨੋਂ ਸੇ ਦੋ-ਦੋ ਬਾਤੇਂ (ਉਰਦੂ) ਲੇਖਕ ਬਾਈ ਛਬੀਲ ਦਾਸ ਬੀ.ਏ. ਆਨਰਜ਼-)

4. ਬੰਦੀ ਜੀਵਨ ਦੋਨੋਂ ਹਿੱਸੇ (ਪੰਜਾਬੀ) ਕੀਮਤ 2)

(ਪੰਜਾਬ ਅਤੇ ਬੰਗਾਲ ਦੀ 1914-15 ਦੀ
ਗ਼ਦਰ ਲਹਿਰ ਦੇ ਮੁਕੰਮਲ ਤੇ ਦਿਲਚਸਪ ਹਾਲਾਤ)

5. ਸ਼ਹੀਦਾਂ ਦੇ ਦਰਸ਼ਨ (ਪੰਜਾਬੀ) ਕੀਮਤ 1)

ਬੜਾ ਦਿਲਚਸਪ ਨਾਵਲ ਦੇ ਢੰਗ ਦਾ ਪੋਲੀਟੀਕਲ ਟ੍ਰੈਕਟ ਹੈ।

*"ਮੈਨੇਜਰ ਕਿਰਤੀ ਅੰਮ੍ਰਿਤਸਰ"*

* * *

## 49. ਆਰਮਜ਼ ਐਕਟ ਮਨਸੂਖ ਕਰਵਾਓ ?

—ਅਕਤੂਬਰ, 1928-ਕਿਰਤੀ

[ਕਾਨੂੰਨ, ਜੋ ਅੰਗਰੇਜ਼ਾਂ ਨੇ 1857 ਦੀ ਜੰਗੇ-ਆਜ਼ਾਦੀ ਦੇ ਬਾਅਦ ਭਾਰਤ ਨੂੰ ਪੂਰੀ ਤਰ੍ਹਾਂ ਜਕੜਨ ਲਈ ਬਣਾਏ ਸਨ, ਉਨ੍ਹਾਂ 'ਤੇ ਇਹ ਲੇਖ ਅਕਤੂਬਰ 1928 ਦੇ 'ਕਿਰਤੀ' 'ਚ ਛਪਿਆ ਸੀ। ਪਾਠਕਾਂ ਲਈ ਕਾਫੀ ਦਿਲਚਸਪ ਵਿਚਾਰ ਪੇਸ਼ ਕਰੇਗਾ। —ਸੰਪਾਦਕ]



Sri Satguru Jagjit Singh Ji Elibrary NamdhariElibrary@gmail.com

ਜੋ ਲੋਕ ਕਿਸੇ ਕੌਮ 'ਤੇ ਕਿਸੇ ਤਰ੍ਹਾਂ ਕਬਜ਼ਾ ਜਮਾ ਲੈਂਦੇ ਹਨ, ਉਨ੍ਹਾਂ ਦੀ ਸਦਾ ਹੀ ਇਹੋ ਹੀ ਮਰਜ਼ੀ ਰਹਿੰਦੀ ਹੈ ਕਿ ਉਹ ਕੌਮ ਸਦਾ ਹੀ ਉਨ੍ਹਾਂ ਦੇ ਪੰਜੇ ਵਿਚ ਫਸੀ ਰਹੇ ਅਤੇ ਉਹ ਉਸ ਦਾ ਖ਼ੂਨ ਨਿਚੋੜ-ਨਿਚੋੜ ਕੇ ਮੋਟੇ ਹੁੰਦੇ ਤੇ ਮੌਜਾਂ ਮਾਣਦੇ ਰਹਿਣ। ਇਸੇ ਵਾਸਤੇ ਉਹ ਲਗਾਤਾਰ ਕੋਸ਼ਿਸ਼ ਕਰਦੇ ਰਹਿੰਦੇ ਹਨ। ਉਹ ਚਾਹੁੰਦੇ ਹਨ ਕਿ ਉਸ ਕੌਮ ਦਾ ਕੋਈ ਸਾਹਿਤ ਤੇ ਭਾਸ਼ਾ ਜਾਂ ਜ਼ਬਾਨ ਨਾ ਰਹੇ, ਉਸ ਕੌਮ ਦਾ ਕੋਈ ਇਤਿਹਾਸ ਤੇ ਆਪੋ ਵਿਚ ਇਤਫ਼ਾਕ ਨਾ ਰਹੇ; ਮਰਦਾਨਗੀ ਅਤੇ ਬਹਾਦਰੀ ਦਾ ਨਿਸ਼ਾਨ ਤਕ ਮਿਟਾ ਦਿੱਤਾ ਜਾਵੇ। ਇਸੇ ਤਰ੍ਹਾਂ ਲਗਾਤਾਰ ਉਸ ਕੌਮ ਨੂੰ ਦਬਾਇਆ ਜਾਂਦਾ ਹੈ।

ਅੱਜ ਅਸੀਂ ਗ਼ੁਲਾਮ ਹਾਂ। ਸਾਡੇ 'ਤੇ ਹਕੂਮਤ ਕਰਨ ਵਾਲੀ ਕੌਮ ਦੁਨੀਆ ਭਰ ਦੀਆਂ ਕੌਮਾਂ ਵਿਚੋਂ ਜ਼ਿਆਦਾ ਚਾਲਾਕ, ਸ਼ਹਿਨਸ਼ਾਹੀਅਤ ਦੇ ਮਾਮਲੇ ਵਿਚ ਜ਼ਿਆਦਾ ਲਾਇਕ ਅਤੇ ਸਮਝਦਾਰ ਹੈ। ਉਨ੍ਹਾਂ ਨੇ ਅਹਿਸਤਾ-ਅਹਿਸਤਾ ਹਿੰਦੁਸਤਾਨ ਨੂੰ ਕਮਜ਼ੋਰ ਕਰਨ ਦੀ ਕੋਸਿਸ਼ ਕੀਤੀ। ਗ਼ਲਤੀਆਂ ਉਨ੍ਹਾਂ ਕੋਲੋਂ ਵੀ ਹੋਈਆਂ। ਉਨ੍ਹਾਂ ਦੀਆਂ ਗ਼ਲਤੀਆਂ ਦਾ ਹੀ ਨਤੀਜਾ 1857 ਦੀ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ, ਜਿਸ ਨੂੰ ਕਿ ਗ਼ਦਰ ਕਿਹਾ ਜਾਂਦਾ ਹੈ, ਏਡਾ ਜ਼ੋਰ ਪਕੜ ਸਕੀ। ਪਰ ਉਹ ਆਪਣੀਆਂ ਗ਼ਲਤੀਆਂ ਕੋਲੋਂ ਸਬਕ ਸਿੱਖਦੇ ਰਹੇ। ਇਸ ਕਰਕੇ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਫਿਰ ਕਿਸੇ ਤਹਿਰੀਕ ਨੂੰ ਜ਼ੋਰ ਪਕੜਨ ਨਹੀਂ ਦਿੱਤਾ।

ਖ਼ੈਰ ! ਉਸ ਵੇਲੇ ਤੋਂ ਉਨ੍ਹਾਂ ਇਕ ਖਾਸ ਪਾਲਿਸੀ, ਜਿਸ ਨਾਲ ਉਹ ਦਿਨੋ-ਦਿਨ ਹਿੰਦੁਸਤਾਨ ਨੂੰ ਕਮਜ਼ੋਰ ਤੋਂ ਬਹੁਤ ਕਮਜ਼ੋਰ ਕਰਦੇ ਚਲੇ ਗਏ, ਅਖ਼ਤਿਆਰ ਕਰ ਲਈ। ਜਿਨ੍ਹਾਂ ਵਿਚੋਂ ਅੱਜ ਅਸੀਂ ਇਕ ਗੱਲ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ ਤੇ ਉਹ ਹੈ ਉਨ੍ਹਾਂ ਦਾ ਹਿੰਦੁਸਤਾਨੀਆ ਕੋਲੋਂ ਹਥਿਆਰ ਖੋਹਣ ਦਾ ਕੰਮ। 1857 ਦੇ ਗ਼ਦਰ ਜਾਂ ਆਜ਼ਾਦੀ ਦੀ ਜੰਗ ਵਿਚ ਆਮ ਲੋਕਾਂ ਪਾਸ ਹਥਿਆਰ ਸਨ। ਇਸੇ ਕਰਕੇ ਬੜਾ ਊਧਮ ਮਚਿਆ। ਹਿੰਦੁਸਤਾਨੀ ਬਹਾਦਰਾਂ ਨੇ ਇਕ ਵੇਰੀ ਤਰਥੱਲੀਆਂ ਪਾ ਦਿੱਤੀਆਂ। ਪਰ ਹਿੰਦੁਸਤਾਨ ਦੀ ਕਿਸਮਤ ਅਤੇ ਪੰਜਾਬ ਦੇ ਮੰਦੇ ਭਾਗ ! ਪੰਜਾਬੀਆਂ ਕਲੰਕ ਦਾ ਟਿੱਕਾ ਮੱਥੇ 'ਤੇ ਲੁਆ ਲਿਆ ! ਆਜ਼ਾਦੀ ਦੀ ਲਹਿਰ ਨੂੰ ਪੀਹ ਸੁੱਟਿਆ। ਖ਼ੈਰ ! ਅੰਗਰੇਜ਼ਾਂ ਸੋਚਿਆ, ਆਖ਼ਰ ਇਹ ਗ਼ੈਰ ਮੁਲਕ ਹੈ। ਜਦ ਫਿਰ ਮੌਕਾ ਮਿਲਿਆ, ਉਦੋਂ ਹੀ ਹਿੰਦੁਸਤਾਨੀ ਮੁੜ ਬਗਾਵਤ ਖੜ੍ਹੀ ਕਰ ਦੇਣਗੇ। ਇਸ ਕਰਕੇ ਇਨ੍ਹਾਂ ਦਾ ਇਕ ਵਾਰੀ ਪੱਕਾ ਇਲਾਜ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਇਕ ਮਾਮੂਲੀ ਜਿਹਾ ਕਾਨੂੰਨ ਬਣਾਇਆ। ਉਸ ਦੇ ਮੁਤਾਬਕ ਉਨ੍ਹਾਂ ਖਾਸ-ਖਾਸ ਜਿਲਿਆਂ ਤੇ ਇਲਾਕਿਆਂ ਨੂੰ ਨਿਹੱਥੇ ਕਰ ਦਿੱਤਾ। ਫਿਰ 17 ਜੁਲਾਈ, 1860 ਨੂੰ ਇਕ ਬਾਕਾਇਦਾ 'ਕਾਨੂੰਨੇ-ਅਸਲਹ' ਜਾਂ ਆਰਮਜ਼ ਐਕਟ, ਜੋ ਕਿ ਕੌਂਸਲ ਵਿਚ ਪਾਸ ਹੋਇਆ ਸੀ, ਵਾਇਸਰਾਏ ਨੇ ਮਨਜ਼ੂਰ ਕੀਤਾ। ਇਸ 'ਤੇ 1 ਅਕਤੂਬਰ, 1860 ਤੋਂ ਅਮਲ ਸ਼ੁਰੂ ਹੋਇਆ ਪਰ ਉਸ ਦੇ ਮੁਤਾਬਕ ਵੀ ਸਿਵਾਏ ਖਾਸ-ਖਾਸ ਇਲਾਕਿਆਂ ਦੇ, ਜਿਥੇ ਕਿ ਉਹ ਖਾਸ ਬਦਅਮਨੀ ਦੇ ਨਿਸ਼ਾਨ ਦੇਖਦੇ ਸਨ, ਬਾਕੀ ਮੁਲਕ ਵਿਚ ਹਥਿਆਰਾਂ ਦੀ ਕੋਈ ਮਨਾਹੀ ਨਹੀ ਸੀ ਅਤੇ ਉਦੋਂ ਤੋਂ ਬਹੁਤਾ ਜ਼ੋਰ ਇਸ ਗੱਲ 'ਤੇ ਦਿੱਤਾ ਜਾਂਦਾ ਸੀ ਕਿ ਆਮ ਲੋਕੀਂ ਬਿਨਾਂ ਲਾਇਸੈਂਸ ਤੋਪਾਂ ਨਾ ਰੱਖ ਸਕਣ। ਕੁਝ-ਕੁਝ ਆਮ ਹਥਿਆਰਾਂ ਲਈ ਵੀ ਮਨਾਹੀ ਸ਼ੁਰੂ ਹੋ ਗਈ ਸੀ। ਮੁੜ 1878 ਵਿਚ ਉਹ ਸਖਤ ਕਾਨੂੰਨ ਪਾਸ ਹੋਇਆ ਜੋ ਕਿ 1891, 1919-20 ਦੀਆਂ ਥੋੜ੍ਹੀਆਂ-ਥੋੜ੍ਹੀਆ ਤਰਮੀਮਾਂ ਬਾਅਦ ਹੁਣ ਤੀਕ ਚੱਲ ਰਿਹਾ ਹੈ।

ਆਮ ਲੋਕਾਂ ਨੂੰ ਇਸ ਮਾਮਲੇ 'ਤੇ ਬੜੀ ਤਸ਼ਵੀਸ਼ ਪੈਦਾ ਹੋਈ। ਇਸੇ ਖ਼ਿਆਲ ਨਾਲ ਕਿ ਉਹ ਘਬਰਾ ਕੇ ਕੋਈ ਹੋਰ ਕਾਰਵਾਈ ਨਾ ਕਰ ਬਹਿਣ। ਉਨ੍ਹਾਂ ਨੂੰ ਕਾਨੂੰਨੀ ਚਾਰਾਜੋਈ (Constitutional Agitation) ਸਿਖਾਲਣ ਵਾਸਤੇ ਕਾਂਗਰਸ ਦੀ ਬੁਨਿਆਦ ਧਰੀ ਗਈ। ਇਹ ਗੱਲ ਤਾਂ ਮੰਨੀ ਹੋਈ ਹੈ ਕਿ ਉਸ ਵਕਤ ਦੇ ਗਵਰਨਰ ਜਨਰਲ ਜਾਂ ਵਾਇਸਰਾਏ ਲਾਰਡ ਰਿਪਨ



Sri Satguru Jagjit Singh Ji Elibrary NamdhariElibrary@gmail.com

ਅਤੇ ਬਾਅਦ ਵਿਚ ਲਾਰਡ ਡਫਰਿਨ (Lord Dufferin) ਦੇ ਕਹੇ ਅਨੁਸਾਰ ਹੀ ਮਿ: ਹਊਮ ਨੇ ਕਾਂਗਰਸ ਦੀ ਨੀਂਹ ਧਰੀ ਸੀ ਅਤੇ ਸਾਰੇ ਲੋਕਾਂ ਨੂੰ ਉਸੇ ਦੁਆਲੇ ਇਕੱਠਿਆਂ ਕੀਤਾ ਸੀ। ਉਸ ਵਿਚ ਆਰਮਜ਼ ਐਕਟ 'ਤੇ ਆਮ ਤੌਰ 'ਤੇ ਬਹਿਸ ਕੀਤੀ ਜਾਂਦੀ ਰਹੀ। ਚੌਥੇ ਇਜਲਾਸ ਵਿਚ, ਜੋ ਕਿ 1888 ਵਿਚ ਇਲਾਹਾਬਾਦ ਹੋਇਆ ਸੀ, ਇਹ ਰੈਜ਼ੂਲੇਸ਼ਨ ਪੇਸ਼ ਅਤੇ ਪਾਸ ਹੋਇਆ ਸੀ :

"That in View of loyalty of the people, the hardship which the presents Arms Act. (XI of 1878) causes, and the unmerited slur which it casts upon the people of the country, the government be moved so to modify the provisions of Chapter IV, and if necessary, other portion of the Act, as shall enable all persons to possess and wear arms, unless debarred there from....by the Govt. of India."

ਯਾਨੀ ਲੋਕਾਂ ਦੀ ਵਫ਼ਾਦਾਰੀ ਅਤੇ ਆਰਮਜ਼ ਐਕਟ ਦੀਆਂ ਤਕਲੀਫ਼ਾਂ ਦੇਖਦੇ ਹੋਏ ਇਹ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਸਰਕਾਰ ਨੂੰ ਮਨਾਇਆ ਜਾਣਾ ਕਿ ਉਹ ਉਸ ਕਾਨੂੰਨ ਨੂੰ ਕੁਝ ਐਸਾ ਬਣਾ ਦੇਵੇ, ਜਿਸ ਨਾਲ ਸਿਵਾਏ ਉਨ੍ਹਾਂ ਦੇ, ਜਿਨ੍ਹਾਂ ਨੂੰ ਕਿ ਸਰਕਾਰ ਖ਼ਾਸ ਤੌਰ 'ਤੇ ਮਨ੍ਹਾਂ ਕਰ ਦੇਵੇ, ਹਰੇਕ ਆਦਮੀ ਨੂੰ ਹਥਿਆਰ ਰੱਖਣ ਦੀ ਇਜਾਜ਼ਤ ਹੋਵੇ।

ਇਸ ਰੈਜ਼ੂਲੇਸ਼ਨ ਨੂੰ ਪੇਸ਼ ਕਰਦਿਆਂ ਹੋਇਆਂ ਵੱਡੇ ਮਾਡਰੇਟ ਲੀਡਰ ਸਰ ਫ਼ਿਰੋਜ਼ ਸ਼ਾਹ ਮਹਿਤਾ ਨੇ ਇਕ ਬੜੇ ਮਾਅਰਕੇ ਦਾ ਲੈਕਚਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਐਵੀਂ ਜੋਸ਼ ਵਿਚ ਆ ਕੇ ਹੀ ਮੈਂ ਇਸ ਪ੍ਰਸਤਾਵ ਦੀ ਤਾਈਦ ਕਰਨ ਲਈ ਨਹੀਂ ਖੜੋ ਗਿਆ। ਮੈਂ ਤਾਂ ਇਹ ਕਹਿੰਦਾ ਹਾਂ ਕਿ ਤੁਸੀਂ ਸਾਰੀ ਕੌਮ ਨੂੰ ਨਾਮਰਦ ਨਾ ਬਣਾਓ। ਤੁਸੀਂ ਕਹਿੰਦੇ ਹੋ ਕਿ ਐਸਾ ਵਕਤ ਜਲਦੀ ਆਵੇਗਾ, ਜਦ ਕਿ ਆਰਮਜ਼ ਐਕਟ ਹਟਾ ਦਿੱਤਾ ਜਾਵੇਗਾ। ਪਰ ਯਾਦ ਰੱਖੋ ਕਿ ਜੇ ਇਕ ਵਾਰੀ ਹਿੰਦੁਸਤਾਨੀ ਕੌਮ ਨਾਮਰਦ ਬਣਾ ਦਿੱਤੀ ਗਈ, ਫਿਰ ਉਸ ਦਾ ਸੰਭਲਣਾ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਨਾਲ ਹੀ ਇਕ ਆਦਮੀ ਦੀ ਮਿਸਾਲ ਸੁਣਾਈ, ਜਿਸ ਦੇ ਕਿ ਲੜਕੇ ਨੂੰ ਇਕ ਬਾਦਸ਼ਾਹ ਨੇ ਕਿਸੇ ਗੱਲ ਵਿਚ ਫ਼ਾਂਸੀ ਲਗਾ ਦਿੱਤੀ ਸੀ। ਇਕ ਵਾਰੀ ਬਾਦਸ਼ਾਹ ਉਸ ਕੋਲੋਂ ਮੱਦਦ ਮੰਗਣ ਗਿਆ ਤੇ ਉਸ ਕਿਹਾ ਕਿ ਮੇਰੇ ਪਾਸ ਇਕ ਲੜਕਾ ਸੀ, ਜਿਸ ਨੂੰ ਮੈਂ ਤੇਰੀ ਮੱਦਦ ਵਾਸਤੇ ਘੱਲ ਸਕਦਾ ਸਾਂ। ਹੁਣ ਉਹ ਪੁੱਤਰ ਹੈ ਨਹੀਂ। ਇਸ ਕਰਕੇ ਮੈਂ ਤੇਰੀ ਕੋਈ ਮੱਦਦ ਨਹੀਂ ਕਰ ਸਕਦਾ ਤੇ ਆਖ਼ਰ ਉਹ ਵਕਤ ਜਲਦੀ ਹੀ ਆਉਣ ਵਾਲਾ ਹੈ, ਜਦੋਂ ਅਸੀਂ ਵੀ ਅੰਗਰੇਜ਼ੀ ਸਰਕਾਰ ਨੂੰ ਇਹੋ ਜਵਾਬ ਦਿਆਂਗੇ। ਪਰ ਹਥਿਆਰਾਂ ਬਿਨਾਂ ਅਸੀਂ ਕਿਸ ਕੰਮ ਦੇ ਹਾਂ? ਤੇ ਸਾਡੀ ਕੀ ਤਾਕਤ ਅਤੇ ਵੁੱਕਤ ਹੋਵੇਗੀ?

ਖ਼ੈਰ ! ਹਿੰਦੁਸਤਾਨੀ ਪਹਿਲਾਂ ਤੋਂ ਹੀ ਮਹਿਸੂਸ ਜ਼ਰੂਰ ਕਰਦੇ ਰਹੇ ਹਨ। ਪਰ ਦਿਨੋ-ਦਿਨ ਸਖ਼ਤੀ ਵਧਦੀ ਹੀ ਚਲੀ ਗਈ। ਪਹਿਲਾਂ ਕਿਹਾ ਗਿਆ ਸੀ ਕਿ ਇਹ ਕਾਨੂੰਨ ਕੁਝ ਚਾਰ ਜਾਂ ਪੰਜ ਸਾਲਾਂ ਵਾਸਤੇ ਹੀ ਹੈ। ਬਾਅਦ ਵਿਚ ਉਹ ਐਸਾ ਪੱਕਾ ਹੋਇਆ ਕਿ ਹੁਣ ਇਹ ਲਾਅਨਤ ਦੂਰ ਹੋਣ ਵਿਚ ਹੀ ਨਹੀਂ ਆਉਂਦੀ। ਇਕ ਵਾਰੀ ਤਰਮੀਮ ਪੇਸ਼ ਹੋਈ ਕਿ ਜਿਸ ਤਰ੍ਹਾਂ ਅੰਗਰੇਜ਼ਾਂ ਐਂਗਲੋਇੰਡੀਅਨਾਂ ਅਤੇ ਐਸੇ ਹੋਰ ਲੋਕਾਂ ਨੂੰ ਲਾਇਸੈਂਸ ਦੀ ਲੋੜ ਨਹੀਂ ਪੈਂਦੀ, ਉਸੇ ਤਰ੍ਹਾਂ ਆਮ ਹਿੰਦੁਸਤਾਨੀਆਂ ਨੂੰ ਵੀ ਖੁੱਲ੍ਹ ਹੋਣੀ ਚਾਹੀਦੀ ਹੈ। ਇਸ ਵਿਚ ਸਾਡੀ ਹੱਤਕ ਹੁੰਦੀ ਹੈ। ਮਗਰ ਹੱਤਕ ਦਾ ਇਲਾਜ ਅੰਗਰੇਜ਼ਾਂ ਦੱਸਿਆ ਕਿ ਚਲੋ ਲਾਇਸੈਂਸ ਸਭਨਾਂ ਵਾਸਤੇ ਜ਼ਰੂਰੀ ਕਰ ਦਿੰਦੇ ਹਾਂ। ਅੰਗਰੇਜ਼ ਵੀ ਲਾਇਸੈਂਸ ਲੈਣ। ਹਿੰਦੁਸਤਾਨੀਆਂ ਨੂੰ ਖੁੱਲ੍ਹ ਨਹੀਂ ਦੇ ਸਕਦੇ। ਲੋਕੀਂ ਜਾਣਦੇ ਹੀ ਹਨ ਕਿ ਅੰਗਰੇਜ਼ਾਂ ਨੂੰ ਲਾਇਸੈਂਸ ਲੈਣ ਵਿਚ ਕਿੰਨੀ ਕੁ ਖੇਚਲ ਕਰਨੀ ਪੈਂਦੀ ਹੈ ਤੇ



Sri Satguru Jagjit Singh Ji Elibrary NamdhariElibrary@gmail.com

ਹਿੰਦੁਸਤਾਨੀਆਂ ਦੀ ਕੀ ਗੱਤ ਬਣਦੀ ਹੈ। ਖ਼ੈਰ ! ਮਤਲਬ ਤਾਂ ਇਹ ਹੈ ਕਿ ਸਰਕਾਰ ਅੰਗਰੇਜ਼ੀ, ਜੋ ਕਿ ਜਾਣਦੀ ਹੈ ਕਿ ਉਸ ਦਾ ਕਬਜ਼ਾ ਹਿੰਦੁਸਤਾਨ 'ਤੇ ਸਰਾਸਰ ਨਾਜਾਇਜ਼ ਅਤੇ ਗ਼ੈਰ ਮੁਨਸਿਫ਼ਾਨਾ ਹੈ। ਉਹ ਕਿਸੇ ਸੂਰਤ ਵਿਚ ਵੀ ਹਿੰਦੁਸਤਾਨੀਆਂ ਨੂੰ ਹਥਿਆਰ ਰੱਖਣ ਦੀ ਇਜਾਜ਼ਤ ਨਹੀਂ ਦੇ ਸਕਦੀ। ਮਗਰ ਮੁਲਕ ਵਾਸਤੇ ਇਹੋ ਜਿਹੇ ਕਾਨੂੰਨ ਹੱਦ ਦਰਜੇ ਦੇ ਨੁਕਸਾਨ-ਦੇਹ ਹੁੰਦੇ ਹਨ। ਲੋਕਾਂ ਵਿਚ ਨਾਮਰਦੀ, ਬੁਜ਼ਦਿਲੀ, ਕਮਜ਼ੋਰੀ ਇਨੀ ਜ਼ਿਆਦਾ ਆ ਗਈ ਹੈ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ। ਅੱਜ ਅਸੀਂ ਦੇਖਦੇ ਹਾਂ ਕਿ ਜਿਥੇ ਕੌਮਾਂ ਯੁੱਧ ਵਿੱਦਿਆ ਆਮ ਸਿਖਾਲ ਕੇ ਕੌਮ ਨੂੰ ਇਕ ਤਰ੍ਹਾਂ ਦੀ ਤਿਆਰ-ਬਰ-ਤਿਆਰ ਫ਼ੌਜ ਬਣਾ ਕੇ (Nation in Arms) ਮੁਲਕ ਨੂੰ ਜ਼ਿਆਦਾ ਮਹਿਫ਼ੂਜ਼ ਅਤੇ ਫ਼ੌਜੀ ਖ਼ਰਚ ਨੂੰ ਹੱਦੋਂ ਘਟਾ ਦਿੰਦੇ ਹਨ, ਉਥੇ ਸਾਡੀ ਇਹ ਹਾਲਤ ਹੈ ਕਿ ਹਿੰਦੁਸਤਾਨ ਵਿਚ 99 ਫੀਸਦੀ ਤੋਂ ਵੱਧ ਲੋਕੀਂ ਕਦੀ ਪਿਸਤੌਲ ਅਤੇ ਬੰਦੂਕ ਦੀ ਸ਼ਕਲ ਵੀ ਨਹੀਂ ਦੇਖ ਸਕਦੇ। ਫਿਰ ਕਿਹਾ ਜਾਂਦਾ ਹੈ ਕਿ ਹਿੰਦੁਸਤਾਨ ਵਿਚੋਂ ਕੋਈ ਅੱਛੇ ਜਨਰਲ (Military Geniuis) ਪੈਦਾ ਨਹੀਂ ਹੋ ਰਹੇ।

ਕਿਹਾ ਜਾਂਦਾ ਹੈ ਕਿ ਹਿੰਦ ਵਿਚ ਅਮਨ ਕਾਇਮ ਰੱਖਣ ਲਈ, ਜੁਰਾਇਮ ਘਟਾਉਣ ਲਈ ਹੀ ਲੋਕਾਂ ਨੂੰ ਨਿਹੱਥੇ ਰੱਖਿਆ ਜਾਂਦਾ ਹੈ। ਪਰ ਅਸੀਂ ਦੇਖਦੇ ਹਾਂ ਕਿ ਚੋਰ ਅਤੇ ਡਾਕੂ ਤੇ ਜਿਵੇਂ ਕਿਵੇਂ ਵੀ ਹੁੰਦਾ ਹੈ, ਹਥਿਆਰ ਹਾਸਲ ਕਰ ਹੀ ਲੈਂਦੇ ਹਨ, ਪਰ ਭਲੇ ਮਾਣਸ ਲੋਕੀਂ ਆਪਣੀ ਹਿਫ਼ਾਜ਼ਤ ਲਈ ਕਿਧਰੋਂ ਵੀ ਹਥਿਆਰ ਹਾਸਲ ਨਹੀਂ ਕਰ ਸਕਦੇ। ਕਿੰਨੀ ਸਖ਼ਤ ਤਕਲੀਫ਼ ਇਸ ਗੱਲ ਨਾਲ ਹੁੰਦੀ ਹੈ, ਇਹ ਅੰਦਾਜ਼ਾ ਆਸਾਨੀ ਨਾਲ ਹੀ ਲੱਗ ਸਕਦਾ ਹੈ।

ਜਦੋਂ ਵੀ ਫ਼ੌਜੀ ਤਾਲੀਮ ਦਾ ਸਵਾਲ ਉੱਠਦਾ ਹੈ, ਉਦੋਂ ਹੀ ਸਰਕਾਰ ਆਏਂ-ਬਾਏਂ ਕਰਕੇ ਟਾਲਣਾ ਸ਼ੁਰੂ ਕਰ ਦਿੰਦੀ ਹੈ। ਕੀ ਇਹ ਸਾਨੂੰ ਸਾਫ਼ ਤੌਰ 'ਤੇ ਸਮਝ ਨਹੀਂ ਲੈਣਾ ਚਾਹੀਦਾ ਕਿ ਸਾਨੂੰ ਖ਼ਾਸ ਤੌਰ 'ਤੇ ਕਮਜ਼ੋਰ ਬਣਾ ਕੇ ਗ਼ੁਲਾਮ ਬਣਾਈ ਰੱਖਣ ਲਈ ਯਤਨ ਕੀਤਾ ਜਾਂਦਾ ਹੈ ? ਅਸੀਂ ਦੇਖਦੇ ਹਾਂ ਕਿ ਵਿਚਾਰੀਆਂ ਔਰਤਾਂ ਵੀ ਇਕੱਲਿਆਂ ਸਫ਼ਰ ਨਹੀਂ ਕਰ ਸਕਦੀਆਂ। ਕਿਉਂਕਿ ਉਨ੍ਹਾਂ ਪਾਸ ਆਪਣੀ ਰੱਖਿਆ ਦਾ ਵੀ ਪੂਰਾ ਸਾਮਾਨ ਮੌਜੂਦ ਨਹੀਂ। ਜੇਕਰ ਹਰੇਕ ਔਰਤ ਪਾਸ ਘੱਟ ਤੋਂ ਘੱਟ ਇਕ ਪਿਸਤੌਲ ਹੋਵੇ, ਤੇ ਉਹ ਵੀ ਬੇਫ਼ਿਕਰੀ ਨਾਲ ਘੁੰਮ ਸਕਣ ਅਤੇ ਆਰਾਮ ਨਾਲ ਜ਼ਿੰਦਗੀ ਲੰਘਾ ਸਕਣ।

ਅਤੇ ਜੇ ਜ਼ਰਾ ਗ਼ੌਰ ਨਾਲ ਦੇਖੀਏ ਤਾਂ ਮਾਲੂਮ ਹੋਵੇਗਾ ਕਿ ਇਸ ਖ਼ਿਆਲ ਨਾਲ ਕਿ ਸਾਨੂੰ ਆਪਣੀ ਰੱਖਿਆ ਵਾਸਤੇ ਪੁਲਿਸ ਦਾ ਮੂੰਹ ਦੇਖਣਾ ਚਾਹੀਦਾ ਹੈ। ਅਸੀਂ ਲੋਕੀਂ ਕਿਤਨੇ ਕਮਜ਼ੋਰ ਹੋ ਗਏ ਹਾਂ। ਇਸ ਤਰ੍ਹਾਂ ਸਾਡੇ ਵਿਚੋਂ ਇਨਸਾਨੀਅਤ ਜ਼ਾਇਲ ਕੀਤੀ ਜਾ ਰਹੀ ਹੈ। ਇਹੋ ਤਾਂ ਵਜ੍ਹਾ ਹੈ ਕਿ ਹਰੀ ਸਿੰਘ ਜੀ ਨਲਵਾ ਜਿਹੇ ਜਰਨੈਲ ਪੈਦਾ ਕਰ ਸਕਣ ਵਾਲੀ ਕੌਮ ਦੇ ਆਦਮੀਆਂ ਨੂੰ ਮਹਜ਼ ਆਜ਼ਾਦੀ ਤੋਂ ਡਰਾਉਣ ਲਈ ਸਰਹੱਦ ਦੇ ਪਠਾਣਾਂ ਦਾ ਭੂਤ ਦਿਖਾ ਕੇ ਥਰ-ਥਰ ਕੰਬਾ ਦਿੱਤਾ ਜਾਂਦਾ ਹੈ।

ਸਭ ਤੋਂ ਵੱਡੀ ਗੱਲ ਤਾਂ ਹੈ ਕਿ ਇਹ ਇਨਸਾਨੀਅਤ ਦੀ ਹੱਤਕ ਹੈ ਕਿ ਸਾਰੇ ਮੁਲਕ ਵਿਚੋਂ ਹਥਿਆਰ ਬੰਦ ਹੀ ਕਰ ਦਿੱਤੇ ਜਾਣ। ਜਿਥੇ ਆਪਣੀ ਫ਼ੌਜੀ ਤਾਕਤ ਨੂੰ ਅੰਗਰੇਜ਼ ਦਿਨੋ-ਦਿਨ ਵਧਾਈ ਚਲੇ ਜਾ ਰਹੇ ਹਨ, ਉਥੇ ਸਾਨੂੰ ਕਿਸ ਤਰ੍ਹਾਂ ਨਿਹੱਥੇ ਕਰ ਸੁੱਟਿਆ ਗਿਆ ਹੈ ਅਤੇ ਅੱਜ ਕੱਲ੍ਹ ਖ਼ਾਸ ਤੌਰ 'ਤੇ ਪੁਲਿਸ ਅਤੇ ਖੁਫ਼ੀਆ ਪੁਲਿਸ ਦੀ ਸਾਰੀ ਤਾਕਤ ਲੁਕੇ-ਛਿਪੇ ਹਥਿਆਰ ਖੋਜਣ ਵਿਚ ਅਤੇ ਅਗਾਂਹ ਉਨ੍ਹਾਂ ਦੀ ਆਮਦ ਬੰਦ ਕਰਨ ਵਿਚ ਖ਼ਰਚ ਹੋ ਰਹੀ ਹੈ। ਗੱਲ ਕੀ ਹੈ, ਰੌਲਟ ਰਿਪੋਰਟ ਵਿਚ ਸਾਫ਼ ਤੌਰ 'ਤੇ ਲਿਖਿਆ ਹੋਇਆ ਹੈ ਕਿ ਜੇ 1914-15 ਵਿਚ ਪੰਜਾਬ ਅਤੇ ਬੰਗਾਲ ਦੇ ਰਾਜ ਪਲਟਾਊ ਲੋਕਾਂ ਪਾਸ ਕਾਫ਼ੀ ਹਥਿਆਰ ਹੁੰਦੇ ਤਾਂ ਬੜਾ ਹਨ੍ਹੇਰ ਪੈ ਜਾਣਾ ਸੀ। ਇਹੋ ਗੱਲ ਬੰਦੀ ਜੀਵਨ ਵਿਚ ਲਿਖੀ ਗਈ ਹੈ। ਅੱਜ ਕੱਲ੍ਹ ਲੜਾਈ ਦੇ ਆਸਾਰ ਨਜ਼ਰ



Sri Satguru Jagjit Singh Ji Elibrary NamdhariElibrary@gmail.com

ਪਏ ਆਉਂਦੇ ਹਨ। ਲੜਾਈ ਵੀ ਉਹ ਸਾਹਮਣੇ ਸਰਹੱਦ 'ਤੇ। ਐਤਕਾਂ ਪਿਛਲੇ ਤਜਰਬੇ ਤੋਂ ਫ਼ਾਇਦਾ ਉਠਾਇਆ ਜਾ ਰਿਹਾ ਹੈ ਅਤੇ ਪਹਿਲਾਂ ਤੋਂ ਹੀ ਪੇਸ਼-ਬੰਦੀਆਂ ਕੀਤੀਆਂ ਜਾ ਰਹੀਆਂ ਹਨ।

ਪਰ ਅਸੀਂ ਆਪਣਾ ਕੌਮੀ ਹੱਕ ਅਤੇ ਇਨਸਾਨੀ ਹੱਕ ਸਮਝਦੇ ਹਾਂ ਕਿ ਅਸੀਂ ਵੀ ਹਥਿਆਰ ਰੱਖ ਸਕੀਏ। ਅਸੀਂ ਪਹਿਲਾਂ ਸ੍ਰੀ ਅਵਾਰੀ ਨਾਗਪੁਰ ਸ਼ਸਤਰ ਸੱਤਿਆਗ੍ਰਹਿ ਦਾ ਕੁਝ ਹਾਲ ਦੇ ਚੁੱਕੇ ਹਨ। ਲੋਕਾਂ ਵਿਚ ਇਸ ਦੇ ਵਿਰੁੱਧ ਖ਼ਿਆਲ ਤਾਂ ਪੈਦਾ ਹੋ ਰਿਹਾ ਹੈ। ਨੌਜਵਾਨ ਭਾਰਤ ਸਭਾ ਦੀ ਪ੍ਰਾਂਤਿਕ ਕਾਨਫਰੰਸ ਅੰਮ੍ਰਿਤਸਰ ਨੇ ਵੀ ਪਾਸ ਕੀਤਾ ਸੀ ਕਿ ਛੇਤੀ ਇਹ ਸੱਤਿਆਗ੍ਰਹਿ ਕਰਨਾ ਚਾਹੀਦਾ ਹੈ। ਨੌਜਵਾਨਾਂ ਦੀਆਂ ਤਹਿਰੀਕਾਂ ਨੂੰ ਤਾਂ ਖਾਸ ਤੌਰ 'ਤੇ ਇਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਵਜ੍ਹਾ ਇਹ ਹੈ ਕਿ ਨੌਜਵਾਨਾਂ ਦੇ ਦਿਲਾਂ ਵਿਚ ਕੁਦਰਤੀ ਜਜ਼ਬਾ ਪੈਦਾ ਹੋ ਜਾਂਦਾ ਹੈ ਕਿ ਉਹ ਵੀ ਹਥਿਆਰ ਰੱਖਣ। ਜੇਕਰ ਕੋਈ ਮਰ ਪਿੱਟ ਕੇ ਕੋਸ਼ਿਸ਼ ਕਰਕੇ ਇਕ-ਅੱਧਾ ਪਿਸਤੌਲ ਲੱਭ ਵੀ ਲੈਂਦਾ ਹੈ ਤਾਂ ਝੱਟ ਸਰਕਾਰ ਉਨ੍ਹਾਂ 'ਤੇ ਸਾਜ਼ਿਸ਼ ਦਾ ਕੇਸ ਚਲਾ ਦਿੰਦੀ ਹੈ ਅਤੇ ਉਮਰ ਕੈਦਾਂ ਕਰ ਦਿੰਦੀ ਹੈ। ਫਿਰ ਜ਼ਰਾ ਖ਼ਿਆਲ ਤਾਂ ਕਰੋ, ਹਨ੍ਹੇਰ ਕੀ ਪੈ ਰਿਹਾ ਹੈ। ਕੋਈ ਗ਼ਰੀਬ ਪਿਸਤੌਲ ਰੱਖ ਹੀ ਲਵੇ ਤਾਂ 3 ਸਾਲ ਦੀ ਕੈਦ, ਗਜ਼ਬ ਹੈ। ਹੋ ਕੀ ਗਿਆ ! ਤੇ ਰਾਜਸੀ ਖ਼ਿਆਲਾਂ ਵਾਲਾ ਕੋਈ ਹਥਿਆਰ ਰੱਖ ਲਏ ਤਾਂ 7 ਸਾਲ ਦੀ ਕੈਦ ਦਫਾ 20 ਦੇ ਅਨੁਸਾਰ ਹਥਿਆਰ ਬਿਨਾਂ ਲਾਈਸੈਂਸ ਰੱਖਣ ਦੇ ਨਾਲ ਉਨ੍ਹਾਂ ਨੂੰ ਲੁਕਾਉਣ ਦੀ ਸਜ਼ਾ 7 ਸਾਲ ਹੈ। ਇਹੋ ਤਾਂ ਵਜ੍ਹਾ ਹੈ ਕਿ ਜਿਥੇ ਆਮ ਲੋਕਾਂ ਨੂੰ ਤਿੰਨ-ਤਿੰਨ ਮਹੀਨੇ ਦੀ ਕੈਦ ਹੁੰਦੀ ਹੈ, ਉਥੇ ਕੇ.ਸੀ. ਬੈਨਰਜੀ ਨੂੰ ਰਾਜ ਪਲਟਾਊ ਸਮਝ ਕੇ ਉਸਨੂੰ ਪੰਜ ਸਾਲ ਦੀ ਕੈਦ ਕਰ ਦਿੱਤੀ ਗਈ ਸੀ। ਅਸੀਂ ਸਮਝਦੇ ਹਾਂ ਕਿ ਹਰੇਕ ਹਿੰਦੁਸਤਾਨੀ ਨੂੰ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਪਹਿਲੇ ਲੋਕਾਂ ਨੂੰ ਇਸ ਦੀ ਜ਼ਰੂਰਤ ਮਹਿਸੂਸ ਕਰਵਾ ਦੇਣੀ ਚਾਹੀਦੀ ਹੈ। ਇਕ ਵਾਰੀ ਦੋਹਾਂ ਪਾਸਿਆਂ ਤੋਂ ਆਵਾਜ਼ ਉੱਠਣੀ ਚਾਹੀਦੀ ਹੈ :

"ਆਰਮਜ਼ ਐਕਟ ਉੜਾ ਦਿਓ"

(Repeal the arms Act)

ਅਤੇ ਫੇਰ ਨਾਲ ਹੀ ਸੱਤਿਆਗ੍ਰਹਿ ਸ਼ੁਰੂ ਕਰ ਦੇਣਾ ਚਾਹੀਦਾ ਹੈ। ਅਸੈਂਬਲੀ ਅਤੇ ਕੌਂਸਲਾਂ ਵਿਚ ਐਸੇ ਹੀ ਰੈਜ਼ੂਲੇਸ਼ਨ ਪਾਸ ਹੋਣੇ ਚਾਹੀਦੇ ਹਨ। ਸ੍ਰੀ ਆਵਾਰੀ ਨੇ ਜਿਸ ਸ਼ੁਭ ਕੰਮ ਨੂੰ ਸ਼ੁਰੂ ਕੀਤਾ ਸੀ, ਉਨ੍ਹਾਂ ਨੂੰ ਕਾਮਯਾਬ ਬਣਾਉਣ ਦੀ ਪੂਰੀ ਕੋਸ਼ਿਸ਼ ਹੋਣੀ ਚਾਹੀਦੀ ਹੈ ਤਾਂ ਕਿ ਮੁੜ ਹਿੰਦੁਸਤਾਨੀ ਨੌਜਵਾਨਾਂ ਵਿਚੋਂ ਕਮਜ਼ੋਰ ਬੁਜ਼ਦਿਲੀ ਦੂਰ ਹੋਵੇ। ਮੁੜ ਹਿੰਦੁਸਤਾਨ ਦੇ ਉੱਠਣ ਦੇ ਆਸਾਰ ਹੋਣ।

ੴ ੴ ੴ

## 50. ਸ਼੍ਰੇਣੀ-ਰੁਚੀ ਦਾ ਵੱਖ-ਵੱਖ ਲਹਿਰਾਂ ਤੇ ਅਸਰ !

*—(ਵੱਲੋਂ ਇਕ ਜਲਾਵਤਨ ਐੱਮ.ਏ.)*

*—ਨਵੰਬਰ, 1928*

। ਨਵੰਬਰ 1928 ਦੇ 'ਕਿਰਤੀ' 'ਚ ਇਕ ਬਹੁਤ ਹੀ ਦਿਲਚਸਪ ਲੇਖ, ਇਕ ਜਲਾਵਤਨ ਐੱਮ.ਏ. ਦੇ ਨਾਂ ਹੇਠ ਛਪਿਆ। ਇਹ ਲੇਖ ਲਾਲਾ ਹਰਦਿਆਲ ਦੀ ਲਿਖਤ ਹੈ। ਇਸ ਨੂੰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆ ਨੇ ਕਾਫ਼ੀ ਗਹਿਰਾਈ ਨਾਲ ਵਿਚਾਰਿਆ ਹੋਵੇਗਾ।

ਪਾਠਕਾਂ ਲਈ ਦਿਲਚਸਪ ਜਾਣਕਾਰੀ ਦੇਵੇਗਾ —ਸੰਪਾਦਕ।

ਦੁਨੀਆ ਭਰ ਦੀਆਂ ਫ਼ਿਲਾਸਫ਼ੀਆ ਅਤੇ ਭਾਈਚਾਰਕ ਵਿਦਿਆ ਦੀਆਂ ਸਾਰੀਆ ਗੁੰਝਲਾ ਅਤੇ ਔਕੜਾਂ ਦੇ ਹੁੰਦਿਆਂ ਹੋਇਆਂ ਵੀ ਇਕ ਗੱਲ ਬਿਲਕੁਲ ਸਾਫ਼ ਅਤੇ ਪ੍ਰਗਟ ਹੈ,



Sri Satguru Jagjit Singh Ji Elibrary NamdhariElibrary@gmail.com

ਉਹ ਇਹ ਕਿ ਦੁਨੀਆ ਇਸ ਵੇਲੇ ਵੱਖ-ਵੱਖ ਜਮਾਤਾਂ ਵਿਚ ਵੰਡੀ ਹੋਈ ਹੈ। ਜੋ ਮਨੁੱਖ ਇਸ ਸੱਚਾਈ ਨੂੰ ਨਜ਼ਰੋਂ ਪਰ੍ਹੇ ਕਰ ਛੱਡਦਾ ਹੈ, ਜਾਂ ਜਿਹੜਾ ਇਸ ਸੱਚਾਈ ਤੋਂ ਜਾਣੂ ਨਹੀਂ ਹੈ ਅਤੇ ਜਾਂ ਜਿਹੜਾ ਰੱਬ ਦੇ ਬੰਦਿਆਂ ਦੀ ਸੱਚੀ ਸੇਵਾ ਕਰਨੀ ਚਾਹੁੰਦਾ ਹੈ, ਉਹ ਉਸ ਜੋਤਸ਼ੀ ਵਾਂਗ ਹੈ ਜੋ ਕਿ ਕੋਸ਼ਿਸ਼ ਦੇ ਅਸੂਲ ਅਤੇ ਸਿਤਾਰਿਆਂ ਦੀ ਗਰਦਿਸ਼ ਤੋਂ ਅਨਜਾਣ ਹੈ, ਖਾਲੀ ਬੇਵਕੂਫ਼ ਅਤੇ ਨਿਕੰਮਾ ਹੈ। ਦੁਨੀਆ ਭਰ ਦੇ ਲੋਕ ਹਾਲਾਂ ਕਿ ਅੰਨ੍ਹੇ ਲੋਕ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਦੁਨੀਆ ਵਿਚ ਅਮੀਰ ਅਤੇ ਗ਼ਰੀਬ ਦੋ ਪਾਰਟੀਆਂ ਹਨ, ਦੁਨੀਆ ਭਰ ਦੀਆਂ ਜ਼ਬਾਨਾਂ ਵਿਚ ਆਪਣੇ-ਆਪਣੇ ਵੱਖ-ਵੱਖ ਸ਼ਬਦ ਇਸ ਪਾਰਟੀ-ਵੰਡ ਨੂੰ ਜਤਾਉਣ ਲਈ ਮੌਜੂਦ ਹਨ। ਮਾਲਕ ਅਤੇ ਗ਼ੈਰ-ਮਾਲਕ (ਅਥਵਾ ਜਿਸਦੀ ਕੋਈ ਮਲਕੀਅਤ ਨਹੀਂ) ਜ਼ਿਮੀਦਾਰਾਂ ਅਤੇ ਮੁਜ਼ਾਰਿਆਂ, ਹਾਕਮ ਅਤੇ ਪਰਜਾ, ਸਰਮਾਇਦਾਰ ਅਤੇ ਕਿਰਤੀ ਆਦਿ ਸ਼ਬਦ ਉਸ ਭੈੜੇ ਕਿੱਸੇ ਦੀ ਯਾਦ ਕਰਵਾਉਂਦੇ ਹਨ, ਜਿਸ ਨੇ ਦੁਨੀਆ ਦੇ ਇਤਫ਼ਾਕ ਨੂੰ ਨਸ਼ਟ ਕਰ ਦਿੱਤਾ ਹੈ।

ਇਸ ਵੇਲੇ ਦੁਨੀਆ ਵਿਚ ਵੱਖ-ਵੱਖ ਪਾਰਟੀਆਂ ਮੌਜੂਦ ਹਨ। ਪਰ ਸਰਸਰੀ ਨਿਗ੍ਹਾ ਮਾਰਿਆਂ ਅਸੀਂ ਦੋ ਪ੍ਰਕਾਰ ਦੀਆਂ ਪਾਰਟੀਆਂ ਨੂੰ ਤਾਂ ਸਾਫ਼ ਤੌਰ 'ਤੇ ਵੇਖਦੇ ਹਾਂ ; ਇਕ ਤਾਂ ਉਹ ਕਿ ਜਿਸ ਪਾਰਟੀ ਵਾਲੇ ਜਿਸਮਾਨੀ ਮਿਹਨਤ ਕਰਕੇ ਕਮਾਉਂਦੇ ਹਨ। ਦੂਜੇ ਉਹ ਜੋ ਮਿਹਨਤ ਨਹੀਂ ਕਰਦੇ। ਉਹ ਲੋਕ, ਜੋ ਖੇਤਾਂ, ਕਾਨਾਂ ਅਥਵਾ ਕਾਰਖਾਨਿਆਂ ਆਦਿ ਵਿਚ ਕੰਮ ਕਰਦੇ ਹਨ, ਉਹ ਮਿਹਨਤਕਸ਼ ਹਿੱਸੇ ਵਿਚ ਦਾਖ਼ਲ ਹਨ। ਜਿਹੜੇ ਲੋਕ ਇਨ੍ਹਾਂ ਥਾਵਾਂ 'ਤੇ ਜਾਂ ਹੋਰ ਕਿਤੇ ਵੀ ਮਿਹਨਤ ਕਰਨ ਲਈ ਮਜਬੂਰ ਨਹੀਂ ਕੀਤੇ ਜਾਂਦੇ, ਉਨ੍ਹਾਂ ਦੀ ਪਾਰਟੀ ਵੱਖਰੀ ਹੈ। ਅਸਲ ਵਿਚ ਇਸ ਦੁਨੀਆ ਵਿਚ ਦੋਵੇਂ ਹੀ ਕੌਮਾਂ ਹਨ, ਇਹ ਦੋ ਹੀ ਫ਼ਿਰਕੇ ਹਨ, ਇਸ ਤੋਂ ਵੱਖ ਜਿਹੜੀ ਹੋਰ ਵੰਡ ਕੀਤੀ ਜਾਂਦੀ ਹੈ, ਉਹ ਬੇਹੂਦਾ ਅਤੇ ਬੇਫ਼ਾਇਦਾ ਹੈ ; ਇਸੇ ਕਾਰਨ ਕਰਕੇ ਅਸੀਂ ਵੇਖਦੇ ਹਾਂ ਕਿ ਹਰ ਇਕ ਮਿਹਨਤੀ ਮਨੁੱਖ ਦੀ ਇਹ ਇੱਛਾ ਰਹਿੰਦੀ ਹੈ ਕਿ ਉਸ ਦਾ ਲੜਕਾ ਉੱਨਤੀ ਕਰੇ ਅਤੇ ਇਸ ਮਿਹਨਤਕਸ਼ ਹਿੱਸੇ ਵਿਚੋਂ ਨਿਕਲ ਕੇ ਖ਼ੁਸ਼ਹਾਲ ਹਲਕੇ ਵਿਚ ਸ਼ਾਮਲ ਹੋ ਜਾਵੇ। ਦੁਨੀਆ ਵਿਚ ਹਰ ਥਾਂ ਅਤੇ ਹਰ ਸੂਰਤ ਵਿਚ ਤਰਖਾਣ-ਲੁਹਾਰ ਅਤੇ ਕਿਸਾਨ ਆਦਿ ਮਿਹਨਤੀ ਲੋਕ, ਰਾਜੇ, ਵਜ਼ੀਰ, ਵਕੀਲ ਤੇ ਜੱਜ, ਪ੍ਰੋਫ਼ੈਸਰ, ਜ਼ਿਮੀਦਾਰ, ਸ਼ਾਹੂਕਾਰ, ਬੈਂਕਰ ਆਦਿ ਤੋਂ ਕਿਤੇ ਘੱਟ ਕਮਾਉਂਦੇ ਹਨ। ਦੁਨੀਆ ਭਰ ਦੀ ਕੋਈ ਮਜਲਸੀ ਤਾਕਤ ਇਨ੍ਹਾਂ ਪਾਰਟੀਆਂ ਨੂੰ ਮਿਲਾ ਨਹੀਂ ਸਕਦੀ। ਹਿੰਦੁਸਤਾਨੀ 'ਸਫ਼ੈਦਪੋਸ਼' ਸ਼ਬਦ ਉਸ ਗ਼ੈਰ ਮਿਹਨਤਕਸ਼ ਹਿੱਸੇ ਵਾਸਤੇ ਹੀ ਵਰਤਿਆ ਜਾਂਦਾ ਹੈ। ਉਹ ਤਮਾਮ ਚੀਜ਼ਾਂ, ਜਿਨ੍ਹਾਂ ਕਰਕੇ ਕਿ ਜ਼ਿੰਦਗੀ ਰਹਿਣ ਦੇ ਕਾਬਲ ਬਣ ਸਕਦੀ ਹੈ।(ਅਥਵਾ ਆਰਾਮ, ਵਿਦਿਆ, ਹੁਨਰ-ਸਫ਼ਾਈ, ਅਰੋਗਤਾ ਆਦਿਕ ਸਾਰੇ ਦੌਲਤ ਨਾਲ ਹੀ ਪ੍ਰਾਪਤ ਕੀਤੇ ਜਾਂਦੇ ਹਨ। ਵਿਚਾਰੇ ਗ਼ਰੀਬ ਹਰ ਵੇਲੇ ਤੇ ਹਰ ਥਾਂ ਗੰਦੀ-ਜ਼ਿੰਦਗੀ, ਗੰਦੀਆਂ ਥਾਵਾਂ 'ਤੇ ਹੀ ਗੁਜ਼ਾਰਨ ਲਈ ਲਾਚਾਰ ਹੁੰਦੇ ਹਨ। ਇਨ੍ਹਾਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਸਮਾਂ ਹੀ ਨਹੀਂ ਲਭਦਾ। ਗਰੀਬ ਮਜ਼ਦੂਰ ਸਾਰਾ-ਸਾਰਾ ਦਿਨ ਬਿਲਕੁਲ ਮਾਮੂਲੀ ਗੁਜ਼ਰਨ ਲਈ ਮੁੜ੍ਹਕੋ-ਮੁੜ੍ਹਕੀ ਹੋ ਕੇ ਕੰਮ ਕਰਦਾ ਰਹਿੰਦਾ ਹੈ, ਜਿਥੇ ਕਿ ਵਿਦਵਾਨ ਅਤੇ ਅਮੀਰ ਲੋਕ ਚੰਗੇ-ਚੰਗੇ ਵਧੀਆ ਭੋਜਨ ਖਾਂਦੇ ਹਨ। ਬੱਘੀਆਂ ਤੇ ਮੋਟਰਾਂ ਵਿਚ ਚੜ੍ਹ ਕੇ ਸੈਰ ਲਈ ਜਾਂਦੇ ਹਨ। ਖ਼ੁਸ਼ਬੂਦਾਰ ਤੇਲ ਤੇ ਅਤਰ ਨਾਲ ਮਾਲਸ਼ ਕਰਦੇ ਹਨ। ਰੇਸ਼ਮੀ ਕੱਪੜੇ ਪਾਉਂਦੇ ਹਨ। ਗੱਲ ਕੀ ਕਿ ਹਰ ਪ੍ਰਕਾਰ ਨਾਲ ਹੀ ਐਸ਼ ਇਸ਼ਰਤ ਦੀ ਜ਼ਿੰਦਗੀ ਲੰਘਾਉਂਦੇ ਹਨ।'

ਪ੍ਰਸ਼ਨ ਉਠਦਾ ਹੈ ਕਿ ਇਹ ਅਜੀਬ ਹਾਲਤ ਪੈਦਾ ਹੀ ਕਿਸ ਤਰ੍ਹਾਂ ਹੋ ਗਈ ? ਕੀ ਕਾਰਨ ਹੈ ਕਿ ਜਿਹੜੇ ਲੋਕ ਖੇਤੀ ਕਰਦੇ, ਕੱਪੜੇ ਉਣਦੇ, ਕੱਪੜੇ ਸੀਉਂਦੇ, ਨਾਲੀਆਂ ਸਾਫ਼ ਕਰਦੇ ਜਾਂ ਆਟਾ ਪੀਹਦੇ ਹਨ, ਉਨ੍ਹਾਂ ਦੀ ਆਮਦਨ ਉਨ੍ਹਾਂ ਲੋਕਾਂ ਨਾਲੋਂ ਕਈ ਗੁਣਾ ਘੱਟ ਹੈ ਜੋ ਕਿ ਕੇਵਲ ਲੈਕਚਰ ਦਿੰਦੇ ਹਨ, ਜਾ ਮੁਕੱਦਮਿਆਂ 'ਤੇ ਬਹਿਸ ਕਰਦੇ ਹਨ। ਜੋ ਅਦਾਲਤ ਕਰਦੇ ਜਾਂ ਹਕੂਮਤ



Sri Satguru Jagjit Singh Ji Elibrary NamdhariElibrary@gmail.com

ਕਰਦੇ ਹਨ। ਜੋ ਕੇਵਲ ਦੁਆ ਕਰਦੇ ਜਾਂ ਕੁਝ ਵੀ ਨਹੀਂ ਕਰਦੇ। ਕੀ ਕਦੇ ਕਿਸੇ ਨੇ ਸੋਚ ਕੇ ਵੇਖਿਆ ਹੈ ਕਿ ਸਚਮੁੱਚ ਹੀ ਹਰ ਇਕ ਰੱਬ ਦੇ ਬੰਦੇ ਅਤੇ ਮਜਲਸ ਲਈ ਖੇਤੀਬਾੜੀ, ਕਾਰੀਗਰੀ ਦਸਤਕਾਰੀ ਆਦਿ ਤੋਂ 'ਕਾਨੂੰਨ' ਜਾਂ 'ਸਰਕਾਰ', ਮਜ਼ਹਬ ਜਾਂ ਸ਼ਾਹੂਕਾਰ ਜਾਂ ਕੇਵਲ ਜ਼ਿਮੀਂਦਾਰ (ਉਹ ਲੋਕ ਜਿਹੜੇ ਜ਼ਮੀਨਾਂ ਦੇ ਮਾਲਕ ਤਾਂ ਬਣੇ ਬੈਠੇ ਹਨ ਪਰ ਕੰਮ ਕੁਝ ਨਹੀਂ ਕਰਦੇ) ਬਹੁਤ ਜ਼ਰੂਰੀ ਲੋੜਵੰਦ ਹਨ। ਫਿਰ ਕੀ ਕਾਰਨ ਹੈ ਕਿ ਉਸ ਆਦਮੀ ਨੂੰ ਜੋ ਕਿ ਕੁਝ ਘੰਟੇ ਕੁਰਸੀ 'ਤੇ ਬੈਠ ਕੇ ਕੁਝ ਆਦਮੀਆਂ ਨੂੰ ਜੇਲ੍ਹ ਵਿਚ ਘੱਲ ਦਿੰਦਾ ਹੈ, ਕਣਕ ਬੀਜਣ ਵਾਲੇ ਕਿਸਾਨ ਅਤੇ ਜੁਤੀਆਂ ਗੰਢਣ ਵਾਲੇ ਮੋਚੀ ਤੋਂ ਕਈ ਗੁਣਾਂ ਵੱਧ ਤਨਖਾਹ ਦਿੱਤੀ ਜਾਂਦੀ ਹੈ? ਇਕ ਰਾਜਾ ਜਾਂ ਮ ਜਿਸਟ੍ਰੇਟ ਜਾਂ ਸ਼ਾਹੂਕਾਰ ਹੀ ਉਨ੍ਹਾਂ ਮਿਹਨਤ-ਕਸ਼ ਲੋਕਾਂ ਤੋਂ ਕਿਹੜਾ ਚੰਗਾ ਲਾਭਵੰਦ ਅਤੇ ਜ਼ਰੂਰੀ ਕੰਮ ਕਰਦਾ ਹੈ ਕੀ ਸਬੱਬ ਹੈ ਕਿ ਦੁਨੀਆ 'ਚ ਕਈ ਲੋਕ ਹੱਥ ਪੈਰ ਹਿਲਾਉਣ ਤੋਂ ਬਿਨਾਂ ਹੀ ਮੌਜਾਂ ਕਰਦੇ ਹਨ ਅਤੇ ਕਈ ਲੋਕ ਸਾਰਾ ਦਿਨ ਅੱਡੀ ਚੋਟੀ ਦਾ ਜ਼ੋਰ ਲਾ ਕੇ ਕੰਮ ਕਰਦੇ ਹੋਏ ਵੀ ਆਪਣੀਆਂ ਜ਼ਰੂਰੀ ਚੀਜ਼ਾਂ ਪ੍ਰਾਪਤ ਨਹੀਂ ਕਰ ਸਕਦੇ? ਕੀ ਵਜ੍ਹਾ ਹੈ ਕਿ ਇਕ ਆਦਮੀ ਬੈਠਾ ਪੱਖਾ ਖਿਚਦਾ ਹੈ ਅਤੇ ਇਕ ਅੰਦਰ ਪਿਆ—ਭਾਵੇਂ ਉਹ ਹਿੰਦੂ, ਮੁਸਲਮਾਨ ਜਾਂ ਈਸਾਈ ਹੋਵੇ—ਘੁਰਾੜੇ ਮਾਰਦਾ ਹੈ। ਇਸੇ ਨੂੰ ਹੀ ਪੱਖਾ ਖਿਚਣ ਤੇ ਕਿਉਂ ਨਹੀਂ ਲਾਇਆ ਜਾਂਦਾ। ਉਹ ਲੋਕ ਜਿਹੜੇ ਅਨਾਜ, ਦੁੱਧ, ਮੇਵੇ, ਸਬਜ਼ੀ, ਤਰਕਾਰੀ ਪੈਦਾ ਨਹੀਂ ਕਰਦੇ ਅਤੇ ਸਗੋਂ ਇਹ ਚੀਜ਼ਾ ਵਰਤਦੇ ਅਤੇ ਖਾਂਦੇ ਹਨ ਉਹ ਜ਼ਰੂਰ ਵਿਚਾਰੇ ਕਿਸਾਨ ਦੀ ਮਿਹਨਤ ਦਾ ਲਾਭ ਉਠਾਉਂਦੇ ਹਨ। ਇਸ ਗੱਲ ਨੂੰ ਸਮਝਣ ਲਈ ਕਿਸੇ ਫ਼ਿਲਾਸਫ਼ੀ ਦੀ ਲੋੜ ਨਹੀਂ ਹੈ। ਉਹ ਲੋਕ ਜਿਹੜੇ ਰੋਟੀ ਪੈਦਾ ਨਹੀਂ ਕਰਦੇ ਅਤੇ ਰੂੰ ਕੱਤ ਕੇ ਉਣਕੇ ਕੱਪੜਾ ਨਹੀਂ ਤਿਆਰ ਕਰਦੇ, ਜਦ ਉਹ ਵੀ ਰੋਟੀ ਖਾਂਦੇ ਤੇ ਕੱਪੜੇ ਪਹਿਨਦੇ ਹਨ ਤਾਂ ਇਸ ਦੇ ਕੇਵਲ ਇਹ ਅਰਥ ਹੋਣਗੇ ਕਿ ਉਹ ਆਪਣਾ ਹਿੱਸਾ ਉਨ੍ਹਾਂ ਗ਼ਰੀਬ ਕਿਰਤੀਆਂ ਦੀ ਮਿਹਨਤ ਵਿਚੋਂ ਲੈ ਲੈਂਦੇ ਹਨ, ਜੋ ਕਿ ਰੋਟੀ ਪੈਦਾ ਕਰਦੇ ਹਨ, ਕੱਪੜਾ ਉਣਕੇ ਤਿਆਰ ਕਰਦੇ ਹਨ। ਪਰ ਜਦ ਅਸੀਂ ਵੇਖਦੇ ਹਾਂ ਕਿ ਖੇਤੀ ਕਰਨ ਵਾਲੇ ਉਸ ਮਿਹਨਤਕਸ਼ ਕਿਸਾਨ ਨੂੰ ਇਨ੍ਹਾਂ ਮੁਫ਼ਤਖੋਰੇ ਲੋਕਾਂ ਵਾਂਗ ਚੰਗੀ ਖ਼ੁਰਾਕ ਵੀ ਪ੍ਰਾਪਤ ਨਹੀਂ ਹੁੰਦੀ, ਤਦ ਦਿਲ ਵਿਚ ਖ਼ਿਆਲ ਉਪਜਦਾ ਹੈ, ਕਿ ਇਸ ਪ੍ਰਬੰਧ ਵਿਚ ਜ਼ਰੂਰ ਕਿਤੇ ਨਾ ਕਿਤੇ ਧੋਖਾ ਹੈ, ਗ਼ਲਤੀ ਹੈ, ਜ਼ੁਲਮ ਹੈ। ਪਰ ਇਹ ਮਸਲਾ 'ਸਰਵਦਰਸ਼ਨ ਸੰਗ੍ਰਹਿ' ਆਦਿ ਸ਼ਾਸਤਰਾਂ ਦੀ ਸੋਲਾਂ ਪ੍ਰਕਾਰ ਦੀ ਫ਼ਿਲਾਸਫੀ ਪੜ੍ਹਨ ਤੋਂ ਹੱਲ ਨਹੀਂ ਹੋ ਸਕਦਾ। ਸਿਹਤ ਅਤੇ ਜ਼ਿੰਦਗੀ ਦੇ ਸਵਾਲ ਨੂੰ ਛੱਡ ਕੇ ਅੱਜ ਅਸੀਂ ਇਕ ਬੜਾ ਵੱਡਾ ਸਵਾਲ ਪੁੱਛਣਾ ਚਾਹੁੰਦੇ ਹਾਂ, 'ਦੁਨੀਆ ਵਿਚ ਇਹ ਦੋ ਪਾਰਟੀਆਂ ਅਮੀਰ, ਵਿਦਵਾਨ, ਸੁਸਤ ਅਤੇ ਹਰਾਮਖੋਰ ਤਾਂ ਇਕ ਪਾਸੇ ਹਨ। ਦੂਜੇ ਪਾਸੇ ਗ਼ਰੀਬ, ਮਿਹਨਤਕਸ਼, ਜਾਹਲ, ਅਨਪੜ੍ਹ ਲੋਕ ਹਨ ਜੋ ਕਿ ਦੁਨੀਆ ਦੀ ਦੌਲਤ ਨੂੰ ਪੈਦਾ ਕਰਦੇ ਹਨ। ਦੂਸਰਾ ਪਾਸਾ ਕਿਸ ਤਰ੍ਹਾਂ ਵਜੂਦ ਵਿਚ ਆਇਆ? ਦੁਨੀਆਂ ਦੀਆਂ ਤਮਾਮ ਤਹਿਰੀਕਾਂ, ਜੋ ਇਸ ਸੱਚੇ ਸਵਾਲਾਂ ਨੂੰ ਅੱਖੋਂ ਉਹਲੇ ਕਰਦੀਆਂ ਹਨ, ਕੇਵਲ ਬੇਹੂਦਾ, ਫ਼ਜ਼ੂਲ ਅਤੇ ਖ਼ਤਰਨਾਕ ਹਨ। ਫਿਰ ਉਹ ਭਾਵੇਂ ਮਜਲਸੀ ਹੋਣ, ਭਾਵੇਂ ਮਜਹਬੀ ਹੋਣ ਜਾਂ ਭਾਈਚਾਰਕ, ਆਰਥਿਕ ਹੋਣ ਜਾਂ ਰਾਜਸੀ, ਕੌਮੀ ਹੋਣ ਜਾਂ ਕੌਮਾਂਤਰੀ।

ਜੇ ਇਨ੍ਹਾਂ ਪਾਰਟੀਆਂ ਨੂੰ ਮਿਲਾ ਦਿੱਤਾ ਜਾਵੇ ਤਾਂ ਦੁਨੀਆ ਵਿਚ ਕੋਈ ਐਸੀਆਂ ਚੀਜ਼ਾਂ, ਜਿਨ੍ਹਾਂ ਨੂੰ ਕਿ ਇਕ ਰੱਬ ਦੇ ਬੰਦੇ, ਜਾਂ 'ਕੌਮ' ਜਾਂ 'ਮਜ਼ਹਬ' ਕਿਹਾ ਜਾਂਦਾ ਹੈ, ਬਾਕੀ ਨਹੀਂ ਰਹਿ ਜਾਂਦੀਆਂ ਕਿਉਂਕਿ ਸਦਾ ਹੀ ਕਦੇ ਅੱਖਾਂ ਦੇ ਸਾਹਮਣੇ ਅਤੇ ਕਦੇ ਅੱਖੋਂ ਓਹਲੇ, ਅਮੀਰ, ਗ਼ਰੀਬਾਂ ਦੇ ਦੁਸ਼ਮਣ ਹੀ ਬਣੇ ਰਹਿੰਦੇ ਹਨ ਕਿਉਂਕਿ ਉਹ ਆਪਣੀ ਦੌਲਤ ਇਨ੍ਹਾਂ ਗ਼ਰੀਬਾਂ ਤੋਂ ਹੀ ਖੋਂਹਦੇ ਹਨ। ਉਨ੍ਹਾਂ ਨੂੰ ਇਹ ਅਸਮਾਨੀ ਤੋਹਫ਼ੇ ਵਾਂਗ ਹੀ ਨਹੀਂ ਮਿਲਦੀ ਅਤੇ ਇਨ੍ਹਾਂ ਪਾਸ (ਪਾਰਸ) ਪੱਥਰ ਵੀ ਨਹੀਂ ਹੈ। ਰਾਜੇ, ਵਜ਼ੀਰ ਅਤੇ ਜੱਜ ਲੋਕ ਸੁਖ ਨਾਲ ਜੀਵਨ ਗੁਜ਼ਾਰਦੇ ਹਨ। ਹਾਲਾਂਕਿ ਉਹ ਪੈਦਾਵਾਰ ਵਿਚ ਕਿਸੇ ਪ੍ਰਕਾਰ ਦੀ ਕੋਈ ਮਿਹਨਤ ਨਹੀਂ ਕਰਦੇ, ਕਿਉਂਕਿ ਵਿਚਾਰਾ ਕਿਸਾਨ



Sri Satguru Jagjit Singh Ji Elibrary NamdhariElibrary@gmail.com

ਸਦਾ ਟੈਕਸ ਦਿੰਦਾ ਹੈ, ਜ਼ਿਮੀਂਦਾਰ ਵਿਹਲਾ ਬੈਠ ਕੇ ਐਸ਼-ਇਸ਼ਰਤ ਅਤੇ ਬਦਮਾਸ਼ੀਆਂ ਕਰਦਾ ਹੈ। ਕਿਉਂਕਿ ਵਿਚਾਰਾ ਗ਼ਰੀਬ ਮੁਜ਼ਾਰਾ ਲਗਾਨ ਤਾਰ ਜਾਂਦਾ ਹੈ। ਸ਼ਾਹੂਕਾਰ ਜਾਂ ਮਹਾਜਨ ਆਰਾਮ ਨਾਲ ਬੈਠਾ ਹੋਇਆ ਹੀ ਅਮੀਰ ਹੁੰਦਾ ਚਲਿਆ ਜਾਂਦਾ ਹੈ ਕਿਉਂਕਿ ਇਕ ਕਰਜ਼ਾਈ ਹਮੇਸ਼ਾ ਵਿਆਜ ਦਿੰਦਾ ਰਹਿੰਦਾ ਹੈ ਅਤੇ ਇਕ ਸਰਮਾਏਦਾਰ ਕਾਰਖਾਨਿਆਂ ਦੇ ਹਿੱਸੇ ਖ਼ਰੀਦ ਕੇ ਘਰ ਬੈਠਾ ਹੀ ਮੁਨਾਫ਼ੇ ਪ੍ਰਾਪਤ ਕਰਕੇ ਮਾਲਾਮਾਲ ਹੋ ਸਕਦਾ ਹੈ। ਕਿਉਂਕਿ ਮਜ਼ਦੂਰਾਂ ਨੂੰ ਮਜ਼ਦੂਰੀ ਘੱਟ ਦਿੱਤੀ ਜਾਂਦੀ ਸੀ। ਵਕੀਲ ਸੈਂਕੜੇ ਰੁਪਿਆ ਮਹੀਨਾ ਕਮਾ ਸਕਦਾ ਸੀ। ਹਾਲਾਂਕਿ ਉਹ ਕਿਸੇ ਆਰਾਮ ਕੁਰਸੀ 'ਤੇ ਬੈਠਾ ਰਹਿੰਦਾ ਹੈ ਅਤੇ ਕਦੇ-ਕਦੇ ਕਿਸੇ ਅਦਾਲਤ ਵਿਚ ਜਾ ਕੇ ਲੈਕਚਰ ਝਾੜ ਆਉਂਦਾ ਹੈ ਕਿਉਂਕਿ ਉਹ ਅਮੀਰਾਂ ਨੂੰ ਜਾਇਦਾਦ ਪ੍ਰਾਪਤ ਕਰਨ ਗ਼ਰੀਬਾਂ ਦੇ ਲੁੱਟਣ ਵਿਚ ਸਹਾਇਤਾ ਕਰਦਾ ਹੈ। ਗੱਲ ਕੀ ਕਿ ਜਿਥੇ ਕਿਤੇ ਵੀ ਇਹ ਵੇਖੋ ਕਿ ਕੋਈ ਆਦਮੀ ਹੱਥ ਪੈਰ ਹਿਲਾਉਣ ਤੋਂ ਬਗ਼ੈਰ ਹੀ ਆਰਾਮ ਦੀ ਜ਼ਿੰਦਗੀ ਭੋਗਦਾ ਹੈ। ਫੌਰਨ ਸਮਝ ਲਓ ਕਿ ਇਥੇ ਜ਼ਰੂਰ ਕੋਈ ਨਾ ਕੋਈ ਧੋਖਾ ਹੈ, ਫਰੇਬ ਹੈ। ਉਸ ਦੇ ਸਾਫ਼ ਅਰਥ ਇਹ ਹੁੰਦੇ ਹਨ ਕਿ ਅਮੀਰ ਹਿੱਸਾ ਕਦੇ ਵੀ ਇਹ ਨਹੀਂ ਚਾਹੁੰਦਾ ਕਿ ਗ਼ਰੀਬ ਲੋਕ ਵੀ ਉੱਨਤੀ ਕਰ ਲੈਣ। ਕਿਉਂਕਿ ਗ਼ਰੀਬਾਂ ਦੀ ਉੱਨਤੀ ਅਤੇ ਵਿੱਦਿਆ ਵੱਧ ਜਾਣ ਕਰਕੇ ਹਰਾਮਖੋਰੀ ਤਾਂ ਫੌਰਨ ਪਰ ਲਾ ਕੇ ਉੱਡ ਜਾਵੇਗੀ, ਜੇ ਕੋਈ ਟੈਕਸ ਨਾ ਦੇਵੇ ਤੇ ਇਹ ਰਾਜੇ, ਮਹਾਰਾਜੇ, ਜੱਜ, ਵਕੀਲ ਆਦਿ ਕਿਸ ਤਰ੍ਹਾਂ ਜਿਉਂਦੇ ਰਹਿ ਸਕਦੇ ਹਨ। ਜੇ ਮਜ਼ਦੂਰਾਂ ਨੂੰ ਲੁੱਟਿਆ ਨਾ ਜਾਵੇ ਤਾਂ ਕਾਰਖ਼ਾਨਿਆਂ ਦੇ ਮਾਲਕ ਤੇ ਮੈਨੇਜਰ ਕਿਸ ਤਰ੍ਹਾਂ ਕਰੋੜਪਤੀ ਬਣ ਸਕਦੇ ਹਨ। ਸੰਸਕ੍ਰਿਤ ਦਾ ਇਹ ਕਥਨ ਹੈ ਕਿ "ਖਾਣ ਵਾਲੇ ਤੇ ਖਾਧੇ ਜਾਣ ਵਾਲੇ ਦੀ ਕਦੇ ਦੋਸਤੀ ਨਹੀਂ ਹੋ ਸਕਦੀ" ਸ਼ੇਰ ਬੱਕਰੀ ਦੇ ਇਕੱਠੇ ਲੇਟਣ ਪੁਰ ਇਕ ਮਸਖਰਾ ਸ਼ਾਇਰ ਆਖਦਾ ਹੈ, "ਹਾਂ ਲੇਟਣਗੇ ਤਾਂ ਦੋਵੇਂ ਬੇਸ਼ੱਕ ਇਕੱਠੇ ਹੀ, ਪਰ ਉਸ ਵੇਲੇ ਬੱਕਰੀ ਸ਼ੇਰ ਦੇ ਪੇਟ ਵਿਚ ਹੋਵੇਗੀ।"

ਹਾਲਾਂ ਅਮੀਰ ਹਿੱਸੇ ਦੀ ਹਰਾਮਖੋਰੀ ਵਿਚ ਦੇਸ਼ਭਗਤੀ ਅਤੇ ਮਜ਼੍ਹਬ ਆਦਿ ਕੋਈ ਖ਼ਾਸ ਕਥਨਯੋਗ ਕਮੀ ਪੈਦਾ ਨਹੀਂ ਕਰ ਸਕਦੇ। ਕੀ ਕਦੇ ਕੋਈ ਮੁਸਲਮਾਨ ਜ਼ਿਮੀਂਦਾਰ ਆਪਣੇ ਮੁਜ਼ਾਰਿਆਂ ਨੂੰ ਲਗਾਨ ਇਸ ਲਈ ਮਾਫ਼ ਕਰ ਦਿੰਦਾ ਹੈ ਕਿ ਉਹ ਮੁਸਲਮਾਨ ਹਨ ? ਕਿਉਂ ਜੀ, ਕਦੇ ਕੋਈ ਹਿੰਦੂ ਸ਼ਾਹੂਕਾਰ ਕਰਜ਼ਾਈ ਹਿੰਦੂਆਂ ਤੋਂ ਵਿਆਜ ਲੈਣਾ ਇਸ ਕਰਕੇ ਛੱਡ ਦਿੰਦਾ ਹੈ ਕਿ ਉਹ ਹਿੰਦੂ ਹਨ ? ਕੀ ਸਿੱਖ ਰਾਜੇ, ਮਹਾਰਾਜੇ, ਵਜ਼ੀਰ, ਅਮੀਰ ਆਪਣੀਆਂ ਸਿੱਖ ਰਿਆਸਤਾਂ ਦੇ ਸਿੱਖ ਕਿਸਾਨਾਂ ਤੇ ਕਿਰਤੀਆਂ ਪਾਸੋਂ ਟੈਕਸ ਤੇ ਲਗਾਨ ਘੱਟ ਵਸੂਲ ਕਰਦੇ ਹਨ ? ਕੀ ਇਸ ਲਗਾਨ ਤੇ ਟੈਕਸ ਦੀ ਵਸੂਲੀ ਲਈ ਉਹ ਘੱਟ ਜ਼ੁਲਮ ਕਰਦੇ ਹਨ ? ਕੀ ਅੰਗਰੇਜ਼ ਮਾਲਕ ਆਪਣੇ ਅੰਗਰੇਜ਼ ਮਜ਼ਦੂਰਾਂ ਦੀਆਂ ਤਨਖਾਹਾਂ ਓਨਾ ਚਿਰ ਤਕ ਵਧਾ ਦਿੰਦੇ ਹਨ, ਜਦੋਂ ਤਕ ਕਿ ਉਹ ਨੱਕ ਵਿਚ ਦਮ ਨਹੀਂ ਕਰ ਦਿੰਦੇ। ਕੀ ਸਕਾਟਲੈਂਡ ਦੇ ਜ਼ਿਮੀਂਦਾਰਾਂ ਨੇ ਆਪਣੇ ਜੰਗਲ ਅਤੇ ਮੈਦਾਨ ਗ਼ਰੀਬ ਮੁਜ਼ਾਰਿਆਂ ਵਿਚ ਵੰਡ ਕੇ ਉਨ੍ਹਾਂ ਨੂੰ ਅਮਰੀਕਾ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ?

ਜੇ ਪਿਛਲੇ ਤਵਾਰੀਖ਼ ਤੋਂ ਕੋਈ ਸਿਖਿਆ ਮਿਲਦੀ ਹੈ ਤਾਂ ਉਹ ਇਹ ਕਿ ਅਮੀਰ ਹਿੱਸੇ ਨੂੰ ਦੌਲਤ ਦੀ ਸਭ ਤੋਂ ਵਧੇਰੇ ਪਿਆਰੀ ਚੀਜ਼ ਹੈ। ਉਨ੍ਹਾਂ ਨੂੰ ਮਜ਼੍ਹਬ ਅਤੇ ਦੇਸ਼ ਭਗਤੀ ਨਾਲੋਂ ਜਾਇਦਾਦ ਅਤੇ ਜਾਤੀ ਗਰਜ਼ਾਂ ਨਾਲ ਵਧੇਰੇ ਪਿਆਰ ਹੈ। ਦੇਸ਼ ਭਗਤੀ ਅਤੇ ਮਜ਼੍ਹਬ ਚੰਗੀਆਂ ਚੀਜ਼ਾਂ ਹਨ। ਪਰ ਉਹ ਵੀ ਅਮੀਰ ਲਾਣੇ ਨੂੰ ਦੌਲਤ ਦੀ ਹਿਰਸ ਵਿਚੋਂ ਆਜ਼ਾਦ ਕਰਾਉਣ ਲਈ ਨਿਸਫਲ ਸਾਬਤ ਹੋਈਆਂ ਹਨ। ਦੁਨੀਆ ਵਿਚ ਅੱਜ ਤਾਈਂ ਅਜਿਹਾ ਹੀ ਹੁੰਦਾ ਚਲਿਆ ਆਇਆ ਹੈ ਅਤੇ ਜਦ ਤਾਈਂ ਵੱਡੇ-ਛੋਟੇ ਅਮੀਰ ਤਬਕੇ ਹੀ ਮੁਕ ਨਹੀਂ ਜਾਂਦੇ। ਤਦ ਤਾਈਂ ਅਜਿਹਾ ਹੀ ਹੁੰਦਾ ਚਲਿਆ ਜਾਵੇਗਾ।



Sri Satguru Jagjit Singh Ji Elibrary NamdhariElibrary@gmail.com

ਮਹਾਤਮਾ ਬੁੱਧ ਅਤੇ ਮਹਾਤਮਾ ਟਾਲਸਟਾਏ ਅਤੇ ਸ਼ਹਿਜ਼ਾਦਾ ਕ੍ਰੋਪਾਟਕਨ ਵਰਗੇ ਮਹਾਪੁਰਸ਼ ਆਪਣੀ ਜਾਇਦਾਦ ਛੱਡ ਕੇ ਗ਼ਰੀਬਾਂ ਵਰਗੀ ਜ਼ਿੰਦਗੀ ਬਸਰ ਕਰਨ ਲੱਗ ਪੈਂਦੇ ਹਨ। ਪਰ ਇਨ੍ਹਾਂ ਇਕ ਦੋ ਦ੍ਰਿਸ਼ਟਾਂਤਾਂ ਨਾਲ ਅਸੂਲ ਨਹੀਂ ਬਦਲਿਆ ਜਾ ਸਕਦਾ। ਉਹ ਹਸਤੀਆਂ ਤਾਂ ਸਤਿਕਾਰ ਯੋਗ ਹਨ। ਪਰ ਬਾਕੀ ਅਮੀਰ ਲਾਣਾ ਤਾਂ ਬੇਈਮਾਨੀ, ਧੋਖੇਬਾਜ਼ੀ ਆਦਿ ਹਰ ਪ੍ਰਕਾਰ ਨਾਲ ਹੀ ਆਪਣੀ ਜਾਇਦਾਦ ਦੀ ਰਾਖੀ ਕਰਦਾ ਹੈ।

ਦੂਜਿਆਂ ਦੇ ਸਿਰਾਂ 'ਤੇ ਮੌਜਾਂ ਕਰਨ ਵਾਲੀ ਇਹ ਪਾਰਟੀ ਜੋ ਕੁਝ ਆਪ ਵੀ ਕਰਦੀ ਹੈ ਤਾਂ ਉਹ ਕੇਵਲ ਆਪਣੇ ਲਾਭ ਲਈ ਹੀ ਕਰਦੀ ਹੈ। ਉਹ ਕਿਸੇ ਤਰ੍ਹਾਂ ਵੀ ਦੂਜਿਆਂ ਦਾ ਕੁਝ ਨਹੀਂ ਸਵਾਰ ਸਕਦੀ। ਕਿਉਂਕਿ ਦੁਨੀਆ ਵਿਚ ਦੋਵੇਂ ਹੀ ਕੌਮਾਂ ਮੌਜੂਦ ਹਨ ਅਮੀਰ ਅਤੇ ਗ਼ਰੀਬ। ਇਨ੍ਹਾਂ ਵਿਚ ਕੋਈ ਪਿਆਰ ਅਤੇ ਹਮਦਰਦੀ ਵੀ ਨਹੀਂ ਹੈ। ਉਹ ਤਾਂ ਇਕ-ਦੂਜੇ ਦੇ ਖ਼ਿਆਲ ਸਮਝਾਣੋਂ ਵੀ ਅਸਮਰਥ ਹਨ। ਸਾਧਾਰਨ ਲੋਕ ਤਾਂ ਘੱਟ-ਸਮਝੀ ਦੀ ਵਜ੍ਹਾ ਕਰਕੇ ਦੂਜਿਆਂ ਦੇ ਖ਼ਿਆਲ 'ਤੇ ਕੰਮ ਨਹੀਂ ਸਮਝ ਸਕਦੇ ਅਤੇ ਸਮਝਦਾਰ ਲੋਕਾਂ ਨੂੰ ਪਾਰਟੀ ਵੰਡ, ਦੂਸਰਿਆਂ ਨੂੰ ਸਮਝਣ ਤੋਂ ਵਾਂਝਿਆ ਰੱਖਦੀ ਹੈ। ਇਸ ਤੋਂ ਅਸੀਂ ਵੇਖਦੇ ਹਾਂ ਕਿ ਪਾਰਟੀ ਵੰਡ ਦੇ ਲਾਭ ਤੋਂ ਵੱਖ, ਹਾਲਾਤ ਵੀ ਅਮੀਰਾਂ ਨੂੰ ਗ਼ਰੀਬਾਂ ਦੀ ਅਸਲੀ ਹਾਲਾਤ ਤੋਂ ਜਾਣੂ ਨਹੀਂ ਹੋਣ ਦਿੰਦੇ। ਮਨੁੱਖ ਦੇ ਖ਼ਿਆਲ ਆਮ ਕਰਕੇ ਇਸ ਦੇ ਤਜਰਬੇ 'ਤੇ ਨਿਰਭਰ ਹੋਇਆ ਕਰਦੇ ਹਨ ਅਤੇ ਅਮੀਰ ਲੋਕਾਂ ਨੂੰ ਗ਼ਰੀਬਾਂ ਦੀ ਹਾਲਤ ਦਾ ਕੁਝ ਵੀ ਤਜਰਬਾ ਨਹੀਂ। ਇਨ੍ਹਾਂ ਦਾ ਦਾਇਰਾ ਵੀ ਪਾਰਟੀ ਵੰਡ ਦੀਆਂ ਸਰਗਰਮੀਆਂ ਕਰਕੇ ਬਹੁਤ ਤੰਗ ਹੁੰਦਾ ਹੈ। ਉਨ੍ਹਾਂ ਨੂੰ ਆਪਣੀ ਪਾਰਟੀ ਤੋਂ ਬਾਹਰ ਕੁਝ ਨਹੀਂ ਨਜ਼ਰ ਆਉਂਦਾ। ਮਜਲਸੀ ਅਸੂਲਾਂ ਦੇ ਨਿਸਚੇ 'ਤੇ ਹਰ ਇਕ ਮਨੁੱਖ ਦੀ ਜਮਾਤ-ਵੰਡ ਦਾ ਬਹੁਤ ਅਸਰ ਰਹਿੰਦਾ ਹੈ। ਅਮੀਰ ਲੋਕ ਭਾਵੇਂ ਹਰ ਇਕ ਰੱਬ ਦੇ ਬੰਦੇ ਦੇ ਲਾਭ ਲਈ ਹੀ ਕੋਈ ਲਹਿਰ ਕਿਉਂ ਨਾ ਚਲਾਉਣ, ਆਖ਼ਰ ਵਿਚ ਉਹ ਉਨ੍ਹਾਂ ਦੀ ਜਮਾਤ ਲਈ ਹੀ ਲਾਭਵੰਦੀ ਸਾਬਤ ਹੁੰਦੀ ਹੈ। ਹਰ ਇਕ ਬੰਦੇ ਦੀ ਬਿਹਤਰੀ ਅਤੇ ਆਸ ਲੋਕਾਂ ਦੀ ਤਰੱਕੀ ਦੇ ਖ਼ਿਆਲ ਦੀ ਮੌਜੂਦਗੀ ਦੇ ਹੁੰਦਿਆਂ ਵੀ ਅਮੀਰ ਲੋਕ ਆਪਣੇ ਜਮਾਤੀ ਹਲਕੇ ਤੋਂ ਬਾਹਰ ਨਹੀਂ ਵੇਖ ਸਕਦੇ ਅਤੇ ਇਸੇ ਤੰਗ ਦਾਇਰੇ ਵਿਚ ਚੱਕਰ ਕੱਢਦੇ ਰਹਿੰਦੇ ਹਨ। ਦੁਨੀਆ ਵਿਚ ਜਿੰਨੀ ਤਾਕਤ ਇਸ ਪਾਰਟੀ-ਵੰਡ ਦੀ ਵਜ੍ਹਾ ਕਰਕੇ ਨਸ਼ਟ ਹੁੰਦੀ ਹੈ, ਇੰਨੀ ਹੋਰ ਕਿਧਰੇ ਨਹੀਂ ਹੁੰਦੀ। ਲੋਕ ਗ਼ਰੀਬਾਂ ਦੀ ਸਹਾਇਤਾ ਦਾ ਉੱਚਾ ਆਦਰਸ਼ ਸਾਹਮਣੇ ਰੱਖ ਕੇ ਮੈਦਾਨ ਵਿਚ ਕੁੱਦਦੇ ਹਨ। ਪਰ ਕਈ ਵੇਰਾਂ ਉਸ ਤੋਂ ਪਿੱਛੋਂ ਵੇਖਿਆ ਜਾਂਦਾ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਕੇਵਲ ਅਮੀਰ ਜਮਾਤ ਦੇ ਫ਼ਾਇਦੇ ਲਈ ਹੀ ਵਰਤੀਆਂ ਜਾਂਦੀਆਂ ਹਨ। ਇਸ ਕਰਕੇ ਖ਼ੁਸ਼ੀ ਰੰਜ ਵਿਚ ਬਦਲ ਜਾਂਦੀ ਹੈ। ਪਰ ਬਹੁਤ ਸਾਰੇ ਭੋਲੇ-ਭਾਲੇ ਲੋਕ ਅਖ਼ੀਰ ਤਕ ਇਹ ਸਮਝ ਹੀ ਨਹੀਂ ਸਕਦੇ ਅਤੇ ਇਸੇ ਨਿਸਚੇ ਵਿਚ ਮਰਦੇ ਹਨ ਕਿ ਉਨ੍ਹਾਂ ਨੇ ਆਮ ਲੋਕਾਂ ਦੀ ਤਰੱਕੀ ਲਈ ਬਹੁਤ ਕੁਝ ਕੰਮ ਕੀਤਾ।

ਅੱਜਕੱਲ੍ਹ ਹਿੰਦੁਸਤਾਨ ਦੀਆਂ ਤਮਾਮ ਤਹਿਰੀਕਾਂ 'ਤੇ ਨਜ਼ਰਸਾਨੀ ਕਰਨ ਕਰਕੇ ਹਰ ਇਕ ਪੁਰਸ਼ ਇਸ ਹਸਰਤ ਨਾਲ ਸੱਚਾਈ ਦੀ ਇਕ ਵਧੀਆ ਮਿਸਾਲ ਪਾ ਸਕਦਾ ਹੈ। ਚੰਦ ਇਕ ਸੱਜਣਾਂ ਦੀਆਂ ਜ਼ਾਤੀ ਕੋਸ਼ਿਸ਼ਾਂ ਨੂੰ ਛੱਡ ਕੇ ਸਿਆਸੀ ਅਤੇ ਮਜਲਸੀ ਮੈਦਾਨ ਵਿਚ ਜੋ ਲਹਿਰਾਂ ਉੱਠੀਆਂ, ਉਹ ਵੱਧ ਦਰਜੇ ਦੇ ਤਾਲੀਮਯਾਫ਼ਤਾ ਲੋਕਾਂ ਦੇ ਉਦਾਲੇ ਪੁਦਾਲੇ ਹੀ ਰਹੀਆਂ, ਜੋ ਕਿ ਸ਼ਹਿਰਾਂ ਵਿਚ ਰਹਿੰਦੇ ਹਨ ਅਤੇ ਆਜ਼ਾਦ ਪੇਸ਼ਾਵਰ ਲੋਕ ਅਖਵਾਉਂਦੇ ਹਨ, ਮੈਂ ਅੱਜ ਇਹ ਸਾਬਤ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਤੀਹਾਂ ਸਾਲਾਂ ਤੋਂ ਜੋ ਤਾਲੀਮੀ, ਮਜ਼ਲਸੀ ਅਤੇ ਸਿਆਸੀ ਲਹਿਰਾਂ ਚੱਲੀਆਂ, ਉਨ੍ਹਾਂ ਤੋਂ ਹਿੰਦੁਸਤਾਨ ਦੇ ਆਮ ਲੋਕਾਂ ਨੇ ਬਹੁਤ ਘੱਟ ਲਾਭ ਉਠਾਇਆ ਕਿਉਂਕਿ ਵੱਡੇ ਦਰਜੇ ਦੇ ਕਹੇ ਜਾਣ ਵਾਲੇ ਲੋਕ ਹੀ ਇਨ੍ਹਾਂ ਲਹਿਰਾਂ ਨੂੰ ਚਲਾਉਂਦੇ ਸਨ। ਇਸ ਕਰਕੇ ਇਨ੍ਹਾ



Sri Satguru Jagjit Singh Ji Elibrary NamdhariElibrary@gmail.com

ਦੇ ਆਦਰਸ਼ ਵੀ ਇਨ੍ਹਾਂ ਦੇ ਪਾਰਟੀ ਰੰਗ ਵਿਚ ਰੰਗੇ ਰਹਿੰਦੇ ਹਨ। ਹਰ ਇਕ ਲਹਿਰ ਇਸ ਲਹਿਰ ਦੇ ਚਲਾਉਣ ਵਾਲੇ ਲੋਕਾਂ ਦਾ ਅਸਲੀ ਨਿਚੋੜ ਹੀ ਹੋਇਆ ਕਰਦੀ ਹੈ। ਵਿਚਲੇ ਦਰਜੇ ਦੇ ਸੁਧਾਰਕ ਲੋਕ, ਗ਼ਰੀਬ ਕਿਸਾਨਾਂ ਅਤੇ ਮਜ਼ਦੂਰਾਂ ਦੇ ਅੰਦਰ ਵੜ ਕੇ ਚੰਗੀ ਤਰ੍ਹਾਂ ਨਹੀਂ ਸਮਝ ਸਕਦੇ। ਉਹ ਆਪਣੀ ਪਾਰਟੀ ਦੇ ਦੁਖ ਅਤੇ ਤਕਲੀਫ਼ਾਂ ਹੀ ਸਮਝ ਸਕਦੇ ਹਨ। ਉਨ੍ਹਾਂ ਦਾ ਆਦਰਸ਼ ਵੀ ਉਨ੍ਹਾਂ ਦੇ ਜਮਾਇਤੀ ਤੰਗ ਦਾਇਰੇ ਵਿਚ ਚਲਿਆ ਜਾਂਦਾ ਹੈ। ਉਹ ਇਸ ਕੰਧ ਨੂੰ, ਜੋ ਕਿ ਇਨ੍ਹਾਂ ਦੋਹਾਂ ਪਾਰਟੀਆਂ ਨੂੰ ਵੱਖੋ-ਵੱਖ ਕਰਦੀ ਹੈ, ਲੰਘ ਨਹੀਂ ਸਕਦੇ। ਜੇ ਕਿਸਾਨਾਂ ਨੇ ਕੋਈ ਤਹਿਰੀਕ ਖੜ੍ਹੀ ਕੀਤੀ ਹੋਈ ਹੁੰਦੀ ਤਾਂ ਉਨ੍ਹਾਂ ਦਾ ਵੱਖ ਹੀ ਆਦਰਸ਼ ਹੁੰਦਾ। ਆਮ ਲੋਕ ਆਪਣੀ ਸ਼੍ਰੇਣੀ ਅਨੁਸਾਰ ਹੀ ਹਰ ਇਕ ਚੀਜ਼ ਨੂੰ ਆਪਣੇ-ਆਪਣੇ ਨੁਕਤੇ ਦੀ ਨਜ਼ਰ ਨਾਲ ਵੇਖਦੇ ਹਨ। ਉਹ ਲੋਕ ਇਹ ਵੀ ਨਹੀਂ ਜਾਣ ਸਕਦੇ ਕਿ ਉਨ੍ਹਾਂ ਦੀ ਅਜਿਹੀ ਰਾਏ ਕਿਸ ਤਰ੍ਹਾਂ ਬਣ ਗਈ। ਫਿਰ ਭਾਵੇਂ ਉਹ ਕਿੰਨੇ ਉੱਚੇ ਆਦਰਸ਼ ਲੈ ਕੇ ਰੱਬ ਦੇ ਬੰਦਿਆਂ ਦੀ ਸੇਵਾ ਅਤੇ ਲਾਭ ਦੇ ਖ਼ਿਆਲ ਨਾਲ ਅੱਗੇ ਕਿਉਂ ਨਾ ਨਿਕਲਣ ਪਰ ਸ਼੍ਰੇਣੀ-ਰੁਚੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ। ਕਿਉਂਕਿ ਉਹ ਬਹੁਤ ਜ਼ਬਰਦਸਤ ਤਾਕਤ ਹੈ ਅਤੇ ਉਸ ਨੇ ਮਜਲਸੀ ਤਹਿਰੀਕ ਵਿਚ ਬੜਾ ਭਾਰੀ ਅਸਰ ਵਿਖਾਇਆ ਹੈ। ਤਵਾਰੀਖ ਵਿਚ ਅਧਿਕਤਰ ਚੀਜ਼ਾਂ ਜਿਸ ਤਰ੍ਹਾਂ ਨਜ਼ਰ ਆਉਂਦੀਆਂ ਹਨ, ਅਸਲ ਵਿਚ ਉਸ ਤਰ੍ਹਾਂ ਦੀਆਂ ਨਹੀਂ ਹੁੰਦੀਆਂ। ਮਜਲਸੀ ਸ਼੍ਰੇਣੀ-ਰੁਚੀ ਸਮਝਣ ਵਾਲਾ ਫ਼ਲਾਸਫ਼ਰ, ਕੰਮ ਕਰਨ ਵਾਲੇ ਦੀ ਨਿਸਬਤ ਉਸ ਦੀ ਸ਼੍ਰੇਣੀ-ਰੁਚੀ ਨੂੰ ਚੰਗੀ ਤਰ੍ਹਾਂ ਸਮਝ ਅਤੇ ਸਮਝਾ ਸਕਦਾ ਹੈ।

ਮੈਂ ਇਹ ਲੇਖ ਕੇਵਲ ਇਸੇ ਕਰਕੇ ਹੀ ਕਲਮ ਦੇ ਹਵਾਲੇ ਕਰ ਰਿਹਾ ਹਾਂ ਕਿ ਕਿਸਾਨ ਅਤੇ ਮਜ਼ਦੂਰ ਹੀ ਸਾਡੇ ਪਿਆਰ ਦੇ ਹੱਕਦਾਰ ਹਨ। ਅੰਗਰੇਜ਼ੀ ਅਦਬ ਤੋਂ ਜਾਣੂ ਲੋਕ ਕਾਰਲਾਇਲ ਦੇ ਪ੍ਰਸਿੱਧ ਮਕੂਲ ਨੂੰ ਕਈ ਵੇਰ ਪੜ੍ਹ ਚੁਕੇ ਹੋਣਗੇ ਕਿ "ਮੈਂ ਕੇਵਲ ਦੋ ਹੀ ਆਦਮੀਆਂ ਦੀ ਇੱਜ਼ਤ ਤੇ ਮੁਹੱਬਤ ਕਰਦਾ ਹਾਂ ਕਿਸੇ ਤੀਸਰੇ ਦੀ ਨਹੀਂ" ਮੈਂ ਇਕ ਕਦਮ ਹੋਰ ਅੱਗੇ ਵਧਦਾ ਹਾਂ ਅਤੇ ਆਖਦਾ ਹਾਂ ਕਿ ਮੈਂ ਕੇਵਲ ਇਕ ਆਦਮੀ ਨੂੰ ਹੀ ਪਿਆਰ ਅਤੇ ਇੱਜ਼ਤ ਦੀ ਨਿਗਾਹ ਨਾਲ ਵੇਖਦਾ ਹੈ ਕਿਸੇ ਦੂਜੇ ਨੂੰ ਨਹੀਂ ਅਤੇ ਉਹ ਹੈ ਗਰੀਬ ਮਜ਼ਦੂਰ (ਕਿਰਤੀ), ਜੋ ਦੁਨੀਆ ਦੀ ਦੌਲਤ ਪੈਦਾ ਕਰਦਾ ਹੈ।

ਪਿਛਲੇ ਤੀਹਾਂ ਵਰ੍ਹਿਆਂ ਤੋਂ ਜੋ ਲਹਿਰਾਂ ਹਿੰਦੋਸਤਾਨ ਵਿਚ ਚੱਲ ਰਹੀਆਂ ਹਨ, ਉਨ੍ਹਾਂ ਨੂੰ ਹੇਠਲੇ ਤਿੰਨਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ—(1) ਸਿਆਸੀ (2) ਤਾਲੀਮੀ (3) ਮਜ਼ਬੀ (ਮਜਲਸੀ)।

ਅੱਜ ਮੈਂ ਇਹ ਵਿਖਾਣਾ ਚਾਹੁੰਦਾ ਹਾਂ ਕਿ ਇਨ੍ਹਾਂ ਲਹਿਰਾਂ ਦਾ ਫ਼ਾਇਦਾ ਵੱਡੇ ਦਰਜੇ ਦੇ ਲੋਕਾਂ ਨੂੰ ਹੀ ਹੋਇਆ ਹੈ। ਗ਼ਰੀਬਾਂ ਨੂੰ ਇਸ ਤੋਂ ਕੋਈ ਲਾਭ ਨਹੀਂ ਪਹੁੰਚਿਆ।

(1) ਰਾਜਸੀ ਲਹਿਰਾਂ ਨੇ ਵੱਖ-ਵੱਖ ਸੂਰਤਾਂ ਪਕੜੀਆਂ। ਇਨ੍ਹਾਂ ਵਿਚ ਸਾਂਝੀਵਾਲ ਅਤੇ ਇੰਤਹਾ-ਪਸੰਦ ਦੋਵੇਂ ਤਰ੍ਹਾਂ ਦੇ ਆਦਮੀ ਸਨ। ਸ਼ਾਂਤਮਈ ਰਹਿ ਕੇ ਸਤਿਆਗ੍ਰਹਿ ਕਰਨ ਵਾਲੇ ਲੋਕ ਵੀ ਪੈਦਾ ਹੋ ਗਏ ਅਤੇ ਭਿਆਨਕ ਸਮਾਂ ਲਿਆਉਣ ਵਾਲੇ ਖ਼ਤਰਨਾਕ ਇਨਕਲਾਬੀ ਲੋਕ ਵੀ ਹੋ ਗਏ। ਇਸ ਰੌਲੇ-ਰੱਪੇ ਵਿਚ ਇਕ ਗੱਲ ਤਾਂ ਸਾਫ਼ ਹੈ, ਉਹ ਇਹ ਕਿ ਇਨ੍ਹਾਂ ਦੇ ਸਿਟਿਆਂ ਤੋਂ ਪਬਲਿਕ ਨੂੰ ਕੋਈ ਵੀ ਲਾਭ ਨਹੀਂ ਹੋਇਆ। ਇੰਡੀਅਨ ਨੈਸ਼ਨਲ ਕਾਂਗਰਸ ਹਿੰਦੋਸਤਾਨ ਭਰ ਦੀ ਕਾਂਗਰਸ ਵਿਚਲੇ ਦਰਜੇ ਦੇ ਲੋਕਾਂ ਦੀ ਇਕ ਖ਼ਾਸੀ ਅਤੇ ਚੰਗੀ ਪਾਰਟੀ (ਜਮਾਤ) ਹੈ। ਉਸ ਦੀਆਂ ਮੰਗਾਂ ਵੀ ਦਰਮਿਆਨੇ ਦਰਜੇ ਦੇ ਲੋਕਾਂ ਲਈ ਹੀ ਹਨ। ਕਾਂਗਰਸ ਕਦੇ ਵੀ ਆਪਣਾ ਪ੍ਰੋਗਰਾਮ ਕਿਰਤੀਆਂ ਤੇ ਕਿਸਾਨਾਂ ਨਾਲ ਰਲ ਕੇ ਤਿਆਰ ਨਹੀਂ ਕਰ ਸਕੀ, ਕਿਉਂਕਿ ਇਸ ਵਿਚ ਤਾਂ ਗਰੈਜੂਏਟ, ਵਕੀਲ, ਪ੍ਰੋਫੈਸਰ, ਵਪਾਰੀ ਲੋਕ ਵੀ ਸ਼ਾਮਲ ਹੋਏ। ਇਸ ਲਈ ਕਾਂਗਰਸ



Sri Satguru Jagjit Singh Ji Elibrary NamdhariElibrary@gmail.com

ਦਾ ਪ੍ਰੋਗਰਾਮ ਵੀ ਉਨ੍ਹਾਂ ਦੀ ਮਰਜ਼ੀ ਅਨੁਸਾਰ ਹੀ ਬਣਿਆ। ਇਕ ਲਹਿਰ ਇਕੋ ਵੇਲੇ ਹੀ ਅਮੀਰ ਗ਼ਰੀਬ ਦੋਹਾ ਪਾਰਟੀਆਂ ਦੇ ਲਾਭ ਲਈ ਕੰਮ ਨਹੀ ਕਰ ਸਕਦੀ। ਇਹ ਗੱਲ ਦੁਨੀਆ ਦੀਆਂ ਕੁਝ ਵੱਡੀਆਂ ਅਣਹੋਣੀਆਂ ਗੱਲਾਂ ਵਿਚੋਂ ਇਕ ਹੈ। ਕਾਂਗਰਸ ਦੀ ਮੰਗ ਹੈ ਕਿ "ਇਸ ਨੂੰ ਹਿੰਦੁਸਤਾਨ ਵਿਚ ਖ਼ਾਸ ਹਿੱਸਾ ਮਿਲਣਾ ਚਾਹੀਦਾ ਹੈ।" ਇਹ ਹਿੱਸਾ ਕਿਸ ਤਰ੍ਹਾਂ ਮਿਲੇਗਾ? ਜਿਨ੍ਹਾਂ ਗੱਲਾਂ ਦੀ ਕਾਂਗਰਸ ਵੱਲੋਂ ਮੰਗ ਕੀਤੀ ਜਾ ਰਹੀ ਹੈ, ਉਹ ਕਿਸ ਨੂੰ ਮਿਲਣਗੀਆਂ? ਜੇ ਸਰਕਾਰ ਹਿੰਦ ਦੀਆਂ ਨੌਕਰੀਆਂ ਹੀ ਹਿੰਦੁਸਤਾਨੀਆਂ ਨੂੰ ਮਿਲਣੀਆਂ ਹਨ ਤਾਂ ਉਹ ਕੌਣ ਲੋਕ ਪ੍ਰਾਪਤ ਕਰਨਗੇ? ਇਹ ਤਾਂ ਸ਼ਰਤੀਆ ਗੱਲ ਹੈ ਕਿ ਕਿਰਤੀ-ਕਿਸਾਨ ਲੋਕ ਉਨ੍ਹਾਂ ਨੌਕਰੀਆਂ ਨੂੰ ਪ੍ਰਾਪਤ ਨਹੀਂ ਕਰ ਸਕਣਗੇ। ਕੁਝ ਇਕ ਹਿੰਦੁਸਤਾਨੀਆਂ ਨੂੰ 'ਇੰਡੀਅਨ ਸਿਵਲ ਸਰਵਿਸ' ਵਿਚ ਅਹੁਦੇ ਮਿਲ ਜਾਣ ਕਰਕੇ ਕਿਸਾਨਾਂ ਅਤੇ ਕਿਰਤੀਆਂ ਨੂੰ ਤਾਂ ਵਿੱਦਿਆ, ਖ਼ੁਰਾਕ ਅਤੇ ਰਿਹਾਇਸ਼, ਗੱਲ ਕੀ ਹੋਰ ਜ਼ਰੂਰੀ ਚੀਜ਼ਾਂ ਨਸੀਬ ਨਹੀਂ ਹੋਣਗੀਆਂ। ਗ਼ਰੀਬ ਕਿਸਾਨਾਂ ਨੂੰ ਇਸ ਨਾਲ ਕੀ ਮਤਲਬ ਹੈ ਕਿ ਉਸ ਦੀ ਕਮਾਈ ਦਾ ਖਾਸਾ ਹਿੱਸਾ ਟੈਕਸ ਆਦਿ ਵਿਚ ਲੁੱਟ-ਪੁੱਟ ਕੇ ਲੈ ਜਾਣ ਵਾਲਿਆਂ ਵਿਚੋਂ ਹਿੰਦੁਸਤਾਨੀ ਕਿੰਨੇ ਹਨ ਅਤੇ ਦੂਜੇ ਕਿੰਨੇ? ਮਾਲ ਅਸਬਾਬ ਵਿਚੋਂ ਮੁਹੰਮਦ ਉਲਾ ਜਾਂ ਸਵਾਮੀ ਨੂੰ ਵੀ ਹਿੱਸਾ ਮਿਲਦਾ ਹੈ ਜੋ ਕਿ ਇਸੇ ਦੇਸ਼ ਦੇ ਹਨ। ਫਿਰ ਕਾਂਗਰਸ ਨੇ ਵੀ ਇਹ ਮੰਗ ਕਦੋਂ ਕੀਤੀ ਹੈ ਕਿ ਦੇਸੀ ਸਰਕਾਰੀ ਨੌਕਰਾਂ ਦੀ ਤਨਖਾਹ ਘਟਾ ਦਿੱਤੀ ਜਾਵੇ ਅਤੇ ਕਿਸਾਨਾਂ ਦਾ ਟੈਕਸ ਘੱਟ ਕਰ ਦਿੱਤਾ ਜਾਵੇ। ਕਾਂਗਰਸ ਨੇ ਸਰਕਾਰੀ ਅਫ਼ਸਰਾਂ ਦੀ ਤਨਖਾਹ ਘੱਟ ਕਰਵਾ ਕੇ ਗ਼ਰੀਬਾਂ ਕਿਸਾਨਾਂ ਦਾ ਭਾਰ ਹੌਲਾ ਕਰਨ ਦੀ ਕਦੇ ਵੀ ਕੋਸ਼ਿਸ਼ ਕੀਤੀ ਹੈ? ਫਿਰ ਆਮ ਜਨਤਾ ਨੂੰ ਇਨ੍ਹਾਂ ਲਹਿਰਾਂ ਤੇ ਮੰਗਾਂ ਨਾਲ ਕੀ ਲੱਗੇ?

ਅਸਲ ਵਿਚ ਅਜਿਹੀਆਂ ਲਹਿਰਾਂ ਤਾਂ ਵਿਚਲੇ ਦਰਜੇ ਦੇ ਲੋਕਾਂ ਦੇ ਦਿਮਾਗ਼ ਵਿਚੋਂ ਹੀ ਨਿਕਲ ਸਕਦੀਆਂ ਸਨ, ਕਿਉਂਕਿ ਉਹ ਲੋਕ ਆਪਣੇ ਬੱਚਿਆਂ ਲਈ ਚੰਗੀਆਂ-ਚੰਗੀਆਂ ਆਸਾਮੀਆਂ ਚਾਹੁੰਦੇ ਹਨ। ਵਕੀਲਾਂ ਦੀਆਂ ਅੱਖਾਂ ਸਦਾ ਜੱਜ ਦੀ ਪਦਵੀ ਨੂੰ ਤਰਸਦੀਆਂ ਰਹਿੰਦੀਆਂ ਹਨ। ਗਰੈਜੂਏਟ ਲੋਕ ਸੂਬਿਆਂ ਦੀਆਂ ਸਰਕਾਰਾਂ ਵਿਚ ਚੰਗੀਆਂ-ਚੰਗੀਆਂ ਅਸਾਮੀਆਂ ਵੱਲ ਵੇਖ-ਵੇਖ ਕੇ ਲਲਚਾਉਂਦੇ ਰਹਿੰਦੇ ਹਨ ਕਿਉਂਕਿ ਇਹ ਵਿਚਲੇ ਦਰਜੇ ਦੇ ਲੋਕਾਂ ਦੀਆਂ ਮੰਗਾਂ ਸਨ। ਇਸ ਕਰਕੇ ਉਨ੍ਹਾਂ ਵਿਚਲੇ ਦਰਜੇ ਦੇ ਲੋਕਾਂ ਨੂੰ ਹੀ 'ਮੁਲਕ ਅਤੇ ਕੌਮ' ਸਮਝਣਾ ਆਰੰਭ ਦਿੱਤਾ।

ਕਾਂਗਰਸ ਵਾਲੇ ਕਈ ਵੇਰ ਕੂਕਿਆਂ ਕਰਦੇ ਹਨ ਕਿ ਪੰਜਾਬ ਕੌਂਸਲ ਅਤੇ ਅਸੈਂਬਲੀ ਵਿਚ ਹਿੰਦੁਸਤਾਨੀਆਂ ਦੀ ਗਿਣਤੀ ਵਧਣੀ ਚਾਹੀਦੀ ਹੈ। ਇਸ ਤੋਂ ਵੀ ਆਮ ਹਿੰਦੁਸਤਾਨੀਆਂ ਨੂੰ ਕੀ ਲਾਭ ਹੋ ਸਕਦਾ ਹੈ, ਕੌਂਸਲਾਂ ਲਈ ਕਿਹੜੇ ਚੁਣੇ ਜਾਂਦੇ ਹਨ? ਕੀ ਉਹ ਲੋਕ ਆਪਣੀਆਂ ਖ਼ਿਦਮਤਾਂ ਦਾ ਇਨਾਮ ਨਹੀਂ ਲੈਂਦੇ? ਕੀ ਉਹ ਲੋਕ ਇਸ ਵਿਚ ਆਪਣੀ ਇੱਜ਼ਤ ਅਤੇ ਫ਼ਖਰ ਨਹੀਂ ਸਮਝਦੇ? ਕੀ 'ਆਨਰੇਬਲ' ਆਖਣ ਨਾਲ ਲੋਕ ਕਿਸੇ ਨੂੰ 'ਸ਼ਹੀਦ' ਆਖਣ ਲੱਗ ਪੈਂਦੇ ਹਨ? ਕੀ ਮੈਂਬਰਾਂ ਲਈ ਚੁਣੇ ਜਾਣਾ ਸਖ਼ਤ ਮੁਸੀਬਤ ਦੀ ਜ਼ਿੰਦਗੀ ਗੁਜ਼ਾਰਨਾ ਹੈ, ਜਾਂ ਇਸ ਤੋਂ ਬਿਲਕੁਲ ਉਲਟ? ਇਹ ਸਵਾਲ ਜ਼ਰੂਰ ਪੁੱਛੇ ਜਾਣੇ ਚਾਹੀਦੇ ਹਨ ਅਤੇ ਜਵਾਬ ਵੀ ਮਿਲਣੇ ਚਾਹੀਦੇ ਹਨ।

ਕੌਂਸਲ ਦੇ ਅਸਲੀ ਫ਼ਾਇਦਿਆਂ ਦਾ ਸਵਾਲ ਵੱਖ ਛੱਡਕੇ ਵੀ ਜੇ ਵੇਖੀਏ ਤਾਂ ਨਜ਼ਰ ਆਵੇਗਾ ਕਿ ਇਹ ਖ਼ਿਆਲ ਕੇਵਲ ਉਸ ਜਮਾਤ ਦੇ ਦਿਮਾਗ਼ ਵਿਚ ਪੈਦਾ ਹੋ ਸਕਦਾ ਹੈ, ਜਿਸ ਨੂੰ ਕਿ ਇਸ ਤੋਂ ਕੋਈ ਲਾਭ ਪੁੱਜਣ ਦੀ ਆਸ ਹੋਵੇ। ਕੁਝ ਇਕ ਵਕੀਲ, ਸ਼ਾਹੂਕਾਰ ਅਤੇ ਤਾਜਰ ਕੌਂਸਲ ਲਈ ਚੁਣੇ ਜਾਣ ਕਰਕੇ ਕਰੋੜਾਂ ਮਿਹਨਤ ਕਰਨ ਵਾਲੇ ਲੋਕਾਂ ਦੀ ਜਮਾਤ ਵਿਚ ਕੀ ਫ਼ਰਕ ਪੈ ਸਕਦਾ ਹੈ? ਕੀ ਇਨ੍ਹਾਂ ਲੋਕਾਂ ਦੀਆਂ ਟੈਕਸਾਂ ਘੱਟ ਕਰ ਦਿੱਤੀਆਂ ਜਾਣਗੀਆਂ? ਕੀ ਮਜ਼ਦੂਰਾਂ



Sri Satguru Jagjit Singh Ji Elibrary NamdhariElibrary@gmail.com

ਦੀਆਂ ਤਨਖਾਹਾਂ ਵਧਾਈਆਂ ਜਾਣਗੀਆਂ? ਕੀ ਉਨ੍ਹਾਂ ਲੋਕਾਂ ਦਾ ਪੁਰਾਣਾ ਖ਼ਤਰਾ ਵਗਾਰ, ਪੁਲਿਸ ਜਾਂ ਤਹਿਸੀਲਦਾਰ, ਕਾਲ ਜਾਂ ਪਲੇਗ ਦੂਰ ਹੋ ਜਾਣਗੇ? ਕੀ ਉਨ੍ਹਾਂ ਲੋਕਾਂ ਲਈ ਪਿੰਡਾਂ ਵਿਚ ਸਾਫ਼ ਪਾਣੀ ਪਹੁੰਚਾਉਣ ਦਾ ਬੰਦੋਬਸਤ ਕੀਤਾ ਜਾਵੇਗਾ? ਕੀ ਪਿੰਡਾਂ ਵਿਚ ਸਕੂਲ ਅਤੇ ਲਾਇਬ੍ਰੇਰੀਆਂ ਖੋਲ੍ਹ ਦਿੱਤੀਆਂ ਜਾਣਗੀਆਂ? ਅਸੀਂ ਕੁਝ ਉਪਰੋਕਤ ਹਿੰਦੁਸਤਾਨੀਆਂ ਦੇ ਕੌਂਸਲਾਂ ਵਿਚ ਚਲੇ ਜਾਣ ਨਾਲ ਇਨ੍ਹਾਂ ਗੱਲਾਂ ਵਿਚ ਤਾਂ ਕੋਈ ਵਾਧਾ-ਘਾਟਾ ਨਹੀਂ ਦੇਖਦੇ। ਹਾਂ, ਕੁਝ ਇਕ ਤਾਲੀਮ ਵਾਲੇ ਲੋਕ ਇਸ ਤੋਂ ਰੁਪਿਆ ਜ਼ਰੂਰ ਕਮਾ ਸਕਣਗੇ ਅਤੇ ਕੁਝ ਉਨ੍ਹਾਂ ਦੀ ਇੱਜ਼ਤ ਵਧੇਗੀ ਅਤੇ ਉਹ ਬੜੀ ਆਕੜ ਨਾਲ ਇਧਰ-ਉਧਰ ਭਾਉਂਦੇ ਫਿਰ ਸਕਣਗੇ। ਅਤੇ ਇਸ ਰਨੇਰ ਲਿਆ ਦੇਣ ਵਾਲੀ ਕੌਮ ਤੇ ਮੁਫ਼ਤ ਦਾ ਰੋਹਬ-ਦਾਬ ਪਾ ਕੇ ਗਿਰਾਵਟ ਪੈਦਾ ਕਰਨਗੇ। ਪਰ ਉਹ ਵਿਚਾਰੇ ਇਹ ਨਹੀਂ ਸਮਝਦੇ ਕਿ ਇਹ ਲਹਿਰਾਂ ਕਿਥੋਂ ਉੱਠਦੀਆਂ ਹਨ? ਅਤੇ ਕਿਸ ਤਰ੍ਹਾਂ ਵਧਦੀਆਂ ਹਨ। ਸਾਰਾ ਤਾਣਾ ਪੇਟਾ ਸਮਝ ਵਿਚ ਆ ਸਕਦਾ ਹੈ ਜੇ ਉਹ ਇਨਾ ਹੀ ਸਮਝ ਲੈਣ ਕਿ ਇਹ ਸਭ ਕੁਝ ਵਿਚਲੇ ਦਰਜੇ ਦੇ ਲੋਕਾਂ ਦਾ ਹੀ ਨਚੋੜ ਹੈ ਅਤੇ ਇਸ ਤੋਂ ਕਿਸਾਨਾਂ ਅਤੇ ਕਿਰਤੀਆਂ ਨੂੰ ਕੋਈ ਲਾਭ ਨਹੀਂ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਲਹਿਰਾਂ ਦੀ ਕਾਮਯਾਬੀ ਤੋਂ ਵਿਚਲੇ ਦਰਜੇ ਦੇ ਲੋਕਾਂ ਨੂੰ ਹੀ ਲਾਭ ਪਹੁੰਚਦਾ ਹੈ। ਉਨ੍ਹਾਂ ਨੇ ਕਦੇ ਵਗਾਰ, ਪਲੇਗ ਆਦਿ ਮਰੀਜ਼ਾਂ ਦੇ ਵਿਰੁੱਧ ਬੰਦੋਬਸਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਨਾ ਕਦੇ ਲਗਾਨ, ਲੂਣ ਦਾ ਮਸੂਲ, ਆਬਯਾਨਾ ਘੱਟ ਕਰਵਾਉਣ ਜਾਂ ਲੋਕਾਂ ਦੀ ਵਿਦਿਆ ਦਾ ਯੋਗ ਪ੍ਰਬੰਧ ਕੀਤਾ ਹੈ। ਹਾਲਾਂਕਿ ਇਹੋ ਹੀ ਜ਼ਰੂਰੀ ਸਵਾਲ ਹਨ, ਜਿਨ੍ਹਾਂ ਦੇ ਹੱਲ ਹੋ ਜਾਣ ਨਾਲ ਜਨਤਾ ਨੂੰ ਲਾਭ ਪ੍ਰਾਪਤ ਹੋ ਸਕਦਾ ਹੈ। ਵਿਚਾਰੇ ਮਜ਼ਦੂਰ ਜਾਂ ਕਿਸਾਨ ਨੂੰ ਸਿਵਲ ਸਰਵਿਸ ਜਾਂ ਪੰਜਾਬ ਕੌਂਸਲ 'ਚੋਂ ਕੀ ਲਾਭ ਹੈ? ਉਹ ਇੱਜ਼ਤ ਨਹੀਂ ਚਾਹੁੰਦਾ, ਪਦਵੀ ਨਹੀਂ ਚਾਹੁੰਦਾ। ਹਾਂ ਰੋਟੀ, ਅਰੋਗਤਾ ਅਤੇ ਆਜ਼ਾਦੀ ਜ਼ਰੂਰ ਚਾਹੁੰਦਾ ਹੈ। ਪਰ ਇਨ੍ਹਾਂ ਵੱਲ ਤਾਂ ਕਾਂਗਰਸ ਨੇ ਕਦੀ ਵੀ ਧਿਆਨ ਨਹੀਂ ਦਿੱਤਾ। ਹਾਂ ! ਕਈ ਇਕ ਜ਼ਰੂਰੀ ਮਤੇ ਪਾਸ ਕਰ ਦਿੱਤੇ ਪਰ ਇਨ੍ਹਾਂ ਨਾਲ ਕੀ ਹੋ ਸਕਦਾ ਹੈ? ਗੌਰਮਿੰਟ ਚੰਗੀ ਤਰ੍ਹਾਂ ਸਮਝਦੀ ਹੈ ਕਿ ਇਨ੍ਹਾਂ ਵਿਚਲੇ ਦਰਜੇ ਦੇ ਲੋਕਾਂ ਦੀ ਸ਼੍ਰੇਣੀ-ਰੁਚੀ ਕੀ ਹੈ? ਉਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਹ ਲੋਕ ਕੁਝ ਰਤਾ ਜਿੰਨਾ ਹੀ ਸੁਧਾਰ ਚਾਹੁੰਦੇ ਹਨ, ਜਿਸ ਨਾਲ ਕਿ ਇਨ੍ਹਾਂ ਦੀ ਪਾਰਟੀ ਨੂੰ ਲਾਭ ਹੋਣ ਦੀ ਆਸ ਹੋਵੇ। ਇਨ੍ਹਾਂ ਨੂੰ ਇਸ ਨਾਲ ਵਾਸਤਾ ਨਹੀਂ ਕਿ ਪਿੰਡਾਂ ਵਿਚ ਰਹਿਣ ਵਾਲਿਆਂ ਨਾਲ ਕਿਵੇਂ ਗੁਜ਼ਰਦੀ ਹੈ? ਇਸ ਕਾਰਨ ਕਰਕੇ ਗੌਰਮਿਟ ਕੌਂਸਲ ਅਤੇ ਸਿਵਲ ਸਰਵਿਸ ਆਦਿ ਕੁਝ ਅਹੁਦੇ ਇਨ੍ਹਾਂ ਲੋਕਾਂ ਨੂੰ ਦੇ ਕੇ ਜਨਤਾ ਦੀ ਐਜੀਟੇਸ਼ਨ ਰੋਕਣ ਦੇ ਯਤਨ ਕੀਤਾ ਕਰਦੀ ਹੈ। ਇਸ ਤਰ੍ਹਾਂ ਵੱਡੇ-ਵੱਡੇ ਨੇਕ ਦਿਲ ਅਤੇ ਸੱਚੇ ਸੇਵਕਾਂ ਦੀਆਂ ਮਿਹਨਤਾਂ ਵੀ ਇਨ੍ਹਾਂ ਵਿਚਲੇ ਦਰਜੇ ਦੇ ਲੋਕਾਂ ਵਾਸਤੇ ਸੋਨਾ ਸਾਬਤ ਹੁੰਦੀਆਂ ਹਨ, ਜਿਥੇ ਕਿ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਭੋਰਾ ਵੀ ਲਾਭ ਨਹੀਂ ਪੁੱਜਦਾ।

ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਮੈਂ ਆਖਾਂਗਾ ਕਿ ਮੁਜ਼ਾਰਿਆਂ ਦੇ ਹੱਕਾਂ ਉੱਪਰ ਧਿਆਨ ਦਿੱਤਿਆਂ ਪਤਾ ਲੱਗ ਜਾਵੇਗਾ ਕਿ ਸਭ ਪੁਲੀਟੀਕਲ ਪਾਰਟੀਆਂ ਜ਼ਿਮੀਂਦਾਰਾਂ ਵਲੋਂ ਜ਼ਿਮੀਂਦਾਰਾਂ ਦੇ ਹੱਕਾਂ ਲਈ ਤਾਂ ਜ਼ਰੂਰ ਐਜੀਟੇਸ਼ਨ ਕਰਦੀਆਂ ਹਨ। ਪਰ ਮੁਜ਼ਾਰਿਆਂ ਦੇ ਹੱਕਾਂ ਲਈ ਕਦੇ ਆਵਾਜ਼ ਉਠਾਉਣ ਦੀ ਹਿੰਮਤ ਨਹੀਂ ਕਰਦੀਆਂ। ਹਾਲਾਂਕਿ ਸਾਡੇ ਦੇਸ਼ ਦੇ ਬਹੁਗਿਣਤੀ ਵਾਲੇ ਮੁਜ਼ਾਰੇ, ਜ਼ਿਮੀਂਦਾਰਾਂ ਦੇ ਜ਼ੁਲਮਾਂ ਤੇ ਟੈਕਸਾਂ ਅਤੇ ਲਗਾਨ ਥੱਲੇ ਪੀਹਠੇ ਜਾ ਰਹੇ ਹਨ।

ਉਹ ਲਹਿਰਾਂ, ਜੋ ਆਪਣੇ ਪ੍ਰੋਗਰਾਮ ਵਿਚ ਇਸ ਸਵਾਲ ਨੂੰ ਸਭ ਤੋਂ ਪਹਿਲਾਂ ਸਾਹਮਣੇ ਨਹੀਂ ਕਰਦੀਆਂ ਅਤੇ ਇਸ ਲਈ ਐਜੀਟੇਸ਼ਨ ਨਹੀਂ ਕਰਦੀਆਂ, ਉਹ ਆਮ ਜਨਤਾ ਦੀਆਂ



Sri Satguru Jagjit Singh Ji Elibrary NamdhariElibrary@gmail.com

ਲਹਿਰਾਂ ਨਹੀਂ ਅਖਵਾ ਸਕਦੀਆਂ। ਇਸ ਲਈ ਅਸੀਂ ਕਾਂਗਰਸ ਨੂੰ ਗੁਨਾਹਗਾਰ ਨਹੀਂ ਠਹਿਰਾ ਸਕਦੇ ਕਿਉਂਕਿ ਉਹ ਆਪਣੇ ਮੈਂਬਰਾਂ ਤੋਂ ਬਿਨਾਂ ਦੂਜੇ ਲੋਕਾਂ ਵੱਲ ਵਧੀਕ ਧਿਆਨ ਨਹੀਂ ਦੇ ਸਕਦੀ। ਜੁੱਤੀ ਪੌਣ ਵਾਲਾ ਹੀ ਚੰਗੀ ਤਰ੍ਹਾਂ ਸਮਝ ਸਕਦਾ ਹੈ, ਕਿ ਪੈਰ ਵਿਚ ਕਿੱਲ ਕਿੱਥੋਂ ਵੱਜਦਾ ਹੈ। ਇਹ ਗੱਲ ਚੰਗੀ ਤਰ੍ਹਾਂ ਕਿਸਾਨ ਹੀ ਅਨੁਭਵ ਕਰ ਸਕਦਾ ਹੈ ਕਿ ਆਏ ਦਿਨ ਲਗਾਨ ਆਦਿ ਨਾਲ ਦੁਖੀ ਹੋ ਕੇ ਮੇਰੀ ਜ਼ਿੰਦਗੀ ਕਿਸ ਤਰ੍ਹਾਂ ਲੰਘ ਰਹੀ ਹੈ। ਤਾਲੀਮ ਯਾਫ਼ਤਾ ਦਰਮਿਆਨੇ ਦਰਜੇ ਦੇ ਲੋਕ ਸੁਆਹ ਇਸ ਦਾ ਅੰਦਾਜ਼ਾ ਲਾ ਸਕਣਗੇ?

ਅਸੀਂ ਤਾਂ ਸਾਫ਼ ਆਖਦੇ ਹਾਂ ਕਿ ਕਿਸਾਨਾਂ ਦੀ ਕਾਂਗਰਸ ਦੇ ਮਤੇ ਇਸ ਕਾਂਗਰਸ ਨਾਲੋਂ ਬਿਲਕੁਲ ਵੱਖਰੇ ਅਤੇ ਨਵੇਂ ਢੰਗ ਦੇ ਹੀ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਵੀ ਹੋਰ ਹੀ ਢੰਗ ਦੀਆਂ ਹੋਣਗੀਆਂ।

## ਵਿੱਦਿਅਕ ਲਹਿਰਾਂ

ਰਾਜਸੀ-ਲਹਿਰਾਂ ਵਾਸਤੇ ਮੁਲਕ ਨੇ ਬਹੁਤ ਸਾਰੀਆਂ ਕੁਰਬਾਨੀਆਂ ਕੀਤੀਆਂ। ਦਰਜਨਾਂ ਕੀਮਤੀ ਜਾਨਾਂ ਇਸੇ ਵਿਚ ਲੱਗ ਗਈਆਂ। ਪਰ ਵਿੱਦਿਅਕ-ਲਹਿਰਾਂ ਲਈ ਤਾਂ ਸਾਡੀ ਬਹੁਤ ਸਾਰੀ ਤਾਕਤ ਖਰਚ ਹੋਈ ਅਤੇ ਬਹੁਤ ਸਾਰੇ ਨੇਕ ਮਰਦ ਅਤੇ ਔਰਤਾਂ ਦੀਆਂ ਜ਼ਿੰਦਗੀਆਂ ਇਨ੍ਹਾਂ ਲਈ ਹੀ ਵਕਫ਼ ਹੋ ਗਈਆਂ। ਪਰ ਸਿੱਟਾ ਇਥੇ ਵੀ ਨਿਰਾਸਤਾ ਭਰਿਆ ਹੀ ਹੋਇਆ। ਕਿਉਂਕਿ ਇਸ ਤੋਂ ਵੀ ਵਿਚਲੇ ਦਰਜੇ ਦੇ ਲੋਕਾਂ ਨੂੰ ਹੀ ਕੁਝ ਲਾਭ ਪਹੁੰਚ ਸਕਿਆ ਹੈ। ਸਾਡੇ ਬਹੁਤ ਸਾਰੇ ਆਗੂਆਂ ਨੇ ਸ਼ਹਿਰਾਂ ਵਿਚ ਵੱਖ-ਵੱਖ ਕੌਮਾਂ, ਬਰਾਦਰੀਆਂ ਤੇ ਸਭਾਵਾਂ ਵੱਲੋਂ ਹਾਈ ਸਕੂਲ ਅਤੇ ਕਾਲਜ ਖੋਲ੍ਹ ਦਿੱਤੇ। ਪਰ ਕੀ ਅਸੀਂ ਪੁਛ ਸਕਦੇ ਹਾਂ ਕਿ ਉਨ੍ਹਾਂ ਦੇਸ਼-ਭਗਤਾਂ ਦੇ ਦਿਲਾਂ ਵਿਚ ਕਾਲਜ ਅਤੇ ਸਕੂਲ ਖੋਲ੍ਹਣ ਦਾ ਖ਼ਿਆਲ ਕਿਵੇਂ ਪੈਦਾ ਹੋਇਆ? ਉਨ੍ਹਾਂ ਨੇ ਆਪਣੇ ਇਸ ਵੱਡੇ ਕੰਮ ਨੂੰ ਪਿੰਡਾਂ ਵਿਚ ਹੀ ਕਿਉਂ ਨਾ ਕੀਤਾ? ਜਿਸ ਕਰਕੇ ਖ਼ਰਚ ਤਾਂ ਘੱਟ ਹੁੰਦਾ ਅਤੇ ਲਾਭ ਵਧੇਰੇ ਪੁੱਜਦਾ। ਉਨ੍ਹਾਂ ਨੇ ਵਕੀਲ ਅਤੇ ਦਫ਼ਤਰਾਂ ਲਈ ਕਲਰਕ ਪੈਦਾ ਕਰਨੇ ਆਪਣਾ ਮੰਤਵ ਹੀ ਕਿਉਂ ਬਣਾ ਲਿਆ ਹੈ ਅਤੇ ਫੇਰ ਹਿੰਦੂ ਅਤੇ ਮੁਸਲਮਾਨ ਵੱਖੋ-ਵੱਖ ਆਪਣੀਆਂ-ਆਪਣੀਆਂ ਯੂਨੀਵਰਸਿਟੀਆਂ ਕਿਉਂ ਕਾਇਮ ਕਰ ਰਹੇ ਹਨ। ਅਸੀਂ ਤਾਂ ਇਹ ਸਮਝਦੇ ਹਾਂ ਕਿ ਇ ਲੋਕ ਵੀ ਸ਼੍ਰੇਣੀ-ਰੁਚੀ ਦੇ ਸਾਏ ਹੇਠ ਹੀ ਆਪਣਾ ਕੰਮ ਕਰਦੇ ਹਨ। ਦ੍ਰਿਸ਼ਟਾਂਤ ਵਜੋਂ ਪੰਜਾਬ ੮ ਆਰੀਆ ਸਮਾਜ ਨੂੰ ਹੀ ਲੈ ਲਓ।

ਉਹ (ਸਵਾਮੀ ਦਇਆ ਨੰਦ ਦੀ ਯਾਦਗਾਰ) ਇਕ ਐਸ਼ੇ ਕਾਲਜ ਤੋਂ ਕਰਨੀ ਚਾਹੁੰਦੇ ਹਨ ਜੋ ਕਿ ਪੰਜਾਬ ਦੀ ਸਰਕਾਰੀ ਯੂਨੀਵਰਸਿਟੀ ਦੇ ਨਾਲ ਮਿਲਣ ਵਾਲਾ ਹੋਵੇ। ਕਿੱਡਾ ਹਨ੍ਹੇਰ ਹੈ! ਕਿਥੇ ਸਵਾਮੀ ਦਇਆ ਨੰਦ ਦਾ ਆਦਰਸ਼, ਕਿਥੇ ਸਰਕਾਰੀ ਯੂਨੀਵਰਸਿਟੀ ਅਤੇ ਇਸ ਦੇ ਕਾਲਜ। ਪਰ ਛੇਕੜ ਇਹ ਹੋਇਆ ਕਿਉਂ? ਇਸ ਦੀ ਵਜ੍ਹਾ ਸਾਫ਼ ਹੈ। ਇਸ ਦੇ ਉਪਾਸਕਾਂ ਵਿਚ ਅਧਿਕਤਰ ਵਕੀਲ ਤੇ ਗਰੈਜੂਏਟ ਆਦਿ ਵਿਚਲੇ ਦਰਜੇ ਦੇ ਲੋਕ ਹੀ ਸਨ। ਜੇ ਕਿਤੇ ਸੰਸਕ੍ਰਿਤ ਪੜ੍ਹੇ ਪੰਡਤਾਂ ਦੇ ਸਾਹਮਣੇ ਸਵਾਮੀ ਦਇਆ ਨੰਦ ਦੀ ਯਾਦਗਾਰ ਕਾਇਮ ਕਰਨ ਦਾ ਸਵਾਲ ਆਉਂਦਾ ਤਾਂ ਉਹ ਬਿਲਕੁਲ ਹੋਰ ਚੀਜ਼ ਹੀ ਕਾਇਮ ਕਰਦੇ। ਜੇ ਕਿਤੇ ਸਵਾਮੀ ਦਇਆ ਨੰਦ ਦੇ ਪੁਰਾਤਨ ਉਪਾਸਕਾਂ ਵਿਚ ਕਿਸਾਨਾਂ ਦੀ ਬਹੁਗਿਣਤੀ ਹੁੰਦੀ ਤਾਂ ਉਨ੍ਹਾਂ ਲੋਕਾਂ ਨੇ ਵੀ ਕਾਲਜ ਕਾਇਮ ਨਾ ਕੀਤਾ ਹੁੰਦਾ। ਇਨ੍ਹਾਂ ਦੇ ਖ਼ਿਆਲ ਵਿਚ ਕਿਸੇ ਹੋਰ ਪ੍ਰਕਾਰ ਦੀ ਯਾਦਗਾਰ ਹੀ ਚੰਗੀ ਲਾਭਵੰਦ ਹੁੰਦੀ। ਸਮਾਜ ਦੇ ਵਿੱਦਿਅਕ ਅੱਡੇ ਕੇਵਲ ਇਸੇ ਕਰਕੇ ਕਾਇਮ ਹੋਏ ਕਿ ਵਿਚਲੇ ਦਰਜੇ ਦੇ ਲੋਕਾਂ ਦੇ ਬਾਲ ਬੱਚੇ ਚੰਗੀ ਤਰ੍ਹਾਂ ਕਮਾ ਸਕਣ। ਇਹੋ ਸ਼੍ਰੇਣੀ-ਰੁਚੀ ਕੰਮ ਕਰ ਰਹੀ ਹੈ। ਦੱਖਣ ਦੇ ਦੇਸ਼-ਭਗਤਾਂ ਨੇ ਵਿੱਦਿਆ ਲਈ ਬਹੁਤ ਕੁਰਬਾਨੀਆਂ ਕੀਤੀਆਂ, ਪਰ ਕਿਨ੍ਹਾਂ ਦੀ ਵਿੱਦਿਆ ਲਈ? ਫਰਗੋਸ਼ਨ ਕਾਲਜ ਨੇ ਹਜ਼ਾਰਾਂ ਵਿਚਲੇ ਦਰਜੇ ਦੇ ਨੌਜਵਾਨਾਂ ਨੂੰ ਵਿੱਦਿਆ



Sri Satguru Jagjit Singh Ji Elibrary NamdhariElibrary@gmail.com

ਦਿੱਤੀ। ਰੋਜ਼ੀ ਕਮਾਉਣ ਅਤੇ ਉੱਨਤੀ ਕਰਨ ਜੋਗਾ ਬਣਾਇਆ। ਪਰ ਕਿਸਾਨਾਂ ਲਈ ਕਿਸ ਨੇ ਕੀ ਕੀਤਾ ? ਇਸ ਕਾਲਜ ਵਿਚੋਂ ਜਿੰਨੇ ਵਕੀਲ ਤੇ ਪ੍ਰੋਫੈਸਰ ਨਿਕਲਦੇ ਹਨ, ਉਹ ਵਿਚਾਰੇ ਕਿਸਾਨਾਂ ਦੇ ਸਿਰਾਂ ਤੇ ਵੇਹਲੇ ਬੈਠੇ ਮੌਜਾਂ ਮਾਣਦੇ ਹਨ। ਉਹ ਵੀ ਕਿਸਾਨਾਂ ਦਾ ਲਹੂ ਪੀਣ ਵਾਲੀ ਜਮਾਤ ਵਿਚ ਸ਼ਾਮਲ ਹਨ। ਆਮ ਲੋਕ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਅਤੇ ਲਿਆਕਤ ਦਾ ਕੁਝ ਠੀਕ ਫਾਇਦਾ ਨਹੀਂ ਉਠਾ ਸਕਦੇ। ਕੀ ਇਹ ਠੀਕ ਨਾ ਹੁੰਦਾ ਕਿ ਇਹੋ ਲੋਕ ਪੁਰਾਣੇ ਸਮੇਂ ਦੇ ਸਾਧੂਆਂ ਵਾਂਗ ਸਿੱਧੇ ਆਮ ਲੋਕਾਂ ਪਾਸ ਚਲੇ ਗਏ ਹੁੰਦੇ ਅਤੇ ਉਨ੍ਹਾਂ ਨੇ ਆਪਣੀਆਂ ਕੀਮਤੀ ਜ਼ਿੰਦਗੀਆਂ ਵਿਚਲੇ ਦਰਜੇ ਦੇ ਲੋਕਾਂ ਲਈ ਹੀ ਅਰਪਨ ਕਰਕੇ ਨਾ ਗਵਾ ਲਈਆਂ ਹੁੰਦੀਆਂ। ਇਹ ਕਿੰਨਾ ਜ਼ਰੂਰੀ ਸਵਾਲ ਹੈ, ਜੋ ਕਦੇ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਮੈਂ ਹਰ ਇਕ ਬੰਦੇ ਦੀ ਖਿਦਮਤ ਕਰਨੀ ਆਪਣਾ ਆਦਰਸ਼ ਸਮਝਣ ਵਾਲੇ ਨੌਜਵਾਨਾਂ ਨੂੰ ਕਹਾਂਗਾ ਕਿ ਵਿਚਲੇ ਦਰਜੇ ਦੇ ਲੋਕਾਂ ਦੇ ਫ਼ਾਇਦਿਆਂ ਨੂੰ ਆਪਣੇ ਰਾਹ ਵਿਚ ਨਾ ਠਹਿਰਨ ਦਿਓ। ਸਿੱਧੇ ਸਾਧਾਰਨ ਲੋਕਾਂ ਪਾਸ ਜਾਉ, ਕਿਉਂਕਿ ਅਸੀਂ ਲੋਕ ਵਿਚਲੇ ਦਰਜੇ ਦੇ ਲੋਕਾਂ ਵਿਚੋਂ ਹਾਂ। ਇਸ ਲਈ ਐਨ ਹੋ ਸਕਦਾ ਹੈ, ਕਿ ਅਸੀਂ ਭੁੱਲਾਂ ਕਰੀਏ ਤੇ ਆਪਣੀ-ਆਪਣੀ ਪਾਰਟੀ ਨੂੰ ਕਲੰਕਤ ਕਰੀਏ ਅਤੇ ਦਿਲ ਨੂੰ ਤਸੱਲੀ ਦਿੰਦੇ ਰਹੀਏ ਕਿ ਅਸੀਂ ਲੋਕਾਂ ਦੀ ਸੇਵਾ ਕਰ ਰਹੇ ਹਾਂ। ਮੈਂ ਇਹ ਚਾਹੁੰਦਾ ਹਾਂ ਕਿ ਨੌਜਵਾਨ ਇਸ ਖ਼ਤਰੇ ਤੋਂ ਬਚੇ ਰਹਿਣ।

ਔਰਤਾਂ ਦੀ ਤਾਲੀਮ ਦਾ ਰੌਲਾ ਵੀ ਵਿਚਲੇ ਦਰਜੇ ਦੇ ਲੋਕਾਂ ਦਾ ਹੀ ਮਸਲਾ ਹੈ। ਸਾਡੇ ਲੜਕੀਆਂ ਦੇ ਸਕੂਲਾਂ ਵਿਚ ਕਿਸਾਨਾਂ ਦੀਆਂ ਕਿੰਨੀਆਂ ਲੜਕੀਆਂ ਵਿੱਦਿਆ ਪੜ੍ਹਦੀਆਂ ਹਨ ? ਅਸਲ ਵਿਚ ਪਿੰਡਾਂ ਵਿਚ ਤਾਂ ਇਹ ਸਵਾਲ ਹੀ ਨਹੀਂ ਹੈ, ਕਿਉਂਕਿ ਉਥੇ ਤਾਂ ਮਰਦ ਵੀ ਅਨਪੜ੍ਹ ਹਨ, ਇਹ ਸਵਾਲ ਤਾਲੀਮ-ਯਾਫਤਾ ਨੌਜਵਾਨਾਂ ਲਈ ਪੜ੍ਹੀਆਂ ਹੋਈਆਂ ਲੜਕੀਆਂ ਦੀ ਲੋੜ ਤੋਂ ਹੀ ਪੈਦਾ ਹੋਇਆ ਕਿ ਲੜਕੀਆਂ ਨੂੰ ਵੀ ਵਿੱਦਿਆ ਦਿੱਤੀ ਜਾਵੇ। ਇਸ ਕਰਕੇ ਵਿਚਲੇ ਦਰਜੇ ਦੇ ਲੋਕਾਂ ਦੇ ਘਰ ਵਧੇਰੇ ਖ਼ੁਸ਼ਹਾਲ ਅਤੇ ਆਰਾਮ ਵਾਲੇ ਬਣ ਗਏ। ਪਰ ਕੁਝ ਇਕ ਮਹੱਲਾਂ ਦੀ ਮੌਜੂਦਗੀ ਨਾਲ ਆਮ ਲੋਕਾਂ ਦੀ ਹਾਲਤ ਕਿਸ ਤਰ੍ਹਾਂ ਸੁਧਰ ਸਕਦੀ ਹੈ ? ਉਨ੍ਹਾਂ ਲੋਕਾਂ ਦੇ ਆਰਾਮ ਅਤੇ ਤਰੱਕੀ ਨਾਲ ਕਿਸਾਨਾਂ ਅਤੇ ਕਿਰਤੀਆਂ ਨੂੰ ਕੋਈ ਲਾਭ ਨਹੀਂ ਪੁੱਜ ਸਕਦਾ। ਉਹ ਗਰੀਬ ਇਨ੍ਹਾਂ ਲਹਿਰਾਂ ਤੋਂ ਕੋਈ ਵੀ ਲਾਭ ਨਹੀਂ ਉਠਾ ਸਕਦੇ। ਜੇ ਇਹ ਵਿਦਿਅਕ ਲਹਿਰਾਂ ਆਮ ਲੋਕਾਂ ਦੀ ਬੇਹਤਰੀ ਲਈ ਜਾਰੀ ਕੀਤੀਆਂ ਗਈਆਂ ਹੁੰਦੀਆਂ ਤਾਂ ਸਭ ਤੋਂ ਪਹਿਲਾਂ ਪਿੰਡਾਂ ਦੇ ਸਕੂਲ ਖੋਲ੍ਹੇ ਜਾਂਦੇ। ਕਿਸੇ ਵੀ ਮੁਲਕ ਦੇ ਆਮ ਲੋਕਾਂ ਵਿਚ ਮੁੱਢਲੀ ਵਿੱਦਿਆ ਤੋਂ ਬਿਨਾਂ ਅਸਲੀ ਜਾਗ੍ਰਤੀ ਨਹੀਂ ਆ ਸਕਦੀ। ਸਾਨੂੰ ਆਪਣੇ ਦੇਸ਼ ਦੀ ਉੱਨਤੀ ਲਈ ਸਭ ਤੋਂ ਪਹਿਲਾਂ ਇਹੋ ਹੀ ਬੁਨਿਆਦ ਕਾਇਮ ਕਰਨੀ ਪਵੇਗੀ।

## ਮਜ਼੍ਹਬੀ ਅਤੇ ਭਾਈਚਾਰਕ ਲਹਿਰਾਂ

ਇਸ ਵੇਲੇ ਜੋ ਅਸਾਡੇ ਦੇਸ਼ ਵਿਚ ਵੱਖੋ-ਵੱਖ ਮਜ਼੍ਹਬੀ ਅਤੇ ਭਾਈਚਾਰਕ ਲਹਿਰਾਂ ਰੌਲਾ ਮਚਾ ਰਹੀਆਂ ਹਨ। ਇਹ ਵੀ ਇਨ੍ਹਾਂ ਵਿਚਲੇ ਦਰਜੇ ਦੇ ਲੋਕਾਂ ਦੇ ਦਿਮਾਗ ਦੀਆਂ ਹੀ ਕਾਢਾਂ ਹਨ। ਦ੍ਰਿਸ਼ਟਾਂਤ ਵਜੋਂ ਪਰਦੇ ਦੇ ਸਵਾਲ ਨੂੰ ਹੀ ਲੈ ਲਉ। ਗਰੀਬ ਮਜ਼ਦੂਰ ਔਰਤਾਂ ਤਾਂ ਸਾਰਾ-ਸਾਰਾ ਦਿਨ ਸਿਰਾਂ 'ਤੇ ਟੋਕਰੀਆਂ ਚੁਕਦੀਆਂ ਹਨ ਜਾਂ ਖੇਤਾਂ ਵਿਚ ਮਿਹਨਤ ਮਜ਼ੂਰੀ ਕਰਕੇ ਬੜੀ ਮੁਸ਼ਕਲ ਨਾਲ ਰੋਟੀ ਕਮਾ ਸਕਦੀਆਂ ਹਨ। ਉਨ੍ਹਾਂ ਦੇ ਅੱਗੇ ਇਹ ਪਰਦੇ ਦਾ ਸਵਾਲ ਕਿਸ ਤਰ੍ਹਾਂ ਪੇਸ਼ ਹੋ ਸਕਦਾ ਹੈ ? ਵਿਚਲੇ ਦਰਜੇ ਦੇ ਲੋਕਾਂ ਦੀ ਆਰਾਮ ਦੀ ਜ਼ਿੰਦਗੀ ਵਿਚ ਹੀ ਇਹ ਸਵਾਲ ਉਠ ਸਕਦੇ ਹਨ ਮੈਂ ਇਕ-ਇਕ ਕਰਕੇ ਕਿਸ ਤਰ੍ਹਾਂ ਮਜ਼੍ਹਬੀ ਅਤੇ ਭਾਈਚਾਰਕ ਲਹਿਰਾਂ ਵਿਚ ਐਸੀ-ਸ਼੍ਰੇਣੀ ਰੁਚੀ ਦਾ ਅਸਰ ਵੇਖਦਾ ਹਾਂ।

ਛੇਕੜ ਮੈਂ ਇਨਾ ਹੀ ਆਖਾਂਗਾ ਕਿ ਉਹ ਨੌਜਵਾਨ, ਜੋ ਦੁਨੀਆ ਵਿਚ ਕੁਝ ਕੰਮ ਕਰਨਾ ਚਾਹੁੰਦੇ ਹਨ ਜਾਂ ਜਿਹੜੇ ਲੋਕ ਹਰ ਇਕ ਰੱਬ ਦੇ ਬੰਦੇ ਦੀ ਸੇਵਾ ਕਰਨ ਲਈ ਆਪਣੀਆਂ ਕੀਮਤੀ



Sri Satguru Jagjit Singh Ji Elibrary NamdhariElibrary@gmail.com

ਜ਼ਿੰਦਗੀਆ ਵਕਫ਼ ਕਰਨਾ ਚਾਹੁੰਦੇ ਹਨ, ਉਹ ਹਿੰਦੋਸਤਾਨੀ ਕਿਰਤੀਆਂ ਤੇ ਕਿਸਾਨਾਂ ਵਿਚ ਮਿਲਕੇ ਉਨ੍ਹਾ ਦੀ ਰੁਚੀ ਸਮਝਣ ਦੇ ਯਤਨ ਕਰਨ ਅਤੇ ਉਨ੍ਹਾ ਦੀ ਅਸਲੀ ਤਕਲੀਫ ਦੂਰ ਕਰਦੇ ਹੋਏ ਉਨ੍ਹਾਂ ਦੀ ਸੱਚੀ ਉੱਨਤੀ ਲਈ ਐਜ਼ੀਟੇਸ਼ਨ ਕਰਨ। ਮੈਂ ਸਰਸਰੀ ਨਿਗਾਹ ਨਾਲ ਵਰਤਮਾਨ ਸਮੇਂ ਦੀਆਂ ਲਹਿਰਾਂ ਦੇ ਕੁਝ ਕੁ ਪ੍ਰਮਾਣ ਦੇ ਕੇ ਇਕ ਖਾਸ ਰੁਚੀ ਵੱਲ ਸੈਨਤ ਕੀਤੀ ਹੈ। ਇਸ ਤੋਂ ਇਕ ਨੇਕ ਦਿਲ ਲੋਕਾਂ ਨੂੰ, ਜੋ ਕਿ ਇਨ੍ਹਾਂ ਲਹਿਰਾਂ ਵਿਚ ਸ਼ਾਮਲ ਹਨ, ਗੁੱਸਾ ਨਹੀਂ ਕਰਨਾ ਚਾਹੀਦਾ। ਮੈਂ ਉਨ੍ਹਾਂ ਦੀ ਹਮਦਰਦੀ ਅਤੇ ਸੱਚਾਈ ਨੂੰ ਅਨੁਭਵ ਕਰਦਾ ਹੋਇਆ ਏਸ ਗਲਤੀ ਵੱਲ ਧਿਆਨ ਦਿਵਾਉਣਾ ਆਪਣਾ ਫਰਜ਼ ਸਮਝਦਾ ਹਾਂ। ਕਿਉਂਕਿ ਮੈ ਯਕੀਨ ਕਰਦਾ ਹਾਂ ਕਿ ਯੂਰਪੀਨ ਮੁਦੱਬਰ ਦਾ ਇਹ ਕੌਲ ਸੋਲਾਂ ਆਨੇ ਸੱਚਾ ਹੈ ਕਿ "ਇਕ ਕਾਰਕੁਨ ਦਾ ਆਪਣੇ ਕੰਮ ਤੋਂ ਹੀ ਅਨਜਾਣ ਹੋਣਾ ਖ਼ਤਰਨਾਕ ਤੇ ਹਲਾਲ ਹੀ ਕਰ ਦੇਣ ਵਾਲੀ ਗੱਲ ਹੈ।"

* * *

## 51. ਅਛੂਤ ਦਾ ਸਵਾਲ

*—ਜੂਨ, 1928-ਕਿਰਤੀ*

### ਸਮਾਜਿਕ ਇਨਕਲਾਬ ਲਈ ਉਠੋ

[ਕਾਕੀਨਾੜਾ ਵਿਖੇ 1923 ਵਿਚ ਕਾਂਗਰਸ ਦਾ ਅਜਲਾਸ ਹੋਇਆ। ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ, ਅੱਜ ਕੱਲ੍ਹ ਦੀਆਂ ਅਨੁਸੂਚਿਤ ਜਾਤੀਆਂ ਦੇ ਮੈਂਬਰ, ਜਿਨ੍ਹਾਂ ਨੂੰ ਉਦੋਂ ਅਛੂਤ ਕਿਹਾ ਜਾਂਦਾ ਸੀ, ਨੂੰ ਹਿੰਦੂ ਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਦਿੱਤਾ। ਅਮੀਰ ਮੁਸਲਮਾਨ ਇਸ ਲਈ ਪੈਸੇ ਦੇਣ ਲਈ ਤਿਆਰ ਹੋਏ ਸਨ ਜਿਸ ਨੇ ਅਜਿਹੇ ਸੁਝਾਅ ਨੂੰ ਜਨਮ ਦਿੱਤਾ। ਏਸੇ ਤਰ੍ਹਾਂ ਮਜ਼ਬੀ ਤੌਰ 'ਤੇ ਵੰਡ ਨੂੰ ਪੱਕਿਆਂ ਕਰਨ ਲਈ ਬਿਰਲੇ ਨੇ ਵੀ ਹਿੰਦੂ ਅਛੂਤ ਉਦਾਰ ਕਮੇਟੀ ਬਣਾਉਣ ਲਈ ਪੈਸੇ ਦੇਣ ਲਈ ਹੱਥ ਅੱਗੇ ਵਧਾਇਆ।

ਇਸ ਤਰ੍ਹਾਂ ਅਛੂਤਾਂ ਦੇ 'ਦੋਸਤ' ਉਹਨਾਂ ਨੂੰ ਧਰਮ ਦੇ ਨਾਂ ਤੇ ਪਾੜਣ ਦੇ ਯਤਨ ਕਰਦੇ ਸਨ। ਅਜਿਹੀ ਬਹਿਸ ਦੇ ਸਮੇਂ ਭਗਤ ਸਿੰਘ ਨੇ "ਅਛੂਤ ਦਾ ਸਵਾਲ" ਨਾਂ ਦਾ ਲੇਖ ਲਿਖਿਆ। ਜੋ ਇਸ ਕਿਰਤੀ ਵਰਗ ਦੀ ਤਾਕਤ ਤੇ ਕਮਜ਼ੋਰੀ ਦਾ ਜਾਇਜ਼ਾ ਲੈ ਕੇ, ਉਹਨਾਂ ਨੂੰ ਤਰੱਕੀ ਕਰਨ ਲਈ ਠੋਸ ਸੁਝਾਅ ਦਿੰਦਾ ਹੈ। ਇਹ ਲੇਖ ਜੂਨ, 1928 ਦੇ 'ਕਿਰਤੀ' 'ਚ 'ਵਿਦਰੋਹੀ' ਦੇ ਕਲਮੀ ਨਾਂ ਹੇਠ ਛਪਿਆ ਸੀ। —ਸੰਪਾਦਕ।

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਨ੍ਹਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ? ਕੀ ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ ਦੇਵਤੇ ਨਾਰਾਜ਼ ਤੇ ਨਾ ਹੋ ਜਾਣਗੇ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨਿਯਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਕਹਾਉਣ ਵਾਲਾ ਯੂਰੋਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਉਨ੍ਹਾਂ Equality (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫ਼ਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ



Sri Satguru Jagjit Singh Ji Elibrary NamdhariElibrary@gmail.com

ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖ਼ਾਤਰ ਇਕ ਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਅਸੀਂ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ ! ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇਕ ਮੁਸਲਮਾਨ ਸੱਜਨ ਮਿ. ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਨੇ ਇਸ ਮਾਮਲੇ 'ਤੇ 1926 ਵਿਚ ਖੂਬ ਕਿਹਾ ਸੀ—

"If the Hindu Society refuses to allow other human beings, fellow creatures so that to attend public schools, and if....the president of local board representing so many lakhs of people in this house refuses to allow his fellows and brothers the elementary human right of having water to drink, what right have they to ask for more rights from the bureaucracy? Before we accuse people coming from other lands, we should see how we ourselves behave toward our own people....How can we ask for greater political rights when we ourselves deny elementary rights of human beings."

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਸਨਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਹਨਾਂ ਨੂੰ ਮਦਰਸੇ ਵਿਚ ਪੜ੍ਹਨ ਵੀ ਨਹੀਂ ਦੇਂਦੇ, ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇਕ ਇਨਸਾਨ ਦੇ ਸਾਧਾਰਣ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਚੂੰਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿਚ ਰਲਾਉਣਾ ਚਾਹੁੰਦੇ ਹਨ। ਉਨ੍ਹਾਂ ਤੇ ਸਾਫ਼ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤੇ ਉਹ ਜ਼ਰੂਰ ਹੀ ਦੂਜਿਆਂ ਮਜ਼੍ਹਬਾਂ ਵਿਚ ਜਾ ਸ਼ਾਮਿਲ ਹੋਣਗੇ। ਜਿਨ੍ਹਾਂ ਵਿਚ ਕਿ ਉਨ੍ਹਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿਥੇ ਕਿ ਉਨ੍ਹਾਂ ਨਾਲ ਆਦਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੱਡੀ ਸੱਚੀ ਗੱਲ ਹੈ ਪਰ ਇਹ ਸੁਣ ਕੇ ਸਾਰੇ ਤੜਪ ਉਠਦੇ ਹਨ। ਖ਼ੈਰ ! ਠੀਕ ਇਸੇ ਗੱਲ ਦਾ ਫ਼ਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿਚ ਵਿਚ ਬੜੇ "ਯੁੱਗ ਪਲਟਾਊ" ਕਹਾਉਣ ਵਾਲੇ ਵੀ ਸ਼ਾਮਿਲ ਹੋਏ। ਪਟਨਾ ਹਿੰਦੂ ਮਹਾਂ ਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਹਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ? ਬੜੇ ਬੜੇ Reformer (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ, ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰ ਕੇ ਹਿੰਦੂ



Sri Satguru Jagjit Singh Ji Elibrary NamdhariElibrary@gmail.com

ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿਥੇ ਠਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖ਼ਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ ਕੀ-ਪਹਿਲੋਂ ਇਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ Equality ਜਾਂ ਬਰਾਬਰੀ ਦੇ ਨਾਮ 'ਤੇ ਝਗੜਦੇ ਚੰਗੇ ਲੱਗਦੇ ਹਾਂ ? ਫੇਰ ਸਾਡੇ ਇਸ ਰਵੱਈਏ ਵਿਚ ਕ੍ਰਿਤਘਨਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਨ੍ਹਾਂ ਨੂੰ ਹੀ ਅਸੀਂ ਪਰ੍ਹੇ-ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ : ਉਹਨਾਂ ਵਿਚਾਰਿਆਂ ਵੱਲ ਅੱਜ-ਕੱਲ੍ਹ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕਾਵਾਰਾਨਾ ਨਿਆਬੁਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫ਼ਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਨ੍ਹਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿੱਦ ਵਧੀ। ਫਸਾਦ ਵੀ ਹੋਏ। ਖ਼ੈਰ ! ਹੌਲੀ-ਹੌਲੀ ਸਿੱਖਾਂ ਵਿਚ ਵੀ ਖ਼ਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਨ੍ਹਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਨ੍ਹਾਂ ਨੂੰ ਆਪਣੇ ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਇਸਾਈ ਚੁਪ ਚਾਪ ਉਨ੍ਹਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ।

ਇਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖ਼ੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਇਸੇ ਖ਼ਿਆਲ ਨੂੰ ਸ਼ੁਰੂ ਕਰਨ ਵਿਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇਕ ਸਵਾਲ ਹੋਰ ਉਠਦਾ ਹੈ ਕਿ ਇਸ ਮਸਲੇ ਦਾ ਠੀਕ ਠੀਕ ਹੱਲ ਕੀ ਹੈ ? ਇਸ ਦਾ ਜਵਾਬ ਬੜਾ ਸੋਹਲ ਹੈ। ਸਭ ਤੋਂ ਪਹਿਲੋਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨੀ ਚੂੰਕਿ ਇਕ ਆਦਮੀ ਗ਼ਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ਼ ਕਰੇਗਾ ਤੇ ਦੁਨੀਆ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਨ੍ਹਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ



Sri Satguru Jagjit Singh Ji Elibrary NamdhariElibrary@gmail.com

ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫ਼ਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲੋਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ ? ਚੁੱਪ ਕਰਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁਟਿਆ ਬੜਾ ਜ਼ੁਲਮ ਤੇ ਕਹਿਰ ਕਮਾਇਆ। ਖ਼ੈਰ ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ।

ਇਸ ਦੇ ਨਾਲ ਹੀ ਇਕ ਹੋਰ ਖ਼ਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿਚ ਜ਼ਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ.ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ ਜਿਸ ਨਾਲ ਕਿ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।

ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਹਾਂ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬਸ ਮੁਆਮਲਾ ਸਾਫ਼ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ ਉਨ੍ਹਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖ਼ਿਮਾ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿਚ ਖਿੱਚਾ ਧੂਹੀ ਕਰਨੀ ਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋ ਇਹ ਚੂਹੜਿਆਂ ਚੱਪੜਿਆਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ। ਬੱਸ ਜਟ ਇੰਨੇ ਵਿਚ ਹੀ ਭੂਤ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉੱਨਾ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਉਹ ਇਨ੍ਹਾਂ ਗਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ ਨਹੀਂ ਰਹਿੰਦੇ ? ਇਸ ਦਾ ਜਵਾਬ ਸਾਫ਼ ਹੈ, ਉਹ ਗ਼ਰੀਬ ਹਨ। ਗ਼ਰੀਬੀ ਦਾ ਇਲਾਜ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ਼ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉੱਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਨ੍ਹਾਂ ਦੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸ਼ਾਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਬਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਨ੍ਹਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫ਼ਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਨ੍ਹਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ



Sri Satguru Jagjit Singh Ji Elibrary NamdhariElibrary@gmail.com

ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰਸਿਆਂ ਵਿਚ ਭਰਤੀ ਕਰਾਉਣ। ਪਰ ਜਿਸ ਲੈਜਿਸਲੇਟਵ ਵਿਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ ਤੇ ਮਜ਼੍ਹਬ ਦੇ ਬਹਾਨੇ ਲੈ ਕੇ ਹਾਏ ਤੌਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ।

ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉਠੋ ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉਠੋ ! ਆਪਣਾ ਇਤਿਹਾਸ ਦੇਖੋ ! ਗੁਰੂ ਗੋਬਿੰਦ ਸਿੰਘ ਦੀ ਫ਼ੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ ਜਿਸ ਨਾਲ ਕਿ ਅੱਜ ਉਸ ਦਾ ਨਾਂ ਜ਼ਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁਖ ਵਿਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ। (Land Alienation Act) ਇੰਤਕਾਲੇ ਅਰਾਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ 'ਤੇ ਇੰਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ (Less than men) ਮਨੁੱਖਾ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉਠੋ ! ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇਂ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। (Those who would be free must themselves strike the blow) ਆਜ਼ਾਦੀ ਦੀ ਖ਼ਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲੀ-ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਨ੍ਹਾਂ 'ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖ਼ਿਆਲ ਰੱਖਣਾ। ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗੁਲਾਮੀ ਤੇ ਗਰੀਬੀ ਦਾ ਮੁੱਖ ਕਾਰਨ ਹੈ। ਇਸ ਕਰਕੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ ਫੇਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੌਲੀ-ਹੌਲੀ ਸੁਧਾਰ ਤੇ ਰੀਫਾਰਮਾ ਨਾਲ ਕੁਝ ਨਹੀਂ ਬਣ ਸਕਦਾ। ਸਮਾਜਿਕ (Social) ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉਠੋ ! ਸੁੱਤੇ ਹੋਏ ਸ਼ੇਰੋ, ਵਿਦਰੋਹੀਓ ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ।

*—ਵਿਦਰੋਹੀ*

●



Sri Satguru Jagjit Singh Ji Elibrary NamdhariElibrary@gmail.com

## ਪਾਠ–10

# ਨੌਜਵਾਨ ਭਾਰਤ ਸਭਾ ਤੇ "ਕੌਮੀ ਲੀਡਰ"

## 52. ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ

[ਭਗਤ ਸਿੰਘ ਤੇ ਭਗਵਤੀ ਚਰਨ ਵੋਹਰਾ ਜੀ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਸੰਗਠਿਤ ਕਰਨ ਲਈ 1926 ਤੋਂ ਹੀ ਯਤਨ ਸ਼ੁਰੂ ਕਰ ਦਿੱਤੇ ਸਨ। ਸਟੂਡੈਂਟ ਯੂਨੀਅਨ ਵਿਚ ਵਿਦਿਆਰਥੀ ਇਕੱਠੇ ਕੀਤੇ ਗਏ ਸਨ ਅਤੇ ਨੌਜਵਾਨ ਭਾਰਤ ਸਭਾ ਦੇ ਨਾਂ ਹੇਠ ਸਾਰੇ ਨੌਜਵਾਨਾਂ ਨੂੰ ਸੱਦਾ ਦਿੱਤਾ ਗਿਆ। 11-12-13 ਅਪ੍ਰੈਲ 1928 ਨੂੰ ਅੰਮ੍ਰਿਤਸਰ ਨੌਜਵਾਨ ਸਭਾ ਦੀ ਕਾਨਫਰੰਸ ਕੀਤੀ ਗਈ ਸੀ। ਇਸ ਸਮੇਂ ਲਈ ਇਹ ਮੈਨੀਫੈਸਟੋ ਲਿਖਿਆ ਗਿਆ ਸੀ। 6 ਅਪ੍ਰੈਲ, 1928 ਨੂੰ ਇਹ ਛਾਪਿਆ ਗਿਆ ਸੀ। ਭਗਤ ਸਿੰਘ ਪਹਿਲੇ ਜਨਰਲ ਸੈਕਟਰੀ ਤੇ ਭਗਵਤੀ ਚਰਨ ਵੋਹਰਾ ਪ੍ਰਾਪੇਗੰਡਾ ਸਕੱਤਰ ਬਣਾਏ ਗਏ ਸਨ।

ਇਹ ਰਾਜਨੀਤਿਕ ਸੋਚ ਦੀ ਵਧ ਰਹੀ ਪਕਿਆਈ ਦਾ ਇਹ ਇਕ ਅਹਿਮ ਦਸਤਾਵੇਜ਼ ਹੈ। —ਸੰਪਾਦਕ]

ਨੌਜਵਾਨ ਸਾਥੀਓ !

ਸਾਡਾ ਦੇਸ਼ ਇਕ ਨਾਜ਼ੁਕ ਅਵਸਥਾ ਵਿਚੋਂ ਲੰਘ ਰਿਹਾ ਹੈ। ਹਰ ਪਾਸੇ ਆਪਸੀ ਬੇ-ਇਤਬਾਰੀ ਅਤੇ ਨਿਰਾਸ਼ਾ ਦਾ ਬੋਲ-ਬਾਲਾ ਹੈ। ਉੱਘੇ ਲੀਡਰਾਂ ਦਾ ਆਪਣੇ ਉੱਚ ਆਦਰਸ਼ਾਂ ਵਿਚ ਕੋਈ ਵਿਸ਼ਵਾਸ ਨਹੀਂ ਰਿਹਾ ਅਤੇ ਉਹਨਾਂ ਵਿਚੋਂ ਬਹੁਤਿਆਂ 'ਚ ਲੋਕਾਂ ਦਾ ਕੋਈ ਵਿਸ਼ਵਾਸ ਨਹੀਂ ਰਿਹਾ। ਆਜ਼ਾਦੀ ਦੇ ਨਾਮ-ਧਰੀਕ ਹਾਮੀਆਂ ਪਾਸ ਨਾ ਕੋਈ ਪ੍ਰੋਗਰਾਮ ਹੈ ਅਤੇ ਨਾ ਹੀ ਜੋਸ਼ ਤੇ ਉਤਸ਼ਾਹ। ਹਰ ਪਾਸੇ ਹਫੜਾ-ਦਫੜੀ ਮਚੀ ਹੋਈ ਹੈ। ਪਰ ਅਜਿਹੀ ਹਫੜਾ-ਦਫੜੀ ਕਿਸੇ ਨਿਰਮਾਣ ਦਾ ਇਕ ਅਟੱਲ ਅਤੇ ਲਾਜ਼ਮੀ ਦੌਰ ਹੁੰਦਾ ਹੈ। ਅਜਿਹੇ ਸੰਕਟ ਵਿਚ ਹੀ ਤਾਂ ਕੰਮ ਕਰਨ ਵਾਲਿਆਂ ਦੀ ਲਗਨ ਦੀ ਪਰਖ ਹੁੰਦੀ ਹੈ, ਉਨ੍ਹਾਂ ਦਾ ਇਖ਼ਲਾਕ ਬਣਦਾ ਹੈ, ਨਿਗਰ ਪ੍ਰੋਗਰਾਮ ਉਲੀਕੇ ਜਾਂਦੇ ਹਨ ਅਤੇ ਫਿਰ ਨਵੇਂ ਹੌਸਲੇ, ਨਵੀਆਂ ਉਮੰਗਾਂ, ਪੂਰੇ ਉਤਸ਼ਾਹ ਅਤੇ ਪੂਰੇ ਸਿਦਕ ਨਾਲ ਕੰਮ ਅਰੰਭਿਆ ਜਾਂਦਾ ਹੈ। ਇਸ ਲਈ ਨਿਰਾਸ ਹੋਣ ਵਾਲੀ ਕੋਈ ਗੱਲ ਨਹੀਂ।

ਫਿਰ ਵੀ ਇਹ ਅਸਾਡੀ ਖ਼ੁਸ਼-ਕਿਸਮਤੀ ਹੈ ਕਿ ਅਸੀਂ ਇਕ ਨਵੇਂ ਯੁੱਗ ਦੀ ਦਹਿਲੀਜ਼ 'ਤੇ ਖੜ੍ਹੇ ਹਾਂ। ਪਹਿਲਾਂ ਵਾਂਗ ਅੰਗਰੇਜ਼ ਨੌਕਰਸ਼ਾਹੀ ਦੇ ਕੰਨ-ਪਾੜਵੇਂ ਸੋਹਲੇ ਨਹੀਂ ਸੁਣਨੇ ਪੈਂਦੇ। ਅੰਗਰੇਜ਼ ਦਾ ਸਾਡੇ ਉੱਤੇ ਇਹ ਇਤਿਹਾਸਿਕ ਸਵਾਲ ਕਿ ਤੁਸੀਂ ਕਲਮ ਦੀ ਹਕੂਮਤ ਪ੍ਰਵਾਨ ਕਰਦੇ ਹੋ ਜਾਂ ਤਲਵਾਰ ਦੀ ਅਜੇ ਤੱਕ ਲਾਜਵਾਬ ਨਹੀਂ ਪਿਆ ਹੋਇਆ। ਉਨ੍ਹਾਂ ਨੇ ਖ਼ੁਦ ਹੀ ਇਸ ਦਾ ਉੱਤਰ ਵੀ ਦੇ ਦਿੱਤਾ ਹੈ। ਲਾਰਡ ਬਰਕਨਹੈੱਡ ਦੇ ਸ਼ਬਦਾਂ ਵਿਚ ਇਹ ਜਵਾਬ ਇਉਂ ਹੈ:

"ਤਲਵਾਰ ਦੇ ਜ਼ੋਰ ਨਾਲ ਹੀ ਅਸੀਂ ਭਾਰਤ ਨੂੰ ਫ਼ਤਿਹ ਕੀਤਾ ਸੀ ਤੇ ਤਲਵਾਰ ਨਾਲ ਹੀ ਅਸੀਂ ਇਸ 'ਤੇ ਰਾਜ ਕਰਾਂਗੇ।" ਸ਼ੁਕਰ ਹੈ ! ਇਸ ਸਾਫ਼ ਕਥਨੀ ਨਾਲ ਸਾਰੀ ਸੱਚਾਈ ਸਾਡੇ ਸਾਹਮਣੇ ਆ ਗਈ। ਜਲ੍ਹਿਆਂ ਵਾਲੇ ਅਤੇ ਮਾਨਾਂ ਵਾਲੇ ਦੇ ਸਾਕਿਆਂ ਦੀਆਂ ਯਾਦਾਂ ਨੂੰ ਮੁੱਖ



Sri Satguru Jagjit Singh Ji Elibrary NamdhariElibrary@gmail.com

ਰੱਖਦਿਆਂ ਹੋਇਆਂ ਇਹ ਕਹਿਣ ਦੀ ਲੋੜ ਨਹੀਂ ਹੈ, ਕਿ ਕੋਈ ਚੰਗੀ ਤੋਂ ਚੰਗੀ ਵਿਦੇਸ਼ੀ ਸਰਕਾਰ ਵੀ ਆਪਣੀ ਸਰਕਾਰ ਵਰਗੀ ਨਹੀਂ ਹੋ ਸਕਦੀ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ।

ਹੁਣ ਭਾਰਤ ਵਿਚ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਬਾਰੇ ਵੀ ਸੁਣ ਲਓ। ਭਾਰਤ ਦੀਆਂ ਸਨਅਤਾਂ ਦੀ ਗਿਰਾਵਟ ਅਤੇ ਪਤਨ ਨੂੰ ਸਿੱਧ ਕਰਨ ਲਈ ਕੀ ਦਾਦਾ ਭਾਈ ਨਾਰੋ ਜੀ, ਰਮੇਸ਼ ਚੰਦਰ ਦੱਤ ਅਤੇ ਵਿਲੀਅਮ ਡਿਗਬੀ ਦੇ ਸਾਰੇ ਗ੍ਰੰਥਾਂ ਦੀ ਗਵਾਹੀ ਦੀ ਕੋਈ ਲੋੜ ਬਾਕੀ ਹੈ? ਸੰਸਾਰ ਭਰ 'ਚ ਸਭ ਤੋਂ ਉਪਜਾਊ ਜ਼ਮੀਨ ਅਤੇ ਬੇਅੰਤ ਕੀਮਤੀ ਖਾਨਾਂ ਦੇ ਹੁੰਦਿਆਂ ਹੋਇਆਂ ਵੀ ਭਾਰਤ ਦੁਨੀਆ ਦੇ ਸਭ ਤੋਂ ਗਰੀਬ ਮੁਲਕਾਂ ਵਿਚ ਹੈ। ਕੀ ਇਸ ਨੂੰ ਸਿੱਧ ਕਰਨ ਲਈ ਕਿਸੇ ਵਿਦਵਾਨ ਦੇ ਕਥਨ ਦੀ ਲੋੜ ਹੈ? ਕੀ ਨੌਜਵਾਨਾਂ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਉਹੀ ਭਾਰਤ ਜੋ ਕਿਸੇ ਸਮੇਂ ਆਪਣੀ ਸ਼ਾਨਦਾਰ ਸੱਭਿਅਤਾ ਉੱਤੇ ਮਾਣ ਕਰ ਸਕਦਾ ਸੀ, ਅੱਜ ਸੰਸਾਰ ਦੇ ਸਭ ਤੋਂ ਪਛੜੇ ਹੋਏ ਦੇਸ਼ਾਂ ਵਿਚੋਂ ਹੈ ਜਿਥੇ ਕੇਵਲ ਪੰਜ ਫੀਸਦੀ ਲੋਕ ਪੜ੍ਹੇ ਲਿਖੇ ਹਨ? ਕੀ ਲੋਕ ਇਹ ਨਹੀਂ ਜਾਣਦੇ ਕਿ ਇਸ ਦੇਸ਼ ਨੂੰ ਮਨੁੱਖੀ ਜ਼ਿੰਦਗੀ ਦੇ ਰੂਪ ਵਿਚ ਸਭ ਤੋਂ ਵੱਧ ਕਰ (ਟੈਕਸ) ਦੇਣਾ ਪੈਂਦਾ ਹੈ ਅਤੇ ਸੰਸਾਰ ਭਰ ਵਿਚ ਸਭ ਤੋਂ ਜ਼ਿਆਦਾ ਬੱਚਿਆਂ ਦੀਆਂ ਮੌਤਾਂ ਭਾਰਤ ਵਿਚ ਹੀ ਹੁੰਦੀਆਂ ਹਨ? ਪਲੇਗ, ਹੈਜ਼ਾ ਇਨਫਲੂਐਂਜ਼ਾ ਵਰਗੀਆਂ ਮਹਾ-ਮਾਰੀਆਂ ਅਤੇ ਹੋਰ ਅਜਿਹੀਆਂ ਬੀਮਾਰੀਆਂ ਦਿਨੋ-ਦਿਨ ਵੱਧ ਰਹੀਆਂ ਹਨ। ਕੀ ਰੋਜ਼ ਚੜ੍ਹਦੇ ਸੂਰਜ ਇਹ ਸੁਣ ਕੇ ਸਾਨੂੰ ਸ਼ਰਮ ਨਹੀਂ ਆਉਂਦੀ ਕਿ ਅਸੀਂ ਆਪਣੇ ਰਾਜ ਸੰਭਾਲਣ ਦੇ ਲਾਇਕ ਨਹੀਂ? ਕੀ ਇਹ ਸਚਮੁੱਚ ਹੀ ਸਾਡੀ ਬੇਇੱਜ਼ਤੀ ਨਹੀਂ ਕਿ ਗੁਰੂ ਗੋਬਿੰਦ, ਸ਼ਿਵਜੀ ਅਤੇ ਹਰੀ ਸਿੰਘ ਨਲੂਏ ਵਰਗੇ ਸੂਰਮਿਆਂ ਦੇ ਵਾਰਸ ਹੁੰਦਿਆਂ ਹੋਇਆਂ ਵੀ ਸਾਨੂੰ ਇਹ ਕਿਹਾ ਜਾਵੇ ਕਿ ਤੁਸੀਂ ਆਪਣੀ ਰੱਖਿਆ ਕਰਨ ਦੇ ਲਾਇਕ ਨਹੀਂ? ਅਫਸੋਸ ! ਕਿ ਅਸੀਂ ਇਸ ਕਥਨ ਨੂੰ ਝੂਠਾ ਸਿੱਧ ਕਰਨ ਲਈ ਅਜੇ ਤੱਕ ਕੁਝ ਨਹੀਂ ਕਰ ਸਕੇ। ਕੀ ਅਸੀਂ ਆਪਣੀਆਂ ਅੱਖਾਂ ਨਾਲ ਆਪਣੇ ਵਣਜ ਵਪਾਰ ਨੂੰ ਉਸ ਦੇ ਬਚਪਨ ਵਿਚ ਹੀ ਕੁਚਲੇ ਜਾਂਦੇ ਨਹੀਂ ਤਕਿਆ ਜਿਸ ਲਈ ਪਹਿਲੀ ਕੋਸ਼ਿਸ਼ 1914 ਵਿਚ ਬਾਬਾ ਗੁਰਦਿੱਤ ਸਿੰਘ ਵੱਲੋਂ ਚਲਾਈ ਗਈ 'ਗੁਰੂ ਨਾਨਕ ਜਹਾਜ਼ ਕੰਪਨੀ' ਨੇ ਕੀਤੀ ਸੀ। ਉਨ੍ਹਾਂ ਨਾਲ ਭਾਰਤ ਤੋਂ ਹਜ਼ਾਰਾਂ ਕੋਹਾਂ ਦੂਰ ਕੈਨੇਡਾ ਵਿਚ ਪਸ਼ੂਆਂ ਵਾਲਾ ਸਲੂਕ, ਰਸਤੇ ਵਿਚ ਵਹਿਸ਼ੀਆਨਾ ਜ਼ੁਲਮ ਅਤੇ ਅੰਤ ਵਿਚ ਉਨ੍ਹਾਂ ਥੱਕੇ-ਟੁੱਟੇ ਨਿਤਾਣੇ ਤੇ ਨਿਰਾਸ਼ ਮੁਸਾਫਰਾਂ ਦਾ ਬੱਜਬੱਜ ਦੇ ਘਾਟ ਤੇ ਗੋਲੀਆਂ ਦੀ ਵਾਛੜ ਨਾਲ ਖੂਨੀ ਸੁਆਗਤ ਅਤੇ ਹੋਰ ਅਨੇਕਾਂ ਅਕਹਿ ਜ਼ੁਲਮ ਤੇ ਹੋਰ ਕੀ ਕੀ ਨਹੀਂ ਵਾਪਰਿਆ? ਕੀ ਅਸੀਂ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਨਹੀਂ ਤੱਕਿਆ? ਜਿਸ ਭਾਰਤ ਦੇਸ਼ ਵਿਚ ਕਿਸੇ ਸਮੇਂ ਇਕ ਦਰੋਪਤੀ ਦੇ ਸਨਮਾਨ ਦੀ ਰਖਿਆ ਲਈ ਮਹਾਂ ਭਾਰਤ ਜੇਡਾਂ ਮਹਾਂ ਯੁੱਧ ਲੜਿਆ ਗਿਆ ਸੀ ਉਸੇ ਦੇਸ਼ ਵਿਚ 1919 ਦੇ ਸਮੇਂ ਅਨੇਕਾਂ ਦਰੋਪਤੀਆਂ ਦੀ ਪੱਤ ਲੁੱਟੀ ਗਈ, ਉਨ੍ਹਾਂ ਦੇ ਨੰਗੇ ਮੂੰਹਾਂ ਉੱਤੇ ਥੁੱਕਿਆ ਗਿਆ। ਕੀ ਅਸੀਂ ਇਹ ਸਭ ਕੁਝ ਆਪਣੀ ਅੱਖੀਂ ਨਹੀਂ ਡਿੱਠਾ? ਫਿਰ ਵੀ ਵਰਤਮਾਨ ਹਾਲਤ ਨੂੰ ਅਸੀਂ ਤਮਾਸ਼ਬੀਨਾਂ ਵਾਂਗ ਆਰਾਮ ਨਾਲ ਵੇਖੀ ਜਾਂਦੇ ਰਹੇ। ਕੀ ਇਹ ਜੀਵਨ ਜੀਣ ਯੋਗ ਹੈ?

ਕੀ ਸਾਨੂੰ ਇਸ ਗੱਲ ਦਾ ਅਹਿਸਾਸ ਕਰਾਉਣ ਲਈ ਕਿਸੇ ਗੈਬੀ ਇਲਹਾਮ ਦੀ ਲੋੜ ਹੈ ਕਿ ਅਸੀਂ ਗੁਲਾਮ ਹਾਂ ਅਤੇ ਹਰ ਹਾਲਤ ਵਿਚ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਦੇਣੀਆਂ ਚਾਹੀਦੀਆਂ ਹਨ? ਕੀ ਇਸ ਜੱਕੋ ਤੱਕੀ ਵਿਚ ਸਾਨੂੰ ਯੁੱਗਾਂ ਤੱਕ ਇਹ ਮਹਿਸੂਸ ਨਹੀਂ ਹੋਏਗਾ ਕਿ ਸਾਡੇ ਉਤੇ ਜ਼ੁਲਮ ਢਾਏ ਜਾ ਰਹੇ ਹਨ? ਕੀ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਲਈ ਅਸੀਂ ਕਿਸੇ ਰੱਬੀ ਕ੍ਰਿਸ਼ਮੇ ਜਾਂ ਗੈਬੀ ਕਰਾਮਾਤ ਦੀ ਮਦਦ ਦੀ ਆਸ ਲਈ ਬੈਠੇ ਰਹਾਂਗੇ? ਕੀ ਅਸੀਂ ਆਜ਼ਾਦੀ ਦੇ ਮੁੱਢਲੇ ਅਸੂਲ ਤੋਂ ਵੀ ਅਣਜਾਣ ਹਾਂ ਕਿ ਜਿਹੜੇ ਆਜ਼ਾਦ ਹਵਾ ਵਿਚ ਸਾਹ ਲੈਣ ਦੇ ਚਾਹਵਾਨ ਹਨ ਉਨ੍ਹਾਂ ਨੂੰ ਪਹਿਲਾਂ ਖੁਦ ਹੀ ਰਣ-ਖੇਤਰ ਦੀ ਜਵਾਲਾ ਵਿਚ ਕੁੱਦਣਾ ਪੈਂਦਾ ਹੈ। ਨੌਜਵਾਨੋ, ਜਾਗੋ ! ਉਠੋ ! ਸਾਨੂੰ ਸੁੱਤਿਆਂ ਯੁੱਗ ਬੀਤ ਚੁੱਕੇ ਹਨ।



Sri Satguru Jagjit Singh Ji Elibrary NamdhariElibrary@gmail.com

ਅਸੀਂ ਕੇਵਲ ਨੌਜਵਾਨਾ ਨੂੰ ਹੀ ਵੰਗਾਰਿਆ ਹੈ, ਕਿਉਂਕਿ ਨੌਜਵਾਨ ਬਹਾਦਰ ਖੁੱਲ੍ਹ ਦਿਲੇ ਅਤੇ ਜਜ਼ਬਾਤੀ ਹੁੰਦੇ ਹਨ, ਕਿਉਂਕਿ ਨੌਜਵਾਨ ਵੱਧ ਤੋਂ ਵੱਧ ਵਹਿਸ਼ੀਆਨਾ ਤਸੀਹੇ ਵੀ ਖਿੜੇ ਮੱਥੇ ਝੱਲ ਸਕਦੇ ਹਨ ਅਤੇ ਬੇਝਿਜਕ ਮੌਤ ਨੂੰ ਪ੍ਰਵਾਨ ਕਰ ਸਕਦੇ ਹਨ। ਕਿਉਂਕਿ ਮਨੁੱਖੀ ਵਿਕਾਸ ਦਾ ਸਾਰਾ ਇਤਿਹਾਸ ਨੌਜਵਾਨ ਮਰਦਾਂ ਅਤੇ ਇਸਤਰੀਆਂ ਦੇ ਖ਼ੂਨ ਨਾਲ ਲਿਖਿਆ ਗਿਆ ਹੈ। ਕਿਉਂਕਿ ਤਬਦੀਲੀਆਂ ਹਮੇਸ਼ਾ ਅਜਿਹੇ ਨੌਜਵਾਨਾਂ ਦੇ ਬਾਹੂ-ਬਲ, ਹੌਸਲੇ, ਕੁਰਬਾਨੀਆਂ ਅਤੇ ਦ੍ਰਿੜ੍ਹਤਾ ਸਦਕਾ ਹੀ ਆਉਂਦੀਆਂ ਹਨ ਜਿਹੜੇ ਡਰਨਾ ਨਹੀਂ ਜਾਣਦੇ ਅਤੇ ਜੋ ਨਿੱਜੀ ਹਾਣ ਲਾਭ ਸੋਚਣ ਦੀ ਬਜਾਏ ਮਹਿਸੂਸ ਜ਼ਿਆਦਾ ਕਰਦੇ ਹਨ।

ਕੀ ਇਹ ਜਪਾਨ ਦੇ ਨੌਜਵਾਨ ਨਹੀਂ ਸਨ ਜਿਨ੍ਹਾਂ ਨੇ ਪੋਰਟ-ਆਰਥਰ ਤੱਕ ਖ਼ੁਸ਼ਕ ਰਸਤਾ ਬਣਾਉਣ ਲਈ ਆਪਣੇ ਆਪ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਡੂੰਘੀਆਂ ਖੱਡਾਂ ਦੇ ਹਵਾਲੇ ਕਰ ਦਿੱਤਾ ਸੀ ? ਅਤੇ ਜਪਾਨ ਅੱਜ ਦੁਨੀਆ ਦੇ ਉੱਨਤ ਦੇਸ਼ਾਂ ਦੀ ਸਭ ਤੋਂ ਮੂਹਰਲੀ ਕਤਾਰ ਵਿਚ ਖੜ੍ਹਾ ਹੈ। ਕੀ ਇਹ ਪੋਲੈਂਡ ਦੇ ਬਹਾਦਰ ਨੌਜਵਾਨ ਨਹੀਂ ਸਨ ਜੋ ਉਪਰੋਂ ਥਲੀ ਹਾਰਾਂ ਦੇ ਬਾਵਜੂਦ ਵੀ ਪਿਛਲੀ ਸਾਰੀ ਸਦੀ ਤੱਕ ਬਹਾਦਰੀ ਨਾਲ ਜੂਝਦੇ ਰਹੇ ? ਅਤੇ ਅੱਜ ਪੋਲੈਂਡ ਇਕ ਆਜ਼ਾਦ ਦੇਸ਼ ਹੈ। ਇਟਲੀ ਨੂੰ ਆਸਟ੍ਰੇਰੀਆ ਦੇ ਜੂਏ ਹੇਠੋਂ ਕਿਸ ਨੇ ਕੱਢਿਆ ? ਨਿਰਸੰਦੇਹ 'ਯੰਗ ਇਟਲੀ' ਨੇ (ਇਟਲੀ ਦੇ ਨੌਜਵਾਨਾਂ ਦੀ ਜਥੇਬੰਦੀ)।

ਕੀ ਤੁਸੀਂ ਟਰਕੀ ਦੇ ਨੌਜਵਾਨਾਂ ਦੇ ਕਾਰਨਾਮਿਆਂ ਤੋਂ ਜਾਣੂ ਹੋ ? ਕੀ ਤੁਸੀਂ ਰੋਜ਼ਾਨਾ ਇਹ ਨਹੀਂ ਪੜ੍ਹਦੇ ਕਿ ਚੀਨ ਦੇ ਨੌਜਵਾਨ ਕੀ ਕਰ ਰਹੇ ਹਨ ? ਕੀ ਇਹ ਰੂਸੀ ਨੌਜਵਾਨ ਨਹੀਂ ਸਨ ਜਿਹੜੇ ਰੂਸ ਦੀ ਬੰਦ ਖਲਾਸੀ ਵਾਸਤੇ ਆਪਣੀਆਂ ਜਾਨਾਂ ਉੱਤੇ ਖੇਡ ਗਏ ? ਪਿਛਲੇ ਸੌ ਸਾਲਾਂ ਵਿਚ ਉਨ੍ਹਾਂ ਨੂੰ ਸੈਂਕੜੇ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿਰਫ ਸਮਾਜਵਾਦੀ ਕਿਤਾਬੜੀਆਂ ਵੰਡਣ ਜਾਂ ਦੋਸਤੋਵਸਕੀ ਵਾਂਗ ਸਮਾਜਵਾਦੀ ਗੋਸ਼ਟੀ ਸਭਾ ਦਾਂ ਮੈਂਬਰ ਬਣਨ ਬਦਲੇ ਸਾਇਬੇਰੀਆ ਵਿਚ ਜਲਾਵਤਨ ਕੀਤਾ ਗਿਆ। ਬਾਰ-ਬਾਰ ਉਨ੍ਹਾਂ ਨੇ ਜਬਰ ਦਾ ਸਾਹਮਣਾ ਕੀਤਾ ਤੇ ਹੌਸਲਾ ਨਾ ਹਾਰਿਆ। ਇਹ ਸਿਰਫ ਨੌਜਵਾਨ ਹੀ ਹਨ ਜੋ ਸੰਗਰਾਮ ਕਰਦੇ ਹਨ। ਹਰ ਜਗ੍ਹਾ ਕੇਵਲ ਨੌਜਵਾਨ ਹੀ ਆਸ ਉਮੀਦ ਨੂੰ ਛੱਡ ਕੇ, ਝਿਜਕ ਅਤੇ ਡਰ ਨੂੰ ਛਿੱਕੇ 'ਤੇ ਟੰਗ ਕੇ ਜੂਝ ਸਕਦੇ ਹਨ। ਅੱਜ ਅਸੀਂ ਮਹਾਨ ਰੂਸ ਨੂੰ ਦੁਨੀਆ ਦੇ ਮੁਕਤੀ ਦਾਤਾ ਦੇ ਰੂਪ ਵਿਚ ਦੇਖਦੇ ਹਾਂ।

ਦੂਜੇ ਪਾਸੇ ਹਾਂ ਅਸੀਂ ਭਾਰਤੀ ! ਅਸੀਂ ਕੀ ਕਰ ਰਹੇ ਹਾਂ ? ਜੇ ਪਿੱਪਲ ਦੇ ਦਰੱਖ਼ਤ ਦੀ ਕੋਈ ਟਾਹਣੀ ਵੱਢੀ ਜਾਵੇ ਤਾਂ ਹਿੰਦੂਆਂ ਦੇ ਧਾਰਮਿਕ ਜਜ਼ਬਾਤਾਂ ਉੱਤੇ ਸੱਟ ਵਜਦੀ ਹੈ। ਬੁੱਤ ਸ਼ਿਕਨ ਹਜ਼ਰਤ ਮੁਹੰਮਦ ਦੇ ਕਾਗਜ਼ ਦੇ ਪੁਤਲੇ 'ਤਾਜ਼ੀਏ' ਦੀ ਨੁੱਕਰ ਟੁੱਟਣ ਨਾਲ ਮੁਸਲਮਾਨਾਂ ਦਾ ਅੱਲਾ ਗੁੱਸੇ ਨਾਲ ਲਾਲ ਹੋ ਜਾਂਦਾ ਹੈ ਅਤੇ ਫਿਰ 'ਕਾਫਰ' ਹਿੰਦੂਆਂ ਦੇ ਖ਼ੂਨ ਤੋਂ ਬਗੈਰ ਹੋਰ ਕਿਸੇ ਤਰ੍ਹਾਂ ਵੀ ਪਿਆਸ ਨਹੀਂ ਬੁੱਝਦੀ ਨਿਸ਼ਚੇ ਹੀ ਇਨਸਾਨ ਦੀ ਪਸ਼ੂਆਂ ਨਾਲੋਂ ਜ਼ਿਆਦਾ ਕਦਰ ਹੋਣੀ ਚਾਹੀਦੀ ਹੈ ਪਰ ਭਾਰਤ ਵਿਚ ਪਵਿੱਤਰ ਪਸ਼ੂਆਂ ਦੇ ਨਾਂ ਉੱਤੇ ਇੱਕ ਦੂਜੇ ਦੇ ਸਿਰ ਪਾੜ ਦਿੱਤੇ ਜਾਂਦੇ ਹਨ। ਫਿਰਕਾਪ੍ਰਸਤੀ ਨੇ ਸਾਡੀ ਸੋਚ ਨੂੰ ਇਕ ਤੰਗ ਘੇਰੇ ਵਿਚ ਬੰਦ ਕਰ ਛੱਡਿਆ ਹੈ ਜਦਕਿ ਬਾਕੀ ਦੁਨੀਆ ਦੇ ਨੌਜਵਾਨ ਕੌਮਾਂਤਰੀ ਪੱਧਰ 'ਤੇ ਸੋਚਦੇ ਹਨ।

ਸਾਡੇ ਵਿਚੋਂ ਵੀ ਕਈ ਅਜਿਹੇ ਹਨ ਜੋ ਆਪਣੇ ਆਲਸ ਤੇ ਨਿਕੰਮੇ-ਪਣ ਨੂੰ ਅੰਤਰ-ਰਾਸ਼ਟਰਵਾਦ ਦੇ ਬੁਰਕੇ ਵਿਚ ਛੁਪਾਉਂਦੇ ਹਨ। ਜੇ ਉਨ੍ਹਾਂ ਨੂੰ ਸੇਵਾ ਲਈ ਕਹੋ ਤਾਂ ਉਹ ਜਵਾਬ ਦੇਣਗੇ, "ਜਨਾਬ, ਅਸੀਂ ਤਾਂ ਕੌਮਾਂਤਰੀਵਾਦੀ ਹਾਂ ਅਤੇ ਅਸੀਂ ਕੌਮਾਂਤਰੀ ਭਾਈਚਾਰੇ ਵਿਚ ਵਿਸ਼ਵਾਸ ਰੱਖਦੇ ਹਾਂ। ਇਸ ਤਰ੍ਹਾਂ ਅੰਗਰੇਜ਼ ਵੀ ਤਾਂ ਸਾਡੇ ਭਰਾ ਹੀ ਹਨ, ਫਿਰ ਉਨ੍ਹਾਂ ਨਾਲ ਲੜਾਈ ਕਾਹਦੀ ?" ਕਿੱਡਾ ਨੇਕ ਖਿਆਲ ਹੈ ਤੇ ਕਿੰਨੀ ਖ਼ੂਬਸੂਰਤ ਗੱਲ ਹੈ! ਪਰ ਉਹ ਇਸ



Sri Satguru Jagjit Singh Ji Elibrary NamdhariElibrary@gmail.com

ਦੇ ਅਸਲੀ ਭਾਵ ਨੂੰ ਨਹੀਂ ਸਮਝਦੇ। ਮਨੁੱਖੀ ਭਾਈਚਾਰੇ ਦਾ ਅਸੂਲ ਮੰਗ ਕਰਦਾ ਹੈ ਕਿ ਇਕ ਆਦਮੀ ਦੇ ਹੱਥੋਂ ਦੂਜੇ ਆਦਮੀ ਅਤੇ ਇਕ ਕੌਮ ਦੂਜੀ ਕੌਮ ਦੀ ਲੁੱਟ-ਖਸੁੱਟ ਦਾ ਅੰਤ ਕਰ ਦਿੱਤਾ ਜਾਵੇ। ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਬਗੈਰ ਹਰ ਇਕ ਨੂੰ ਤਰੱਕੀ ਦੇ ਇਕੋ ਜਿਹੇ ਮੌਕੇ ਦਿੱਤੇ ਜਾਣ। ਪਰ ਅੰਗਰੇਜ਼ੀ ਰਾਜ ਇਨ੍ਹਾਂ ਸਾਰੀਆਂ ਚੀਜਾਂ ਦੇ ਪੂਰੀ ਤਰ੍ਹਾਂ ਉਲਟ ਕਰ ਰਿਹਾ ਹੈ ਅਤੇ ਇਹ ਸਾਡੇ ਕਿਸੇ ਕੰਮ ਦਾ ਨਹੀਂ।

ਹੁਣ ਲੋਕ ਸੇਵਾ ਬਾਰੇ ਵੀ ਦੋ ਸ਼ਬਦ ਆਖ ਦਿੰਦੇ ਹਾਂ। ਬਹੁਤ ਸਾਰੇ ਨੇਕ ਆਦਮੀਆਂ ਦਾ ਖ਼ਿਆਲ ਹੈ ਕਿ ਲੋਕ ਸੇਵਾ (ਉਨ੍ਹਾਂ ਸੌੜੇ ਅਰਥਾਂ ਵਿਚ ਜਿਵੇਂ ਅਸੀਂ ਭਾਰਤੀ ਇਸ ਨੂੰ ਸਮਝਦੇ ਹਾਂ) ਸਭ ਰੋਗਾਂ ਦੀ ਦਵਾ ਹੈ ਅਤੇ ਦੇਸ਼ ਸੇਵਾ ਦਾ ਸਭ ਤੋਂ ਵਧੀਆ ਤਰੀਕਾ ਹੈ। ਇਸੇ ਲਈ ਸਾਡੇ ਬਹੁਤ ਸਾਰੇ ਜੋਸ਼ੀਲੇ ਨੌਜਵਾਨ ਗਰੀਬਾਂ ਵਿਚ ਅੰਨ ਵੰਡਣ ਅਤੇ ਸਾਰੀ ਉਮਰ ਬੀਮਾਰਾਂ ਦੀ ਸੇਵਾ ਕਰਨ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ। ਅਜਿਹੇ ਪੁਰਸ਼ ਸੱਚੇ ਅਤੇ ਕੁਰਬਾਨੀ ਦੇ ਪੁਤਲੇ ਜ਼ਰੂਰ ਹੁੰਦੇ ਹਨ ਪਰ ਇਹ ਨਹੀਂ ਸਮਝ ਸਕਦੇ ਕਿ ਸਿਰਫ ਦਾਨ ਦੇਣ ਨਾਲ ਨਾ ਭਾਰਤ ਵਿਚ ਤੇ ਨਾ ਹੀ ਕਿਸੇ ਹੋਰ ਦੇਸ਼ ਵਿਚ ਗਰੀਬੀ ਅਤੇ ਬੀਮਾਰੀ ਦੀ ਸਮੱਸਿਆ ਉੱਤੇ ਕਾਬੂ ਪਾਇਆ ਜਾ ਸਕਦਾ ਹੈ।

ਮਜ਼੍ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿਚ ਵੱਡੀ ਰੁਕਾਵਟ ਹਨ। ਇਹ ਹਮੇਸ਼ਾ ਸਾਡੇ ਰਾਹ ਵਿਚ ਰੋੜਾ ਸਾਬਤ ਹੋਏ ਹਨ ਅਤੇ ਸਾਨੂੰ ਇਹਨਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ਼ ਆਜ਼ਾਦ ਵਿਚਾਰਾਂ ਦੀ ਕਸਵੱਟੀ ਉਤੇ ਪੂਰੀ ਨਹੀਂ ਉਤਰਦੀ ਅਵੱਸ਼ ਖ਼ਤਮ ਹੋ ਜਾਂਦੀ ਹੈ। ਹੋਰ ਕਈ ਅਜਿਹੀਆਂ ਕਮਜ਼ੋਰੀਆਂ ਹਨ ਜਿਨ੍ਹਾਂ ਉੱਤੇ ਹਾਲੇ ਅਸੀਂ ਕਾਬੂ ਪਾਉਣਾ ਹੈ। ਵਿਦੇਸ਼ੀ ਹਾਕਮ ਹਿੰਦੂਆਂ ਦੀ ਕੱਟੜਤਾ ਤੇ ਪਿਛਾਂਹ-ਖਿਚੂ ਨੀਤੀ, ਮੁਸਲਮਾਨਾਂ ਦੇ ਤੁਅੱਸਬ ਅਤੇ ਆਮ ਕਰਕੇ ਸਾਰੇ ਫ਼ਿਰਕਿਆਂ ਦੀ ਤੰਗਦਿਲੀ ਦਾ ਫਾਇਦਾ ਉਠਾਉਂਦੇ ਹਨ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਇਨਕਲਾਬੀ ਲੱਗਣ ਵਾਲੇ ਸਭ ਫਿਰਕਿਆਂ ਦੇ ਨੌਜਵਾਨਾਂ ਦੀ ਲੋੜ ਹੈ।

ਅਸੀਂ ਅਜੇ ਤੱਕ ਕੁਝ ਵੀ ਨਹੀਂ ਕੀਤਾ ਅਤੇ ਨਾ ਹੀ ਅਸੀਂ ਕਾਮਯਾਬੀ ਵਾਸਤੇ ਕੁਰਬਾਨੀ ਕਰਨ ਲਈ ਤਿਆਰ ਹਾਂ। ਪਰ ਸਾਡੇ ਨੇਤਾ ਤਾਂ ਪਹਿਲਾਂ ਹੀ ਕਿਸੇ ਖ਼ਿਆਲੀ ਕਾਮਯਾਬੀ ਦੀਆਂ ਵੰਡੀਆਂ ਪਾਉਣ ਲਈ ਆਪਸ ਵਿਚ ਲੜ ਰਹੇ ਹਨ। ਸਿਰਫ ਆਪਣੀ ਕਾਇਰਤਾ ਅਤੇ ਕੁਰਬਾਨੀ ਦੇ ਜਜ਼ਬੇ ਦੀ ਅਣਹੋਂਦ ਉੱਤੇ ਪੜਦਾ ਪਾਉਣ ਲਈ ਉਹ ਬਨਾਉਟੀ ਸ਼ੋਸ਼ੇ ਖੜ੍ਹੇ ਕਰਦੇ ਹਨ ਅਤੇ ਅਸਲੀ ਸਮੱਸਿਆ ਨੂੰ ਲੁਕਾ ਰਹੇ ਹਨ। ਇਹ ਕੁਝ ਨਾ ਕਰਨ ਵਾਲੇ, ਉਹਨਾਂ ਜੂਠੇ ਟੁਕੜਿਆਂ ਉੱਤੇ ਆਸਾਂ ਲਾਈ ਬੈਠੇ ਹਨ ਜਿਹੜੇ ਉਨ੍ਹਾਂ ਨੂੰ ਜਰਵਾਣੇ ਵਿਦੇਸ਼ੀ ਹਾਕਮਾਂ ਵੱਲੋਂ ਮਿਲਣ ਦੀ ਆਸ ਹੈ। ਇਹ ਬਹੁਤ ਹੱਤਕ ਭਰੀ ਦਸ਼ਾ ਹੈ। ਆਜ਼ਾਦੀ ਦੀ ਜੰਗ ਵਿਚ ਨਿਤਰਨ ਵਾਲੇ ਕਿਆਫੇ ਨਹੀਂ ਲਾਉਂਦੇ ਕਿ ਕਿੰਨੀ ਕੁਰਬਾਨੀ ਨਾਲ ਕਿੰਨੀ ਕਾਮਯਾਬੀ ਹੋਵੇਗੀ ਅਤੇ ਇਸ ਵਿਚ ਸਾਡੇ ਹਿੱਸੇ ਕੀ ਆਵੇਗਾ? ਅਜਿਹੇ ਲੋਕ ਕਦੇ ਵੀ ਕੁਰਬਾਨੀ ਨਹੀਂ ਕਰ ਸਕਦੇ। ਸਾਨੂੰ ਉਨ੍ਹਾਂ ਮਰਦਾਂ ਦੀ ਲੋੜ ਹੈ ਜਿਹੜੇ ਹਰ ਕਿਸਮ ਦੀ ਆਸ ਉਮੀਦ, ਡਰ ਜਾਂ ਦੁਚਿੱਤੀ ਨੂੰ ਤਿਆਗ ਕੇ ਸੰਘਰਸ਼ ਕਰਨ ਤੇ ਜਿਹੜੇ ਬਿਨਾਂ ਸ਼ੁਹਰਤ ਗੁੰਮਨਾਮ ਰਹਿ ਕੇ ਸ਼ਹੀਦੀਆਂ ਪਾ ਸਕਣ। ਅਜਿਹੇ ਜਜ਼ਬੇ ਤੋਂ ਬਗੈਰ ਅਸੀਂ ਉਹ ਦੋਪਾਸੀ ਜੰਗ ਨਹੀਂ ਲੜ ਸਕਾਂਗੇ ਜੋ ਸਾਨੂੰ ਵੰਗਾਰ ਰਹੀ ਹੈ—ਦੋਪਾਸੀਂ ਇਸ ਲਈ, ਇਕ ਤਾਂ ਆਪਣੇ ਅੰਦਰਲੇ ਦੁਸ਼ਮਣ ਦੇ ਖ਼ਿਲਾਫ਼ ਤੇ ਦੂਜੀ ਵਿਦੇਸ਼ੀ ਦੁਸ਼ਮਣ ਦੇ ਖ਼ਿਲਾਫ਼। ਸਾਡਾ ਅਸਲੀ ਸੰਘਰਸ਼ ਸਾਡੀਆਂ ਆਪਣੀਆਂ ਕਮਜ਼ੋਰੀਆਂ ਵਿਰੁੱਧ ਹੈ ਜਿਨ੍ਹਾਂ ਦਾ ਫਾਇਦਾ ਸਾਡਾ ਦੁਸ਼ਮਣ ਵੀ ਉਠਾਉਂਦਾ ਹੈ ਤੇ ਸਾਡੇ ਆਪਣੇ ਵਿਚੋਂ ਕਈ ਖ਼ੁਦਗਰਜ਼ ਲੋਕ ਵੀ।



Sri Satguru Jagjit Singh Ji Elibrary NamdhariElibrary@gmail.com

ਨੌਜਵਾਨ ਪੰਜਾਬੀਓ ! ਦੂਜੇ ਸੂਬਿਆਂ ਦੇ ਨੌਜਵਾਨ ਆਪੋ ਆਪਣੀ ਥਾਂ 'ਤੇ ਤੂਫ਼ਾਨੀ ਰਫ਼ਤਾਰ ਨਾਲ ਕੰਮ ਕਰ ਰਹੇ ਹਨ। ਤਿੰਨ ਫਰਵਰੀ ਨੂੰ ਬੰਗਾਲ ਦੇ ਨੌਜਵਾਨਾਂ ਨੇ ਜਿਸ ਜਥੇਬੰਦੀ ਤੇ ਜਾਗ੍ਰਤੀ ਦਾ ਸਬੂਤ ਦਿੱਤਾ ਉਹ ਸਾਡੇ ਲਈ ਚਾਨਣ ਮੁਨਾਰਾ ਹੈ। ਦੂਜੇ ਪੰਜਾਬ, ਆਪਣੀਆਂ ਬੇਮਿਸਾਲ ਕੁਰਬਾਨੀਆਂ ਅਤੇ ਬਲੀਦਾਨਾਂ ਦੇ ਬਾਵਜੂਦ ਵੀ ਰਾਜਸੀ ਤੌਰ 'ਤੇ ਪਛੜਿਆ ਹੋਇਆ ਸੂਬਾ ਮੰਨਿਆ ਜਾਂਦਾ ਹੈ। ਕਿਸ ਲਈ ? ਇਸ ਕਰਕੇ ਕਿ ਅਸੀਂ ਇਕ ਜੋਧਿਆਂ ਦੀ ਕੌਮ ਵਿਚੋਂ ਤਾਂ ਹਾਂ, ਪਰ ਸਾਡੇ ਵਿਚ ਜਥੇਬੰਦੀ ਤੇ ਅਨੁਸ਼ਾਸਨ ਦੀ ਬਹੁਤ ਕਮੀ ਹੈ। ਅਸੀਂ ਜੋ ਕਿ ਪੁਰਾਤਨ ਸਮੇਂ ਦੀ ਟੈਕਸ਼ਿਲਾ ਦੀ ਯੂਨੀਵਰਸਿਟੀ 'ਤੇ ਮਾਣ ਕਰਦੇ ਹਾਂ, ਅੱਜ ਸਭਿਆਚਾਰ ਤੋਂ ਬਿਲਕੁਲ ਕੋਰੇ ਬੈਠੇ ਹਾਂ ਅਤੇ ਸਭਿਆਚਾਰ ਬਣਾਉਣ ਲਈ ਉੱਚ-ਕੋਟੀ ਦੇ ਸਾਹਿਤ ਦੀ ਲੋੜ ਹੈ ਅਤੇ ਅਜਿਹਾ ਸਾਹਿਤ ਇਕ ਸਾਂਝੀ ਤੇ ਉੱਨਤ ਬੋਲੀ ਤੋਂ ਬਗੈਰ ਨਹੀਂ ਰਚਿਆ ਜਾ ਸਕਦਾ। ਅਫ਼ਸੋਸ ! ਕਿ ਸਾਡੇ ਪਾਸ ਇਨ੍ਹਾਂ ਵਿਚੋਂ ਕੁਝ ਵੀ ਨਹੀਂ !

ਉੱਪਰ ਲਿਖੀ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਦੇ ਇਲਾਵਾ ਆਉਣ ਵਾਲੇ ਇਸ ਤੋਂ ਵੀ ਵੱਡੇ ਸੰਘਰਸ਼ ਲਈ ਜਨਤਾ ਨੂੰ ਤਿਆਰ ਕਰਨਾ ਪਵੇਗਾ। ਸਾਡੀ ਰਾਜਸੀ ਜੱਦੋ-ਜਹਿਦ ਸਿਰਫ਼ 1857 ਦੇ ਸੰਗਰਾਮ ਤੋਂ ਬਾਅਦ ਹੀ ਆਰੰਭ ਹੋਈ ਹੈ। ਇਹ ਕਈ ਪੜਾਵਾਂ ਵਿਚੋਂ ਲੰਘੀ ਹੈ। ਵੀਹਵੀਂ ਸਦੀ ਦੇ ਮੁੱਢ ਤੋਂ ਅੰਗਰੇਜ਼ ਨੌਕਰਸ਼ਾਹੀ ਭਾਰਤ ਲਈ ਇਕ ਬਿਲਕੁਲ ਨਵੀਂ ਨੀਤੀ ਅਪਣਾ ਰਹੀ ਹੈ। ਵੱਡੇ ਸਰਮਾਏਦਾਰ ਤਬਕੇ ਨੂੰ ਰਿਆਇਤਾਂ ਦੇ ਕੇ ਉਹ ਇਹਨਾਂ ਨੂੰ ਆਪਣੀਆਂ ਸਫ਼ਾਂ ਵਿਚ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਨ੍ਹਾਂ ਦੇ ਹਿੱਤ ਸਾਂਝੇ ਬਣਾਏ ਜਾ ਰਹੇ ਹਨ। ਦੇਸ਼ ਵਿਚ ਅੰਗਰੇਜ਼ੀ ਸਰਮਾਇਆ ਵਧਣ ਨਾਲ ਭਾਰਤ ਦੀ ਅਜਿਹੀ ਗਿਰਾਵਟ ਅਟੱਲ ਹੋ ਜਾਵੇਗੀ। ਭਵਿੱਖ ਵਿਚ ਬਹੁਤ ਛੇਤੀ ਹੀ ਅਸੀਂ ਇਸ ਤਬਕੇ ਤੇ ਇਸ ਦੇ ਉੱਘੇ ਨੇਤਾਵਾਂ ਨੂੰ ਵਿਦੇਸ਼ੀ ਹਾਕਮਾਂ ਨਾਲ ਗਲਵਕੜੀ ਪਾਏ ਹੋਏ ਤੱਕਾਂਗੇ। ਕਿਸੇ ਗੋਲਮੇਜ਼ ਕਾਨਫਰੰਸ ਜਾਂ ਹੋਰ ਅਜਿਹੇ ਢੰਗ ਰਾਹੀਂ ਇਹਨਾਂ ਵਿਚਾਲੇ ਸੌਦੇਬਾਜ਼ੀ ਹੋ ਜਾਵੇਗੀ ਅਤੇ ਫਿਰ ਉਹ ਲੋਕਾਂ ਦੀ ਮੱਦਦ ਕਰਨੀ ਛੱਡ ਦੇਣਗੇ।* ਫਿਰ ਉਹ ਸੇਠਾਂ ਦੇ ਬੱਚੇ ਨਹੀਂ ਰਹਿਣਗੇ। ਜੇ ਅਜਿਹਾ ਸਮਝੌਤਾ ਨਾ ਵੀ ਹੋਵੇ ਤਾਂ ਆਉਣ ਵਾਲੇ ਸਮੇਂ ਵਿਚ ਜਨਤਕ ਸੰਘਰਸ਼ ਵੇਲੇ ਆਜ਼ਾਦੀ ਦੇ ਕਈ ਨਾਮਧਰੀਕ ਹਾਮੀ ਝੜ ਜਾਣਗੇ।

ਭਵਿੱਖ ਵਿਚ ਦੇਸ਼ ਨੂੰ ਸੰਘਰਸ਼ ਲਈ ਤਿਆਰ ਕਰਨ ਦਾ ਪ੍ਰੋਗਰਾਮ ਇਸ ਨਾਅਰੇ ਨਾਲ ਸ਼ੁਰੂ ਹੋਵੇਗਾ। "ਜਨਤਾਂ ਦਾ ਇਨਕਲਾਬ ਤੇ ਜਨਤਾ ਲਈ ਇਨਕਲਾਬ।" ਦੂਜੇ ਸ਼ਬਦਾਂ ਵਿਚ ਉਹ ਸਵਰਾਜ ਜੋ 98 ਫੀਸਦੀ ਲੋਕਾਂ ਲਈ ਹੋਵੇ।

ਉਹ ਸਵਰਾਜ, ਜਿਸ ਨੂੰ ਲੋਕ ਪ੍ਰਾਪਤ ਹੀ ਨਹੀਂ ਕਰਨਗੇ, ਉਹ ਹੋਵੇਗਾ ਵੀ ਉਹਨਾਂ ਦਾ ਹੀ। ਇਹ ਬਹੁਤ ਮੁਸ਼ਕਿਲ ਕੰਮ ਹੈ। ਭਾਵੇਂ ਸਾਰੇ ਨੇਤਾਵਾਂ ਨੇ ਕਈ ਸੁਝਾਉ ਦਿੱਤੇ ਹਨ ਪਰ ਕਿਸੇ ਵਿਚ ਵੀ ਇੰਨਾ ਹੌਸਲਾ ਨਹੀਂ ਸੀ ਜਿਸ ਨੇ ਸਮੁੱਚੀ ਜਨਤਾ ਦੀ ਜਾਗ੍ਰਤੀ ਲਈ ਕੋਈ ਠੋਸ ਸਕੀਮ ਪੇਸ਼ ਕੀਤੀ ਹੋਵੇ ਜਾਂ ਉਸ ਨੂੰ ਸਫ਼ਲਤਾ ਨਾਲ ਸਿਰੇ ਚਾੜ੍ਹਨ ਦੀ ਦਲੇਰੀ ਕੀਤੀ ਹੋਵੇ। ਬਹੁਤੇ ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਅਸੀਂ ਇੰਨਾ ਜ਼ਰੂਰ ਕਹਿ ਸਕਦੇ ਹਾਂ ਕਿ ਆਪਣੇ ਅਸਲੀ ਨਿਸ਼ਾਨੇ ਦੀ ਪੂਰਤੀ ਲਈ ਰੂਸੀ ਨੌਜਵਾਨਾਂ ਵਾਂਗ ਸਾਡੇ ਵੀ ਹਜ਼ਾਰਾਂ ਹੋਣਹਾਰ ਨੌਜਵਾਨਾਂ ਨੂੰ ਆਪਣੀਆਂ ਕੀਮਤੀ ਜਿੰਦੜੀਆਂ ਪਿੰਡਾਂ ਵਿਚ ਗੁਜ਼ਾਰਨੀਆਂ ਪੈਣਗੀਆਂ ਅਤੇ ਲੋਕਾਂ ਨੂੰ ਸਮਝਾਉਣਾ ਪਵੇਗਾ ਕਿ ਆਉਣ ਵਾਲੇ ਇਨਕਲਾਬ ਦਾ ਅਸਲ ਭਾਵ ਕੀ ਹੋਵੇਗਾ। ਲੋਕਾਂ ਵਿਚ ਇਹ ਚੀਜ਼ ਮਹਿਸੂਸ ਕਰਾਉਣ ਦੀ ਲੋੜ ਹੈ ਕਿ ਆਉਣ ਵਾਲੇ ਇਨਕਲਾਬ ਦਾ ਅਰਥ ਸਿਰਫ

* [ਅੰਤਿਕਾ ਵਿਚ 1931 ਦੀ ਗਾਂਧੀ ਅਰਵਿਨ ਪੈਕਟ ਦੀ ਕਾਪੀ ਇਸ ਪਸ਼ੀਨਗੋਈ ਨੂੰ ਕਿਵੇਂ ਸੱਚਿਆਉਂਦਾ ਹੈ। ਪੜ੍ਹੋ—ਸੰਪਾਦਕ]



Sri Satguru Jagjit Singh Ji Elibrary NamdhariElibrary@gmail.com

'ਹਾਕਮਾਂ ਦੀ ਤਬਦੀਲੀ' ਹੀ ਨਹੀਂ ਹੋਵੇਗਾ। ਸਭ ਤੋਂ ਵਧ ਕੇ ਇਸ ਦਾ ਅਰਥ ਹੋਵੇਗਾ, ਸਾਲ ਦਾ ਕੰਮ ਨਹੀਂ ਹੈ। ਕਈ ਦਹਾਕਿਆਂ ਦੀ ਲਾਸਾਨੀ ਕੁਰਬਾਨੀ ਹੀ ਜਨਤਾ ਨੂੰ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਤਿਆਰ ਕਰ ਸਕਦੀ ਹੈ ਅਤੇ ਸਿਰਫ ਇਨਕਲਾਬੀ ਨੌਜਵਾਨ ਹੀ ਇਸ ਨੂੰ ਕਰ ਸਕਣਗੇ। ਪਰ ਇਹ ਜ਼ਰੂਰੀ ਨਹੀਂ ਕਿ ਬੰਬਾਂ ਤੇ ਪਿਸਤੌਲਾਂ ਵਾਲਾ ਆਦਮੀ ਹੀ ਇਨਕਲਾਬੀ ਹੋਵੇ।

ਨੌਜਵਾਨਾਂ ਦਾ ਕੰਮ ਬਹੁਤ ਮੁਸ਼ਕਲ ਹੈ ਅਤੇ ਉਨ੍ਹਾ ਦੇ ਵਸੀਲੇ ਨਾਂ-ਮਾਤਰ ਹਨ। ਅਨੇਕਾਂ ਮੁਸੀਬਤਾਂ ਤੇ ਔਕੜਾਂ ਉਨ੍ਹਾਂ ਦੇ ਰਸਤੇ ਵਿਚ ਆਉਣਗੀਆਂ ਪ੍ਰੰਤੂ ਉਨ੍ਹਾਂ ਥੋੜ੍ਹੇ ਪਰ ਸਾਫ਼ ਦਿਲ ਉੱਦਮੀ ਮੰਰਦਾਂ ਦੇ ਅਥਾਹ ਜੋਸ਼ ਅੱਗੇ ਉਹ ਵੀ ਨਹੀਂ ਅਟਕ ਸਕਦੀਆਂ। ਨੌਜਵਾਨਾਂ ਦਾ ਮੈਦਾਨ ਵਿਚ ਨਿੱਤਰਨਾ ਲਾਜ਼ਮੀ ਹੈ। ਉਨ੍ਹਾਂ ਨੂੰ ਆਪਣੇ ਸਾਹਮਣੇ ਕੰਡਿਆਲੇ ਤੇ ਬਿੱਖੜੇ ਰਸਤੇ ਅਤੇ ਨਾਲ ਹੀ ਮਹਾਨ ਆਦਰਸ਼ ਦੀ ਠੀਕ-ਠੀਕ ਪਛਾਣ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਵੀ ਦਿਲ ਵਿਚ ਵਸਾਉਣਾ ਚਾਹੀਦਾ ਹੈ ਕਿ ਕਾਮਯਾਬੀ ਤਾਂ ਇਕ ਸਬੱਬੀ ਗੱਲ ਹੈ ਪਰ ਕੁਰਬਾਨੀ ਅਟੱਲ ਨਿਯਮ ਹੈ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਲਗਾਤਾਰ ਨਾਕਾਮੀਆਂ ਦਾ ਸਾਹਮਣਾ ਕਰਨਾ ਪਵੇ ਅਤੇ ਗੁਰੂ ਗੋਬਿੰਦ ਸਿੰਘ ਨਾਲੋਂ ਵੀ ਬਹੁਤ ਕਸ਼ਟ ਝੱਲਣੇ ਪੈਣ, ਫਿਰ ਵੀ ਉਨ੍ਹਾਂ ਨੂੰ ਪਛਤਾ ਕੇ ਇਹ ਵੀ ਨਹੀਂ ਕਹਿਣਾ ਚਾਹੀਦਾ : "ਉਹੋ ਇਹ ਸਭ ਕੁਝ ਤਾਂ ਭੁਲੇਖਾ ਹੀ ਨਿਕਲਿਆ।"

ਨੌਜਵਾਨੋ, ਅਜਿਹੇ ਮਹਾਨ ਸੰਗਰਾਮ ਵਿਚ ਆਪਣੇ-ਆਪ ਨੂੰ ਇਕੱਲਾ ਦੇਖ ਕੇ ਤੁਸੀਂ ਘਬਰਾਉਣਾ ਨਹੀਂ ਹੋਵੇਗਾ। ਤੁਹਾਨੂੰ ਆਪਣੇ ਅੰਦਰ ਸ਼ਕਤੀ ਦਾ ਅਹਿਸਾਸ ਹੋਣਾ ਚਾਹੀਦਾ ਹੈ। ਆਪਣੇ ਬਾਹੂ-ਬਲ 'ਤੇ ਭਰੋਸਾ ਰੱਖੋ ਤੇ ਜਿੱਤ ਤੁਹਾਡੀ ਹੈ। ਜੇਮਸ ਗਾਰਫੀਲਡ ਦੀ ਮਹਾਨ ਮਾਤਾ ਦੇ ਉਹ ਸ਼ਬਦ ਹਮੇਸ਼ਾ ਯਾਦ ਰੱਖੋ, ਜੋ ਉਸ ਨੇ ਆਪਣੇ ਪੁੱਤਰ ਨੂੰ ਬਿਨਾਂ ਪੈਸੇ ਤੇ ਹਰ ਕਿਸਮ ਦੇ ਸਹਾਰੇ ਤੋਂ ਵਾਂਝਿਆਂ ਕਰਕੇ ਤੋਰਨ ਵੇਲੇ ਕਹੇ ਸਨ, "ਕਿਸੇ ਨੌਜਵਾਨ ਦੀ ਸਭ ਤੋਂ ਜ਼ਿਆਦਾ ਭਲਾਈ ਇਸੇ ਕੰਮ ਵਿਚ ਹੈ ਕਿ ਜ਼ਿੰਦਗੀ ਵਿਚ ਦਸਾਂ ਵਿਚੋਂ ਨੌਂ ਵਾਰੀ ਉਸ ਨੂੰ ਸਿਰਫ਼ ਆਪਣੇ ਸਹਾਰੇ 'ਤੇ ਸਮੁੰਦਰ ਵਿਚ ਤਰਨ ਜਾਂ ਡੁੱਬਣ ਦਾ ਮੌਕਾ ਦਿੱਤਾ ਜਾਵੇ।" ਧੰਨ ਹੈ ਉਹ ਮਾਤਾ ਜਿਸ ਨੇ ਇਹ ਸ਼ਬਦ ਆਖੇ ਅਤੇ ਧੰਨ ਹਨ ਉਹ ਲੋਕ, ਜਿਹੜੇ ਇਸ ਕਥਨ ਨੂੰ ਪਾਲਦੇ ਹਨ।

ਇਟਲੀ ਨੂੰ ਨਵਾਂ ਜਨਮ ਦੇਣ ਵਾਲੇ ਮਹਾਮਾਨਵ, ਮੈਜਿਨੀ ਨੇ ਕਿਹਾ ਸੀ, "ਸਾਰੀਆਂ ਕੌਮੀ ਲਹਿਰਾਂ ਉਨ੍ਹਾਂ ਗੁੰਮਨਾਮ ਲੋਕਾਂ ਦੀ ਹੀ ਦੇਣ ਹੁੰਦੀਆਂ ਹਨ, ਜਿਨ੍ਹਾਂ ਪਾਸ ਕੋਈ ਪ੍ਰਸਿੱਧੀ ਜਾਂ ਅਸਰ ਰਸੂਖ ਨਹੀਂ ਹੁੰਦਾ। ਪਰ ਉਹ ਅਜਿਹਾ ਦ੍ਰਿੜ੍ਹ ਨਿਸ਼ਚਾ ਤੇ ਸਿਦਕ ਰੱਖਦੇ ਹਨ ਜਿਸ ਦੇ ਸਾਹਮਣੇ ਸਮੇਂ ਦੀ ਲੰਬਾਈ ਤੇ ਸਭ ਔਕੜਾਂ ਮਾਤ ਪੈ ਜਾਂਦੀਆਂ ਹਨ। ਜ਼ਿੰਦਗੀ ਦਾ ਲੰਗਰ ਚੁੱਕ ਦਿਓ ਤੇ ਇਸ ਨੂੰ ਮੁਸ਼ਕਿਲਾਂ ਦੇ ਮਹਾਨ ਸਾਗਰ ਵਿਚ ਠਿਲ੍ਹ ਪੈਣ ਦਿਓ ਤੇ ਫਿਰ !

*ਉਸ ਵਿਸ਼ਾਲ ਤੇ ਅਦਭੁਤ ਸਮੁੰਦਰ 'ਤੇ ਹੀ ਭਰੋਸਾ ਰੱਖੋ, ਜਿਥੇ ਨਿਤ ਨਵੇਂ ਜਵਾਰ (ਉਤਾਰ-ਚੜ੍ਹਾਅ) ਆਉਂਦੇ ਹਨ, ਜਿਥੇ ਮਹਾਨ ਲਹਿਰਾਂ ਆਜ਼ਾਦ ਹਨ : ਓ ਨੌਜਵਾਨ ਕੋਲੰਬਸ, ਹੋ ਸਕਦਾ ਹੈ ਤੇਰੀ ਸੱਚ ਦੀ ਦੁਨੀਆ ਸ਼ਾਇਦ ਇਥੇ ਹੀ ਹੋਵੇ।"*

ਗਿਣਤੀ-ਮਿਣਤੀ ਵਿਚ ਪੈਣ ਦੀ ਲੋੜ ਨਹੀਂ, ਨਾ ਹੀ ਪੁਨਰ-ਜਨਮ ਦੇ ਸਿਧਾਂਤ ਹੇਠਾਂ ਮਨ ਦੇ ਦੱਬਣ ਦੀ ਜਾਂ ਹੌਸਲਾ ਹਾਰਨ ਦੀ ਲੋੜ ਹੈ। ਜੇ ਹਿੰਮਤ ਕਰੇ ਤਾਂ ਮਨੁੱਖ ਮਹਾਨ ਬਣ ਸਕਦਾ ਹੈ। ਆਪਣੇ ਵਤਨ ਦੇ ਸ਼ਹੀਦਾਂ ਨੂੰ ਨਾ ਭੁੱਲੋ। ਕਰਤਾਰ ਸਿੰਘ ਸਰਾਭਾ ਵੀ ਤਾਂ ਨੌਜਵਾਨ ਹੀ ਸੀ। ਫਿਰ ਵੀ ਮੁੱਛ ਫੁੱਟਦੀ ਉਮਰ ਵਿਚ ਉਹ ਦੇਸ਼ ਸੇਵਾ ਦੇ ਮੈਦਾਨ ਵਿਚ ਕੁੱਦਿਆ ਤੇ ਉਹ ਹੱਸਦਾ-ਹੱਸਦਾ ਅਤੇ 'ਬੰਦੇ ਮਾਤਰਮ' ਦਾ ਨਾਅਰਾ ਲਾਉਂਦਾ ਹੋਇਆ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ। ਭਾਈ ਬਾਲ ਮੁਕੰਦ ਅਤੇ ਅਵਧ ਬਿਹਾਰੀ ਦੋਵੇਂ ਬਹੁਤ ਛੋਟੀ ਉਮਰ ਦੇ ਹੀ



Sri Satguru Jagjit Singh Ji Elibrary NamdhariElibrary@gmail.com

ਸਨ, ਜਦੋਂ ਉਹ ਇਸ ਮਹਾਨ ਕਾਰਜ ਲਈ ਆਪਣੀਆਂ ਜਾਨਾਂ 'ਤੇ ਖੇਡ ਗਏ। ਉਹ ਵੀ ਤੁਹਾਡੇ ਵਿਚੋਂ ਹੀ ਸਨ। ਤੁਹਾਨੂੰ ਵੀ ਉਨ੍ਹਾਂ ਵਰਗੇ ਸੱਚੇ ਦੇਸ਼ ਭਗਤ ਅਤੇ ਆਜ਼ਾਦੀ ਦੇ ਜੋਸ਼ੀਲੇ ਸਿਪਾਹੀ ਬਣਨਾ ਚਾਹੀਦਾ ਹੈ। ਇਹ ਨਾ ਹੋਵੇ ਕਿ ਤੁਸੀਂ ਧੀਰਜ ਤੇ ਹੋਸ਼ ਗਵਾ ਬੈਠੋ ਅਤੇ ਕਦੇ ਹੌਸਲਾ ਤੇ ਚੜ੍ਹਦੀ ਕਲਾ ਤੁਹਾਡਾ ਸਾਥ ਛੱਡ ਜਾਣ। ਦ੍ਰਿੜ੍ਹਤਾ ਤੇ ਧੀਰਜ ਨੂੰ ਆਪਣੇ ਹੱਡਾਂ ਵਿਚ ਰਚਾ ਲਉ।

ਨੌਜਵਾਨਾਂ ਨੂੰ ਆਜ਼ਾਦ ਤੌਰ 'ਤੇ ਸੰਜੀਦਗੀ ਤੇ ਠਰ੍ਹੰਮੇ ਨਾਲ ਸੋਚਣਾ ਚਾਹੀਦਾ ਹੈ। ਉਹ ਵਤਨ ਦੀ ਬੰਦ ਖਲਾਸੀ ਨੂੰ ਆਪਣੇ ਜੀਵਨ ਦਾ ਇਕੋ-ਇਕ ਨਿਸ਼ਾਨਾ ਬਣਾ ਲੈਣ। ਉਨ੍ਹਾਂ ਨੂੰ ਆਪਣੇ ਹੀ ਪੈਰਾਂ 'ਤੇ ਖੜ੍ਹੇ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪਾਖੰਡੀ ਤੇ ਚਾਲਬਾਜ਼ ਲੋਕਾਂ ਤੋਂ ਖ਼ਬਰਦਾਰ ਰਹਿ ਕੇ ਜਥੇਬੰਦ ਹੋਣਾ ਚਾਹੀਦਾ ਹੈ। ਅਜਿਹੇ ਲੋਕਾਂ ਦੀ ਸਾਡੇ ਆਦਰਸ਼ ਨਾਲ ਕੋਈ ਸਾਂਝ ਨਹੀਂ ਅਤੇ ਇਹ ਹਮੇਸ਼ਾ ਸੰਕਟ ਸਮੇਂ ਸਾਥ ਛੱਡ ਜਾਂਦੇ ਹਨ। ਨੌਜਵਾਨਾਂ ਨੂੰ ਸੱਚੇ ਦਿਲੋਂ ਤੇ ਸੰਜੀਦਗੀ ਨਾਲ ਸੇਵਾ, ਬਿਪਤਾ ਸਹਾਰਨ ਤੇ ਕੁਰਬਾਨੀ ਦਾ ਤ੍ਰਿਪਾਸਾ ਆਦਰਸ਼ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਕੌਮ ਦੀ ਸਿਰਜਣਾ ਅਜਿਹੇ ਹਜ਼ਾਰਾਂ ਹੀ ਗੁੰਮਨਾਮ ਮਰਦਾਂ ਤੇ ਔਰਤਾਂ ਦੀ ਮੰਗ ਕਰਦੀ ਹੈ, ਜਿਨ੍ਹਾਂ ਨੂੰ ਆਪਣੇ ਨਿੱਜੀ ਲਾਭ ਤੇ ਆਰਾਮ, ਆਪਣੇ ਨਜ਼ਦੀਕੀਆਂ ਨਾਲੋਂ, ਆਪਣਾ ਦੇਸ਼ ਕਿਤੇ ਵੱਧ ਪਿਆਰਾ ਹੋਵੇ।

*'ਬੰਦੇ ਮਾਤਰਮ'*

6 ਅਪ੍ਰੈਲ, 1928.

ਛਪਵਾਉਣ ਅਤੇ ਪ੍ਰਕਾਸ਼ਿਤ ਕਰਨ ਵਾਲੇ ਬੀ.ਸੀ. ਵੋਹਰਾ ਬੀ.ਏ. (ਸ਼ਹੀਦੀ ਭਗਵਤੀ ਚਰਨ ਵੋਹਰਾ ਜੀ)

ਪਰਾਪੇਗੰਡਾ ਸਕੱਤਰ ਨੌਜਵਾਨ ਭਾਰਤ ਸਭਾ ਵਲੋਂ ਅਰੋੜਵੰਸ ਪਰੈੱਸ ਲਾਹੌਰ ਤੋਂ ਛਪਿਆ।

* * *

## 53. ਲਾਲਾ ਲਾਜਪਤ ਰਾਏ ਜੀ ਦੇ ਨਾਉਂ ਖੁੱਲ੍ਹੀ ਚਿੱਠੀ

*—ਨਵੰਬਰ, 1927*

[ਲਾਲਾ ਲਾਜਪਤ ਰਾਏ ਨੂੰ ਦੇਸ਼ ਦਾ ਇਕ ਬਜ਼ੁਰਗ ਨੇਤਾ ਮੰਨਦੇ ਹੋਏ ਵੀ, ਇਨਕਲਾਬੀ ਉਨ੍ਹਾਂ ਦੇ ਕੁਝ ਵਿਚਾਰਾਂ ਨਾਲ ਅਸਹਿਮਤੀ ਰੱਖਦੇ ਸਨ। ਲਾਲਾ ਜੀ ਅਤੇ ਭਗਤ ਸਿੰਘ ਦੇ ਸਾਥੀਆਂ ਵਿਚ ਇਕ ਬਹਿਸ ਚਲ ਪਈ ਸੀ ਜਿਸ ਵਿਚ ਜੋ ਦਲੀਲਾਂ ਪੇਸ਼ ਕੀਤੀਆਂ ਗਈਆਂ, ਉਨ੍ਹਾਂ ਨੂੰ ਜਾਨਣ ਲਈ 'ਕਿਰਤੀ ਅਖ਼ਬਾਰ' 'ਚੋਂ ਕੁਝ ਲੇਖ ਇਥੇ ਪੇਸ਼ ਕੀਤੇ ਜਾ ਰਹੇ ਹਨ। ਭਾਵੇਂ ਇਨ੍ਹਾਂ ਵਿਚੋਂ ਕੁਝ ਵਿਚ ਭਗਤ ਸਿੰਘ ਦਾ ਨਾਂ ਨਹੀਂ ਹੈ, ਪਰ ਉਹ ਇਨ੍ਹਾਂ ਦਲੀਲਾਂ ਦੇ ਪੱਖਧਾਰੀ ਜ਼ਰੂਰ ਸਨ।

ਨਵੰਬਰ 1927 ਵਿਚ ਲਾਲਾ ਲਾਜਪਤ ਰਾਏ ਜੀ ਦੇ ਨਾਂ ਇਕ ਖੁੱਲ੍ਹੀ ਚਿੱਠੀ ਛਾਪੀ ਗਈ ਸੀ। ਇਸ ਚਿੱਠੀ 'ਤੇ ਦਸਤਖ਼ਤ ਕਰਨ ਵਾਲਿਆਂ ਨਾਲ ਸ਼ਹੀਦ ਭਗਤ ਸਿੰਘ ਦਾ ਨਜ਼ਦੀਕੀ ਸੰਬੰਧ ਸੀ।

ਜਨਵਰੀ 1928 ਵਿਚ "ਲਾਲਾ ਲਾਜਪਤ ਰਾਏ ਅਤੇ ਮਿਸ ਐਗਨਿਸ ਸਮੇਡਲੀ" ਸਿਰਲੇਖ ਹੇਠ ਦੂਸਰਾ ਲੇਖ ਛਪਿਆ ਸੀ। ਮਿਸ ਐਗਨਿਸ ਸਮੇਡਲੀ, ਯੂਰਪ ਦੀ ਇਕ ਮੰਨੀ-ਪ੍ਰਮੰਨੀ ਲਿਖਾਰੀ ਸ਼ੀ, ਜਿਸ ਦੇਸ਼ੋਂ ਬਾਹਰ ਭਾਰਤੀ ਇਨਕਲਾਬੀਆਂ ਦੇ ਜੀਵਨ ਤੇ ਕਾਰਜਾਂ ਬਾਰੇ ਇਕ ਕਿਤਾਬ ਲਿਖੀ ਸੀ, ਜਿਸ ਦੇ ਕੁਝ ਹਿੱਸੇ ਲਾਲਾ ਜੀ ਨੇ ਪੀਪਲ ਅਖ਼ਬਾਰ ਵਿਚ ਛਾਪ ਕੇ ਫਿਰ



Sri Satguru Jagjit Singh Ji Elibrary NamdhariElibrary@gmail.com

ਉਸ ਦਾ ਛਾਪਣਾ ਬੰਦ ਕਰ ਦਿੱਤਾ ਗਿਆ ਸੀ। ਇਸ ਨੂੰ ਲੈ ਕੇ ਇਹ ਲੇਖ ਲਿਖਿਆ ਗਿਆ ਸੀ।

ਅਗਸਤ 1928 ਵਿਚ 'ਲਾਲਾ ਲਾਜਪਤ ਰਾਏ ਅਤੇ ਨੌਜਵਾਨਾਂ ਦੀਆਂ ਤਹਿਰੀਕਾਂ' ਦੇ ਸਿਰਲੇਖ ਹੇਠ ਤੀਸਰਾ ਲੇਖ ਛਪਿਆ ਸੀ। (ਸੰਪਾਦਕ)

ਜਿਨ੍ਹਾਂ ਸੱਜਣਾਂ ਨੂੰ ਲਾਲਾ ਲਾਜਪਤ ਰਾਏ ਦੇ ਨਾਲ ਰਾਜਸੀ ਮੈਦਾਨ ਵਿਚ ਚੰਗੀ ਤਰ੍ਹਾਂ ਵਰਤਣ ਦਾ ਅਵਸਰ ਮਿਲਿਆ ਹੈ, ਉਹ ਤਾਂ ਪਹਿਲਾਂ ਹੀ ਲਾਲਾ ਜੀ ਦੀ ਲੀਡਰੀ ਦੀ ਫੋਕੀ ਇੱਛਾ ਅਤੇ ਦੇਸ਼ ਖ਼ਾਤਰ ਸਵਾਏ ਟੱਰਾਂ ਟੱਰਾਂ ਤੇ ਹੋਰ ਕੁਝ ਨਾ ਕਰਨ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਪ੍ਰਦੇਸੀ ਵੀਰ ਖ਼ਾਸਕਰ ਅਮਰੀਕਾ ਤੇ ਕੈਨੇਡਾ ਨਿਵਾਸੀ ਸਿੱਖ ਭਾਈਆਂ ਦਾ ਤਾਂ ਲਾਲਾ ਜੀ ਤੋਂ 1914 ਤੋਂ ਹੀ ਵਿਸ਼ਵਾਸ ਉੱਡ ਚੁੱਕਾ ਸੀ ਜਦੋਂਕਿ ਆਪ ਕੈਨੇਡਾ ਅਮਰੀਕਾ ਗਏ ਸਨ ਅਤੇ ਆਪ ਨੂੰ ਉਨ੍ਹਾਂ ਹਿੰਦੁਸਤਾਨੀ ਭਾਈਆਂ ਨੇ ਆਪਣੀ ਗਾੜ੍ਹੀ ਕਮਾਈ ਦਾ ਕਮਾਇਆ ਹੋਇਆ ਚੋਖਾ ਰੁਪਇਆ ਹਿੰਦੁਸਤਾਨ ਵਿਚ ਆਜ਼ਾਦੀ ਦੇ ਕਾਜ ਲਈ ਦਿੱਤਾ ਸੀ ਅਤੇ ਆਪ ਨੇ ਉਹ ਰੁਪਇਆ ਉਨ੍ਹਾਂ ਦੇ ਕਹੇ ਅਨੁਸਾਰ ਨਹੀਂ ਸਗੋਂ ਆਪਣੀ ਮਰਜ਼ੀ ਨਾਲ ਖ਼ਰਚ ਕੀਤਾ ਸੀ ਅਤੇ ਬਹੁਤ ਸਾਰਾ ਆਪ ਹੀ ਹਜ਼ਮ ਕਰ ਗਏ ਸਨ।

ਲਾਲਾ ਜੀ ਦੀਆਂ ਅੱਜਕਲ ਦੀਆਂ ਆਪ ਹੁਦਰੀਆਂ ਅਤੇ ਟੇਢੀਆਂ ਚਾਲਾਂ ਨੇ ਹਿੰਦੁਸਤਾਨ ਦੇ ਲੋਕਾਂ ਅਤੇ ਰਾਜਸੀ ਹਲਕਿਆਂ ਵਿਚੋਂ ਵੀ ਆਪਣਾ ਭਰੋਸਾ ਗਵਾ ਦਿੱਤਾ ਹੈ। ਅਸਾਡੇ ਪਾਸ 22 ਸੱਜਣਾਂ ਵੱਲੋਂ ਪ੍ਰਕਾਸ਼ਤ ਕੀਤੀ ਹੋਈ "ਲਾਲਾ ਜੀ ਦੇ ਨਾਉਂ ਖੁੱਲ੍ਹੀ ਚਿੱਠੀ" ਛਾਪਣ ਲਈ ਪੁੱਜੀ ਹੈ, ਜਿਸ ਦਾ ਅਨੁਵਾਦ ਹੇਠਾਂ ਦਰਜ ਕੀਤਾ ਜਾਂਦਾ ਹੈ। —ਸੰਪਾਦਕ 'ਕਿਰਤੀ']

ਲਾਹੌਰ, 18 ਸਤੰਬਰ, 1927

ਪਿਆਰੇ ਲਾਲਾ ਲਾਜਪਤ ਰਾਏ ਜੀ !

ਜਦੋਂ ਅਸੈਂਬਲੀ ਦੀ ਚੋਣ ਲਈ ਜਲਸੇ ਕੀਤੇ ਜਾਂਦੇ ਸਨ ਤਾਂ ਆਪ ਨੇ ਇਕ ਵਾਰੀ ਦਸ ਹਜ਼ਾਰ ਹਿੰਦੂਆਂ ਦੇ ਜਲਸੇ ਦੇ ਸਾਹਮਣੇ ਆਪ ਆਪ ਨੂੰ ਸਿਪਾਹੀ ਹੋਣ ਦਾ ਐਲਾਨ ਕੀਤਾ ਸੀ।

ਇਕ ਦੂਸ਼ਣ ਦੇ ਉੱਤਰ ਵਿਚ ਕਿ ਆਪ ਇਕ ਮਰ ਚੁੱਕੇ ਲੀਡਰ ਹੋ। ਆਪ ਨੇ ਕਿਹਾ ਸੀ ਕਿ ਬੇਸ਼ੱਕ ਹਿੰਦੂਆਂ ਦੇ ਹੱਥੋਂ ਇਕ ਲੀਡਰ ਜਾਂਦਾ ਰਿਹਾ ਹੈ ਪਰ ਲੀਡਰ ਦੀ ਥਾਂ ਉਨ੍ਹਾਂ ਨੂੰ ਇਕ ਸਿਪਾਹੀ ਮਿਲ ਗਿਆ ਹੈ। ਆਪ ਜੀ ਦੇ ਇਸ ਐਲਾਨ ਨੂੰ ਸੁਣ ਕੇ ਅਸੀਂ ਵੀ ਬੜੇ ਪ੍ਰਸੰਨ ਹੋਏ ਸਾਂ ਕਿਉਂਕਿ ਅਸੀਂ ਵੀ ਅਜਿਹੇ ਲੀਡਰਾਂ ਪਾਸੋਂ, ਜੋ ਕਿ ਰਾਜਸੀ ਮਸਲਿਆਂ ਸਬੰਧੀ ਬੜੀਆਂ ਸੌਖੀਆਂ-ਸੌਖੀਆਂ ਗੱਲਾਂ ਕਰਿਆ ਕਰਦੇ ਸਨ, ਤੰਗ ਆਏ ਹੋਏ ਸਾਂ। ਪਿਛਲੇ ਭਲੇ ਦਿਨਾਂ ਵਿਚ ਜਦੋਂ ਆਪ ਬਾਦਲੀਲ ਲੈਕਚਰਾਂ ਵਿਚ ਇਹੋ ਆਖਦੇ ਨਹੀਂ ਥੱਕਦੇ ਸੋ ਕਿ "ਮੈਂ ਜਾਂ ਤਖ਼ਤ ਲਵਾਂਗਾ ਜਾਂ ਤਖ਼ਤਾ" ਲਾਹੌਰ ਦੇ 16 ਨੌਜਵਾਨਾਂ ਨੇ ਜੋ ਐਲਾਨ "ਨੌਜਵਾਨ ਪੰਜਾਬ ਅੱਗੇ ਅਪੀਲ" ਦੇ ਸਿਰਲੇਖ ਹੇਠਾਂ ਕੀਤਾ ਸੀ, ਉਸ ਦੇ ਜਵਾਬ ਵਿਚ ਆਪ ਨੇ ਉਨ੍ਹਾਂ ਪਰ ਇਹ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਆਪ ਪਰ ਇਕ ਗ਼ਲਤ ਧੱਬਾ ਲਾ ਕੇ ਆਪ ਨੂੰ ਇਕ ਰਾਜਸੀ ਮੈਦਾਨ ਵਿਚੋਂ ਕੱਢਣ ਦਾ ਯਤਨ ਕੀਤਾ ਹੈ।

ਇਹ ਦੂਸ਼ਣ ਵੇਖਣ ਤੋਂ ਹੀ ਕੋਝਾ ਜਾਪਦਾ ਸੀ। ਅਸੀਂ ਆਪ ਨੂੰ ਮੁੜ ਮੈਦਾਨ-ਏ-ਜੰਗ ਵਿਚ ਲਿਆਉਣਾ ਚਾਹੁੰਦੇ ਹਾਂ ਅਤੇ ਆਪ ਵਿਚ ਇਹ ਸ਼ਤਰੰਜੀ ਚਾਲਾਂ ਖੇਡਣ ਦੀ ਜੋ ਚਾਅ ਪੈਦਾ ਹੋ ਗਈ ਹੈ, ਇਸ ਨੂੰ ਤਬਾਹ ਕਰਨਾ ਚਾਹੁੰਦੇ ਹਾਂ। ਆਪ ਨੇ ਕਿਹਾ ਸੀ ਕਿ ਇਹ ਤਾਂ ਬਲਾਸ਼ਵਿਕ ਹਨ ਅਤੇ ਆਪਣਾ ਆਗੂ, ਲੈਨਿਨ ਮੰਨਦੇ ਹਨ। ਬਾਲਸ਼ਵਿਕ ਹੋਣਾ ਕੋਈ ਗੁਨਾਹ ਨਹੀਂ ਹੈ ਅਤੇ ਅੱਜ ਹਿੰਦੁਸਤਾਨ ਨੂੰ ਲੈਨਿਨ ਦੀ ਸਭ ਤੋਂ ਵੱਧ ਲੋੜ ਹੈ। ਕੀ ਆਪ ਨੇ ਇਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਨੌਜਵਾਨਾਂ ਨੂੰ ਸੀ.ਆਈ.ਡੀ. ਦੀਆਂ ਮਿਹਰ ਦੀਆਂ ਨਜ਼ਰਾਂ ਵਿਚ ਲਿਆਉਣ ਦੀ ਕਮੀਨੀ ਕੋਸ਼ਿਸ਼ ਨਹੀਂ ਕੀਤੀ ? ਆਪ ਦੀ ਇਸ ਬੁਰੀ ਇੱਛਾ ਨੂੰ ਫਲ ਲੱਗ ਗਿਆ ਅਤੇ ਆਪ ਆਪਣੇ ਆਪ ਨੂੰ ਇਸ ਸਫਲਤਾ ਦੀ ਵਧਾਈ ਦੇ ਸਕਦੇ ਹੋ, ਆਪ ਨੇ ਲੰਗੇ ਮੰਡੀ ਵਿਚ ਪੰਜਾਬ ਦੇ ਇਨ੍ਹਾਂ ਨੌਜਵਾਨਾਂ ਉੱਪਰ ਕੇਵਲ ਇਸ ਲਈ ਚਿੱਕੜ ਸੁੱਟਿਆ, ਕਿਉਂਕਿ ਉਨ੍ਹਾਂ ਨੇ ਲੋਕਾਂ ਨੂੰ ਅਸਲੀ-ਅਸਲੀ ਹਾਲਾਤ ਦੱਸਣ ਦਾ ਹੌਸਲਾ ਕੀਤਾ। ਇਸ ਦਿਨ ਆਪ ਦੀ ਚੋਣ ਸਬੰਧੀ ਲੜਾਈ ਦਾ ਆਰੰਭਿਕ ਦਿਨ ਸੀ, ਪੰਡਿਤ ਮਾਲਵੀਆ ਜੀ ਨੂੰ ਸ਼ੁਭ ਆਰੰਭਿਕ ਕਾਰਵਾਈ ਕਰਨ ਲਈ ਸੱਦਿਆ ਗਿਆ ਸੀ ਅਤੇ ਆਪ ਨੇ ਕੁਝ ਥੋੜ੍ਹੇ ਜਿਹੇ ਪ੍ਰਧਾਨਗੀ ਸ਼ਬਦ ਹੀ ਉੱਚਰਨੇ ਸਨ। ਆਪਣੇ ਬੁਰੇ ਕਾਰਨਾਮਿਆਂ ਨੂੰ ਦੇਖ ਕੇ ਆਪ ਆਪਣਾ ਆਪ ਭੁੱਲ ਗਏ। ਪੰਡਿਤ ਮਾਲਵੀਆ ਨੂੰ ਆਪਣੀ ਸੁਭਾਵਿਕ ਲੰਬੀ ਤਕਰੀਰ ਕਰਨ ਦਾ, ਜਿਸ ਲਈ ਕਿ ਉਹ ਤਿਆਰ ਹੋ ਕੇ ਆਇਆ ਸੀ, ਸਮਾਂ ਨਾ ਮਿਲਿਆ। ਆਪ ਨੇ ਦੋ ਘੰਟੇ, ਸਗੋਂ ਇਸ ਤੋਂ ਵੀ ਵੱਧ ਚੋਖੇ ਸਮੇਂ ਵਿਚ "ਨੌਜਵਾਨ ਪੰਜਾਬ ਅੱਗੇ ਅਪੀਲ" ਦੀ ਕੜਕਵੀਂ ਆਵਾਜ਼ ਵਿਚ ਵਿਰੋਧਤਾ ਕੀਤੀ। ਆਪ ਨੇ ਇਨ੍ਹਾਂ ਨੌਜਵਾਨਾਂ ਪਰ ਦਿਲ ਖੋਲ੍ਹ ਕੇ ਦੂਸ਼ਣ ਲਾਏ ਅਤੇ ਇਨ੍ਹਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ। ਆਪਣੀ ਸਾਰੀ ਤਕਰੀਰ ਵਿਚ ਹੀ ਆਪ ਨੇ ਦਲੀਲਬਾਜ਼ੀ ਨੂੰ ਉੱਕਾ ਹੀ ਲਾਂਭੇ ਛੱਡ ਛੱਡਿਆ। ਅਸੀਂ ਆਪ ਪਰ ਹੇਠ ਲਿਖੇ ਦੂਸ਼ਣ ਲਾਉਂਦੇ ਹਾਂ :

1. ਰਾਜਸੀ ਥਿੜਕੇਵਾਂ।
2. ਕੌਮੀ ਵਿੱਦਿਆ ਨਾਲ ਗ਼ਦਾਰੀ।
3. ਸਵਰਾਜ ਪਾਰਟੀ ਨਾਲ ਗ਼ਦਾਰੀ।
4. ਹਿੰਦੂ ਮੁਸਲਿਮ ਖਿੱਚੋਤਾਣ ਦਾ ਵਧਾਉਣਾ।
5. ਮੋਡਰੇਟ ਬਣ ਜਾਣਾ।

ਇਨ੍ਹਾਂ ਦੂਸ਼ਣਾਂ ਵਿਚੋਂ ਇਕ ਦੀ ਵੀ ਆਪ ਨੇ ਬਾਦਲੀਲ ਤਰਦੀਦ ਅੱਜ ਤਕ ਨਹੀਂ ਕੀਤੀ।

ਜਦੋਂ ਚੋਣ ਦਾ ਜੋਸ਼ ਮੱਠਾ ਪੈ ਗਿਆ ਅਤੇ ਅਸੈਂਬਲੀ ਦਾ ਸਮਾਗਮ ਖ਼ਤਮ ਹੋਇਆ ਤਾਂ ਅਸੀਂ ਬੜੀ ਚਿੰਤਾ ਨਾਲ ਫਿਰ ਇਹ ਸੁਣਿਆ ਕਿ ਆਪ ਦੇ ਜਿਸਮ ਨੂੰ ਫਿਰ ਕੋਈ ਨਾ ਕੋਈ ਬੀਮਾਰੀ ਹੋ ਗਈ ਹੈ।

ਅਫ਼ਸੋਸ ! ਭੈੜੀ ਸਿਹਤ ਸਾਡੇ ਲੀਡਰਾਂ ਦਾ ਇਕ ਆਮ ਅੰਗ ਹੈ। ਉਹ ਭੈੜੀ ਸਿਹਤ ਹੋਣ ਦੀ ਉਸੇ ਸਮੇਂ ਸ਼ਿਕਾਇਤ ਕਰਨ ਲੱਗ ਜਾਂਦੇ ਹਨ ਜਦੋਂਕਿ ਉਨ੍ਹਾਂ ਨੂੰ ਇਹ ਪਤਾ ਲੱਗਦਾ ਹੈ ਕਿ ਕੋਈ ਨਾ ਕੋਈ ਹੁਣ ਅਸਾਥੋਂ ਪਿੰਡਾਂ ਦੇ ਉਸਾਰੂ ਅਤੇ ਜਥੇਬੰਦੀ ਦੇ ਇਕਰਾਰਾਂ ਨੂੰ ਪੂਰਾ ਕਰਨ ਸਬੰਧੀ ਪੁੱਛਣਾ ਕਰੇਗਾ। ਇਹ ਇਕਰਾਰ ਅਜਿਹੇ ਹਨ, ਜੋ ਕਿ ਹਜ਼ਾਰਾਂ ਵਾਰੀ ਕੀਤੇ ਗਏ ਪ੍ਰੰਤੂ ਪੂਰੇ ਕਦੇ ਨਹੀਂ ਕੀਤੇ।

ਹਿੱਕਮਤ ਵਿੱਦਿਆ ਦਾ ਕਾਨੂੰਨ ਇਹ ਕਹਿੰਦਾ ਹੈ ਕਿ ਭੈੜੀ ਸਿਹਤ ਦੀ ਬੀਮਾਰੀ ਕੇਵਲ ਯੂਰਪ ਦੇ ਸਿਹਤਗਾਹਾਂ ਪਰ ਹੀ ਠੀਕ ਹੁੰਦੀ ਹੈ, ਕੀ ਇਹ ਗੱਲ ਸੱਚੀ ਨਹੀਂ ਹੈ ? ਬੀਮਾਰੀ ਦੇ ਰੋਕਣ ਲਈ ਜੋ ਰਾਏ ਡਾਕਟਰ ਦੇਣ ਉਸ ਨੂੰ ਮੰਨਣੋਂ ਕੌਣ ਇਨਕਾਰੀ ਹੋ ਸਕਦਾ ਹੈ। ਹਿੰਦੁਸਤਾਨ ਇਕ ਬੱਦਖ਼ਤ ਦੇਸ਼ ਹੈ ਅਤੇ ਜੰਗਲਾਂ ਅਤੇ ਦਲਦਲਾਂ ਨਾਲ ਭਰਪੂਰ ਹੈ। ਇਥੇ ਕੋਈ ਪਹਾੜੀ ਸਥਾਨ ਨਹੀਂ ਹਨ ਅਤੇ ਨਾ ਕੋਈ ਸਿਹਤਗਾਹ ਹੈ। ਇਨ੍ਹਾਂ ਲੀਡਰਾਂ ਦਾ ਕਸ਼ਮੀਰ ਕੇਵਲ ਇਟਲੀ ਦੇ ਉੱਤਰ ਵਿਚ ਹੀ ਹੈ। ਮਰੀ, ਮਸੂਰੀ ਅਤੇ ਨੈਨੀਤਾਲ ਵੀ ਯੂਰਪ ਵਿਚ ਹੀ ਮਿਲਦੇ ਹਨ, ਆਪ ਜਾਣਦੇ ਹੋ ਕਿ ਆਪਣੇ ਦੇਸ਼ ਦੀ ਸੇਵਾ ਲਈ ਜ਼ਰੂਰੀ ਜਿਊਣਾ ਚਾਹੀਦਾ ਹੈ, ਜ਼ਿੰਦਗੀ ਕੀਮਤੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸਿਪਾਹੀ ਲਈ ਕੋਈ ਆਰਾਮ ਨਹੀਂ ਹੈ। ਉਹ ਮਰਨ



Sri Satguru Jagjit Singh Ji Elibrary NamdhariElibrary@gmail.com

ਖ਼ਾਤਰ ਹੀ ਜਿਉਂਦਾ ਹੈ ਤਾਂ ਕਿ ਉਹ ਹਮੇਸ਼ਾ ਦੁੱਖ ਝੱਲ ਰਹੀ ਕੌਮ ਦੀ ਸੇਵਾ ਵਿਚ ਰਹਿੰਦਾ ਹੋਇਆ ਹੀ ਮਰੇ ਅਤੇ ਦੁਖੀ ਕੌਮ ਦੇ ਵਾਸਤੇ ਮਰਨ ਖ਼ਾਤਰ ਕਮਰਕੱਸੇ ਹੋਏ ਹੀ ਜੰਗ ਵਿਚ ਮਰਨਾ ਉਸ ਦੀ ਭਾਰੀ ਇੱਛਾ ਹੁੰਦੀ ਹੈ।

ਪ੍ਰੰਤੂ ਯੂਰਪ ਨੂੰ ਤੁਰਨ ਤੋਂ ਪਹਿਲਾਂ ਜਦੋਂ ਕਿ ਆਪ ਅਜੇ ਹਿੰਦੁਸਤਾਨ ਦੀ ਹਵਾ ਹੀ ਖਾ ਰਹੇ ਸੀ ਅਤੇ ਹਿੰਦੁਸਤਾਨ ਦੀ ਧਰਤੀ ਪਰ ਚੱਲ ਫਿਰ ਰਹੇ ਸੀ, ਤਾਂ ਆਪ ਦੇ ਅਤੇ ਆਪ ਦੇ ਸਾਥੀਆਂ ਦੇ ਬੀਜੇ ਹੋਏ ਕੰਡੇ ਉੱਗ ਪਏ। ਆਪ ਨੇ "ਹਿੰਦੂਓ, ਮਾਰੋ !" ਦਾ ਪ੍ਰਚਾਰ ਕੀਤਾ ਸੀ ਅਤੇ ਹਿੰਦੂ ਹੀ ਮਾਰੇ ਗਏ।

ਆਪ ਜੈਸੇ ਹੀ ਹੋਰ ਸੱਜਣਾਂ ਨੇ "ਮੁਸਲਮਾਨੋਂ, ਮਾਰੋ !" ਦਾ ਪ੍ਰਚਾਰ ਕੀਤਾ ਸੀ, ਜਦੋਂ ਮੁਸਲਮਾਨਾਂ ਦੇ ਮਾਰੇ ਜਾਣ ਦਾ ਸਮਾਂ ਆਇਆ ਤੇ ਉਨ੍ਹਾਂ ਦੇ ਲੀਡਰਾਂ ਨੇ ਵੀ ਇਹ ਬੁਜ਼ਦਿਲੀ ਦਿਖਾਈ ਕਿ ਉਹ ਸਿਪਾਹੀਆਂ ਵਾਲਾ ਕੰਮ ਨਾ ਕਰ ਸਕੇ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਵੀ ਕਾਫੀ ਮਾਰ ਪਈ। ਪ੍ਰੰਤੂ ਅਸਾਡਾ ਸਿਪਾਹੀ ਉਸ ਵੇਲੇ ਬੁਜ਼ਦਿਲੀ ਦਿਖਾਉਣ ਵਿਚ ਬਹਾਦਰ ਨਿਕਲਿਆ। ਜਦੋਂ ਹਿੰਦੂ ਮਾਰੇ ਜਾਣ ਦਾ ਆਪਣਾ ਹਿੱਸਾ, ਸਗੋਂ ਹਿੱਸੇ ਤੋਂ ਵੱਧ ਲੈਣ ਲੱਗੇ ਤਾਂ ਆਪ ਨੇ ਫ਼ਸਟ ਕਲਾਸ ਦੇ ਗਦੈਲਿਆਂ ਪਰ ਬੈਠ ਕੇ ਯੂਰਪ ਨੂੰ ਤੁਰ ਜਾਣਾ ਹੀ ਚੰਗਾ ਸਮਝਿਆ। ਆਪ ਨੇ ਲਾਹੌਰ ਦੇ ਹਿੰਦੂਆਂ ਦੀ ਇਸ ਮੁਸੀਬਤ ਸਮੇਂ ਸਹਾਇਤਾ ਕਰਨੋਂ ਅਸਮਰੱਥਤਾ ਪ੍ਰਗਟ ਕੀਤੀ। ਚੋਣ ਦੇ ਦਿਨਾਂ ਵਿਚ ਆਮ ਤੌਰ 'ਤੇ ਹਿੰਦੂਆਂ ਦੀ ਮੁਸਲਮਾਨਾਂ ਹੱਥੋਂ ਰੱਖਿਆ ਕਰਨ ਦੀਆਂ ਡੀਂਗਾਂ ਮਾਰਿਆ ਕਰਦੇ ਸਨ।

ਪ੍ਰੰਤੂ ਅਫ਼ਸੋਸ ਹੈ ਕਿ ਇਹ ਸਭ ਕੁਝ ਆਪ ਦਾ ਚੋਣ ਦੀ ਸਫਲਤਾ ਤਕ ਹੀ ਮਹਿਦੂਦ ਸੀ। ਇਸਦੇ ਸਬੂਤ ਵਿਚ ਅਸੀਂ ਕੇਵਲ ਇੰਨਾ ਕਹਿਣਾ ਹੀ ਕਾਫੀ ਸਮਝਦੇ ਹਾਂ ਕਿ ਆਪ ਨੇ ਯੂਰਪ ਤੋਂ ਵਾਪਸ ਆ ਕੇ ਵੀ ਲਾਹੌਰ ਦੇ ਗ਼ਰੀਬ ਅਤੇ ਦੁਖੀ ਹਿੰਦੂਆਂ ਦੀ ਮਦਦ ਲਈ ਲਾਹੌਰ ਪੁੱਜਣ ਦੀ ਵੀ ਖੇਚਲ ਨਹੀਂ ਕੀਤੀ ਅਤੇ ਸਾਨੂੰ ਪਤਾ ਨਹੀਂ ਕਿ ਆਪ ਨੇ ਸਰਹੱਦ ਤੋਂ ਪਾਗ਼ਲ ਪਠਾਣਾਂ ਦੇ ਕੱਢੇ ਹੋਏ ਹਿੰਦੂਆਂ ਦੀ ਰੱਖਿਆ ਲਈ ਕੀ ਤਰੀਕੇ ਵਰਤੇ ਹਨ। ਇਸ ਤੋਂ ਉਲਟ ਆਪ ਸਿੱਧੇ ਹੀ ਸ਼ਿਮਲੇ ਨੂੰ ਅਸੈਂਬਲੀ ਵਿਚ ਹਿੱਸਾ ਲੈਣ ਲਈ ਅਤੇ ਆਪਣੇ ਸਾਥੀਆਂ ਪਰ ਤਕਰੀਰਾਂ ਦਾ ਅਸਰ ਪਾਉਣ ਲਈ ਚਲੇ ਗਏ। ਬਿਪਤਾ ਸਮੇਂ ਔਡਾ ਰਹਿਣਾ ਆਪਦੀ ਬਹਾਦਰੀ ਦਾ ਵੱਡਾ ਹਿੱਸਾ ਹੈ।

ਕਈ ਨੌਜਵਾਨ ਇਸਤਰੀਆਂ ਦੇ ਸਿਰਾਂ ਦੇ ਸਾਈਂ ਮਰ ਜਾਣ ਨਾਲ ਉਨ੍ਹਾਂ ਦੀ ਸਾਰੀ ਉਮਰ ਦੁੱਖ ਭਰੀ ਅਤੇ ਇਕੱਲੀ ਹੋ ਗਈ, ਕਈ ਕਵਾਰੀਆਂ ਦੇ ਸਤਿ ਭੰਗ ਕੀਤੇ ਜਾਣ ਕਰਕੇ ਉਹ ਆਪਣੇ ਅੰਦਰ ਹੰਝੂਆਂ ਨਾਲ ਰੋ ਰਹੀਆਂ ਹਨ। ਕਈ ਮਾਸੂਮਾਂ ਦਾ ਕਤਲ ਕੀਤਾ ਗਿਆ, ਤੀਹ ਲੱਖ ਜਾਨਾਂ ਭਿਆਨਕ ਨਰਕ ਵਿਚ ਦੀ ਲੰਘ ਰਹੀਆਂ ਹਨ। ਲਾਟ ਪੰਜਾਬ ਵੀ ਆਪਣੀ ਪਹਾੜੀ ਆਰਾਮਗਾਹ ਛੱਡ ਕੇ ਇਨ੍ਹਾਂ ਲੋਕਾਂ ਦੇ ਬੀਜੇ ਹੋਏ ਕੰਡਿਆਂ ਨੂੰ ਵਢਾਉਣ ਲਈ ਲਾਹੌਰ ਪੁੱਜਦਾ ਹੈ। ਪ੍ਰੰਤੂ ਸਾਡਾ ਸਿਪਾਹੀ (ਲਾਲਾ ਲਾਪਜਤ ਰਾਇ) ਇੰਨਾ ਬੀਮਾਰ ਹੈ ਕਿ ਆਪਣੀ ਡਿਊਟੀ ਪਰ ਨਹੀਂ ਪੁੱਜ ਸਕਦਾ ਅਤੇ ਕਹਿ ਛੱਡਦਾ ਹੈ : ਲਾਹੌਰ ਜਾਣ ਲਈ ਗਰਮੀ ਬਹੁਤ ਹੈ ਅਤੇ ਰੇਲ ਦੀਆਂ ਸੀਟਾਂ ਪਹਿਲਾਂ ਹੀ ਰੋਕੀਆਂ ਜਾ ਚੁੱਕੀਆਂ ਹਨ, ਰੋਣ ਦਿਓ ਇਨ੍ਹਾਂ ਵਿਧਵਾ ਹੋ ਚੁੱਕੀਆਂ ਇਸਤਰੀਆਂ ਨੂੰ ਅਤੇ ਯਤੀਮ ਹੋ ਚੁੱਕੇ ਬੱਚਿਆਂ ਨੂੰ, ਸਾਨੂੰ ਇਨ੍ਹਾਂ ਨਾਲ ਕੀ ਹੈ। ਤੰਗੀ ਅਜ਼ੀਬ-ਅਜੀਬ ਆਦਮੀਆਂ ਨੂੰ ਇਕੱਠੇ ਕਰ ਦਿੰਦੀ ਹੈ। ਖ਼ਲਕਤ ਸਾਹਮਣੇ, ਜਿਨ੍ਹਾਂ ਪਰ ਆਪ ਇਹ ਦੂਸ਼ਣ ਲਾਉਂਦੇ ਸੀ ਕਿ ਇਹ ਲੋਕੀਂ ਆਮ ਜਨਤਾ ਦੇ ਇਤਬਾਰਯੋਗ ਨਹੀਂ ਹਨ, ਕੀ ਹੁਣ ਉਨ੍ਹਾਂ ਦੇ ਦਰ ਤੋਂ ਮੰਗਣਾ ਬਹੁਤ ਨਿੱਘ ਦਿੰਦਾ ਹੈ ? ਹੁਸ਼ਿਆਰ ਰਹੋ ਕਿ ਆਦਮੀ ਆਪਣੇ ਸਾਥੀਆਂ



Sri Satguru Jagjit Singh Ji Elibrary NamdhariElibrary@gmail.com

ਤੋਂ ਹੀ ਜਾਣਿਆ ਜਾਂਦਾ ਹੈ। ਕੀ ਇਹ ਕੋਈ ਹੈਰਾਨੀ ਦੀ ਗੱਲ ਹੈ ਕਿ ਆਪ ਇਕ ਮੌਡਰੇਟ ਗਿਣੇ ਜਾਣ ਲੱਗ ਪਏ ਹੋ ਜਦੋਂਕਿ ਆਪ ਜੀ ਹਜ਼ੂਰੀਆਂ ਅਤੇ ਝੋਲੀਚੁੱਕਾਂ ਨਾਲ ਬਾਂਹ ਵਿਚ ਬਾਂਹ ਪਾ ਕੇ ਤੁਰਦੇ ਹੋ।

1. ਕੇਦਾਰ ਨਾਥ ਸਹਿਗਲ (ਮੈਂਬਰ ਸਰਬ ਹਿੰਦ ਕਾਂਗਰਸ ਕਮੇਟੀ, ਪ੍ਰਧਾਨ ਪੰਜਾਬ ਪੁਲੀਟੀਕਲ ਸਫਰਰਜ਼ ਕਾਨਫਰੰਸ)

2. ਮੇਲਾ ਰਾਮ ਵਫਾ (ਐਡੀਟਰ), ਬੰਦੇ ਮਾਤਰਮ ਅਤੇ ਨੈਸ਼ਨਲ ਕਾਲਜ ਦਾ ਪੁਰਾਣਾ ਪ੍ਰੋਫੈਸਰ।

3. ਪ੍ਰੇਮ ਪ੍ਰਕਾਸ਼ ਦੇਵੀਸ਼ਵਰ, ਜਨਰਲ ਸਕੱਤਰ ਪੰਜਾਬ ਸਨਾਤਨ ਧਰਮ ਪੁਲੀਟੀਕਲ ਕਾਨਫਰੰਸ।

4. ਅਬਦਲ ਮਜੀਦ ਸਕੱਤਰ, ਪੰਜਾਬ ਪ੍ਰੈੱਸ ਵਰਕਰਜ਼ ਯੂਨੀਅਨ।

5. ਭਗਵਾਨ ਚਰਨ ਕੌਮੀ ਬੀ.ਏ., ਸਕੱਤਰ, ਕੌਮੀ ਗਰੈਜੂਏਟਸ ਯੂਨੀਅਨ।

6. ਨਰਿੰਦਰਾ ਨਾਥ, ਕੌਮੀ ਬੀ.ਏ., ਲੇਟ ਜੁਆਇੰਟ ਐਡੀਟਰ, ਭੀਸ਼ਮ।

7. ਧਰਮ ਚੰਦ ਕੌਮੀ ਬੀ.ਏ.

8. ਗਨਪਤ ਰਾਏ ਕੌਮੀ, ਬੀ.ਏ.

9. ਬਾਬੂ ਸਿੰਘ ਕੌਮੀ, ਬੀ.ਏ.

10. ਜੀ.ਆਰ. ਦਰਵੇਸ਼ੀ, ਐਡੀਟਰ ਮਿਹਨਤਕਸ਼

11. ਕਰਮ ਚੰਦ ਐਡੀਟਰ, ਲਾਹੌਰ

12. ਮੁਹੰਮਦ ਯੂਸਫ਼ ਕੌਮੀ, ਬੀ.ਏ., ਜੁਆਇੰਟ ਐਡੀਟਰ, ਅਕਾਲੀ

13. ਸੀਤਾ ਰਾਮ ਮਾਸਟਰ, ਪੁਲੀਟੀਕਲ ਵਰਕਰ ਪੰਜਾਬ

14. ਹਰਦਿਆਲ ਹਿੰਦੀ, ਸਾਹਿਤਆ ਭਵਨ

15. ਧਰਮਿੰਦਰਾ ਕੌਮੀ, ਬੀ.ਏ.

16. ਸਰਿੰਦਰਾ ਨਾਥ

17. ਔਨ. ਕਾਲਮ ਉੱਲਾ

18. ਪਿੰਡੀਦਾਸ ਸੋਢੀ, ਲੇਟ ਮੈਨੇਜਰ ਭੀਸ਼ਮ ਲਾਹੌਰ।

19. ਧਰਮਿੰਦਰਾ ਠਾਕਰ, ਲੇਟ ਉਪਦੇਸ਼ਕ ਹਿੰਦੂ ਸਭਾ

20. ਡਾਕਟਰ, ਇੰਦਰਾ ਲਾਲ ਕਪੂਰ।

21. ਲੱਧਾ ਰਾਮ ਲੇਟ, ਐਡੀਟਰ ਸਵਰਾਜੀਆ ਅਲਾਹਾਬਾਦ।

22. ਵੇਦ ਰਾਜ ਭੱਲਾ, ਕੌਮੀ ਬੀ.ਏ.

[ਸੰਸਾਰ ਭਰ ਦੇ ਕਿਰਤੀਆਂ ਨੂੰ ਆਪਣੇ ਦੁੱਖਾਂ ਦੀ ਨਵਿਰਤੀ ਦੇ ਸਾਧਨ ਸੋਚਣ ਲਈ ਇਕ ਥਾਂ ਮਿਲ ਬੈਠਣਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਇਕੱਠੇ ਹੋ ਕੇ ਹੀ ਸਾਂਝੇ ਬੋਲ ਨਾਲ ਉਹ ਪੂੰਜੀਦਾਰੀ ਦੇ ਸਖ਼ਤ ਜ਼ੰਜੀਰਾਂ ਤੋਂ ਛੁਟਕਾਰਾ ਪਾ ਸਕਣਗੇ। —ਕਿਰਤੀ]

* * *



Sri Satguru Jagjit Singh Ji Elibrary NamdhariElibrary@gmail.com

## 54. ਲਾਲਾ ਲਾਜਪਤ ਰਾਏ ਤੇ ਮਿਸ ਐਗਨਿਸ ਸਮੇਡਲੀ

*—ਜਨਵਰੀ, 1928*

ਦਾ ਪੀਪਲ (The people) ਇਕ ਹਫਤੇਵਾਰ ਅੰਗਰੇਜ਼ੀ ਅਖ਼ਬਾਰ ਹੈ। ਇਸਦਾ ਜਨਮਦਾਤਾ ਤੇ ਐਡੀਟਰ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਹੈ। ਜਿਸ ਵੇਲੇ ਇਹ ਪਰਚਾ ਪਹਿਲੇ ਪਹਿਲ ਕੱਢਿਆ ਗਿਆ ਸੀ, ਤਾਂ ਉਸ ਵਿਚ ਪਹਿਲੇ ਹੀ ਸਫ਼ੇ ਤੇ ਲਾਲਾ ਜੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਇਸ ਅਖ਼ਬਾਰ ਵਿਚ ਹਰ ਇਕ ਕਿਸਮ ਦੇ ਖ਼ਿਆਲ ਦਿੱਤੇ ਜਾ ਸਕਣਗੇ ਅਤੇ ਹਰ ਇਕ ਰਾਏ ਨੂੰ ਭਾਵੇਂ ਉਹ ਕੋਹੇ ਜਿਹੀ ਹੀ ਕਿਉਂ ਨਾ ਹੋਵੇ, ਸੁਣਿਆ ਜਾਇਆ ਕਰੇਗਾ, ਅਤੇ ਉਸ ਤੇ ਧੀਰਜ ਤੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਇਆ ਕਰੇਗੀ। ਮੁਕਦੀ ਗੱਲ ਇਹ ਹੈ ਕਿ ਇਹ ਪ੍ਰਚਾ ਇਕ 'ਖੁਲ੍ਹਾ ਵਿਚਾਰ ਘਰ' (open forum) ਬਣਾਇਆ ਗਿਆ ਸੀ, ਜਿਥੇ ਹਰ ਇਕ ਗੱਲ ਉਤੇ ਬਹਿਸ 'ਤੇ ਵਿਚਾਰ ਹੋਣੀ ਸੀ, ਤਾਂ ਜੋ ਅੰਗਰੇਜ਼ੀ ਪੜ੍ਹੇ ਲਿਖੇ ਲੋਕ ਠੀਕ-ਠੀਕ ਹਾਲਾਤ ਨੂੰ ਸਮਝ ਸਕਣ ਅਤੇ ਉਨ੍ਹਾਂ ਤੇ ਠੀਕ-ਠੀਕ ਰਾਏ ਕਾਇਮ ਕਰ ਸਕਣ !

ਇਸ ਲੇਖ ਦਾ ਲਿਖਾਰੀ ਇਸ ਪਰਚੇ ਨੂੰ ਸ਼ੁਰੂ ਤੋਂ ਲੈ ਕੇ ਹੁਣ ਤਕ ਪੜ੍ਹਦਾ ਰਿਹਾ ਹੈ। ਇਹ ਪਰਚਾ ਚੰਗੇ ਪਰਚਿਆਂ ਵਿਚੋਂ ਇਕ ਵਧੀਆ ਪਰਚਾ ਹੈ। ਇਸ ਵਿਚ ਅਕਤੂਬਰ 1927 ਤਕ ਉਤਲੇ ਮੁਖ ਮੰਤਵ ਨੂੰ ਪੂਰੀ ਤਰ੍ਹਾਂ ਨਾਲ ਪੂਰਾ ਕੀਤਾ ਜਾਂਦਾ ਰਿਹਾ ਹੈ। ਇਸ ਵਿਚ ਚੰਗੇ-ਚੰਗੇ ਲਿਖਾਰੀਆਂ ਦੇ ਲੇਖ ਛਪਦੇ ਰਹੇ ਹਨ। ਪਰ ਅਕਤੂਬਰ 1927 ਤੋਂ ਇਸ ਨੇ ਉੱਪਰ ਦੱਸੇ ਮੁਖ ਮੰਤਵ ਤੋਂ ਮੂੰਹ ਫੇਰ ਲਿਆ ਹੈ, ਅਤੇ ਮਿਸ ਐਗਨਿਸ ਸਮੇਡਲੀ ਦੇ ਲੇਖ ਛਾਪਣੇ ਬੰਦ ਕਰ ਦਿੱਤੇ ਹਨ।

ਮਿਸ ਐਗਨਿਸ ਸਮੇਡਲੀ ਯੂਰਪ ਦੀ ਇਕ ਮੰਨੀ ਪ੍ਰਮੰਨੀ ਲਿਖਾਰੀ ਹੈ। ਇਹ ਬਰਲਨ ਦੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਪੜ੍ਹਾਉਂਦੀ ਹੈ। ਲਾਲਾ ਜੀ ਜ਼ਾਤੀ ਤੌਰ 'ਤੇ ਉਸ ਨੂੰ ਜਾਣਦੇ ਹਨ। ਆਪ ਉਸ ਦੀ ਬਾਬਤ ਲਿਖਦੇ ਹਨ—"ਪਿਛਲੇ ਦਸ ਸਾਲਾਂ ਤੋਂ ਮੈਂ ਮਿਸ ਸਮੇਡਲੀ ਨੂੰ ਜਾਣਦਾ ਹਾਂ। ਮੈਂ ਉਸ ਦੀ ਨੇਕ ਨੀਤੀ ਤੇ ਕਦੇ ਵੀ ਸ਼ੱਕ ਨਹੀਂ ਕੀਤਾ ਹੈ। ਉਹ ਅਜਿਹੀ ਇਸਤਰੀ ਨਹੀਂ ਹੈ ਜਿਸ ਨੂੰ ਕਿ ਰੁਪੈ ਨਾਲ ਖਰੀਦਿਆ ਜਾ ਸਕਦਾ ਹੈ। ਉਹ ਜਮਾਂਦਰੂ ਹੀ ਜੁੱਗ-ਪਲਟਾਊ ਹੈ, ਅਤੇ ਉਸ ਦਾ ਸੁਭਾਅ, ਝੁਕਾਅ ਅਤੇ ਆਦਤਾਂ ਸਭ ਇਕ ਜੁੱਗ-ਪਲਟਾਊ ਵਾਲੇ ਹਨ। ਉਸ ਦਾ ਜੀਵਨ ਇੱਜ਼ਤ ਨਾਲ ਜ਼ਿੰਦਾ ਰਹਿਣ ਲਈ ਜੰਗ ਕਰਦੇ-ਕਰਦੇ ਹੀ ਗੁਜ਼ਰ ਗਿਆ ਹੈ। ਅਤੇ ਇਸ ਗੱਲ ਨੇ ਇਸ ਜੁੱਗ-ਪਲਟਾਊ ਪਾਸੇ ਵੱਲ ਉਸ ਦਾ ਹੋਰ ਝੁਕਾਅ ਵਧਾ ਦਿੱਤਾ ਹੈ। ਜ਼ਾਤੀ ਤੌਰ 'ਤੇ ਉਸ ਦੇ ਇਰਾਦੇ ਬਿਲਕੁਲ ਪਵਿੱਤਰ ਅਤੇ ਸਾਫ਼ ਹਨ। ਉਹ ਇਕ ਐਸੀ ਔਰਤ ਹੈ, ਜਿਹੜੀ ਕਿ ਆਪਣੇ ਕੰਮ ਅਤੇ ਦੋਸਤਾਂ ਲਈ ਬੜੀਆਂ-ਬੜੀਆਂ ਕੁਰਬਾਨੀਆਂ ਕਰ ਸਕਦੀ ਹੈ। ਅਤੇ ਮੈਂ ਜ਼ਾਤੀ ਵਾਕਫੀ ਨਾਲ ਆਖ ਸਕਦਾ ਹਾਂ ਕਿ ਸੋਨਾ ਉਸ ਨੂੰ ਉੱਕਾ ਹੀ ਨਹੀਂ ਭਰਮਾ ਸਕਦਾ ਹੈ।"

ਮਿਸ ਸਮੇਡਲੀ ਦੇ ਲੇਖ "ਪੀਪਲ" ਵਿਚ ਛਪਦੇ ਰਹੇ ਹਨ। ਜਿਸ-ਜਿਸ ਨੇ ਉਸ ਦੇ ਲੇਖ ਪੜ੍ਹੇ ਹਨ, ਉਹ ਇਸ ਦੀ ਲਿਆਕਤ ਵਿਦਿਆ ਅਤੇ ਵਾਕਫ਼ੀ ਦੀ ਦਾਦ ਦਿੱਤੇ ਬਗੈਰ ਨਹੀਂ ਰਹਿ ਸਕਦਾ। ਮਿਸ ਸਮੇਡਲੀ ਬੜੀ ਜ਼ਬਰਦਸਤ ਲਿਖਾਰੀ ਹੈ, ਉਹ ਜਿਸ ਗੱਲ ਨੂੰ ਲੈਂਦੀ ਹੈ ਉਸ ਵਿਚ ਜਾਨ ਪਾ ਦੇਂਦੀ ਹੈ। ਕੌਮਾਂਤਰੀ ਰਾਜਨੀਤੀ, ਹਿੰਦੁਸਤਾਨ ਦਾ ਜੁੱਗ-ਪਲਟਾਊ ਇਤਿਹਾਸ ਅਤੇ ਹਿੰਦੁਸਤਾਨ ਦੇ ਜਲਾਵਤਨਾਂ ਦੀ ਬਾਬਤ ਉਹ ਜਿੰਨੀ ਵਾਕਫੀ ਰੱਖਦੀ ਹੈ, ਸ਼ਾਇਦ ਹੀ ਕੋਈ ਹਿੰਦੁਸਤਾਨੀ ਰੱਖਦਾ ਹੋਵੇ। ਹਿੰਦੁਸਤਾਨ ਗ਼ੁਲਾਮ ਹੋਣ ਕਰਕੇ, ਜਾਂ ਪਤਾ ਨਹੀਂ ਹੋਰ ਕਿਸੇ ਕਾਰਨ ਕਰਕੇ, ਉਹ ਭਾਰਤ ਵਰਸ਼ ਨਾਲ ਬੜਾ ਪਿਆਰ ਕਰਦੀ ਹੈ। ਅਤੇ ਇਥੋਂ ਦੇ ਅਖ਼ਬਾਰਾਂ, ਰਸਾਲਿਆਂ ਵਿਚ ਆਪਣੇ ਖ਼ਿਆਲ ਦਸਦੀ ਰਹਿੰਦੀ ਹੈ।



Sri Satguru Jagjit Singh Ji Elibrary NamdhariElibrary@gmail.com

ਪਰ ਲਾਲਾ 'ਲਾਜਪਤ ਰਾਏ ਨੂੰ ਮਿਸ ਸਮੈਡਲੀ ਦੇ ਖ਼ਿਆਲ ਚੰਗੇ ਨਹੀਂ ਲੱਗੇ। ਉਸ ਨੂੰ ਮਿਸ ਸਮੈਡਲ ਦੇ ਲੇਖਾਂ ਵਿਚੋਂ 'ਬੋਲਸ਼ਵਿਕਾਂ' ਵਾਲੀ ਬੋਅ ਆਈ ਹੈ। ਉਸ ਦਾ ਕੋਮਲ ਨੱਕ, ਇਸ ਬੋਲਸ਼ਵਿਕੀ ਬੋਅ ਨੂੰ ਸਹਾਰ ਨਹੀਂ ਸਕਿਆ, ਤਦੇ ਲਾਲਾ ਜੀ ਪੁਰਾਣੀਆਂ ਕਹਾਣੀਆਂ ਵਾਂਗ 'ਮਾਣਸ ਗੰਧ, ਮਾਣਸ ਗੰਧ' ਚੀਕ ਉੱਠੇ ਹਨ। ਅਤੇ ਮਿਸ ਸਮੈਡਲੀ ਦੇ ਲੇਖਾਂ ਤੋਂ ਤੋਬਾ-ਤੋਬਾ ਕਰ ਉੱਠੇ ਹਨ। ਇਸ ਬਾਲਸ਼ਵਿਕੀ ਡਰ ਨਾਲ ਹੀ ਆਪ ਨੇ ਆਪਣੇ ਮੁਖ-ਮੰਤਵ ਨੂੰ ਵੀ ਲਤਾੜ ਛੱਡਿਆ ਹੈ, ਤੇ ਹੁਣ 'ਬੀਬੋ-ਰਾਣਿਆਂ' ਦੇ ਲੇਖ ਛਾਪਣ ਲੱਗ ਪਏ ਹਨ।

ਲਾਲਾ ਲਾਜਪਤ ਰਾਏ ਕਿਰਤੀਆਂ ਦੇ ਬੜੇ ਹਮੈਤੀ ਹਨ, ਆਪ ਟਰੇਡ ਯੂਨੀਅਨ ਕਾਂਗਰਸ ਦੇ ਪ੍ਰਧਾਨ ਰਹਿ ਚੁਕੇ ਹਨ। ਆਪ ਜਨੀਵਾ ਦੀ ਕੌਮਾਂਤਰੀ ਕਿਰਤੀ ਕਾਨਫਰੰਸ ਤੇ ਕਿਰਤੀਆਂ ਵਲੋਂ ਪ੍ਰਤੀਨਿਧ ਹੋ ਕੇ ਗਏ ਸਨ। ਆਪ-ਮਿਸਟਰ ਮੈਕਡੋਨੈਲਡ ਐਂਡ ਕੰਪਨੀ ਨੂੰ ਸਰਮਾਏਦਾਰ ਅਤੇ ਸ਼ਾਹਿਨਸ਼ਾਹੀ-ਪ੍ਰਸਤ ਲਿਖਿਆ ਕਰਦੇ ਹਨ। ਪਰ ਆਪ ਕੌਣ ਹਨ ? ਕਿਰਤੀ। ਨਹੀਂ, ਉੱਕਾ ਹੀ ਨਹੀਂ। ਆਪ ਪੱਕੇ ਸਰਮਾਏਦਾਰ ਹਨ, ਸਰਮਾਏਦਾਰਾਂ ਨਾਲ ਯਰਾਨਾ ਰੱਖਦੇ ਹਨ, ਤਦੇ ਹੀ ਤਾਂ ਸਿਹਤ ਠੀਕ ਕਰਨ ਦੇ ਬਹਾਨੇ ਮਿਸਟਰ ਬਿਰਲੇ ਨਾਲ ਜਨੀਵਾ ਗਏ ਸਨ ਅਤੇ ਉਥੇ ਉਸ ਦੀ ਮਦਦ ਕਰਦੇ ਰਹੇ ਸਨ।

ਆਪ ਲਿਖਦੇ ਹਨ, ਕਿ 'ਮਿਸ ਸਮੈਡਲੀ ਨੇ ਸਾਨੂੰ ਕੋਈ ਨਵੀਂ ਗੱਲ ਨਹੀਂ ਦਸੀ ਹੈ। ਅਸੀਂ ਜਾਣਦੇ ਹਾਂ ਅਤੇ ਪਿਛਲੇ ਦੋ ਸੌ ਸਾਲ ਤੋਂ ਜਾਣਦੇ ਰਹੇ ਹਾਂ, ਕਿ ਇੰਗਲੈਂਡ ਚੜ੍ਹਦੇ ਮੁਲਕਾਂ ਵਿਚ ਹਿੰਦੁਸਤਾਨ ਨੂੰ ਆਪਣੇ ਜੰਗਾਂ ਤੇ ਜੰਗੀ ਤਿਆਰੀਆਂ ਲਈ ਵਰਤਦਾ ਰਿਹਾ ਹੈ।' ਪਰ ਲਾਲਾ ਜੀ ਨੂੰ ਕੋਈ ਪੁੱਛਣ ਵਾਲਾ ਹੋਵੇ, ਤਾਂ ਪੁੱਛੇ, ਕਿ ਤੁਸੀਂ ਦੋ ਸੌ ਸਾਲ ਤੋਂ ਅੰਗਰੇਜ਼ੀ ਚਾਲਾਂ ਨੂੰ ਜਾਣਦੇ ਰਹੇ, ਕਿ ਉਹ ਹਿੰਦੁਸਤਾਨ ਨੂੰ ਜੰਗੀ ਕੰਮਾਂ ਲਈ ਵਰਤਦੇ ਹਨ, ਤਾਂ ਤੁਸਾਂ ਇਸ ਵਰਤਣ ਦੇ ਬਰਖ਼ਲਾਫ਼ ਰੌਲਾ ਕਿਉਂ ਨਾ ਪਾਇਆ ? ਤੁਸਾਂ ਪਿਛਲੇ ਵੱਡੇ ਜੰਗ ਵਿਚ ਹੀ ਹਿੰਦੁਸਤਾਨ ਨੂੰ ਸਲਾਹ ਕਿਉਂ ਨਾ ਦਿੱਤੀ ਕਿ 'ਹਿੰਦੁਸਤਾਨੀਓ, ਸੰਭਲ ਜਾਉ, ਹੁਣ ਵੇਲਾ ਜੇ, ਇਨ੍ਹਾਂ ਨੂੰ ਜੰਗ ਵਿਚ ਕੋਈ ਮੱਦਦ ਨਾ ਦਿਓ, ਅਤੇ ਆਜ਼ਾਦੀ ਲਈ ਲੜੋ'। ਪਰ ਉਸ ਵੇਲੇ ਆਪ ਅਜਿਹਾ ਕਿਉਂ ਕਰਦੇ, ਉਸ ਵੇਲੇ ਆਨੰਦ ਨਾਲ ਬੈਠੇ ਅਮਰੀਕਾ ਵਿਚ ਆਪ ਤਮਾਸ਼ਾ ਵੇਖ ਰਹੇ ਸਨ, ਅਤੇ ਅੰਗਰੇਜ਼ਾਂ ਤਾਈਂ ਜਰਮਨੀ ਦੇ ਵਿਰੁੱਧ ਲਿਖਕੇ, ਸਾਬਤ ਕਰ ਰਹੇ ਸਨ, ਕਿ ਆਪ 'ਖ਼ਤਰਨਾਕ' ਨਹੀਂ ਹਨ ਅਤੇ ਆਪ ਨੂੰ ਜਲਾਵਤਨੀ ਤੋਂ ਹਿੰਦੁਸਤਾਨ ਵਾਪਸ ਘੱਲਿਆਂ ਕੋਈ ਡਰ ਨਹੀਂ ਹੈ।

ਲਾਲਾ ਜੀ ! ਤੁਹਾਨੂੰ ਸਭ ਗਿਆਨ ਹਨ। ਤੁਹਾਡੇ ਸਾਹਮਣੇ ਹੀ ਤੁਹਾਥੋਂ ਅਨਪੜ੍ਹ ਸਿੱਖ ਭਾਈ ਅਮਰੀਕਾ ਵਿਚੋਂ ਜਥੇ ਬਣਾ ਬਣਾਕੇ ਇਥੇ ਆਏ ਅਤੇ ਉਨ੍ਹਾਂ ਦੁਹਾਈ ਪਈ, ਕਿ 'ਲੋਕੋ ਜੰਗ ਵਿਚ ਕੋਈ ਮੱਦਦ ਨਾ ਦਿਉ। ਹੁਣੇ ਵੇਲਾ, ਹੁਣ ਲੋਹਾ ਗਰਮ ਜੇ, ਸੱਟ ਮਾਰੋ ਅਤੇ ਆਜ਼ਾਦ ਹੋ ਜਾਉ। ਉਨ੍ਹਾਂ ਦੀ ਕਿਸੇ ਨਾ ਸੁਣੀ ਪਰ ਉਹ ਸ਼ਹੀਦੀਆਂ ਪ੍ਰਾਪਤ ਕਰਕੇ ਆਪਣੇ ਫ਼ਰਜ਼ ਪੂਰੇ ਕਰ ਗਏ। ਉਸ ਵੇਲੇ ਆਪ ਸਭ ਕੁਝ ਜਾਣਦੇ ਸਉ, ਕਿਉਂਕਿ ਤੁਹਾਡੇ ਵਾਸਤੇ ਕੋਈ ਨਵੀਂ ਗੱਲ ਤਾਂ ਹੋਈ ਹੀ ਨਾ। ਪਰ ਆਪ ਦਾ ਮੱਚ ਮਰ ਗਿਆ ਹੋਇਆ ਸੀ ਆਪ ਨੂੰ ਹਿੰਦੁਸਤਾਨ ਮੁੜਨ ਦੀ ਚਾਹ ਨੇ ਤੜਪਾਇਆ ਹੋਇਆ ਸੀ। ਆਪ ਅੰਗਰੇਜ਼ ਦੀ ਨਜ਼ਰ ਵਿਚ ਚੰਗਾ ਬਣਕੇ ਇਥੇ ਹਿੰਦੁਸਤਾਨ ਵਿਚ ਆਉਣਾ ਚਾਹੁੰਦੇ ਸਾਉ। ਇਸ ਲਈ ਆਪ ਚੁੱਪ ਰਹੇ ਤੇ ਮੌਨ ਧਾਰ ਲਈ, ਸਗੋਂ ਅੰਗਰੇਜ਼ਾਂ ਦੇ ਵਫ਼ਾਦਾਰ ਬਨਣ ਲਈ ਜਰਮਨ ਦੇ ਬਰਖ਼ਲਾਫ਼ ਕਲਮ ਉਠਾਂਦੇ ਰਹੇ। ਕਿਉਂ ਲਾਲਾ ਜੀ ਠੀਕ ਹੈ ਨਾ ?

ਲਾਲਾ ਜੀ ! ਉਂਞ ਤਾਂ ਤੁਹਾਨੂੰ ਸਭ ਕੁਛ ਪਤਾ ਹੀ ਹੈ, ਪਰ ਫੇਰ ਵੀ ਚੇਤਾਵਨੀ ਦੇਣੀ ਚੰਗੀ ਹੁੰਦੀ ਹੈ। ਸੁਣੋ ! ਹੁਣ ਫੇਰ ਜੰਗ ਛਿੜਨ ਵਾਲਾ ਜੇ। ਹਿੰਦੁਸਤਾਨ ਨੂੰ ਫੇਰ ਆਪਣੇ ਮਤਲਬ ਲਈ ਅੰਗਰੇਜ਼ ਵਰਤਣ ਲਗੇ ਜੇ। ਕੌਮ ਨੂੰ ਖ਼ਬਰਦਾਰ ਕਰ ਦਿਓ, ਹਿੰਦੁਸਤਾਨ ਵਿਚ ਢੰਡੋਰਾ



Sri Satguru Jagjit Singh Ji Elibrary NamdhariElibrary@gmail.com

ਫੇਰ ਦਿਓ, ਤਾਂ ਕਿ ਲੋਕ ਅੰਗਰੇਜ਼ੀ ਚਾਲਾਂ ਦੇ ਫੰਦਿਆਂ ਵਿਚ ਨਾ ਫਸਣ ਅਤੇ ਆਪਣੇ ਪੈਰਾਂ 'ਤੇ ਖੜੇ ਹੋਣ ਲਈ ਤਿਆਰ ਹੋ ਜਾਣ। ਕੀ ਨਿਤਰੋਗੇ?

ਪਰ ਲਾਲਾ ਜੀ ਤਾਂ ਆਪਣੇ 'ਅੰਦਰਲੇ' ਚਾਨਣ ਅਨੁਸਾਰ ਕੰਮ ਕਰਦੇ ਹਨ, ਉਹ ਕਿਸੇ ਦੇ ਆਖੇ ਤੇ ਕੋਈ ਕੰਮ ਨਹੀਂ ਕਰਦੇ। ਪਰ ਬਾਬਾ, ਜ਼ਮਾਨਾ ਬੁਰੀ ਬਲਾ ਹੈ, ਇਹ ਕਿਸੇ ਤਰ੍ਹਾਂ ਵੀ ਨਹੀਂ ਜੀਊਣਾ ਦੇਂਦਾ। ਇਹ ਚਾਨਣਾ ਕਿਤੇ ਅੰਦਰਲੀ ਕਮਜ਼ੋਰੀ ਦਾ ਹੀ ਨਾਂ ਨਹੀਂ? ਕਿਉਂਕਿ ਚਾਨਣੇ ਚਾਨਣੇ ਵਿਚ ਫਰਕ ਹੁੰਦਾ ਹੈ ਅਤੇ ਲਾਲਾ ਜੀ ਦੇ ਆਪਣੇ ਅੰਦਰ ਵੀ ਕਈ ਪਰਕਾਰ ਦੇ ਚਾਨਣੇ ਹਨ। ਇਕ ਚਾਨਣਾ ਤਾਂ ਉਹ ਸੀ, ਜੇਹੜਾ ਲਾਲਾ ਲਾਜਪਤ ਰਾਏ ਨੂੰ ਪਰਦੇਸੀ ਮੁਲਕਾਂ ਵਿਚ ਭਜਾਈ ਫਿਰਦਾ ਸੀ, ਇਕ ਚਾਨਣਾ ਉਹ ਸੀ, ਜੇਹੜਾ ਉਨ੍ਹਾਂ ਨੂੰ ਮੁੜ ਏਥੇ ਲਿਆਇਆ। ਇਕ ਚਾਨਣੇ ਦਾ ਚਾਨਣ ਲਾਹੌਰ ਸੈਂਟਰਲ ਜੇਲ੍ਹ ਵਿਚੋਂ ਛੁਟਣ ਪਿਛੋਂ ਹੋਇਆ। ਤੇ ਇਕ ਵੇਰ ਜਵਾਬੀ ਮਿਲਵਰਤਨੀਆਂ ਵਿਚ ਸ਼ਾਮਲ ਹੋਣ ਵੇਲੇ ਲਾਲਾ ਜੀ ਦੀ ਅਗਵਾਈ ਕਰਦਾ ਸੀ। ਲਾਲਾ ਜੀ ! ਸਮਝ ਨਹੀਂ ਪਈ ਤੁਸੀਂ ਕੇਹੜੇ ਚਾਨਣ ਪਿਛੇ ਤੁਰਦੇ ਹੋ, ਕਿਰਪਾ ਕਰਕੇ ਦੱਸੋਗੇ?

'ਕੀ ਸਾਂਝੀ ਵਾਲੀ ਆਪਣੇ ਆਪ ਇਕ, ਘੱਟ ਤੋਂ ਘੱਟ ਅੱਜ ਕੱਲ੍ਹ ਦੀ ਦੁਨੀਆ ਵਿਚ ਫਿਰਕੇਦਾਰੀ ਨਹੀਂ ਹੈ? ਕੀ ਇਹ ਇਕ ਸ਼੍ਰੇਣੀ ਦੀ ਦੂਜੀ ਸ਼੍ਰੇਣੀ ਦੇ ਬਰਖਲਾਫ਼ ਜਥੇਬੰਦ ਜੰਗ ਨਹੀਂ?" ਲਾਲਾ ਜੀ ਫਰਮਾਂਦੇ ਹਨ।

ਪਰ ਲਾਲਾ ਜੀ ! ਤੁਸੀਂ ਦੱਸੋ, ਤੁਸ਼ੀਂ ਸਗੋਂ ਫਿਰਕੇਦਾਰੀ ਵਿਚ, ਸਾਂਝੀਵਾਲੀ ਨੂੰ ਫਿਰਕੇਦਾਰੀ ਸਮਝਕੇ ਹੀ ਤਾਂ ਨਹੀਂ ਆਏ? ਤੁਸੀਂ ਖ਼ਿਆਲ ਕੀਤਾ ਹੋਣਾ ਏਂ, ਕਿ ਚਲੋ ਸਾਂਝੀਵਾਲ ਕੀ ਬਣਨਾ ਏਂ, ਹਿੰਦੂ ਹੀ ਫੇਰ ਬਣ ਜਾਂਦੇ ਹਾਂ।

ਲਾਲਾ ਜੀ ਸ਼੍ਰੇਣੀ ਜੰਗ ਦੇ ਵੀ ਉਲਟ ਜਾਪਦੇ ਹਨ, ਕਿਉਂਕਿ ਮਲੂਮ ਹੁੰਦਾ ਹੈ ਕਿ ਜਿਵੇਂ ਲਾਲਾ ਜੀ ਨੂੰ 200 ਸਾਲ ਤੋਂ ਹਿੰਦੁਸਤਾਨ ਦਾ ਗਿਆਨ ਹੈ, ਤਿਵੇਂ ਜੋ ਕੁਛ ਮਹਾਤਮਾ ਕਾਰਲ ਮਾਰਕਸ ਨੇ ਸਿਖਾਇਆ ਹੈ, ਉਸ ਦਾ ਵੀ ਗਿਆਨ ਹੈ। ਫੇਰ ਲਾਲਾ ਜੀ ਠਹਿਰੇ ਕਿਰਤੀਆਂ ਦੇ ਲੀਡਰ! ਕਿਉਂ ਨਾ ਸ਼੍ਰੇਣੀ-ਜੰਗ ਦੇ ਅਸੂਲ ਦੇ ਉਲਟ ਹੋਣ? ਕਿਰਤੀ ਲਹਿਰ ਦੀ ਨੀਂਹ ਰੱਖਣ ਵਾਲੇ ਮਹਾਤਮਾ ਕਾਰਲ ਮਾਰਕਸ ਦੇ ਮੋਟੇ-ਮੋਟੇ ਤਿੰਨੇ ਅਸੂਲਾਂ ਵਿਚੋਂ ਇਕ ਸ਼੍ਰੇਣੀ-ਜ਼ੰਗ ਹੈ, ਤੇ ਏਸੇ ਅਸੂਲ 'ਤੇ ਹੀ ਅੱਜ ਕਿਰਤੀ ਆਪਣੀਆਂ-ਆਪਣੀਆਂ ਸਰਕਾਰਾਂ ਨਾਲੋਂ, ਆਪਣੇ-ਆਪਣੇ ਮੁਲਕਾਂ ਨਾਲੋਂ ਤੋੜ ਕੇ ਵਿਸ਼ਵ-ਕਿਰਤੀ ਜਥੇਬੰਦੀ ਵਿਚ ਸ਼ਾਮਲ ਹੋ ਰਹੇ ਹਨ। ਪਰ ਲਾਲਾ ਜੀ ਅੱਜ ਸ਼੍ਰੇਣੀ-ਜੰਗ ਦੇ ਉਲਟ ਹੋ ਕੇ ਸਰਮਾਇਦਾਰੀ ਤੇ ਸ਼ਾਹਨਸ਼ਾਹੀ ਨੂੰ ਵੀ ਰਹਿਣ ਦੇਣਾ ਚਾਹੁੰਦੇ ਹਨ। ਸ਼ਾਇਦ ਇਹ ਸਮਝਦੇ ਹੋਣ ਕਿ ਸੁਸਾਇਟੀ ਦੇ ਵਿਕਾਸ ਵਿਚ ਜਿੰਦਾਂ ਕਿ ਆਪ ਸਰਮਾਏਦਾਰ ਆਖਿਆ ਕਰਦੇ ਹਨ, ਦੋਵਾਂ ਦੀ ਹੀ ਲੋੜ ਹੈ।

ਅਸਲੀ ਗੱਲ ਇਹ ਹੈ, ਕਿ ਲਾਲਾ ਜੀ ਇਕ ਇਕ ਕਰਕੇ ਆਪਣੇ ਪਹਿਲੇ ਅਸੂਲ ਛੱਡ ਰਹੇ ਹਨ, ਤੇ ਮੁੜ ਪਹਿਲੇ ਹੀ ਆਰਯਾ-ਸਮਾਜੀ ਬਣ ਰਹੇ ਹਨ। ਏਸੇ ਕਰਕੇ ਹੀ ਆਪ ਨੇ ਬੜੇ ਛਿੱਥੇ ਪੈ ਕੇ ਮਿਸ ਐਗਨਿਸ ਸਮੇਡਲੀ ਦੇ ਕੌਮਾਂਤਰੀ ਅਸੂਲ ਸਿਖਾਲਣ ਵਾਲੇ ਲੇਖਾਂ ਨੂੰ ਛਾਪਣੋਂ ਬੰਦ ਕਰ ਦਿੱਤਾ ਹੈ। ਬੰਦ ਕਰਦੇ ਹੋਏ ਜੇਹੜਾ ਨੋਟ ਲਾਲਾ ਲਾਜਪਤ ਰਾਏ ਨੇ 13 ਅਕਤੂਬਰ ਦੇ ਪਰਚੇ ਵਿਚ ਲਿਖਿਆ ਹੈ, ਉਸ ਨੇ ਲਾਲੇ ਦੀ ਸ਼ਾਨ ਨੂੰ ਕੋਈ ਉੱਚਾ ਨਹੀਂ ਕੀਤਾ। (ਜਿਥੋਂ ਤਕ ਅਸੀਂ ਮਾਲੂਮ ਕਰ ਸਕੇ ਹਾਂ, ਮਿਸ ਐਗਨਿਸ ਸਮੇਡਲੀ ਆਪਣੇ ਲੇਖ, ਬਗੈਰ ਕੁਛ ਲਏ ਦੇ ਘਲਦੀ ਰਹੀ ਹੈ।) ਇਸ ਨੋਟ ਤੇ ਬੜੀਆਂ ਪ੍ਰੋਟੈਸਟ ਦੀਆਂ ਚਿੱਠੀਆਂ ਆਈਆਂ ਹਨ, ਜੇਹੜੀਆਂ ਕਿ ਲਾਲਾ ਜੀ ਨੇ ਛਾਪਣ ਦੀ ਵੀ ਹਿੰਮਤ ਨਹੀਂ ਕੀਤੀ। 15 ਦਸੰਬਰ ਦੇ ਪਰਚੇ ਵਿਚ ਆਪ ਏਸ ਤਰ੍ਹਾਂ ਮਿਸ ਸਮੇਡਲੀ ਤੋਂ ਮਾਫ਼ੀ ਮੰਗਦੇ ਹਨ। "ਅਸੀਂ ਆਪਣੇ ਚਾਨਣੇ ਅਨੁਸਾਰ



Sri Satguru Jagjit Singh Ji Elibrary NamdhariElibrary@gmail.com

ਕੰਮ ਕਰਦੇ ਹਾਂ, ਮਿਸ ਸਮੈਡਲੀ ਨੂੰ ਜਾਨਣਾ ਚਾਹੀਦਾ ਹੈ, ਕਿ ਮੇਰਾ ਤਾਂ ਜ਼ਿੰਦਗੀ ਵਿਚ ਹੋਰ ਕੋਈ (ਦੇਸ਼ ਸੇਵਾ ਤੋਂ ਬਿਨਾਂ ?) ਕੰਮ ਵੀ ਨਹੀਂ। ਫੇਰ ਵੀ ਮੈਨੂੰ ਬੜਾ ਅਫਸੋਸ ਹੈ, ਜੇ ਮੈਂ ਉਸ ਨੂੰ ਦੁੱਖ ਪਹੁੰਚਾਇਆ ਹੈ। ਮੈਨੂੰ ਇਹ ਜਾਨਣਾ ਚਾਹੀਦਾ ਸੀ, ਕਿ ਮੇਰੇ ਲਿਖੇ ਹੋਏ ਰੀਮਾਰਕ ਉਸ ਨੂੰ ਦੁੱਖ ਪਹੁੰਚਾਣ ਤੋਂ ਬਗੈਰ ਹੋਰ ਕਰ ਹੀ ਕੀ ਸਕਦੇ ਸਨ।"

ਲਾਲਾ ਜੀ ਨਿੱਤ ਨਵੇਂ ਸੂਰਜ ਨੌਜਵਾਨਾਂ ਨੂੰ ਨਸੀਹਤ ਕਰਦੇ ਰਹਿੰਦੇ ਹਨ, ਕਿ ਉਨ੍ਹਾਂ ਨੂੰ ਚੁੱਪ ਕਰਕੇ ਬੁਢੇ ਤਜਰਬਾਕਾਰ ਲੀਡਰਾਂ ਦੇ ਆਖੇ ਲਗਣਾ ਚਾਹੀਦਾ ਹੈ। ਤੇ ਮੁਲਕ ਲਈ ਕੁਰਬਾਨੀਆਂ ਕਰਨੀਆਂ ਚਾਹੀਦੀਆਂ ਹਨ, ਪਰ ਜੇਹੜਾ ਲਾਲਾ ਪੈਰ-ਪੈਰ 'ਤੇ ਠੇਡੇ ਖਾਂਦਾ ਹੈ, ਥਾਂ-ਥਾਂ ਤੇ ਗਲਤੀਆਂ ਕਰਦਾ ਹੈ, ਆਪਣੇ ਆਪੇ ਵਿਚ ਨਹੀਂ ਰਹਿੰਦਾ, ਫੇਰ ਮਾਫੀਆਂ ਮੰਗਦਾ ਹੈ। ਉਹ ਲਾਲਾ ਨੌਜਵਾਨਾਂ ਦੀ ਕਿੱਦਾਂ ਅਗਵਾਈ ਕਰ ਸਕਦਾ ਹੈ?

ਜੇ ਸੱਚ ਪੁਛੋ ਤਾਂ ਇਹ ਹੈ, ਕਿ 'ਪੰਜਾਬ ਕੇਸਰੀ' ਹੁਣ ਬੁੱਢਾ ਹੋ ਗਿਆ ਹੈ, ਇਸ ਦੇ ਭਿਆਨਕ ਦੰਦ ਝੜ ਗਏ ਹਨ; ਇਸ ਦੀਆਂ ਨੌਕਰਸ਼ਾਹੀ ਨੂੰ ਡਰਾਉਣ ਵਾਲੀਆਂ ਨਹੁੰਦਰਾਂ ਖੁੰਢੀਆਂ ਹੋ ਗਈਆਂ ਹਨ। ਹੁਣ ਇਹ ਸਰਕਸ ਦੇ ਇਕ ਸਿਧਾਏ ਹੋਏ 'ਕੇਸਰੀ' ਵਾਂਗ ਬੇਜ਼ਰਰ ਹੋ ਗਿਆ ਹੈ। ਲਾਲਾ ਪਹਿਲਾ ਲਾਲਾ ਨਹੀਂ ਰਿਹਾ। ਪਹਿਲਾ ਲਾਲਾ ਨੌਜਵਾਨ ਸੀ, ਉਸ ਵਿਚ ਨੌਜਵਾਨਾਂ ਵਾਲਾ ਜੋਸ਼, ਨੌਜਵਾਨਾਂ ਵਾਲੀ ਹਿੰਮਤ ਅਤੇ ਗਭਰੂਆਂ ਵਾਲੀ ਕੁਰਬਾਨੀ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਲਾਲਾ ਹਿਸਾਬੀ ਨਹੀਂ ਸੀ। ਉਹ ਕੁਰਬਾਨੀ ਦੇ ਸਮੁੰਦਰ ਵਿਚ ਠਿਲ੍ਹ ਪੈਣਾ ਜਾਣਦਾ ਸੀ। ਉਹ ਨੌਜਵਾਨ ਲਾਲਾ ਮੁਲਕ ਦੀ ਬਦਕਿਸਮਤੀ। ਮਰ ਗਿਆ ਹੈ, ਹੁਣ ਇਹ ਲਾਲਾ ਸਾਨੂੰ ਨੌਜਵਾਨਾਂ ਨੂੰ ਨਸੀਹਤਾਂ ਕਰਨ ਲਈ ਰਹਿ ਗਿਆ ਹੈ। ਲਾਲਾ ਆਪ ਮੰਨਦਾ ਹੈ ਤੇ ਆਖਦਾ ਹੈ, ਕਿ 'ਤੋਬਾ ਮੇਰੀ, ਮੈਂ ਕੁਰਬਾਨੀ ਕੋਈ ਨਹੀਂ ਕਰ ਸਕਦਾ'। ਪਰ ਨੌਜਵਾਨਾਂ ਨੂੰ 'ਸਿੱਧੇ ਰਸਤੇ' ਚਲਾਉਣ ਲਈ ਆਪਣਾ ਹੱਕ ਸਮਝਦਾ ਹੈ। ਕਿਸੇ ਕਵੀ ਨੇ ਠੀਕ ਆਖਿਆ ਹੈ। 'ਬਦਲਦਾ ਹੈ ਰੰਗ ਆਸਮਾ ਕੈਸੇ ਕੈਸੇ'।

*—ਕਿਰਤੀ ਅਖ਼ਬਾਰ ਵਿਚ ਇਕ ਵੰਨਗੀ*

ਭਗਤੀ ਦੇਸ਼ ਦੀ ਕਾਲਜੇ ਸੱਲ ਮੇਰੇ, ਲੱਗਾ ਦੁਖ ਪੈਗੰਬਰੀ ਰੈਹਣ ਦਿਓ।
ਮੰਦਾ ਵੇਖਕੇ ਹਾਲ ਨਾਂ ਤਰਸ ਖਾਓ, ਤੜਫਨ ਵਾਲਿਆਂ ਨੂੰ ਤੜਫ ਲੈਣ ਦਿਓ।
ਰਖੋ ਘਰੇ ਸਕੀਮ ਗਰੀਬ਼ ਪ੍ਰਵਰ, ਸਾਨੂੰ ਘਰਾਂ ਵਿਚ ਵੇਹਲਿਆਂ ਬੈਹਣ ਦਿਓ।
ਜੇਹੜਾ ਸੱਚ ਆਖੇ ਓਹਨੂੰ ਦਿਓ ਫਾਹੇ, ਜੇੜ੍ਹਾ ਝੂਠ ਆਖੇ ਉਹਨੂੰ ਕੈਹਣ ਦਿਓ।
ਤੁਸੀਂ ਕੋਠੀਆਂ ਦੇ ਵਿਚ ਪੀਓ ਵਿਸਕੀ, ਅੰਡੇਮਾਨ ਵਿਚ ਬੁਲਬੁਲਾਂ ਰੈਹਣ ਦਿਓ।
ਸਾਨੂੰ ਮਰਨ ਤੇ ਮਿਟਣ ਦਾ ਖੌਰ ਨਾਹੀਂ, ਚਿੱਤ ਆਂਵਦੀ ਗੱਲ ਨੂੰ ਕਹਿਣ ਦਿਓ।

*'ਸਫਦਰ'*

* * *

## 55. ਲਾਲਾ ਲਾਜਪਤ ਰਾਏ ਅਤੇ ਨੌਜਵਾਨਾਂ ਦੀਆਂ ਤਹਿਰੀਕਾਂ

*—ਅਗਸਤ, 1928-ਕਿਰਤੀ*

ਲਾਲਾ ਲਾਜਪਤ ਰਾਏ ਹੋਰੀਂ, ਪਤਾ ਨਹੀਂ ਕਿਉਂ ਪਹਿਲੋਂ ਤੋਂ ਹੀ ਨੌਜਵਾਨਾਂ ਦੀਆਂ ਤਹਿਰੀਕਾਂ ਦੇ ਵਿਰੋਧੀ ਚਲੇ ਆਉਂਦੇ ਹਨ। ਆਪ ਨੇ ਦੇਸ਼-ਭਗਤੀ ਦਾ ਆਦਰਸ਼ ਇਟਲੀ ਦੇ ਮਹਾਤਮਾ ਮੇਜ਼ਿਨੀ ਕੋਲੋਂ ਸਿੱਖਿਆ। ਉਹ ਨੌਜਵਾਨਾਂ ਦਾ ਬੜਾ ਦਿਲ ਦਾਦਾ ਸੀ ਅਤੇ ਕਿਹਾ ਕਰਦਾ ਸੀ ਕਿ, "ਬੜੇ-ਬੜੇ ਕੰਮ ਨੌਜਵਾਨ ਹੀ ਚੁੱਕਿਆ ਕਰਦੇ ਹਨ ਅਤੇ ਉਨ੍ਹਾਂ ਦੀ ਆਵਾਜ਼



Sri Satguru Jagjit Singh Ji Elibrary NamdhariElibrary@gmail.com

ਵਿਚ ਜਾਦੂ ਦਾ ਅਸਰ ਹੁੰਦਾ ਹੈ। ਆਮ ਲੋਕਾਂ ਨੂੰ ਉਹ ਝੱਟ-ਪੱਟ ਆਜ਼ਾਦੀ ਦੀ ਜੰਗ ਵਾਸਤੇ ਤਿਆਰ ਕਰ ਦਿੰਦੇ ਹਨ।" ਐਸੇ ਆਦਮੀ ਨੂੰ ਆਪਣੇ ਜੀਵਨ ਦਾ ਆਦਰਸ਼ ਦੱਸਣ ਵਾਲਾ ਆਦਮੀ, ਇਸ ਤੋਂ ਬਿਲਕੁਲ ਉਲਟ ਕੰਮ ਕਰੇ, ਇਹੋ ਦੇਖ ਕੇ ਹੈਰਾਨੀ ਹੁੰਦੀ ਹੈ। 1907-08 ਦੀਆਂ ਪੁਰਾਣੀਆਂ ਕਬਰਾਂ ਕੀ ਖੋਦਣੀਆਂ ਹਨ। ਅੱਜ ਕਲ ਦੀਆਂ ਹੀ ਗੱਲਾਂ ਬਹੁਤ ਕਾਫ਼ੀ ਹਨ।

ਪਿਛਲੀ ਕੌਂਸਲ ਚੋਣ ਵਿਚ ਲਾਲਾ ਜੀ ਨੇ ਕਾਂਗਰਸ ਦਾ ਸਾਥ ਛੱਡ ਕੇ ਉਹਦੀ ਮੁਖ਼ਾਲਫਿਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਵਿਚ-ਵਿਚ ਇਹੋ ਜਿਹੀਆਂ ਗੱਲਾਂ ਕਹਿੰਦੇ ਰਹੇ, ਜੋ ਕਿ ਉਨ੍ਹਾਂ ਨੂੰ ਹਰਗਿਜ਼ ਮੁਨਾਸਿਬ ਨਹੀਂ ਸਨ। ਇਹ ਦੇਖ ਕੇ ਕੁਝ ਦਰਦਮੰਦ ਨੌਜਵਾਨਾਂ ਨੇ ਆਪ ਦੇ ਵਿਰੁੱਧ ਆਵਾਜ਼ ਉਠਾਈ। ਉਸ ਦਾ ਬਦਲਾ ਲੈਣ ਲਈ ਲਾਲਾ ਜੀ ਨੇ ਖੁਲ੍ਹੇਆਮ ਲੈਕਚਰਾਂ ਵਿਚ ਕਿਹਾ ਕਿ ਇਹ ਨੌਜਵਾਨ ਬੜੇ ਖ਼ਤਰਨਾਕ ਇਨਕਲਾਬ ਪਸੰਦ ਹਨ ਅਤੇ ਲੈਨਿਨ ਵਰਗਾ ਲੀਡਰ ਚਾਹੁੰਦੇ ਹਨ। ਮੇਰੇ ਵਿਚ ਲੈਨਿਨ ਬਣਨ ਦੀ ਹਿੰਮਤ ਨਹੀਂ ਅਤੇ ਪਿਛੋਂ ਝੱਟਪਟ ਹੀ ਇਹ ਵੀ ਕਹਿ ਦਿੱਤਾ ਕਿ ਇਨ੍ਹਾਂ ਨੌਜਵਾਨਾਂ ਨੂੰ ਜੇ 50 ਰੁਪਏ ਦੀ ਨੌਕਰੀ ਵੀ ਮਿਲ ਗਈ ਤਾਂ ਝੱਗ ਵਾਂਗੂ ਬੈਠ ਜਾਣਗੇ। ਇਸ ਦਾ ਕੀ ਮਤਲਬ ? ਕੀ 50 ਰੁਪਿਆਂ ਦੀ ਖ਼ਾਤਰ ਆਪਣਾ ਆਦਰਸ਼ ਛੱਡਣ ਵਾਲੇ ਨੌਜਵਾਨ ਹੀ ਲੈਨਿਨ ਦੇ ਨਾਲ ਸਨ ? ਕੀ ਐਸਾ ਹੀ ਲੈਨਿਨ ਦਾ ਦਰਜਾ ਹੈ ? ਫੇਰ ਅਜਿਹੀ ਗੱਲ ਕਿਉਂ ਕਹੀ ਗਈ ਸੀ ? ਸਿਰਫ਼ ਇਸ ਕਰਕੇ ਕਿ ਲਾਲਾ ਜੀ ਜਿਥੇ ਇਕ ਪਾਸੇ ਸਰਕਾਰ ਨੂੰ ਇਨ੍ਹਾਂ ਦੇ ਬਰਖ਼ਲਾਫ਼ ਸਖ਼ਤ ਕਾਰਵਾਈ ਕਰਨ ਵਾਸਤੇ ਸ਼ਹਿ ਦੇ ਰਹੇ ਸਨ, ਉਥੇ ਉਨ੍ਹਾਂ ਨੂੰ ਲੋਕਾਂ ਦੀ ਨਜ਼ਰ ਵਿਚ ਗਿਰਾਉਣ ਦੀ ਕੋਸ਼ਿਸ਼ ਵੀ ਕਰ ਰਹੇ ਸਨ। ਖ਼ੈਰ !

ਨੇਕ ਨੀਤੀ ਨਾਲ, ਕਿਸੇ ਆਦਮੀ ਦੇ ਕਿਸੇ ਕੰਮ ਅਤੇ ਵਿਚਾਰ 'ਤੇ ਸਖ਼ਤ ਤੋਂ ਸਖ਼ਤ ਆਲੋਚਨਾ ਕਰਨ ਦਾ ਹਰ ਕਿਸੇ ਨੂੰ ਅਧਿਕਾਰ ਹੈ, ਪਰ ਜਾਣਬੁਝ ਕੇ ਕਿਸੇ ਦੇ ਵਿਚਾਰਾਂ ਨੂੰ ਗ਼ਲਤ ਬਿਆਨ ਕਰਕੇ ਗ਼ਲਤ ਫ਼ਹਿਮੀ ਫੈਲਾ ਕੇ ਕਿਸੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨਾ ਹਰ ਕਿਸੇ ਵਾਸਤੇ ਨਾ-ਮੁਨਾਸਿਬ ਹੈ। ਫੇਰ ਭਾਵੇਂ ਉਹ ਲਾਲਾ ਲਾਜਪਤ ਰਾਏ ਹੋਣ ਤੇ ਚਾਹੇ ਕੋਈ ਗੁੰਮਨਾਮ ਨੌਜਵਾਨ। ਉਸ ਚੋਣ ਤੋਂ ਬਾਅਦ ਵੀ ਬਹੁਤ ਮੌਕੇ ਐਸੇ ਆਏ ਪਰ ਉਨ੍ਹਾਂ ਦਾ ਜ਼ਿਕਰ ਕਰਨ ਦੀ ਲੋੜ ਨਹੀਂ।

ਲਾਲਾ ਜੀ ਨੇ ਹੁਣੇ ਜਿਹੇ ਇਕ ਲੇਖ ਹੋਰ ਲਿਖਿਆ ਹੈ। ਅਸਲ ਵਿਚ ਤੇ ਉਹ 'ਕੰਟਰੀ ਲੀਗ', ਜਿਸ ਦਾ ਜ਼ਿਕਰ ਕਿ ਅਸੀਂ ਪਿਛਲੇ ਪਰਚੇ ਵਿਚ ਕਰ ਚੁੱਕੇ ਹਾਂ, ਦੇ ਮੁਤਅਲਕ ਲਿਖਿਆ ਗਿਆ ਸੀ ਪਰ ਲੱਗਦੇ ਹੱਥੀਂ ਨੌਜਵਾਨਾਂ ਦਾ ਜ਼ਿਕਰ ਵੀ ਆ ਗਿਆ। ਲਾਲਾ ਜੀ ਕਹਿੰਦੇ ਹਨ ਕਿ ਅੱਜਕਲ ਦੇ ਗਰਮ ਖ਼ਿਆਲੀਏ ਨੌਜਵਾਨਾਂ ਦੀਆਂ ਤਹਿਰੀਕਾਂ ਕੋਲੋਂ ਲੋਕਾਂ ਨੂੰ ਬਚਣਾ ਚਾਹੀਦਾ ਹੈ। ਇਹ ਲੋਕੀਂ (ਜੁੱਗ-ਪਲਟਾਊ) ਇਨਕਲਾਬ ਪਸੰਦ ਹਨ। ਇਨ੍ਹਾਂ ਦਾ ਪ੍ਰਚਾਰ ਜਾਇਦਾਦ ਲਈ ਖ਼ਤਰਨਾਕ ਹੈ। ਕਿਉਂਕਿ ਇਸ ਨਾਲ ਜਮਾਇਤੀ (ਜਮਾਤੀ) ਜੰਗ ਛਿੜਨ ਦਾ ਡਰ ਹੈ। ਅਤੇ ਅਖ਼ੀਰ ਵਿਚ ਇਹ ਵੀ ਕਿਹਾ, ਕਿ ਇਹ ਕੁਝ ਵਿਦੇਸ਼ੀ ਸ਼ਰਾਰਤੀ ਆਦਮੀਆਂ ਦੀ ਚੁੱਕ ਵਿਚ ਆ ਕੇ ਕੰਮ ਸ਼ੁਰੂ ਕੀਤਾ ਗਿਆ ਹੈ। ਉਹ ਬਾਹਰੂ ਆਦਮੀ ਸਾਡੀ ਕੌਮੀ ਤਹਿਰੀਕ ਵਿਚ ਫੁੱਟ ਪੁਆਉਣਾ ਚਾਹੁੰਦੇ ਹਨ, ਇਸ ਕਰਕੇ ਉਹ ਬਹੁਤ ਖ਼ਤਰਨਾਕ ਹਨ, ਨਾਲ ਹੀ ਉਹ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਪ੍ਰਚਾਰ ਨਾਲ ਜਾਇਦਾਦਾਂ ਵਾਲੇ ਆਦਮੀ ਸਰਕਾਰ ਨਾਲ ਮਿਲ ਜਾਣਗੇ। ਇਨ੍ਹਾਂ ਪ੍ਰਚਾਰ ਕਰਨ ਵਾਲੇ ਨੌਜਵਾਨਾਂ ਨੂੰ ਗੁੰਮਰਾਹ, ਬਾਹਰਲੇ ਆਦਮੀਆਂ ਦੀ ਚੁੱਕ ਵਿਚ ਆਏ ਹੋਏ ਸ਼ਰਾਰਤੀ ਅਤੇ ਲਾਲਚੀ ਦੱਸਦਿਆਂ ਹੋਇਆਂ ਅਖ਼ੀਰ ਵਿਚ ਕਹਿੰਦੇ ਹਨ ਕਿ ਪੰਡਤ ਜਵਾਹਰ ਲਾਲ ਨਹਿਰੂ 'ਤੇ ਪੂਰਾ-ਪੂਰਾ ਭਰੋਸਾ ਹੈ। ਉਹ ਜੋ ਕੁਝ ਕਰ ਅਤੇ ਕਹਿ ਰਹੇ ਹਨ, ਉਹ ਨੇਕ ਨੀਅਤੀ ਨਾਲ ਅਤੇ ਸਮਝ-ਬੁਝ ਕੇ ਕਰਦੇ ਹਨ। ਬਹੁਤ ਖ਼ੂਬ ! ਜਿਨ੍ਹਾਂ ਪੰਡਤ



Sri Satguru Jagjit Singh Ji Elibrary NamdhariElibrary@gmail.com

ਜਵਾਹਰ ਲਾਲ ਨਹਿਰੂ ਹੋਰਾਂ ਦੇ ਖ਼ਿਆਲਾਤ 'ਤੇ ਰੂਸ ਦਾ ਬੜਾ ਭਾਰੀ ਅਸਰ ਹੋਇਆ, ਜਿਨ੍ਹਾਂ ਨੇ ਕਿ ਰੂਸ ਤੋਂ ਮੁੜ ਕੇ ਆਉਣ ਦੇ ਬਾਅਦ ਇਨ੍ਹਾਂ ਖ਼ਿਆਲਾਂ ਦਾ ਪ੍ਰਚਾਰ ਸ਼ੁਰੂ ਕੀਤਾ। ਉਨ੍ਹਾਂ ਦੀ ਨੀਯਤ 'ਤੇ ਕੋਈ ਸ਼ੱਕ ਨਹੀਂ, ਉਹ ਵਿਦੇਸ਼ੀ ਅਸਰ ਜਾਂ ਚੁੱਕ ਵਿਚ ਆ ਕੇ ਇਹ ਗੱਲਾਂ ਨਹੀਂ ਕਹਿ ਰਹੇ ਸਗੋਂ ਨੇਕ ਨੀਯਤੀ ਨਾਲ ਹੀ ਇਹ ਪ੍ਰਚਾਰ ਕਰ ਰਹੇ ਹਨ। ਪਰ ਜਿਹੜੇ ਵਿਚਾਰੇ ਕੋਈ ਮੁਲਕੋਂ ਬਾਹਰ ਜਾ ਹੀ ਨਹੀਂ ਸਕੇ, ਉਹ ਬਾਹਰੂ ਚੁੱਕ ਵਿਚ ਆਏ ਹੋਏ ਹਨ। ਖ਼ੂਬ ! ਖ਼ੂਬ ! ਗੱਲ ਇਹ ਹੈ ਕਿ ਜਵਾਹਰ ਲਾਲ ਨਹਿਰੂ ਹੋਰਾਂ ਦੀ ਪੁਜ਼ੀਸ਼ਨ ਹੋ ਗਈ ਹੈ ਬਹੁਤ ਵੱਡੀ। ਉਨ੍ਹਾਂ ਦਾ ਨਾਮ ਕਾਂਗਰਸ ਦੀ ਪ੍ਰਧਾਨਗੀ ਵਾਸਤੇ ਪੇਸ਼ ਹੋ ਰਿਹਾ ਹੈ ਅਤੇ ਇਹ ਉਮੀਦ ਵੀ ਹੈ ਕਿ ਜਲਦੀ ਹੀ ਉਹ ਪ੍ਰਧਾਨ ਬਣ ਵੀ ਜਾਣਗੇ। ਉਨ੍ਹਾਂ ਦੇ ਵਿਰੁੱਧ ਜੀ ਆਈਆਂ ਗੱਲਾਂ ਲਿਖਣ ਨਾਲ ਇੱਟ ਦਾ ਜਵਾਬ ਪੱਥਰ ਤੋਂ ਮਿਲਣ ਦਾ ਡਰ ਹੁੰਦਾ ਹੈ ਅਤੇ ਗੁੰਮਨਾਮ ਜਿਹੇ ਨੌਜਵਾਨਾਂ ਦੇ ਵਿਰੁੱਧ ਜੋ ਮਰਜ਼ੀ ਕਹੀ ਜਾਵੇ। ਕੌਣ ਪੁੱਛਦਾ ? ਨੌਜਵਾਨਾਂ ਨੂੰ ਮੁਸੀਬਤ ਵਿਚ ਫਸਾਉਣ ਦੇ ਇਸ ਯਤਨ ਨੂੰ ਅਸੀਂ ਕੀ ਕਹੀਏ। ਲਾਲਾ ਜੀ ਨੂੰ ਸ਼ੋਭਾ ਨਹੀਂ ਦਿੰਦਾ। ਖ਼ੈਰ ! ਜੋ ਉਨ੍ਹਾਂ ਦੀ ਮਰਜ਼ੀ ਹੋਵੇ, ਉਹ ਕਹਿਣ। ਹੁਣ ਅਸੀਂ ਉਨ੍ਹਾਂ ਦੀਆਂ ਕੁਝ ਗੱਲਾਂ ਦਾ ਜਵਾਬ ਦੇਣਾ ਚਾਹੁੰਦੇ ਹਾਂ।

ਅਸੀਂ ਸਭ ਤੋਂ ਪਹਿਲਾਂ ਦੱਸਣਾ ਚਾਹੁੰਦੇ ਹਾਂ ਕਿ ਇਨ੍ਹਾਂ ਗੱਲਾਂ ਦੇ ਪ੍ਰਚਾਰ ਵਾਸਤੇ ਕੋਈ ਵਿਦੇਸ਼ੀ ਗੁੰਮਰਾਹ ਨਹੀਂ ਕਰ ਰਿਹਾ। ਨੌਜਵਾਨ ਕਿਸੇ ਦੀ ਚੁੱਕ ਵਿਚ ਆ ਕੇ ਇਹ ਗੱਲਾਂ ਨਹੀਂ ਕਹਿ ਰਹੇ ਬਲਕਿ ਹੁਣ ਇਥੋਂ ਹੀ ਇਸ ਤਰ੍ਹਾਂ ਮਹਿਸੂਸ ਕਰਨ ਲੱਗ ਪਏ ਹਨ। ਲਾਲਾ ਜੀ ਵੱਡੇ ਆਦਮੀ ਹਨ। ਫਸਟ ਕਲਾਸ ਜਾਂ ਦੂਜੇ ਦਰਜੇ ਵਿਚ ਸਫ਼ਰ ਕਰਦੇ ਹਨ। ਉਨ੍ਹਾਂ ਨੂੰ ਕੀ ਪਤਾ ਕਿ ਤੀਜੇ ਦਰਜੇ ਵਿਚ ਕੌਣ ਸਫ਼ਰ ਕਰ ਰਹੇ ਹਨ। ਉਨ੍ਹਾਂ ਨੂੰ ਕੀ ਪਤਾ ਥਰਡ ਕਲਾਸ ਦੇ ਮੁਸਾਫ਼ਰ ਖਾਨਿਆਂ ਵਿਚ ਕੌਣ ਪਿਆ ਠੇਡੇ ਖਾਂਦਾ ਹੈ ? ਉਹ ਮੋਟਰ ਵਿਚ ਬੈਠਿਆਂ ਆਪਣੇ ਹਮਜੋਲੀਆਂ ਨਾਲ ਹੱਸਦਿਆਂ ਖੇਡਦਿਆਂ ਹਜ਼ਾਰਾਂ ਪਿੰਡਾਂ ਕੋਲੋਂ ਦੀ ਲੰਘ ਜਾਂਦੇ ਹਨ। ਉਨ੍ਹਾਂ ਨੂੰ ਕੀ ਪਤਾ ਹਜ਼ਾਰਾਂ ਆਦਮੀਆਂ ਨਾਲ ਕੀ ਪਿਆ ਵਰਤਦਾ ਹੈ ? ਕੀ ਅੱਜ ਅਸੀਂ (Unhappy India) ਅਨਹੈਪੀ ਇੰਡੀਆ ਜੈਸੀ ਕਿਤਾਬ ਦੇ ਲੇਖਕ ਨੂੰ ਹਿੰਦੁਸਤਾਨ ਦੇ ਕਰੋੜਾਂ ਭੁੱਖੇ ਮਰਨ ਵਾਲਿਆਂ ਦੀ ਦਸ਼ਾ ਦੱਸਣ ਬੈਠੀਏ ? ਕੀ ਅੱਜ ਉਨ੍ਹਾਂ ਕਰੋੜਾਂ ਮਨੁੱਖਾਂ ਨੂੰ ਵੇਖ ਕੇ, ਜੋ ਸਵੇਰ ਤੋਂ ਸ਼ਾਮ ਤੀਕ ਲਹੂ-ਪਸੀਨਾ ਇਕ ਕਰਕੇ ਪੇਟ ਵੀ ਨਹੀਂ ਭਰ ਸਕਦੇ। ਇਹ ਲੋੜ ਬਾਕੀ ਰਹਿ ਜਾਂਦੀ ਹੈ ਕਿ ਕੋਈ ਬਾਹਰੋਂ ਆ ਕੇ ਸਾਨੂੰ ਕਹੇ ਕਿ ਇਨ੍ਹਾਂ ਦੇ ਪੇਟ ਭਰਨ ਦਾ ਕੋਈ ਇਲਾਜ ਕਰੋ ? ਕੀ ਜਦੋਂ ਅਸੀਂ ਪਿੰਡਾਂ ਵਿਚ ਗਰਮੀ, ਸਰਦੀ, ਮੀਂਹ, ਧੁੱਪ, ਲੋ ਅਤੇ ਕੋਰੇ ਵਿਚ ਰਾਤ-ਦਿਨ ਜੱਟਾਂ ਨੂੰ ਕੰਮ ਕਰਦਿਆਂ ਵੇਖਦੇ ਹਾਂ ਅਤੇ ਪਿਛੋਂ ਉਨ੍ਹਾਂ ਦੀ ਹਾਲਾਤ ਵਿਚ ਦੇਖਦੇ ਹਾਂ ਕਿ ਵਿਚਾਰੇ ਸੁੱਕੀ ਜਿਹੀ ਰੋਟੀ ਖਾ ਕੇ ਗੁਜ਼ਾਰਾ ਕਰ ਰਹੇ ਹਨ ਅਤੇ ਕਰਜ਼ੇ ਹੇਠ ਦੱਬੇ ਹੋਏ ਹਨ। ਤਦੋਂ ਕੀ ਅਸੀਂ ਤੜਫ ਨਹੀਂ ਉੱਠਦੇ। ਕੀ ਉਦੋਂ ਹੀ ਸਾਡੇ ਦਿਲਾਂ ਵਿਚ ਅੱਗ ਨਹੀਂ ਲੱਗ ਉੱਠਦੀ ? ਕੀ ਸਾਨੂੰ ਕਿਸੇ ਹੋਰ ਆਦਮੀ ਦੀ ਲੋੜ ਪੈਂਦੀ ਹੈ, ਜੋ ਸਾਨੂੰ ਇਹ ਦੱਸੇ ਕੀ ਇਸ ਨਿਜ਼ਾਮ ਨੂੰ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ? ਜਦ ਅਸੀਂ ਨਿੱਤ ਦੇਖਦੇ ਹਾਂ ਕਿ ਮਿਹਨਤ ਕਰਨ ਵਾਲੇ ਭੁੱਖੇ ਮਰਦੇ ਹਨ, ਅਤੇ ਵਿਹਲੇ ਬੈਠ ਕੇ ਖਾਣ ਵਾਲੇ ਮੌਜਾਂ ਪਏ ਮਾਣਦੇ ਹਨ, ਤਾਂ ਕਿ ਅਸੀਂ ਇਸ ਆਰਥਿਕ ਅਤੇ ਸਮਾਜਿਕ ਨਿਜ਼ਾਮ ਦੀਆਂ ਖਰਾਬੀਆਂ ਅਨੁਭਵ ਨਹੀਂ ਕਰ ਸਕਦੇ। ਜਦੋਂ ਅਸੀਂ ਇਹ ਦੇਖਦੇ ਹਾਂ ਕਿ ਦਿਨੋ-ਦਿਨ ਜੁਰਮ ਵਧ ਰਹੇ ਹਨ, ਲੋਕਾਂ ਦੀ ਹਾਲਤ ਦਿਨੋ-ਦਿਨ ਖ਼ਰਾਬ ਤੋਂ ਖ਼ਰਾਬ ਹੁੰਦੀ ਚਲੀ ਜਾਂਦੀ ਹੈ, ਤਦੋਂ ਕੀ ਸਾਨੂੰ ਬਾਹਰਲੇ ਉਪਦੇਸ਼ਕਾਂ ਦੀ ਲੋੜ ਪੈਂਦੀ ਹੈ, ਜੋ ਸਾਨੂੰ ਇਹ ਆ ਕੇ ਸਮਝਾਉਣ ਕਿ ਇਕ ਯੁੱਗ-ਗਰਦੀ ਜਾਂ ਇਨਕਲਾਬ ਦੀ ਲੋੜ ਹੈ। ਕਰੋੜਾਂ ਆਦਮੀਆਂ ਨੂੰ ਜਿਨ੍ਹਾਂ ਨੂੰ ਅਸੀਂ ਅਛੂਤ ਕਹਿ ਕੇ ਪਰ੍ਹੇ ਸੁੱਟਿਆ ਹੋਇਆ ਹੈ, ਉਨ੍ਹਾਂ ਦੀ ਦਰਦਨਾਕ ਹਾਲਤ ਦੇਖ ਕੇ, ਕੀ ਗੁੱਸਾ ਨਹੀਂ ਆਉਂਦਾ ਕਿ ਕਰੋੜਾਂ ਆਦਮੀ ਦੁਨੀਆ ਦੀ ਕਿਤਨੀ ਤਰੱਕੀ ਕਰ



Sri Satguru Jagjit Singh Ji Elibrary NamdhariElibrary@gmail.com

ਸਕਦੇ ਸਨ। ਕਿਤਨੀ ਸੇਵਾ ਕਰ ਸਕਦੇ ਸਨ ਅਤੇ ਅੱਜ ਸਾਡਾ ਭਾਰ ਬਣੇ ਹੋਏ ਹਨ। ਕੀ ਉਨ੍ਹਾਂ ਦੀ ਹਾਲਤ ਸੁਧਾਰਨ ਵਾਸਤੇ ਉਨ੍ਹਾਂ ਨੂੰ ਪੂਰਨ ਰੂਪ ਦੇ ਮਨੁੱਖ ਬਣਾਉਣ ਦੇ ਵਾਸਤੇ ਕੇਵਲ ਉਨ੍ਹਾਂ ਨੂੰ ਖੂਹਾਂ 'ਤੇ ਚੜ੍ਹਾਉਣ ਲਈ ਹੀ ਐਜੀਟੇਸ਼ਨ ਕਰਨ ਦੀ ਲੋੜ ਹੈ? ਕੀ ਉਨ੍ਹਾਂ ਨੂੰ ਅਜਿਹੀ ਹਾਲਤ ਵਿਚ ਲਿਆਉਣ ਦੀ ਲੋੜ ਨਹੀਂ ਕਿ ਉਹ ਵੀ ਸਾਡੇ ਵਾਂਗੂੰ ਹੀ ਕਮਾ ਅਤੇ ਖਾ ਸਕਣ? ਤੇ ਇਸ ਵਾਸਤੇ ਕੀ ਸਮਾਜਿਕ ਅਤੇ ਆਰਥਿਕ ਨਿਯਮ ਵਿਚ ਯੁੱਗ-ਗਰਦੀ ਦੀ ਲੋੜ ਨਹੀਂ? ਕੀ ਪੰਜਾਬ ਜਾਂ ਹਿੰਦੁਸਤਾਨ ਦੇ ਨੌਜਵਾਨਾਂ ਵਿਚ ਖ਼ੁਦ ਮਹਿਸੂਸ ਕਰਨ ਦੀ ਕੋਈ ਤਾਕਤ ਬਾਕੀ ਨਹੀਂ ਰਹੀ? ਕੀ ਉਨ੍ਹਾਂ ਦੇ ਸੀਨੇ ਅੰਦਰ ਦਿਲ ਨਹੀਂ? ਕੀ ਉਹ ਦਿਲ ਇਨਸਾਨ ਦੀ ਹਮਦਰਦੀ ਦੇ ਭਰੇ ਹੋਏ ਨਹੀਂ? ਫੇਰ ਕਿਉਂ ਕਿਹਾ ਜਾਂਦਾ ਹੈ ਕਿ ਬਾਹਰਲਿਆਂ ਨੇ ਆ ਕੇ ਚੁੱਕ ਦਿੱਤੀ ਹੈ, ਹਾਂ ! ਅਸੀਂ ਮੰਨਣ ਨੂੰ ਸਾਫ਼ ਤਿਆਰ ਹਾਂ ਕਿ ਰੂਸੀ ਇਨਕਲਾਬ ਨੇ ਦੁਨੀਆ ਦੇ ਸਾਹਮਣੇ ਬਿਲਕੁਲ ਨਵੀਆਂ ਗੱਲਾਂ ਰੱਖੀਆਂ ਹਨ। ਅਸੀਂ ਕਹਿੰਦੇ ਹਾਂ ਕਿ ਜਿਨ੍ਹਾਂ ਗੱਲਾਂ ਦਾ ਇਲਾਜ ਸ਼ਾਇਦ ਹਾਲੇ ਅਸੀਂ ਖ਼ੁਦ ਨਾ ਸੋਚ ਸਕਦੇ, ਉਹ ਰੂਸੀ ਵਿਦਵਾਨਾਂ ਨੇ ਸਾਰੀ-ਸਾਰੀ ਉਮਰ ਮੁਸੀਬਤ ਵਿਚ ਕੱਟ ਕੇ ਤਿਲ-ਤਿਲ ਕੇ ਜ਼ਿੰਦਗੀ ਗੁਜ਼ਾਰਦਿਆਂ ਹੋਇਆਂ ਸੋਚ ਕੇ ਦੁਨੀਆ ਅੱਗੇ ਰੱਖਿਆ ਹੈ। ਕੀ ਉਸ ਦਾ ਲਾਭ ਨਹੀਂ ਉਠਾਉਣਾ ਚਾਹੀਦਾ? ਕੀ ਉਨ੍ਹਾਂ ਦੇ ਵਿਚਾਰਾਂ ਨਾਲ ਵਿਚਾਰ ਮਿਲਣਾ ਹੀ ਚੁੱਕ ਵਿਚ ਆਉਣਾ ਹੈ। ਤਾਂ ਕੀ ਲਾਲਾ ਜੀ ਨੂੰ ਮੇਜਿੰਨੀ ਨੇ ਗੁੰਮਰਾਹ ਕਰਕੇ ਦੇਸ਼ ਸੇਵਾ ਲਈ ਅੱਗੇ ਵਧਾਇਆ ਹੋਇਆ ਹੈ?

ਸਵਾਲ ਇਹ ਹੈ ਕਿ ਅੱਜਕਲ੍ਹ 1928 ਵਿਚ ਕੀ ਦੁਨੀਆ ਨੂੰ ਫਰਾਂਸੀਸੀ ਇਨਕਲਾਬ ਤੋਂ ਸਬਕ ਸਿੱਖਣਾ ਅਤੇ ਉਸ ਨੂੰ ਆਪਣਾ ਆਦਰਸ਼ ਬਣਾਉਣਾ ਚਾਹੀਦਾ ਹੈ? ਜਾਂ ਅੱਜ ਨਵੇਂ ਹਾਲਾਤ ਵਿਚ ਨਵੇਂ ਖ਼ਿਆਲਾਤ ਭਰੇ ਰੂਸੀ ਇਨਕਲਾਬ ਨੂੰ? ਕੀ ਲਾਲਾ ਜੀ ਦਾ ਇਹ ਮਨਸ਼ਾ ਹੈ ਕਿ ਹੁਣ ਤੇ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਹੀ ਇਨਕਲਾਬ ਕੀਤਾ ਜਾਵੇ ਅਤੇ ਤਾਕਤ ਅਮੀਰਾਂ ਦੇ ਹੱਥ ਦਿੱਤੀ ਜਾਵੇ ਅਤੇ ਕਰੋੜਾਂ ਆਦਮੀ ਇਸੇ ਤਰ੍ਹਾਂ ! ਨਹੀਂ ! ਨਹੀਂ ! ਏਸ ਤੋਂ ਵੱਧ ਕੇ ਭੈੜੀ ਹਾਲਤ ਵਿਚ ਪਏ ਮਰਨ ਅਤੇ ਫੇਰ ਹੋਰ ਸੈਂਕੜੇ ਸਾਲਾਂ ਦੇ ਖ਼ੂਨ ਖ਼ਰਾਬੇ ਬਾਅਦ ਮੁੜ ਏਸ ਰਾਹ 'ਤੇ ਆਈਏ ਅਤੇ ਫੇਰ ਅਸੀਂ ਆਪਣੇ ਸਰਮਾਏਦਾਰਾਂ ਵਿਰੁੱਧ ਮੁੜ ਕੇ ਇਨਕਲਾਬ ਕਰੀਏ? ਇਹ ਅੱਵਲ ਦਰਜੇ ਦੀ ਬੇਵਕੂਫ਼ੀ ਹੋਵੇਗੀ।

ਲਾਲਾ ਜੀ ਨੇ ਇਕ ਦੋ ਵਾਰ ਦਾਸ (ਸੀ.ਆਰ. ਦਾਸ) ਦੇ ਲਫ਼ਜ਼ ਸੁਣ ਸੁਣਾ ਕੇ ਪਿੰਡਾਂ ਦੀ ਜਥੇਬੰਦੀ ਦੀ ਆਵਾਜ਼ ਜ਼ਰਾ ਕੁ ਚੁੱਕੀ ਸੀ। ਲਾਲਾ ਜੀ ਨੂੰ ਤਾਂ ਪਿੰਡਾਂ ਵਿਚ ਜਾਣ ਦੀ ਫ਼ੁਰਸਤ ਹੀ ਨਹੀਂ। ਉਹ ਕੀ ਜਾਨਣ ਲੋਕਾਂ ਦੇ ਖ਼ਿਆਲਾਤ ਕਿਵੇਂ ਹਨ? ਲੋਕੀਂ ਸਾਫ਼ ਆਖਦੇ ਹਨ ਕਿ ਸਾਨੂੰ ਇਨਕਲਾਬ ਦਾ ਕੀ ਫਾਇਦਾ। ਇਸੇ ਤਰ੍ਹਾਂ ਮਰ ਪਿਟ ਕੇ ਉਦੋਂ ਵੀ ਦੋ ਹੀ ਟਿੱਕੀਆਂ ਜੁੜਨੀਆਂ ਹਨ, ਉਦੋਂ ਵੀ ਨੰਬਰਦਾਰ, ਤਹਿਸੀਲਦਾਰ ਅਤੇ ਠਾਣੇਦਾਰ ਨੇ ਇਸੇ ਤਰ੍ਹਾਂ ਜ਼ੁਲਮ ਕਰਨੇ ਹਨ। ਇਸੇ ਤਰ੍ਹਾਂ ਸਾਥੋਂ ਮੁਆਮਲੇ ਵਸੂਲ ਕੀਤੇ ਜਾਣੇ ਹਨ, ਅਸੀਂ ਹੁਣ ਦੀ ਰੋਟੀ ਵੀ ਕਿਉਂ ਗਵਾਈਏ? ਕਿਸ ਵਾਸਤੇ ਆਪਣੇ ਪਿਆਰੇ ਲੋਕਾਂ ਨੂੰ ਮੁਸੀਬਤ ਵਿਚ ਕਿਉਂ ਫਸਾਈਏ? ਉਨ੍ਹਾਂ ਨੂੰ ਕੀ ਦਸੀਏ? ਜੋਸ਼ੀਲੇ ਲੈਕਚਰ ਦੇ ਕੇ ਤੁਹਾਡੇ ਵੱਡੇ ਇਉਂ ਸਨ, ਇਉਂ ਸਨ। ਮਰਨ ਵਾਸਤੇ ਤਿਆਰ ਕੀਤੇ ਜਾਣ।

ਅੱਵਲ ਤੇ ਹੁੰਦੇ ਨਹੀਂ, ਜੇ ਹੋ ਵੀ ਜਾਣ ਤੇ ਕੀ ਇਹ ਧੋਖਾ ਦੇਣਾ ਨਾ ਹੋਵੇਗਾ? ਅੱਛਾ ! ਫਰਜ਼ ਕਰੋ ਕਿ ਇਥੇ ਇਨਕਲਾਬ ਹੋ ਜਾਵੇ। ਫੇਰ ਲਾਲਾ ਜੀ ਦੇ ਖ਼ਿਆਲ ਵਿਚ ਕਿਸ ਨੂੰ ਰਾਜ ਕਾਜ ਸੰਭਾਲਿਆ ਜਾਵੇਗਾ? ਕੀ ਮਹਾਰਾਜ ਬਰਦਵਾਨ ਜਾਂ ਮਹਾਰਾਜਾ ਪਟਿਆਲਾ ਨੂੰ? ਜਾਂ ਕੀ ਪੂੰਜੀਦਾਰਾਂ ਦੀ ਜਮਾਇਤ ਨੂੰ? ਕੀ ਅੱਜ ਅਮਰੀਕਾ ਅਤੇ ਫਰਾਂਸ ਦੇ ਕਿਰਤੀ ਕਰੋੜਾਂ ਦੀ ਤਾਦਾਦ ਵਿਚ ਭੁੱਖੇ ਨਹੀਂ ਮਰ ਰਹੇ? ਅਸੀਂ ਜਾਣਬੁਝ ਕੇ ਖੂਹ ਵਿਚ ਕਿਉਂ ਪਈਏ?



Sri Satguru Jagjit Singh Ji Elibrary NamdhariElibrary@gmail.com

ਲਾਲਾ ਜੀ ਆਖਦੇ ਹਨ ਕਿ ਸਾਡੇ ਸਾਂਝੀਵਾਲ ਖ਼ਿਆਲਾਂ ਦੇ ਪ੍ਰਚਾਰ ਨਾਲ ਸਰਮਾਏਦਾਰ ਸਰਕਾਰ ਨਾਲ ਮਿਲ ਜਾਣਗੇ। ਬਹੁਤ ਖ਼ੂਬ ! ਅੱਗੇ ਉਹ ਕਿਧਰ ਹਨ? ਕਿੰਨੇ ਕੁ ਸਰਮਾਏਦਾਰ, ਯੁੱਗ ਪਲਟਾਊ ਬਣੇ ਹੋਏ ਹਨ? ਇਨਕਲਾਬ ਦੇ ਰੌਲੇ-ਰੱਪੇ ਨਾਲ ਜਿਨ੍ਹਾਂ ਨੂੰ ਕੁਝ ਨਾ ਕੁਝ ਜਾਇਦਾਦ ਦਾ ਨੁਕਸਾਨ ਹੋਣ ਦਾ ਡਰ ਹੋਵੇ, ਉਹੋ ਹੀ ਹਮੇਸ਼ਾ ਮੁਖਾਲਿਫ਼ ਹੋ ਜਾਇਆ ਕਰਦੇ ਹਨ। ਐਸੀ ਹਾਲਤ ਵਿਚ ਉਨ੍ਹਾਂ ਦੀ ਖ਼ੁਸ਼ਾਮਦ ਖ਼ਾਤਰ ਆਦਰਸ਼ ਛੱਡਣਾ ਤੇ ਖਾਹ-ਮਖਾਹ ਆਪਣੇ ਕੰਮ ਨੂੰ ਨੁਕਸਾਨ ਪਹੁੰਚਾਉਣਾ ਮੁਨਾਸਿਬ ਨਹੀਂ, ਦੂਸਰੀ ਗੱਲ ਇਹ ਕਿ ਸਰਮਾਏਦਾਰ ਜ਼ਰਾ ਸੋਚਣ ਤੇ ਸਹੀ ਕਿ ਉਨ੍ਹਾਂ ਨੂੰ ਫ਼ਾਇਦਾ ਕਿਸ ਹਾਲਤ ਵਿਚ ਹੈ? ਅੱਜ ਅੰਗਰੇਜ਼ ਆਪਣੇ ਮਤਲਬ ਲਈ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਣਗੇ ਜ਼ਰੂਰ, ਪਰ ਹੌਲੀ-ਹੌਲੀ ਪੂੰਜੀ ਤੇ ਉਨ੍ਹਾਂ ਖੋਹ ਕੇ ਆਪਣੇ ਸਰਮਾਏਦਾਰਾਂ ਦੇ ਹੱਥਾਂ ਵਿਚ ਕਰ ਦੇਣੀ ਹੈ, ਤਦੋਂ ਇਹ ਗ਼ਰੀਬ ਅੱਜ ਵਾਲੇ ਕਰੋੜਾਂ ਮਜ਼ਦੂਰਾਂ ਵਿਚ ਰਲ ਕੇ ਮਰਦੇ ਪਿੱਟਦੇ ਹੋਣਗੇ। ਇਨ੍ਹਾਂ ਨੂੰ ਸਮਾਜਿਕ ਨਿਜ਼ਾਮ ਦੀ ਨਾ ਇਨਸਾਫ਼ੀ ਨਜ਼ਰ ਆਵੇਗੀ। ਤੇ ਜੇ ਉਹ ਸਾਂਝੀਵਾਲ ਇਨਕਲਾਬ ਕਰ ਲੈਣ ਤਾਂ ਉਹ ਅੱਜ ਦੀ ਹਰਾਮਖੋਰੀ ਤੋਂ ਜ਼ਰੂਰ ਬੰਦ ਕੀਤੇ ਜਾਣਗੇ। ਪਰ ਦੁਨੀਆ ਦੀ ਆਮ ਖ਼ੁਸ਼ਹਾਲੀ, ਜਿਹੜੀ ਕਿ ਜ਼ਰੂਰ ਹੀ ਹੋਣੀ ਹੈ, ਦੇ ਸਾਂਝੀ ਹੋਣਗੇ ਅਤੇ ਬਹੁਤ ਸੁਖੀ ਰਹਿਣਗੇ? ਹਿੰਦੁਸਤਾਨੀ ਸਰਮਾਏਦਾਰ ਸੋਚ ਲੈਣ ਉਨ੍ਹਾਂ ਨੂੰ ਕਿਸ ਵਿਚ ਫ਼ਾਇਦਾ ਹੈ?

ਪਰ ਇਕ ਮਈ ਲਹਿਰ ਉਨ੍ਹਾਂ ਖ਼ਾਤਰ ਰੁਕ ਨਹੀਂ ਸਕਦੀ। ਉਨ੍ਹਾਂ ਦੀ ਇੰਤਜ਼ਾਰ ਵੀ ਨਹੀਂ ਕਰ ਸਕਦੀ। ਨੌਜਵਾਨਾਂ ਨੂੰ ਘਬਰਾਉਣਾ ਨਹੀਂ ਚਾਹੀਦਾ। ਕੰਮ ਦੇ ਆਰੰਭ ਕਰਨ ਵਿਚ ਬੜੀਆਂ ਔਕੜਾਂ ਪੈਂਦੀਆਂ ਹਨ। ਹਿੰਮਤ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਲਾਲਾ ਜੀ ਹੋਰ ਹੀ ਤਰ੍ਹਾਂ ਦੀ ਸਰਮਾਏਦਾਰਾਨਾ ਜਿਹੀ ਨੀਤ ਵਾਲੇ ਲੀਡਰ ਹੌਲੀ-ਹੌਲੀ ਆਪੇ ਹੀ ਮੈਦਾਨ ਤੋਂ ਬਾਹਰ ਹੋ ਰਹੇ ਹਨ, ਜਿਵੇਂ ਕਿ ਪਹਿਲੋਂ ਸੁਰਿੰਦਰ ਨਾਥ ਬੈਨਰਜੀ ਹੋਏ ਸਨ। ਜਿਵੇਂ ਅੱਜ ਸਪਰੂ ਅਤੇ ਚਿੰਤਾਮਣੀ ਵਰਗੇ ਹਨ। ਅਖ਼ੀਰ ਵਿਚ ਇਕ ਮਈ ਦੀ ਫ਼ਤਹਿ ਹੋਵੇਗੀ, ਬੋਲੋ ਸਾਂਝੀਵਾਲਾਂ ਦੀ ਜੈ, ਜੁੱਗਗਰਦੀ ਕਾਇਮ ਰਹੇ।

* * *

## 56. ਨਵੇਂ ਲੀਡਰਾਂ ਦੇ ਜੁਦੇ-ਜੁਦੇ ਖ਼ਿਆਲਾਤ

*—ਕਿਰਤੀ ਜੁਲਾਈ, 1928 ਵਿਚੋਂ*

**[ਜੁਲਾਈ 1928 ਦੇ 'ਕਿਰਤੀ' 'ਚ 'ਨਵੇਂ ਲੀਡਰਾਂ ਦੇ ਜੁਦੇ-ਜੁਦੇ ਖ਼ਿਆਲਾਤ' ਦੇ ਸਿਰਲੇਖ ਹੇਠ ਇਹ ਲੇਖ ਛਪਿਆ, ਭਗਤ ਸਿੰਘ ਦੀ ਕਲਮ ਦੀ, ਇਸ ਲੇਖ 'ਤੇ ਛਾਪ ਸਾਫ਼ ਨਜ਼ਰ ਆਉਂਦੀ ਹੈ, ਭਾਵੇਂ ਕਿ ਲੇਖਕ ਦਾ ਇਸ 'ਤੇ ਨਾਂ ਨਹੀਂ ਹੈ। ਸੁਭਾਸ਼ ਚੰਦਰ ਬੋਸ ਤੇ ਜਵਾਹਰ ਲਾਲ ਨਹਿਰੂ ਦੋ ਨੌਜਵਾਨ ਲੀਡਰ ਭਾਰਤੀ ਰਾਜਨੀਤੀ ਵਿਚ ਉੱਭਰ ਕੇ ਸਾਹਮਣੇ ਆ ਰਹੇ ਸਨ। ਦੋਨਾਂ ਨੇਤਾਵਾਂ ਦੀ ਬੜੀ ਤਰਕ ਭਰਪੂਰ ਤੁਲਨਾ ਕੀਤੀ ਗਈ ਹੈ ਅਤੇ ਭਵਿੱਖ ਵਿਚ ਉਨ੍ਹਾਂ ਦੀ ਦੇਣ ਬਾਰੇ ਵਿਚਾਰ ਵੀ ਪ੍ਰਗਟਾਏ ਗਏ ਹਨ। ਪਰ ਆਪਣੇ ਤਰਕ 'ਤੇ ਵਿਚਾਰ ਪ੍ਰਗਟਾਉਂਦੇ ਹੋਏ ਅੰਤ ਵਿਚ ਸਲਾਹ ਦਿੱਤੀ ਗਈ ਹੈ।**

**"ਇਨਕਲਾਬ ਦੇ ਅਸਲੀ ਮਾਨੇ, ਹਿੰਦੁਸਤਾਨ ਦੇ ਇਨਕਲਾਬ ਦੀ ਜ਼ਰੂਰਤ ਅਤੇ ਦੁਨੀਆ ਦੇ ਇਨਕਲਾਬ ਵਿਚ ਇਸ ਦਾ ਥਾਓਂ ਕੀ ਹੈ? ਸੋਚ ਵਿਚਾਰ ਦੇ ਨਾਲ ਨੌਜਵਾਨ ਆਪਣੇ ਖ਼ਿਆਲਾਤ ਨੂੰ ਪੱਕਿਆਂ ਕਰਨ ਕਿ ਨਿਰਾਸ਼ਾ, ਮਾਯੂਸੀ ਅਤੇ ਹਾਰ ਦੇ ਜ਼ਮਾਨੇ ਵਿਚ ਵੀ ਡੋਲਣ ਨਾ ਅਤੇ ਇਕੱਲੇ ਖਲੋ ਕੇ ਦੁਨੀਆ ਦੇ ਮੁਕਾਬਲੇ ਵਿਚ ਡਟੇ ਰਹਿ ਸਕਣ। ਐਸੇ ਹੀ ਆਦਮੀ ਇਨਕਲਾਬ ਨੂੰ ਕਾਮਯਾਬ ਕਰ ਸਕਣਗੇ।"**



Sri Satguru Jagjit Singh Ji Elibrary NamdhariElibrary@gmail.com

ਦੋ ਨੇਤਾਵਾਂ ਦੀ ਤੁਲਨਾ ਤੀਸਰੇ ਇਨਕਲਾਬੀ ਵਲੋਂ ਇਕ ਬਹੁਤ ਹੀ ਅਹਿਮ ਲੇਖ ਹੈ। ਪਾਠਕ ਇਸ ਨੂੰ ਗਹਿਰਾਈ ਨਾਲ ਘੋਖਣ। —ਸੰਪਾਦਕ।

ਨਾਮਿਲਵਰਤਨ ਦੀ ਤਹਿਰੀਕ ਫੇਲ੍ਹ ਹੋਣ ਦੇ ਬਾਅਦ ਲੋਕਾਂ ਵਿਚ ਬੜੀ ਨਿਰਾਸ਼ਾ ਅਤੇ ਮਾਯੂਸੀ ਫੈਲੀ। ਹਿੰਦੂ ਮੁਸਲਿਮ ਫ਼ਸਾਦਾਂ ਨੇ ਬਚੀ-ਖੁਚੀ ਹਿੰਮਤ ਵੀ ਤੋੜ ਛੱਡੀ ਸੀ। ਪਰ ਕੌਮਾਂ ਵਿਚ ਜਦੋਂ ਇਕ ਵੇਰੀ ਜਾਗ੍ਰਿਤੀ ਫੈਲ ਜਾਵੇ, ਤਦੋਂ ਕੌਮਾਂ ਸੌਂਦਿਆਂ ਨਹੀਂ ਕਰਦੀਆਂ। ਕੁਝ ਹੀ ਦਿਨਾਂ ਬਾਅਦ ਫੇਰ ਬੜੇ ਜੋਸ਼ ਨਾਲ ਉੱਠਦੀਆਂ ਅਤੇ ਹੱਲਾ ਬੋਲਦੀਆਂ ਹਨ। ਅੱਜ ਹਿੰਦੁਸਤਾਨ ਵਿਚ ਫੇਹ ਜਾਨ ਆ ਰਹੀ ਹੈ। ਹਿੰਦੁਸਤਾਨ ਫੇਰ ਉੱਠ ਰਿਹਾ ਹੈ। ਦੇਖਣ ਨੂੰ ਤਾਂ ਸ਼ਾਇਦ ਕੋਈ ਬੜੀ ਭਾਰੀ ਤਹਿਰੀਕ ਖੜ੍ਹੀ ਨਜ਼ਰ ਨਹੀਂ ਆਉਂਦੀ, ਪਰ ਨੀਹਾਂ ਜ਼ਰੂਰ ਪੱਕੀਆਂ ਕੀਤੀਆਂ ਜਾ ਰਹੀਆਂ ਹਨ। ਨਵੇਂ-ਨਵੇਂ ਖ਼ਿਆਲਾਂ ਵਾਲੇ ਨਵੇਂ-ਨਵੇਂ ਲੀਡਰ ਉੱਠ ਰਹੇ ਹਨ। ਇਸ ਵਾਰ ਨੌਜਵਾਨ ਲੀਡਰ ਹੀ ਅੱਗੇ ਵਧੇ ਹਨ ਅਤੇ ਦੇਸ਼ ਵਿਚ ਨੌਜਵਾਨਾਂ ਦੀਆਂ ਹੀ ਤਹਿਰੀਕਾਂ ਚੱਲ ਰਹੀਆਂ ਹਨ। ਨੌਜਵਾਨ ਲੀਡਰ ਹੀ ਦੇਸ਼ ਭਗਤ ਲੋਕਾਂ ਦੀ ਨਜ਼ਰਾਂ ਵਿਚ ਆ ਰਹੇ ਹਨ। ਬੜੇ-ਬੜੇ ਲੀਡਰ, ਬੜੇ ਹੋਣ ਦੇ ਬਾਵਜੂਦ ਇਕ ਤਰ੍ਹਾਂ ਪਿੱਛੇ ਧੱਕੇ ਜਾ ਰਹੇ ਹਨ। ਇਸ ਵਕਤ ਜੋ ਲੀਡਰ ਅੱਗੇ ਆਏ ਹੋਏ ਹਨ, ਉਹ ਹਨ ਬੰਗਾਲ ਦੇ ਪੂਜਨੀਕ ਸ੍ਰੀ ਸੁਭਾਸ਼ ਚੰਦਰ ਬੋਸ ਅਤੇ ਮਾਨਯੋਗ ਸ੍ਰੀ ਪੰਡਿਤ ਜਵਾਹਰ ਲਾਲ ਨਹਿਰੂ। ਇਹ ਦੋ ਲੀਡਰ ਹਿੰਦੁਸਤਾਨ ਵਿਚ ਉੱਠਦੇ ਨਜ਼ਰ ਆਉਂਦੇ ਹਨ ਅਤੇ ਇਹ ਨੌਜਵਾਨਾਂ ਦੀਆਂ ਤਹਿਰੀਕਾਂ ਵਿਚ ਖਾਸ ਹਿੱਸਾ ਲੈਂਦੇ ਹਨ। ਦੋਨੋਂ ਹੀ ਹਿੰਦੁਸਤਾਨ ਦੀ ਆਜ਼ਾਦੀ ਦੇ ਕੱਟੜ ਹਾਮੀ ਹਨ। ਦੋਨੋਂ ਹੀ ਬੜੇ ਸਿਆਣੇ ਅਤੇ ਸੱਚੇ ਦੇਸ਼ ਸੇਵਕ ਹਨ। ਪਰ ਫੇਰ ਵੀ ਉਨ੍ਹਾਂ ਦੇ ਖ਼ਿਆਲਾਂ ਵਿਚ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਇਕ ਨੂੰ ਭਾਰਤ ਦੀ ਪ੍ਰਾਚੀਨ ਤਹਿਜ਼ੀਬ ਦਾ ਮੱਦਾਹ ਕਿਹਾ ਜਾਂਦਾ ਹੈ, ਦੂਸਰੇ ਨੂੰ ਮਗ਼ਰਿਬ (ਯਾ ਪੱਛਮ) ਦਾ ਸ਼ਾਗਿਰਦ। ਇਕ ਨੂੰ ਭਾਵੁਕ ਕੋਮਲ ਦਿਲ ਵਾਲਾ ਕਿਹਾ ਜਾਂਦਾ ਹੈ, ਦੂਸਰੇ ਨੂੰ ਪੱਕਾ ਜੁੱਗ ਪਲਟਾਊ ! ਅਸੀਂ ਇਸ ਲੇਖ ਵਿਚ ਉਨ੍ਹਾਂ ਦੇ ਜੁਦੇ-ਜੁਦੇ ਖ਼ਿਆਲ ਲੋਕਾਂ ਸਾਹਮਣੇ ਰੱਖਾਂਗੇ, ਤਾਂ ਕਿ ਲੋਕੀਂ ਉਨ੍ਹਾਂ ਦੇ ਫ਼ਰਕ ਨੂੰ ਸਮਝ ਸਕਣ ਅਤੇ ਖ਼ੁਦ ਵੀ ਵਿਚਾਰ ਕਰ ਸਕਣ। ਪ੍ਰੰਤੂ ਉਨ੍ਹਾਂ ਦੋਹਾਂ ਦੇ ਖ਼ਿਆਲਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਕ ਹੋਰ ਸੱਜਣ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ, ਜੋ ਕਿ ਇਨ੍ਹਾਂ ਵਾਂਗੂੰ ਹੀ ਆਜ਼ਾਦੀ ਚਾਹੁਣ ਵਾਲਾ ਹੈ ਅਤੇ ਨੌਜਵਾਨਾਂ ਦੀਆਂ ਤਹਿਰੀਕਾਂ ਵਿਚ ਇਕ ਖਾਸ ਹਸਤੀ ਹੈ। ਸਾਧੂ ਵਾਸਵਾਨੀ ਜੀ ਚਾਹੇ ਕਾਂਗਰਸ ਦੇ ਉੱਘੇ ਲੀਡਰਾਂ ਵਾਂਗੂੰ ਮਸ਼ਹੂਰ ਤੇ ਨਹੀਂ, ਚਾਹੇ ਦੇਸ਼ ਦੇ ਰਾਜਸੀ ਮੈਦਾਨ ਵਿਚ ਉਨ੍ਹਾਂ ਦਾ ਕੋਈ ਖਾਸ ਸਿੱਧਾ ਹਲਕਾ ਤਾਂ ਨਹੀਂ, ਤਾਂ ਵੀ ਨੌਜਵਾਨਾਂ ਵਿਚ, ਜਿਨ੍ਹਾਂ ਕਿ ਕੱਲ ਨੂੰ ਦੇਸ਼ ਦੀਆਂ ਵਾਗਾਂ ਫੜਨੀਆਂ ਹਨ, ਬੜਾ ਅਸਰ ਹੈ ਅਤੇ ਉਨ੍ਹਾਂ ਦੀ ਚਲਾਈ ਹੋਈ ਤਹਿਰੀਕ 'ਭਾਰਤ ਯੁਵਕ ਸੰਘ' ਯਾ (Order of the Young) ਇਸ ਵੇਲੇ ਨੌਜਵਾਨਾਂ ਵਿਚ ਖਾਸ ਅਸਰ ਰੱਖਦੀ ਹੈ। ਉਨ੍ਹਾਂ ਦੇ ਵਿਚਾਰ ਬਿਲਕੁਲ ਹੋਰ ਢੰਗ ਦੇ ਹਨ। ਉਨ੍ਹਾਂ ਦੇ ਖ਼ਿਆਲ ਇਕੋ ਲਫ਼ਜ਼ ਵਿਚ ਦੱਸੇ ਜਾ ਸਕਦੇ ਹਨ ('Back to vedas') ਯਾਨੀ ਮੁੜ ਕੇ ਵੇਦਾਂ ਵੱਲ ਚੱਲੋ। ਇਹ ਆਵਾਜ਼ ਪਹਿਲੋਂ-ਪਹਿਲ ਆਰੀਆ ਸਮਾਜ ਨੇ ਉਠਾਈ ਸੀ। ਇਸ ਖ਼ਿਆਲ ਦਾ ਮੁੱਢ ਏਸ ਯਕੀਨ ਵਿਚ ਹੈ ਕਿ ਵੇਦਾਂ ਵਿਚ ਪ੍ਰਮਾਤਮਾ ਨੇ ਸੰਸਾਰ ਦਾ ਸਾਰਾ ਗਿਆਨ ਭਰ ਦਿੱਤਾ ਹੋਇਆ ਹੈ। ਇਸ ਤੋਂ ਅੱਗੇ ਹੋਰ ਤਰੱਕੀ ਨਹੀਂ ਹੋ ਸਕਦੀ ਅਤੇ ਸਾਡੇ ਹਿੰਦੁਸਤਾਨ ਨੇ ਹਰ ਲਾਈਨ ਵਿਚ ਜੋ ਤਰੱਕੀ ਕਰ ਲਈ ਸੀ, ਉਸ ਤੋਂ ਅਗਾਂਹ ਨਾ ਦੁਨੀਆ ਵਧੀ ਹੈ ਤੇ ਨਾ ਵਧ ਸਕਦੀ ਹੈ। ਖ਼ੈਰ ਵਾਸਵਾਨੀ ਹੋਰੀਂ ਇਸੇ ਯਕੀਨ ਦੇ ਆਦਮੀ ਹਨ। ਤਦੇ ਇਕ ਜਗ੍ਹਾ ਕਹਿੰਦੇ ਹਨ :

"ਸਾਡੀ ਰਾਜਨੀਤੀ ਨੇ ਹੁਣ ਤੀਕ ਕਦੇ ਤੇ ਮੈਜ਼ਿਨੀ ਅਤੇ ਵਲਟੇਯਰ ਨੂੰ ਆਦਰਸ਼ ਬਣਾ ਕੇ ਮਿਸਾਲ ਕਾਇਮ ਕੀਤੀ ਅਤੇ ਕਦੀ ਲੈਨਿਨ ਔਰ ਟੋਲਸਟਾਯ ਕੋਲੋਂ ਸਬਕ ਸਿੱਖਿਆ।



Sri Satguru Jagjit Singh Ji Elibrary NamdhariElibrary@gmail.com

ਹਾਲਾਂਕਿ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਕੋਲੋਂ ਵੱਡੇ ਆਦਰਸ਼ ਸਾਡੇ ਪੁਰਾਣੇ ਰਿਸ਼ੀ ਛੋ ਚੁੱਕੇ ਹਨ।" ਉਹੋ ਯਕੀਨ ਕਰਦੇ ਹਨ ਕਿ ਸਾਡਾ ਦੇਸ਼ ਇਕ ਵੇਰੀ ਤੇ ਤਰੱਕੀ ਦੀ ਹੱਦ ਤੀਕ ਜਾ ਪੁੱਜਾ ਸੀ ਅਤੇ ਅੱਜ ਸਾਨੂੰ ਅਗਾਂਹ ਕਿਧਰੇ ਜਾਣ ਦੀ ਲੋੜ ਨਹੀਂ ਬਲਕਿ ਪਿਛਾਂਹ ਮੁੜਨ ਦੀ ਲੋੜ ਹੈ।

ਆਪ ਇਕ ਕਵੀ ਹਨ। ਕਵੀਤਵ ਆਪ ਦੇ ਖ਼ਿਆਲਾਂ ਵਿਚ ਹਰ ਥਾਂ ਨਜ਼ਰ ਆਉਂਦਾ ਹੈ। ਨਾਲ ਹੀ ਮਜ਼੍ਹਬ ਦੇ ਬੜੇ ਦਿਲਦਾਦੇ ਹਨ। ਆਪ 'ਸ਼ਕਤੀ' ਮਜ਼੍ਹਬ ਚਲਾਉਣਾ ਚਾਹੁੰਦੇ ਹਨ। ਆਪ ਕਹਿੰਦੇ ਹਨ ਕਿ (our urgent need Shakti) ਯਾਨੀ ਸਾਨੂੰ ਵੇਲੇ 'ਸ਼ਕਤੀ' ਦੀ ਲੋੜ ਹੈ। ਉਹ 'ਸ਼ਕਤੀ' ਲਫ਼ਜ਼ ਦੇ ਮਾਨੇ ਕੇਵਲ ਤਾਕਤ ਵਾਸਤੇ ਇਸਤੇਮਾਲ ਨਹੀਂ ਕਰਦੇ ਪ੍ਰੰਤੂ ਉਨ੍ਹਾਂ ਨੂੰ ਇਸ ਲਫ਼ਜ਼ ਦੇ ਨਾਲ ਇਕ ਤਰ੍ਹਾਂ ਦੀ ਦੇਵੀ ਦਾ ਇਕ ਖ਼ੁਸ਼ ਈਸ਼ਵਰੀ ਕ੍ਰਿਪਾਲਤਾ ਦਾ ਵਿਸ਼ਵਾਸ ਹੈ। ਉਹ ਇਕ ਬੜੇ ਭਾਵੁਕ ਕਵੀ ਵਾਂਗੂੰ ਕਹਿੰਦੇ ਹਨ :

For in solitude have communicated her writ, our admired Mother Bharat Mate. And my aching head has heard voices syaing...."the day of freedom is not for off"....Sometimes indeed a strange feeling visits me and I say to myself-Holy, holy is Hindustan. For still is she under the protection of her mighty Rishis and their beauty is around us, but we behold it not.

ਯਾਨੀ ਕਿਉਂਕਿ ਮੈਂ ਇਕਾਂਤ ਵਿਚ ਆਪਣੀ ਭਾਰਤ ਮਾਤਾ ਦੀ ਆਵਾਜ਼ ਸੁਣੀ ਹੈ। ਮੇਰੇ ਦੁਖੇ ਹੋਏ ਦਿਲ ਨੇ ਕਈ ਵਾਰੀ ਇਹ ਆਵਾਜ਼ ਸੁਣੀ ਹੈ ਕਿ ਆਜ਼ਾਦੀ ਦਾ ਦਿਨ ਦੂਰ ਨਹੀਂ।

ਕਦੀ-ਕਦੀ ਬੜੀ ਅਜੀਬ ਰੌਂ ਮੇਰੇ ਦਿਲ ਵਿਚ ਆਉਂਦੀ ਹੈ ਅਤੇ ਮੈਂ ਕਹਿ ਉੱਠਦਾ ਹਾਂ, "ਪਾਕ ਅਤੇ ਪਵਿੱਤਰ ਹੈ ਸਾਡਾ ਹਿੰਦੁਸਤਾਨ ਕਿਉਂਕਿ ਪੁਰਾਣੇ ਰਿਸ਼ੀ ਉਸ ਦੀ ਰੱਖਿਆ ਕਰ ਰਹੇ ਹਨ ਅਤੇ ਉਨ੍ਹਾਂ ਦੀ ਖ਼ੂਬਸੂਰਤੀ ਹਿੰਦੁਸਤਾਨ ਦੇ ਪਾਸ ਹੈ। ਪਰੰਤੂ ਅਸੀਂ ਉਸ ਨੂੰ ਦੇਖ ਨਹੀਂ ਸਕਦੇ।"

ਇਹ ਕਵੀ ਦਾ ਪ੍ਰਲਾਪ ਹੈ, ਉਹ ਪਾਗਲਾਂ ਜਾਂ ਮਸਤਾਨਿਆਂ ਵਾਂਗੂੰ ਕਹਿੰਦੇ ਰਹਿੰਦੇ ਹਨ, "ਸਾਡੀ ਮਾਤਾ ਬੜੀ ਵੱਡੀ ਹੈ, ਬੜੀ ਤਾਕਤਵਰ ਹੈ। ਉਸ ਨੂੰ ਹਾਰ ਦੇਣ ਵਾਲਾ ਕੌਣ ਜੰਮਿਆ ਹੈ।" ਏਸ ਤਰ੍ਹਾਂ ਕੇਵਲ ਭਾਵੁਕਤਾ ਦੀਆਂ ਗੱਲਾਂ ਕਰਦੇ ਹੋਏ ਇਕ ਥਾਂ ਕਹਿ ਜਾਂਦੇ ਹਨ :

"Our National Movement must become a purifying mass movement, if it is to fulfil its destiny without falling into class war, one of the dangers of Bolshevism."

ਯਾਨੀ ਸਾਨੂੰ ਆਪਣੀ ਕੌਮੀ ਤਹਿਰੀਕ ਨੂੰ ਅਵਾਮ ਦੇ ਸੁਧਾਰ ਦੀ ਤਹਿਰੀਕ ਬਣਾ ਦੇਣਾ ਚਾਹੀਦਾ ਹੈ, ਤਦੇ ਵੀ ਅਸੀਂ ਬੋਸ਼ਿਵੇਜ਼ਮ ਦੇ ਖ਼ਤਰਿਆਂ 'ਚੋਂ ਵੱਡੇ ਖ਼ਤਰੇ, ਲੋਕਾਂ ਦੀ ਆਪੋ ਵਿਚ ਦੀ ਜੰਗ ਤੋਂ ਬਚ ਸਕਾਂਗੇ। ਉਹ ਇੰਨਾ ਕਹਿ ਕੇ ਹੀ ਗ਼ਰੀਬਾਂ ਕੋਲ ਜਾਵੋ, ਪਿੰਡਾਂ ਨੂੰ ਜਾਵੋ, ਉਨ੍ਹਾਂ ਨੂੰ ਦਵਾ-ਦਾਰੂ ਮੁਫ਼ਤ ਵੰਡੋ, ਸਮਝਦੇ ਹਨ ਕਿ ਸਾਡਾ ਪ੍ਰੋਗਰਾਮ ਪੂਰਾ ਹੋ ਗਿਆ ਹੈ। ਉਹ ਛਾਯਾਵਾਦੀ ਕਵੀ ਹਨ। ਉਨ੍ਹਾਂ ਦੀ ਕਵਿਤਾ ਦਾ ਕੋਈ ਖਾਸ ਅਰਥ ਤੇ ਨਹੀਂ ਨਿਕਲ ਸਕਦਾ, ਪਰ ਕੇਵਲ ਦਿਲ ਦਾ ਜੋਸ਼ ਵਧਾਇਆ ਜਾ ਸਕਦਾ ਹੈ। ਬਸ ਪੁਰਾਣੀ ਸੱਭਿਅਤਾ ਦੇ ਰੌਲੇ ਦੇ ਸਿਵਾਏ ਉਨ੍ਹਾਂ ਪਾਸ ਹੋਰ ਕੋਈ ਪ੍ਰੋਗਰਾਮ ਨਹੀਂ। ਨੌਜਵਾਨਾਂ ਦੇ ਦਿਮਾਗ਼ ਨੂੰ ਉਹ ਕੁਝ ਨਹੀਂ ਦਿੰਦੇ, ਕੇਵਲ ਦਿਲ ਨੂੰ ਹੀ ਭਾਵੁਕਤਾ ਨਾਲ ਭਰਨਾ ਚਾਹੁੰਦੇ ਹਨ। ਉਨ੍ਹਾਂ ਦਾ ਵੀ ਨੌਜਵਾਨਾਂ ਵਿਚ ਬੜਾ ਅਸਰ ਹੈ ਅਤੇ ਪੈਦਾ ਹੋ ਰਿਹਾ ਹੈ। ਉਨ੍ਹਾਂ ਦੇ ਦਕਿਆਨੂਸੀ ਅਤੇ ਥੋੜ੍ਹੇ ਜਿਹੇ ਖ਼ਿਆਲਾਤ ਇਹੋ ਹੀ ਹਨ, ਜੋ ਕਿ ਅਸੀਂ ਉੱਪਰ ਦੱਸੇ ਹਨ। ਇਨ੍ਹਾਂ ਦੇ ਖ਼ਿਆਲਾਤ ਦਾ ਰਾਜਸੀ



Sri Satguru Jagjit Singh Ji Elibrary NamdhariElibrary@gmail.com

ਮੈਦਾਨ ਵਿਚ ਸਿੱਧਾ ਅਸਰ ਨਾ ਹੋਣ ਦੇ ਬਾਵਜੂਦ ਬਹੁਤ ਅਸਰ ਪੈਂਦਾ ਹੈ। ਖ਼ਾਸ ਕਰਕੇ ਇਸ ਵਜ੍ਹਾ ਨਾਲ ਕਿ ਨੌਜਵਾਨਾਂ ਹੀ ਕੱਲ ਨੂੰ ਅਗਾਂਹ ਵਧਣਾ ਹੈ ਅਤੇ ਉਨ੍ਹਾਂ ਵਿਚ ਹੀ ਇਨ੍ਹਾਂ ਖ਼ਿਆਲਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਹੁਣ ਅਸੀਂ ਸ੍ਰੀ ਸੁਭਾਸ਼ ਅਤੇ ਸ੍ਰੀ ਜਵਾਹਰ ਲਾਲ ਨਹਿਰੂ ਦੇ ਖ਼ਿਆਲਾਤ ਤੇ ਆਉਂਦੇ ਹਾਂ। ਦੋਂਹ-ਤਿੰਨਾਂ ਮਹੀਨਿਆਂ ਤੋਂ ਆਪ ਕਈਆਂ ਕਾਨਫਰੰਸਾਂ ਦੇ ਪ੍ਰਧਾਨ ਬਣਾਏ ਗਏ ਅਤੇ ਆਪ ਨੇ ਆਪਣੇ ਆਪਣੇ ਖ਼ਿਆਲ ਲੋਕਾਂ ਅੱਗੇ ਰੱਖੇ। ਸੁਭਾਸ਼ ਬਾਬੂ ਨੂੰ ਸਰਕਾਰ ਰਾਜ ਪਲਟਾਊ ਟੋਲੇ ਦਾ ਮੈਂਬਰ ਸਮਝਦੀ ਸੀ ਅਤੇ ਇਸੇ ਕਰਕੇ ਉਨ੍ਹਾਂ ਨੂੰ ਬੰਗਾਲ ਆਰਡੀਨੈਂਸ ਦੇ ਮਤੈਹਤ ਕੈਦ ਕਰ ਰੱਖਿਆ ਸੀ। ਆਪ ਰਿਹਾਅ ਹੋਏ ਤੇ ਗਰਮ ਦਲ ਦੇ ਲੀਡਰ ਬਣਾਏ ਗਏ ਅਤੇ ਆਪ ਭਾਰਤ ਦਾ ਆਦਰਸ਼ ਪੂਰਨ ਸੁਤੰਤਰਤਾ ਮੰਨਦੇ ਹਨ ਅਤੇ ਮਹਾਰਾਸ਼ਟਰ ਕਾਨਫਰੰਸ ਦੇ ਪ੍ਰਧਾਨਗੀ ਐਡਰੈੱਸ ਵਿਚ ਆਪ ਹੋਰਾਂ ਨੇ ਇਸੇ ਮਤੇ ਦਾ ਪ੍ਰਚਾਰ ਕੀਤਾ।

ਪੰਡਤ ਜਵਾਹਰ ਲਾਲ ਨਹਿਰੂ ਸਵਰਾਜ ਪਾਰਟੀ ਦੇ ਲੀਡਰ ਪੰਡਤ ਮੋਤੀ ਲਾਲ ਜੀ ਨਹਿਰੂ ਦੇ ਸਪੁੱਤਰ ਹਨ। ਬੈਰਿਸਟਰੀ ਪਾਸ ਹਨ। ਆਪ ਬੜੇ ਲਾਇਕ ਹਨ। ਆਪ ਰੂਸ ਵਗ਼ੈਰਾ ਵਿਚ ਫਿਰ ਆਏ ਹਨ। ਆਪ ਵੀ ਗਰਮ ਦਲ ਦੇ ਲੀਡਰ ਹਨ ਅਤੇ ਮਦਰਾਸ ਕਾਂਗਰਸ ਵਿਚ ਆਪ ਹੋਰਾਂ ਦੇ ਯਤਨ ਨਾਲ ਹੀ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਹੋ ਸਕਿਆ ਸੀ। ਆਪ ਨੇ ਅੰਮ੍ਰਿਤਸਰ ਕਾਨਫਰੰਸ ਦੇ ਐਂਡਰੈਸ ਵਿਚ ਇਸੇ ਗੱਲ 'ਤੇ ਜ਼ੋਰ ਦਿੱਤਾ ਪ੍ਰੰਤੂ ਫਿਰ ਵੀ ਇਨ੍ਹਾਂ ਦੋਹਾਂ ਸੱਜਣਾਂ ਦੇ ਖ਼ਿਆਲਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਅੰਮ੍ਰਿਤਸਰ ਅਤੇ ਮਹਾਰਾਸ਼ਟਰ ਕਾਨਫਰੰਸਾਂ ਦੇ ਇਨ੍ਹਾਂ ਦੋਹਾਂ ਪ੍ਰਧਾਨਾਂ ਦੇ ਐਂਡਰੈੱਸ ਪੜ੍ਹ ਕੇ ਹੀ ਸਾਨੂੰ ਇਨ੍ਹਾਂ ਦੇ ਖ਼ਿਆਲਾਂ ਦਾ ਫ਼ਰਕ ਖੁਟਕ ਗਿਆ ਸੀ, ਪਰ ਪਿਛੋਂ ਬੰਬਈ ਦੇ ਇਕ ਲੈਕਚਰ ਨੇ ਇਹ ਗੱਲ ਸਾਫ਼ ਹੀ ਕਰ ਦਿੱਤੀ। ਇਸ ਜਲਸੇ ਦੇ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਸਨ ਅਤੇ ਸ੍ਰੀ ਸੁਭਾਸ਼ ਹੋਰਾਂ ਲੈਕਚਰ ਦਿੱਤਾ ਸੀ। ਉਹ ਇਕ ਬੜੇ ਭਾਵੁਕ ਬੰਗਾਲੀ ਹਨ। ਉਨ੍ਹਾਂ ਨੇ ਲੈਕਚਰ ਸ਼ੁਰੂ ਕੀਤਾ ਕਿ ਹਿੰਦੁਸਤਾਨ ਦਾ ਦੁਨੀਆ ਦੇ ਨਾਮ ਇਕ ਖਾਸ ਪੈਗ਼ਾਮ ਹੈ। ਉਹ ਦੁਨੀਆ ਨੂੰ ਰੂਹਾਨੀ ਸਬਕ ਦਏਗਾ। ਖ਼ੈਰ ! ਅੱਗਾਂ ਉਹ ਮਸਤਾਨਾ ਵਾਰ ਕਹਿਣਾ ਸ਼ੁਰੂ ਕਰ ਦਿੰਦੇ ਹਨ :

"ਚਾਂਦਨੀ ਰਾਤ ਵਿਚ ਤਾਜ ਮਹਲ ਨੂੰ ਦੇਖੋ ਅਤੇ ਜਿਸ ਦਿਲ ਦੀ ਇਹ ਸੂਝ ਦਾ ਨਤੀਜਾ ਸੀ, ਉਸ ਦੀ ਮਹਾਨਤਾ ਦੀ ਕਲਪਨਾ ਕਰੋ। ਸੋਚੋ, ਸਾਡੇ ਇਕ ਬੰਗਾਲੀ ਨਾਵਲਿਸਟ ਨੇ ਲਿਖਿਆ ਹੈ ਕਿ "ਇਹ ਸਾਡੇ ਅੱਥਰੂ ਹੀ ਜੰਮ-ਜੰਮ ਕੇ ਪੱਥਰ ਬਣ ਗਏ ਹਨ।" ਉਹ ਵੀ ਮੁੜ 'ਵੇਦਾਂ ਵੱਲ ਚੱਲੋ' ਦਾ ਹੀ ਆਵਾਜ਼ਾ ਕੱਸਦੇ ਹਨ। ਆਪ ਆਪਣੇ ਪੂਨਾ ਵਾਲੇ ਐਂਡਰੈੱਸ ਵਿਚ (Nationalism) ਕੌਮ ਪ੍ਰਸਤੀ ਦੇ ਸਬੰਧ ਵਿਚ ਇਹ ਲਿਖਦੇ ਹੋਏ ਕਿ ਕੌਮਾਂਤਰੂ (ਯਾ ਦੁਨੀਆ ਦੀ ਇਕ ਕੌਮ ਦੇ ਖ਼ਿਆਲਾਤ ਵਾਲੇ (Inter Nationalists) ਕੌਮਪ੍ਰਸਤੀ (Nationalism) ਨੂੰ ਇਕ ਤੰਗ ਖ਼ਿਆਲ ਦੱਸਦੇ ਹਨ, ਪਰ ਇਹ ਭੁੱਲ ਹੈ। ਹਿੰਦੁਸਤਾਨੀ ਕੌਮ ਪ੍ਰਸਤੀ ਦਾ ਖ਼ਿਆਲ ਇਹੋ ਜਿਹਾ ਨਹੀਂ। ਉਹ ਨਾ ਤੰਗ ਹੈ, ਨਾ ਖ਼ੁਦਗਰਜ਼ੀ ਭਰਿਆ ਹੈ ਤੇ ਨਾ ਜ਼ਾਲਿਮਾਨਾ ਹੈ। ਕਿਉਂਕਿ ਇਸ ਦੀ ਜੜ ਜਾਂ ਮੂਲ ਤਾਂ ਇਹ :

'ਸਤਯਮ੍-ਸ਼ਿਵ-ਸੁੰਦਰਮ' ਹੈ। ਅਰਥਾਤ 'ਸੱਚਾ-ਹੱਛਾ ਅਤੇ ਸੁੰਦਰ'।

ਇਹ ਵੀ ਉਹੋ ਹੀ ਛਾਯਾਵਾਦ ਹੈ। ਨਿਰੀ ਭਾਵੁਕਤਾ ਹੈ। ਨਾਲ ਹੀ ਉਨ੍ਹਾਂ ਨੂੰ ਵੀ ਆਪਣੇ ਪੁਰਾਣੇ ਜ਼ਮਾਨੇ ਤੇ ਬਹੁਤ ਸਾਰਾ ਵਿਸ਼ਵਾਸ ਹੈ। ਉਹ ਹਰ ਗੱਲ ਵਿਚ ਆਪਣੇ ਪੁਰਾਣੇ ਜ਼ਮਾਨੇ ਦੀ ਮਹਾਨਤਾ ਵੇਖਦੇ ਹਨ। ਪੰਚਾਇਤੀ ਰਾਜ ਦਾ ਤਰੀਕਾ ਉਨ੍ਹਾਂ ਦੇ ਵਿਚਾਰ ਵਿਚ ਕੋਈ ਨਵਾਂ ਨਹੀਂ। (Republics and Democracy) 'ਪੰਚਾਇਤੀ ਰਾਜ ਅਤੇ ਲੋਕਾਂ ਦਾ ਰਾਜ' ਉਹ ਕਹਿੰਦੇ ਹਨ ਕਿ ਹਿੰਦੁਸਤਾਨ ਬਹੁਤ ਪੁਰਾਣਾ ਹੈ। ਉਹ ਤੇ ਇਥੋਂ ਤੀਕ ਕਹਿੰਦੇ ਹਨ ਕਿ (Communism)



Sri Satguru Jagjit Singh Ji Elibrary NamdhariElibrary@gmail.com

ਕੰਮਿਊਨਿਜ਼ਮ ਵੀ ਹਿੰਦੁਸਤਾਨ ਵਾਸਤੇ ਨਵੀਂ ਚੀਜ਼ ਨਹੀਂ। ਖ਼ੈਰ ! ਉਨ੍ਹਾਂ ਨੇ ਸਭ ਤੋਂ ਵਧੀਕ ਉਸੇ ਦਿਨ ਲੈਕਚਰ ਵਿਚ ਜਿਸ ਗੱਲ 'ਤੇ ਜ਼ੋਰ ਦਿੱਤਾ, ਉਹ ਇਹ ਸੀ ਕਿ ਹਿੰਦੁਸਤਾਨ ਦਾ ਦੁਨੀਆ ਵਾਸਤੇ ਇਕ ਖ਼ਾਸ ਸੁਨੇਹਾ ਹੈ। ਪੰਡਿਤ ਜਵਾਹਰ ਲਾਲ ਹੋਰਾਂ ਦੇ ਵਿਚਾਰ ਇਸ ਤੋਂ ਉਲਟ ਹਨ। ਉਹ ਕਹਿੰਦੇ ਹਨ :

ਜਿਸ ਮੁਲਕ ਜਾਵੋ, ਉਹ ਹੀ ਸਮਝਦਾ ਹੈ ਕਿ ਉਸ ਦਾ ਦੁਨੀਆ ਵਾਸਤੇ ਇਕ ਖਾਸ ਸੁਨੇਹਾ ਹੈ। ਇੰਗਲੈਂਡ ਦੁਨੀਆ ਨੂੰ ਤਹਿਜ਼ੀਬ ਸਿਖਾਲਣ ਦਾ ਠੇਕੇਦਾਰ ਬਣਦਾ ਹੈ। ਮੈਂ ਤਾਂ ਕੋਈ ਖ਼ਾਸ ਗੱਲ ਆਪਣੇ ਮੁਲਕ ਪਾਸ ਨਹੀਂ ਦੇਖਦਾ। ਸੁਭਾਸ਼ ਬਾਬੂ ਨੂੰ ਇਨ੍ਹਾਂ ਗੱਲਾਂ 'ਤੇ ਬੜਾ ਯਕੀਨ ਹੈ। ਜਵਾਹਰ ਲਾਲ ਹੋਰੀਂ ਕਹਿੰਦੇ ਹਨ :

Every youth must rebel. Not only in political sphere, but in social, economic and religious spheres also. I have not much use of any man who comes and tells me that such and such thing is said in *koran*. Everything unreasonable must be discarded even if they authority for it in the vedas and koran."

"ਕਿ ਹਰ ਇਕ ਨੌਜਵਾਨ ਨੂੰ ਬਗ਼ਾਵਤ ਕਰਨੀ ਚਾਹੀਦੀ ਹੈ। ਰਾਜਸੀ ਮੈਦਾਨ ਵਿਚ ਹੀ ਨਹੀਂ ਬਲਕਿ ਸਮਾਜਿਕ, ਆਰਥਿਕ ਅਤੇ ਮਜ਼ਬੀ ਮੈਦਾਨ ਵਿਚ ਵੀ। ਮੈਨੂੰ ਐਸੇ ਆਦਮੀ ਦੀ ਕੋਈ ਲੋੜ ਨਹੀਂ, ਜੋ ਕਿ ਆ ਕੇ ਕਹੇ ਕਿ ਫਲਾਨੀ ਗੱਲ ਕੁਰਾਨ ਵਿਚ ਲਿਖੀ ਹੋਈ ਹੈ। ਕੋਈ ਗੱਲ ਜੋ ਆਪਣੀ ਸਮਝ ਦੀ ਪਰਖ ਨਾਲ ਠੀਕ ਨਾ ਸਾਬਤ ਹੋਵੇ, ਉਸ ਨੂੰ ਚਾਹੇ ਵੇਦ ਅਤੇ ਕੁਰਾਨ ਵਿਚ ਕਿੱਡਾ ਚੰਗਾ ਹੀ ਕਿਹਾ ਹੋਵੇ, ਨਹੀਂ ਮੰਨਣੀ ਚਾਹੀਦੀ।"

ਇਹ ਇਕ ਜੁਗ ਪਲਟਾਊ ਦੇ ਖ਼ਿਆਲਾਤ ਹਨ ਅਤੇ ਸੁਭਾਸ਼ ਦੇ ਇੱਕ ਰਾਜ ਪਲਟਾਊ ਵਾਲੇ ਖ਼ਿਆਲ ਹਨ। ਇੱਕ ਦੇ ਵਿਚਾਰ ਵਿਚ ਸਾਡੀਆਂ ਪੁਰਾਣੀਆਂ ਚੀਜ਼ਾਂ ਬਹੁਤ ਅੱਛੀਆਂ ਹਨ ਅਤੇ ਦੂਸਰੇ ਦੇ ਖ਼ਿਆਲ ਵਿਚ ਉਨ੍ਹਾਂ ਦੇ ਬਰਖ਼ਿਲਾਫ਼ ਬਗ਼ਾਵਤ ਕਰ ਦੇਣੀ ਚਾਹੀਦੀ ਹੈ। ਇੱਕ ਨੂੰ ਭਾਵੁਕ ਕਿਹਾ ਜਾਂਦਾ ਹੈ ਤੇ ਇੱਕ ਨੂੰ ਜੁਗ-ਪਲਟਾਊ ਅਤੇ ਬਾਗ਼ੀ ! ਪੰਡਿਤ ਜੀ ਇਕ ਥਾਂ ਕਹਿੰਦੇ ਹਨ :

"To those who still fondly cherish old ideas and are striving to bring back the conditions which prevailed in Arabia 1300 years ago or in the vedic age in India. I say, that it is inconcievable that you can bring back the hoary past. The world or reality will not retrace its steps, the world of immagiation may remain stationary."

ਉਹ ਕਹਿੰਦੇ ਹਨ ਕਿ ਜਿਹੜੇ ਹੁਣ ਵੀ ਕੁਰਾਨ ਦੇ ਜ਼ਮਾਨੇ ਦੇ ਯਾਨੀ ਅੱਜ ਤੋਂ 1300 ਸਾਲ ਦੇ ਅਰਬ ਦੇ ਹਾਲਾਤ ਮੁੜ ਕੇ ਪੈਦਾ ਕਰਨਾ ਚਾਹੁੰਦੇ ਹਨ, ਜਾਂ ਜੋ ਪਿੱਛੇ ਵੇਦਾਂ ਦੇ ਜ਼ਮਾਨੇ ਵੱਲ ਪਏ ਤੱਕਦੇ ਹਨ, ਉਨ੍ਹਾਂ ਨੂੰ ਮੇਰਾ ਕਹਿਣਾ ਹੈ ਕਿ ਇਹ ਤਾਂ ਖ਼ਿਆਲ ਵਿਚ ਹੀ ਨਹੀਂ ਆ ਸਕਦਾ ਕਿ ਉਹ ਜ਼ਮਾਨਾ ਮੁੜ ਕੇ ਆ ਜਾਵੇਗਾ, ਅਸਲੀ ਦੁਨੀਆ ਪਿੱਛੇ ਨਹੀਂ ਮੁੜ ਸਕਦੀ, ਖ਼ਿਆਲੀ ਦੁਨੀਆ ਨੂੰ ਚਾਹੇ ਕੁਝ ਦਿਨ ਇਥੇ ਹੀ ਫੜੀ ਰੱਖੋ ਅਤੇ ਇਸ ਕਰਕੇ ਹੀ ਬਗ਼ਾਵਤ ਦੀ ਜ਼ਰੂਰਤ ਉਹ ਅਨੁਭਵ ਕਰਦੇ ਹਨ।

ਸੁਭਾਸ਼ ਬਾਬੂ ਮੁਕੰਮਲ ਆਜ਼ਾਦੀ ਦੇ ਹੱਕ ਵਿਚ ਹਨ, ਕਿਉਂਕਿ ਉਹ ਕਹਿੰਦੇ ਹਨ ਕਿ ਅੰਗਰੇਜ਼ ਪੱਛਮ ਦੇ ਰਹਿਣ ਵਾਲੇ ਹਨ ਤੇ ਅਸੀਂ ਪੂਰਬ ਦੇ। ਪੰਡਿਤ ਜੀ ਕਹਿੰਦੇ ਹਨ, ਸਾਨੂੰ



Sri Satguru Jagjit Singh Ji Elibrary NamdhariElibrary@gmail.com

ਆਪਣਾ ਰਾਜ ਕਾਇਮ ਕਰਕੇ ਸਾਰਾ ਸਮਾਜਿਕ ਨਿਜ਼ਾਮ ਬਦਲਣਾ ਚਾਹੀਦਾ ਹੈ, ਉਸ ਵਾਸਤੇ ਪੂਰੀ-ਪੂਰੀ ਆਜ਼ਾਦੀ ਹਾਸਲ ਕਰਨ ਦੀ ਲੋੜ ਹੈ।

ਸੁਭਾਸ਼ ਬਾਬੂ ਮਜ਼ਦੂਰਾਂ ਨਾਲ ਹਮਦਰਦੀ ਰੱਖਦੇ ਹਨ ਅਤੇ ਉਨ੍ਹਾਂ ਦੀ ਹਾਲਤ ਸੁਧਾਰਨਾ ਚਾਹੁੰਦੇ ਹਨ। ਪੰਡਿਤ ਜੀ ਇਕ ਇਨਕਲਾਬ ਕਰਕੇ ਸਾਰਾ ਨਿਜਾਮ ਹੀ ਬਦਲ ਦੇਣਾ ਚਾਹੁੰਦੇ ਹਨ। ਇਕ ਭਾਵੁਕ ਹੈ—ਉਹ ਦਿਲ ਵਾਸਤੇ ਨੌਜਵਾਨਾਂ ਨੂੰ ਬਹੁਤ ਕੁਝ ਦੇ ਰਹੇ ਹਨ, ਪਰ ਸਿਰਫ਼ ਦਿਲ ਵਾਸਤੇ। ਦੂਜਾ ਯੁੱਗ ਪਲਟਾਊ ਹੈ, ਜੋ ਕਿ ਦਿਲ ਦੇ ਨਾਲ ਹੀ ਨਾਲ ਦਿਮਾਗ ਨੂੰ ਵੀ ਬਹੁਤ ਕੁਝ ਦੇ ਰਿਹਾ ਹੈ।

"They should aim at swaraj for the masses based on socialism. That was a revolutionary change which they could not bring about without revolutionary methods.....Mere reform or gradual repairing of the existing machinery could not achieve the real proper swaraj for the General Masses."

ਯਾਨੀ ਸਾਡਾ ਆਦਰਸ਼ ਇਕ ਮਈ ਅਸੂਲਾਂ ਅਨੁਸਾਰ ਮੁਕੰਮਲ ਅਜ਼ਾਦੀ ਹੋਣਾ ਚਾਹੀਦਾ ਹੈ, ਜਿਹੜਾ ਕਿ ਜੁੱਗ ਪਲਟਾਊ ਤਰੀਕਿਆਂ ਬਿਨਾਂ ਹਾਸਲ ਨਹੀਂ ਹੋ ਸਕਦਾ। ਕੇਵਲ ਸੁਧਾਰ ਅਤੇ ਮੌਜੂਦਾ ਸਰਕਾਰ ਦੀ ਮਸ਼ੀਨਰੀ ਦੀ ਹੌਲੀ-ਹੌਲੀ ਕੀਤੀ ਗਈ ਮੁਰੰਮਤ ਅਤੇ ਆਮ ਲੋਕਾਂ ਦੇ ਵਾਸਤੇ ਅਸਲੀ ਸਵਰਾਜ ਨਹੀਂ ਲਿਆ ਸਕਦੀ।

ਇਹ ਉਨ੍ਹਾਂ ਦੇ ਖ਼ਿਆਲਾਂ ਦਾ ਨੀਕ-ਠੀਕ ਅਕਸ ਹੈ। ਸੁਭਾਸ਼ ਬਾਬੂ ਕੌਮਾਂਤਰੀ ਰਾਜਨੀਤੀ ਵੱਲ ਓਨਾ ਚਿਰ ਹੀ ਧਿਆਨ ਦੇਣਾ ਜ਼ਰੂਰੀ ਖ਼ਿਆਲ ਕਰਦੇ ਹਨ ਕਿ ਜਿੰਨਾ ਚਿਰ ਦੁਨੀਆ ਦੇ ਪਾਲੀਟਿਕਸ ਵਿਚ ਹਿੰਦੁਸਤਾਨ ਦੀ ਰੱਖਿਆ ਅਤੇ ਤਰੱਕੀ ਦਾ ਸਵਾਲ ਹੈ, ਪ੍ਰੰਤੂ ਪੰਡਿਤ ਹੋਰੀਂ ਕੌਮਪ੍ਰਸਤੀ ਦੇ ਤੰਗ ਦਾਇਰੇ 'ਚੋਂ ਨਿਕਲ ਕੇ ਖੁੱਲ੍ਹੇ ਮੈਦਾਨ ਵਿਚ ਆ ਗਏ ਹਨ।

ਹੁਣ ਸਵਾਲ ਇਹ ਹੈ ਕਿ ਸਾਡੇ ਸਾਹਮਣੇ ਦੋਵੇਂ ਵਿਚਾਰ ਆ ਗਏ ਹਨ। ਸਾਨੂੰ ਕਿਸ ਵੱਲ ਝੁਕਣਾ ਚਾਹੀਦਾ ਹੈ। ਇਕ ਪੰਜਾਬੀ ਅਖ਼ਬਾਰ ਨੇ ਸੁਭਾਸ਼ ਦੀ ਤਾਰੀਫ਼ ਦੇ ਪੁਲ ਬੰਨ੍ਹ ਕੇ ਪੰਡਿਤ ਹੋਰਾਂ ਦੇ ਮੁਤਅੱਲਕ ਕਿਹਾ ਸੀ ਕਿ ਇਹੋ ਜਿਹੇ ਬਾਗ਼ੀ ਪੱਥਰਾਂ ਨਾਲ ਸਿਰ ਮਾਰ-ਮਾਰ ਕੇ ਮਰ ਜਾਇਆ ਕਰਦੇ ਹਨ। ਖ਼ਿਆਲ ਰੱਖਣਾ ਚਾਹੀਦਾ ਹੈ ਕਿ ਪੰਜਾਬ ਅੱਗੇ ਹੀ ਬੜਾ ਭਾਵੁਕ ਪ੍ਰਾਂਤ ਹੈ। ਜੋਸ਼ ਵਿਚ ਜਲਦੀ ਹੀ ਲੋਕੀਂ ਆ ਜਾਂਦੇ ਹਨ ਅਤੇ ਜਲਦੀ ਹੀ ਝੱਗ ਵਾਂਗੂੰ ਬੈਠ ਜਾਂਦੇ ਹਨ।

ਸੁਭਾਸ਼ ਅੱਜ ਸ਼ਾਇਦ ਦਿਲ ਦੀ ਕੁਝ ਗ਼ਜ਼ਾ ਦੇਣ ਤੋਂ ਇਲਾਵਾ ਹੋਰ ਕੋਈ ਦਿਮਾਗ਼ੀ ਗ਼ਜ਼ਾ ਨਹੀਂ ਦੇ ਰਹੇ। ਹੁਣ ਜ਼ਰੂਰਤ ਇਸ ਗੱਲ ਦੀ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਇਨ੍ਹਾਂ ਜੁੱਗ-ਪਲਟਾਊ ਖ਼ਿਆਲਾਂ ਨੂੰ ਆਪਣੇ ਦਿਮਾਗ਼ ਵਿਚ ਖੂਬ ਸੋਚ-ਵਿਚਾਰ ਕੇ ਪੱਕਿਆਂ ਕਰ ਲੈਣਾ ਚਾਹੀਦਾ ਹੈ।

ਇਸ ਵੇਲੇ ਪੰਜਾਬ ਨੂੰ ਦਿਮਾਗ਼ ਦੀ ਗ਼ਜ਼ਾ ਦੀ ਲੋੜ ਹੈ ਅਤੇ ਉਹ ਪੰਡਤ ਜਵਾਹਰ ਲਾਲ ਨਹਿਰੂ ਕੋਲੋਂ ਹੀ ਮਿਲ ਸਕਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਦੇ ਅੰਨ੍ਹੇ ਪੈਰੋਕਾਰ ਬਣ ਜਾਣਾ ਚਾਹੀਦਾ ਹੈ। ਪਰ ਜਿਥੋਂ ਤੀਕ ਖ਼ਿਆਲਾਤ ਦਾ ਤਅੱਲਕ ਹੈ, ਉਥੋਂ ਤੀਕ ਐਸ ਵੇਲੇ ਪੰਜਾਬੀ ਨੌਜਵਾਨਾਂ ਨੂੰ ਉਨ੍ਹਾਂ ਦੇ ਪਿੱਛੇ ਲੱਗਣਾ ਚਾਹੀਦਾ ਹੈ ਤਾਂ ਕਿ ਉਹ ਇਨਕਲਾਬ ਦੇ ਅਸਲੀ ਮਾਨੇ, ਹਿੰਦੁਸਤਾਨ ਦੇ ਇਨਕਲਾਬ ਦੀ ਜ਼ਰੂਰਤ, ਦੁਨੀਆ ਦੇ ਇਨਕਲਾਬ ਵਿਚ ਇਸ ਦਾ ਥਾਉਂ ਕੀ ਹੈ ਆਦਿ ਬਾਰੇ ਜਾਣ ਸਕਣ। ਸੋਚ ਵਿਚਾਰ ਦੇ ਨਾਲ ਨੌਜਵਾਨ ਆਪਣੇ ਖ਼ਿਆਲਾਤ ਨੂੰ ਪੱਕਿਆਂ ਕਰਨ ਤਾਂ ਕਿ ਨਿਰਾਸ਼ਾ, ਮਾਯੂਸੀ ਅਤੇ ਹਾਰ ਦੇ ਜ਼ਮਾਨੇ ਵਿਚ ਵੀ ਡੋਲਣ ਨਾ ਅਤੇ ਇਕੱਲੇ ਖਲੋ ਕੇ ਦੁਨੀਆ ਦੇ ਮੁਕਾਬਲੇ ਵਿਚ ਡਟੇ ਰਹਿਣ। ਐਸੇ ਹੀ ਆਦਮੀ ਇਨਕਲਾਬ ਨੂੰ ਕਾਮਯਾਬ ਕਰ ਸਕਣਗੇ।

❋ ❋ ❋



Sri Satguru Jagjit Singh Ji Elibrary NamdhariElibrary@gmail.com

## 57. ਸਾਂਡਰਸ ਨੂੰ ਸਜ਼ਾ ਦੇਣ ਬਾਅਦ ਲੱਗੇ ਇਸ਼ਤਿਹਾਰ

*—ਦਸੰਬਰ, 1928*

[17 ਨਵੰਬਰ, 1928 ਨੂੰ ਲਾਲਾ ਲਾਜਪਤ ਰਾਏ ਸੁਵਰਗਵਾਸ ਹੋ ਗਏ। ਅਕਤੂਬਰ ਵਿਚ ਸਾਇਮਨ ਦਾ ਬਾਈਕਾਟ ਕਰਨ ਲਈ ਕੱਢੇ ਗਏ ਜਲੂਸ ਦੀ ਅਗਵਾਈ ਕਰਦੇ ਉਨ੍ਹਾਂ 'ਤੇ ਪੁਲਸ ਦੀਆਂ ਲਾਠੀਆਂ ਬਰਸਾਈਆਂ ਗਈਆਂ ਸਨ। ਲਾਲਾ ਜੀ ਦੀ ਮੌਤ ਨੇ ਦੇਸ਼ ਭਰ ਵਿਚ ਲੋਕਾਂ ਦੇ ਮਨ ਵਿਚ ਦੁੱਖ ਤੇ ਭੈਅ ਦੀ ਇਕ ਲਹਿਰ ਪੈਦਾ ਕਰ ਦਿੱਤੀ। ਅੰਗਰੇਜ਼ ਸਾਮਰਾਜ ਨੇ ਲੋਕਾਂ ਦੇ ਜਲੂਸ ਕੱਢਣ ਵਰਗੇ ਜ਼ਮਹੂਰੀ ਹੱਕਾਂ ਨੂੰ ਕੁਚਲ ਕੇ ਇਕ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਕੌਮੀ ਨੇਤਾਵਾਂ ਕੋਲ ਅਜਿਹੇ ਸਮੇਂ ਲੋਕਾਂ ਵਿਚ ਹੌਸਲਾ ਪੈਦਾ ਕਰਨ ਦਾ ਕੋਈ ਦਮ ਤੇ ਢੰਗ ਨਹੀਂ ਨਜ਼ਰ ਆਉਂਦਾ ਸੀ। ਏਸੇ ਕਰਕੇ ਮਿਸਜ਼ ਸੀ.ਆਰ. ਦਾਸ ਨੇ ਨੌਜਵਾਨਾਂ ਨੂੰ ਇਹ ਸਵਾਲ ਕੀਤਾ ਸੀ, "ਕੀ ਦੇਸ਼ ਦੀ ਜਵਾਨੀ ਤੇ ਮਨੁੱਖਤੀ ਅਜੇ ਵੀ ਕਾਇਮ ਹੈ? ਕੀ ਉਹ ਇਸਦੀ ਭਖਦੀ ਸ਼ਰਮ ਤੇ ਬੇਇੱਜ਼ਤੀ ਨੂੰ ਮਹਿਸੂਸ ਕਰਦੀ ਹੈ? ਮੈਂ ਇਸ ਧਰਤੀ ਦੀ ਇਕ ਔਰਤ ਦੇ ਨਾਤੇ ਸਾਫ਼ ਸਪੱਸ਼ਟ ਜਵਾਬ ਦੀ ਮੰਗ ਕਰਦੀ ਹਾਂ।" ਇਕ ਥਾਂ ਭਗਤ ਸਿੰਘ ਲਿਖਦੇ ਹਨ "ਕਿ ਅਸੀਂ ਕੌਮੀ ਲਹਿਰ ਦੇ ਹਥਿਆਰਬੰਦ ਦਸਤੇ ਵਾਂਗ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹੇ ਹਾਂ।" ਇਹੀ ਕਾਰਨ ਹੈ ਕਿ ਲੀਡਰਾਂ ਨਾਲ ਬਹਿਸ ਅਤੇ ਆਪਣੇ ਐਕਸ਼ਨ ਉਨ੍ਹਾਂ ਨੇ ਵੱਖ-ਵੱਖ ਸਤਰ 'ਤੇ ਰੱਖੇ। ਜਿਥੇ ਪਿਛੇ ਦਿੱਤੇ ਲੇਖਾਂ ਵਿਚ ਲਾਲਾ ਜੀ ਨਾਲ ਇਕ ਤਰਕ ਭਰਪੂਰ ਕੀਮਤਾਂ ਕਦਰਾਂ ਨੂੰ ਲੈ ਕੇ ਬਹਿਸ ਚਲ ਰਹੀ ਸੀ, ਪਰ ਵਕਤ ਦੀ ਲੋੜ ਨੂੰ ਸਮਝਦੇ ਹੋਏ ਉਨ੍ਹਾਂ ਆਪਣੇ ਐਕਸ਼ਨ ਦਾ ਫੈਸਲਾ ਕੀਤਾ।

ਸਮੇਂ ਦੀ ਲੋੜ ਨੂੰ ਪੂਰੀ ਤਰ੍ਹਾਂ ਭਾਂਪਦੇ ਹੋਏ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਪੁਲਸ ਅਫ਼ਸਰ ਸਾਂਡਰਸ ਨੂੰ ਸਜ਼ਾ ਦੇ ਕੇ ਜਿਥੇ ਲੋਕਾਂ ਦੇ ਡਿਗਦੇ ਹੌਸਲੇ ਨੂੰ ਠੱਲ੍ਹ ਪਾਈ, ਅਜ਼ਾਦੀ ਦੀ ਲਹਿਰ ਵਿਚ ਵਧੀ ਹੋਈ ਲੋਕਾਂ ਦੀ ਸ਼ਮੂਲੀਅਤ ਨੂੰ ਕਾਇਮ ਰੱਖਣ ਦਾ ਯਤਨ ਕੀਤਾ, ਉਥੇ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਇਕ ਇਸ਼ਤਿਹਾਰ ਵੀ ਕੰਧਾਂ 'ਤੇ ਲਗਾ ਦਿੱਤਾ। ਉਨ੍ਹਾਂ ਸਾਫ਼ ਲਫ਼ਜ਼ਾਂ ਵਿਚ ਕਿਹਾ..."ਅਸੀਂ ਕੌਮ ਦੇ ਮਾਣ ਦੀ ਰੱਖਿਆ ਕਰਨ ਅਤੇ ਵਿਦੇਸ਼ੀ, ਅੱਤਿਆਚਾਰੀਆਂ ਨੂੰ ਸਬਕ ਸਿਖਾਉਣ ਲਈ ਸਦਾ ਤਿਆਰ ਰਹਾਂਗੇ। ਅਸੀਂ ਸਾਰੇ ਵਿਰੋਧ ਦੇ ਦਬਾਅ ਦੇ ਬਾਵਜੂਦ ਕ੍ਰਾਂਤੀ ਦੀ ਆਵਾਜ਼ ਨੂੰ ਉੱਚਾ ਰੱਖਾਂਗੇ ਤੇ ਫ਼ਾਂਸੀ ਦੇ ਤਖ਼ਤੇ ਤੋਂ ਵੀ ਪੁਕਾਰਾਂਗੇ : ਇਨਕਲਾਬ ਜ਼ਿੰਦਾਬਾਦ !"

ਫਿਰ ਅੱਗੇ ਕਿਹਾ, "...ਮਨੁੱਖ ਦਾ ਖ਼ੂਨ ਵਗਾਉਣ ਲਈ ਸਾਨੂੰ ਦੁੱਖ ਹੈ, ਪਰ ਕਰਾਂਤੀ ਦੀ ਵੇਦੀ 'ਤੇ ਖ਼ੂਨ ਵਹਾਉਣਾ ਜ਼ਰੂਰੀ ਹੋ ਜਾਂਦਾ ਹੈ।..." ਇਹ ਇਸ਼ਤਿਹਾਰ ਉਨ੍ਹਾਂ ਦੇ ਆਪਣੇ ਹੱਥ ਲਿਖਤੀ ਹਨ।

ਪੇਸ਼ ਹਨ ਉਹ ਇਸ਼ਤਿਹਾਰ : —ਸੰਪਾਦਕ]

* * *

### ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਵੇਲੇ ਲਾਇਆ ਪਰਚਾ

**ਖ਼ੂਨ ਦਾ ਬਦਲਾ ਖ਼ੂਨ**

**ਹਿੰਦੁਸਤਾਨ ਸਮਾਜਵਾਦੀ ਪ੍ਰਜਾਤੰਤਰ ਸੈਨਾ**

**ਨੋਟਿਸ**

ਨੌਕਰਸ਼ਾਹੀ ਸਾਵਧਾਨ !

ਜੇ.ਪੀ. ਸਾਂਡਰਸ ਦੀ ਮੌਤ ਨਾਲ ਲਾਲਾ ਲਾਜਪਤ ਰਾਏ ਜੀ ਦੀ ਹੱਤਿਆ ਦਾ ਬਦਲਾ ਲੈ ਲਿਆ ਗਿਆ।



Sri Satguru Jagjit Singh Ji Elibrary NamdhariElibrary@gmail.com

ਇਹ ਸੋਚ ਕੇ ਕਿੰਨਾ ਦੁੱਖ ਹੁੰਦਾ ਹੈ ਕਿ ਜੇ.ਪੀ. ਸਾਂਡਰਸ ਵਰਗੇ ਇਕ ਮਾਮੂਲੀ ਅਫ਼ਸਰ ਦੇ ਕਮੀਨੇ ਹੱਥੋਂ ਦੇਸ਼ ਦੀ ਤੀਹ ਕਰੋੜ ਜਨਤਾ ਦੇ ਹਰਮਨ ਪਿਆਰੇ ਆਗੂ 'ਤੇ ਹਮਲਾ ਕਰਕੇ ਉਨ੍ਹਾਂ ਦੇ ਪ੍ਰਾਣ ਲੈ ਲਏ ਗਏ। ਕੌਮ ਦਾ ਇਹ ਅਪਮਾਨ ਹਿੰਦੁਸਤਾਨੀ ਨੌਜਵਾਨਾਂ ਅਤੇ ਮਰਦਾਂ ਨੂੰ ਇਕ ਵੰਗਾਰ ਸੀ।

ਅੱਜ ਸੰਸਾਰ ਨੇ ਦੇਖ ਲਿਆ ਹੈ ਕਿ ਹਿੰਦੁਸਤਾਨ ਦੀ ਜਨਤਾ ਬੇਜਾਨ ਨਹੀਂ ਹੋ ਗਈ, ਉਨ੍ਹਾਂ ਦਾ ਖ਼ੂਨ ਜੰਮ ਨਹੀਂ ਗਿਆ। ਉਹ ਆਪਣੇ ਰਾਸ਼ਟਰ ਦੇ ਮਾਣ ਲਈ ਜਾਨ ਦੀ ਬਾਜ਼ੀ ਲਗਾ ਸਕਦੇ ਹਨ ਅਤੇ ਇਸ ਦਾ ਸਬੂਤ ਦੇਸ਼ ਦੇ ਉਨ੍ਹਾਂ ਜਵਾਨਾਂ ਨੇ ਦਿੱਤਾ ਹੈ, ਜਿਨ੍ਹਾਂ ਦੀ ਇਸ ਦੇਸ਼ ਦੇ ਆਗੂ ਨਿੰਦਾ ਤੇ ਅਪਮਾਨ ਕਰਦੇ ਹਨ।

**ਅੱਤਿਆਚਾਰੀ ਸਰਕਾਰ ਸਾਵਧਾਨ**

ਇਸ ਦੇਸ਼ ਦੀ ਪੀੜਤ ਜਨਤਾ ਦੀਆਂ ਭਾਵਨਾਵਾਂ ਨੂੰ ਸੱਟ ਨਾ ਮਾਰੋ ! ਆਪਣੀਆਂ ਸ਼ੈਤਾਨੀ ਭਰੀਆਂ ਹਰਕਤਾਂ ਬੰਦ ਕਰੋ ! ਸਾਨੂੰ ਹਥਿਆਰ ਨਾ ਰੱਖਣ ਦੇਣ ਲਈ ਬਣਾਏ ਤੁਹਾਡੇ ਕਾਨੂੰਨਾਂ ਤੇ ਚੌਕਸੀ ਦੇ ਬਾਵਜੂਦ ਪਿਸਤੌਲ ਤੇ ਰਿਵਾਲਵਰ ਇਸ ਦੇਸ਼ ਦੀ ਜਨਤਾ ਦੇ ਹੱਥਾਂ ਵਿਚ ਆਉਂਦੇ ਹੀ ਰਹਿਣਗੇ। ਜੇ ਇਹ ਹਥਿਆਰ ਹਥਿਆਰਬੰਦ ਕਰਾਂਤੀ ਲਈ ਨਾ ਵੀ ਮਿਲੇ ਤਾਂ ਵੀ ਕੌਮੀ ਅਪਮਾਨ ਦਾ ਬਦਲਾ ਲੈਣ ਲਈ ਤਾਂ ਕਾਫ਼ੀ ਹੋਣਗੇ। ਸਾਡੇ ਆਪਣੇ ਲੋਕ ਭਾਵੇਂ ਸਾਡੀ ਨਿੰਦਾ ਤੇ ਅਪਮਾਨ ਕਰਨ, ਬਦੇਸ਼ੀ ਸਰਕਾਰ ਚਾਹੇ ਸਾਡੇ 'ਤੇ ਕਿੰਨਾ ਵੀ ਜ਼ੁਲਮ ਕਰੇ, ਪਰ ਅਸੀਂ ਕੌਮ ਦੇ ਮਾਣ ਦੀ ਰੱਖਿਆ ਕਰਨ ਅਤੇ ਵਿਦੇਸ਼ੀ ਅੱਤਿਆਚਾਰੀਆਂ ਨੂੰ ਸਬਕ ਸਿਖਾਉਣ ਲਈ ਸਦਾ ਤਿਆਰ ਰਹਾਂਗੇ। ਅਸੀਂ ਸਾਰੇ ਵਿਰੋਧ ਤੇ ਦਬਾਅ ਦੇ ਬਾਵਜੂਦ ਕਰਾਂਤੀ ਦੀ ਆਵਾਜ਼ ਨੂੰ ਉੱਚਾ ਰੱਖਾਂਗੇ ਤੇ ਫਾਂਸੀ ਦੇ ਤਖ਼ਤੇ ਤੋਂ ਵੀ ਪੁਕਾਰਾਂਗੇ :

**"ਇਨਕਲਾਬ ਜ਼ਿੰਦਾਬਾਦ !"**

ਸਾਨੂੰ ਇਕ ਆਦਮੀ ਦੀ ਹੱਤਿਆ ਕਰਨ ਦਾ ਦੁੱਖ ਹੈ, ਪਰ ਇਹ ਆਦਮੀ ਨਿਰਦਈ, ਬੇਇਨਸਾਫ਼ ਪ੍ਰਣਾਲੀ ਦਾ ਇਕ ਅੰਗ ਸੀ ਅਤੇ ਜਿਸ ਨੂੰ ਖ਼ਤਮ ਕਰ ਦੇਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਸ ਆਦਮੀ ਦੀ ਹੱਤਿਆ ਹਿੰਦੁਸਤਾਨ ਵਿਚ ਬ੍ਰਿਟਿਸ਼ ਸਾਮਰਾਜ ਦੇ ਕਰਿੰਦੇ ਦੇ ਰੂਪ ਵਿਚ ਕੀਤੀ ਗਈ ਹੈ। ਇਹ ਸਰਕਾਰ ਸੰਸਾਰ ਦੀ ਸਭ ਤੋਂ ਜ਼ਿਆਦਾ ਅੱਤਿਆਚਾਰੀ ਸਰਕਾਰ ਹੈ।

ਮਨੁੱਖ ਦਾ ਖ਼ੂਨ ਵਗਾਉਣ ਲਈ ਸਾਨੂੰ ਦੁੱਖ ਹੈ ਪਰ ਕਰਾਂਤੀ ਦੀ ਵੇਦੀ 'ਤੇ ਖ਼ੂਨ ਵਹਾਉਣਾ ਜ਼ਰੂਰੀ ਹੋ ਜਾਂਦਾ ਹੈ। ਸਾਡਾ ਭਾਵ ਇਕ ਐਸੀ ਕਰਾਂਤੀ ਤੋਂ ਹੈ, ਜੋ ਮਨੁੱਖ 'ਤੇ ਮਨੁੱਖ ਦੀ ਦਬਾਊ ਹਕੂਮਤ ਨੂੰ ਖ਼ਤਮ ਕਰ ਦਵੇਗੀ।

**"ਇਨਕਲਾਬ ਜ਼ਿੰਦਾਬਾਦ !"**

**ਦਸਖ਼ਤ......**

**ਬਲਰਾਜ**

**18 ਦਸੰਬਰ 1928, "ਸੈਨਾਪਤੀ ਪੰਜਾਬ ਹਿ.ਸ.ਪ੍ਰ.ਸ."**



Sri Satguru Jagjit Singh Ji Elibrary NamdhariElibrary@gmail.com

## ਪਾਠ—11

# ਅਸੈਂਬਲੀ ਬੰਬ ਕਾਂਡ

## ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ

[ਸਾਂਡਰਸ ਨੂੰ ਸਜ਼ਾ ਦੇਣ ਦੇ ਬਾਅਦ ਭਗਤ ਸਿੰਘ ਕਲਕੱਤੇ ਚਲੇ ਗਏ। ਦੁਰਗਾ ਭਾਬੀ, ਸੁਪਤਨੀ ਸ਼ਹੀਦ ਭਗਵਤੀ ਚਰਨ ਵੋਹਰਾ ਨੇ ਆਪਣੇ ਛੋਟੇ ਜਿਹੇ ਬੱਚੇ ਨਾਲ ਸਭ ਖ਼ਤਰੇ ਮੁੱਲ ਲੈ ਕੇ ਭਗਤ ਸਿੰਘ ਨੂੰ ਕਲਕੱਤੇ ਪੁੱਜਣ ਵਿਚ ਮਦਦ ਕੀਤੀ।

ਇਸ ਦੇ ਬਾਅਦ ਪਾਰਟੀ ਦੀ ਦਿੱਲੀ ਮੀਟਿੰਗ ਹੋਈ, ਪਬਲਿਕ ਸੇਫ਼ਟੀ ਬਿੱਲ ਨੂੰ ਅਸੈਂਬਲੀ ਵਿਚ ਭਾਰਤੀ ਮੈਂਬਰਾਂ ਦੇ ਰੱਦ ਕਰ ਦੇਣ ਬਾਅਦ ਮਾਰਚ 1929 ਵਿਚ ਦੁਬਾਰਾ ਲਿਆਂਦਾ ਗਿਆ। ਭਾਵੇਂ ਕਿ ਵੋਟਾਂ ਨਾਲ ਉਸ ਬਿੱਲ ਨੂੰ ਪਾਸ ਨਹੀਂ ਹੋਣ ਦਿੱਤਾ ਜਾਣਾ ਸੀ ਪਰ ਵਾਇਸਰਾਏ ਨੇ ਚਾਹਿਆ ਕਿ ਅਗਰ ਬਿੱਲ ਪਾਸ ਨਾ ਹੋਵੇ ਤਾਂ ਆਰਡੀਨੈਂਸ ਰਾਹੀਂ ਲਾਗੂ ਕੀਤਾ ਜਾਵੇ। ਇਹ ਬਿੱਲ ਅਤੇ ਟਰੇਡ ਡਿਸਪਿਊਟ ਬਿੱਲ ਕਿਰਤੀ ਵਰਗ ਦੇ ਕਿੰਨੇ ਵਿਰੋਧੀ ਸਨ, ਤੁਸੀਂ ਪਹਿਲਾਂ ਪੜ੍ਹ ਆਏ ਹੋ। (ਲਿਖਤ ਨੰ. 44 ਤੇ 45)

ਦੁਬਾਰਾ ਕੌਮੀ ਨੇਤਾ ਅੰਗਰੇਜ਼ੀ ਸਰਕਾਰ ਦੀ ਤਾਕਤ ਅੱਗੇ ਬੇਅਸਰ ਤੇ ਲਾਚਾਰੀ ਦੀ ਹਾਲਤ ਦਰਸਾ ਰਹੇ ਸਨ। ਅਜਿਹੇ ਮੌਕੇ 'ਤੇ ਲੋਕਾਂ ਦੀ ਲੋੜ ਨੂੰ ਤਸਲੀਮ ਕਰਦੇ ਹੋਏ ਭਗਤ ਸਿੰਘ ਨੇ ਸੁਝਾਅ ਦਿੱਤਾ ਕਿ ਅਸੈਂਬਲੀ ਹਾਲ ਵਿਚ ਬੰਬ ਦਾ ਧਮਾਕਾ ਕੀਤਾ ਜਾਵੇ ਅਤੇ ਕਰਾਂਤੀਕਾਰੀ ਪਾਰਟੀ ਦੇ ਵਿਚਾਰਾਂ ਨਾਲ ਲੋਕਾਂ ਨੂੰ ਸਿੱਖਿਅਤ ਕੀਤਾ ਜਾਵੇ। ਇਸ ਲਈ ਦੋ ਸਾਥੀ ਸ਼ਿਵ ਵਰਮਾ ਤੇ ਜੈ ਦੇਵ ਕਪੂਰ ਦੀ ਡਿਊਟੀ ਲਗਾਈ ਗਈ। ਸੁਖਦੇਵ ਉਸ ਮੀਟਿੰਗ ਵਿਚ ਨਹੀਂ ਸਨ। ਜਦ ਉਨ੍ਹਾਂ ਨੂੰ ਫ਼ੈਸਲੇ ਦਾ ਪਤਾ ਲੱਗਾ ਤਾਂ ਉਨ੍ਹਾਂ ਭਗਤ ਸਿੰਘ ਨੂੰ ਕੁਝ ਐਸੇ ਸਵਾਲ ਕੀਤੇ, ਜਿਨ੍ਹਾਂ ਕਰਕੇ ਪਾਰਟੀ ਦੀ ਦੁਬਾਰਾ ਮੀਟਿੰਗ ਬੁਲਾਈ ਗਈ ਅਤੇ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਬੰਬ ਦਾ ਧਮਾਕਾ ਕਰਨ ਦੀ ਡਿਊਟੀ ਲਈ। 8 ਅਪ੍ਰੈਲ, 1929 ਨੂੰ ਅਸੈਂਬਲੀ ਹਾਲ 'ਚ ਬੰਬ ਸੁੱਟਿ ਗਏ।

ਉਸ ਬਹਿਸ ਦੇ ਜਵਾਬ ਵਿਚ ਭਗਤ ਸਿੰਘ ਨੇ ਇਸ ਖ਼ਤ ਸੁਖਦੇਵ ਜੀ ਨੂੰ ਲਿਖਿਆ। ਸ਼ਾਇਦ ਮਾਰਚ 1929 ਦੇ ਅਖ਼ੀਰ ਜਾਂ ਅਪ੍ਰੈਲ ਦੇ ਸ਼ੁਰੂ ਵਿਚ ਲਿਖਿਆ ਗਿਆ ਕਿਉਂਕਿ 15 ਅਪ੍ਰੈਲ, 1929 ਨੂੰ ਸੁਖਦੇਵ ਜੀ ਦੀ ਗ੍ਰਿਫ਼ਤਾਰੀ ਸਮੇਂ ਇਹ ਉਨ੍ਹਾਂ ਪਾਸੋਂ ਪੁਲਿਸ ਨੇ ਪ੍ਰਾਪਤ ਕੀਤਾ ਅਤੇ ਮੁਕੱਦਮੇ ਦੇ ਕਾਗ਼ਜ਼ਾਤ ਦਾ ਹਿੱਸਾ ਬਣ ਗਿਆ। ਇਸੇ ਕਰਕੇ ਇਹ ਅਹਿਮ ਖ਼ਤ ਸਾਡੇ ਤਕ ਪੁੱਜ ਸਕਿਆ।

ਪਿਆਰ ਤੇ ਕੁਰਬਾਨੀ ਜਿਹੇ ਸੂਖਮ ਮਸਲਿਆਂ ਨਵੇਂ ਕਾਰਕੁੰਨਾਂ ਨੂੰ ਪਾਰਟੀ ਵਿਚ ਲੈਣ ਲਈ ਭਰਮ ਸਹਿਤ ਤੇ ਭਵਿੱਖ ਬਾਰੇ ਸਾਫਗੋਈ ਆਦਿ ਕਈ ਵਿਸ਼ਿਆਂ 'ਤੇ ਭਗਤ ਸਿੰਘ ਦੇ ਵਿਚਾਰ ਇਸ ਖ਼ਤ ਤੋਂ ਪਤਾ ਲੱਗਦੇ ਹਨ। ਇਸ ਪੱਖੋਂ ਇਹ ਇਕ ਬਹੁਤ ਹੀ ਅਹਿਮ ਦਸਤਾਵੇਜ਼ ਹੈ।

—ਸੰਪਾਦਕ]

❀ ❀ ❀



Sri Satguru Jagjit Singh Ji Elibrary NamdhariElibrary@gmail.com

## 58. ਸ਼ਹੀਦ ਸੁਖਦੇਵ ਦੇ ਨਾਂ ਚਿੱਠੀ

ਪਿਆਰੇ ਵੀਰ,

ਜਿਉਂ ਹੀ ਤੈਨੂੰ ਇਹ ਚਿੱਠੀ ਮਿਲੇਗੀ, ਮੈਂ ਜਾ ਚੁੱਕਾ ਹੋਵਾਂਗਾ; ਦੂਰ ਮੰਜ਼ਿਲ ਵੱਲ ! ਮੈਂ ਤੈਨੂੰ ਇਹ ਯਕੀਨ ਦੁਆਉਂਦਾ ਹਾਂ ਕਿ ਅੱਜਕਲ ਮੈਂ ਬਹੁਤ ਖ਼ੁਸ਼ ਹਾਂ, ਮੈਂ ਸਫ਼ਰ ਕਰਨ ਲਈ ਤਿਆਰ ਹਾਂ, ਬਾਵਜੂਦ ਸਭਨਾਂ ਮਿੱਠੀਆਂ ਯਾਦਾਂ ਦੇ, ਬਾਵਜੂਦ ਮੇਰੀ ਜ਼ਿੰਦਗੀ ਦੀਆਂ ਸਾਰੀਆਂ ਖ਼ੁਸੀਆਂ ਦੇ ! ਅੱਜ ਤਕ ਮੇਰੇ ਦਿਲ 'ਚ ਇਕ ਗੱਲ ਚੁੱਭਦੀ ਰਹੀ ਸੀ, ਉਹ ਇਹ ਕਿ ਮੇਰੇ ਵੀਰ, ਮੇਰੇ ਆਪਣੇ ਵੀਰ ਨੇ ਮੈਨੂੰ ਗ਼ਲਤ ਸਮਝਿਆ ਅਤੇ ਮੇਰੇ 'ਤੇ ਬਹੁਤ ਗੰਭੀਰ ਦੋਸ਼ ਲਾਇਆ : ਕਮਜ਼ੋਰੀ ਦਾ। ਪਰ ਅੱਜ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਅੱਗੇ ਨਾਲੋਂ ਕਿਤੇ ਵੱਧ ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਉਹ ਗੱਲ ਕੁਝ ਵੀ ਨਹੀਂ ਸੀ, ਗ਼ਲਤ ਫ਼ਹਿਮੀ ਸੀ, ਗ਼ਲਤ ਅੰਦਾਜ਼ਾ ਸੀ। ਮੇਰੀ ਲੋੜੋਂ ਵੱਧ ਨਿੱਝਕਤਾ ਕਰਕੇ ਮੈਨੂੰ ਬੜਬੋਲਾ ਸਮਝਿਆ ਗਿਆ ਅਤੇ ਮੇਰੀ ਭੁੱਲ ਬਖਸ਼ਿੰਦਗੀ ਨੂੰ ਮੇਰੀ ਕਮਜ਼ੋਰੀ। ਪਰ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਗ਼ਲਤ ਫ਼ਹਿਮੀ ਕੋਈ ਗ਼ਲਤ ਫ਼ਹਿਮੀ ਨਹੀਂ, ਮੈਂ ਕਮਜ਼ੋਰ ਨਹੀਂ ਹਾਂ ਆਪਣਿਆਂ ਵਿਚੋਂ ਕਿਸੇ ਨਾਲੋਂ ਵੀ ਕਮਜ਼ੋਰ ਨਹੀਂ।

ਵੀਰ ! ਮੈਂ ਸਾਫ਼ ਦਿਲ ਨਾਲ ਵਿਦਾ ਹੋਵਾਂਗਾ। ਤੇਰੀ ਸ਼ੱਕ ਵੀ ਦੂਰ ਕਰਾਂਗਾ। ਤੇਰੀ ਬਹੁਤ ਦਿਆਲਤਾ ਹੋਵੇਗੀ। ਪਰ ਖ਼ਿਆਲ ਰੱਖੀਂ, ਤੈਨੂੰ ਜਲਦਬਾਜ਼ੀ ਨਾਲ ਕੋਈ ਕਦਮ ਨਹੀਂ ਪੁੱਟਣਾ ਚਾਹੀਦਾ। ਹਲੀਮੀ ਤੇ ਸ਼ਾਂਤੀ ਨਾਲ ਤੂੰ ਕੰਮ ਨੂੰ ਛੋਹੀ ਰੱਖੀਂ। ਜਲਦਬਾਜ਼ੀ ਵਿਚ ਮੌਕਾ ਲੈਣ ਦੀ ਕੋਸ਼ਿਸ਼ ਨਾ ਕਰੀਂ। ਜਨਤਾ ਪ੍ਰਤੀ ਤੇਰਾ ਜੋ ਫਰਜ਼ ਹੈ, ਉਸ ਨੂੰ ਜਾਰੀ ਰੱਖਦਿਆਂ ਸੂਰਮਤਾਈ ਨਾਲ ਨਿਭਾਉਣਾ ਹੋਵੇਗਾ। ਸਲਾਹ ਦੇ ਤੌਰ 'ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਮ.ਆਰ. ਸ਼ਾਸਤਰੀ (ਰਾਜਾ ਰਾਮ ਸ਼ਾਸਤਰੀ ਜਿਸ ਨੂੰ ਮਸਤ ਰਾਮ ਸ਼ਾਸਤਰੀ ਕਹਿ ਕੇ ਬੁਲਾਂਦੇ ਸਨ—ਸੰਪਾਦਕ) ਮੈਨੂੰ ਪਹਿਲਾਂ ਨਾਲੋਂ ਵਧੇਰੇ ਚੰਗਾ ਲੱਗ ਰਿਹਾ ਹੈ, ਮੈਂ ਉਸਨੂੰ ਮੈਦਾਨ ਵਿਚ ਲਿਆਉਣ ਦੀ ਕੋਸ਼ਿਸ਼ ਕਰਾਂਗਾ, ਬਸ਼ਰਤੇ ਕਿ ਉਹ ਆਪਣੇ ਆਪ ਨੂੰ ਸਾਫ਼ਗੋਈ ਨਾਲ ਹਨ੍ਹੇਰੇ ਭਵਿੱਖ ਨੂੰ ਅਰਪਿਤ ਕਰ ਦੇਣ ਲਈ ਰਾਜ਼ੀ ਹੋਵੇ। ਉਹਨੂੰ ਬੰਦਿਆਂ ਨਾਲ ਮਿਲ ਲੈਣ ਦਿਓ ਅਤੇ ਉਨ੍ਹਾਂ ਦੇ ਹਾਵ-ਭਾਵ ਪੜ੍ਹ ਲੈਣ ਦਿਉ। ਜੇ ਉਹ ਠੀਕ ਭਾਵਨਾ ਨਾਲ ਕੰਮ ਕਰੇਗਾ ਤਾਂ ਉਹ ਬਹੁਤ ਲਾਹੇਵੰਦ ਰਹੇਗਾ ਅਤੇ ਬੜਾ ਵੱਡਾ ਕੀਮਤੀ ਸਾਬਤ ਹੋਵੇਗਾ। ਪਰ ਕਾਹਲਿਆਂ ਨਾ ਪੈਣਾ, ਤੂੰ ਹੀ ਚੰਗਾ ਪਾਰਖੂ ਏਂ। ਜਿਸ ਤਰ੍ਹਾਂ ਠੀਕ ਹੋਵੇ, ਇੰਤਜ਼ਾਮ ਕਰ ਲਓ ਅਤੇ ਮੇਰੇ ਵੀਰ ਆ ਆਪਾਂ ਹੁਣ ਬਹੁਤ ਖ਼ੁਸ਼ ਹੋ ਕਿ ਅਲਵਿਦਾ ਲਈਏ।

ਉਂਝ ਹੀ, ਮੈਂ ਆਖ ਸਕਦਾ ਹਾਂ ਕਿ ਬਹਿਸ ਗੋਚਰੇ ਮਾਮਲੇ ਵਿਚ ਮੈਥੋਂ ਆਪਣਾ ਪੱਖ ਪੇਸ਼ ਕਰਨੋਂ ਰਿਹਾ ਨਹੀਂ ਜਾਣਾ। ਮੈਂ ਫਿਰ ਜ਼ੋਰ ਦਿੰਦਾ ਹਾਂ ਕਿ ਮੈਂ ਆਸ ਭਰਪੂਰ ਅਤੇ ਜ਼ਿੰਦਗੀ ਦੀ ਪੂਰੀ ਰੰਗੀਲੀਂ ਨਾਲ ਭਰਿਆ ਪਿਆ ਹਾਂ। ਮੈਂ ਲੋੜ ਵੇਲੇ ਸਭ ਕੁਝ ਕੁਰਬਾਨ ਕਰ ਦੇਵਾਂਗਾ ਅਤੇ ਇਹ ਹੈ ਅਸਲੀ ਕੁਰਬਾਨੀ। ਇਹ ਚੀਜ਼ਾਂ ਮਨੁੱਖ ਦੇ ਰਾਹ ਵਿਚ ਕਦੇ ਵੀ ਰੁਕਾਵਟ ਨਹੀਂ ਬਣ ਸਕਦੀਆਂ, ਬਸ਼ਰਤੇ ਕਿ ਉਹ ਮਰਦ ਹੋਵੇ ! ਨਿਕਟ ਭਵਿੱਖ ਵਿਚ ਹੀ ਤੈਨੂੰ ਪ੍ਰਤੱਖ ਪ੍ਰਮਾਣ ਮਿਲ ਜਾਵੇਗਾ। ਕਿਸੇ ਦੇ ਚਾਲ-ਚਲਣ ਬਾਰੇ ਗੱਲ ਕਰਦਿਆਂ ਤੁਹਾਨੂੰ ਇਕ ਗੱਲ ਪੁੱਛਣੀ ਚਾਹੀਦੀ ਹੈ ਕਿ ਕਦੇ ਪਿਆਰ ਕਿਸੇ ਬੰਦੇ ਲਈ ਮੱਦਦਗਾਰ ਸਾਬਤ ਹੋਇਆ ? ਹਾਂ, ਇਹਦਾ ਜੁਆਬ ਮੈਂ ਅੱਜ ਦਿੰਦਾ ਹਾਂ। ਇਹ ਮੈਜਿਨੀ ਸੀ। ਤੂੰ ਜ਼ਰੂਰ ਪੜ੍ਹਿਆ ਹੋਵੇਗਾ ਕਿ ਆਪਣੀ ਪਹਿਲੀ ਜੁੱਗ-ਗਰਦੀ ਦੀ ਬੁਰੀ ਤਰ੍ਹਾਂ ਅਸਫਲਤਾ ਅਤੇ ਲੱਕਤੋੜ ਹਾਰ ਦਾ ਦੁੱਖ ਅਤੇ ਮੋਏ ਸਾਥੀਆਂ ਦੀ ਯਾਦ, ਇਹ ਸਭ ਕੁਝ ਉਹ ਸਹਾਰ ਨਾ ਸਕਿਆ। ਉਹਨੇ ਪਾਗ਼ਲ ਹੋ ਜਾਣਾ ਸੀ ਜਾਂ ਖ਼ੁਦਕਸ਼ੀ ਕਰ ਲੈਣੀ ਸੀ, ਪਰ ਜਿਸ ਕੁੜੀ ਨੂੰ ਉਹ ਪਿਆਰ ਕਰਦਾ ਸੀਂ, ਉਸਦੀ ਚਿੱਠੀ ਨਾਲ ਉਹ ਕਿਸੇ ਵੀ ਹੋਰ ਵਰਗਾ ਤਕੜਾ ਹੋ ਗਿਆ, ਨਹੀਂ, ਸਗੋਂ ਸਾਰਿਆਂ ਨਾਲੋਂ ਤਕੜਾ।



Sri Satguru Jagjit Singh Ji Elibrary NamdhariElibrary@gmail.com

ਜਿਥੋਂ ਤਕ ਪਿਆਰ ਦੇ ਇਖ਼ਲਾਕੀ ਦਰਜੇ ਦਾ ਸੰਬੰਧ ਹੈ, ਮੈਂ ਇਹ ਆਖ ਸਕਦਾ ਹਾਂ ਕਿ ਇਹ ਆਪਣੇ ਆਪ ਜਜ਼ਬਾਤੀ ਵਹਿਣ ਤੋਂ ਬਿਨਾਂ ਕੁਝ ਵੀ ਨਹੀਂ, ਪਸ਼ੂ-ਬਿਰਤੀ ਨਹੀਂ, ਸਗੋਂ ਬਹੁਤ ਮਿੱਠਾ ਇਨਸਾਨੀ ਜਜ਼ਬਾ ਹੈ। ਪਿਆਰ ਸਦਾ ਮਨੁੱਖ ਦੇ ਕਿਰਦਾਰ ਨੂੰ ਬੁਲੰਦ ਕਰਦਾ ਹੈ। ਇਹ ਕਦੇ ਵੀ ਉਸਨੂੰ ਹੀਣਾ ਨਹੀਂ ਕਰਦਾ, ਬਸ਼ਰਤੇ ਕਿ ਪਿਆਰ-ਪਿਆਰ ਹੀ ਹੋਵੇ। ਤੁਸੀਂ ਕਦੇ ਵੀ ਕੁੜੀਆਂ ਨੂੰ ਝੱਲੀਆਂ ਨਹੀਂ ਆਖ ਸਕਦੇ, ਜਿਵੇਂ ਕਿ ਫ਼ਿਲਮਾਂ 'ਚ ਅਸੀਂ ਦੇਖਿਆ ਕਰਦੇ ਹਾਂ, ਉਹ ਸਦਾ ਪਸ਼ੂ ਬਿਰਤੀਆਂ ਦੇ ਹੱਥਾਂ 'ਚ ਖੇਡਦੀਆਂ ਹਨ। ਸੱਚੀ ਮੁਹੱਬਤ ਕਦੇ ਵੀ ਸਿਰਜੀ ਨਹੀਂ ਜਾ ਸਕਦੀ। ਇਹ ਆਪ ਮੁਹਾਰੀ ਹੈ, ਕੋਈ ਨਹੀਂ ਆਖ ਸਕਦਾ : ਕਦੋਂ। ਇਹ ਕੁਦਰਤੀ ਹੈ। ਅਤੇ ਮੈਂ ਇਹ ਆਖ ਸਕਦਾ ਹਾਂ ਕਿ ਜਵਾਨ ਮਰਦ ਅਤੇ ਜਵਾਨ ਕੁੜੀ ਆਪਸ ਵਿਚ ਪਿਆਰ ਕਰ ਸਕਦੇ ਹਨ ਅਤੇ ਉਹ ਆਪਣੇ ਪਿਆਰ ਸਦਕਾ ਆਪਣੇ ਜਜ਼ਬਿਆਂ ਨੂੰ ਕਾਬੂ ਕਰ ਸਕਦੇ ਹਨ। ਆਪਣੀ ਪਵਿੱਤਰਤਾ ਕਾਇਮ ਰੱਖ ਸਕਦੇ ਹਨ। ਮੈਂ ਇਥੇ ਇਕ ਗੱਲ ਸਾਫ਼ ਕਰਨੀ ਚਾਹੁੰਦਾ ਹਾਂ। ਜਦ ਮੈਂ ਆਖਿਆ ਸੀ ਕਿ ਮੁਹੱਬਤ ਇਨਸਾਨੀ ਕਮਜ਼ੋਰੀ ਹੈ ਤਾਂ ਇਸ ਪੜਾਅ ਦੇ ਕਿਸੇ ਸਾਧਾਰਨ ਬੰਦੇ ਲਈ ਨਹੀਂ ਸੀ ਆਖਿਆ, ਜਿਵੇਂ ਕਿ ਲੋਕ ਆਮ ਤੌਰ 'ਤੇ ਹੁੰਦੇ ਹਨ। ਪਰ ਉਹ ਸਭ ਤੋਂ ਉੱਚਾ ਆਦਰਸ਼ਕ ਪੜਾਅ ਹੋਵੇਗਾ, ਜਦ ਮਨੁੱਖ ਸਾਰੇ ਜਜ਼ਬਿਆਂ-ਪਿਆਰ, ਨਫ਼ਰਤ ਤੇ ਹੋਰਨਾਂ ਜਜ਼ਬਿਆਂ 'ਤੇ ਕਾਬੂ ਪਾ ਲਵੇਗਾ, ਜਦ ਮਨੁੱਖ ਆਪਣੀ ਕਰਨੀ ਦੇ ਆਧਾਰ ਵਜੋਂ ਦਲੀਲ ਨੂੰ ਅਪਨਾਏਗਾ। ਮੁਹੱਬਤ ਨੂੰ ਭੰਡਦਿਆਂ ਮੈਂ ਇਕ ਵਿਅਕਤੀ ਦੀ ਮੁਹੱਬਤ ਨੂੰ ਭੰਡਿਆ ਸੀ ਅਤੇ ਇਹ ਵੀ ਇਕ ਆਦਰਸ਼ਕ ਪੜਾਅ ਹੋਣ ਕਾਰਨ। ਮਨੁੱਖ ਕੋਲ ਮੁਹੱਬਤ ਦਾ ਜ਼ੋਰਦਾਰ ਜਜ਼ਬਾ ਜ਼ਰੂਰ ਹੋਣਾ ਚਾਹੀਦਾ ਹੈ, ਜਿਹੜਾ ਉਸ ਨੂੰ ਇਕ ਜਣੇ ਤਕ ਹੀ ਸੀਮਤ ਨਹੀਂ ਕਰਨਾ ਚਾਹੀਦਾ, ਸਗੋਂ ਸਰਬਸਾਂਝੀ ਬਣਾ ਦੇਣਾ ਚਾਹੀਦਾ। ਮੇਰਾ ਖ਼ਿਆਲ ਹੈ ਕਿ ਮੈਂ ਆਪਣਾ ਪੱਖ ਕਾਫ਼ੀ ਪੂਰ ਲਿਆ। ਇਕ ਗੱਲ ਮੈਂ ਤੈਨੂੰ ਖਾਸ ਤੌਰ 'ਤੇ ਦੱਸਣੀ ਚਾਹੁੰਦਾ ਹਾਂ ਕਿ ਬਾਵਜੂਦ ਗਰਮ ਖ਼ਿਆਲਾਂ ਦੇ, ਅਸੀਂ ਆਰੀਆ ਸਮਾਜੀ ਧਾਰਨਾਂ ਨੂੰ, ਜਦੋਂ ਹੱਦੋਂ ਵੱਧ ਇਖ਼ਲਾਕ ਬਾਰੇ ਹਨ, ਛੱਡ ਨਹੀਂ ਸਕੇ। ਅਸੀਂ ਗਰਮ-ਗਰਮ ਗੱਲਾਂ ਤਾਂ ਕਰ ਸਕਦੇ ਹਾਂ, ਇਹ ਬੜੀ ਸੌਖੀ ਤਰ੍ਹਾਂ ਲੁਕੋਇਆ ਜਾ ਸਕਦਾ ਹੈ, ਪਰ ਅਸਲ ਜ਼ਿੰਦਗੀ 'ਚ ਅਸੀਂ ਝੱਟ ਥਰ-ਥਰ ਕੰਬਣਾ ਸ਼ੁਰੂ ਕਰ ਦਿੰਦੇ ਹਾਂ। ਮੈਂ ਤੈਨੂੰ ਅਰਜ਼ ਕਰਾਂਗਾ ਕਿ ਇਹ ਛੱਡ ਦੇ ਅਤੇ ਕੀ ਮੈਂ ਆਪਣੇ ਮਨ ਵਿਚ ਬਿਨਾਂ ਕਿਸੇ ਗ਼ਲਤ ਅੰਦਾਜ਼ੀ ਤੋਂ ਬੜੀ ਨਿਮਰਤਾ ਨਾਲ ਅਰਜ਼ ਕਰ ਸਕਦਾ ਹਾਂ ਕਿ ਰਤਾ ਕੁ ਆਪਣੇ ਲੋੜੋਂ ਵੱਧ ਵਿਚਾਰਵਾਦ (idealism) ਨੂੰ ਘਟਾ ਦੇ ਅਤੇ ਉਨ੍ਹਾਂ ਵੱਲ ਬੇਰੁਖ਼ੀ ਦਾ ਵਤੀਰਾ ਨਾ ਅਪਨਾ, ਜਿਹੜੇ ਪਿੱਛੇ ਰਹਿਣਗੇ ਅਤੇ ਮੇਰੇ ਵਰਗੀ ਬਿਮਾਰੀ ਦਾ ਸ਼ਿਕਾਰ ਹੋਣਗੇ, ਉਨ੍ਹਾਂ ਨੂੰ ਝਿੜਕ ਕੇ ਉਨ੍ਹਾਂ ਦੇ ਦੁੱਖ-ਤਕਲੀਫ਼ਾਂ ਵਿਚ ਵਾਧਾ ਨਾ ਕਰੀਂ। ਉਨ੍ਹਾਂ ਨੂੰ ਤੇਰੀ ਹਮਦਰਦੀ ਦੀ ਲੋੜ ਹੈ। ਕੀ ਮੈਂ ਇਹ ਆਸ ਰੱਖਾਂ ਕਿ ਤੂੰ ਖਾਸ ਬੰਦੇ ਵੱਲ ਖੁਣਕ ਰੱਖਣ ਤੋਂ ਬਿਨਾਂ ਤੂੰ ਉਨ੍ਹਾਂ ਨਾਲ ਹਮਦਰਦੀ ਕਰੇਂਗਾ, ਜਿਨ੍ਹਾਂ ਨੂੰ ਇਹਦੀ ਬਹੁਤੀ ਲੋੜ ਹੈ। ਪਰ ਤੂੰ ਉਦੋਂ ਤਕ ਇਨ੍ਹਾਂ ਗੱਲਾਂ ਨੂੰ ਸਮਝ ਨਹੀਂ ਸਕਦਾ, ਜਦੋਂ ਤਕ ਕਿ ਤੂੰ ਆਪ ਇਸ ਚੀਜ਼ ਦਾ ਸ਼ਿਕਾਰ ਨਾ ਹੋਵੇਂ।

ਪਰ ਮੈਂ ਇਹ ਸਭ ਕੁਝ ਕਿਉਂ ਲਿਖ ਰਿਹਾ ਹਾਂ? ਮੈਂ ਸਿੱਧੀ ਗੱਲ ਕਹਿਣੀ ਚਾਹੁੰਦੀ ਸਾਂ। ਮੈਂ ਆਪਣਾ ਦਿਲ ਖੋਲ੍ਹ ਦਿੱਤਾ ਹੈ।

ਤੇਰੀ ਹਰ ਸਫਲਤਾ ਅਤੇ ਖ਼ੁਸ਼ ਜ਼ਿੰਦਗੀ ਸਹਿਤ।

ਤੇਰਾ ਭਰਾਵਾਂ ਵਰਗਾ
**ਭਗਤ ਸਿੰਘ**

* * *



Sri Satguru Jagjit Singh Ji Elibrary NamdhariElibrary@gmail.com

## 59. ਹਿੰਦੁਸਤਾਨੀ ਸਮਾਜਵਾਦੀ ਪ੍ਰਜਾਤੰਤਰ ਸੈਨਾ

[8 ਅਪਰੈਲ, 1929 ਨੂੰ ਭਗਤ ਸਿੰਘ ਤੇ ਬੀ.ਕੇ. ਦੱਤ ਤੇ ਦਿੱਲੀ ਅਸੈਂਬਲੀ ਵਿਚ ਬੰਬ ਸੁਟਣ ਬਾਅਦ ਇਹ ਲੀਫਲੈਂਟ ਸਟੇਸ਼ਨ —ਸੰਪਾਦਕ]

"ਬੋਲਿਆਂ ਨੂੰ ਸੁਨਾਣ ਲਈ ਗਰਜ਼ ਦੀ ਲੋੜ ਹੈ" ਇਹ ਅਮਰ ਸ਼ਬਦ ਫ਼ਰਾਂਸ ਦੇ ਇਕ ਬਹਾਦਰ ਅਰਾਜਕਤਾਵਾਦੀ ਸ਼ਹੀਦ ਵੈਲਿੰਨਟ ਨੇ ਇਕ ਇਹੋ ਜਿਹੇ ਮੌਕੇ 'ਤੇ ਹੀ ਆਖੇ ਸਨ। ਇਹਨਾਂ ਹੀ ਸ਼ਬਦਾਂ ਨਾਲ ਅੱਜ ਅਸੀਂ ਆਪਣੇ ਕੰਮ ਦੀ ਪ੍ਰੋੜ੍ਹਤਾ ਕਰਦੇ ਹਾਂ।

ਏਥੇ ਅਸੀਂ ਸੁਧਾਰਾਂ (ਮੌਨਟੇਗੋ-ਚੇਲਮਸਫੋਰਡ ਰੀਫਾਰਮ) ਦੇ ਪਿਛਲੇ ਦਸ ਵਰ੍ਹਿਆਂ ਦੇ ਬੇ-ਇੱਜ਼ਤੀ ਭਰੇ ਇਤਿਹਾਸ ਨੂੰ ਨਹੀਂ ਦੁਹਰਾਵਾਂਗੇ ਤੇ ਨਾ ਹੀ ਇਸ ਸਭਾ ਯਾਨੀ ਅਖੌਤੀ ਪਾਰਲੀਮੈਂਟ ਰਾਹੀਂ ਭਾਰਤੀ ਕੌਮ ਦੇ ਮੱਥੇ ਜੋ ਅਪਮਾਨ ਥੋਪੇ ਗਏ ਹਨ। ਉਨ੍ਹਾਂ ਦਾ ਜ਼ਿਕਰ ਕਰਾਂਗੇ। ਅਸੀਂ ਤਾਂ ਸਿਰਫ ਇਹ ਦੱਸਣਾ ਚਾਹੁੰਦੇ ਹਾਂ ਕਿ ਜਦ ਇਹ ਲੋਕੀਂ ਸਾਈਮਨ ਕਮਿਸ਼ਨ ਤੋਂ ਕੁਝ ਹੋਰ ਸੁਧਾਰਾਂ ਦੀ ਜੂਠ ਦੀ ਆਸ ਕਰ ਰਹੇ ਹਨ ਅਤੇ ਇਹਨਾਂ ਉਡੀਕੀਆਂ ਜਾ ਰਹੀਆਂ ਹੱਡੀਆਂ ਦੀ ਵੰਡ ਲਈ ਆਪਸ ਵਿਚ ਲੜ ਝਗੜ ਵੀ ਰਹੇ ਹਨ, ਉਸ ਸਮੇਂ ਸਰਕਾਰ ਸਾਡੇ ਉੱਤੇ 'ਪਬਲਿਕ ਸੇਫਟੀ ਬਿੱਲ' ਅਤੇ 'ਟਰੇਡ ਡਿਸਪਿਊਟ ਬਿੱਲ' ਜਿਹੇ ਦਮਨਕਾਰੀ ਕਾਨੂੰਨ ਠੋਸ ਰਹੀ ਹੈ ਅਤੇ ਅਖ਼ਬਾਰਾਂ ਰਾਹੀਂ ਰਾਜਦਰੋਹ ਰੋਕਣ ਦਾ ਕਾਨੂੰਨ (ਪ੍ਰੈਸ ਸੇਡੀਸ਼ਨ ਬਿੱਲ) ਨੂੰ ਆਉਣ ਵਾਲੇ ਇਜਲਾਸ ਵਿਚ ਪੇਸ਼ ਕਰਨਾ ਮਿਥਿਆ ਗਿਆ ਹੈ। ਖੁੱਲ੍ਹੇ ਤੌਰ 'ਤੇ ਕੰਮ ਕਰਨ ਵਾਲੇ ਮਜ਼ਦੂਰ ਆਗੂਆਂ ਦੀਆਂ ਅੰਨ੍ਹੇਵਾਹ ਗ੍ਰਿਫ਼ਤਾਰੀਆਂ ਤੋਂ ਸਾਫ਼ ਦਿਸਦਾ ਹੈ ਕਿ ਹਵਾ ਦਾ ਰੁਖ਼ ਕਿੱਧਰ ਹੈ।

ਇਨ੍ਹਾਂ ਬੇਹੱਦ ਭੜਕਾਊ ਹਾਲਤਾਂ ਵਿਚ ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਨੇ ਪੂਰੀ ਸੰਜੀਦਗੀ ਨਾਲ ਅਤੇ ਪੂਰੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੇ ਹੋਏ, ਇਹ ਫੈਸਲਾ ਕੀਤਾ ਹੈ, ਅਤੇ ਆਪਣੀ ਫ਼ੌਜ ਨੂੰ, ਇਹ ਵਿਸ਼ੇਸ਼ ਕੰਮ ਕਰਨ ਦਾ ਹੁਕਮ ਦਿੱਤਾ ਹੈ, ਤਾਂ ਕਿ ਇਸ ਜ਼ਲੀਲ ਕਰਨ ਵਾਲੇ ਸ਼ਕਤੀ ਨੂੰ ਠੱਲ੍ਹ ਪਾਈ ਜਾ ਸਕੇ। ਵਿਦੇਸ਼ੀ ਨੌਕਰਸ਼ਾਹੀ ਦੇ ਲੁਟੇਰੇ ਮਨਮਾਨੀ ਪਏ ਕਰਨ, ਪਰ ਉਹਨਾਂ ਦਾ ਅਸਲ ਰੂਪ ਜਨਤਾ ਸਾਹਮਣੇ ਨੰਗਾ ਕਰਨਾ ਜ਼ਰੂਰੀ ਹੈ।

ਲੋਕਾਂ ਦੀ ਪ੍ਰਤੀਨਿਧ ਆਪਣੇ ਹਲਕਿਆਂ ਨੂੰ ਵਾਪਸ ਚਲੇ ਜਾਣ ਅਤੇ ਜਨਤਾ ਨੂੰ ਆ ਰਹੇ ਇਨਕਲਾਬ ਲਈ ਤਿਆਰ ਕਰਨ। ਸਰਕਾਰ ਵੀ ਸਮਝ ਲਵੇ ਕਿ ਭਾਰਤ ਦੀ ਬੇਵਸ ਜਨਤਾ ਵੱਲੋਂ ਪਬਲਿਕ ਸੇਫਟੀ ਬਿੱਲ, ਟਰੇਡ ਡਿਸਪਿਊਟ ਬਿੱਲ ਅਤੇ ਲਾਲਾ ਲਾਜਪਤ ਰਾਏ ਦੇ ਵਹਿਸ਼ੀਆਨਾ ਕਤਲ ਦੇ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਅਸੀਂ ਇਸ ਇਤਿਹਾਸਕ ਸਬਕ 'ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਤੁਸੀਂ ਵਿਅਕਤੀਆਂ ਨੂੰ ਖ਼ਤਮ ਕਰ ਸਕਦੇ ਹੋ ਪਰ ਵਿਚਾਰਾਂ ਨੂੰ ਨਹੀਂ। ਵਿਸ਼ਾਲ ਸਾਮਰਾਜ ਮਿੱਟੀ ਵਿਚ ਮਿਲ ਗਏ ਪਰ ਵਿਚਾਰ ਕਾਇਮ ਰਹੇ। ਬਰਬਨ (Bourbons) ਤੇ ਜ਼ਾਰ ਢਹਿ ਢੇਰੀ ਹੋ ਗਏ ਅਤੇ ਇਨਕਲਾਬ ਜਿੱਤ ਦੇ ਤਰਾਨੇ ਗਾਉਂਦਾ ਅੱਗੇ ਵੱਧਦਾ ਗਿਆ।

ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਮੰਨਦੇ ਹਾਂ ਅਤੇ ਉਸਦੇ ਸੁਨਹਿਰੀ ਭਵਿੱਖ ਦਾ ਸੁਪਨਾ ਵੇਖਦੇ ਹਾਂ ਜਦੋਂ ਮਨੁੱਖ ਪੂਰਣ ਸ਼ਾਂਤੀ ਤੇ ਆਜ਼ਾਦੀ ਵਿਚ ਵਿਚਰੇਗਾ। ਸਾਨੂੰ ਇਹ ਪਰਵਾਨ ਕਰਦਿਆਂ ਦੁੱਖ ਹੁੰਦਾ ਹੈ ਅਸੀਂ ਇਨਸਾਨੀ ਖ਼ੂਨ ਡੋਲ੍ਹਣ 'ਤੇ ਮਜ਼ਬੂਰ ਕੀਤੇ ਗਏ ਹਾਂ।

ਪਰ ਸਭਨਾਂ ਲਈ ਆਜ਼ਾਦੀ ਲਿਆਉਣ ਵਾਲੇ ਅਤੇ ਮਨੁੱਖ 'ਹੱਥੋਂ' ਮਨੁੱਖ ਦੀ ਲੁੱਟ ਖਸੁੱਟ ਨੂੰ ਜੜੋਂ ਖ਼ਤਮ ਕਰਨ ਵਾਲੇ ਮਹਾਨ ਇਨਕਲਾਬ ਦੀ ਵੇਦੀ ਉਤੇ ਕੁਝ ਵਿਅਕਤੀਆਂ ਦੀ ਬਲੀ ਅਟੱਲ ਹੈ।



Sri Satguru Jagjit Singh Ji Elibrary NamdhariElibrary@gmail.com

ਇਨਕਲਾਬ ਜ਼ਿੰਦਾਬਾਦ

ਦਸਖ਼ਤ
ਬਲਰਾਜ
ਕਮਾਂਡਰ ਇਨ ਚੀਫ
ਹਿ. ਸ. ਪ੍ਰ. ਸ.
8.4.29

* * *

## 60. ਪਿਤਾ ਜੀ ਨੂੰ ਖ਼ਤ

[ਅਸੈਂਬਲੀ ਹਾਲ ਵਿਚ ਬੰਬ ਸੁੱਟਣ ਬਾਅਦ ਇਹ ਖ਼ਤ ਭਗਤ ਸਿੰਘ ਨੇ ਆਪਣੇ ਪਿਤਾ ਜੀ ਨੂੰ ਲਿਖਿਆ। ਜੇਲ੍ਹ ਅੰਦਰ ਵਕਤ ਨੂੰ ਰਚਨਾਤਮਕ ਤੌਰ 'ਤੇ ਇਸਤੇਮਾਲ ਕਰਨ ਲਈ ਕਿਤਾਬਾਂ ਮੰਗਵਾਈਆਂ ਅਤੇ ਦੇਖੋ ਕਿਵੇਂ ਬੇਫ਼ਿਕਰੇ ਸਨ ਉਹ ਨਤੀਜਿਆਂ ਸਬੰਧੀ। ਇਹ ਚਿੱਠੀ ਉਰਦੂ ਵਿਚ ਹੈ ਤੇ ਪਤਾ ਕਿਸ਼ਨ ਸਿੰਘ ਇੰਨਸ਼ੂਰੈਨਸ ਏਜੰਟ, ਮਾਰਫਤ ਕਾਂਗਰਸ ਕਮੇਟੀ, ਬਰੈਡਲ ਹਾਲ ਲਾਹੌਰ ਲਿਖਿਆ ਸੀ। —ਸੰਪਾਦਕ]

ਦਿੱਲੀ ਜੇਲ੍ਹ
26 ਅਪ੍ਰੈਲ, 1929

ਪੂਜਯ ਪਿਤਾ ਜੀ ਮਹਾਰਾਜ,

ਬੰਦੇ ਮਾਤ੍ਰਮ,

ਅਰਜ਼ ਹੈ ਕਿ ਅਸੀਂ ਲੋਗ 22 ਅਪ੍ਰੈਲ ਨੂੰ ਪੁਲਸ ਦੀ ਹਵਾਲਾਤ ਤੋਂ ਦਿੱਲੀ ਜੇਲ੍ਹ ਵਿਚ ਭੇਜ ਦਿਤੇ ਗਏ ਹਾਂ। ਮੁਕਦਮਾ 7 ਮਈ ਨੂੰ ਜੇਲ੍ਹ ਵਿਚ ਹੀ ਸ਼ੁਰੂ ਹੋਵੇਗਾ। ਤਕਰੀਬਨ ਇਕ ਮਹੀਨੇ ਵਿਚ ਸਾਰਾ ਡਰਾਮਾ ਖ਼ਤਮ ਹੋ ਜਾਵੇਗਾ। ਜ਼ਿਆਦਾ ਫ਼ਿਕਰ ਕਰਨ ਦੀ ਜ਼ਰੂਰਤ ਨਹੀਂ। ਮੈਨੂੰ ਮਲੂਮ ਹੋਇਆ ਸੀ ਕਿ ਆਪ ਏਥੇ ਤਸ਼ਰੀਫ਼ ਲਿਆਏ ਸੋ, ਅਤੇ ਕਿਸੇ ਵਕੀਲ ਵਗੈਰਾ ਨਾਲ ਗੱਲਬਾਤ ਕੀਤੀ ਸੀ, ਪਰ ਕੋਈ ਇੰਤਜ਼ਾਮ ਨਹੀਂ ਹੋ ਸਕਿਆ। ਕੱਪੜੇ ਮੈਨੂੰ ਪਰਸੋਂ ਮਿਲ ਗਏ ਸਨ। ਮੁਲਾਕਾਤ, ਹੁਣ ਜਿਸ ਦਿਨ ਤਸ਼ਰੀਫ ਲਿਆਓਗੇ, ਹੋ ਸਕੇਗੀ। ਵਕੀਲ ਵਗੈਰਾ ਦੀ ਕੋਈ ਖਾਸ ਜ਼ਰੂਰਤ ਨਹੀਂ ਹੈ। ਹਾਂ ਦੋ ਇਕ ਨੁਕਤਿਆਂ 'ਤੇ ਥੋੜ੍ਹਾ ਜਿਹਾ ਮਸ਼ਵਰਾ ਲੈਣਾ ਚਾਹੁੰਦਾ ਹਾਂ। ਪਰ ਉਹ ਕੋਈ ਖ਼ਾਸ ਮਹੱਤਤਾ ਨਹੀਂ ਰੱਖਦਾ। ਆਪ ਖਾਹ-ਮਖਾਹ ਜ਼ਿਆਦਾ ਤਕਲੀਫ ਨਾ ਕਰੋ। ਅਗਰ ਆਪ ਮਿਲਣ ਲਈ ਆਓ ਤਾਂ ਇਕੱਲੇ ਹੀ ਆ ਜਾਣਾ। ਬੇਬੇ ਜੀ (ਮਾਂ) ਨੂੰ ਨਾਲ ਨਾ ਲਿਆਣਾ। ਖਾਹਮਖਾਹ ਉਹ ਰੋ ਪੈਣਗੇ ਅਤੇ ਮੈਨੂੰ ਵੀ ਕੁਝ ਤਕਲੀਫ ਜ਼ਰੂਰ ਹੋਵੇਗੀ। ਘਰ ਦੇ ਸਭ ਹਾਲਾਤ ਤਾਂ ਤੁਹਾਨੂੰ ਮਿਲਣ 'ਤੇ ਹੀ ਮਲੂਮ ਹੋ ਜਾਣਗੇ। ਹਾਂ ਅਗਰ ਹੋ ਸਕੇ ਤਾਂ, "ਗੀਤਾ ਰਹਿਸਯ" 'ਨਪੋਲੀਅਨ ਦੀ ਜੀਵਨ ਗਾਥਾ' ਜੋ ਆਪਨੂੰ ਮੇਰੀਆਂ ਕਿਤਾਬਾਂ ਵਿਚੋਂ ਮਿਲ ਜਾਣਗੀਆਂ, ਅੰਗਰੇਜ਼ੀ ਦੇ ਕੁਝ ਵਧੀਆ ਨਾਵਲ ਲਈ ਆਉਣਾ। ਦਵਾਰਕਾ ਦਾਸ ਲਾਇਬ੍ਰੇਰੀ ਵਾਲਿਆਂ ਤੋਂ ਸ਼ਾਇਦ ਕੁਝ ਨਾਵਲ ਮਿਲ ਸਕਣ, ਖ਼ੈਰ ਦੇਖ ਲੈਣਾ। ਬੇਬੇ ਜੀ, ਮਾਮੀ ਜੀ, ਮਾਤਾ ਜੀ (ਦਾਦੀ) ਤੇ ਚਾਚੀ ਜੀ ਦੇ ਚਰਨਾਂ ਵਿਚ ਹੱਥ ਜੋੜ ਕੇ ਨਮਸਤੇ। ਕੁਲਬੀਰ ਸਿੰਘ, ਕੁਲਤਾਰ ਸਿੰਘ ਨੂੰ ਨਮਸਤੇ। ਬਾਪੂ (ਦਾਦਾ) ਜੀ ਦੇ ਚਰਨਾਂ ਵਿਚ ਨਮਸਤੇ ਅਦਾ ਕਰ ਦੇਣਾ। ਇਸ ਵਕਤ ਪੁਲਸ ਹਵਾਲਾਤ ਅਤੇ ਜੇਲ੍ਹ ਵਿਚ ਸਾਡੇ ਨਾਲ ਬਹੁਤ ਚੰਗਾ ਸਲੂਕ ਕਰ ਰਹੀ ਹੈ, ਆਪ ਕਿਸੇ



Sri Satguru Jagjit Singh Ji Elibrary NamdhariElibrary@gmail.com

ਕਿਸਮ ਦਾ ਫ਼ਿਕਰ ਨਾ ਕਰਨਾ। ਮੈਨੂੰ ਆਪ ਦਾ ਅਡਰੈਸ ਮਲੂਮ ਨਹੀਂ, ਇਸ ਲਈ ਇਸ ਪਤੇ 'ਤੇ ਲਿਖ ਰਿਹਾ ਹਾਂ।

ਆਪ ਦਾ ਤਾਬਿਆਦਾਰ,
**ਭਗਤ ਸਿੰਘ,**

* * *

## 61. ਅਸੈਂਬਲੀ ਬੰਬ ਕੇਸ ਵਿਚ ਦਿੱਤੇ ਗਏ ਬਿਆਨ

[ਭਗਤ ਸਿੰਘ ਤੇ ਬੀ.ਕੇ. ਦੱਤ ਨੇ ਅਦਾਲਤ ਨੂੰ ਆਪਣੀ ਪਾਰਟੀ ਦੇ ਵਿਚਾਰਾਂ ਅਤੇ ਭਾਰਤ ਦੇ ਭਵਿੱਖ ਦੀ ਤਸਵੀਰ ਦੇ ਤਸੱਵਰ ਨੂੰ ਪ੍ਰਗਟਾਉਣ ਦਾ ਕੇਂਦਰ ਬਣਾਇਆ। ਅਸੈਂਬਲੀ ਬੰਬ ਕੇਸ ਵਿਚ ਸੈਸ਼ਨ ਅਦਾਲਤ ਵਿਚ ਦਿੱਤੇ ਗਏ ਇਹ ਬਿਆਨ ਉਨ੍ਹਾਂ ਦੀ ਵਿਚਾਰਧਾਰਾ ਦਾ ਇਕ ਬਹੁਤ ਹੀ ਅਹਿਮ ਦਸਤਾਵੇਜ਼ ਹੈ।

ਮਨੁੱਖਤਾ ਦਾ ਪਿਆਰ, ਲੋਕਾਂ ਦੇ ਦਰਿਦਰ ਤੇ ਦੁੱਖ ਹਮੇਸ਼ਾ ਲਈ ਹਰਣ ਦਾ ਇਰਾਦਾ ਅਤੇ ਮਜ਼ਦੂਰ ਜਮਾਤ ਦੇ ਜਮਹੂਰੀ ਹੱਕਾਂ ਦੀ ਰਾਖੀ ਦੀ ਆਵਾਜ਼ ਇਸ ਬਿਆਨ ਵਿਚ ਉਠਾਈ ਗਈ ਹੈ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਹਾਲਾਤਾਂ ਦਾ ਮੁਤਾਲਿਆ ਭਗਤ ਸਿੰਘ ਤੇ ਸਾਥੀਆਂ ਦੀ ਸੋਚਣੀ ਦਾ ਪੱਕਾ ਅੰਗ ਬਣ ਗਿਆ ਸੀ। —ਸੰਪਾਦਕ]

ਸਾਡੇ ਤੇ ਕੁਝ ਸੰਗੀਨ ਇਲਜ਼ਾਮ ਲਗਾਏ ਹਨ ਅਤੇ ਇਸ ਮੌਕੇ 'ਤੇ ਇਹੀ ਠੀਕ ਹੈ ਕਿ ਅਸੀਂ ਆਪਣਾ ਰਵੱਈਆ ਸਪੱਸ਼ਟ ਕਰੀਏ।

ਇਸ ਮਾਮਲੇ ਵਿਚ ਹੇਠਲੇ ਸਵਾਲ ਉਠਦੇ ਹਨ :

1. ਕੀ ਭਵਨ ਦੇ ਅੰਦਰ ਬੰਬ ਸੁੱਟੇ ਗਏ, ਜੇ ਸੁੱਟੇ ਗਏ ਤਾਂ ਕਿਉਂ?
2. ਕੀ ਹੇਠਲੀ ਅਦਾਲਤ ਰਾਹੀਂ ਲਾਏ ਗਏ ਇਲਜ਼ਾਮ ਠੀਕ ਹਨ ਜਾਂ ਨਹੀਂ?

ਪਹਿਲੇ ਸਵਾਲ ਦੇ ਪਹਿਲੇ ਅੱਧ ਦਾ ਜਵਾਬ ਅਸੀਂ ਹਾਂ ਵਿਚ ਦਿੰਦੇ ਹਾਂ। ਪਰ ਕਿਉਂਕਿ ਕੁਝ ਅਖੌਤੀ 'ਮੌਕੇ ਦੇ' ਗਵਾਹਾਂ ਨੇ ਝੂਠੀਆਂ ਗਵਾਹੀਆਂ ਦਿੱਤੀਆਂ ਹਨ, ਤੇ ਕਿਉਂਕਿ ਉਸ ਹੱਦ ਤਕ ਅਸੀਂ ਆਪਣੇ ਕੰਮ ਤੋਂ ਇਨਕਾਰ ਵੀ ਨਹੀਂ ਕਰਦੇ, ਇਸ ਲਈ ਸਾਡੇ ਉਹਨਾਂ ਬਾਰੇ ਬਿਆਨ ਦਾ ਉਸ ਗਹੁ ਨਾਲ ਹੀ ਨਿਰਣਾ ਕੀਤਾ ਜਾਵੇ ਜਿਸਦੇ ਕਿ ਉਹ ਯੋਗ ਹੈ। ਮਿਸਾਲ ਦੇ ਤੌਰ 'ਤੇ ਅਸੀਂ ਦੱਸ ਸਕੀਏ ਕਿ ਸਾਰਜੰਟ ਟੈਰੀ ਦੀ ਇਹ ਗਵਾਹੀ ਕਿ ਉਸ ਨੇ ਸਾਡੇ ਵਿਚੋਂ ਇਕ ਕੋਲੋਂ ਪਸਤੌਲ ਬਰਾਮਦ ਕੀਤਾ ਸੀ, ਇਕ ਗਿਣਿਆ ਮਿਥਿਆ ਝੂਠ ਹੈ। ਕਿਉਂਕਿ ਜਦੋਂ ਅਸੀਂ ਆਪਣੇ ਆਪ ਨੂੰ ਪੇਸ਼ ਕੀਤਾ ਤਾਂ ਸਾਡੇ ਵਿਚੋਂ ਕਿਸੇ ਕੋਲ ਪਸਤੌਲ ਨਹੀਂ ਸੀ। ਦੂਸਰੇ ਗੁਆਹ ਵੀ, ਜਿਨ੍ਹਾਂ ਨੇ ਇਹ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੇ ਸਾਨੂੰ ਬੰਬ ਸੁੱਟਦੇ ਦੇਖਿਆ ਹੈ, ਝੂਠ ਬੋਲਣ ਤੋਂ ਝਿਜਕੇ ਨਹੀਂ। ਇਹ ਤੱਥ ਉਨ੍ਹਾਂ ਲਈ ਇਕ ਸਬਕ ਹੈ ਜਿਨ੍ਹਾਂ ਦਾ ਉਦੇਸ਼ ਅਦਾਲਤੀ ਨਿਆਂ ਤੇ ਇਨਸਾਫ਼ ਹੈ।

ਨਾਲ ਹੀ ਅਸੀਂ ਸਵੀਕਾਰ ਕਰਦੇ ਹਾਂ ਕਿ ਹੁਣ ਤੱਕ ਸਰਕਾਰੀ ਵਕੀਲ ਅਤੇ ਅਦਾਲਤ ਦਾ ਅਮਲ ਸਾਫ ਰਿਹਾ ਹੈ।

### ਵਾਇਸਰਾਏ ਦੇ ਵਿਚਾਰਾਂ ਦੀ ਪਰੌੜਤਾ

ਪਹਿਲੇ ਸਵਾਲ ਦੇ ਅਗਲੇ ਅੱਧ ਦੇ ਜਵਾਬ ਵਿਚ, ਇਹ ਜ਼ਰੂਰੀ ਹੈ ਕਿ ਅਸੀਂ ਹੋਰ ਵਿਸਥਾਰ ਵਿਚ ਜਾਈਏ ਤਾਂ ਕਿ ਮੰਤਵ ਦੇ ਤੇ ਉਨ੍ਹਾਂ ਹਾਲਤਾਂ ਦੀ ਸਹੀ ਤੇ ਪੂਰੀ ਵਿਆਖਿਆ ਕਰ ਸਕੀਏ ਜਿਸ ਕਰਕੇ ਉਹ ਘਟਨਾ ਵਾਪਰੀ ਜਿਹੜੀ ਕਿ ਹੁਣ ਇਕ ਇਤਿਹਾਸਕ ਘਟਨਾ ਬਣ ਚੁੱਕੀ



Sri Satguru Jagjit Singh Ji Elibrary NamdhariElibrary@gmail.com

ਹੈ। ਜੇਲ੍ਹ ਵਿਚ ਸਾਨੂੰ ਮਿਲਣ ਵਾਲੇ ਕੁਝ ਪੁਲਿਸ ਅਧਿਕਾਰੀਆਂ ਨੇ ਦਸਿਆ ਕਿ ਦੋਹਾਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਭਾਸ਼ਣ ਕਰਦੇ ਲਾਰਡ ਇਰਵਨ ਨੇ ਕਿਹਾ ਹੈ ਕਿ ਇਹ ਹਮਲਾ ਕਿਸੇ ਵਿਅਕਤੀ ਦੇ ਵਿਰੁੱਧ ਨਹੀਂ ਹੈ ਸਗੋਂ ਸੰਸਥਾ (ਪ੍ਰਣਾਲੀ) ਦੇ ਵਿਰੁੱਧ ਹੈ। ਅਸੀਂ ਝੱਟ ਸਵੀਕਾਰ ਕਰ ਲਿਆ ਕਿ ਘਟਨਾ ਦੇ ਅਸਲੀ ਮਹੱਤਵ ਦਾ ਠੀਕ ਨਿਰਣਾ ਕੀਤਾ ਗਿਆ ਹੈ।

ਮਨੁੱਖਤਾ ਨੂੰ ਪਿਆਰ ਕਰਨ ਵਿਚ ਅਸੀਂ ਕਿਸੇ ਤੋਂ ਪਿੱਛੇ ਨਹੀਂ ਹਾਂ। ਕਿਸੇ ਇਕ ਵਿਅਕਤੀ ਦੇ ਵਿਰੁੱਧ ਰੋਸ ਰੱਖਣ ਦਾ ਤਾਂ ਸਵਾਲ ਹੀ ਨਹੀਂ, ਸਗੋਂ ਅਸੀਂ ਮਨੁੱਖੀ ਜੀਵਨ ਏਨਾ ਪਵਿੱਤਰ ਮੰਨਦੇ ਹਾਂ ਕਿ ਸ਼ਬਦਾਂ ਰਾਹੀਂ ਦਸਿਆ ਨਹੀਂ ਜਾ ਸਕਦਾ।

ਨਾ ਤਾਂ ਅਸੀਂ ਕਾਇਰਤਾ ਭਰੇ ਦੰਗੇ ਕਰਨ ਵਾਲੇ ਅਪਰਾਧੀ ਹਾਂ ਤੇ ਨਾ ਆਪਣੇ ਦੇਸ਼ ਲਈ ਅਪਮਾਨ ਦੀ ਗੱਲ ਹਾਂ, ਜਿਵੇਂ ਕਿ ਆਪਣੇ ਆਪ ਨੂੰ ਸਮਾਜਵਾਦੀ ਕਹਿਣ ਵਾਲੇ ਚਮਨ ਲਾਲ ਨੇ ਸਾਡੇ ਬਾਰੇ ਕਿਹਾ ਹੈ, ਤੇ ਅਸੀਂ ਸਿਰ ਫਿਰੇ ਵੀ ਨਹੀਂ ਹਾਂ, ਜਿਵੇਂ ਕਿ ਲਾਹੌਰ ਦਾ ਟ੍ਰਿਬਿਊਨ ਅਖਬਾਰ ਤੇ ਕੁਝ ਹੋਰ ਲੋਕ ਸਾਡੇ ਬਾਰੇ ਵਿਸ਼ਵਾਸ ਕਰਦੇ ਹਨ।

## ਅਸਲੀ ਰੋਸ

ਸਾਡਾ ਨਿਮਾਣਾ ਜਿਹਾ ਦਾਅਵਾ ਸਿਰਫ਼ ਇਹ ਹੈ ਕਿ ਅਸੀਂ ਦੇਸ਼ ਦੇ ਇਤਿਹਾਸ, ਇਸ ਦੀਆਂ ਹਾਲਤਾਂ ਤੇ ਅਦਾਰਸ਼ਾਂ ਦੇ ਗੰਭੀਰ, ਮਿਹਨਤੀ ਤੇ ਇਮਾਨਦਾਰ ਵਿਦਿਆਰਥੀ ਹਾਂ ਤੇ ਵਿਖਾਵੇ ਤੋਂ ਸਾਨੂੰ ਨਫ਼ਰਤ ਹੈ। ਸਾਡਾ ਰੋਸ ਉਸ ਅਦਾਰੇ ਦੇ ਖ਼ਿਲਾਫ਼ ਹੈ ਜਿਸ ਨੇ ਨਾ ਸਿਰਫ਼ ਮੁੱਢ ਤੋਂ ਹੀ ਆਪਣੇ ਘਟੀਆ ਹੋਣ ਦਾ ਸਾਫ਼ ਸਬੂਤ ਦਿੱਤਾ ਹੈ, ਸਗੋਂ ਜਿਸਦੀ ਸ਼ੈਤਾਨੀ ਦੀ ਤਾਕਤ ਵੀ ਬੇ-ਹੱਦ ਹੈ। ਜਿੰਨਾ ਵੱਧ ਅਸੀਂ ਸੋਚਿਆ ਹੈ, ਉਨੀਂ ਹੀ ਗਹਿਰਾਈ ਨਾਲ ਅਸੀਂ ਮਹਿਸੂਸ ਕੀਤਾ ਹੈ, ਕਿ ਇਸ ਦਾ (ਅਦਾਰੇ ਦਾ) ਕੰਮ ਸਿਰਫ਼ ਸੰਸਾਰ ਸਾਹਣੇ ਭਾਰਤ ਦੀ ਬੇ-ਵਸੀ ਤੇ ਅਧੀਨਤਾ ਦਾ ਜਲੂਸ ਕੱਢਣਾ ਹੈ, ਅਤੇ ਇਹ ਇਕ ਗ਼ੈਰ ਜ਼ਿੰਮੇਵਾਰ ਤਾਨਾਸ਼ਾਹ ਹਕੂਮਤ ਦੀ ਅਤਿਆਚਾਰੀ ਤਾਕਤ ਦਾ ਚਿੰਨ੍ਹ ਹੈ। ਵਾਰ-ਵਾਰ ਲੋਕਾਂ ਦੇ ਨੁਮਾਇੰਦਿਆਂ ਨੇ ਸਾਡੀ ਕੌਮੀ ਮੰਗ 'ਤੇ ਜ਼ੋਰ ਦਿੱਤਾ ਹੈ ਪਰ ਰੱਦੀ ਦੀ ਟੋਕਰੀ ਦੇ ਸਿਵਾ ਇਸ ਮੰਗ ਨੂੰ ਹੋਰ ਕਈ ਟਿਕਾਣਾ ਨਹੀਂ ਮਿਲਿਆ।

## ਇਹ ਹਮਲਾ ਸੰਸਥਾ 'ਤੇ ਹੈ

ਅਖੌਤੀ ਭਾਰਤੀ ਪਾਰਲੀਮੈਂਟ ਵਿਚ ਹੀ ਸਦਨ ਦੇ ਵਿਧੀਪੂਰਵਕ ਪਾਸ ਕੀਤੇ ਗਏ ਮਤਿਆਂ ਨੂੰ ਨਫ਼ਰਤ ਨਾਲ ਪੈਰਾਂ ਹੇਠ ਕੁਚਲ ਦਿਤਾ ਗਿਆ ਹੈ। ਦਬਾਅ ਅਤੇ ਅਤਿਆਚਾਰੀ ਕਾਨੂੰਨਾਂ ਨੂੰ ਹਟਾਉਣ ਲਈ ਪੇਸ਼ ਕੀਤੇ ਗਏ ਪ੍ਰਸਤਾਵਾਂ ਨਾਲ ਬੜਾ ਘਿਰਣਾ ਭਰਿਆ ਵਤੀਰਾ ਕੀਤਾ ਗਿਆ ਹੈ ਤੇ ਜਿਹਨਾਂ ਬਿੱਲਾਂ ਅਤੇ ਤਜਵੀਜ਼ਾਂ ਨੂੰ ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਅਸਹਿ ਸਮਝ ਕੇ ਨਾ ਮਨਜ਼ੂਰ ਕੀਤਾ ਉਨ੍ਹਾਂ ਨੂੰ ਕਲਮ ਦੇ ਝੱਟਕੇ ਨਾਲ ਫਿਰ ਲਾਗੂ ਕਰ ਦਿੱਤਾ ਗਿਆ। ਮੁਕਦੀ ਗੱਲ ਇਹ ਹੈ ਕਿੰ ਸਾਨੂੰ ਇਸ ਅਦਾਰੇ ਦੀ ਹੋਂਦ ਵਿਚ ਕੋਈ ਯੋਗ ਕਾਰਣ ਨਹੀਂ ਲੱਭਿਆ।

ਇਸ ਅਦਾਰੇ ਦੀ, ਮਿਹਨਤ ਕਰਦੇ ਹੋਏ ਚੂਰ ਭਾਰਤੀ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨਾਲ ਪਾਲੀ ਤੇ ਬਣਾਈ ਸ਼ਾਨੋ-ਸ਼ੌਕਤ ਤੇ ਚਮਕ-ਦਮਕ ਸਿਰਫ਼ ਇਕ ਥੋਥਾ ਵਿਖਾਵਾ ਹੀ ਨਹੀਂ, ਸਗੋਂ ਸ਼ਰਾਰਤ ਭਰਿਆ ਢੌਂਗ ਹੈ। ਇਸ ਤਰ੍ਹਾਂ ਅਸੀਂ ਉਹਨਾਂ ਨੇਤਾਵਾਂ ਦੀ ਮਾਨਸਿਕ ਹਾਲਤ ਨੂੰ ਵੀ ਨਹੀਂ ਸਮਝ ਸਕੇ, ਜਿਹੜੇ ਇਸ ਸ਼ਾਨ ਨਾਲ ਵਿਖਾਈ ਜਾ ਰਹੀ ਭਾਰਤ ਦੀ ਬੇਵਸੀ ਦੀ ਨੁਮਾਇਸ਼ ਲਈ ਜਨਤਾ ਦਾ ਸਮਾਂ ਤੇ ਧਨ ਬਰਬਾਦ ਕਰਨ ਵਿਚ ਸਰਕਾਰ ਦੀ ਮਦਦ ਕਰਦੇ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

## ਮਜ਼ਦੂਰਾਂ ਲਈ ਕੋਈ ਆਸ ਨਹੀਂ

ਅਸੀਂ ਇਸ ਸਭ ਉੱਤੇ ਭਾਰਤੀ ਮਜ਼ਦੂਰ ਨੇਤਾਵਾਂ ਦੀਆਂ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਬਾਰੇ ਮੁੜ ਮੁੜ ਵਿਚਾਰ ਕਰਦੇ ਰਹੇ ਹਾਂ। ਟਰੇਡ ਡਿਸਪਿਊਟਸ ਬਿੱਲ ਪੇਸ਼ ਹੋਣ 'ਤੇ, ਅਸੀਂ ਇਸ ਦੀ ਕਾਰਵਾਈ ਦੇਖਣ ਲਈ ਅਸੈਂਬਲੀ ਵਿਚ ਆਏ ਤਾਂ ਬਹਿਸ ਸੁਣਕੇ ਸਾਡਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਕਿ ਭਾਰਤ ਦੇ ਕਰੋੜਾਂ ਕਿਰਤੀ ਲੋਕਾਂ ਨੂੰ ਇਸ ਸੰਸਥਾ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ ਜੋ ਕਿ ਲੁਟੇਰਿਆਂ ਦੀ ਗੱਲ-ਘੋਟੂ ਤਾਕਤ ਅਤੇ ਬੇਵਸ ਮਜ਼ਦੂਰਾਂ ਦੀ ਗੁਲਾਮੀ ਦਾ ਭਿਆਨਕ ਪ੍ਰਤੀਕ ਹੈ।

ਅੰਤ ਵਿਚ ਸਾਰੇ ਦੇਸ਼ ਦੇ ਲਗਨ ਵਾਲੇ ਨੁਮਾਇੰਦਿਆਂ ਦੀ ਬੇਇੱਜ਼ਤੀ ਕੀਤੀ ਗਈ ਹੈ ਜਿਸ ਨੂੰ ਅਸੀਂ ਵਹਿਸ਼ੀ ਅਤੇ ਗ਼ੈਰ-ਇਨਸਾਨੀ ਸਮਝਦੇ ਹਾਂ। ਸੰਘਰਸ਼ ਕਰਦੇ ਤੇ ਭੁੱਖ ਨਾਲ ਮਰਦੇ ਕਰੋੜਾਂ ਲੋਕਾਂ ਦਾ ਬੁਨਿਆਦੀ ਅਧਿਕਾਰ ਖੋਹ ਲਿਆ ਹੈ ਅਤੇ ਉਨ੍ਹਾਂ ਦੀ ਆਰਥਿਕ ਲੜਾਈ ਦਾ ਇਕੋ-ਇਕ ਰਾਹ ਵੀ ਬੰਦ ਕਰ ਦਿਤਾ ਗਿਆ ਹੈ। ਜਿਸ ਕਿਸੇ ਦੇ ਮਨ ਵਿਚ ਦੁੱਖ ਦੀ ਅੱਗ ਦੇ ਭਾਂਬੜ ਮੱਚਦੇ ਹੋਣ, ਜਿਸ ਕਿਸੇ ਨੂੰ ਅਸਾਂ ਵਾਂਗੂੰ ਡੰਗਰਾਂ ਵਾਂਗ ਹੱਕੇ ਜਾ ਰਹੇ, ਹੱਡ ਤੋੜਵੀਂ ਮਿਹਨਤ ਕਰਦੇ ਭਾਰਤੀ ਮਜ਼ਦੂਰਾਂ ਦੀ ਮਜਬੂਰੀ, ਭੁੱਖ, ਦੁੱਖ ਦੇ ਮਾੜੇ ਹਾਲ ਦਾ ਅਹਿਸਾਸ ਹੁੰਦਾ ਹੈ। ਦਿਲ ਨੂੰ ਘੁੱਟਕੇ ਧੀਰਜ ਨਾਲ ਇਹ ਨਜ਼ਾਰਾ ਉਸ ਲਈ ਦੇਖਣਾ ਸੰਭਵ ਨਹੀਂ ਹੈ। ਜਿਨ੍ਹਾਂ ਇਸ ਸਮਾਜ ਦੇ ਆਰਥਕ ਢਾਂਚੇ ਦੇ ਨਿਰਮਾਣ ਲਈ ਖਾਮੋਸ਼ੀ ਨਾਲ ਆਪਣਾ ਲਹੂ ਪਾਇਆ ਹੈ ਉਨ੍ਹਾਂ ਦਾ ਮੰਦਾ ਹਾਲ ਤੇ ਬਾਂਕੇ ਦਿਹਾੜੇ ਦੇਖ ਕੇ ਜ਼ਾਲਮ ਸੱਟ ਨਾਲ ਸਾਡੇ ਦਿਲਾਂ ਵਿਚੋਂ ਉੱਠਣ ਵਾਲੀ ਚੀਕ ਨੂੰ ਰੋਕਿਆ ਨਹੀਂ ਜਾ ਸਕਦਾ।

## ਬੰਬ ਦੀ ਜ਼ਰੂਰਤ

ਇਸ ਦੇ ਫ਼ਲਸਰੂਪ, ਅਸੀਂ ਸਵਰਗੀ ਸ੍ਰੀ ਸੀ.ਆਰ. ਦਾਸ, ਜਿਹੜੇ ਕਿ ਇਕ ਸਮੇਂ ਵੱਡੇ ਲਾਟ (ਗਵਰਨਰ ਜਨਰਲ) ਦੀ ਕਾਰਜਕਰਨੀ ਕੌਂਸਲ ਦੇ ਕਾਨੂੰਨੀ ਮੈਂਬਰ ਸਨ, ਉਨ੍ਹਾਂ ਸ਼ਬਦਾਂ ਨੂੰ ਮਨ ਵਿਚ ਰਖਿਆ ਜਿਹੜੇ ਉਨ੍ਹਾਂ ਆਪਣੇ ਪੁੱਤਰ ਦੇ ਨਾਂ ਇਕ ਮਸ਼ਹੂਰ ਖ਼ਤ ਵਿਚ ਲਿਖੇ ਸਨ। ਜਿਨ੍ਹਾਂ ਦਾ ਭਾਵ ਸੀ ਕਿ ਇੰਗਲੈਂਡ ਨੂੰ ਸੁਪਨਿਆਂ ਤੋਂ ਜਗਾਉਣ ਲਈ ਇਕ ਬੰਬ ਦੀ ਲੋੜ ਹੈ। ਉਹਨਾਂ ਲੋਕਾਂ, ਜਿਨ੍ਹਾਂ ਕੋਲ ਆਪਣੇ ਦਿਲ-ਚੀਰਵੀਂ ਪੀੜ ਦੱਸਣ ਦੀ ਕੋਈ ਰਾਹ ਨਹੀਂ ਸੀ, ਵੱਲੋਂ ਰੋਸ ਪ੍ਰਗਟ ਕਰਨ ਲਈ ਅਸੀਂ ਅਸੈਂਬਲੀ ਭਵਨ ਵਿਚ ਬੰਬ ਸੁੱਟੇ ਸਨ। ਸਾਡਾ ਉਦੇਸ਼ ਬੋਲਿਆਂ ਨੂੰ ਸੁਣਾਉਣਾ ਤੇ ਬੇਧਿਆਨਿਆਂ ਨੂੰ ਠੀਕ ਸਮੇਂ ਚੇਤਾਵਨੀ ਦੇਣਾ ਸੀ। ਬਾਕੀ ਸਾਰੇ ਭਾਰਤੀਆਂ ਨੇ ਵੀ ਸਾਡੇ ਵਾਂਗ ਬੇਚੈਨੀ ਨਾਲ ਇਸ ਨੂੰ ਮਹਿਸੂਸ ਕੀਤਾ ਹੈ। ਸੋ ਅਸਲ ਵਿਚ ਉਤੋਂ ਸ਼ਾਂਤ ਜਾਪਦੇ ਭਾਰਤੀ ਮਨੁੱਖਤਾ ਦੇ ਸਮੁੰਦਰ ਅੰਦਰ ਇਕ ਤੂਫਾਨ ਉੱਠਣ ਵਾਲਾ ਹੈ। ਅੱਗੇ ਆਉਣ ਵਾਲੇ ਭਿਆਨਕ ਖ਼ਤਰਿਆਂ ਦਾ ਅਹਿਸਾਸ ਕੀਤੇ ਬਗ਼ੈਰ ਜਿਹੜੇ ਲੋਕ ਅੱਗੇ ਨੂੰ ਦੌੜੇ ਜਾ ਰਹੇ ਹਨ। ਅਸੀਂ ਤਾਂ ਸਿਰਫ਼ ਕਲਪਨਾ ਲੋਕ ਵਿਚ ਵਸਦੀ ਅਹਿੰਸਾ ਦੇ ਦੌਰ ਦੇ ਅੰਤ ਦਾ ਐਲਾਨ ਕੀਤਾ ਹੈ। ਨਵੀਂ ਪੀੜ੍ਹੀ ਨੂੰ ਅਹਿੰਸਾ ਦੇ ਖੋਖਲੇ-ਪਨ ਦਾ ਇਨਾ ਵਿਸ਼ਵਾਸ ਹੋ ਚੁੱਕਾ ਹੈ ਕਿ ਉਨ੍ਹਾਂ ਨੂੰ ਹੁਣ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਹੈ।

## ਆਦਰਸ਼ ਦੀ ਵਿਆਖਿਆ

ਅਸੀਂ ਉਪਰਲੇ ਪਹਿਰੇ ਵਿਚ 'ਕਲਪਨਾ ਲੋਕ ਵਿਚ ਵਸਦੀ ਅਹਿੰਸਾ' ਦਾ ਸ਼ਬਦ ਵਰਤਿਆ ਹੈ ਜਿਸ ਲਈ ਕੁਝ ਵਿਆਖਿਆ ਦੀ ਜ਼ਰੂਰਤ ਹੈ। ਹਮਲੇ ਲਈ ਵਰਤੀ ਗਈ ਤਾਕਤ ਹਿੰਸਾ ਹੈ ਅਤੇ ਇਸ ਕਰਕੇ ਨੈਤਿਕ ਪੱਖੋਂ ਨਿੰਦਣਯੋਗ ਹੈ। ਪਰ ਇਕ ਉਚਿਤ ਆਦਰਸ਼ ਨੂੰ ਅੱਗੇ ਵਧਾਉਣ ਲਈ ਤਾਕਤ ਨੂੰ ਵਰਤਿਆ ਜਾਵੇ ਤੇ ਇਸ ਦਾ ਸਦਾਚਾਰਕ ਪੱਖ ਵੀ ਹੁੰਦਾ ਹੈ। ਹਰ



Sri Satguru Jagjit Singh Ji Elibrary NamdhariElibrary@gmail.com

ਹਾਲਤ ਵਿਚ ਹਿੰਸਾ ਨੂੰ ਤਿਆਗ ਦੇਣਾ ਸ਼ੇਖ-ਚਿਲੀ ਦੇ ਸੁਪਨੇ ਵਾਂਗ ਹੈ। ਦੇਸ਼ ਵਿਚ ਨਵੀਂ ਉੱਠੀ ਲਹਿਰ ਜਿਸ ਦੇ ਉਭਾਰ ਦੀ ਅਸੀਂ ਚੇਤਾਵਨੀ ਦਿੱਤੀ ਹੈ, ਦੀ ਪ੍ਰੇਰਣਾ ਦਾ ਸੋਮਾ ਉਹੋ ਆਦਰਸ਼ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲਪਾਸ਼ਾ, ਰਜਾ ਸ਼ਾਹ ਪਹਿਲਵੀ, ਵਾਸ਼ਿੰਗਟਨ, ਗੇਰੀਬਾਲਡੀ, ਲਫਤੇ ਤੇ ਲੈਨਿਨ ਦਾ ਰਾਹ ਰੁਸ਼ਨਾਇਆ ਹੈ ਕਿਉਂਕਿ ਇੰਜ ਜਾਪਦਾ ਸੀ ਕਿ ਵਿਦੇਸ਼ੀ ਸਰਕਾਰ ਅਤੇ ਭਾਰਤੀ ਜਨ-ਨੇਤਾ ਦੋਵੇਂ ਹੀ ਇਸ ਨਵੀਂ ਲਹਿਰ ਵੱਲੋਂ ਅੱਖਾਂ ਮੀਟੀ ਬੈਠੇ ਹਨ। ਸੋ ਅਸੀਂ ਆਪਣਾ ਇਹ ਕਰਤੱਵ ਮਹਿਸੂਸ ਕੀਤਾ ਕਿ ਇਕ ਇਹੋ ਜਿਹੇ ਥਾਂ ਤੋਂ ਚੇਤਾਵਨੀ ਦਿੱਤੀ ਜਾਵੇ ਜਿੱਥੋਂ ਕਿ ਉਹ ਅਣਸੁਣੀ ਨਾ ਕੀਤੀ ਜਾ ਸਕੇ। ਹੁਣ ਤਕ ਤਾਂ ਅਸੀਂ ਵਿਚਾਰ ਅਧੀਨ ਘਟਨਾ ਦੇ ਉਦੇਸ਼ ਬਾਰੇ ਹੀ ਗੱਲ ਕੀਤੀ ਹੈ ਅਤੇ ਹੁਣ ਆਪਣੇ ਇਰਾਦੇ ਦੀ ਚੋਣ ਬਾਰੇ ਵੀ ਕੁਝ ਕਹਿਣਾ ਜ਼ਰੂਰੀ ਹੈ।

## ਕੋਈ ਜਾਤ ਵੈਰ ਨਹੀਂ

ਜਿਨ੍ਹਾਂ ਨੂੰ ਥੋੜ੍ਹੀਆਂ ਬਹੁਤ ਸੱਟਾਂ ਲੱਗੀਆਂ ਵੀ ਹਨ, ਉਨ੍ਹਾਂ ਨਾਲ ਸਾਡਾ ਕੋਈ ਜਾਤੀ ਵੈਰ ਭਾਵ ਨਹੀਂ ਸੀ ਤੇ ਨਾ ਹੀ ਅਸੈਂਬਲੀ ਵਿਚ ਹਾਜ਼ਰ ਕਿਸੇ ਹੋਰ ਵਿਰੁੱਧ ਸਾਨੂੰ ਰੋਸ ਸੀ। ਇਹ ਦੁਬਾਰਾ ਕਹਿਣ ਦੀ ਲੋੜ ਨਹੀਂ ਹੈ। ਇਸ ਦੇ ਉਲਟ ਅਸੀਂ ਫਿਰ ਦੁਹਰਾਂਦੇ ਹਾਂ ਕਿ ਮਨੁੱਖੀ ਜੀਵਨ ਸਾਡੇ ਲਈ ਏਨਾ ਪਵਿੱਤਰ ਹੈ ਕਿ ਸ਼ਬਦਾਂ ਰਾਹੀਂ ਦਸਿਆ ਨਹੀਂ ਜਾ ਸਕਦਾ। ਸਗੋਂ ਕਿਸੇ ਹੋਰ ਨੂੰ ਜ਼ਖਮੀ ਕਰਨ ਦੀ ਬਜਾਏ, ਛੇਤੀ ਹੀ ਅਸੀਂ ਆਪਣੀਆਂ ਜ਼ਿੰਦਗੀਆਂ ਮਨੁੱਖਤਾ ਲਈ ਕੁਰਬਾਨ ਕਰ ਦਿਆਂਗੇ। ਅਸੀਂ ਸਾਮਰਾਜੀ ਫ਼ੌਜਾਂ ਦੇ ਭਾੜੇ ਦੇ ਸਿਪਾਹੀਆਂ ਵਾਂਗ ਨਹੀਂ ਹਾਂ ਜਿਹਨਾਂ ਨੂੰ ਕਿ ਬਿਨਾਂ ਪਛਤਾਵੇ ਦੇ ਕਤਲ ਕਰਨ ਦੀ ਜਾਂਚ ਸਿਖਾਈ ਜਾਂਦੀ ਹੈ। ਅਸੀਂ ਮਨੁੱਖੀ ਜੀਵਨ ਦਾ ਸਤਿਕਾਰ ਕਰਦੇ ਹਾਂ ਅਤੇ ਜਿਥੇ ਤਕ ਹੋ ਸਕੇ ਇਸ ਨੂੰ ਬਚਾਉਣ ਦਾ ਯਤਨ ਕਰਦੇ ਹਾਂ। ਫਿਰ ਵੀ ਅਸੀਂ ਪਰਵਾਨ ਕਰਦੇ ਹਾਂ ਕਿ ਅਸਾਂ ਸੋਚ ਸਮਝ ਕੇ ਅਸੈਂਬਲੀ ਭਵਨ ਵਿਚ ਬੰਬ ਸੁਟੇ। ਸੱਚ ਆਪਣੀ ਵਿਆਖਿਆ ਆਪ ਕਰਦਾ ਹੈ। ਕਲਪਨਾਤਮਕ ਹਾਲਾਤਾਂ ਅਤੇ ਪੂਰਵ-ਧਾਰਨਾਵਾਂ ਦਾ ਸਹਾਰਾ ਲਏ ਬਗ਼ੈਰ, ਸਿਰਫ ਸਾਡੇ ਕੰਮ ਦੇ ਨਤੀਜੇ ਤੋਂ ਹੀ ਕੰਮ ਦਾ ਨਿਰਣਾ ਕਰਨਾ ਚਾਹੀਦਾ ਹੈ।

## ਕੋਈ ਅਜੂਬਾ ਨਹੀਂ

ਸਰਕਾਰੀ ਗਵਾਹੀ ਦੇ ਗ਼ਲਤ ਬਿਆਨ ਦੇ ਬਾਵਜੂਦ ਅਸੈਂਬਲੀ ਵਿਚ ਸੁਟੇ ਬੰਬਾਂ ਨਾਲ ਸਿਰਫ ਇਕ ਸਰਕਾਰੀ ਬੈਂਚ ਦਾ ਥੋੜ੍ਹਾ ਜਿਹਾ ਨੁਕਸਾਨ ਹੋਇਆ ਹੈ ਅਤੇ ਅੱਧੀ ਦਰਜਨ ਤੋਂ ਵੀ ਘੱਟ ਲੋਕਾਂ ਨੂੰ ਥੋੜ੍ਹੀਆਂ ਬਹੁਤ ਝਰੀਟਾਂ ਆਈਆਂ ਹਨ। ਜਦ ਕਿ ਸਰਕਾਰੀ ਸਾਇੰਸਦਾਨਾਂ ਤੇ ਮਾਹਰਾਂ ਨੇ ਇਸ ਨਤੀਜੇ ਨੂੰ ਇਕ ਅਜੂਬੇ ਦਾ ਨਾਂ ਦਿੱਤਾ ਹੈ, ਪਰ ਸਾਡੇ ਲਈ ਤਾਂ ਇਹ ਸਿੱਧਾ ਜਿਹਾ ਵਿਗਿਆਨਕ ਨਤੀਜਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਦੋਵੇਂ ਬੰਬ, ਡੈਸਕ ਤੇ ਬੈਂਚਾਂ ਦੀ ਲਕੜੀ ਦੀ ਰੁਕਾਵਟ ਵਿਚਕਾਰ ਖਾਲੀ ਥਾਂ ਤੇ ਫਟੇ ਦੂਜੀ ਗੱਲ ਇਹ ਹੈ ਕਿ ਬੰਬ ਫਟਣ ਦੀ ਥਾਂ ਤੋਂ ਦੋ ਫੁਟ ਦੇ ਘੇਰੇ ਵਿਚ ਬੈਠੇ ਹੋਏ ਆਦਮੀਆਂ ਨੂੰ, ਜਿਨ੍ਹਾਂ ਵਿਚ ਕਿ ਪੀ.ਆਰ. ਰਾਓ, ਮਿਸਟਰ ਸ਼ੰਕਰ ਅਤੇ ਸਰ ਜਾਰਜ ਸ਼ੁਸ਼ਟਰ ਵੀ ਸ਼ਾਮਲ ਹਨ, ਜਾਂ ਤਾਂ ਬਿਲਕੁਲ ਫੱਟੜ ਨਹੀਂ ਹੋਏ ਅਤੇ ਜਾਂ ਉਨ੍ਹਾਂ ਨੂੰ ਮਾਮੂਲੀ ਝਰੀਟਾਂ ਆਈਆਂ।

ਜੇ ਬੰਬ ਉਸੇ ਤਾਕਤ ਦੇ ਹੁੰਦੇ ਜਿੰਨੀ ਕਿ ਸਰਕਾਰੀ ਮਾਹਰਾਂ ਨੇ ਦੱਸੀ ਹੈ (ਭਾਵੇਂ ਉਸਦਾ ਲੇਖਾ ਖਿਆਲੀ ਤੇ ਵਧਾ ਚੜ੍ਹਾ ਕੇ ਦਿੱਤਾ ਹੈ) ਅਤੇ ਜੇ ਉਨ੍ਹਾਂ ਵਿਚ ਜ਼ੋਰਦਾਰ ਪੋਟਾਸ਼ੀਅਮ ਕਲੋਰੇਟ ਅਤੇ ਪਿਕਰਿਕ ਦਾ ਤੇਜ਼ਾਬ ਭਰਿਆ ਹੁੰਦਾ ਤਾਂ ਲੱਕੜੀ ਦੀ ਰੁਕਾਵਟ ਤੋੜ ਕੇ ਉਹ ਬੰਬ ਕਈ ਗਜ਼ਾਂ ਤਕ ਖੜ੍ਹੇ ਲੋਕਾਂ ਨੂੰ ਉਡਾ ਦਿੰਦੇ ਅਤੇ ਜੇ ਉਹ ਕਿਸੇ ਹੋਰ ਵਿਸਫੋਟਕ ਪਦਾਰਥ ਨਾਲ



Sri Satguru Jagjit Singh Ji Elibrary NamdhariElibrary@gmail.com

ਭਰੇ ਹੁੰਦੇ ਅਤੇ ਨਾਲ ਹੀ ਉਨ੍ਹਾਂ ਵਿਚ ਘਾਤਕ ਗੋਲੀਆਂ ਅਤੇ ਟੁਕੜੇ ਵੀ ਰੱਖੇ ਜਾਂਦੇ ਤਾਂ ਉਹ ਵਿਧਾਨ ਸਭਾ ਦੇ ਬਹੁਤੇ ਮੈਂਬਰਾਂ ਨੂੰ ਉਡਾਣ ਲਈ ਕਾਫੀ ਹੁੰਦੇ। ਇਹ ਹੀ ਨਹੀਂ ਜੋ ਅਸੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਸਰਕਾਰੀ ਪਾਸੇ ਵੱਲ ਵੀ ਸੁਟ ਸਕਦੇ ਸਾਂ ਜਿੱਥੇ ਕਿ ਕੁਝ ਉਘੇ ਵਿਅਕਤੀ ਵੀ ਬੈਠੇ ਹੋਏ ਸਨ।

ਅਤੇ ਅੰਤ ਵਿਚ, ਅਸੀਂ ਸਰ-ਜਾਨ ਸਾਈਮਨ ਨੂੰ ਵੀ ਨਿਸ਼ਾਨਾ ਬਣਾ ਸਕਦੇ ਸਾਂ ਜਿਸ ਦੇ ਅਭਾਗੇ ਕਮਿਸ਼ਨ ਨੂੰ ਸਾਰੇ ਜ਼ੁੰਮੇਵਾਰ ਲੋਕਾਂ ਨੇ ਘ੍ਰਿਣਾ ਕੀਤੀ ਸੀ ਅਤੇ ਜਿਹੜਾ ਉਸ ਵੇਲੇ ਪ੍ਰਧਾਨ ਦੀ ਗੈਲਰੀ ਵਿਚ ਬੈਠਾ ਸੀ ਪਰ ਇਹ ਸਭ ਸਾਡੇ ਇਰਾਦੇ ਤੋਂ ਬਾਹਰ ਦੀਆਂ ਗੱਲਾਂ ਸਨ ਅਤੇ ਬੰਬਾਂ ਨੇ ਉਸ ਤੋਂ ਵੱਧ ਕੁਝ ਨਹੀਂ ਕੀਤਾ ਜਿਸ ਲਈ ਕਿ ਉਨ੍ਹਾਂ ਨੂੰ ਤਿਆਰ ਕੀਤਾ ਗਿਆ ਸੀ। ਜੇ ਕੋਈ ਅਜੂਬਾ ਹੈ ਤਾਂ ਕੇਵਲ ਇਹੋ ਕਿ ਉਹ ਮਿਥੇ ਹੋਏ ਨਿਸ਼ਾਨੇ ਉਤੇ ਭਾਵ ਸੁਰੱਖਿਅਤ ਥਾਂ ਉਤੇ ਡਿੱਗੇ।

## ਇਕ ਇਤਿਹਾਸਕ ਸ਼ਬਦ

ਫੇਰ ਅਸੀਂ ਜਾਣ ਬੁਝ ਕੇ ਆਪਣੇ ਆਪ ਨੂੰ ਆਪਣੇ ਕੀਤੇ ਕੰਮ ਦੀ ਸਜ਼ਾ ਭੁਗਤਣ ਲਈ ਇਸੇ ਕਰਕੇ ਪੇਸ਼ ਕੀਤਾ ਹੈ ਕਿ ਸਾਮਰਾਜਵਾਦੀ ਲੁਟੇਰਿਆਂ ਨੂੰ ਇਹ ਚਾਨਣਾ ਹੋ ਜਾਵੇ ਕਿ ਵਿਅਕਤੀਆਂ ਦਾ ਨਾਸ਼ ਕਰਕੇ ਉਹ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਦੋ ਨਿਗੂਣੀਆਂ ਜਿੰਦਾ ਦਾ ਅੰਤ ਕਰਕੇ ਇਕ ਕੌਮ ਨੂੰ ਕੁਚਲਿਆ ਨਹੀਂ ਜਾ ਸਕਦਾ। ਅਸੀਂ ਇਸ ਇਤਿਹਾਸਕ ਸ਼ਬਦ ਉਤੇ ਜ਼ੋਰ ਦੇਣਾ ਚਾਹੁੰਦੇ ਸਾਂ ਕਿ ਪਛਾਣ ਪੱਤਰ (Letter-De-catcet) ਅਤੇ ਬੇਸਟਾਈਲ (Bastiles) ਦੀਆਂ ਜੇਲ੍ਹਾਂ ਵੀ ਫਰਾਂਸ ਦੀ ਇਨਕਲਾਬੀ ਲਹਿਰ ਨੂੰ ਕੁਚਲ ਨਾ ਸਕੀਆਂ। ਫਾਂਸੀ ਦੇ ਫੰਦੇ ਅਤੇ ਸਾਈਬੇਰੀਆ ਦੀਆਂ ਖਾਨਾਂ ਰੂਸੀ ਇਨਕਲਾਬ ਦੀ ਅੱਗ ਨੂੰ ਮੱਠਾ ਨਾ ਪਾ ਸਕੀਆਂ। ਖ਼ੂਨੀ ਐਤਵਾਰ ਤੇ ਕਾਲੇ ਅਤੇ ਟੇਨਜ਼ (ਇਕ ਜ਼ਾਲਮ ਫ਼ੌਜ ਜਿਹੜੀ ਕਿ ਬਹੁਤ ਅਤਿਆਚਾਰੀ ਸੀ) ਆਇਰਲੈਂਡ ਦੀ ਆਜ਼ਾਦੀ ਦੀ ਲਹਿਰ ਦਾ ਗਲਾ ਘੁੱਟਣ ਵਿਚ ਅਸਫਲ ਰਹੇ ਹਨ। ਤਾਂ ਕੀ ਵਿਸ਼ੇਸ਼ ਕਾਨੂੰਨ (Ordinance) ਅਤੇ ਸੁਰੱਖਿਆ ਬਿੱਲ ਭਾਰਤ ਵਿਚ ਆਜ਼ਾਦੀ ਦੀ ਜੋਤ ਨੂੰ ਬੁਝਾ ਸਕਣਗੇ ? ਸਾਜ਼ਸ਼ਾਂ ਘੜਕੇ ਜਾਂ ਉਹਨਾਂ ਦਾ ਪਤਾ ਲਗਾ ਕੇ ਅਤੇ ਉਚੇ ਆਦਰਸ਼ਾਂ ਦਾ ਸੁਪਨਾ ਲੈਣ ਵਾਲੇ ਸਾਰੇ ਨੌਜਵਾਨਾਂ ਨੂੰ ਜੇਲ੍ਹ ਵਿਚ ਡੱਕ ਕੇ ਇਨਕਲਾਬ ਦੀ ਤੋਰ ਨੂੰ ਠੱਲ੍ਹਿਆ ਨਹੀਂ ਜਾ ਸਕਦਾ। ਪਰ ਵੇਲੇ ਸਿਰ ਦਿੱਤੀ ਚੇਤਾਵਨੀ ਨਾਲ, ਜੇ ਅਣਸੁਣੀ ਨਾ ਕੀਤੀ ਜਾਵੇ, ਤਾਂ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਕਈ ਸੰਕਟਾਂ ਤੋਂ ਬਚਾ ਹੋ ਸਕਦਾ ਹੈ। ਸਾਵਧਾਨ ਕਰਨ ਦਾ ਇਹ ਕੰਮ ਅਸਾਂ ਆਪਣੇ ਜ਼ੁੰਮੇ ਲਿਆ ਸੀ ਅਤੇ ਸਾਡਾ ਕਰਤੱਵ ਪੂਰਾ ਹੋ ਗਿਆ ਹੈ।

## ਕਰਾਂਤੀ ਕੀ ਹੈ ?

ਹੇਠਲੀ ਕਚਹਿਰੀ ਵਿਚ ਸਾਥੋਂ ਪੁਛਿਆ ਗਿਆ ਸੀ ਕਿ ਸਾਡਾ ਇਨਕਲਾਬ ਤੋਂ ਹੀ ਭਾਵ ਹੈ, ਇਸ ਸਵਾਲ ਦੇ ਜਵਾਬ ਵਿਚ ਮੈਂ ਆਖਾਂਗਾ ਕਿ ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਿਸਤੌਲ ਦਾ ਫਿਰਕਾ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉੱਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।

ਮਜ਼ਦੂਰ ਭਾਵੇਂ ਸੰਸਾਰ ਦਾ ਸਭ ਤੋਂ ਜ਼ਰੂਰੀ ਅੰਗ ਹਨ ਫਿਰ ਵੀ ਲੁਟੇਰੇ ਉਨ੍ਹਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਹੜੱਪ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਹਨਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝਿਆਂ ਰੱਖਦੇ ਹਨ। ਦੂਜਿਆਂ ਲਈ ਅੰਨ ਪੈਦਾ ਕਰਨ ਵਾਲਾ ਕਿਸਾਨ ਆਪਣੇ ਪਰਿਵਾਰ ਸਮੇਤ ਦਾਣੇ



Sri Satguru Jagjit Singh Ji Elibrary NamdhariElibrary@gmail.com

ਨੂੰ ਸਹਿਕਦਾ ਹੈ। ਕੱਪੜਾ ਬੁਣਨ ਵਾਲਾ, ਜਿਹੜਾ ਸਾਰੇ ਸੰਸਾਰ ਦੀਆਂ ਮੰਡੀਆਂ ਲਈ ਕੱਪੜਾ ਤਿਆਰ ਕਰਦਾ ਹੈ, ਉਹ ਆਪਣਾ ਤੇ ਆਪਣੇ ਬੱਚਿਆਂ ਦਾ ਜਿਸਮ ਵੀ ਨਹੀਂ ਢਕ ਸਕਦਾ। ਰਾਜ, ਲੁਹਾਰ ਤੇ ਤਰਖਾਣ, ਜਿਹੜੇ ਸ਼ਾਨਦਾਰ ਮਹੱਲ ਉਸਾਰਦੇ ਹਨ, ਨਥਾਵਿਆਂ ਵਾਂਗੂੰ ਗੰਦਿਆਂ ਖੋਲ੍ਹਿਆ ਵਿਚ ਰਹਿੰਦੇ ਹਨ, ਦੂਜੇ ਪਾਸੇ ਸਮਾਜ ਦਾ ਲਹੂ ਪੀਣੇ ਪੂੰਜੀਪਤੀ ਕਰੋੜਾਂ ਰੁਪਿਆਂ ਆਪਣੀ ਮਨ ਦੀ ਮੌਜ ਲਈ ਰੋੜ੍ਹ ਦਿੰਦੇ ਹਨ। ਇਸ ਭਿਅੰਕਰ ਨਾ-ਬਰਾਬਰੀ ਤੇ ਬਦੋ ਬਦੀ ਠੋਸੇ ਗਏ ਭੇਦ ਭਾਵ ਦਾ ਨਤੀਜਾ ਹਫ਼ੜਾ-ਦਫੜੀ ਹੋਵੇਗਾ। ਇਹ ਹਾਲਤ ਬਹੁਤਾ ਚਿਰ ਕਾਇਮ ਨਹੀਂ ਰਹਿ ਸਕਦੀ। ਇਹ ਸਾਫ਼ ਹੈ ਕਿ, ਹੁਣ ਵਾਲਾ ਸਮਾਜਕ ਢਾਂਚਾ, ਜਿਹੜਾ ਕਿ ਦੂਸਰਿਆਂ ਦੀ ਮਜਬੂਰੀ ਤੇ ਰੰਗਰਲੀਆਂ ਮਨਾ ਰਿਹਾ ਹੈ, ਇਕ ਜਵਾਲਾ ਮੁਖੀ ਦੇ ਮੂੰਹ 'ਤੇ ਬੈਠਾ ਹੈ।

ਸਭਿਅਤਾ ਦਾ ਇਹ ਮਹਾਨ ਢਾਂਚਾ ਜੇ ਵੇਲੇ ਸਿਰ ਨਾ ਸੰਭਾਲਿਆ ਗਿਆ ਤਾਂ ਢਹਿ ਢੇਰੀ ਹੋ ਜਾਵੇਗਾ। ਇਸ ਲਈ ਬੁਨਿਆਦੀ ਤਬਦੀਲੀ ਦੀ ਲੋੜ ਹੈ। ਸੋ ਇਕ ਬੁਨਿਆਦੀ ਤਬਦੀਲੀ ਅਤੀ ਜ਼ਰੂਰੀ ਹੈ। ਜਿਹੜੇ ਇਸ ਗੱਲ ਨੂੰ ਮਹਿਸੂਸ ਕਰਦੇ ਹਨ ਉਹਨਾਂ ਦਾ ਫ਼ਰਜ਼ ਹੈ ਕਿ ਸਮਾਜਵਾਦ ਤੇ ਆਧਾਰਤ ਸਮਾਜ ਦਾ ਪੁਨਰ ਨਿਰਮਾਣ ਕਰਨਾ। ਜਦ ਤਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਤਕ ਮਨੁੱਖ ਦੇ ਹੱਥੀਂ ਮਨੁੱਖ ਦੀ ਅਤੇ ਕੌਮਾਂ ਰਾਹੀਂ ਕੌਮਾਂ ਦੀ ਲੁਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉਤੇ ਮੰਡਲਾ ਰਹੇ ਦੁਖਾਂਤ ਅਤੇ ਖ਼ੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁੱਗ ਦਾ ਮੁੱਢ ਬੰਨ੍ਹਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁਝ ਨਹੀਂ ਹਨ। ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰਕੇ ਆਜ਼ਾਦ ਕਰਵਾਇਆ ਜਾਵੇਗਾ।

## ਸਮੇਂ ਦੀ ਚੇਤਾਵਨੀ

ਇਹ ਹੈ ਸਾਡਾ ਆਦਰਸ਼ ਅਤੇ ਇਸੇ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਅਸੀਂ ਇਕ ਢੁੱਕਵੀਂ ਤੇ ਪੁਰਜ਼ੋਰ ਚੇਤਾਵਨੀ ਦਿੱਤੀ ਹੈ ਪਰ ਜੇ ਸਾਡੀ ਇਸ ਚੇਤਾਵਨੀ ਨੂੰ ਨਾ ਗੌਲਿਆ ਗਿਆ ਤੇ ਅਜੋਕੀ ਸ਼ਾਸਨ ਵਿਵਸਥਾ ਉਭਰ ਕੇ ਵਧ ਰਹੀਆਂ ਕੁਦਰਤੀ ਸ਼ਕਤੀਆਂ ਦੇ ਰਾਹ ਵਿਚ ਰੋੜੇ ਅਟਕਾਉਂਦੀ ਰਹੀ ਤਾਂ ਇਸ ਦਾ ਨਤੀਜਾ ਇਕ ਜੂਝਵਾਂ ਸੰਗਰਾਮ ਹੋਵੇਗਾ, ਜਿਹੜਾ ਸਾਰੀਆਂ ਰੁਕਾਵਟਾਂ ਨੂੰ ਪਰ੍ਹੇ ਵਗਾਹ ਮਾਰੇਗਾ ਤੇ ਕਿਰਤੀਆਂ ਦੀ ਸਰਦਾਰੀ ਦੀ ਸਥਾਪਨਾ ਕਰੇਗਾ ਅਤੇ ਇਸ ਤਰ੍ਹਾਂ ਇਨਕਲਾਬ ਦੇ ਆਦਰਸ਼ ਦੀ ਸਥਾਪਤੀ ਦਾ ਰਾਹ ਬਣੇਗਾ। ਮਨੁੱਖ ਦਾ ਕਰਾਂਤੀ ਕਰਨ ਦਾ ਅਧਿਕਾਰ ਉਸ ਤੋਂ ਕਦੇ ਖੋਹਿਆ ਨਹੀਂ ਜਾ ਸਕਦਾ। ਮਜ਼ਦੂਰ ਹੀ ਸਮਾਜ ਦਾ ਸੱਚਾ ਪਾਲਣਹਾਰ ਹੈ। ਜਨਤਾ ਦੀ ਪ੍ਰਭੂਸਤਾ ਨੂੰ ਕਾਇਮ ਕਰਨਾ ਕਿਰਤੀਆਂ ਦੀ ਮੰਜ਼ਿਲ ਹੈ। ਇਨ੍ਹਾਂ ਆਦਰਸ਼ਾਂ ਅਤੇ ਵਿਸ਼ਵਾਸ ਵਾਸਤੇ ਦਿਤੀ ਜਾਣ ਵਾਲੀ ਹਰ ਸਜ਼ਾ ਦਾ ਅਸੀਂ ਖਿੜੇ ਮੱਥੇ ਸਵਾਗਤ ਕਰਾਂਗੇ। ਇਨਕਲਾਬ ਦੀ ਇਸ ਕੁਰਬਾਨ ਗਾਹ ਉਤੇ ਅਸੀਂ ਆਪਣੀ ਜਵਾਨੀ ਦੀ ਧੂਫ਼ ਬਾਲਣ ਆਏ ਹਾਂ, ਕਿਉਂਕਿ ਅਜਿਹੇ ਮਹਾਨ ਆਦਰਸ਼ ਲਈ ਕੁਰਬਾਨੀ ਵੱਡੀ ਨਹੀਂ ਹੈ। ਅਸੀਂ ਇਨਕਲਾਬ ਦੇ ਆਉਣ ਦੀ ਉਡੀਕ ਵਿਚ ਹਾਂ।

"ਇਨਕਲਾਬ ਜ਼ਿੰਦਾਬਾਦ !"

* * *



Sri Satguru Jagjit Singh Ji Elibrary NamdhariElibrary@gmail.com

## 62. ਸਾਡੇ ਉਦੇਸ਼ਾਂ ਉੱਤੇ ਧਿਆਨ ਦਿਓ

[ਅਸੈਂਬਲੀ ਬੰਬ ਕੇਸ ਵਿਚ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੂੰ ਦਿੱਲੀ ਸੈਸ਼ਨ ਜੱਜ ਨੇ ਉਮਰ ਕੈਦ ਦੀ ਸਜ਼ਾ ਦਿੱਤੀ। ਲਾਹੌਰ ਹਾਈ ਕੋਰਟ ਵਿਚ ਉਸ ਫ਼ੈਸਲੇ ਦੇ ਵਿਰੁੱਧ ਅਪੀਲ ਦੇ ਹੱਕ ਦਾ ਮੌਕਾ ਉਠਾਂਦੇ, ਉਹਨਾਂ ਦੁਬਾਰਾ ਆਪਣਾ ਨੁਕਤਾ ਨਿਗਾਹ ਲੋਕਾਂ ਨੂੰ ਸਮਝਾਉਣ ਲਈ ਇਹ ਤਰਕ ਭਰਪੂਰ ਬਿਆਨ ਦਿੱਤਾ। —ਸੰਪਾਦਕ]

ਮਾਈ ਲਾਰਡ,

ਅਸੀਂ ਨਾ ਤਾਂ ਵਕੀਲ ਹਾਂ, ਨਾ ਅੰਗਰੇਜ਼ੀ ਭਾਸ਼ਾ ਦੇ ਮਾਹਰ ਹਾਂ ਅਤੇ ਨਾ ਹੀ ਸਾਡੇ ਕੋਲ ਡਿਗਰੀਆਂ ਹੀ ਹਨ। ਇਸ ਲਈ ਸਾਥੋਂ ਸ਼ਾਨਦਾਰ ਭਾਸ਼ਣਾਂ ਦੀ ਆਸ ਨਾ ਕੀਤੀ ਜਾਏ। ਸਾਡੀ ਪ੍ਰਾਰਥਨਾ ਹੈ ਕਿ ਸਾਡੇ ਬਿਆਨ ਦੀ ਭਾਸ਼ਾ ਸੰਬੰਧੀ ਤਰੁੱਟੀਆਂ 'ਤੇ ਧਿਆਨ ਨਾ ਦਿੰਦੇ ਹੋਏ, ਉਸ ਦਾ ਅਸਲ ਮਤਲਬ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਦੂਸਰੇ ਸਭ ਨੁਕਤਿਆਂ ਨੂੰ ਆਪਣੇ ਵਕੀਲਾਂ ਤੇ ਛੱਡਦੇ ਹੋਏ ਮੈਂ ਖ਼ੁਦ ਇਕ ਮੁੱਦੇ 'ਤੇ ਆਪਣੇ ਵਿਚਾਰ ਪ੍ਰਗਟਾਵਾਂਗਾ। ਇਹ ਮੁੱਦਾ, ਇਸ ਮੁਕੱਦਮੇ ਵਿਚ ਬਹੁਤ ਹੀ ਮਹੱਤਤਾ ਵਾਲਾ ਹੈ। ਮੁੱਦਾ ਇਹ ਹੈ ਕਿ ਸਾਡੀ ਨੀਯਤ ਕੀ ਸੀ ਅਤੇ ਅਸੀਂ ਕਿਸ ਹੱਦਾਂ ਤੱਕ ਅਪਰਾਧੀ ਹਾਂ।

ਇਹ ਬੜਾ ਹੀ ਪੇਚੀਦਾ ਮਾਮਲਾ ਹੈ, ਇਸ ਲਈ ਕੋਈ ਵੀ ਆਦਮੀ ਤੁਹਾਡੀ ਸੇਵਾ ਵਿਚ ਵਿਚਾਰਾਂ ਦੇ ਵਿਕਾਸ ਦੀ ਉਹ ਉਚਾਈ ਪੇਸ਼ ਨਹੀਂ ਕਰ ਸਕਦਾ ਜਿਸ ਦੇ ਅਸਰ ਹੇਠ ਅਸੀਂ ਇਕ ਖ਼ਾਸ ਢੰਗ ਨਾਲ ਸੋਚਣ ਅਤੇ ਵਿਚਾਰ ਕਰਨ ਲੱਗੇ ਸੀ। ਅਸੀਂ ਚਾਹੁੰਦੇ ਹਾਂ ਕਿ ਇਸੇ ਨੂੰ ਦ੍ਰਿਸ਼ਟੀ ਵਿਚ ਰੱਖਦੇ ਹੋਏ ਹੀ ਸਾਡੀ ਨੀਯਤ ਅਤੇ ਅਪਰਾਧ ਦਾ ਅਨੁਮਾਨ ਲਗਾਇਆ ਜਾਏ। ਮਸ਼ਹੂਰ ਕਾਨੂੰਨ ਮਾਹਰ ਸੁਲੇਮਾਨ ਦੇ ਮੁਤਾਬਕ ਕਿਸੇ ਵੀ ਵਿਅਕਤੀ ਨੂੰ ਉਸਦੇ ਅਪਰਾਧੀ ਆਚਰਨ ਲਈ ਉਸ ਸਮੇਂ ਤਕ ਸਜ਼ਾ ਨਹੀਂ ਮਿਲਣੀ ਚਾਹੀਦੀ, ਜਦ ਤਕ ਉਸਦਾ ਉਦੇਸ਼ ਕਾਨੂੰਨ ਵਿਰੋਧੀ ਸਿੱਧ ਨਾ ਹੋਵੇ।

ਸੈਸ਼ਨ ਜੱਜ ਦੀ ਅਦਾਲਤ ਵਿਚ ਅਸਾਂ ਜੋ ਲਿਖਤੀ ਬਿਆਨ ਦਿਤਾ ਸੀ, ਉਹ ਸਾਡੇ ਉਦੇਸ਼ ਦੀ ਵਿਆਖਿਆ ਕਰਦਾ ਹੈ ਅਤੇ ਉਸ ਰੂਪ 'ਚ ਸਾਡੀ ਨੀਅਤ ਦੀ ਵਿਆਖਿਆ ਵੀ ਕਰਦਾ ਹੈ। ਪਰ ਸੈਸ਼ਨ ਜੱਜ ਮਹੋਦਯ ਨੇ ਕਲਮ ਦੀ ਇਕ ਹੀ ਨੋਕ ਨਾਲ ਇਹ ਕਹਿ ਕੇ ਕਿ "ਆਮ ਤੌਰ 'ਤੇ ਅਪਰਾਧ ਨੂੰ ਵਿਹਾਰ ਵਿਚ ਲਿਆਉਣ ਵਾਲੀ ਗੱਲ ਕਾਨੂੰਨ ਦੇ ਅਮਲ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ ਅਤੇ ਇਸ ਦੇਸ਼ ਵਿਚ ਕਾਨੂੰਨੀ ਵਿਆਖਿਆਵਾਂ ਵਿਚ ਕਦੀ-ਕਦਾਈਂ ਹੀ ਉਦੇਸ਼ ਅਤੇ ਨੀਯਤ ਦੀ ਚਰਚਾ ਹੁੰਦੀ ਹੈ।" ਸਾਡੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਕਰ ਦਿੱਤੀਆਂ।

ਮਾਈ ਲਾਰਡ, ਇਹਨਾਂ ਹਾਲਤਾਂ ਵਿਚ ਮਾਨਯੋਗ ਜੱਜ ਨੂੰ ਚਾਹੀਦਾ ਤਾਂ ਇਹ ਸੀ ਕਿ ਅਪਰਾਧ ਦਾ ਅੰਦਾਜ਼ਾ ਜਾਂ ਤਾਂ ਨਤੀਜਿਆਂ ਤੋਂ ਲਗਾਉਂਦੇ ਜਾਂ ਸਾਡੇ ਬਿਆਨ ਦੀ ਮਦਦ ਨਾਲ ਮਨੋਵਿਗਿਆਨਕ ਪਹਿਲੂ ਦਾ ਫੈਸਲਾ ਕਰਦੇ, ਪਰ ਉਹਨਾਂ ਨੇ ਇਹਨਾਂ ਦੋਨਾਂ ਵਿਚੋਂ ਇਕ ਵੀ ਕੰਮ ਨਹੀਂ ਕੀਤਾ।

ਵਿਚਾਰ ਵਾਲੀ ਗੱਲ ਇਹ ਵੀ ਹੈ ਕਿ ਅਸੈਂਬਲੀ ਵਿਚ ਅਸਾਂ ਜੋ ਦੋ ਬੰਬ ਸੁੱਟੇ, ਉਹਨਾਂ ਨਾਲ ਕਿਸੇ ਵੀ ਵਿਅਕਤੀ ਦੀ ਸਰੀਰਕ ਜਾਂ ਆਰਥਕ ਹਾਨੀ ਨਹੀਂ ਹੋਈ। ਇਸ ਦ੍ਰਿਸ਼ਟੀਕੋਣ ਤੋਂ, ਸਾਨੂੰ ਜੋ ਸਜ਼ਾ ਦਿੱਤੀ ਗਈ ਹੈ ਉਹ ਸਖ਼ਤ ਤੋਂ ਸਖ਼ਤ ਹੀ ਨਹੀਂ ਸਗੋਂ ਬਦਲਾ ਲੈਣ ਦੀ ਭਾਵਨਾ ਵਾਲੀ ਵੀ ਹੈ। ਜੇ ਦੂਸਰੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਜਦ ਤਕ ਮੁਜਰਮ ਦੀਆਂ ਮਨੋਭਾਵਨਾਵਾਂ ਦਾ ਪਤਾ ਨਾ ਲਗਾਇਆ ਜਾਏ, ਉਸ ਦੇ ਅਸਲੀ ਉਦੇਸ਼ ਦਾ ਪਤਾ ਨਹੀਂ ਲੱਗ ਸਕਦਾ। ਜੇ ਉਦੇਸ਼ ਨੂੰ ਪੂਰੀ ਤਰ੍ਹਾਂ ਭੁਲਾ ਹੀ ਦਿੱਤਾ ਜਾਵੇ ਤਾਂ ਕਿਸੇ ਵੀ ਆਦਮੀ ਦੇ ਨਾਲ ਇਨਸਾਫ ਨਹੀਂ ਹੋ ਸਕਦਾ, ਕਿਉਂਕਿ ਉਦੇਸ਼ ਨੂੰ ਧਿਆਨ ਵਿਚ ਨਾ ਰੱਖਣਾ ਤੇ ਦੁਨੀਆ ਦੇ



Sri Satguru Jagjit Singh Ji Elibrary NamdhariElibrary@gmail.com

ਵੱਡੇ-ਵੱਡੇ ਸੈਨਾਪਤੀ ਸਾਧਾਰਨ ਹਤਿਆਰੇ ਨਜ਼ਰ ਆਉਣਗੇ। ਸਰਕਾਰੀ ਟੈਕਸ ਵਸੂਲਣ ਵਾਲੇ ਅਧਿਕਾਰੀ ਚੋਰ, ਜਾਲਸਾਜ਼ ਦਿਖਾਈ ਦੇਣਗੇ ਅਤੇ ਜੱਜਾਂ 'ਤੇ ਵੀ ਕਤਲ ਕਰਨ ਦਾ ਦੋਸ਼ ਲੱਗੇਗਾ। ਇਸ ਤਰ੍ਹਾਂ ਤਾਂ ਸਮਾਜਕ ਵਿਵਸਥਾ ਅਤੇ ਸਭਿਅਤਾ ਖ਼ੂਨ ਖ਼ਰਾਬਾ, ਚੋਰੀ ਅਤੇ ਜਾਲਸਾਜ਼ੀ ਬਣ ਕੇ ਰਹਿ ਜਾਏਗੀ। ਜੇ ਉਦੇਸ਼ ਨੂੰ ਨਜ਼ਰ ਅੰਦਾਜ਼ ਕੀਤਾ ਜਾਏ ਤਾਂ ਕਿਸੇ ਹਕੂਮਤ ਨੂੰ ਕੀ ਹੱਕ ਹੈ ਕਿ ਸਮਾਜ ਦੇ ਵਿਅਕਤੀਆਂ ਨੂੰ ਨਿਆਂ ਕਰਨ ਲਈ ਕਹੇ ? ਉਦੇਸ਼ ਨੂੰ ਨਜ਼ਰ ਅੰਦਾਜ਼ ਕੀਤਾ ਜਾਏ ਤਾਂ ਹਰ ਧਰਮ ਪ੍ਰਚਾਰਕ ਝੂਠ ਦਾ ਪ੍ਰਚਾਰਕ ਦਿਖਾਈ ਦੇਵੇਗਾ ਅਤੇ ਹਰੇਕ ਪੈਗੰਬਰ 'ਤੇ ਦੋਸ਼ ਲੱਗੇਗਾ ਕਿ ਉਸ ਨੇ ਕਰੋੜਾਂ ਭੋਲੇ ਅਤੇ ਅਨਜਾਣ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਜੇ ਉਦੇਸ਼ ਨੂੰ ਭੁਲਾ ਦਿੱਤਾ ਜਾਏ ਤਾਂ ਹਜ਼ਰਤ ਈਸਾ ਮਸੀਹ ਗੜਬੜ ਕਰਨ ਵਾਲੇ ਸ਼ਾਂਤੀ ਭੰਗ ਕਰਨ ਵਾਲੇ ਬਗਾਵਤ ਦਾ ਪ੍ਰਚਾਰ ਕਰਨ ਵਾਲੇ ਦਿਖਾਈ ਦੇਣਗੇ ਅਤੇ ਕਾਨੂੰਨ ਦੇ ਸ਼ਬਦਾਂ ਵਿਚ "ਖਤਰਨਾਕ ਆਦਮੀ" ਮੰਨੇ ਜਾਣਗੇ, ਪਰ ਅਸੀਂ ਉਹਨਾਂ ਦੀ ਪੂਜਾ ਕਰਦੇ ਹਾਂ, ਸਾਡੇ ਦਿਲ ਵਿਚ ਉਹਨਾਂ ਦਾ ਬੇਹੱਦ ਆਦਰ ਹੈ, ਉਹਨਾਂ ਦੀ ਮੂਰਤੀ ਸਾਡੇ ਦਿਲਾਂ ਵਿਚ ਅਧਿਆਤਮਕਤਾ ਦੀ ਤਰੰਗ ਪੈਦਾ ਕਰਦੀ ਹੈ। ਇਹ ਕਿਉਂ ? ਇਹ ਇਸ ਲਈ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਪ੍ਰੇਰਨਾ ਸਰੋਤ ਇਕ ਉੱਚੇ ਦਰਜੇ ਦਾ ਉਦੇਸ਼ ਸੀ। ਉਸ ਯੁੱਗ ਦੇ ਸ਼ਾਸਕਾਂ ਨੇ ਉਨ੍ਹਾਂ ਦੇ ਉਦੇਸ਼ ਨੂੰ ਨਹੀਂ ਪਹਿਚਾਣਿਆਂ, ਉਨ੍ਹਾਂ ਨੇ ਉਨ੍ਹਾਂ ਦੇ ਬਾਹਰੀ ਵਰਤਾਰੇ ਨੂੰ ਹੀ ਦੇਖਿਆ, ਲੇਕਿਨ ਉਸ ਸਮੇਂ ਤੋਂ ਲੈ ਕੇ ਇਸ ਸਮੇਂ ਤਕ 19 ਸਦੀਆਂ ਲੰਘ ਗਈਆਂ ਹਨ। ਕੀ ਅਸਾਂ ਉਦੋਂ ਤੋਂ ਲੈ ਕੇ ਹੁਣ ਤੱਕ ਕੋਈ ਉੱਨਤੀ ਨਹੀਂ ਕੀਤੀ। ਕੀ ਅਸੀਂ ਏਦਾਂ ਦੀਆਂ ਗ਼ਲਤੀਆਂ ਦੋਹਰਾਵਾਂਗੇ ? ਅਗਰ ਏਦਾਂ ਹੋਵੇਗਾ ਤਾਂ ਮੰਨਣਾ ਪਵੇਗਾ ਕਿ ਇਨਸਾਨੀਅਤ ਦੀਆਂ ਕੁਰਬਾਨੀਆਂ, ਵੱਡੇ ਸ਼ਹੀਦਾਂ ਦੇ ਯਤਨ ਬੇਕਾਰ ਰਹੇ ਅਤੇ ਅੱਜ ਵੀ ਅਸੀਂ ਉਸੇ ਥਾਂ 'ਤੇ ਹਾਂ, ਜਿਥੇ ਅੱਜ ਤੋਂ ਵੀਹ ਸਦੀਆਂ ਪਹਿਲਾਂ ਸਾਂ ?

ਕਾਨੂੰਨੀ ਪਾਸੇ ਤੋਂ ਉਦੇਸ਼ ਦਾ ਸਵਾਲ ਖਾਸ ਮਹੱਤਤਾ ਰੱਖਦਾ ਹੈ। ਜਨਰਲ ਡਾਇਰ ਦਾ ਉਦਾਹਰਣ ਲੈ ਲਓ। ਉਸਨੇ ਗੋਲੀ ਚਲਾਈ ਅਤੇ ਸੈਂਕੜੇ ਨਿਰਅਪਰਾਧ ਅਤੇ ਹਥਿਆਰ ਰਹਿਤ ਵਿਅਕਤੀ ਮਾਰ ਦਿਤੇ ਲੇਕਿਨ ਫ਼ੌਜੀ ਅਦਾਲਤ ਨੇ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਦਾ ਹੁਕਮ ਦੇਣ ਦੀ ਥਾਂ ਲੱਖਾਂ ਰੁਪੈ ਦਾ ਇਨਾਮ ਦਿੱਤਾ। ਇਕ ਹੋਰ ਉਦਾਹਰਣ ਵਲ ਵੀ ਧਿਆਨ ਦਿਓ—ਸ੍ਰੀ ਖੜਗ ਬਹਾਦਰ ਸਿੰਘ ਨੇ, ਜੋ ਕਿ ਇਕ ਗੋਰਖਾ ਨੌਜਵਾਨ ਹੈ, ਕਲਕੱਤੇ ਵਿਚ ਇਕ ਅਮੀਰ ਮਾਰਵਾੜੀ ਨੂੰ ਛੁਰੇ ਨਾਲ ਮਾਰ ਦਿੱਤਾ। ਜੇ ਉਦੇਸ਼ ਨੂੰ ਇਕ ਪਾਸੇ ਰੱਖ ਦਿੱਤਾ ਜਾਵੇ ਤਾਂ ਖੜਗ ਸਿੰਘ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਸੀ, ਪਰ ਉਸਨੂੰ ਕੁਝ ਵਰ੍ਹੇ ਦੀ ਸਜ਼ਾ ਹੀ ਦਿੱਤੀ ਗਈ ਅਤੇ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਮੁਕਤ ਵੀ ਕਰ ਦਿੱਤਾ ਗਿਆ। ਕੀ ਕਾਨੂੰਨ ਵਿਚ ਕੋਈ ਦਰਾੜ ਅਜੇਹੀ ਸੀ ਕਿ ਉਸ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਗਈ ? ਜਾਂ ਉਸ ਦੇ ਵਿਰੋਧ ਹੱਤਿਆ ਦਾ ਦੋਸ਼ ਸਿੱਧ ਨਹੀਂ ਹੋ ਸਕਿਆ ? ਉਸਨੇ ਸਾਡੀ ਹੀ ਤਰ੍ਹਾਂ ਆਪਣਾ ਅਪਰਾਧ ਸਵੀਕਾਰ ਕਰ ਲਿਆ ਸੀ, ਪਰ ਉਸਦਾ ਜੀਵਨ ਬਚ ਗਿਆ ਤਾਂ ਉਹ ਆਜ਼ਾਦ ਹੈ।

ਮੈਂ ਪੁੱਛਦਾ ਹਾਂ ਕਿ ਉਸ ਨੂੰ ਫ਼ਾਂਸੀ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ ? ਉਸਦਾ ਕੰਮ ਵੀ ਨਾਪਿਆ ਤੋਲਿਆ ਸੀ। ਉਸ ਨੇ ਪੇਚੀਦਾ ਢੰਗ ਦੀ ਤਿਆਰੀ ਕੀਤੀ ਸੀ। ਉਦੇਸ਼ ਦੀ ਦ੍ਰਿਸ਼ਟੀ ਤੋਂ ਉਸ ਦਾ ਐਕਸ਼ਨ ਸਾਡੇ ਕੰਮ ਦੇ ਮੁਕਾਬਲੇ ਵਧ ਘਾਤਕ ਤੇ ਸੰਜੀਦਾ ਸੀ। ਉਸ ਨੂੰ ਇਸਲਈ ਬਹੁਤ ਹੀ ਨਰਮ ਸਜ਼ਾ ਮਿਲੀ ਕਿਉਂਕਿ ਉਸਦਾ ਮਕਸਦ ਨੇਕ ਸੀ। ਉਹਨੇ ਸਮਾਜ ਨੂੰ ਇਕ ਜੋਕ ਤੋਂ ਛੁਟਕਾਰਾ ਦਿਲਾਇਆ ਸੀ, ਜਿਸ ਨੇ ਕਈ ਇਕ ਸੁੰਦਰ ਲੜਕੀਆਂ ਦਾ ਖ਼ੂਨ ਚੂਸ ਲਿਆ ਸੀ। ਸ੍ਰੀ ਖੜਗ ਬਹਾਦਰ ਸਿੰਘ ਨੂੰ ਸਿਰਫ਼ ਕਾਨੂੰਨ ਦੀ ਸ਼ਰਾ ਬਣਾਏ ਰੱਖਣ ਲਈ ਕੁਝ ਵਰ੍ਹੇ ਦੀ ਸਜ਼ਾ ਦਿੱਤੀ ਗਈ ਸੀ।

ਇਹ ਸਿਧਾਂਤ ਕਿਸ ਕਦਰ ਗ਼ਲਤ ਹੈ। ਇਹ ਨਿਆਂ ਦੇ ਮੁਢਲੇ ਸਿਧਾਂਤਾਂ ਦਾ ਵਿਰੋਧ ਹੈ, ਜੋ ਕਿ ਇਸ ਤਰ੍ਹਾਂ ਹੈ—"ਕਾਨੂੰਨ ਆਦਮੀਆਂ ਲਈ ਹੈ, ਆਦਮੀ ਕਾਨੂੰਨ ਲਈ ਨਹੀਂ ਹੈ।" ਇਸ



Sri Satguru Jagjit Singh Ji Elibrary NamdhariElibrary@gmail.com

ਹਾਲਤ ਵਿਚ ਕੀ ਕਾਰਨ ਹੈ ਕਿ ਸਾਨੂੰ ਵੀ ਉਹੀ ਰਿਆਇਤਾਂ ਨਹੀਂ ਦਿੱਤੀਆਂ ਗਈਆਂ, ਜੋ ਸ਼੍ਰੀ ਖੜਗ ਬਹਾਦਰ ਸਿੰਘ ਨੂੰ ਦਿੱਤੀਆਂ ਗਈਆਂ ਸਨ। ਸਾਫ ਹੈ ਕਿ ਉਸਨੂੰ ਨਰਮ ਸਜ਼ਾ ਦਿੰਦੇ ਸਮੇਂ ਉਸਦਾ ਉਦੇਸ਼ ਧਿਆਨ ਵਿਚ ਰੱਖਿਆ ਗਿਆ ਸੀ, ਨਹੀਂ ਤਾਂ ਕੋਈ ਵੀ ਆਦਮੀ, ਜੋ ਕਿਸੇ ਨੂੰ ਕਤਲ ਕਰਦਾ ਹੈ, ਫ਼ਾਂਸੀ ਦੀ ਸਜ਼ਾ ਤੋਂ ਨਹੀਂ ਬਚ ਸਕਦਾ। ਕੀ ਇਸ ਲਈ ਸਾਨੂੰ ਆਮ ਕਾਨੂੰਨੀ ਹੱਕ ਨਹੀ ਮਿਲ ਰਹੇ ਕਿਉਂਕਿ ਸਾਡਾ ਕੰਮ ਹਕੂਮਤ ਦੇ ਵਿਰੁੱਧ ਸੀ ਜਾਂ ਇਸ ਲਈ ਕਿ ਇਸ ਕੰਮ ਦੀ ਰਾਜਨੀਤਕ ਮਹੱਤਤਾ ਹੈ?

ਮਾਈ ਲਾਰਡ, ਇਸ ਹਾਲਾਤ ਵਿਚ ਇਹ ਕਹਿਣ ਦੀ ਆਗਿਆ ਦਿੱਤੀ ਜਾਵੇ ਕਿ ਜਿਹੜੀ ਹਕੂਮਤ ਅਜਿਹੀਆਂ ਕਮੀਨੀਆਂ ਹਰਕਤਾਂ ਵਿਚ ਬਚਾਅ ਲੱਭਦੀ ਹੈ, ਜਿਹੜੀ ਹਕੂਮਤ ਆਦਮੀ ਦੇ ਕੁਦਰਤੀ ਹੱਕ ਖੋਹਦੀ ਹੈ, ਉਸਨੂੰ ਜ਼ਿੰਦਾ ਰਹਿਣ ਦਾ ਕੋਈ ਹੱਕ ਪ੍ਰਾਪਤ ਨਹੀਂ ਹੈ। ਅਗਰ ਇਹ ਕਾਇਮ ਹੈ, ਤੇ ਆਰਜ਼ੀ ਤੌਰ 'ਤੇ ਅਤੇ ਹਜ਼ਾਰਾਂ ਬੇ-ਗੁਨਾਹਾਂ ਦਾ ਖ਼ੂਨ ਇਸਦੀ ਗਰਦਨ 'ਤੇ ਹੈ। ਜੇ ਕਾਨੂੰਨ ਉਦੇਸ਼ ਨਹੀਂ ਦੇਖਦੇ ਤਾਂ ਨਾ ਨਿਆਂ ਹੋ ਸਕਦਾ ਅਤੇ ਨਾ ਹੀ ਪੱਕੀ ਸਥਾਈ ਸ਼ਾਂਤੀ ਬਣਾਈ ਜਾ ਸਕਦੀ ਹੈ।

ਆਟੇ ਵਿਚ ਸੰਖੀਆਂ ਮਲਾਣਾ ਜੁਰਮ ਨਹੀਂ, ਬਸ਼ਰਤੇ ਕਿ ਇਸਦਾ ਉਦੇਸ਼ ਚੂਹਿਆਂ ਨੂੰ ਮਾਰਨਾ ਹੋਵੇ। ਪਰ ਜੇ ਇਸ ਨਾਲ ਕਿਸੇ ਆਦਮੀ ਨੂੰ ਮਾਰ ਦਿੱਤਾ ਜਾਵੇ ਤਾਂ ਇਹ ਕਤਲ ਦਾ ਅਪਰਾਧ ਬਣ ਜਾਂਦਾ ਹੈ। ਬਲਕਿ ਅਜਿਹੇ ਕਾਨੂੰਨ ਜਿਹੜੇ ਦਲੀਲ 'ਤੇ ਆਧਾਰਿਤ ਨਹੀਂ ਅਤੇ ਇਨਸਾਫ਼ ਦੇ ਸਿਧਾਂਤ ਦੇ ਵਿਰੁੱਧ ਹਨ, ਉਨ੍ਹਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਅਜਿਹੇ ਨਿਆਂ ਵਿਰੋਧੀ ਕਾਨੂੰਨਾਂ ਦੇ ਕਰਕੇ ਹੀ ਬਹੁਤ ਹੀ ਉੱਚ ਬੌਧਿਕ ਗਿਆਨ ਦੇ ਲੋਕਾਂ ਨੇ ਬਗ਼ਾਵਤ ਦੇ ਕੰਮ ਕੀਤੇ ਹਨ।

ਸਾਡੇ ਮੁਕੱਦਮੇ ਦੇ ਤੱਥ ਬਿਲਕੁਲ ਸਾਦਾ ਹਨ। 8 ਅਪ੍ਰੈਲ, 1929 ਨੂੰ ਅਸਾਂ ਸੈਂਟਰਲ ਅਸੈਂਬਲੀ ਵਿਚ ਦੋ ਬੰਬ ਸੁੱਟੇ ਸਨ। ਉਨ੍ਹਾਂ ਦੇ ਧਮਾਕੇ ਨਾਲ ਕੁਝ ਲੋਕਾਂ ਨੂੰ ਮਾਮੂਲੀ ਝਰੀਟਾਂ ਆਈਆਂ। ਚੈਂਬਰ ਵਿਚ ਹੰਗਾਮਾ ਹੋਇਆ, ਸੈਂਕੜੇ ਦਰਸ਼ਕ ਅਤੇ ਮੈਂਬਰ ਬਾਹਰ ਨਿਕਲ ਗਏ। ਕੁਝ ਦੇਰ ਬਾਅਦ ਚੁੱਪ ਛਾ ਗਈ। ਮੈਂ ਅਤੇ ਮੇਰੇ ਸਾਥੀ ਬੀ.ਕੇ. ਦੱਤ ਚੁਪ ਚਾਪ ਦਰਸ਼ਕ ਗੈਲਰੀ ਵਿਚ ਬੈਠੇ ਰਹੇ ਅਤੇ ਅਸਾਂ ਖੁਦ ਹੀ ਆਪਣੇ ਆਪ ਨੂੰ ਪੇਸ਼ ਕਰ ਦਿੱਤਾ ਕਿ ਸਾਨੂੰ ਗ੍ਰਿਫ਼ਤਾਰ ਕਰ ਲਿਆ ਜਾਏ। ਸਾਨੂੰ ਫੜ ਲਿਆ ਗਿਆ। ਦੋਸ਼ ਲਗਾਏ ਗਏ ਅਤੇ ਹੱਤਿਆ ਕਰਨ ਦੇ ਯਤਨ ਦੇ ਅਪਰਾਧ ਵਿਚ ਸਾਨੂੰ ਸਜ਼ਾ ਦਿੱਤੀ ਗਈ, ਪਰ ਬੰਬਾਂ ਨਾਲ 4-5 ਆਦਮੀਆਂ ਦੇ ਮਾਮੂਲੀ ਸੱਟਾਂ ਲੱਗੀਆਂ ਅਤੇ ਇਕ ਬੈਂਚ ਦਾ ਮਾਮੂਲੀ ਜਿਹਾ ਨੁਕਸਾਨ ਹੋਇਆ ਅਤੇ ਜਿਨ੍ਹਾਂ ਨੇ ਇਹ ਅਪਰਾਧ ਕੀਤਾ, ਉਨ੍ਹਾਂ ਨੇ ਬਿਨਾਂ ਕਿਸੇ ਕਿਸਮ ਦੀ ਦਖ਼ਲ ਅੰਦਾਜ਼ੀ ਦੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਦੇ ਲਈ ਪੇਸ਼ ਕਰ ਦਿੱਤਾ। ਸੈਸ਼ਨ ਜੱਜ ਨੇ ਸਵੀਕਾਰ ਕੀਤਾ ਕਿ ਜੇ ਅਸੀਂ ਨੱਸਣਾ ਚਾਹੁੰਦੇ ਤਾਂ ਨੱਸ ਸਕਦੇ ਸਾਂ। ਅਸਾਂ ਨੇ ਆਪਣਾ ਅਪਰਾਧ ਸਵੀਕਾਰ ਕੀਤਾ ਅਤੇ ਆਪਣੀ ਹਾਲਾਤ ਸਪੱਸ਼ਟ ਕਰਨ ਲਈ ਬਿਆਨ ਦਿੱਤਾ। ਸਾਨੂੰ ਸਜ਼ਾ ਦਾ ਡਰ ਨਹੀਂ ਹੈ। ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਅਸੀਂ ਗ਼ਲਤ ਸਮਝੇ ਜਾਈਏ। ਸਾਡੇ ਬਿਆਨ ਦੇ ਕੁਝ ਪੈਰੇ ਕੱਟ ਦਿੱਤੇ ਗਏ ਹਨ, ਇਹ ਅਸਲ ਹਾਲਾਤ ਦੇ ਨਜ਼ਰੀਏ ਤੋਂ ਬਹੁਤ ਹੀ ਨੁਕਸਾਨਦੇਹ ਹੈ।

ਸਾਡੇ ਬਿਆਨ ਨੂੰ ਪੂਰਾ ਪੜ੍ਹਣ 'ਤੇ ਸਾਫ ਪਤਾ ਲੱਗ ਜਾਂਦਾ ਹੈ ਕਿ ਸਾਡੇ ਨਜ਼ਰੀਏ ਵਿਚ, ਸਾਡਾ ਦੇਸ਼ ਇਕ ਨਾਜ਼ੁਕ ਦੌਰ ਵਿਚੋਂ ਦੀ ਗੁਜ਼ਰ ਰਿਹਾ ਹੈ। ਇਸ ਪਾਸੇ ਵੱਲੋਂ ਕਾਫੀ ਉੱਚੀ ਆਵਾਜ਼ ਵਿਚ ਚੇਤਾਵਨੀ ਦੇਣ ਦੀ ਲੋੜ ਸੀ ਅਤੇ ਅਸਾਂ ਆਪਣੇ ਵਿਚਾਰ ਮੁਤਾਬਕ ਚੇਤਾਵਨੀ ਦਿੱਤੀ ਹੈ। ਹੋ ਸਕਦਾ ਹੈ ਕਿ ਅਸੀਂ ਗਲਤੀ ਉੱਤੇ ਹੋਈਏ, ਸਾਡਾ ਸੋਚਣ ਦਾ ਢੰਗ ਜੱਜ ਮਹੋਦਯਾ ਦੇ ਸੋਚਣ ਦੇ ਢੰਗ ਤੋਂ ਵੱਖਰਾ ਹੋਵੇ, ਪਰ ਇਸ ਦਾ ਇਹ ਮਤਲਬ ਨਹੀਂ ਕਿ ਸਾਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਏ ਅਤੇ ਗ਼ਲਤ ਗੱਲਾਂ ਸਾਡੇ ਨਾਲ ਜੋੜੀਆਂ ਜਾਣ।



Sri Satguru Jagjit Singh Ji Elibrary NamdhariElibrary@gmail.com

ਇਨਕਲਾਬ-ਜ਼ਿੰਦਾਬਾਦ ਅਤੇ ਸਾਮਰਾਜਵਾਦ-ਮੁਰਦਾਬਾਦ ਦੇ ਸੰਬੰਧ ਵਿਚ ਅਸਾਂ ਜੋ ਵਿਆਖਿਆ ਆਪਣੇ ਬਿਆਨ ਵਿਚ ਦਿੱਤੀ ਸੀ, ਉਸਨੂੰ ਉਡਾ ਦਿੱਤਾ ਗਿਆ; ਹਾਲਾਂਕਿ ਸਾਡੇ ਉਦੇਸ਼ ਦਾ ਇਹ ਖ਼ਾਸ ਹਿੱਸਾ ਹੈ। ਇਨਕਲਾਬ-ਜ਼ਿੰਦਾਬਾਦ ਤੋਂ ਸਾਡਾ ਇਹ ਉਦੇਸ਼ ਨਹੀਂ ਸੀ, ਜੋ ਆਮ ਤੌਰ 'ਤੇ ਗ਼ਲਤ ਮਤਲਬ ਵਿਚ ਸਮਝੇ ਜਾਂਦੇ ਹਨ। ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ, ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ ਅਤੇ ਇਹੀ ਚੀਜ਼ ਸੀ ਜਿਸਨੂੰ ਅਸੀਂ ਦੱਸਣਾ ਚਾਹੁੰਦੇ ਸਾਂ। ਸਾਡੇ ਇਨਕਲਾਬ ਦਾ ਮਤਲਬ ਪੂੰਜੀਵਾਦੀ ਲੜਾਈਆਂ ਦੀ ਮੁਸੀਬਤ ਦਾ ਅੰਤ ਕਰਨਾ ਹੈ। ਮੁਖ ਉਦੇਸ਼ ਤੇ ਉਸ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਸਮਝੇ ਬਿਨਾਂ ਕਿਸੇ ਬਾਰੇ ਫੈਸਲਾ ਦੇਣਾ ਜਾਇਜ਼ ਨਹੀਂ ਹੈ। ਗ਼ਲਤ ਗੱਲਾਂ ਸਾਡੇ ਨਾਲ ਜੋੜਨਾ ਸਾਫ਼-ਸਾਫ਼ ਬੇ-ਅਨਿਆਈ ਹੈ।

ਇਸ ਦੀ ਚੇਤਾਵਨੀ ਦੇਣਾ ਬਹੁਤ ਜ਼ਰੂਰੀ ਸੀ। ਬੇਚੈਨੀ ਰੋਜ਼-ਰੋਜ਼ ਵਧ ਰਹੀ ਹੈ, ਜੇ ਠੀਕ ਇਲਾਜ ਨਾ ਕੀਤਾ ਗਿਆ ਤਾਂ ਰੋਗ ਖ਼ਤਰਨਾਕ ਰੂਪ ਲੈ ਲਵੇਗਾ। ਕੋਈ ਵੀ ਮਨੁੱਖੀ ਸ਼ਕਤੀ ਉਸਦੀ ਰੋਕਥਾਮ ਨਹੀਂ ਕਰ ਸਕੇਗੀ। ਹੁਣ ਅਸਾਂ ਇਸ ਤੂਫ਼ਾਨ ਦਾ ਰੁਖ਼ ਬਦਲਣ ਲਈ ਇਹ ਕਾਰਵਾਈ ਕੀਤੀ। ਅਸੀਂ ਇਤਿਹਾਸ ਦੇ ਗੰਭੀਰ ਵਿਦਿਆਰਥੀ ਹਾਂ। ਸਾਡਾ ਵਿਸ਼ਵਾਸ ਹੈ ਕਿ ਜੇ ਰਾਜ ਕਰਦੀਆਂ ਸ਼ਕਤੀਆਂ ਠੀਕ ਵੇਲੇ ਤੇ ਸਹੀ ਕੰਮ ਕਰਦੀਆਂ ਤਾਂ ਫਰਾਂਸ ਅਤੇ ਰੂਸ ਦੀ ਖ਼ੂਨੀ ਕਰਾਂਤੀ ਨਾ ਵਰਤਦੀ। ਦੁਨੀਆ ਦੀਆਂ ਕਈ ਵੱਡੀਆਂ-ਵੱਡੀਆਂ ਹਕੂਮਤਾਂ ਵਿਚਾਰਾਂ ਦੇ ਤੂਫਾਨ ਨੂੰ ਰੋਕਦੀਆਂ ਹੋਈਆਂ ਖ਼ੂਨ ਖਰਾਬੇ ਦੇ ਵਾਤਾਵਰਨ ਵਿਚ ਡੁੱਬ ਗਈਆਂ। ਸੱਤਾਧਾਰੀ ਲੋਕ ਹਾਲਾਤਾਂ ਦੇ ਵਹਾਅ ਤੇ ਵੇਗ ਨੂੰ ਬਦਲ ਨਹੀਂ ਸਕਦੇ ਹਨ। ਅਸੀਂ ਪਹਿਲੀ ਚੇਤਾਵਨੀ ਦੇਣਾ ਚਾਹੁੰਦੇ ਸਾਂ ਅਤੇ ਜੇ ਅਸੀਂ ਕੁਝ ਆਦਮੀਆਂ ਦੀ ਹੱਤਿਆ ਕਰਨ ਦੇ ਚਾਹਵਾਨ ਹੁੰਦੇ ਤਾਂ ਕੀ ਅਸੀਂ ਮੁਖ ਉਦੇਸ਼ ਵਿਚ ਅਸਫਲ ਹੋ ਜਾਂਦੇ?

ਮਾਈ ਲਾਰਡ, ਇਸ ਨੀਅਤ ਅਤੇ ਉਦੇਸ਼ ਨੂੰ ਦ੍ਰਿਸ਼ਟੀ ਗੋਚਰ ਰੱਖਦੇ ਹੋਏ ਸਾਡੀ ਕਾਰਵਾਈ ਤੇ ਉਸ ਕਾਰਵਾਈ ਦੇ ਨਤੀਜੇ ਸਾਡੇ ਬਿਆਨ ਦੀ ਪੁਸ਼ਟੀ ਕਰਦੇ ਹਨ, ਇਕ ਹੋਰ ਨੁਕਤਾ ਸਪੱਸ਼ਟ ਤੇ ਸਾਫ਼ ਕਰਨਾ ਜ਼ਰੂਰੀ ਹੈ। ਜੇ ਅਸੀਂ ਬੰਬਾਂ ਦੀ ਤਾਕਤ ਦੇ ਬਾਰੇ ਬਿਲਕੁਲ ਅਣਜਾਣ ਹੁੰਦੇ ਤਾਂ ਅਸੀਂ ਪੰਡਤ ਮੋਤੀ ਲਾਲ ਨਹਿਰੂ, ਸ੍ਰੀ ਕਾਲੇਕਰ, ਸ੍ਰੀ ਜੈਕਰ ਅਤੇ ਸ੍ਰੀ ਸਿਨਹਾ ਜਿਹੇ ਮਾਨਯੋਗ ਰਾਸ਼ਟਰੀ ਨੇਤਾਵਾਂ ਦੀ ਹਾਜ਼ਰੀ ਵਿਚ ਕਿਉਂ ਬੰਬ ਸੁਟਦੇ? ਅਸੀਂ ਨੇਤਾਵਾਂ ਦੇ ਜੀਵਨ ਕਿਵੇਂ ਖ਼ਤਰੇ ਵਿਚ ਪਾ ਸਕਦੇ ਸਾਂ? ਅਸੀਂ ਪਾਗਲ ਤੇ ਨਹੀਂ ਹਾਂ? ਅਤੇ ਅਗਰ ਪਾਗਲ ਹੁੰਦੇ ਤਾਂ ਜੇਲ੍ਹ ਵਿਚ ਬੰਦ ਕਰਨ ਦੀ ਬਜਾਏ ਸਾਨੂੰ ਪਾਗਲਖਾਨੇ ਵਿਚ ਬੰਦ ਕੀਤਾ ਜਾਂਦਾ। ਬੰਬਾਂ ਬਾਰੇ ਵਿਚ ਸਾਨੂੰ ਯਕੀਨੀ ਜਾਣਕਾਰੀ ਸੀ। ਉਸੇ ਦੇ ਕਾਰਨ ਅਸਾਂ ਇਹ ਹੌਸਲਾ ਕੀਤਾ। ਜਿਨ੍ਹਾਂ ਬੈਂਚਾਂ 'ਤੇ ਲੋਕ ਬੈਠੇ ਸਨ, ਉਨ੍ਹਾਂ 'ਤੇ ਬੰਬ ਸੁੱਟਣਾ ਕਿਤੇ ਵਧ ਸੌਖਾ ਕੰਮ ਸੀ, ਪਰ ਖ਼ਾਲੀ ਜਗ੍ਹਾ ਤੇ ਬੰਬ ਸੁੱਟਣਾ ਬਹੁਤ ਹੀ ਮੁਸ਼ਕਲ ਕੰਮ ਸੀ। ਅਗਰ ਬੰਬ ਸੁੱਟਣ ਵਾਲੇ ਠੀਕ ਦਿਮਾਗ਼ ਦੇ ਨਾ ਹੁੰਦੇ ਜਾਂ ਉਹ ਸੰਤੁਲਤ ਨਾ ਹੁੰਦੇ ਤਾਂ ਬੰਬ ਖ਼ਾਲੀ ਜਗ੍ਹਾ ਦੇ ਬਜਾਏ ਬੈਂਚਾਂ 'ਤੇ ਡਿੱਗਦਾ। ਮੈਂ ਤਾਂ ਕਹਾਂਗਾ ਕਿ ਖ਼ਾਲੀ ਜਗ੍ਹਾ ਦੀ ਚੋਣ ਕਰਨ ਲਈ ਜੋ ਹਿੰਮਤ ਅਸਾਂ ਦਿਖਲਾਈ ਹੈ, ਉਸ ਲਈ ਸਾਨੂੰ ਇਨਾਮ ਮਿਲਣਾ ਚਾਹੀਦਾ ਹੈ। ਇਹਨਾਂ ਹਾਲਤਾਂ ਵਿਚ, ਮਾਈ ਲਾਰਡ, ਅਸੀਂ ਸੋਚਦੇ ਹਾਂ ਕਿ ਸਾਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਗਿਆ ਹੈ। ਆਪ ਦੀ ਸੇਵਾ ਵਿਚ ਅਸੀਂ ਸਜ਼ਾਵਾਂ 'ਚ ਕਮੀ ਕਰਵਾਉਣ ਨਹੀਂ ਆਏ, ਸਗੋਂ ਆਪਣੀ ਸਥਿਤੀ ਸਪਸ਼ਟ ਕਰਨ ਲਈ ਆਏ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਠੀਕ ਵਰਤਾਰਾ ਕੀਤਾ ਜਾਵੇ ਤੇ ਸਾਡੇ ਸੰਬੰਧ ਵਿਚ ਉਚਿਤ ਰਾਏ ਦਿੱਤੀ ਜਾਵੇ। ਸਜ਼ਾ ਦਾ ਸਵਾਲ ਸਾਡੇ ਲਈ ਬੇਮਾਇਨੇ ਹੈ।

●



Sri Satguru Jagjit Singh Ji Elibrary NamdhariElibrary@gmail.com

## ਪਾਠ–12

# ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ

[ਭਗਤ ਸਿੰਘ ਨੇ ਆਪਣੇ ਵਿਚਾਰਾਂ ਨੂੰ ਸਾਫ਼-ਸਾਫ਼ ਭਾਰਤੀ ਲੋਕਾਂ ਨਾਲ ਸਾਂਝੇ ਕੀਤਾ। ਉਨ੍ਹਾਂ ਦੇ ਵਿਚਾਰ ਵਿਚ "ਇਨਕਲਾਬ ਦੀ ਤਲਵਾਰ ਵਿਚਾਰਾਂ ਦੇ ਸਾਣ 'ਤੇ ਹੀ ਤਿੱਖੀ ਹੁੰਦੀ ਹੈ" ਅਤੇ ਉਹ ਵਿਚਾਰ-ਧਾਰਕ ਇਨਕਲਾਬੀ ਹਾਲਾਤ ਲਈ ਜੂਝ ਰਹੇ ਸਨ। ਆਪਣੇ ਵਿਚਾਰਾਂ 'ਤੇ ਹਰ ਵਾਰ ਦਾ ਉਨ੍ਹਾਂ ਮੋੜਵਾਂ ਪਰ ਤਰਕ ਭਰਪੂਰ ਜਵਾਬ ਦਿੱਤਾ, ਚਾਹੇ ਉਹ ਅੰਗਰੇਜ਼ੀ ਰਾਜ ਦੀ ਅਦਾਲਤ ਸੀ ਜਾਂ ਦੇਸੀ ਨੇਤਾਵਾਂ ਵੱਲੋਂ ਅਖ਼ਬਾਰੀ ਪ੍ਰਚਾਰ। ਸ਼ਹੀਦ ਜੋਤਿੰਨ ਦਾਸ, 63 ਦਿਨ ਦੀ ਭੁੱਖ ਹੜਤਾਲ ਬਾਅਦ, ਸ਼ਹੀਦ ਹੋ ਗਏ। ਲਾਹੌਰ ਤੋਂ ਕਲਕੱਤੇ ਤੱਕ ਲੱਖਾਂ ਲੋਕਾਂ ਨੇ ਉਨ੍ਹਾਂ ਦੀ ਜੈ ਜੈਕਾਰ ਕਰਕੇ ਨਾਹਰੇ ਗੁੰਜਾਏ। ਮਾਡਰਨ ਰੀਵੀਊ ਦੇ ਸੰਪਾਦਕ ਨੇ ਇਸ 'ਤੇ ਨੁਕਤਾਚੀਨੀ ਕੀਤੀ। ਉਸਦਾ ਜਵਾਬ ਇਸ ਖ਼ਤ ਰਾਹੀਂ ਭਗਤ ਸਿੰਘ ਨੇ ਦਿੱਤਾ। —ਸੰਪਾਦਕ]

* * *

### 63. ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਕਿਉਂ ?

*—ਦਸੰਬਰ 1929*

ਜਨਾਬ ਐਡੀਟਰ ਮਾਡਰਨ ਰੀਵੀਊ

ਤੁਸੀਂ ਮਾਡਰਨ ਰੀਵੀਊ ਪ੍ਰਕਾਸ਼ਨਾ ਦਸੰਬਰ, 1929 ਵਿਚ ਸਾਡੇ ਕੌਮੀ ਨਾਹਰੇ 'ਇਨਕਲਾਬ ਜ਼ਿੰਦਾਬਾਦ' ਨੂੰ ਇਕ ਬੇਅਰਥ ਨਾਹਰਾ ਕਰਾਰ ਦਿੱਤਾ। ਸਾਡਾ ਖ਼ਿਆਲ ਹੈ ਕਿ ਤੁਸੀਂ ਇਕ ਪ੍ਰਸਿੱਧ ਜਰਨਲਿਸਟ ਹੋ। ਤੁਹਾਡੇ ਖ਼ਿਆਲਾਂ ਨੂੰ ਝੁਠਲਾਉਣਾ ਸਾਡੀ ਗੁਸਤਾਖ਼ੀ ਦੇ ਬਰਾਬਰ ਹੋਵੇਗਾ, ਕਿਉਂਕਿ ਤੁਹਾਨੂੰ ਹਰ ਰੋਸ਼ਨ ਦਿਮਾਗ਼ ਭਾਰਤੀ, ਇੱਜ਼ਤ ਦੀਆਂ ਨਜ਼ਰਾਂ ਨਾਲ ਵੇਖਦਾ ਹੈ।

ਪਰ ਇਸ ਦੇ ਬਾਵਜੂਦ ਅਸੀਂ ਆਪਣਾ ਫ਼ਰਜ਼ ਸਮਝਦੇ ਹਾਂ ਕਿ ਅਸੀਂ ਇਸ ਸੰਬੰਧੀ ਹਕੀਕਤ ਨੂੰ ਤੁਹਾਡੇ ਸਾਹਮਣੇ ਰੱਖੀਏ ਕਿ ਇਸ ਨਾਹਰੇ ਦਾ ਮਤਲਬ ਸਾਡੇ ਦਿਮਾਗ਼ ਵਿਚ ਕੀ ਹੈ? ਇਹ ਫ਼ਰਜ਼ ਸਾਡੇ 'ਤੇ ਇਸ ਲਈ ਵੀ ਆਉਂਦਾ ਹੈ ਕਿਉਂਕਿ ਭਾਰਤੀ ਇਤਿਹਾਸ ਦੇ ਮੌਜੂਦਾ ਮੋੜ 'ਤੇ ਅਸੀਂ ਇਸ ਨਾਹਰੇ ਨੂੰ ਮੌਜੂਦਾ ਅਹਿਮੀਅਤ ਦਿੱਤੀ ਹੈ।

ਤੁਸੀਂ ਇਸ ਖ਼ਿਆਲ ਨੂੰ ਆਪਣੇ ਦਿਮਾਗ਼ ਵਿਚੋਂ ਕੱਢ ਦਿਉ ਕਿ ਇਸ ਨਾਹਰੇ ਦਾ ਮਤਲਬ ਇਹ ਹੈ ਕਿ ਹਥਿਆਰਬੰਦ ਜਦੋ-ਜਹਿਦ ਸਦਾ ਹੀ ਜਾਰੀ ਰਹੇਗੀ। ਗੱਲ ਇਹ ਹੈ ਕਿ ਲਗਾਤਾਰ ਵਰਤੇ ਜਾਣ ਕਰਕੇ ਇਸ ਨਾਹਰੇ ਨੂੰ ਇਕ ਨਵੀਂ ਤੇ ਇਕ ਅਹਿਮ ਥਾਂ ਹਾਸਲ ਹੋ ਚੁੱਕੀ ਹੈ। ਤੁਸੀਂ ਕਹਿ ਸਕਦੇ ਹੋ ਗਰਾਮਰ, ਜ਼ਬਾਨ ਅਤੇ ਡਿਕਸ਼ਨਰੀ ਦੇ ਮਿਆਰਾਂ 'ਤੇ ਇਹ ਨਾਹਰਾ ਨਾ ਸੱਚ ਤੇ ਨਾ ਹੀ ਠੀਕ ਹੈ। ਪਰ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਤੁਸੀਂ ਇਸ ਨਾਹਰੇ ਦੇ ਪਿੱਛੇ ਕੰਮ ਕਰਨ ਵਾਲੇ ਖ਼ਿਆਲਾਂ ਨੂੰ ਇਸ ਨਾਲੋਂ ਵੱਖ ਬਿਲਕੁਲ ਨਹੀਂ ਕਰ ਸਕਦੇ। ਉਹ ਖ਼ਿਆਲ ਇਸ ਨਾਹਰੇ ਨਾਲ ਜੁੜ ਚੁੱਕੇ ਹਨ ਅਤੇ ਇਸ ਵਿਚ ਜਨਮ ਲੈ ਚੁੱਕੇ ਹਨ। ਅਸੀਂ ਇਕ ਉਦਾਹਰਣ



Sri Satguru Jagjit Singh Ji Elibrary NamdhariElibrary@gmail.com

ਦੇ ਕੇ ਇਸ ਦਾ ਸਪਸ਼ਟੀਕਰਣ ਕਰਨਾ ਚਾਹੁੰਦੇ ਹਾਂ। ਫ਼ਰਜ਼ ਕਰੋ ਅਸੀਂ ਕਹਿੰਦੇ ਹਾਂ 'ਜ਼ਿੰਦਾਬਾਦ ਜੋਤੰਨ ਦਾਸ !' ਤਾਂ ਇਸ ਦਾ ਅਰਥ ਸਾਫ਼ ਅਤੇ ਸਪਸ਼ਟ ਇਹ ਹੁੰਦਾ ਹੈ ਕਿ ਉਹ ਨਾ ਫਤਿਹ ਹੋਣ ਵਾਲੀ ਸਪਿਰਟ ਅਤੇ ਕਾਬਲੇ ਇੱਜ਼ਤ ਆਦਰਸ਼, ਜਿਹੜਾ ਇਸ ਬਹਾਦਰ ਇਨਕਲਾਬੀ ਸ਼ਹੀਦ ਨੇ ਪੈਦਾ ਕੀਤਾ ਅਤੇ ਜਿਹਨਾਂ ਨੇ ਉਸ ਨੂੰ ਆਪਣੇ ਦੇਸ਼ ਤੇ ਕੌਮ ਦੀ ਖਾਤਰ ਅਤਿ ਦੀਆਂ ਤਕਲੀਫਾਂ ਸਹਿਣ ਅਤੇ ਕੁਰਬਾਨੀਆਂ ਕਰਨ ਦੇ ਯੋਗ ਬਣਾਇਆ। ਉਹ ਸਪਿਰਟ ਉਹ ਰੂਹ ਸਦਾ ਲਈ ਜ਼ਿੰਦਾ ਰਹੇ। ਸਾਡੀ ਚਾਹ ਇਹ ਹੁੰਦੀ ਹੈ ਕਿ ਅਸੀਂ ਇਹ ਨਾਹਰਾ ਬੁਲੰਦ ਕਰਨ ਸਮੇਂ ਆਪਣੇ ਆਦਰਸ਼ਾਂ ਦੀ ਲਾਜਵਾਬ ਸਪਿਰਟ ਨੂੰ ਜਿਉਂਦਾ ਰੱਖੀਏ ਅਤੇ ਇਹੀ ਉਹ ਹੈ ਜਿਸ ਦੀ ਅਸੀਂ ਇਸ ਨਾਹਰੇ ਰਾਹੀਂ ਤਾਰੀਫ ਅਤੇ ਸਤਿਕਾਰ ਕਰਦੇ ਹਾਂ।

ਹੁਣ ਲਵੋ ਇਸ ਨਾਹਰੇ ਦੇ ਲਫਜ਼ 'ਇਨਕਲਾਬ' ਨੂੰ। ਇਸ ਲਫਜ਼ ਦਾ ਇਕ ਸ਼ਬਦ-ਕੋਸ਼ ਵਾਲਾ ਮਤਲਬ ਵੀ ਹੈ ਪਰ ਇਸ ਦੇ ਸਿਰਫ ਸ਼ਬਦ-ਕੋਸ਼ ਵਾਲੇ ਅਰਥ ਨੂੰ ਹੀ ਲੈਣਾ ਕਾਫੀ ਨਹੀਂ, ਇਸ ਲਫਜ਼ ਨਾਲ ਉਹਨਾਂ ਲੋਕਾਂ ਦੀਆਂ, ਜਿਹੜੇ ਇਸ ਨੂੰ ਪੇਸ਼ ਕਰਦੇ ਹਨ, ਕੁਝ ਖਾਸ ਹਕੀਕਤਾਂ ਸੰਬੰਧਤ ਹੁੰਦੀਆਂ ਹਨ। ਸਾਡੀਆਂ ਇਨਕਲਾਬ ਪਸੰਦਾਂ ਦੀਆਂ ਨਜ਼ਰਾਂ ਵਿਚ ਇਹ ਇਕ ਪਾਕ ਅਤੇ ਇੱਜ਼ਤ ਕਰਨ ਯੋਗ ਲਫਜ਼ ਹੈ। ਅਸੀਂ ਅਦਾਲਤ ਦੇ ਸਾਹਮਣੇ ਜਿਹੜਾ ਬਿਆਨ ਦਿੱਤਾ ਸੀ, ਉਸ ਪਾਕ ਲਫਜ਼ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਸੀ।

ਤੁਸੀਂ ਉਸ ਬਿਆਨ ਨੂੰ ਪੜ੍ਹੋ ਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ ? ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ ਬੰਬਾਂ ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ ਬਲਕਿ ਇਹ ਬੰਬ ਤੇ ਪਿਸਤੌਲ ਤਾਂ ਕਦੀ ਕਦਾਈਂ ਇਸ ਇਨਕਲਾਬ ਦੇ ਵੱਖ-ਵੱਖ ਹਿੱਸਿਆਂ ਦੀ ਪੂਰਤੀ ਲਈ ਇਕ ਸਾਧਨ ਬਣ ਜਾਂਦੇ ਹਨ। ਪਰ ਮੁਕੰਮਲ ਇਨਕਲਾਬ ਨਹੀਂ ਕਹਿਲਾ ਸਕਦੇ।

ਸਾਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਵਾਰ ਕਈ ਲਹਿਰਾਂ ਵਿਚ ਇਨ੍ਹਾਂ ਹਥਿਆਰਾਂ ਦਾ ਇਕ ਅਹਿਮ ਰੋਲ ਹੁੰਦਾ ਹੈ ਪਰ ਸਿਰਫ ਏਹੀ ਕਾਫ਼ੀ ਨਹੀਂ ਹੁੰਦਾ, ਸਿਰਫ ਬਗਾਵਤ ਨੂੰ ਇਨਕਲਾਬ ਕਹਿਣਾ ਗ਼ਲਤੀ ਹੈ। ਹਾਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਆਖ਼ਰਕਾਰ ਬਗ਼ਾਵਤਾਂ ਦਾ ਨਤੀਜਾ ਇਨਕਲਾਬ ਦੀ ਸ਼ਕਲ ਵਿਚ ਤਬਦੀਲ ਹੋ ਜਾਇਆ ਕਰਦਾ ਹੈ।

ਅਸੀਂ ਦੇਸ਼ ਵਿਚ ਬੇਹਤਰ ਤਬਦੀਲੀ ਦੀ ਸਪਿਰਟ ਤੇ ਉੱਨਤੀ ਦੀ ਖਾਹਸ਼ ਲਈ ਇਸ ਲਫਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ 'ਤੇ ਇਕ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਕੰਜੇ ਵਿਚ ਕਸ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਬਸ ਇਸ ਜਮੂਦ ਦੇ ਬੇਹਰਕਤੀ ਨੂੰ ਤੋੜਨ ਦੀ ਖ਼ਾਤਰ ਵਿਚ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਇਕ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਗ਼ੈਰ-ਤਰੱਕੀ ਪਸੰਦ ਤਾਕਤਾਂ ਉਨ੍ਹਾਂ ਨੂੰ ਗਲਤ ਰਾਹ ਲੈ ਜਾਣ ਵਿਚ ਕਾਮਯਾਬ ਹੋ ਜਾਂਦੀਆਂ ਹਨ, ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਤੇ ਉਸ ਵਿਚ ਖੜੋਤ ਆ ਜਾਂਦੀ ਹੈ।

ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿਚ ਇਕ ਹਰਕਤ ਪੈਦਾ ਹੋ ਜਾਵੇ ਅਤੇ ਜੁਰੱਅਤ ਪਸੰਦ ਤਾਕਤਾਂ ਇਨਸਾਨੀ ਉੱਨਤੀ ਦੇ ਰਾਹ ਵਿਚ ਰੋੜਾ ਨਾ ਅਟਕਾ ਸਕਣ ਤੇ ਨਾ ਹੀ ਇਸ ਰਾਹ ਨੂੰ ਖ਼ਤਮ ਕਰਨ ਲਈ ਇਕੱਠੀਆਂ ਅਤੇ ਮਜ਼ਬੂਤ ਹੋ ਸਕਣ। ਇਨਸਾਨੀ ਉੱਨਤੀ ਦਾ ਲਾਜ਼ਮੀ ਅਸੂਲ ਇਹ ਹੈ ਕਿ ਪੁਰਾਣੀ ਚੀਜ਼ ਨਵੀਂ ਚੀਜ਼ ਲਈ ਥਾਂ ਖ਼ਾਲੀ ਕਰਦੀ ਚਲੀ ਜਾਵੇ।



Sri Satguru Jagjit Singh Ji Elibrary NamdhariElibrary@gmail.com

ਹੁਣ ਤੁਸੀਂ ਚੰਗੀ ਤਰ੍ਹਾਂ ਸਮਝ ਗਏ ਹੋਵੋਗੇ ਕਿ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਜਿਸ ਦਾ ਤੁਸੀਂ ਮਖੌਲ ਉਡਾਇਆ ਹੈ ਕਿਹੋ ਜਿਹੀ ਸਪਿਰਟ ਰੱਖਦਾ ਹੈ, ਅਤੇ ਅਸੀਂ ਇਸ ਨੂੰ ਕਿਸ ਲਈ ਵਰਤਣ ਦੇ ਹੱਕ ਵਿਚ ਆਵਾਜ਼ ਉੱਚੀ ਕਰ ਰਹੇ ਹਾਂ।

ਭਗਤ ਸਿੰਘ, ਬੀ.ਕੇ. ਦੱਤ,
22 ਦਸੰਬਰ, 1929

* * *

## 64. ਵਿਦਿਆਰਥੀਆਂ ਨੂੰ ਸੰਦੇਸ਼

*—19 ਅਕਤੂਬਰ 1929*

[ਦੂਸਰੀ ਪੰਜਾਬ ਸਟੂਡੈਂਟ ਯੂਨੀਅਨ ਦੀ ਕਾਨਫਰੰਸ 19-20 ਅਕਤੂਬਰ, 1929 ਨੂੰ ਲਾਹੌਰ ਵਿਚ ਹੋਈ, ਉਸ ਤੇ ਇਹ ਸੰਦੇਸ਼ ਵਿਦਿਆਰਥੀਆਂ ਨੂੰ ਭੇਜਿਆ ਗਿਆ। ਇਸ ਦੇ ਸਭਾਪਤੀ ਨੇਤਾ ਜੀ ਸੁਭਾਸ਼ ਸਨ। ਭਗਤ ਸਿੰਘ ਅਤੇ ਬੀ.ਕੇ. ਦੱਤ ਜੀ ਦਾ ਸੁਨੇਹਾ ਮਿਹਨਤੀ ਲੋਕਾਂ ਵਿਚ ਜਾਣ ਦਾ ਹੈ, ਅਤੇ ਉਨ੍ਹਾਂ ਨੂੰ ਵਿਚਾਰਧਾਕ ਤੌਰ 'ਤੇ ਭਾਵੇਂ ਭਵਿੱਖ ਲਈ ਤਿਆਰ ਕਰਨ ਦਾ ਹੈ, 19 ਅਕਤੂਬਰ, 1929 ਨੂੰ ਕਾਨਫਰੰਸ ਵਿਚ ਪੜ੍ਹ ਕੇ ਸੁਣਾਇਆ ਗਿਆ। ਇਹ 22 ਅਕਤੂਬਰ, 1929 ਦੇ "ਟ੍ਰਿਬਿਊਨ" ਲਾਹੌਰ ਵਿਚ ਪ੍ਰਕਾਸ਼ਿਤ ਹੋਇਆ। —ਸੰਪਾਦਕ]

ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ। ਆਉਣ ਵਾਲੇ ਲਾਹੌਰ ਸੈਸ਼ਨ ਵਿਚ ਕਾਂਗਰਸ ਦੇਸ਼ ਦੀ ਸਵਤੰਤਰਤਾ ਲਈ ਤਕੜੀ ਜਦੋ-ਜਹਿਦ ਦਾ ਐਲਾਨ ਕਰ ਰਹੀ ਹੈ। ਕੌਮੀ ਇਤਿਹਾਸ ਦੇ ਇਸ ਨਾਜ਼ੁਕ ਸਮੇਂ ਨੌਜਵਾਨ ਜਮਾਤ ਦੇ ਸਿਰਾਂ ਉੱਤੇ ਮਣਾ ਮੂੰਹੀਂ ਜ਼ਿੰਮੇਵਾਰੀ ਦਾ ਭਾਰ ਆ ਜਾਂਦਾ ਹੈ। ਹੋਰ ਸਭ ਤੋਂ ਵੱਧ ਵਿਦਿਆਥੀ ਹੀ ਤਾਂ ਆਜ਼ਾਦੀ ਦੀ ਲੜਾਈ ਦੀਆਂ ਮੂਹਰਲੀਆਂ ਸਫਾਂ ਵਿਚ ਲੜਦੇ ਸ਼ਹੀਦ ਹੋਏ ਹਨ। ਕੀ ਭਾਰਤੀ ਨੌਜਵਾਨ ਇਸ ਪ੍ਰੀਖਿਆ ਦੇ ਸਮੇਂ ਉਹੀ ਸੰਜੀਦਾ ਇਰਾਦਾ ਵਿਖਾਉਣ ਤੋਂ ਝਿਜਕਣਗੇ?

ਫੈਕਟਰੀਆਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ, ਝੁੱਗੀਆਂ ਤੇ ਪੋਂਡੂ ਝੋਂਪੜੀਆਂ ਵਿਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ, ਦੇਸ਼ ਦੇ ਹਰ ਕੋਨੇ-ਕੋਨੇ ਵਿਚ ਪਹੁੰਚਾਣਾ ਹੈ। ਉਸ ਇਨਕਲਾਬ ਦਾ ਸੁਨੇਹਾ, ਜਿਹੜਾ ਕਿ ਉਹ ਆਜ਼ਾਦੀ ਲਿਆਵੇਗਾ, ਜਿਸ ਵਿਚ ਆਦਮੀ ਦੇ ਹੱਥੋਂ ਆਦਮੀ ਦੀ ਲੁੱਟ ਖਸੁੱਟ ਅਸੰਭਵ ਹੋ ਜਾਵੇਗੀ। ਕਿਉਂਕਿ ਆਮ ਤੌਰ 'ਤੇ ਪੰਜਾਬ ਨੂੰ ਰਾਜਨੀਤਕ ਤੌਰ 'ਤੇ ਪਛੜਿਆ ਸਮਝਿਆ ਜਾਂਦਾ ਹੈ, ਸੋ ਇਸ ਕਰ ਕੇ ਇਥੋਂ ਦੇ ਨੌਜਵਾਨਾਂ 'ਤੇ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਆਓ, ਆਪਣੇ ਮਹਾਨ ਸ਼ਹੀਦ ਜਤਿੰਦਰ ਨਾਥ ਦਾਸ ਦੀ ਮਹਾਨ ਤੇ ਗੌਰਵਮਈ ਮਿਸਾਲ ਨੂੰ ਕਾਇਮ ਰੱਖਦੇ ਹੋਏ, ਆਉਣ ਵਾਲੀ ਜੰਗ ਵਿਚ ਆਪਣੀ ਮਜ਼ਬੂਤੀ ਤੇ ਅਡੋਲ ਬਹਾਦਰੀ ਰਾਹੀਂ ਆਪਣੀ ਜਾਗ੍ਰਤੀ ਦਾ ਸਬੂਤ ਦਿਉ।

* * *

## 65. ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਦਾ ਮੈਨੀਫੈਸਟੋ

*—ਦਸੰਬਰ 1929*

[ਲਾਹੌਰ ਕਾਂਗਰਸ 1929 ਵਿਚ ਵੰਡਿਆ ਗਿਆ ਇਹ ਦਸਤਾਵੇਜ਼, ਭਗਵਤੀ ਚਰਨ ਵੋਹਰਾ ਨੇ ਮੁਖ ਤੌਰ 'ਤੇ ਲਿਖਿਆ। ਦੁਰਗਾ ਭਾਬੀ ਤੇ ਦੂਜੇ ਕਰਾਂਤੀਕਾਰੀਆਂ ਨੇ, ਇਹ



Sri Satguru Jagjit Singh Ji Elibrary NamdhariElibrary@gmail.com

ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਦਾ ਮੈਨੀਫੈਸਟੋ ਵੰਡਿਆ। ਸੀ.ਆਈ.ਡੀ. ਨੇ ਇਹ ਪਰਚਾ ਫੜ ਲਿਆ ਸੀ ਅਤੇ ਉਹਨਾਂ ਦੇ ਕਾਗਜ਼ਾਂ ਵਿਚੋਂ ਪ੍ਰਾਪਤ ਹੋਇਆ ਹੈ। 1929 ਦਸੰਬਰ, ਬਾਅਦ ਵਿਚ ਪਹਿਲੀ ਵਾਰ ਪੰਜਾਬੀ ਵਿਚ ਸਾਂਝਾ ਕੀਤਾ ਜਾ ਰਿਹਾ ਹੈ। ਇਹ ਰੀਪਬਲੀਕਨ ਪ੍ਰੈਸ, ਅਰਹਵਨ, ਭਾਰਤ ਤੋਂ ਪ੍ਰਕਾਸ਼ਿਤ ਦੀ ਲਾਇਨ ਦਿੱਤੀ ਗਈ ਸੀ।

—ਸੰਪਾਦਕ]

'ਖ਼ੁਰਾਕ ਜਿਸ ਉੱਤੇ ਆਜ਼ਾਦੀ ਦਾ ਨਾਜ਼ੁਕ ਬੂਟਾ ਪਲਦਾ ਹੈ, ਉਹ ਹੈ ਸ਼ਹੀਦਾਂ ਦਾ ਖ਼ੂਨ।' ਦਹਾਕਿਆਂ ਤੋਂ ਭਾਰਤੀ ਆਜ਼ਾਦੀ ਦੇ ਬੂਟੇ ਦਾ ਜੀਵਨ ਖ਼ੂਨ ਇਨਕਲਾਬੀ ਹੀ ਪਾਉਂਦੇ ਆਏ ਹਨ। ਬਹੁਤ ਘੱਟ ਲੋਕ ਹਨ ਜੋ ਉਨ੍ਹਾਂ ਦੇ ਮਨਾਂ ਵਿਚ ਪਾਲੇ ਆਦਰਸ਼ਾਂ ਦੀ ਉੱਚਤਾ ਅਤੇ ਮਹਾਨ ਕੁਰਬਾਨੀਆਂ ਉੱਤੇ ਕਿੰਤੂ ਕਰਨ ਪਰ ਉਨ੍ਹਾਂ ਦੀ ਕਾਰਵਾਈ ਗੁਪਤ ਹੋਣ ਕਰਕੇ ਉਨ੍ਹਾਂ ਦੇ ਮੌਜੂਦਾ ਇਰਾਦਿਆਂ ਅਤੇ ਪਾਲਿਸੀ ਬਾਰੇ ਦੇਸ਼ ਵਾਸੀ ਅੰਧੇਰੇ ਵਿਚ ਹਨ। ਇਸ ਕਰਕੇ ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਨੇ ਇਹ ਮਨੋਰਥ ਪੱਤ੍ਰ ਜਾਰੀ ਕਰਨਾ ਜ਼ਰੂਰੀ ਸਮਝਿਆ ਹੈ।

ਵਿਦੇਸ਼ੀਆਂ ਦੀ ਗੁਲਾਮੀ ਤੋਂ ਦੇਸ਼ ਭਾਰਤ ਨੂੰ ਮੁਕਤ ਕਰਨ ਲਈ, ਇਹ ਐਸੋਸੀਏਸ਼ਨ, ਹਥਿਆਰਬੰਦ ਸੰਗਠਨ ਰਾਹੀਂ ਭਾਰਤ ਵਿਚ ਇਨਕਲਾਬ ਲਈ ਦ੍ਰਿੜ੍ਹ ਸੰਕਲਪ ਹੈ। ਗੁਲਾਮ ਰੱਖੇ ਲੋਕਾਂ ਵੱਲੋਂ ਖੁੱਲ੍ਹੇ ਤੌਰ 'ਤੇ ਬਗ਼ਾਵਤ ਦੇ ਪਹਿਲਾਂ ਗੁਪਤ ਪ੍ਰਾਪੇਗੰਡਾ ਤੇ ਗੁਪਤ ਤਿਆਰੀਆਂ ਹੋਣੀਆਂ ਜ਼ਰੂਰੀ ਹਨ। ਜਦ ਦੇਸ਼ ਇਨਕਲਾਬ ਦੀ ਉਸ ਫ਼ੇਜ਼ ਵਿਚ ਆ ਜਾਂਦਾ ਹੈ ਤਾਂ ਵਿਦੇਸ਼ੀ ਸਰਕਾਰ ਲਈ ਉਸ ਨੂੰ ਰੋਕਣਾ ਮੁਸ਼ਕਲ ਹੋ ਜਾਂਦਾ ਹੈ। ਉਹ ਕੁਝ ਦੇਰ ਅੜ ਸਕਦੀ ਹੈ, ਪਰ ਉਸ ਦੀ ਕਿਸਮਤ ਸਦਾ ਲਈ ਠੱਪ ਹੋ ਚੁੱਕੀ ਹੁੰਦੀ ਹੈ। ਇਨਸਾਨੀ ਸੁਭਾਅ, ਭਰਮਾਂ ਅਤੇ ਖੜੋਤ ਚਾਹੁਣ ਵਾਲਾ ਹੋਣ ਕਰਕੇ, ਇਨਕਲਾਬ ਤੋਂ ਇਕ ਤਰ੍ਹਾਂ ਦਾ ਡਰ ਇਜ਼ਹਾਰ ਕਰਦੀ ਹੈ। ਸਮਾਜਿਕ ਤਬਦੀਲੀ ਸਦਾ ਤਾਕਤ ਅਤੇ ਖ਼ਾਸ ਸਹੂਲਤਾਂ ਮਾਨਣ ਵਾਲਿਆਂ ਲਈ ਡਰ ਪੈਦਾ ਕਰਦਾ ਹੈ। ਇਨਕਲਾਬ ਇਕ ਅਜਿਹਾ ਕ੍ਰਿਸ਼ਮਾ ਹੈ ਜਿਸ ਨੂੰ ਕੁਦਰਤ ਪਿਆਰ ਕਰਦੀ ਹੈ ਅਤੇ ਜਿਸ ਦੇ ਬਗ਼ੈਰ ਕੋਈ ਉੱਨਤੀ ਨਹੀਂ ਹੋ ਸਕਦੀ, ਨਾ ਕੁਦਰਤ ਵਿਚ ਤੇ ਨਾ ਹੀ ਇਨਸਾਨੀ ਕਾਰੋਬਾਰ ਵਿਚ। ਇਨਕਲਾਬ ਯਕੀਨੀ ਅਣ ਸੋਚੀ ਸਮਝੀ, ਕਤਲਾਂ ਅਤੇ ਸਾੜ ਫੂਕ ਦੀ ਦਰਿੰਦਾ ਮੁਹਿੰਮ ਨਹੀਂ, ਤੇ ਨਾ ਹੀ ਚੰਦ ਬੰਬ ਇਥੇ ਉਥੇ ਸੁੱਟਣ ਅਤੇ ਗੋਲੀਆਂ ਚਲਾਉਣਾ ਹੈ ; ਅਤੇ ਨਾ ਹੀ ਇਹ ਸਭਿਆਚਾਰ ਦੇ ਸਾਰੇ ਨਿਸ਼ਾਨ ਮਿਟਾਉਣ ਅਤੇ ਸਮੇਂ ਤੋਂ ਮੰਨੇ ਪ੍ਰਮੰਨੇ ਇਨਸਾਫ਼ ਅਤੇ ਬਰਾਬਰੀ ਦੇ ਅਸੂਲ ਤਬਾਹ ਕਰਨਾ ਹੈ। ਇਨਕਲਾਬ ਕੋਈ ਮਾਯੂਸੀ ਤੋਂ ਪੈਦਾ ਹੋਇਆ ਫ਼ਲਸਫ਼ਾ ਵੀ ਨਹੀਂ ਤੇ ਨਾ ਹੀ ਸਿਰਲੱਥਾਂ ਦਾ ਕੋਈ ਸਿਧਾਂਤ ਹੈ। ਇਨਕਲਾਬ ਰੱਬ ਵਿਰੋਧੀ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ। ਇਹ ਇਕ ਪੁਖਤਾ ਤੇ ਜ਼ਿੰਦਾ ਤਾਕਤ ਹੈ। ਇਜ਼ਹਾਰ, ਜੋ ਨਵੇਂ ਤੇ ਪੁਰਾਣੇ ਦੀ, ਜੀਵਨ ਤੇ ਜ਼ਿੰਦਾ ਮੌਤ, ਰੋਸ਼ਨੀ ਅਤੇ ਅੰਧੇਰੇ ਦੀ ਅੰਤਰੀਵੀ ਟੱਕਰ ਦਾ ਇਜ਼ਹਾਰ ਹੈ। ਕੋਈ ਇਤਫ਼ਾਕ ਨਹੀਂ ਹੈ, ਨਾ ਕੋਈ ਸੰਗੀਤਮਈ ਇਕਸਾਰਤਾ ਹੈ ਅਤੇ ਨਾ ਹੀ ਕੋਈ ਤਾਲ ਹੈ ਜੋ ਕਿ ਇਨਕਲਾਬ ਬਗ਼ੈਰ ਆਈ ਹੋਏ। 'ਗੋਲਿਆਂ ਦਾ ਰਾਗ' ਜਿਸ ਬਾਰੇ ਕਵੀ ਗਾਉਂਦੇ ਆਏ ਹਨ, ਅਸਲੀਅਤ ਰਹਿਤ ਹੋ ਜਾਵੇਗਾ ਅਗਰ ਇਨਕਲਾਬ ਨੂੰ ਖਲਾਅ ਵਿਚੋਂ ਖ਼ਤਮ ਕਰ ਦਿੱਤਾ ਜਾਵੇ। ਇਨਕਲਾਬ ਇਕ ਨਿਯਮ ਹੈ। ਇਨਕਲਾਬ ਇਕ ਆਦੇਸ਼ ਹੈ ਅਤੇ ਇਨਕਲਾਬ ਸੱਚ ਹੈ।

ਸਾਡੀ ਕੌਮ ਦੇ ਨੌਜਵਾਨਾਂ ਨੇ ਇਸ ਸਚਾਈ ਨੂੰ ਪਛਾਣ ਲਿਆ ਹੈ। ਉਨ੍ਹਾਂ ਨੇ ਬਹੁਤ ਔਖੇ ਹੋ ਕੇ ਇਹ ਸਬਕ ਸਿੱਖਿਆ ਹੈ ਕਿ ਇਨਕਲਾਬ ਬਿਨਾਂ, ਹਫੜਾ-ਦਫੜੀ, ਕਾਨੂੰਨੀ ਗੁੰਡਾਗਰਦੀ ਅਤੇ ਨਫ਼ਰਤ, ਜੋ ਅੱਜਕਲ ਸਾਰੇ ਪਾਸੇ ਫੈਲੇ ਹੋਏ ਹਨ, ਦੇ ਥਾਂ ਤਰਤੀਬ, ਕਾਨੂੰਨ ਪ੍ਰਸਤੀ ਅਤੇ



Sri Satguru Jagjit Singh Ji Elibrary NamdhariElibrary@gmail.com

ਪਿਆਰ ਨਹੀਂ ਸਥਾਪਤ ਕੀਤਾ ਜਾ ਸਕਦਾ। ਸਾਡੀ ਆਦਰਸ਼ਵਾਦੀ ਧਰਤੀ 'ਤੇ ਕਿਸੇ ਨੂੰ ਏਦਾਂ ਦਾ ਵਿਚਾਰ ਨਹੀਂ ਆਉਣਾ ਚਾਹੀਦਾ ਕਿ ਸਾਡੇ ਨੌਜਵਾਨ ਗ਼ੈਰ ਜ਼ਿੰਮੇਵਾਰ ਹਨ। ਉਹ ਪੂਰੀ ਤਰ੍ਹਾਂ ਜਾਣਦੇ ਹਨ ਕਿ ਉਹ ਕਿੱਥੇ ਖੜ੍ਹੇ ਹਨ। ਉਨ੍ਹਾਂ ਤੋਂ ਵੱਧ ਕਿਸ ਨੂੰ ਪਤਾ ਹੈ ਕਿ ਉਨ੍ਹਾਂ ਦਾ ਰਾਹ ਕੋਈ ਫੁੱਲਾਂ ਦੀ ਸੇਜ ਨਹੀਂ ਹੈ। ਵਕਤ-ਵਕਤ 'ਤੇ ਉਨ੍ਹਾਂ ਨੇ ਆਪਣੇ ਆਦਰਸ਼ਾਂ ਲਈ ਬਹੁਤ ਭਾਰੀ ਕੀਮਤ ਤਾਰੀ ਹੈ। ਇਸ ਕਰਕੇ ਇਹ ਕਿਸੇ ਦੇ ਮੂੰਹ ਤੋਂ ਨਹੀਂ ਨਿਕਲਣਾ ਚਾਹੀਦਾ ਕਿ ਨੌਜਵਾਨ ਜਲਦਬਾਜ਼ੀ ਵਿਚ ਕਿਸੇ ਮਾਮੂਲੀ ਗੱਲਾਂ ਮਗਰ ਲੱਗੇ ਹੋਏ ਹਨ।

ਇਹ ਕੋਈ ਚੰਗੀ ਗੱਲ ਨਹੀਂ ਹੈ ਕਿ ਸਾਡੇ ਆਦਰਸ਼ਾਂ 'ਤੇ ਚਿੱਕੜ ਉਛਾਲਿਆ ਜਾਂਦਾ ਹੈ। ਇਹ ਕਾਫ਼ੀ ਹੋਵੇਗਾ, ਜੇ ਤੁਸੀਂ ਜਾਣੋ ਕਿ ਸਾਡੇ ਵਿਚਾਰ ਬਹੁਤ ਹੀ ਤਾਕਤਵਰ ਅਤੇ ਤੇਜ਼ ਤਰਾਰ ਹਨ, ਜੋ ਨਾ ਸਿਰਫ ਸਾਨੂੰ ਤੋਰੀ ਰੱਖਦੇ ਹਨ, ਸਗੋਂ ਫ਼ਾਂਸੀ 'ਤੇ ਵੀ ਮੁਸਕਾਉਣ ਲਈ ਹਿੰਮਤ ਦਿੰਦੇ ਹਨ।

ਅੱਜਕਲ ਇਹ ਫ਼ੈਸ਼ਨ ਜਿਹਾ ਹੋ ਗਿਆ ਹੈ, ਅੰਧਾਧੁੰਦ ਅਤੇ ਬੇਮਾਇਨਾ ਅਹਿੰਸਾ ਦੀ ਗੱਲ ਕੀਤੀ ਜਾਵੇ। ਮਹਾਤਮਾ ਗਾਂਧੀ ਮਹਾਨ ਹਨ ਅਤੇ ਅਸੀਂ ਉਨ੍ਹਾਂ ਦੇ ਸਤਿਕਾਰ 'ਤੇ ਕੋਈ ਹਰਫ਼ ਨਹੀਂ ਲਿਆਉਣਾ ਚਾਹੁੰਦੇ। ਜਦ ਅਸੀਂ ਇਹ ਮਜ਼ਬੂਤੀ ਨਾਲ ਕਹੀਏ ਕਿ ਅਸੀਂ ਉਨ੍ਹਾਂ ਦੇ ਦੇਸ਼ ਨੂੰ ਆਜ਼ਾਦ ਕਰਾਉਣ ਦੇ ਤੌਰ-ਤਰੀਕੇ ਨੂੰ ਬਿਲਕੁਲ ਨਾਮਨਜ਼ੂਰ ਕਰਦੇ ਹਾਂ। ਜੇ ਅਸੀਂ ਉਨ੍ਹਾਂ ਦੀ ਦੇਸ਼ ਵਿਚ ਚਲਾਈ ਨਾ-ਮਿਲਵਰਤਨ ਲਹਿਰ ਰਾਹੀਂ ਲੋਕ ਜਾਗ੍ਰਿਤੀ ਵਿਚ ਪਾਏ ਹਿੱਸੇ ਲਈ ਉਨ੍ਹਾਂ ਨੂੰ ਸਲਾਮ ਨਾ ਕਰੀਏ ਤਾਂ ਸਾਡੇ ਹਿੱਸੇ 'ਤੇ ਬੜੀ ਨਾਸ਼ੁਕਰੀ ਹੋਵੇਗੀ। ਪਰ ਸਾਡੇ ਲਈ ਮਹਾਤਮਾ ਇਕ ਅਸੰਭਵਤਾਵਾਂ ਦਾ ਦਾਰਸ਼ਨਿਕ ਹੈ। ਅਹਿੰਸਾ ਭਾਵੇਂ ਇਕ ਨੇਕ ਆਦਰਸ਼ ਹੋਵੇ, ਪਰ ਇਹ ਭਲਕ ਦੀ ਚੀਜ਼ ਹੈ। ਅਸੀਂ, ਜਿਵੇਂ ਅੱਜ ਹਾਂ, ਕਦੇ ਵੀ ਆਜ਼ਾਦੀ ਪ੍ਰਾਪਤੀ ਸਿਰਫ਼ ਅਹਿੰਸਾ ਰਾਹੀਂ ਨਹੀਂ ਕਰ ਸਕਦੇ। ਦੁਨੀਆ ਸਿਰ ਤੱਕ ਹਥਿਆਰਾਂ ਨਾਲ ਲੈਸ ਹੋਈ ਹੋਈ ਹੈ ਅਤੇ ਦੁਨੀਆ ਸਾਡੇ 'ਤੇ ਭਾਰੂ ਹੈ। ਅਮਨ ਦੀਆਂ ਸਾਰੀਆਂ ਗੱਲਾਂ ਇਮਾਨਦਾਰ ਹੋ ਸਕਦੀਆਂ ਹਨ ਪਰ ਅਸੀਂ ਜੋ ਗ਼ੁਲਾਮ ਕੌਮ ਹਾਂ, ਸਾਨੂੰ ਅਜਿਹੇ ਝੂਠੇ ਸਿਧਾਂਤ ਰਾਹੀਂ ਆਪਣੇ ਰਾਹੋਂ ਨਹੀਂ ਥਿੜਕਣਾ ਚਾਹੀਦਾ। ਅਸੀਂ ਸਵਾਲ ਕਰਦੇ ਹਾਂ ਕਿ ਜਦ ਦੁਨੀਆ ਦਾ ਵਾਤਾਵਰਣ ਹਿੰਸਾ ਅਤੇ ਗ਼ਰੀਬ ਦੀ ਲੁੱਟ ਨਾਲ ਭਰਿਆ ਹੋਇਆ ਹੈ ਤਾਂ ਅਹਿੰਸਾ ਦੇ ਰਸਤੇ ਦੇਸ਼ ਨੂੰ ਤੋਰਨ ਦਾ ਕੀ ਤੁੱਕ ਹੈ? ਅਸੀਂ, ਆਪਣੇ ਪੂਰੇ ਜ਼ੋਰ ਨਾਲ ਇਹ ਕਹਿੰਦੇ ਹਾਂ ਕਿ ਕੌਮ ਦੇ ਨੌਜਵਾਨ ਅਜਿਹੇ ਕੱਚੀ ਨੀਂਦ ਦੇ ਸੁਫਨਿਆਂ ਨਾਲ ਰਿਝਾਏ ਨਹੀਂ ਜਾ ਸਕਦੇ।

ਅਸੀਂ ਹਿੰਸਾ ਵਿਚ ਵਿਸ਼ਵਾਸ ਰੱਖਦੇ ਹਾਂ, ਆਪਣੇ ਆਪ ਵਿਚ ਅੰਤ ਦੇ ਤੌਰ 'ਤੇ ਨਹੀਂ, ਸਗੋਂ ਇਕ ਨੇਕ ਸਿੱਟੇ ਲਈ ਤੌਰ-ਤਰੀਕੇ ਦੇ ਤੌਰ 'ਤੇ। ਅਹਿੰਸਾ ਦੇ ਪੈਰੋਕਾਰ ਅਤੇ ਖ਼ਬਰਦਾਰੀ ਤੇ ਸਾਵਧਾਨੀ ਦੇ ਵਕੀਲ, ਇਹ ਗੱਲ ਤਾਂ ਮੰਨਦੇ ਹਨ ਕਿ ਅਸੀਂ ਆਪਣੇ ਯਕੀਨ 'ਤੇ ਚੱਲਣ ਅਤੇ ਉਸ ਲਈ ਦੁੱਖ ਝੱਲਣ ਲਈ ਤਿਆਰ ਰਹਿੰਦੇ ਹਾਂ। ਕੀ ਸਾਨੂੰ ਇਸ ਲਈ ਆਪਣੇ ਸਾਥੀਆਂ ਦੀਆਂ ਸਾਂਝੀ ਮਾਂ ਦੀ ਬਲੀ ਵੇਦੀ 'ਤੇ ਕੁਰਬਾਨੀਆਂ ਦੀ ਗਿਣਤੀ ਕਰਵਾਉਣੀ ਪਵੇਗੀ? ਅੰਗਰੇਜ਼ ਸਰਕਾਰ ਦੀਆਂ ਜੇਲਾਂ ਦੀ ਚਾਰਦੀਵਾਰੀ ਅੰਦਰ ਰੂਹ ਕੰਬਾਉਣ ਤੇ ਦਿਲ ਦੀ ਧੜਕਣ ਪਕੜਨ ਵਾਲੇ ਕਈ ਸੀਨ ਖੇਡੇ ਜਾ ਚੁੱਕੇ ਹਨ। ਸਾਨੂੰ ਸਾਡੀ ਤਰਾਸਵਾਦੀ ਨੀਤੀ ਕਰਕੇ ਕਈ ਵਾਰ ਸਜ਼ਾਵਾਂ ਹੋਈਆਂ ਹਨ। ਸਾਡਾ ਜਵਾਬ ਹੈ ਕਿ ਇਨਕਲਾਬੀਆਂ ਦਾ ਮੁੱਦਾ ਤਰਾਸਵਾਦੀ ਨਹੀਂ ਹੁੰਦਾ ਤਾਂ ਵੀ ਇਹ ਵਿਸ਼ਵਾਸ ਰੱਖਦੇ ਹਨ ਕਿ ਤਰਾਸਵਾਦ ਰਾਹੀਂ ਹੀ ਇਨਕਲਾਬ ਆ ਸਕੇ। ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਨਕਲਾਬੀ ਬਿਲਕੁਲ ਠੀਕ ਤਰ੍ਹਾਂ ਸੋਚਦੇ ਹਨ ਕਿ ਅੰਗਰੇਜ਼ੀ ਸਰਕਾਰ ਦਾ ਮੂੰਹ ਮੋੜਨ ਲਈ ਇਨ੍ਹਾਂ ਤਰੀਕਿਆਂ ਦਾ ਵਰਤਣਾ ਹੀ ਕਾਰਗਰ ਢੰਗ ਹੈ। ਅੰਗਰੇਜ਼ਾਂ ਦੀ ਸਰਕਾਰ ਚਲਦੀ ਹੈ ਕਿਉਂਕਿ ਉਹ ਸਾਰੇ ਭਾਰਤ ਨੂੰ ਭੈ-ਭੀਤ ਕਰਨ



Sri Satguru Jagjit Singh Ji Elibrary NamdhariElibrary@gmail.com

ਵਿਚ ਕਾਮਯਾਬ ਹੋਏ ਹਨ। ਅਸੀਂ ਇਸ ਸਰਕਾਰੀ ਦਹਿਸ਼ਤ ਦਾ ਕਿਵੇਂ ਮੁਕਾਬਲਾ ਕਰੀਏ ? ਸਿਰਫ਼ ਇਨਕਲਾਬੀਆਂ ਵਲੋਂ ਮੁਕਾਬਲਤਨ ਦਹਿਸ਼ਤ ਹੀ ਉਨ੍ਹਾਂ ਦੀ ਦਹਿਸ਼ਤ ਨੂੰ ਰੋਕਣ ਵਿਚ ਕਾਮਯਾਬ ਹੋ ਸਕਦੀ ਹੈ। ਸਮਾਜ ਵਿਚ ਇਕ ਲਾਚਾਰੀ ਦੀ ਗਹਿਰੀ ਭਾਵਨਾ ਫੈਲੀ ਹੋਈ ਹੈ। ਇਸ ਖ਼ਤਰਨਾਕ ਮਾਯੂਸੀ ਨੂੰ ਕਿਵੇਂ ਦੂਰ ਕੀਤਾ ਜਾਵੇ ? ਸਿਰਫ਼ ਕੁਰਬਾਨੀ ਦੀ ਰੂਹ ਨੂੰ ਜਗਾ ਕੇ ਗੁਆਚੇ ਸਵੈ-ਵਿਸ਼ਵਾਸ ਨੂੰ ਜਗਾਇਆ ਜਾ ਸਕਦਾ ਹੈ। ਦਹਿਸ਼ਤਪਸੰਦੀ ਦਾ ਇਕ ਅੰਤਰਰਾਸ਼ਟਰੀ ਪੱਖ ਵੀ ਹੈ। ਇੰਗਲੈਂਡ ਦੇ ਕਾਫ਼ੀ ਦੁਸ਼ਮਣ ਹਨ, ਜੋ ਸਾਡੇ ਤਾਕਤ ਦੇ ਪੂਰਨ ਪ੍ਰਗਟਾਵੇ ਕਰਕੇ ਸਾਡੀ ਮਦਦ ਕਰਨ ਨੂੰ ਤਿਆਰ ਹਨ। ਇਹ ਵੀ ਇਕ ਵੱਡਾ ਫ਼ਾਇਦਾ ਹੈ।

ਭਾਰਤ ਸਾਮਰਾਜਵਾਦ ਦੇ ਜੂਲੇ ਹੇਠ ਪਿਸ ਰਿਹਾ ਹੈ। ਇਸ ਦੇ ਕਰੋੜਾਂ ਲੋਕ ਅੱਜ ਅਗਿਆਨਤਾ ਅਤੇ ਗ਼ਰੀਬੀ ਦੇ ਸ਼ਿਕਾਰ ਹੋ ਰਹੇ ਹਨ। ਭਾਰਤ ਦੀ ਬਹੁਤ ਵੱਡੀ ਗਿਣਤੀ, ਜੋ ਕਿਰਤੀਆਂ ਕਿਸਾਨਾਂ ਦੀ ਹੈ, ਉਨ੍ਹਾਂ ਨੂੰ ਵਿਦੇਸ਼ੀ ਦਾਬੇ ਅਤੇ ਆਰਥਿਕ ਲੁੱਟ ਨੇ ਹੱਥਲ ਕਰ ਦਿੱਤਾ ਹੈ। ਭਾਰਤੀ ਕਿਰਤੀ ਵਰਗ ਦੀ ਹਾਲਤ ਅੱਜ ਅਤਿ ਗੰਭੀਰ ਹੈ। ਉਸ ਨੂੰ ਦੋਹਰੇ ਖ਼ਤਰੇ ਦਾ ਸਾਹਮਣਾ ਹੈ। ਉਸ ਨੂੰ ਵਿਦੇਸ਼ੀ ਪੂੰਜੀਵਾਦ ਦਾ ਇਕ ਪਾਸੇ ਤੋਂ ਅਤੇ ਭਾਰਤੀ ਪੂੰਜੀਵਾਦ ਦੇ ਧੋਖੇ ਭਰੇ ਹਮਲੇ ਦਾ ਦੂਜੇ ਪਾਸੇ ਤੋਂ ਖ਼ਤਰਾ ਹੈ। ਭਾਰਤੀ ਪੂੰਜੀਵਾਦ, ਵਿਦੇਸ਼ੀ ਪੂੰਜੀ ਨਾਲ ਹਰ ਰੋਜ਼ ਵਧੇਰੇ ਗਠਜੋੜ ਕਰ ਰਿਹਾ ਹੈ। ਕੁਝ ਰਾਜਨੀਤਕ ਨੇਤਾਵਾਂ ਦਾ ਡੋਮੀਨੀਅਨ ਦਾ ਰੂਪ ਸਵੀਕਾਰ ਕਰਨਾ ਇਸ ਹਵਾ ਦੇ ਰੁਖ਼ ਨੂੰ ਪ੍ਰਗਟਾਉਂਦਾ ਹੈ।

ਭਾਰਤੀ ਪੂੰਜੀਪਤੀ ਭਾਰਤੀ ਲੋਕਾਂ ਨੂੰ ਧੋਖਾ ਦੇ ਕੇ, ਵਿਦੇਸ਼ੀ ਪੂੰਜੀਪਤੀ ਤੋਂ ਵਿਸ਼ਵਾਸਘਾਤ ਦੀ ਕੀਮਤ ਦੇ ਤੌਰ 'ਤੇ ਸਰਕਾਰ ਵਿਚ ਕੁਝ ਹਿੱਸਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਕਰਕੇ ਕਿਰਤੀ ਦੀ ਆਸ ਹੁਣ ਸਿਰਫ਼ ਸਮਾਜਵਾਦ 'ਤੇ ਲੱਗੀ ਹੈ ਤੇ ਸਿਰਫ਼ ਇਹੀ ਹੀ ਪੂਰਨ ਆਜ਼ਾਦੀ ਅਤੇ ਸਭ ਵਖਰੇਵੇਂ ਖ਼ਤਮ ਕਰਨ ਵਿਚ ਮਦਦਗਾਰ ਸਾਬਤ ਹੋ ਸਕਦਾ ਹੈ।

ਦੇਸ਼ ਦਾ ਭਵਿੱਖ ਨੌਜਵਾਨਾਂ ਦੇ ਸਹਾਰੇ ਹੈ। ਉਹ ਹੀ ਮਿੱਟੀ ਦੇ ਪੁੱਤਰ ਹਨ। ਉਨ੍ਹਾਂ ਦੀ ਦੁੱਖ ਝੱਲਣ ਲਈ ਤੱਤਪਰਤਾ, ਉਨ੍ਹਾਂ ਦੀ ਬੇਖੌਫ਼ ਬਹਾਦਰੀ ਅਤੇ ਲਹਿਰਾਉਂਦੀ ਕੁਰਬਾਨੀ ਦਰਸਾਉਂਦੀ ਹੈ ਕਿ ਭਾਰਤ ਦਾ ਭਵਿੱਖ ਉਨ੍ਹਾਂ ਦੇ ਹੱਥ ਮਹਿਫ਼ੂਜ਼ ਹੈ। ਇਕ ਮਹਿਸੂਸੀਅਤ ਦੀ ਘੜੀ ਦੇਸ਼ਬੰਧੂ ਦਾਸ ਨੇ ਫਰਮਾਇਆ ਸੀ, "ਨੌਜਵਾਨ, ਭਾਰਤ ਮਾਂ ਦੀ ਸ਼ਾਨ ਅਤੇ ਉਮੀਦ ਹਨ। ਲਹਿਰ ਪਿਛੇ ਉਨ੍ਹਾਂ ਦੀ ਪ੍ਰੇਰਨਾ ਹੈ। ਉਨ੍ਹਾਂ ਦੀ ਕੁਰਬਾਨੀ ਹੈ ਤੇ ਉਨ੍ਹਾਂ ਦੀ ਹੀ ਜਿੱਤ। ਆਜ਼ਾਦੀ ਦੀ ਰਾਹ 'ਤੇ ਮਸ਼ਾਲਾਂ ਲੈ ਕੇ ਚੱਲਣ ਵਾਲੇ ਇਹ ਹੀ ਹਨ। ਮੁਕਤੀ ਦੀ ਰਾਹ ਦੇ ਉਹ ਤੀਰਥ ਯਾਤਰੂ ਹਨ।"

ਭਾਰਤੀ ਰੀਪਬਲਿਕ ਦੇ ਨੌਜਵਾਨ ਨਹੀਂ ਸਿਪਾਹੀ ਕਤਾਰਬੰਧ ਹੋ ਜਾਓ। ਆਰਾਮ ਨਾਲ ਨਾ ਖੜੇ ਹੋਵੋ। ਐਵੇਂ ਆਪਣੀਆਂ ਲੱਤਾਂ ਨਾ ਦਬਾਓ। ਲੰਬੀ ਦਲਿੱਦਰਤਾ, ਜੋ ਤੁਹਾਨੂੰ ਨਕਾਰਾ ਕਰ ਰਹੀ ਹੈ, ਨੂੰ ਸਦਾ ਲਈ ਆਪਣੇ ਤੋਂ ਲਾਂਭੇ ਕਰ ਦਿਓ। ਤੁਹਾਡਾ ਬਹੁਤ ਹੀ ਨੇਕ ਮਿਸ਼ਨ ਹੈ। ਦੇਸ਼ ਦੇ ਹਰ ਕੋਨੇ ਤੇ ਦਿਸ਼ਾ ਵਿਚ ਖਿੱਲਰ ਜਾਓ ਅਤੇ ਭਵਿੱਖ ਦੇ ਇਨਕਲਾਬ ਲਈ ਜਿਸਦਾ ਆਉਣਾ ਨਿਸ਼ਚਿਤ ਹੈ, ਵਾਸਤੇ ਲੋਕਾਂ ਨੂੰ ਤਿਆਰ ਕਰੋ। ਫਰਜ਼ ਦੇ ਬਿਗਲ ਦੀ ਆਵਾਜ਼ ਸੁਣੋ। ਐਵੇਂ ਵਿਹਲਿਆਂ ਜ਼ਿੰਦਗੀ ਨਾ ਗੁਆਓ। ਵਧੋ ! ਤੁਹਾਡੀ ਜ਼ਿੰਦਗੀ ਦਾ ਹਰ ਮਿੰਟ ਇਸ ਤਰ੍ਹਾਂ ਦੇ ਤਰੀਕੇ ਤੇ ਤਰਤੀਬਾਂ ਲੱਭਣ ਵਿਚ ਲੱਗਣਾ ਚਾਹੀਦਾ ਹੈ ਕਿ ਕਿਵੇਂ ਆਪਣੀ ਪੁਰਾਤਨ ਧਰਤੀ ਦੀਆਂ ਅੱਖਾਂ ਵਿਚ ਜਵਾਲਾ ਜਾਗੇ ਅਤੇ ਇਕ ਵੱਡੀ ਉਬਾਸੀ ਲੈ ਕੇ ਇਹ ਜਾਗੇ। ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਨੌਜਵਾਨਾਂ ਦੇ ਉਪਜਾਊ ਮਨਾਂ ਵਿਚ ਇਕ ਉਕਸਾਹਟ ਤੇ ਨਫ਼ਰਤ ਭਰ ਦਿਓ। ਐਸੇ ਬੀਜ ਪਾਓ, ਜਿਹੜੇ ਉੱਗਣ ਅਤੇ ਵੱਡੇ ਦਰੱਖ਼ਤ ਬਣ ਜਾਣ ਕਿਉਂਕਿ ਇਨ੍ਹਾਂ ਬੀਜਾਂ ਨੂੰ ਅਸੀਂ ਆਪਣੇ ਗ਼ਰਮ ਖ਼ੂਨ ਦਾ ਪਾਣੀ ਪਾਵਾਂਗੇ। ਤਦ ਇਕ ਭਿਆਨਕ ਭੁਚਾਲ ਆਵੇਗਾ,



Sri Satguru Jagjit Singh Ji Elibrary NamdhariElibrary@gmail.com

ਜੋ ਵੱਡੇ ਧਮਾਕੇ ਨਾਲ ਗਲਤ ਚੀਜ਼ਾਂ ਬਰਬਾਦ ਕਰੇਗਾ ਅਤੇ ਸਾਮਰਾਜਵਾਦ ਦੇ ਮਹਿਲ ਨੂੰ ਕੁਚਲ ਕੇ ਘੱਟੇ ਵਿਚ ਮਿਲਾ ਦੇਵੇਗਾ ਅਤੇ ਇਹ ਤਬਾਹੀ ਮਹਾਨ ਹੋਵੇਗੀ।

ਤਦੋਂ ਅਤੇ ਸਿਰਫ਼ ਤਦੋਂ ਇਹ ਨਵੀਂ ਭਾਰਤੀ ਕੌਮ ਜਾਗੇਗੀ, ਜੋ ਇਨਸਾਨੀਅਤ ਨੂੰ ਹੈਰਾਨ ਕਰ ਦੇਵੇਗੀ, ਆਪਣੇ ਗੁਣਾਂ ਅਤੇ ਸ਼ਾਨ ਨਾਲ। ਸਿਆਣਾ ਅਤੇ ਤਾਕਤਵਰ, ਸਾਦਾ ਤੇ ਕਮਜ਼ੋਰ ਲੋਕਾਂ ਤੋਂ ਹੈਰਾਨ ਰਹਿ ਜਾਵੇਗਾ।

ਵਿਅਕਤੀਗਤ ਮੁਕਤੀ ਵੀ ਤਾਂ ਹੀ ਸੁਰੱਖਿਅਤ ਹੋਵੇਗੀ। ਕਿਰਤੀ ਦੀ ਸਰਦਾਰੀ ਤੇ ਪ੍ਰਭੂਸੱਤਾ ਨੂੰ ਸਤਿਕਾਰਿਆ ਜਾਵੇਗਾ। ਅਸੀਂ ਅਜਿਹੇ ਇਨਕਲਾਬ ਦੇ ਆਉਣ ਦਾ ਸੁਨੇਹਾ ਦੇ ਰਹੇ ਹਾਂ। ਇਨਕਲਾਬ ਅਮਰ ਰਹੇ !!!

ਕਰਤਾਰ ਸਿੰਘ,

ਪ੍ਰਧਾਨ

ਰੀਪਬਲਿਕਨ ਪ੍ਰੈੱਸ, ਅਰੈਹਵਨ, ਭਾਰਤ ਤੋਂ ਛਪਿਆ।

* * *

## 66. ਬੰਬ ਦਾ ਫਲਸਫਾ

## ਹਿੰਦੁਸਤਾਨ ਪਰਜਾਤੰਤਰ ਸਮਾਜਵਾਦੀ ਸਭਾ ਦਾ ਮਨੋਰਥ ਪੱਤਰ

*—26 ਜਨਵਰੀ, 1930*

[ਇਸ ਦਾ ਖਰੜਾ ਭਗਵਤੀ ਚਰਨ ਵੋਹਰਾ ਜੀ ਨੇ ਚੰਦਰ ਸ਼ੇਖਰ ਆਜ਼ਾਦ ਤੇ ਦੂਸਰੇ ਸਾਥੀਆਂ ਨਾਲ ਰਲ ਕਿ ਬਣਾਇਆ। ਇਸ ਨੂੰ ਭਗਤ ਸਿੰਘ ਨੇ ਜੇਲ੍ਹ ਵਿਚ ਦੇਖਿਆ ਅਤੇ ਇਸ ਤੇ ਸੁਝਾਅ ਦਿੱਤੇ ਸਨ। ਹਿੰਦੋਸਤਾਨ ਸਮਾਜਵਾਦੀ ਰੀਪਬਲਿਕਨ ਪਾਰਟੀ ਦਾ ਇਹ ਇਕ ਮਹੱਤਵਪੂਰਨ ਵਿਚਾਰਧਾਰਕ ਦਸਤਾਵੇਜ਼ ਹੈ।

ਸਾਡੀ ਕੌਮੀ ਲਹਿਰ ਦੇ ਦੌਰਾਨ ਦੇਸ਼ ਭਗਤ ਇਨਕਲਾਬੀਆਂ ਨੂੰ ਭੰਡਨ ਵਿਚ ਸ੍ਰੀ ਗਾਂਧੀ ਜੀ ਸਰਕਾਰ ਨਾਲੋਂ ਵੀ ਇਕ ਕਦਮ ਅੱਗੇ ਰਹਿੰਦੇ ਸਨ। 23 ਦਸੰਬਰ, 1929 ਨੂੰ ਅੰਗਰੇਜ਼ੀ ਸਾਮਰਾਜ ਦੇ ਵੱਡੇ ਥੰਮ ਵਾਇਸਰਾਏ ਦੀ ਗੱਡੀ ਨੂੰ ਉਡਾਉਣ ਦਾ ਯਤਨ ਕੀਤਾ ਗਿਆ, ਜੋ ਅਸਫਲ ਰਿਹਾ। ਇਸ ਮੌਕੇ 'ਤੇ ਗਾਂਧੀ ਨੇ ਇਕ ਦੂਸ਼ਨ ਭਰਿਆ ਲੇਖ ਲਿਖਿਆ, "ਬੰਬ ਪੂਜਾ" (Cult of the Bomb)। ਜਿਸ ਵਿਚ ਵਾਇਸਰਾਏ ਨੂੰ ਕੌਮ ਦਾ ਸ਼ੁਭਚਿੰਤਕ ਅਤੇ ਨੌਜਵਾਨ ਦੇਸ਼ ਭਗਤਾਂ ਨੂੰ ਆਜ਼ਾਦੀ ਦੀ ਰਾਹ ਵਿਚ ਰੋੜਾ ਅਟਕਾਉਣ ਵਾਲੇ ਕਹਿ ਕੇ ਨਿਵਾਜਿਆ। ਇਹਦੇ ਜਵਾਬ ਵਿਚ H.S.R.A. ਨੇ, ਜੋ ਦੇਸ਼ ਭਗਤਾਂ ਦੀ ਇਨਕਲਾਬੀ ਜਥੇਬੰਦੀ ਸੀ, ਨੇ ਹੀ ਇਹ ਲੇਖ ਲਿਖਿਆ, 'ਬੰਬ ਦਾ ਫਲਸਫਾ' (Philosophy of the Bomb)। ਇਸ ਦਾ ਸਨਮੁਖ ਸਿਰਲੇਖ ਹੈ H.S.R.A. ਦਾ ਮੈਨੀਫੈਸਟੋ (ਮਨੋਰਥ ਪੱਤਰ) ਅਤੇ ਉਪ ਸਿਰਲੇਖ ਹੈ ਬੰਬ ਦਾ ਫ਼ਲਸਫ਼ਾ। ਇਸ ਨੂੰ ਸਮੁੱਚੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਇਸ ਦੇ ਅੱਖਰਾਂ ਨੂੰ ਇਸ ਦੀ ਰੂਹ ਤੋਂ ਨਖੇੜਿਆ ਨਾ ਜਾਏ, ਜਿਵੇਂ ਕਿ ਕਈ ਵਾਰੀ ਕੀਤਾ ਜਾਂਦਾ ਹੈ। ਸਮੁੱਚੇ ਤੌਰ 'ਤੇ ਪੜ੍ਹਿਆਂ ਇਹ ਸਪੱਸ਼ਟ ਹੋ ਜਾਵੇਗਾ ਕਿ ਇਹ ਦੇਸ਼ ਭਗਤ ਹਿੰਸਾ ਜਾਂ ਬੰਬ ਦੇ ਪੁਜਾਰੀ ਨਹੀਂ ਸਨ, ਤੇ ਨਾ ਹੀ ਇਹਦੇ ਕੱਟੜ ਵਿਰੋਧੀ। (ਇਹ ਦੇਸ਼ ਭਰ ਵਿਚ 26 ਜਨਵਰੀ, 1930 ਨੂੰ ਵੰਡਿਆ ਗਿਆ।

—ਸੰਪਾਦਕ]



Sri Satguru Jagjit Singh Ji Elibrary NamdhariElibrary@gmail.com

## ਮੁੱਖ ਸ਼ਬਦ

ਪਿਛੇ ਜਿਹੇ ਵਾਪਰੀਆਂ ਘਟਨਾਵਾਂ, ਖਾਸ ਤੌਰ 'ਤੇ ਕਾਂਗਰਸ ਵਲੋਂ ਵਾਇਸਰਾਏ ਦੀ ਗੱਡੀ (23.12.29 ਨੂੰ) ਉਡਾਉਣ ਬਾਰੇ ਮਤਾ ਤੇ ਗਾਂਧੀ ਜੀ ਦੇ 'ਯੰਗ ਇੰਡੀਆ' ਵਿਚ ਲਿਖੇ ਲੇਖ ਇਹ ਸਭ ਸਾਫ਼ ਤੌਰ 'ਤੇ ਜ਼ਾਹਰ ਕਰਦੇ ਹਨ ਕਿ ਕਾਂਗਰਸ ਨੇ ਗਾਂਧੀ ਸਮੇਤ, ਇਨਕਲਾਬੀਆਂ ਦੀ ਵਿਰੋਧਤਾ ਕਰਨ 'ਤੇ ਲੱਕ ਬੰਨ੍ਹਿਆ ਹੈ। ਅਖ਼ਬਾਰਾਂ ਤੇ ਸਟੇਜਾਂ ਤੋਂ ਇਨਕਲਾਬੀਆਂ ਵਿਰੁੱਧ ਕਾਫੀ ਨੁਕਤਾਚੀਨੀ ਹੋਈ ਹੈ। ਇਹ ਦੁਖ ਦੀ ਗੱਲ ਹੈ ਕਿ ਸਾਨੂੰ ਅਨਜਾਣੇ ਜਾਂ ਮਿੱਥ ਕੇ ਗ਼ਲਤ ਰੂਪ ਵਿਚ ਸਮਝਿਆ ਅਤੇ ਪੇਸ਼ ਕੀਤਾ ਗਿਆ ਹੈ। ਇਨਕਲਾਬੀ ਨਿਸ਼ਾਨਿਆਂ ਅਤੇ ਅਮਲ ਦੀ ਜਨਤਕ ਪੜਚੋਲ ਅਤੇ ਨੁਕਤਾਚੀਨੀ ਤੋਂ ਕੰਨੀਂ ਨਹੀਂ ਕਤਰਾਉਂਦੇ। ਉਹ ਤਾਂ ਬਲਕਿ ਇਸ ਨੂੰ ਸੰਜੀਦਾ ਲੋਕਾਂ ਤਾਈਂ ਆਪਣਾ ਪੱਖ ਸਹੀ ਤੌਰ 'ਤੇ ਪੇਸ਼ ਕਰਨ ਦਾ ਅਵਸਰ ਸਮਝਦੇ ਹਨ। ਇਨਕਲਾਬੀ ਲਹਿਰ ਦੇ ਬੁਨਿਆਦੀ ਅਸੂਲ, ਉੱਚੇ ਤੇ ਨਿਰਮਲ ਆਦਰਸ, ਜਿਨ੍ਹਾਂ ਤੋਂ ਕਿ ਸਦੀਵੀ ਪ੍ਰੇਰਨਾ ਅਤੇ ਤਾਕਤ ਮਿਲਦੀ ਹੈ, ਲੋਕਾਂ ਸਾਹਮਣੇ ਰੱਖ ਸਕਦੇ ਹਨ। ਆਸ ਕੀਤੀ ਜਾਂਦੀ ਹੈ ਕਿ ਇਹ ਲੇਖ ਇਨਕਲਾਬੀਆਂ ਨੂੰ ਜਨਤਾ ਸਾਹਮਣੇ ਸਹੀ ਰੂਪ ਵਿਚ ਪੇਸ਼ ਕਰਕੇ ਸਵਾਰਥੀ ਤੇ ਅਨਜਾਣ ਲੋਕਾਂ ਦੇ ਨਿਰਮੂਲ ਪ੍ਰਚਾਰ ਦਾ ਖੰਡਨ ਕਰੇਗਾ।

## ਹਿੰਸਾ ਜਾਂ ਅਹਿੰਸਾ

ਆਓ, ਪਹਿਲਾਂ ਹਿੰਸਾ ਅਤੇ ਅਹਿੰਸਾ ਦੇ ਸਵਾਲ ਦਾ ਨਿਰਣਾ ਕਰੀਏ। ਸਾਡੇ ਖ਼ਿਆਲ ਵਿਚ ਇਨ੍ਹਾਂ ਸ਼ਬਦਾਂ ਦੀ ਸਾਧਾਰਨ ਰੂਪ ਵਿਚ ਵਰਤੋਂ ਦੋਹਾਂ ਪਾਰਟੀਆਂ ਭਾਵ (ਕਾਂਗਰਸ ਅਤੇ ਇਨਕਲਾਬੀ) ਨਾਲ ਅਨਿਆਂ ਹੈ, ਕਿਉਂਕਿ ਇਸ ਤਰ੍ਹਾਂ ਇਹ ਸ਼ਬਦ ਕਿਸੇ ਧਿਰ ਦੇ ਆਦਰਸ਼ ਨੂੰ ਨਹੀਂ ਦਰਸਾਉਂਦੇ। ਹਿੰਸਾ ਉਸ ਜਬਰ ਦਾ ਨਾਂ ਹੈ, ਜੋ ਅਨਿਆਂ ਲਈ ਵਰਤੋਂ ਵਿਚ ਆਉਂਦਾ ਹੈ, ਪਰ ਇਨਕਲਾਬੀਆਂ ਦਾ ਇਸ ਨਾਲ ਕੋਈ ਵਾਸਤਾ ਨਹੀਂ। ਦੂਜੇ ਬੰਨ੍ਹੇ ਜਿਸ ਨੂੰ ਆਮ ਕਰਕੇ ਅਹਿੰਸਾ ਕਿਹਾ ਜਾਂਦਾ ਹੈ, ਅਸਲ ਵਿਚ ਆਤਮਕ ਸ਼ਕਤੀ ਦਾ ਸਿਧਾਂਤ ਹੈ, ਜਿਸ ਨੂੰ ਕਿ ਨਿੱਜੀ ਅਤੇ ਕੌਮੀ ਹੱਕਾਂ ਦੀ ਪੂਰਤੀ ਲਈ ਇਸ ਤਰ੍ਹਾਂ ਵਰਤਿਆ ਜਾਂਦਾ ਹੈ ਕਿ ਦੁੱਖ, ਤਸੀਹੇ ਝੱਲਦਿਆਂ ਹੋਇਆਂ ਵਿਰੋਧੀ ਨੂੰ ਆਪਣੇ ਵੱਲ ਢਾਲ ਲਿਆ ਜਾਵੇ। ਜਦੋਂ ਇਕ ਇਨਕਲਾਬੀ ਆਪਣੇ ਕੁਝ ਹੱਕ ਸਮਝਦਾ ਹੈ, ਉਹ ਇਨ੍ਹਾਂ ਦੀ ਮੰਗ ਕਰਦਾ ਹੈ, ਦਲੀਲ ਦਿੰਦਾ ਹੈ, ਆਪਣੀ ਪੂਰੀ ਆਤਮਕ ਸ਼ਕਤੀ ਰਾਹੀਂ ਉਸਨੂੰ ਹਾਸਲ ਕਰਨ ਦਾ ਯਤਨ ਕਰਦਾ ਹੈ, ਵੱਡੇ ਤੋਂ ਵੱਡੇ ਦੁੱਖ ਤਸੀਹੇ ਝੱਲਦਾ ਹੈ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ ਅਤੇ ਨਾਲ ਹੀ ਆਪਣੇ ਸਰੀਰਕ ਬਲ ਨੂੰ ਵੀ ਵਰਤਣਾ ਜੁਰਮ ਨਹੀਂ ਸਮਝਦਾ। ਸੋ ਸਵਾਲ ਹਿੰਸਾ ਜਾਂ ਅਹਿੰਸਾ ਦਾ ਨਹੀਂ ਬਲਕਿ ਇਹ ਹੈ ਕਿ ਕੀ ਅਸੀਂ ਨਿਰੋਲ ਆਤਮਕ ਗੱਲ ਦੇ ਸਿਰ 'ਤੇ ਹੀ ਚੱਲਣਾ ਹੈ ਜਾਂ ਇਸ ਦੇ ਨਾਲ ਸਰੀਰਕ ਸ਼ਕਤੀ ਦੀ ਵਰਤੋਂ ਵੀ ਕਰਨੀ ਹੈ।

## ਸਾਡਾ ਆਦਰਸ਼

ਇਨਕਲਾਬੀ ਵਿਸ਼ਵਾਸ ਰੱਖਦੇ ਹਨ ਕਿ ਉਨ੍ਹਾਂ ਦੇ ਦੇਸ਼ ਦੀ ਬੰਦ ਖਲਾਸੀ ਇਨਕਲਾਬੀ ਢੰਗ ਰਾਹੀਂ ਹੀ ਹੋਵੇਗੀ। ਇਨਕਲਾਬ, ਜਿਸ ਦੀ ਉਹ ਕਾਮਨਾ ਕਰਦੇ ਹਨ ਤੇ ਜਿਸ ਲਈ ਉਹ ਲਗਾਤਾਰ ਕੰਮ ਕਰ ਰਹੇ ਹਨ, ਸਿਰਫ ਵਿਦੇਸ਼ੀ ਸਰਕਾਰ ਅਤੇ ਉਸਦੇ ਹਮਾਇਤੀਆਂ ਤੇ ਜਨਤਾ ਵਿਚਾਲੇ ਹਥਿਆਰ ਬੰਦ ਲੜਾਈ ਦੀ ਸ਼ਕਲ ਵਿਚ ਹੀ ਨਹੀਂ ਹੋਵੇਗਾ ਬਲਕਿ ਇਕ ਨਵੇਂ ਸਮਾਜੀ ਢਾਂਚੇ ਦਾ ਸੂਚਕ ਹੋਵੇਗਾ। ਇਹ ਜੁਗ ਪਲਟਾ ਸਰਮਾਏਦਾਰੀ ਅਤੇ ਹਰ ਤਰ੍ਹਾਂ ਦੇ ਜਮਾਤੀ ਵਖਰੇਵਿਆਂ ਅਤੇ ਵਿਤਕਰਿਆਂ ਦਾ ਖ਼ਾਤਮਾ ਕਰ ਦੇਵੇਗਾ। ਅੱਜ ਜੋ ਲੱਖਾਂ ਲੋਕ ਭੁੱਖ ਮਰੀ ਦੇ ਸ਼ਿਕਾਰ ਹੋ ਰਹੇ ਹਨ ਤੇ ਵਿਦੇਸ਼ੀ ਤੇ ਦੇਸੀ ਲੁਟੇਰਿਆਂ ਦੇ ਜੂਲੇ ਹੇਠ ਪਿਸ ਰਹੇ ਹਨ, ਵਾਸਤੇ



Sri Satguru Jagjit Singh Ji Elibrary NamdhariElibrary@gmail.com

ਇਹ ਖੁਸੀ ਤੇ ਖ਼ੁਸ਼ਹਾਲੀ ਲਿਆਵੇਗਾ। ਇਹ ਕੌਮ ਨੂੰ ਨਵਾਂ ਜੀਵਨ ਦੇਵੇਗਾ, ਇਹ ਨਵੇਂ ਸਮਾਜ ਦਾ ਜਨਮਦ੍ਾਤਾ ਹੋਵੇਗਾ। ਇਸ ਤੋਂ ਵਧ ਕੇ ਇਹ ਕ੍ਰਿਤੀ ਦੀ ਸਰਦਾਰੀ ਸਥਾਪਤ ਕਰਕੇ ਸਮਾਜੀ ਜੋਕਾਂ ਨੂੰ ਸਦਾ ਲਈ ਰਾਜ ਗੱਦੀਓਂ ਹਟਾ ਦੇਵੇਗਾ।

## ਆਤੰਕਵਾਦ (Terrorism)

ਇਨਕਲਾਬੀ ਅੱਗੇ ਹੀ ਨੌਜਵਾਨਾਂ ਦੀ ਬੇਚੈਨੀ ਵਿਚ ਇਨਕਲਾਬੀ ਸ਼ੁਰੂਆਤ ਦੇਖ ਰਹੇ ਹਨ। ਉਹ ਹਰ ਤਰ੍ਹਾਂ ਦੀ ਮਾਨਸਿਕ ਗੁਲਾਮੀ ਅਤੇ ਮਜ਼ਬੀ ਵਹਿਮਾਂ ਤੋਂ ਬੰਦ ਖਲਾਸੀ ਦੇ ਚਾਹਵਾਨ ਹਨ। ਜਿਵੇਂ-ਜਿਵੇਂ ਨੌਜਵਾਨਾਂ ਵਿਚ ਇਨਕਲਾਬੀ ਰੂਹ ਰਚਦੀ ਜਾਏਗੀ, ਉਹ ਕੌਮੀ ਗ਼ੁਲਾਮੀ ਦਾ ਝਟਪਟ ਅਨੁਭਵ ਅਤੇ ਆਜ਼ਾਦੀ ਲਈ ਨਾ ਮਿਟਣ ਵਾਲੀ ਖਿੱਚ ਨਾਲ ਪਰੋਤੇ ਹੋਏ ਜ਼ੁਲਮਾਂ ਵਿਰੁੱਧ ਹੱਥ ਉਠਾਉਣਗੇ। ਇਸ ਤਰ੍ਹਾਂ ਆਤੰਕਵਾਦ (Terrorism) ਦੇ ਦੌਰ ਨੇ ਇਸ ਦੇਸ਼ ਵਿਚ ਜਨਮ ਲਿਆ। ਇਹ ਇਨਲਾਬ ਦਾ ਇਕ ਦੌਰ ਹੁੰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਆਉਂਦਾ ਹੈ। ਆਤੰਕਵਾਦ ਕ੍ਰਾਂਤੀ ਬਿਨਾਂ ਅਧੂਰਾ ਹੈ ਅਤੇ ਕ੍ਰਾਂਤੀ ਇਹਦੇ ਬਗ਼ੈਰ ਨਹੀਂ ਹੋ ਸਕਦੀ। ਇਸ ਤੱਥ ਦੀ ਪੁਸ਼ਟੀ ਹਰ ਇਕ ਇਨਕਲਾਬ ਦੀ ਵਿੱਥਿਆ ਵਿਚ ਮਿਲਦੀ ਹੈ। ਆਤੰਕਵਾਦ ਹਾਕਮ ਦੇ ਦਿਲ ਵਿਚ ਡਰ ਅਤੇ ਦੱਬੀ ਜਨਤਾ ਦੇ ਦਿਲ ਵਿਚ ਬਦਲੇ ਅਤੇ ਮੁਕਤੀ ਦੀ ਆਸ ਜਗਾਉਂਦਾ ਹੈ। ਇਹ ਥਿੜਕਦਿਆਂ ਨੂੰ ਹੌਸਲਾ ਅਤੇ ਸਵੈਵਿਸ਼ਵਾਸ ਦੇਂਦਾ ਹੈ। ਰਾਜ ਕਰਦੀਆਂ ਜਮਾਤਾਂ ਦੀ ਪ੍ਰਮੁਖਤਾ ਦੇ ਡਰ ਦਾ ਖਾਤਮਾ ਕਰਦੀ ਹੈ। ਅਤੇ ਦੱਬੀ ਕੌਮ ਦੀ ਇੱਜ਼ਤ ਨੂੰ ਦੁਨੀਆ ਦੀਆਂ ਨਜ਼ਰਾਂ ਵਿਚ ਕਾਇਮ ਕਰਦਾ ਹੈ ਕਿਉਂਕਿ ਇਹ ਕੌਮ ਦੀ ਆਜ਼ਾਦੀ ਲਈ ਤਾਂਘ ਦਾ ਸੂਚਕ ਹੁੰਦਾ ਹੈ। ਸਾਡੇ ਦੇਸ਼ ਵਿਚ ਵੀ ਆਤੰਕਵਾਦ ਦੂਜੇ ਦੇਸ਼ਾਂ ਵਾਂਗ ਕ੍ਰਾਂਤੀ ਵਿਚ ਵਿਕਸਤ ਹੋਵੇਗਾ ਅਤੇ ਇਹ ਕ੍ਰਾਂਤੀ ਪੂਰਨ ਆਜ਼ਾਦੀ, ਸਮਾਜਕ ਰਾਜਨੀਤਕ ਅਤੇ ਆਰਥਿਕ ਲਈ ਹੋਵੇਗੀ।

## ਇਨਕਲਾਬੀ ਢੰਗ

ਇਹ ਹੈ ਇਨਕਲਾਬੀਆਂ ਦਾ ਵਿਸ਼ਵਾਸ ਅਤੇ ਇਹ ਹੈ ਜਿਸ ਨੂੰ ਉਹ ਪ੍ਰਾਪਤ ਕਰਨ ਦੀ ਉਮੀਦ ਰਖਦੇ ਹਨ। ਉਹ ਇਸ ਉੱਪਰ ਖੁੱਲ੍ਹੇ ਅਤੇ ਖੁਫ਼ੀਆ ਦੋਹਾਂ ਢੰਗਾਂ ਨਾਲ ਕੰਮ ਕਰ ਰਹੇ ਹਨ। ਪਿਛਲੀ ਇਕ ਸਦੀ ਦੇ ਤਜਰਬੇ ਅਤੇ ਦੁਨੀਆ ਵਿਆਪੀ ਰਾਜ ਕਰਦੀਆਂ ਜਮਾਤਾਂ ਤੇ ਜਨਤਾ ਵਿਚ ਆਜ਼ਾਦੀ ਸੰਗਰਾਮ ਉਨ੍ਹਾਂ ਦੀ ਮੰਜਲ ਦੀ ਅਗਵਾਈ ਕਰਦੇ ਹਨ। ਇਹ ਢੰਗ ਸਾਡੀ ਜਾਣਕਾਰੀ ਅਨੁਸਾਰ ਕਦੇ ਅਸਫਲ ਨਹੀਂ ਹੋਏ।

## ਕਾਂਗਰਸ ਅਤੇ ਇਨਕਲਾਬੀ

ਇਸ ਦੌਰਾਨ ਕਾਂਗਰਸ ਕੀ ਕਰਦੀ ਰਹੀ ਹੈ? ਇਸ ਨੇ ਆਪਣਾ ਨਿਸ਼ਾਨਾ ਗਣਰਾਜ ਦੀ ਬਜਾਏ ਮੁਕੰਮਲ ਆਜ਼ਾਦੀ ਬਦਲ ਲਿਆ ਹੈ। ਸਿੱਟੇ ਵਜੋਂ ਆਸ ਕੀਤੀ ਜਾ ਸਕਦੀ ਹੈ ਕਿ ਇਹ ਅੰਗਰੇਜ਼ੀ ਸਰਕਾਰ ਵਿਰੁੱਧ ਜੰਗ ਦਾ ਐਲਾਨ ਕਰੇਗੀ। ਪਰ ਇਸ ਦੇ ਐਨ ਉਲਟ ਇਸਨੇ ਇਨਕਲਾਬੀਆਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਹੈ। ਇਹਦਾ ਪਹਿਲਾ ਵਾਰ ਵਾਇਸਰਾਏ ਦੀ ਗੱਡੀ 'ਤੇ 23 ਦਸੰਬਰ 1929 ਨੂੰ ਕੀਤੇ ਬੰਬ ਵਿਸਫੋਟ ਦੀ 'ਨਿਖੇਧੀ ਦੇ ਮਤੇ' ਦੇ ਰੂਪ ਵਿਚ ਆਇਆ। ਇਹ ਖ਼ੁਦ ਹੀ ਗਾਂਧੀ ਨੇ ਤਿਆਰ ਕੀਤੀ ਅਤੇ ਸਿਰ ਤੋਂ ਲੈ ਕੇ ਪੈਰਾਂ ਤੀਕ ਇਹਨੂੰ ਪਾਸ ਕਰਾਉਣ ਦਾ ਯਤਨ ਕੀਤਾ, ਫੇਰ ਵੀ 1713 ਦੀ ਸਭਾ ਵਿਚ ਕੇਵਲ 81 ਵੋਟਾਂ ਦੀ ਬਹੁਗਿਣਤੀ ਨਾਲ ਪ੍ਰਵਾਨ ਹੋਇਆ। ਪਰ ਕੀ ਇਹ ਨਾਂਮਾਤਰ ਬਹੁਗਿਣਤੀ ਵੀ ਹੱਕੀ ਰਾਜਸੀ ਨਿਰਨੈ 'ਤੇ ਆਧਾਰਤ ਸੀ। ਸ੍ਰੀਮਤੀ ਸਰਲਾ ਦੇਵੀ ਚੌਧਰਾਣੀ, ਜੋ ਜੀਵਨ ਭਰ ਕਾਂਗਰਸ ਦੇ ਸ਼ਰਧਾਲੂ ਰਹੇ ਹਨ, ਨੇ ਕਿਹਾ 'ਮਹਾਤਮਾ ਜੀ ਦੇ ਕਈ ਚੇਲਿਆਂ ਨਾਲ ਗੱਲਬਾਤ ਪਿਛੋਂ ਇਹ



Sri Satguru Jagjit Singh Ji Elibrary NamdhariElibrary@gmail.com

ਨਤੀਜਾ ਕੱਢਿਆ ਕਿ ਉਨ੍ਹਾਂ ਵਿਚ ਸਾਰਿਆਂ ਨੇ ਕੇਵਲ ਮਹਾਤਮਾ ਜੀ ਵੱਲ ਨਿੱਜੀ ਵਫ਼ਾਦਾਰੀ ਕਰਕੇ ਉਹ ਆਪਣੀ ਆਜ਼ਾਦ ਰਾਏ ਨੂੰ ਦਬਾ ਗਏ ਅਤੇ ਮਹਾਤਮਾ ਜੀ ਵਲੋਂ ਪੇਸ਼ ਕੀਤੇ ਹੋਏ ਮਤੇ ਦਾ ਵਿਰੋਧ ਕਰਨ ਤੋਂ ਗੁਰੇਜ ਕੀਤਾ।

ਬਾਕੀ ਜਿਥੋਂ ਤਕ ਵੀ ਗਾਂਧੀ ਦੀਆਂ ਉਸ ਮਤੇ ਦੇ ਹੱਕ ਵਿਚ ਦਿੱਤੀਆਂ ਦਲੀਲਾਂ ਦਾ ਸੰਬੰਧ ਹੈ, ਉਸ ਬਾਰੇ ਅਸੀਂ ਫੇਰ ਦੱਸਾਂਗੇ। ਜਦੋਂ ਅਸੀਂ ਹੀ ਗਾਂਧੀ ਦੇ "ਬੰਬ ਪੂਜਾ" ਦੇ ਲੇਖ ਦਾ ਨਿਰਣਾ ਕਰਾਂਗੇ (ਜੋ ਕਿ ਉਨ੍ਹਾਂ ਦੇ ਕਾਂਗਰਸ ਸੈਸ਼ਨ ਵਾਲੇ ਭਾਸ਼ਨ ਦਾ ਹੀ ਵਿਕਸਤ ਰੂਪ ਸੀ) ਇਸ ਨਖਿੱਧ ਮਤੇ ਬਾਰੇ ਇਕ ਗੱਲ ਪ੍ਰਤੱਖ ਤੌਰ 'ਤੇ ਧਿਆਨਯੋਗ ਹੈ, ਉਹ ਇਹ ਕਿ ਭਾਵੇਂ ਕਾਂਗਰਸ ਜਮਾਤ ਅਹਿੰਸਾ ਤੇ ਵਚਨਬੱਧ ਹੈ ਅਤੇ ਇਸਦੇ ਹੱਕ ਵਿਚ ਪਿਛਲੇ ਦਸਾਂ ਸਾਲਾਂ ਤੋਂ ਪ੍ਰਚਾਰ ਕਰ ਰਹੀ ਹੈ ਅਤੇ ਇਸਦੇ ਬਾਵਜੂਦ ਕਿ ਇਸ ਮਤੇ ਦੇ ਹਾਮੀਆਂ ਨੇ ਗਾਲੀ ਗਲੋਚ ਦੇ ਨਾਲ-ਨਾਲ ਇਨਕਲਾਬੀਆਂ ਨੂੰ ਬੁਜ਼ਦਿਲ, ਉਨ੍ਹਾਂ ਦੇ ਕੰਮਾਂ ਨੂੰ ਨਿਰਦਈ, ਤੇ ਇਕ ਨੇ ਤਾਂ ਇਥੋਂ ਤੀਕ ਧਮਕੀ ਦਿੱਤੀ ਕਿ ਜੇ ਤੁਸੀਂ ਹੀ ਗਾਂਧੀ ਦੀ ਅਗਵਾਈ ਚਾਹੁੰਦੇ ਹੋ ਤਾਂ ਇਹ ਮਤਾ ਨਿਰਵਿਰੋਧ ਪਾਸ ਕਰ ਦਿਓ। ਇਹ ਸਭ ਕਰਨ ਦੇ ਬਾਵਜੂਦ ਇਹ ਮਤਾ ਥਿੜਕਵੀਂ ਜਿਹੀ ਬਹੁਗਿਣਤੀ ਨਾਲ ਹੀ ਪਾਸ ਹੋ ਸਕਿਆ। ਇਹਦਾ ਭਾਵ ਪ੍ਰਤੱਖ ਤੌਰ 'ਤੇ ਇਹ ਹੀ ਹੈ ਕਿ ਦੇਸ਼ ਵਾਸੀ ਸਾਡੇ ਪੱਖ ਵਿਚ ਹਨ। ਇਕ ਗੱਲ ਵਿਚ ਗਾਂਧੀ ਦੇ ਅਸੀਂ ਧੰਨਵਾਦੀ ਹਾਂ ਕਿ ਉਨ੍ਹਾਂ ਇਹ ਸਵਾਲ ਬਹਿਸ ਗੋਚਰੇ ਲਿਆਂਦਾ ਅਤੇ ਸੰਸਾਰ ਵਿਚ ਸਪੱਸ਼ਟ ਹੋ ਗਿਆ ਕਿ ਕਾਂਗਰਸ ਵਰਗੀ ਅਹਿੰਸਾ ਦੀ ਥੰਮ੍ਹ ਜਮਾਤ ਵੀ ਗਾਂਧੀ ਅਤੇ ਇਨਕਲਾਬੀਆਂ ਵਿਚਾਲੇ ਲੱਗਭਗ ਅੱਧ ਬਰਾਬਰ ਵੰਡੀ ਪਈ ਹੈ।

## ਗਾਂਧੀ ਝਗੜੇ ਦੀ ਰਾਹ 'ਤੇ

ਇਹ ਵੇਖਣ ਨੂੰ ਭਾਵੇਂ ਇਹ ਜਿੱਤ ਸੀ, ਪਰ ਅਸਲ ਵਿਚ ਉਨ੍ਹਾਂ ਨੂੰ ਹਾਰ ਤੋਂ ਨਖਿਧ ਹਾਲਾਤ ਦਾ ਸਾਹਮਣਾ ਕਰਨਾ ਪਿਆ। ਇਸ ਲਈ ਗਾਂਧੀ ਨੇ ਹੁਣ ਬੰਬ ਦੀ ਪੂਜਾ (Cult of the bomb) ਲੇਖ ਵਿਚ ਦੁਬਾਰਾ ਉਬਾਲ ਕੱਢਿਆ ਹੈ। ਅਸੀਂ ਹੋਰ ਕੁਝ ਲਿਖਣੋਂ ਪਹਿਲਾਂ ਇਸੇ ਨੂੰ ਘੋਖਾਂਗੇ। ਇਸ ਲੇਖ ਵਿਚ ਤਿੰਨ ਚੀਜ਼ਾਂ ਹਨ : ਉਸਦਾ ਅਕੀਦਾ, ਉਸਦੀ ਰਾਏ ਅਤੇ ਉਸ ਦੀਆਂ ਦਲੀਲਾਂ। ਉਸਦੇ ਅਕੀਦੇ ਬਾਰੇ ਅਸੀਂ ਕੁਝ ਨਹੀਂ ਕਹਾਂਗੇ ਕਿਉਂਕਿ ਅਕੀਦੇ ਵਿਚ ਦਲੀਲ ਦੀ ਗੁੰਜਾਇਸ਼ ਨਹੀਂ ਹੁੰਦੀ। ਸੋ ਇਸ ਲਈ ਉਸਦੇ ਉਹ ਵਿਚਾਰ ਲੈਂਦੇ ਹਾਂ, ਜਿਨ੍ਹਾਂ ਨਾਲ ਦਲੀਲ ਦੇ ਕੇ ਉਸਦੇ ਸ਼ਬਦਾਂ ਅਨੁਸਾਰ ਹਿੰਸਾ ਦਾ ਵਿਰੋਧ ਕੀਤਾ ਹੈ।

## ਕੀ ਜਨਤਾ ਅਹਿੰਸਾ ਵਿਚ ਵਿਸ਼ਵਾਸ ਰੱਖਦੀ ਹੈ ?

ਉਹ ਸੋਚਦਾ ਹੈ ਕਿ ਉਹਦੇ ਹੁਣ ਦੇਸ਼ ਵਿਚ ਲਾਏ ਚੱਕਰ ਦੇ ਤਜਰਬੇ ਦੇ ਆਧਾਰ 'ਤੇ ਵਿਸ਼ਵਾਸ ਕਰਨਾ ਠੀਕ ਹੈ ਕਿ ਹਿੰਦੁਸਤਾਨੀ ਜਨਤਾ ਦੀ ਵੱਡੀ ਗਿਣਤੀ ਹਿੰਸਕ ਭਾਵਨਾ ਤੋਂ ਮੁਕਤ ਹੈ ਅਤੇ ਅਹਿੰਸਾ ਇਕ ਰਾਜਸੀ ਹਥਿਆਰ ਦੇ ਤੌਰ 'ਤੇ ਆਪਣਾ ਤਾਂ ਬਣਾ ਚੁੱਕੀ ਹੈ। ਇਸ ਦੌਰੇ ਦੇ ਤਜਰਬੇ ਅਧਾਰ 'ਤੇ ਕੋਈ ਗ਼ਲਤ ਫ਼ਹਿਮੀ ਨਹੀਂ ਚਾਹੀਦੀ ਕਿਉਂਕਿ ਆਮ ਲੀਡਰ ਆਪਣਾ ਦੌਰਾ ਉਥੋਂ ਤੀਕ ਰੱਖਦਾ ਹੈ ਜਿਥੇ ਤੀਕ ਡਾਕ ਗੱਡੀਆਂ ਆਰਾਮ ਨਾਲ ਲੈ ਜਾਂਦੀਆਂ ਹੋਣ। ਪਰ ਗਾਂਧੀ ਨੇ ਆਪਣਾ ਦੌਰਾ ਉਥੋਂ ਤਕ ਵਧਾਇਆ ਹੈ ਜਿਥੋਂ ਤੀਕ ਕਾਰ ਲਿਜਾ ਸਕਦੀ ਹੈ। ਉਥੇ ਅਮੀਰ ਘਰਾਂ ਵਿਚ ਠਹਿਰਨਾ, ਬਹੁਤ ਸਮਾਂ ਆਪਣੇ ਸ਼ਰਧਾਲੂਆਂ ਨੂੰ ਪ੍ਰਾਈਵੇਟ ਅਤੇ ਖੁਲ੍ਹੇ ਦਰਸ਼ਨ ਦੀਦਾਰ ਦੇਣ ਵਿਚ ਬਿਤਾਉਣਾ ਅਤੇ ਕਦੇ ਕਦਾਈਂ ਆਮ ਅਨਪੜ੍ਹ ਜਨਤਾ ਨੂੰ ਦਰਸ਼ਨ ਤੇ ਉਪਦੇਸ਼ ਦੇਣੇ, ਜਿਨ੍ਹਾਂ ਨੂੰ ਕਿ ਉਹ ਚੰਗੀ ਤਰ੍ਹਾਂ ਸਮਝਣ ਦਾ ਦਾਅਵਾ ਕਰਦਾ ਹੈ। ਉਹ ਕਿਸ ਆਧਾਰ 'ਤੇ ਇਹ ਦਾਅਵਾ ਕਰ ਸਕਦਾ ਹੈ ? ਕੋਈ ਆਦਮੀ ਲੋਕਾਂ ਨੂੰ ਸਟੇਜ ਤੋਂ



Sri Satguru Jagjit Singh Ji Elibrary NamdhariElibrary@gmail.com

ਹੀ ਦੇਖ ਕੇ, ਦਰਸ਼ਨ ਅਤੇ ਉਪਦੇਸ਼ ਦੇਂਦਿਆਂ ਹੋਇਆਂ ਹੀ ਉਨ੍ਹਾਂ ਦੀਆਂ ਮਨੋਭਾਵਨਾ ਸਮਝਣ ਦਾ ਦਾਅਵਾ ਕਿਵੇਂ ਕਰ ਸਕਦਾ ਹੈ। ਜ਼ਿਆਦਾ ਤੋਂ ਜ਼ਿਆਦਾ ਉਹ ਇਹ ਕਹਿ ਸਕਦਾ ਹੈ ਕਿ ਉਸਨੇ ਲੋਕਾਂ ਨੂੰ ਆਪਣੇ ਵਿਚਾਰ ਦੱਸੇ ਹਨ। ਕੀ ਗਾਂਧੀ ਨੇ ਪਿਛਲੇ ਸਾਲਾਂ ਵਿਚ ਆਮ ਲੋਕਾਂ ਵਿਚ ਸਮਾਜੀ ਜੀਵਨ ਜੀ ਕੇ ਦੇਖਿਆ ਹੈ। ਕਦੇ ਉਸ ਨੇ ਕਿਸਾਨ ਨਾਲ ਰਲ ਕੇ ਸ਼ਾਮੀਂ ਧੂਣੀ ਸੇਕਦਿਆਂ ਉਹਦੇ ਨਾਲ ਵਿਚਾਰਾਂ ਦੀ ਸਾਂਝ ਕੀਤੀ ਹੈ? ਕਦੇ ਉਸਨੇ ਇਕ ਸ਼ਾਮ ਵੀ ਕਿਸੇ ਮਜ਼ਦੂਰ ਨਾਲ ਬੈਠ ਕੇ ਉਹਦੇ ਦੁਖ ਤਕਲੀਫ਼ ਸੁਣੇ ਹਨ?

ਅਸੀਂ ਇਹ ਸਭ ਕੁਝ ਕਰਦੇ ਹਾਂ ਅਤੇ ਇਸ ਲਈ ਜਨਤਾ ਨੂੰ ਜਾਨਣ ਦਾ ਦਾਅਵਾ ਕਰਦੇ ਹਾਂ। ਅਸੀਂ ਗਾਂਧੀ ਨੂੰ ਯਕੀਨ ਦਿਵਾਉਂਦੇ ਹਾਂ ਕਿ ਆਮ ਹਿੰਦੁਸਤਾਨੀ ਆਮ ਇਨਸਾਨ ਦੀ ਤਰ੍ਹਾਂ ਹਿੰਸਾ ਬਾਰੇ ਅਤੇ ਆਪਣੇ ਦੁਸ਼ਮਣ ਨੂੰ ਪਿਆਰ ਰਾਹੀਂ ਜਿਤਣ ਬਾਰੇ ਲੰਮੇ ਚੌੜੇ ਸਿਧਾਂਤਾਂ ਵਿਚ ਨਹੀਂ ਫਸਿਆ ਹੋਇਆ। ਦੁਨੀਆ ਦਾ ਤੌਰ ਹੀ ਕੁਝ ਇਸ ਤਰ੍ਹਾਂ ਹੈ ਕਿ ਉਹ ਤੁਹਾਡਾ ਇਕ ਦੋਸਤ ਹੈ, ਤੁਸੀਂ ਉਹਨੂੰ ਪਿਆਰਦੇ ਹੋ, ਕਈ ਵਾਰੀ ਉਸਨੂੰ ਇਤਨਾ ਚਾਹੁੰਦੇ ਹੋ ਕਿ ਉਸ ਲਈ ਜਾਨ ਦੀ ਬਾਜ਼ੀ ਵੀ ਲਾ ਦਿੰਦੇ ਹੋ। ਜੇ ਤੁਹਾਡਾ ਕੋਈ ਵੈਰੀ ਹੈ ਤਾਂ ਤੁਸੀਂ ਉਸ ਤੋਂ ਦੂਰ ਰਹਿੰਦੇ ਹੋ, ਉਸਦੇ ਵਿਰੁੱਧ ਲੜਦੇ ਹੋ ਅਤੇ ਜੇ ਹੋ ਸਕੇ ਤਾਂ ਮਾਰ ਵੀ ਦਿੰਦੇ ਹੋ। ਇਨਕਲਾਬੀਆਂ ਦਾ ਮਤਾ ਸਿੱਧਾ ਅਤੇ ਸਾਦਾ ਹੈ ਅਤੇ ਆਦਮ ਅਤੇ ਹੱਵਾ ਦੇ ਵੇਲੇ ਤੋਂ ਇਸ ਤਰ੍ਹਾਂ ਹੀ ਚਲਿਆ ਆ ਰਿਹਾ ਹੈ ਅਤੇ ਕਿਸੇ ਮਨੁੱਖ ਨੂੰ ਇਹ ਸਮਝਣ ਵਿਚ ਮੁਸ਼ਕਲ ਨਹੀਂ ਹੁੰਦੀ। ਅਸੀਂ ਆਪਣੇ ਨਿਜੀ ਤਜਰਬੇ ਦੇ ਅਧਾਰ 'ਤੇ ਇਸਦੀ ਪ੍ਰੋੜਤਾ ਕਰਦੇ ਹਾਂ। ਉਹ ਦਿਨ ਦੂਰ ਨਹੀਂ ਜਦੋਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇੰਨਕਲਾਬ ਲਈ ਕੰਮ ਵਿਚ ਜੁੱਟ ਜਾਣਗੇ।

## ਪਿਆਰ ਦਾ ਸਿਧਾਂਤ

ਗਾਂਧੀ ਕਹਿੰਦਾ ਹੈ ਕਿ ਅਹਿੰਸਾ ਦੇ ਪਰਭਾਵ ਵਿਚ ਉਸਦਾ ਵਿਸ਼ਵਾਸ ਵਧ ਗਿਆ ਹੈ। ਦੂਜੇ ਸ਼ਬਦਾਂ ਵਿਚ ਉਸਦਾ ਵਿਸ਼ਵਾਸ ਇਸ ਵਿਚ ਵੀ ਵਧ ਰਿਹਾ ਹੈ ਕਿ ਪਿਆਰ ਰਾਹੀਂ ਅਤੇ ਆਪਣੇ ਆਪ ਉਤੇ ਦੁਖ ਤਸੀਹੇ ਝੱਲਦਿਆਂ ਹੋਇਆਂ ਵਿਦੇਸ਼ੀ ਹਾਕਮਾਂ ਨੂੰ ਕਿਸੇ ਦਿਨ ਆਪਣੇ ਵਿਚਾਰਾਂ ਅਨੁਸਾਰ ਢਾਲ ਲਵੇਗਾ। ਉਸਨੇ ਆਪਣਾ ਜੀਵਨ ਇਸ ਅਨੋਖੇ ਸਿਧਾਂਤ ਦੇ ਪ੍ਰਚਾਰ ਵੱਲ ਲਾ ਦਿੱਤਾ ਹੈ ਅਤੇ ਇਸਨੂੰ ਪੂਰੀ ਲਗਨ ਨਾਲ ਚਲਾਇਆ ਹੈ, ਜਿਵੇਂ ਕਿ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ। ਕੀ ਉਹ ਦੱਸ ਸਕਦਾ ਹੈ ਕਿ ਕਿੰਨੇ ਕੁ ਭਾਰਤ ਦੇ ਵੈਰੀ ਉਹਨੇ ਢਾਲ ਕੇ ਦੇਸ਼ ਦੇ ਹਿਤੈਸ਼ੀ ਬਣਾ ਲਏ ਹਨ? ਕਿੰਨੇ ਕੁ ਉਡਵਾਇਰ, ਗੇਡਿੰਗ ਅਤੇ ਇਰਵਨ ਉਸਨੇ ਭਾਰਤ ਦੇ ਦੋਸਤ ਬਣਾ ਲਏ ਹਨ? ਜੇ ਨਹੀਂ ਤਾਂ ਉਹ ਕਿਸ ਤਰ੍ਹਾਂ ਆਸ ਕਰ ਸਕਦਾ ਹੈ ਕਿ ਉਸਦੇ ਵਧਦੇ ਹੋਏ ਵਿਸ਼ਵਾਸ ਦਾ ਹਿੰਦੁਸਤਾਨ ਭਾਈਵਾਲ ਬਣੇਗਾ, ਕੀ ਉਹ ਅੰਗਰੇਜ਼ਾਂ ਨੂੰ ਅਹਿੰਸਾ ਰਾਹੀਂ ਭਾਰਤ ਦੀ ਆਜ਼ਾਦੀ ਲਈ ਰਜ਼ਾਮੰਦ ਜਾਂ ਮਜਬੂਰ ਕਰ ਸਕੇਗਾ?

## ਕੀ ਹੁੰਦਾ?

ਜੇ ਬੰਬ ਵਾਇਸਰਾਏ ਦੀ ਸਪੈਸ਼ਲ ਗੱਡੀ ਹੇਠਾਂ ਹੀ ਠੀਕ ਤਰ੍ਹਾਂ ਫਟਦਾ ਤਾਂ ਦੋਹਾਂ ਵਿਚੋਂ ਇਕ ਗੱਲ ਜ਼ਰੂਰ ਹੁੰਦੀ। ਵਾਇਸਰਾਏ ਸਖ਼ਤ ਜ਼ਖ਼ਮੀ ਹੁੰਦਾ ਜਾਂ ਮਾਰਿਆ ਜਾਂਦਾ। ਇਸ ਸੂਰਤ ਵਿਚ ਭਾਰਤੀ ਨੇਤਾਵਾਂ ਅਤੇ ਵਾਇਸਰਾਏ ਵਿਚਾਲੇ ਮੀਟਿੰਗ ਨਾ ਹੁੰਦੀ। ਇਸ਼ ਤਰ੍ਹਾਂ ਇਹ ਠੂਠਾ ਫੜ ਕੇ ਸਰਕਾਰ ਦੇ ਦਰ ਤੋਂ ਡੋਮੀਨਅਨ ਸਟੇਟਸ ਦੀ ਮੰਗ, ਜੋ ਕਿ ਕਲਕੱਤਾ ਅਲਟੀਮੇਟਮ ਦੇ ਪ੍ਰਤੱਖ ਤੌਰ 'ਤੇ ਉਲਟ ਸੀ, ਕਰਕੇ ਕੌਮ ਦਾ ਅਪਮਾਨ ਨਾ ਕਰ ਸਕਦੇ ਅਤੇ ਕੀ ਇਹ ਕੌਮ ਲਈ ਚੰਗੇਰੀ ਗੱਲ ਨਾ ਹੁੰਦੀ। ਜੇਕਰ ਚੰਗੇ ਸਬੱਬ ਨਾਲ ਵਾਇਸਰਾਏ ਮਾਰਿਆ ਜਾਂਦਾ ਤਾਂ ਭਾਰਤ ਦਾ ਇਕ ਹੋਰ ਵੈਰੀ ਆਪਣੇ ਕੀਤੇ ਦੀ ਸਜ਼ਾ ਪਾਉਂਦਾ। ਮੇਰਠ, ਲਾਹੌਰ ਅਤੇ ਭੂਸਾਵਲ ਕੇਸ



Sri Satguru Jagjit Singh Ji Elibrary NamdhariElibrary@gmail.com

ਵਰਗੇ ਮੁਕੱਦਮੇ ਛੇੜਨ ਵਾਲਾ ਦੱਸੋ ਭਲਾ ਦੇਸ਼ ਦਾ ਹਿਤੈਸ਼ੀ ਕਿਵੇਂ ਕਿਹਾ ਜਾ ਸਕਦਾ ਹੈ ? ਹਿਤੈਸ਼ੀ 'ਤਾਂ ਉਹ ਹਿੰਦੁਸਤਾਨ ਦੀ ਆਜ਼ਾਦੀ ਦੇ ਵਿਰੋਧੀਆਂ ਨੂੰ ਹੀ ਨਜ਼ਰ ਆ ਸਕਦਾ ਹੈ। ਗਾਂਧੀ ਅਤੇ ਨਹਿਰੂ ਦੀਆਂ ਕੋਸ਼ਿਸ਼ਾਂ ਅਤੇ ਉਨ੍ਹਾਂ ਦੇ ਸਿਆਸੀ ਨਿਪੁੰਨਤਾ ਦੇ ਦਾਅਵਿਆਂ ਦੇ ਬਾਵਜੂਦ ਇਰਵਨ ਸਾਡੀਆਂ ਸਿਆਸੀ ਪਾਰਟੀਆਂ ਦੇ ਏਕੇ ਵਿਚ ਦੁਫੇੜ ਪਾਉਣ ਵਿਚ ਸਫਲ ਰਿਹਾ ਹੈ, ਜਿਹੜੀ ਏਕਤਾ ਕਿ ਸਾਈਮਨ ਕਮਿਸ਼ਨ ਦੇ ਬਾਈਕਾਟ ਵੇਲੇ ਹੋਂਦ ਵਿਚ ਆਈ ਸੀ। ਇਥੋਂ ਤੀਕ ਕਿ ਕਾਂਗਰਸ ਵੀ ਅੱਜ ਆਪਣੇ ਘਰ ਵਿਚ ਵੰਡੀ ਹੋਈ ਪਾਰਟੀ ਹੈ। ਇਸ ਸਭ ਕਾਸੇ ਲਈ ਅਸੀਂ ਸਵਾਏ ਵਾਇਸਰਾਏ ਅਤੇ ਉਹਦੀ ਚਿਕਨੀ ਚੁੱਪੜੀ ਜ਼ੁਬਾਨ ਦੇ ਬਗੈਰ ਹੋਰ ਦੱਸੋ ਕਿਸਦਾ ਧੰਨਵਾਦ ਕਰੀਏ ? ਪਰ ਫੇਰ ਵੀ ਉਹਦੀ ਪ੍ਰਸ਼ੰਸਾ ਕਰਨ ਵਾਲੇ ਅਤੇ ਦੇਸ਼ ਦਾ ਹਿਤੈਸ਼ੀ ਕਹਿਣ ਵਾਲੇ ਹਿੰਦੁਸਤਾਨ ਅੰਦਰ ਮੌਜੂਦ ਹਨ।

## ਕਾਂਗਰਸ ਦਾ ਭਵਿੱਖ

ਕਈ ਅਜਿਹੇ ਲੋਕ ਹਨ, ਜਿਹੜੇ ਕਾਂਗਰਸ ਦੇ ਸ਼ਰਧਾਲੂ ਨਹੀਂ ਅਤੇ ਇਸ ਕੋਲੋਂ ਕੋਈ ਵੀ ਆਸ ਨਹੀਂ ਰੱਖਦੇ। ਜੇ ਗਾਂਧੀ ਇਹ ਸਮਝੇ ਕਿ ਇਨਕਲਾਬੀ ਵੀ ਅਜਿਹੇ ਲੋਕਾਂ ਵਿਚ ਹਨ, ਤਾਂ ਉਹ ਉਨ੍ਹਾਂ ਬਾਰੇ ਅਹਿਮ ਭੁਲ ਦਾ ਸ਼ਿਕਾਰ ਹੈ। ਕਾਂਗਰਸ ਨੇ ਜੋ ਆਮ ਲੋਕਾਂ ਵਿਚ ਜਾਗ੍ਰਿਤੀ ਅਤੇ ਆਜ਼ਾਦੀ ਲਈ ਤੀਬਰ ਇੱਛਾ ਪੈਦਾ ਕੀਤੀ ਹੈ, ਅਸੀਂ ਉਸ ਨੂੰ ਮੰਨਦੇ ਹਾਂ। ਅਸੀਂ ਇਸ ਤੋਂ ਭਵਿੱਖ ਵਿਚ ਵੀ ਵੱਡੀਆਂ ਆਸਾਂ ਰੱਖਦੇ ਹਾਂ ਪਰ ਉਹ ਆਪਣੇ ਇਸ ਵਿਚਾਰ 'ਤੇ ਦ੍ਰਿੜ੍ਹ ਹਨ ਕਿ ਜਿੰਨੀ ਦੇਰ ਸ਼ੇਨ ਗੁਪਤਾ ਜਿਹੇ, ਜਿਨ੍ਹਾਂ ਨੂੰ ਵਾਇਸਰਾਏ ਦੀ ਗੱਡੀ ਨੂੰ ਉਡਾਉਣ ਪਿੱਛੇ ਸੀ.ਆਈ.ਡੀ. ਦਾ ਹੱਥ ਨਜ਼ਰ ਆਉਂਦਾ ਹੈ ਅਤੇ ਅਨਸਾਰੀ ਜਿਹੇ, ਜੋ ਦਲੀਲ ਦੀ ਬਜਾਏ ਗਾਲੀ-ਗਲੋਚ ਤੋਂ ਹੀ ਦਲੀਲ ਦਾ ਕੰਮ ਲੈਂਦੇ ਹਨ ਅਤੇ ਰਾਜਨੀਤੀ ਬਾਰੇ ਅਜਿਹੇ ਕੱਚੇ ਖ਼ਿਆਲ ਰੱਖਦੇ ਹਨ ਕਿ ਕਿਸੇ ਵੀ ਕੌਮ ਨੇ ਹਥਿਆਰ ਦੇ ਬਲ ਨਾਲ ਆਜ਼ਾਦੀ ਹੀ ਨਹੀਂ ਜਿੱਤੀ, ਕਾਂਗਰਸ ਦੇ ਕਰਤਾ ਧਰਤਾ ਹਨ, ਕੌਮ ਨੂੰ ਇਸ ਤੋਂ ਕੋਈ ਆਸ ਨਹੀਂ ਬਣ ਸਕਦੀ। ਲੋਕ ਉਸ ਦਿਨ ਦੀ ਉਡੀਕ ਵਿਚ ਹਨ, ਜਦੋਂ ਕਾਂਗਰਸ ਦੇ ਸਿਰੋਂ ਅਹਿੰਸਾ ਦਾ ਭੂਤ ਉੱਤਰ ਜਾਵੇਗਾ ਅਤੇ ਇਹ ਇਨਕਲਾਬੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਮੁਕੰਮਲ ਆਜ਼ਾਦੀ ਵੱਲ ਵਧੇਗੀ।

ਇਸ ਸਾਲ (ਲਾਹੌਰ ਸੈਸ਼ਨ ਵਿਚ) ਇਸ ਨੇ ਪੂਰਨ ਆਜ਼ਾਦੀ ਦਾ ਆਦਰਸ਼, ਜੋ ਕਿ ਇਨਕਲਾਬੀ ਹਮੇਸ਼ਾ ਸਾਹਮਣੇ ਰੱਖਦੇ ਰਹੇ ਹਨ ਅਤੇ ਲਗਪਗ ਪਿਛਲੇ 25 ਸਾਲਾਂ ਤੋਂ ਇਸ 'ਤੇ ਚੱਲਦੇ ਆਏ ਹਨ, ਅਪਨਾ ਲਿਆ ਹੈ। ਆਸ ਰੱਖਦੇ ਹਾਂ ਕਿ ਇਸ਼ ਤਰ੍ਹਾਂ ਅਗਲੇ ਸਾਲ ਉਨ੍ਹਾਂ ਦੇ ਢੰਗ ਤਰੀਕਿਆਂ ਦਾ ਵੀ ਸਮਰਥਨ ਕੀਤਾ ਜਾਵੇਗਾ।

## ਹਿੰਸਾ ਅਤੇ ਫ਼ੌਜੀ ਖ਼ਰਚ

ਗਾਂਧੀ ਅਨੁਸਾਰ, ਜਦ ਵੀ ਦੇਸ਼ ਵਿਚ ਹਿੰਸਕ ਕੰਮ ਕੀਤੇ ਗਏ ਹਨ, ਉਸਦੇ ਨਾਲ ਹਮੇਸ਼ਾ ਫ਼ੌਜੀ ਖ਼ਰਚ ਵਿਚ ਵਾਧਾ ਹੋਇਆ ਹੈ। ਜੇ ਉਨ੍ਹਾਂ ਦਾ ਇਸ਼ਾਰਾ ਇਨਕਲਾਬੀ ਲਹਿਰ ਦੇ ਪਿਛਲੇ 25 ਸਾਲਾਂ ਵੱਲ ਹੈ ਤਾਂ ਅਸੀਂ ਉਨ੍ਹਾਂ ਦੇ ਕਥਨ ਦੀ ਸੱਚਾਈ ਨੂੰ ਵੰਗਾਰਦੇ ਹਾਂ ਅਤੇ ਅੰਕੜਿਆਂ ਅਤੇ ਦਲੀਲਾਂ ਰਾਹੀਂ ਉਨ੍ਹਾਂ ਦੇ ਕਥਨ ਦਾ ਠੋਸ ਸਬੂਤ ਮੰਗਦੇ ਹਾਂ। ਪਰ ਜੇ ਉਹ ਅੰਗਰੇਜ਼ਾਂ ਦੇ ਹਿੰਦੁਸਤਾਨ ਵਿਚ ਆਉਣ ਪਿਛੋਂ ਲੜਾਈਆਂ ਦਾ ਹਵਾਲਾ ਦੇਵੇ ਤਾਂ ਅਸੀਂ ਕਹਾਂਗੇ ਕਿ ਉਸਦੇ ਅਹਿੰਸਾ ਅਤੇ ਸੱਭਿਆਚਾਰ ਦੇ ਦਬਢੂ ਤਜਰਬੇ ਵੇਲੇ ਵੀ ਤਾਂ ਨੌਕਰਸ਼ਾਹੀ ਦੇ ਖ਼ਰਚ ਵਿਚ ਵਾਧਾ ਹੋਇਆ ਸੀ। ਜਨਤਾ ਦੇ ਐਕਸ਼ਨ ਭਾਵੇਂ ਹਿੰਸਕ ਹੋਣ ਜਾਂ ਅਹਿੰਸਕ, ਇਸ ਦਾ ਰਾਜ ਦੀ ਆਰਥਿਕਤਾ ਉੱਪਰ ਅਸਰ ਜ਼ਰੂਰ ਪਵੇਗਾ।



Sri Satguru Jagjit Singh Ji Elibrary NamdhariElibrary@gmail.com

## ਸੁਧਾਰ

ਸਾਨੂੰ ਸਮਝ ਨਹੀਂ ਆਉਂਦੀ ਕਿ ਗਾਂਧੀ, ਸਾਨੂੰ ਸਰਕਾਰ ਵਲੋਂ ਲਾਗੂ ਕੀਤੇ ਵਿਧਾਨਕ ਸੁਧਾਰਾਂ ਵਿਚ ਕਿਉਂ ਉਲਝਾਉਂਦੇ ਹਨ। ਅਸੀਂ ਤਾਂ ਕਦੇ ਵੀ ਮਿੰਟੋ ਮਾਰਲੇ ਸੁਧਾਰ (1907) ਮਾਂਟੇਗੂ ਸੁਧਾਰ (1919) ਵਾਸਤੇ ਪਰਵਾਹ ਨਹੀਂ ਕੀਤੀ ਤੇ ਨਾ ਹੀ ਕੰਮ ਕੀਤਾ ਹੈ। ਇਹ ਤਾਂ ਸਰਕਾਰ ਦੇ ਕਾਨੂੰਨੀ ਸੁਧਾਰ ਮੰਗਣ ਵਾਲਿਆਂ ਨੂੰ ਪੁਚਕਾਰਨ ਲਈ ਅਤੇ ਠੀਕ ਰਸਤਿਓਂ ਉਖੇੜਨ ਲਈ ਬਣਾਏ ਸਨ। ਇਹ ਤਾਂ ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਸਰਕਾਰ ਦੇ ਹਮਾਇਤੀ ਬਣਾਉਣ ਲਈ ਦਿੱਤੀ ਗਈ ਰਿਸ਼ਵਤ ਸੀ ਅਤੇ ਇਨਕਲਾਬੀਆਂ ਨੂੰ ਉਖਾੜ ਕੇ ਕੁਚਲਨ ਦੀ ਨੀਤੀ ਦਾ ਅੰਗ ਸੀ। ਇਹ ਛਨਕਣੇ (ਜਿਵੇਂ ਕਿ ਗਾਂਧੀ ਨੇ ਕਿਹਾ ਹੈ) ਉਨ੍ਹਾਂ ਲਈ ਹਨ, ਜਿਹੜੇ ਕਿ ਕਦੇ ਕਦਾਈਂ 'ਹੋਮਰੂਲ' 'ਸਵੈ ਸਰਕਾਰ', 'ਜ਼ਿੰਮੇਵਾਰ', 'ਪੂਰੀ ਤਰ੍ਹਾਂ ਜ਼ਿੰਮੇਵਾਰ ਸਰਕਾਰ' ਡੋਮੀਅਨਲ ਵਰਗੀਆਂ ਹੋਰ ਕਈ ਸੰਵਿਧਾਨਕ ਨਾਵਾਂ ਨਾਲ ਗੁਲਾਮੀ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਇਨਕਲਾਬੀਆਂ ਨੇ ਕਦੇ ਵੀ ਇਨ੍ਹਾਂ ਸੁਧਾਰਾਂ ਨੂੰ ਆਪਣੇ ਕੰਮ ਦਾ ਸਿੱਟਾ ਨਹੀਂ ਕਿਹਾ। ਉਨ੍ਹਾਂ ਨੇ ਤਾਂ ਪੂਰਨ ਆਜ਼ਾਦੀ ਦਾ ਝੰਡਾ ਕਿਤੇ ਪਹਿਲਾਂ ਚੁੱਕਿਆ ਸੀ ਅਤੇ ਉਹ ਇਸ ਲਈ ਜੀ ਰਹੇ ਹਨ ਅਤੇ ਇਸ ਖ਼ਾਤਰ ਆਪਣੀਆਂ ਜਾਨਾਂ ਦਿਲ ਖੋਲ੍ਹ ਕੇ ਵਾਰ ਰਹੇ ਹਨ। ਉਹ (ਇਨਕਲਾਬੀ) ਇਹ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨੇ ਲੋਕਾਂ ਦੀ ਸੋਚ ਵਿਚ ਮਹਾਨ ਤਬਦੀਲੀ ਲਿਆਂਦੀ ਹੈ। ਉਨ੍ਹਾਂ ਦੇ ਉੱਦਮ ਨੇ ਦੇਸ਼ ਨੂੰ ਆਜ਼ਾਦੀ ਵੱਲ ਲਿਜਾਣ ਵਿਚ ਵੱਡੀਆਂ ਵਾਟਾਂ ਮੁਕਾਈਆਂ ਹਨ, ਜਿਹਾ ਕਿ ਉਨ੍ਹਾਂ ਨਾਲ ਰਾਜਨੀਤਕ ਮਤਭੇਦ ਰੱਖਣ ਵਾਲੇ ਵੀ ਮੰਨਦੇ ਹਨ।

## ਤਰੱਕੀ ਦਾ ਰਸਤਾ

ਗਾਂਧੀ ਦਾ ਇਹ ਕਥਨ ਕਿ ਹਿੰਸਾ ਤਰੱਕੀ ਦੇ ਰਸਤੇ ਦੀ ਰੁਕਾਵਟ ਹੈ, ਅਤੇ ਇਸ ਤਰ੍ਹਾਂ ਨਾਲ ਸਿੱਧੇ ਤੌਰ 'ਤੇ ਆਜ਼ਾਦੀ ਦੀ ਘੜੀ ਨੂੰ ਅੱਗੇ ਪਾਉਂਦੀ ਹੈ। ਅਸੀਂ ਉਸ ਨੂੰ ਕਈ ਸਾਰੀਆਂ ਅਜੋਕੇ ਯੁਗ ਦੀਆਂ ਮਿਸਾਲਾਂ ਦੇ ਸਕਦੇ ਹਾਂ, ਜਿਥੇ ਹਥਿਆਰਾਂ ਰਾਹੀਂ ਸਮਾਜਿਕ ਤਰੱਕੀ ਹੋਈ ਹੈ ਅਤੇ ਲੋਕਾਂ ਨੇ ਇਸ ਰਾਹੀਂ ਰਾਜਨੀਤਕ ਆਜ਼ਾਦੀ ਹਾਸਲ ਕੀਤੀ ਹੈ। ਜਿਵੇਂ ਰੂਸ ਅਤੇ ਤੁਰਕੀ ਦੀ ਮਿਸਾਲ ਲਵੋ। ਇਨ੍ਹਾਂ ਦੋਹਾਂ ਦੇਸ਼ਾਂ ਵਿਚ ਅਗਾਂਹਵਧੂ ਜਥੇਬੰਦੀਆਂ ਨੇ ਹਥਿਆਰਬੰਦ ਇਨਕਲਾਬ ਰਾਹੀਂ ਰਾਜਸੱਤਾ ਸੰਭਾਲੀ। ਪਰ ਇਥੇ ਸਮਾਜੀ ਤੇ ਰਾਜਨੀਤਕ ਤਰੱਕੀ ਦੀ ਗਤੀ ਘਟੀ ਨਹੀਂ। ਇਕੱਲੇ ਅਫ਼ਗਾਨਿਸਤਾਨ ਦੀ ਮਿਸਾਲ (ਜੋ ਗਾਂਧੀ ਦੇਂਦਾ ਹੈ) ਹੀ ਇਕ ਸਿਆਸੀ ਮੰਤਰ ਨਹੀਂ ਬਣ ਜਾਂਦੀ ਬਲਕਿ ਉਹ ਤਾਂ ਇਕ ਨਿਵੇਕਲੀ ਜਿਹੀ ਮਿਸਾਲ ਹੈ।

## ਅਹਿੰਸਾ ਦੀ ਅਸਫਲਤਾ

ਗਾਂਧੀ ਅਨੁਸਾਰ ਜਨਤਾ ਵਿਚ ਨਾ ਮਿਲਵਰਤਣ ਲਹਿਰ (1920) ਦੇ ਦੌਰਾਨ ਆਈ ਜਾਗ੍ਰਿਤੀ ਅਸਲ ਵਿਚ ਅਹਿੰਸਾ ਦੇ ਪ੍ਰਚਾਰ ਦਾ ਸਿੱਟਾ ਹੈ। ਜਨਤਾ ਵਿਚ ਵਿਸ਼ਾਲ ਜਾਗ੍ਰਿਤੀ, ਜੋ ਕਿ ਹਰ ਤਰ੍ਹਾਂ ਦੀ ਸਿੱਧੀ ਜਨਤਕ ਲਹਿਰ ਟੁੰਬਦੀ ਹੈ, ਨੂੰ ਅਹਿੰਸਾ ਦੇ ਪ੍ਰਚਾਰ ਦਾ ਪ੍ਰਭਾਵ ਕਹਿਣਾ ਗ਼ਲਤ ਹੈ। ਮਿਸਾਲ ਵਜੋਂ ਰੂਸ ਵਿਚ ਮਜ਼ਦੂਰਾਂ ਕਿਸਾਨਾਂ ਵਿਚ ਵਿਸ਼ਾਲ ਜਾਗ੍ਰਿਤੀ ਉਦੋਂ ਆਈ, ਜਦੋਂ ਕਿ ਕਮਿਊਨਿਸਟਾਂ ਨੇ ਪ੍ਰਚੰਡ ਜਨਤਕ ਲਹਿਰ ਛੇੜੀ, ਹਾਲਾਂਕਿ ਕਿਸੇ ਨੇ ਅਹਿੰਸਾ ਦਾ ਪ੍ਰਚਾਰ ਨਹੀਂ ਸੀ ਕੀਤਾ। ਅਸੀਂ ਤਾਂ ਬਲਕਿ ਇਥੋਂ ਤੀਕ ਕਹਿੰਦੇ ਹਾਂ ਕਿ ਇਹ ਅਹਿੰਸਾ ਅਤੇ ਗਾਂਧੀ ਦੀ ਸੌਦੇਬਾਜ਼ੀ ਨੀਤੀ ਸੀ, ਜਿਸਨੇ ਕਿ ਸਮੂਹ ਐਕਸ਼ਨ (Mass action) ਵੇਲੇ ਜੁੜੀਆਂ ਸਫਾਂ ਵਿਚ ਦੁਫੇੜ ਪਾਈ।

ਇਹ ਦਾਅਵਾ ਕੀਤਾ ਜਾਂਦਾ ਹੈ ਕਿ ਅਹਿੰਸਾ ਰਾਹੀਂ ਸਿਆਸੀ ਊਣਤਾਈਆਂ ਠੀਕ ਕੀਤੀਆਂ ਜਾ ਸਕਦੀਆਂ ਹਨ। ਜ਼ਿਆਦਾ ਨਾ ਕਹਿੰਦਾ ਹੋਏ, ਕਿਹਾ ਜਾ ਸਕਦਾ ਹੈ ਕਿ ਇਹ



Sri Satguru Jagjit Singh Ji Elibrary NamdhariElibrary@gmail.com

ਨੇਕ ਵਿਚਾਰ ਹੈ, ਪਰ ਅਣ ਪਰਖਿਆ ਹੈ। ਇਸ ਰਾਹੀਂ ਦੱਖਣੀ ਅਫ਼ਰੀਕਾ ਵਿਚ ਰਹਿੰਦੇ ਹਿੰਦੀਆਂ ਦੇ ਜਾਇਜ਼ ਹੱਕ ਨਹੀਂ ਹਾਸਲ ਹੋਏ। ਇਸ ਨਾਲ ਭਾਰਤੀ ਜਨਤਾ ਨੂੰ, ਕੌਮੀ ਵਰਕਰਾਂ ਦੀ ਫ਼ੌਜ ਦੀ ਅਣਥੱਕ ਕੋਸ਼ਿਸ਼ ਅਤੇ ਸਵਾ ਕਰੋੜ ਰੁਪਏ ਦੇ ਬਾਵਜੂਦ ਇਕ ਸਾਲ ਦੇ ਅੰਦਰ ਸਵਰਾਜ (ਜਿਵੇਂ ਕਿ ਗਾਂਧੀ ਨੇ 1920 ਵਿਚ ਕਿਹਾ ਸੀ) ਨਹੀਂ ਮਿਲਿਆ।

ਪਿੱਛੇ ਜਿਹੇ ਇਸ ਰਾਹੀਂ ਬਾਰਦੋਲੀ ਦੇ ਕਿਸਾਨਾਂ ਨੂੰ ਸੱਤਿਆਗ੍ਰਹਿ ਲੀਡਰਾਂ (ਗਾਂਧੀ ਅਤੇ ਪਟੇਲ) ਦੇ ਵਾਇਦੇ ਮੁਤਾਬਕ ਘੱਟੋ-ਘੱਟ ਮੰਗਾਂ ਵੀ ਪੂਰੀਆਂ ਨਹੀਂ ਹੋਈਆਂ। ਅਸੀਂ ਕਿਸੇ ਹੋਰ ਥਾਂ ਤੇ ਅਹਿੰਸਾ ਨੂੰ ਕੌਮੀ ਪੱਧਰ 'ਤੇ ਕੰਮ ਕਰਦਿਆਂ ਨਹੀਂ ਦੇਖਿਆ।

ਅਸਲ ਵਿਚ ਸੱਤਿਆਗ੍ਰਹਿ ਜਿਵੇਂ ਕਿ ਗਾਂਧੀ ਨੇ ਪ੍ਰਚਾਰਿਆ ਹੈ, ਇਕ ਤਰ੍ਹਾਂ ਦਾ ਰੋਸ ਹੈ, ਜਿਸ ਦਾ ਸਿੱਟਾ ਜਿਵੇਂ ਕਿ ਅਸਾਂ ਦੇਖਿਆ ਹੈ, ਸਮਝੌਤੇ 'ਚ ਹੀ ਨਿਕਲਦਾ ਹੈ। ਕੌਮੀ ਅਜ਼ਾਦੀ ਲਈ ਤਨੋ ਮਨੋ ਜ਼ੋਰ ਲਗਾ ਰਹੀ ਕੌਮ ਵਾਸਤੇ ਇਹ ਕਦੇ ਵੀ ਸਮਝੌਤੇ ਰਾਹੀਂ ਪ੍ਰਾਪਤ ਨਹੀਂ ਹੋ ਸਕਦੀ। ਜਿੰਨੀ ਛੇਤੀ ਅਸੀਂ ਇਹ ਸਮਝ ਲਈਏ ਕਿ ਆਜ਼ਾਦੀ ਅਤੇ ਗ਼ੁਲਾਮੀ ਵਿਚਾਲੇ ਕੋਈ ਸਮਝੌਤਾ ਨਹੀਂ ਹੋ ਸਕਦਾ, ਉਨ੍ਹਾਂ ਹੀ ਚੰਗਾ ਹੋਵੇਗਾ।

## ਕੀ ਇਹ ਨਵਾਂ ਯੁੱਗ ਹੈ?

ਗਾਂਧੀ ਅਨੁਸਾਰ 'ਅਸੀਂ ਨਵੇਂ ਯੁੱਗ ਵਿਚ ਪ੍ਰਵੇਸ਼ ਕਰ ਰਹੇ ਹਾਂ।' ਨਿਰੋਲ ਇਕ ਸ਼ਬਦ 'ਸਵਰਾਜ' ਦੀ ਵਿਆਖਿਆ ਪੂਰਨ ਆਜ਼ਾਦੀ ਦੇ ਰੂਪ ਵਿਚ ਕਰ ਲੈਣਾ ਅਸੀਂ ਨਵੇਂ ਯੁਗ ਦਾ ਪ੍ਰਤੀਕ ਕਿਵੇਂ ਮੰਨ ਲਈਏ। ਹਾਂ, ਉਹ ਦਿਨ ਵਾਕਈ ਮਹਾਨ ਹੋਵੇਗਾ, ਜਦਕਿ ਕਾਂਗਰਸ ਇਕ ਦੇਸ਼ ਵਿਆਪੀ ਜਨਤਕ ਸਮੂਹ ਐਕਸ਼ਨ, ਜੋ ਕਿ ਮੰਨੇ ਪਰਮੰਨੇ ਇਨਕਲਾਬੀ ਅਸੂਲਾਂ 'ਤੇ ਅਧਾਰਤ ਹੋਵੇਗਾ, ਦਾ ਹੋਕਾ ਦੇਵੇਗੀ। ਉਦੋਂ ਤੀਕ ਕੇਵਲ ਆਜ਼ਾਦੀ ਦੇ ਝੰਡੇ ਝੁਲਾਉਣ ਨੂੰ ਇਕ ਮਖੌਲ ਸਮਝਦੇ ਹੈਂ। ਅਸੀਂ ਸ੍ਰੀਮਤੀ ਸਰਲਾ ਦੇਵੀ ਚੌਧਰਾਨੀ ਦੇ ਇਕ ਪ੍ਰੈੱਸ ਭੇਂਟ ਵਿਚ ਕਹੇ ਬਿਆਨ ਨਾਲ ਸਹਿਮਤ ਹਾਂ ਜਿਸ ਅਨੁਸਾਰ "31 ਦਸੰਬਰ, 1929 ਨੂੰ ਰਾਤ ਦੇ 12 ਵਜ ਕੇ ਇਕ ਮਿੰਟ 'ਤੇ ਝੰਡੇ ਦਾ ਝੁਲਾਏ ਜਾਣਾ ਇਕ ਸਟੇਜੀ ਗੱਲ ਸੀ ਜਿਸ ਨੂੰ ਲਫਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਕਾਂਗਰਸ ਵਲੰਟੀਅਰ ਦਲ ਦੇ ਜਨਰਲ ਆਫ਼ੀਸਰ ਕਮਾਂਡਿੰਗ ਅਤੇ ਨਾਇਕ ਕਮਾਂਡਰ ਆਪਣੀਆਂ ਭੜਕੀਲੀਆਂ ਯੂਨੀਫਾਰਮਾਂ ਵਿਚ ਕਾਗ਼ਜ਼ੀ ਜਰਨੈਲ ਹਨ। ਇਹ ਸੱਚਾਈ ਕਿ ਝੰਡੇ ਦਾ ਝੁਲਾਏ ਜਾਣਾ ਅੱਧੀ ਰਾਤ ਤੀਕ ਗ਼ੈਰ ਯਕੀਨੀ ਸੀ। ਜੇ ਇਕ ਦੋ ਮਿੰਟ ਵੀ ਪਹਿਲਾਂ ਵਾਇਸਰਾਏ ਯਾਂ ਸਟੇਟ ਸੈਕਟਰੀ ਵਲੋਂ ਡੋਮੀਨਅਨ ਸਟੇਟਸ ਦੀ ਹਾਮੀ ਭਰੀ ਜਾਂਦੀ ਤਾਂ। ਇਹ ਸਿੱਧ ਕਰਦਾ ਹੈ ਕਿ ਪੂਰਨ ਆਜ਼ਾਦੀ ਉਨ੍ਹਾਂ ਦੀ ਜਿਗਰੀ ਇੱਛਾ ਨਹੀਂ ਬਲਕਿ ਨਿਆਣਿਆਂ ਵਾਲੀ ਅੜੀ ਦੀ ਤਰ੍ਹਾਂ ਹੈ। ਗੱਲ ਤਾਂ ਬਣਦੀ ਜੇ ਕਾਂਗਰਸ ਆਜ਼ਾਦੀ ਪਹਿਲਾਂ ਹਾਸਲ ਕਰਕੇ, ਐਲਾਨ ਫੇਰ ਕਰਦੀ।"

ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਕਾਂਗਰਸ ਦੇ ਬੁਲਾਰੇ ਜਨਤਾ ਅੱਗੇ ਡੋਮੀਨਅਨ ਸਟੇਟਸ ਦੀ ਬਜਾਏ ਪੂਰਨ ਆਜ਼ਾਦੀ ਉੱਪਰ ਭਾਸ਼ਨ ਝਾੜਨਗੇ। ਉਹ ਜਨਤਾ ਨੂੰ ਇਕ ਅਜਿਹੇ ਸੰਗਰਾਮ ਲਈ ਤਿਆਰ ਹੋਣ ਲਈ ਕਹਿਣਗੇ, ਜਿਸ ਵਿਚ ਇਕ ਪਾਸਾ ਚੋਟ ਮਾਰੇਗਾ ਅਤੇ ਦੂਜਾ ਪਾਸਾ ਉਸਨੂੰ ਕੇਵਲ 'ਗ੍ਰਹਿਣ' ਕਰੇਗਾ ਅਤੇ ਕਰੀ ਹੀ ਜਾਏਗਾ ਜਦ ਤੀਕ ਕਿ ਉਹਦਾ ਕਚੂਮਰ ਨਾ ਨਿਕਲ ਜਾਏ। ਕੀ ਅਜਿਹੀ ਚੀਜ਼ ਨੂੰ ਅਸੀਂ ਸੰਗਰਾਮ ਕਹਿ ਸਕਦੇ ਹਾਂ ਅਤੇ ਕੀ ਇਹ ਦੇਸ਼ ਨੂੰ ਪੂਰਨ ਆਜ਼ਾਦੀ ਵੱਲ ਲਿਜਾ ਵੀ ਸਕਦਾ ਹੈ। ਭਾਵੇਂ ਕਿ ਇਕ ਉੱਚੇ ਆਦਰਸ਼ ਨੂੰ ਵੀ ਕੌਮ ਸਾਹਮਣੇ ਰੱਖਣਾ ਆਪਣੇ ਥਾਂ 'ਤੇ ਠੀਕ ਸਮਝਿਆ ਜਾਵੇ, ਪਰ ਦੁਨੀਆ ਅੱਗੇ ਹਾਸੋਹੀਣੇ ਬਣਨੋਂ ਤਾਂ ਹੀ ਬਚਿਆ ਜਾ ਸਕਦਾ ਹੈ ਜੇ ਅਮਲੀ ਅਤੇ ਅਜ਼ਮਾਏ ਹੋਏ ਢੰਗ ਅਪਨਾਏ ਜਾਣ।



Sri Satguru Jagjit Singh Ji Elibrary NamdhariElibrary@gmail.com

## ਕ੍ਰਿਪਾ ਕਰਕੇ ਤੁਹਮਤਬਾਜ਼ੀ ਛੱਡੋ

ਗਾਂਧੀ ਨੇ ਸਭ ਹੋਸ਼ਮੰਦਾਂ ਨੂੰ ਇਨਕਲਾਬੀਆਂ ਤੋਂ ਮੱਦਦ ਵਾਪਿਸ ਲੈਣ ਅਤੇ ਉਨ੍ਹਾਂ ਦੀ ਨਿਖੇਧੀ ਕਰਨ ਦਾ ਸੱਦਾ ਦਿੱਤਾ ਹੈ ਤਾਂ ਕਿ ਇਹ ਭੁੱਲੜ ਦੇਸ਼ ਭਗਤ, ਹਿੰਸਕ ਭਾਵਨਾ ਦੀ ਪ੍ਰੋੜਤਾ ਦੀ ਅਣਹੋਂਦ ਵਿਚ ਹਿੰਸਾ ਤੋਂ ਮੂੰਹ ਮੋੜ ਲੈਣ ਅਤੇ ਇਸ ਤਰ੍ਹਾਂ, ਜੋ ਵੱਡਾ ਨੁਕਸਾਨ ਹਿੰਸਕ ਕਾਰਵਾਈਆਂ ਨਾਲ ਹੀ ਹੋ ਰਿਹਾ, ਉਸ ਤੋਂ ਬਚਿਆ ਜਾਵੇ। ਵਾਕਈ ਕਿਸੇ ਨੂੰ ਭੁੱਲੜ ਕਹਿ ਦੇਣਾ ਅਤੇ ਦਲੀਲ ਤੋਂ ਬਾਹਰ ਕਹਿ ਦੇਣਾ ਕਿੰਨਾ ਸੌਖਾ ਹੈ। ਜਨਤਾ ਨੂੰ ਕਹਿਣਾ ਕਿ ਇਨ੍ਹਾਂ (ਇਨਕਲਾਬੀਆਂ) ਦਾ ਸਾਥ ਨਾ ਦਿਓ ਅਤੇ ਇਨ੍ਹਾਂ ਦੀ ਨਿਖੇਧੀ ਕਰਨ ਤਾਂ ਕਿ ਇਹ (ਇਨਕਲਾਬੀ) ਲੋਕਾਂ ਤੋਂ ਟੁੱਟ ਕੇ ਆਪਣਾ ਕੰਮ ਛੱਡ ਦੇਣ, ਖਾਸ ਤੌਰ 'ਤੇ ਜਦੋਂਕਿ ਇਕ ਵਿਅਕਤੀ (ਭਾਵ ਗਾਂਧੀ) ਜਨਤਾ ਦੇ ਇਕ ਰਸੂਖ ਵਾਲੇ ਤਬਕੇ ਦੇ ਵਿਸ਼ਵਾਸ ਦਾ ਪਾਤਰ ਹੋਵੇ। ਇਹ ਇਕ ਤਰਸ ਵਾਲੀ ਗੱਲ ਹੈ ਕਿ ਗਾਂਧੀ ਨੂੰ ਇਨਕਲਾਬੀ ਮਾਨਸਿਕਤਾ ਨਾ ਸਮਝ ਆਉਂਦੀ ਹੈ ਅਤੇ ਨਾ ਹੀ ਇਤਨੇ ਲੰਮੇ ਜਨਤਕ ਤਜਰਬੇ ਦੇ ਬਾਵਜੂਦ ਸਮਝ ਵਿਚ ਆ ਸਕਦੀ ਹੈ। ਜੀਵਨ ਇਕ ਬਹੁਮੁੱਲੀ ਚੀਜ਼ ਹੈ। ਇਹ ਹਰ ਇਕ ਨੂੰ ਪਿਆਰੀ ਹੈ। ਜੇ ਇਕ ਸ਼ਖ਼ਸ ਇਨਕਲਾਬੀ ਬਣਦਾ ਹੈ ਤੇ ਆਪਣੀ ਜਾਨ ਤਲੀ 'ਤੇ ਧਰ ਕੇ ਤੁਰਿਆ ਹੈ ਤੇ ਕਿਸੇ ਵੀ ਸਮੇਂ ਕੁਰਬਾਨ ਕਰਨ ਲਈ ਤਿਆਰ ਹੈ ਤਾਂ ਉਹ ਅਜਿਹਾ ਸਿਰਫ ਦਿਲਲਗੀ ਲਈ ਤਾਂ ਨਹੀਂ ਕਰ ਰਿਹਾ। ਉਹ ਇਸ ਲਈ ਤਾਂ ਸਿਰਧੜ ਦੀ ਬਾਜ਼ੀ ਨਹੀਂ ਲਾਉਂਦਾ ਕਿ ਲੋਕੀਂ, ਇਸ ਵੇਲੇ ਹਮਦਰਦੀ ਦੇ ਅਸਰ ਹੇਠਾਂ ਪ੍ਰਸ਼ੰਸਾ ਵਜੋਂ ਵਾਹ-ਵਾਹ ਕਹਿ ਦੇਣਗੇ। ਉਹ ਅਜਿਹਾ ਇਸ ਲਈ ਕਰਦਾ ਹੈ ਕਿ ਉਹਦੀ ਦਲੀਲ ਅਤੇ ਆਤਮਾ ਉਸਨੂੰ ਅਜਿਹੇ ਕਰਨ ਲਈ ਪ੍ਰੇਰਦੀਆਂ ਹਨ। ਇਨਕਲਾਬੀ ਦਲੀਲ ਨੂੰ ਕਿਸੇ ਵੀ ਹੋਰ ਗੱਲ ਨਾਲੋਂ ਮਹਾਨ ਸਮਝਦਾ ਹੈ। ਇਹ ਦਲੀਲ ਅਤੇ ਸਿਰਫ ਦਲੀਲ ਨੂੰ ਸਿਰ ਝੁਕਾਂਦਾ ਹੈ। ਗਾਲੀ ਗਲੋਚ ਭਾਵੇਂ ਕਿੰਨੇ ਉੱਚੇ ਤੋਂ ਉੱਚੇ ਥਾਂ ਤੋਂ ਵਰ੍ਹੇ ਉਹਨੂੰ ਥਿੜਕਾ ਨਹੀਂ ਸਕਦਾ। ਇਉਂ ਸੋਚਣਾ ਕਿ ਹਮਦਰਦੀ ਅਤੇ ਪ੍ਰਸ਼ੰਸਾ ਦੀ ਅਣਹੋਂਦ ਵਿਚ ਇਨਕਲਾਬੀ ਆਪਣਾ ਆਦਰਸ਼ ਛੱਡ ਜਾਏਗਾ, ਵੱਡੀ ਮੂਰਖਤਾ ਹੈ। ਕਈ ਇਨਕਲਾਬੀ ਹੁਣ ਤੀਕ ਇਨ੍ਹਾਂ ਸੰਵਿਧਾਨਕ ਐਜੀਟੇਟਰਾਂ ਦੇ ਮਿਹਣੇ ਦੇਣ ਦੀ ਪ੍ਰਵਾਹ ਨਾ ਕਰਦੇ ਹੋਏ ਫਾਂਸੀਆਂ 'ਤੇ ਝੂਲ ਗਏ ਹਨ। ਜੇ ਕੋਈ ਚਾਹੁੰਦਾ ਹੈ ਕਿ ਇਨਕਲਾਬੀ ਆਪਣਾ ਕੰਮ ਠੱਲ੍ਹ ਲੈਣ ਤਾਂ ਉਨ੍ਹਾਂ ਨਾਲ ਦਲੀਲ ਰਾਹੀਂ ਗੱਲ ਕਰੇ। ਇਹੀ ਇਕੋ ਇਕ ਰਸਤਾ ਹੈ। ਬਾਕੀ ਹੋਰ ਕਿਵੇਂ ਸ਼ੱਕ ਦੀ ਗੁੰਜਾਇਸ਼ ਨਹੀਂ ਹੋਣੀ ਚਾਹੀਦੀ, ਇਨਕਲਾਬ ਕਿਸੇ ਤੁਹਮਤਬਾਜ਼ੀ ਨੂੰ ਜਾਂ ਹੈਂਕੜਬਾਜ਼ੀ ਅਜੇ ਝੁਕਣ ਵਾਲੀ ਚੀਜ਼ ਦਾ ਨਾਉਂ ਨਹੀਂ ਹੈ।

## ਇਕ ਅਪੀਲ

ਅਸੀਂ ਆਪਣੇ ਦੇਸ਼ ਦੇ ਨੌਜਵਾਨਾਂ, ਮਜ਼ਦੂਰਾਂ, ਕਿਸਾਨਾਂ ਅਤੇ ਇਨਕਲਾਬੀ ਦਾਨਸ਼ਵਰਾਂ ਨੂੰ ਮੈਦਾਨ ਵਿਚ ਨਿਤਰਣ ਅਤੇ ਸਾਡੇ ਨਾਲ ਮਿਲ ਕੇ ਆਜ਼ਾਦੀ ਸੰਗਰਾਮ ਚਲਾਉਣ ਲਈ ਸੱਦਾ ਦਿੰਦੇ ਹਾਂ, ਆਓ ਇਕ ਨਵੇਂ ਸਮਾਜ ਦੀ ਸਿਰਜਣਾ ਕਰੀਏ, ਜਿਸ ਵਿਚ ਰਾਜਸੀ ਅਤੇ ਆਰਥਿਕ ਅਨਿਆਂ ਅਸੰਭਵ ਹੋਵੇ। ਉਨ੍ਹਾਂ ਜੋਧਿਆਂ ਦੀ ਯਾਦ ਵਿਚ, ਜਿਨ੍ਹਾਂ ਨੇ ਖਿੜੇ ਮੱਥੇ ਮੌਤ ਨੂੰ ਕਬੂਲਿਆ ਤਾਂ ਕਿ, ਅਸੀਂ, ਉਨ੍ਹਾਂ ਦੇ ਵਾਰਸ ਚੰਗੇਰਾ ਜੀਵਨ ਬਿਤਾ ਸਕੀਏ। ਜਿਨ੍ਹਾਂ ਨੇ ਅਣਥੱਕ ਘਾਲਣਾ ਕੀਤੀ ਅਤੇ ਭੁੱਖ ਨੰਗ ਨਾਲ ਲਤਾੜੀ ਭਾਰਤੀ ਜਨਤਾ ਲਈ ਕੁਰਬਾਨ ਹੋਏ।

ਅਸੀਂ ਹਰ ਦੇਸ਼ ਭਗਤ ਨੂੰ ਕਮਰਕੱਸਾ ਕਰਨ ਲਈ ਸੱਦਾ ਦੇਂਦੇ ਹਾਂ। ਕਿਸੇ ਨੂੰ ਵੀ ਇਹ ਹੱਕ ਨਹੀਂ ਕਿ ਕੌਮ ਦੀ ਆਜ਼ਾਦੀ ਨਾਲ, ਜੋ ਇਸਦੀ ਆਤਮਾ ਹੈ, ਅਹਿੰਸਾ ਜਿਹੇ ਮਨੋਵਿਗਿਆਨਕ ਅਡੰਬਰ ਬਚੇ। ਸਾਡੀ ਗ਼ੁਲਾਮੀ ਸਾਡੇ ਮੱਥੇ 'ਤੇ ਕਲੰਕ ਹੈ। ਇਹ ਕਦੋਂ ਸਾਡੇ



Sri Satguru Jagjit Singh Ji Elibrary NamdhariElibrary@gmail.com

ਵਿਚ ਇਹ ਹੌਸਲਾ ਤੇ ਅਕਲ ਆਵੇਗੀ ਕਿ ਅਸੀਂ ਇਸ ਜੂਲੇ ਨੂੰ ਲਾਹ ਕੇ ਅਜ਼ਾਦ ਹੋਣ ਦਾ ਹੰਭਲਾ ਮਾਰੀਏ ? ਸਾਡੇ ਮਹਾਨ ਸੱਭਿਆਚਾਰਕ ਤੇ ਸਭਿਅਤਾ ਦੇ ਵਿਰਸੇ ਦਾ ਕੀ ਮੁੱਲ ਹੈ ਜੇ ਸਾਡੇ ਵਿਚ ਇਤਨੀ ਵੀ ਸਵੈ-ਇੱਜ਼ਤ ਨਹੀਂ ਕਿ ਅਸੀਂ ਵਿਦੇਸ਼ੀ ਹਾਕਮਾਂ ਦੇ ਹੁਕਮਾਂ ਅੱਗੇ ਸਿਰ ਨਿਵਾਉਣੋਂ ਨਾਬਰ ਹੋ ਸਕੀਏ ਅਤੇ ਉਨ੍ਹਾਂ ਦੇ ਝੰਡੇ ਅਤੇ ਰਾਜੇ ਨੂੰ ਸਤਿਕਾਰ ਕਰਨੇ ਰੁਕ ਸਕੀਏ।

## ਫ਼ਤਹਿ ਜਾਂ ਮੌਤ

ਅਜਿਹਾ ਕੋਈ ਕੁਕਰਮ ਨਹੀਂ, ਜਿਹੜਾ ਅੰਗਰੇਜ਼ਾਂ ਨੇ ਭਾਰਤ ਵਿਚ ਨਾ ਕੀਤਾ ਹੋਵੇ, ਮਿੱਥ ਕੇ ਕੀਤੇ ਗਏ ਅਨਿਆਈ ਰਾਜ ਨੇ ਸਾਨੂੰ ਕੰਗਾਲ ਬਣਾ ਦਿੱਤਾ ਹੈ। ਸਾਡਾ ਖ਼ੂਨ ਪੀ ਕੇ ਸਾਨੂੰ ਸਫ਼ੈਦ ਕਰ ਦਿੱਤਾ ਹੈ। ਇਕ ਕੌਮ ਅਤੇ ਜਾਤੀ ਦੇ ਤੌਰ 'ਤੇ ਸਾਡੀ ਇੱਜ਼ਤ ਮਿੱਟੀ ਵਿਚ ਮਿਲਾ ਦਿੱਤੀ ਗਈ ਹੈ। ਕੀ ਲੋਕ ਅਜੇ ਵੀ ਸਾਥੋਂ ਖ਼ਿਮਾ ਦੀ ਆਸ ਰੱਖਦੇ ਹਨ ? ਅਸਾਂ ਅਪਮਾਨ ਦਾ ਹੱਕੀਂ ਨਿਆਂ ਭਰਿਆ ਬਦਲਾ ਲੈਣਾ ਹੈ। ਲੋਕਾਂ ਦਾ ਜ਼ਾਲਮ ਵਿਰੁੱਧ ਹੱਕੀ ਬਦਲਾ। ਬੁਜ਼ਦਿਲ ਅਤੇ ਭੁਲਾਏ ਜਾਣ ਸਮਝੌਤੇ ਅਤੇ ਅਮਨ ਲਈ ਪਿਛੇ ਹਟਣ ਪਏ, ਤੇ ਪਏ ਮਿੰਨਤਾਂ ਕਰਨ। ਅਸੀਂ ਤਰਸ ਦੀ ਮੰਗ ਨਹੀਂ ਕਰਦੇ ਤੇ ਨਾ ਹੀ ਕਰਨਾ ਜਾਣਦੇ ਹਾਂ। ਸਾਡੀ ਤਾਂ ਜ਼ਿੰਦਗੀ ਮੌਤ ਦੀ ਲੜਾਈ ਹੈ, ਮੌਤ ਜਾਂ ਫ਼ਤਿਹ।

ਇਨਕਲਾਬ-ਜ਼ਿੰਦਾਬਾਦ !

ਕਰਤਾਰ ਸਿੰਘ (ਪ੍ਰਧਾਨ)
ਹਿੰਦੁਸਤਾਨ ਸਮਾਜਵਾਦੀ ਰੀਪਬਲੀਕਨ ਐਸੋਸੀਏਸ਼ਨ

●



Sri Satguru Jagjit Singh Ji Elibrary NamdhariElibrary@gmail.com

## ਪਾਠ—13

# ਲੜਾਈ ਜਾਰੀ ਹੈ ਹਰ ਪਗ 'ਤੇ

### ਭੁੱਖ ਹੜਤਾਲ ਦਾ ਹਥਿਆਰ

[12 ਜੂਨ, 1929 ਨੂੰ ਅਸੈਂਬਲੀ ਬੰਬ ਕੇਸ ਦਾ ਡਰਾਮਾ ਖ਼ਤਮ ਹੋਇਆ। ਭਗਤ ਸਿੰਘ ਤੇ ਬੀ.ਕੇ. ਦੱਤ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਭਗਤ ਸਿੰਘ ਨੂੰ ਪੰਜਾਬ ਮੀਆਂਵਾਲੀ ਜੇਲ੍ਹ ਅਤੇ ਬੀ.ਕੇ. ਦੱਤ ਨੂੰ ਲਾਹੌਰ ਕੇਂਦਰੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਨਕਲਾਬੀਆਂ ਦੀ ਤਰ੍ਹਾਂ ਉਨ੍ਹਾਂ ਨੇ ਅਗਲੀ ਕਾਰਵਾਈ ਦੀ ਯੋਜਨਾ ਗੱਡੀ ਵਿਚ ਹੀ ਬਣਾ ਲਈ ਕਿ ਹੁਣ ਜੇਲ੍ਹਾਂ ਅੰਦਰ ਰਾਜਨੀਤਕ ਕੈਦੀਆਂ ਨਾਲ ਵਰਤਾਰੇ ਵਿਚ ਸੁਧਾਰ ਕਰਾਏ ਜਾਣ। ਉਨ੍ਹਾਂ ਦੇ ਵਿਚਾਰ ਵਿਚ, "ਸਜ਼ਾ ਖਾਣ ਤੋਂ ਪਿੱਛੋਂ ਅਸੀਂ ਵੇਖਿਆ ਕਿ ਸਾਡੀ ਜਮਾਤ ਦੇ ਸਿਆਸੀ ਕੈਦੀਆਂ ਦੀ ਹਾਲਤ ਬਹੁਤ ਭੈੜੀ ਸੀ, ਅਸੀਂ ਜੱਦੋ-ਜਹਿਦ ਆਰੰਭ ਕੀਤੀ।" 17 ਜੂਨ, 1929 ਨੂੰ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਵੱਖ-ਵੱਖ ਪੱਤਰਾਂ ਰਾਹੀਂ, 15 ਜੂਨ ਤੋਂ ਭੁੱਖ ਹੜਤਾਲ ਸ਼ੁਰੂ ਕਰ ਦੇਣ ਤੇ ਆਪਣੀਆਂ ਮੰਗਾਂ ਦੀ ਸੂਚੀ ਸਰਕਾਰ ਨੂੰ ਪੇਸ਼ ਕੀਤੀ। ਇਕ ਦੂਸਰੇ ਖ਼ਤ ਰਾਹੀਂ ਭਗਤ ਸਿੰਘ ਨੇ ਆਪਣੇ ਲਾਹੌਰ ਤਬਾਦਲੇ ਬਾਰੇ ਵੀ ਨੁਕਤਾ ਉਠਾਇਆ। —ਸੰਪਾਦਕ]

* * *

### 67. ਇੰਸਪੈਕਟਰ ਜਨਰਲ ਜੇਲ੍ਹ ਪੰਜਾਬ ਨੂੰ

*—17 ਜੂਨ, 1929*

ਸ਼੍ਰੀਮਾਨ,

ਇਸ ਸਚਾਈ ਦੇ ਬਾਵਜੂਦ ਕਿ ਸਾਂਡਰਸ ਸ਼ੂਟਿੰਗ ਵਿਚ ਗ੍ਰਿਫ਼ਤਾਰ ਹੋਰ ਨੌਜਵਾਨਾਂ ਨਾਲ ਹੀ ਮੇਰੇ 'ਤੇ ਵੀ ਮੁਕੱਦਮਾ ਚੱਲੇਗਾ, ਮੈਨੂੰ ਦਿੱਲੀ ਤੋਂ ਮੀਆਂਵਾਲੀ ਬਦਲ ਦਿੱਤਾ ਗਿਆ ਹੈ। ਉਸ ਮੁਕੱਦਮੇ ਦੀ ਸੁਣਵਾਈ 26 ਜੂਨ, 1929 ਨੂੰ ਸ਼ੁਰੂ ਹੋਣ ਵਾਲੀ ਹੈ। ਮੈਂ ਇਹ ਸਮਝਣ ਵਿਚ ਬਿਲਕੁਲ ਅਸਮਰਥ ਹਾਂ ਕਿ ਮੈਨੂੰ ਇਥੇ ਤਬਦੀਲ ਕਰਨ ਵਿਚ ਕੀ ਭਾਵਨਾ ਕੰਮ ਕਰ ਰਹੀ ਹੈ?

ਜੋ ਵੀ ਹੈ, ਨਿਆਂ ਦੀ ਮੰਗ ਹੈ ਕਿ ਹਰੇਕ ਮੁਲਜ਼ਮ (ਜ਼ੇਰ ਸਮਾਇਤ) ਨੂੰ ਉਹ ਸਭ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨਾਲ ਉਹ ਆਪਣੇ ਮੁਕੱਦਮੇ ਦੀ ਤਿਆਰੀ ਕਰ ਸਕੇ ਅਤੇ ਮੁਕੱਦਮਾ ਲੜ ਸਕੇ। ਪਰ ਮੈਂ ਇਥੇ ਰਹਿੰਦਿਆਂ ਕਿਵੇਂ ਆਪਣਾ ਵਕੀਲ ਕਰ ਸਕਦਾ ਹਾਂ, ਕਿਉਂਕਿ ਇਥੇ ਰਹਿੰਦਿਆਂ ਮੈਨੂੰ ਆਪਣੇ ਪਿਤਾ ਜਾਂ ਦੂਜੇ ਰਿਸ਼ਤੇਦਾਰਾਂ ਨਾਲ ਤਾਲਮੇਲ ਰੱਖਣਾ ਔਖਾ ਹੈ। ਇਹ ਥਾਂ ਕਾਫੀ ਅਲੱਗ ਹੈ, ਰਾਹ ਔਖਾ ਹੈ ਲਾਹੌਰੋਂ ਬਹੁਤ ਦੂਰ ਹੈ।

ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਮੈਨੂੰ ਤੁਰੰਤ ਲਾਹੌਰ ਸੈਂਟਰਲ ਜੇਲ੍ਹ ਵਿਚ ਬਦਲਣ ਦਾ ਹੁਕਮ ਦਿਓ, ਜਿਸ ਨਾਲ ਮੈਨੂੰ ਆਪਣਾ ਕੇਸ ਲੜਨ ਦੀ ਤਿਆਰੀ ਕਰਨ ਦਾ ਠੀਕ ਮੌਕਾ ਮਿਲੇ। ਆਸ ਹੈ ਛੇਤੀ ਧਿਆਨ ਦਿੱਤਾ ਜਾਵੇਗਾ।



Sri Satguru Jagjit Singh Ji Elibrary NamdhariElibrary@gmail.com

ਤੁਹਾਡਾ ਵਗ਼ੈਰਾ,
ਭਗਤ ਸਿੰਘ
ਉਮਰ ਕੈਦੀ, ਮੀਆਂਵਾਲੀ ਜੇਲ੍ਹ

* * *

## 68. ਮਿਲੇ, ਜੇਲ੍ਹਾਂ ਦਾ ਇੰਸਪੈਕਟਰ ਜਨਰਲ, ਪੰਜਾਬ ਲਾਹੌਰ।

*—17 ਜੂਨ, 1929*

ਅਸੈਂਬਲੀ ਬੰਬ ਕੇਸ ਦਿੱਲੀ ਦੇ ਸਬੰਧ ਵਿਚ ਮੈਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਜ਼ਾਹਰਾ ਤੌਰ 'ਤੇ ਮੈਂ ਸਿਆਸੀ ਕੈਦੀ ਹਾਂ। ਦਿੱਲੀ ਜੇਲ੍ਹ ਵਿਚ ਮੈਨੂੰ ਉਚੇਰੀ ਖ਼ੁਰਾਕ ਮਿਲਦੀ ਸੀ ਪਰ ਇਥੇ ਪਹੁੰਚਣ ਤੋਂ ਮੇਰੇ ਨਾਲ ਆਮ ਜਰਾਇਮ ਪੇਸ਼ਾ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਇਸ ਵਾਸਤੇ ਮੈਂ 15 ਜੂਨ, 1929 ਦੀ ਸਵੇਰ ਤੋਂ ਭੁੱਖ ਹੜਤਾਲ 'ਤੇ ਹਾਂ। ਇਨ੍ਹਾਂ ਦੋ ਜਾਂ ਤਿੰਨ ਦਿਨਾਂ ਵਿਚ ਮੇਰਾ ਭਾਰ ਦਿੱਲੀ ਜੇਲ੍ਹ ਨਾਲੋਂ 6 ਪੌਂਡ ਘਟ ਗਿਆ ਹੈ। ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਮੈਨੂੰ ਹਰ ਹਾਲਤ ਵਿਚ ਸਿਆਸੀ ਕੈਦੀ ਦਾ ਉਚੇਚਾ ਵਿਹਾਰ ਮਿਲਣਾ ਚਾਹੀਦਾ ਹੈ। ਮੇਰੀਆਂ ਮੰਗਾਂ ਹਨ : ਉਚੇਰੀ ਖ਼ੁਰਾਕ (ਦੁੱਧ, ਘਿਓ, ਚੌਲ, ਵਗ਼ੈਰਾ ਸਮੇਤ), ਮੁਸ਼ੱਕਤ ਨਾ ਹੋਵੇ, ਗੁਸਲ (ਸਾਬਣ, ਤੇਲ, ਹਜਾਮਤ ਵਗ਼ੈਰਾ), ਹਰ ਤਰ੍ਹਾਂ ਦਾ ਸਾਹਿਤ (ਇਤਿਹਾਸ, ਅਰਥ ਸ਼ਾਸਤਰ, ਰਾਜਨੀਤਕ ਵਿਗਿਆਨ, ਕਵਿਤਾ, ਨਾਟਕ ਜਾਂ ਨਾਵਲ, ਅਖ਼ਬਾਰ) ਮੈਨੂੰ ਆਸ ਹੈ ਕਿ ਤੁਸੀਂ ਬੜੀ ਦਿਆਲਤਾ ਨਾਲ ਮੇਰੇ ਕਹੇ ਤੇ ਗ਼ੌਰ ਫਰਮਾਓਗੇ ਅਤੇ ਆਪਣਾ ਫ਼ੈਸਲਾ ਲਓਗੇ।

**ਭਗਤ ਸਿੰਘ**
ਉਮਰ ਕੈਦੀ ਨੰ. 117,
ਮੀਆਂਵਾਲੀ ਜੇਲ

(14 ਸਤੰਬਰ, 1929 ਨੂੰ ਲੈਜਿਸਲੇਟਿਵ 'ਚ ਪੰ. ਮਦਨ ਮੋਹਨ ਮਾਲਵੀਆ ਨੇ ਪੜ੍ਹੀ)

* * *

## 69. ਸੁਪਰਟੈਂਡੈਂਟ ਸੈਂਟਰਲ ਜੇਲ੍ਹ ਲਾਹੌਰ ਨੂੰ

*—17 ਜੂਨ, 1929*

ਮੈਂ ਤੁਹਾਨੂੰ ਅਤੇ ਉੱਚ ਅਧਿਕਾਰੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿਆਸੀ ਕੈਦੀ ਹੋਣ ਦੇ ਆਧਾਰ 'ਤੇ ਮੈਂ ਹੇਠ ਲਿਖੀਆਂ ਚੀਜ਼ਾਂ ਦੀ ਮੰਗ ਕਰਦਾ ਹਾਂ। ਅਸੈਂਬਲੀ ਵਿਚ ਬੰਬ ਸਾਕੇ ਪਿੱਛੋਂ ਲਾਰਡ ਇਰਵਿਨ ਨੇ ਆਪਣੇ ਆਖ਼ਰੀ ਭਾਸ਼ਣ ਵਿਚ ਕਿਹਾ ਸੀ ਕਿ "ਇਹ ਬੰਬ ਕਿਸੇ ਇਕ ਸ਼ਖਸ ਵੱਲ ਨਹੀਂ, ਸਗੋਂ ਸੰਸਥਾ ਵੱਲ ਸੇਧੇ ਗਏ ਸਨ।" ਫੇਰ ਸ੍ਰੀ ਮਿਡਲਟਨ ਨੇ ਆਪਣੇ ਫ਼ੈਸਲੇ ਵਿਚ ਇਹ ਜ਼ਿਕਰ ਕੀਤਾ ਕਿ "ਇਹ ਬੰਦੇ (ਦੱਤ ਅਤੇ ਭਗਤ ਸਿੰਘ) ਅਦਾਲਤ ਵਿਚ 'ਇਨਕਲਾਬ ਜ਼ਿੰਦਾਬਾਦ' 'ਪ੍ਰੋਲੇਤਾਰੀ ਇਨਕਲਾਬ' ਆਦਿ ਦੇ ਨਾਅਰੇ ਲਾਉਂਦੇ ਆਇਆ ਕਰਦੇ ਸਨ, ਜਿਸ ਤੋਂ ਸਾਫ਼ ਜ਼ਾਹਰ ਹੈ ਕਿ ਉਹ ਕਿਹੋ ਜਿਹੇ ਸਿਆਸੀ ਖ਼ਿਆਲਾਂ ਦੇ ਮਾਲਕ ਹਨ। ਇਨ੍ਹਾਂ ਵਿਚਾਰਾਂ ਦੇ ਪ੍ਰਚਾਰ ਦੀ ਰੋਕ ਲਈ ਮੈਂ ਇਨ੍ਹਾਂ ਨੂੰ ਤਾਂ ਜ਼ਿੰਦਗੀ ਕੈਦ ਦੀ ਸਜ਼ਾ ਦਿੰਦਾ ਹਾਂ।"

ਮੈਂ ਫੇਰ ਇਹ ਦੱਸ ਦੇਵਾਂ ਕਿ ਜਦੋਂ ਕੋਈ ਯੂਰਪੀਨ ਖ਼ੁਦਗਰਜ਼ੀ ਲਈ ਆਪ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਜੇਲ੍ਹ ਵਿਚ ਉਸਨੂੰ ਸਭ ਸਹੂਲਤਾਂ ਮਿਲਦੀਆਂ ਹਨ। ਉਹਨੂੰ ਬਿਜਲੀ ਵਾਲਾ ਹਵਾਦਾਰ ਕਮਰਾ, ਸਭ ਤੋਂ ਚੰਗੀ ਖ਼ੁਰਾਕ (ਦੁੱਧ, ਮੱਖਣ, ਡਬਲ ਰੋਟੀ, ਗੋਸ਼ਤ ਵਗ਼ੈਰਾ)



Sri Satguru Jagjit Singh Ji Elibrary NamdhariElibrary@gmail.com

ਅਤੇ ਚੰਗੀ ਪੁਸ਼ਾਕ ਮਿਲੇਗੀ। ਪਰ ਸਾਨੂੰ ਸਿਆਸੀ ਕੈਦੀਆਂ ਨੂੰ ਇਹ ਚੀਜ਼ਾਂ ਮੁਹੱਈਆ ਨਹੀਂ ਕੀਤੀਆਂ ਜਾਂਦੀਆਂ। ਲਾਰਡ ਇਰਵਿਨ ਅਤੇ ਸ਼੍ਰੀ ਮਿਡਲਟਨ ਦੀਆਂ ਟਿੱਪਣੀਆਂ ਇਹ ਸਾਬਤ ਕਰਨ ਲਈ ਕਾਫੀ ਹਨ ਕਿ ਅਸੀਂ ਸਿਆਸੀ (ਕੈਦੀ) ਹਾਂ ਅਤੇ ਇਸ ਆਧਾਰ 'ਤੇ ਮੈਂ ਮੰਗ ਕਰਦਾ ਹਾਂ ਕਿ ਸਾਡੇ (ਭਗਤ ਸਿੰਘ ਅਤੇ ਦੱਤ) ਨਾਲ ਸਿਆਸੀ ਕੈਦੀਆਂ ਵਾਲਾ ਸਲੂਕ ਹੋਣਾ ਚਾਹੀਦਾ ਹੈ। ਮੈਨੂੰ ਚੰਗੇਰੀ ਖ਼ੁਰਾਕ ਮਿਲਣੀ ਚਾਹੀਦੀ ਹੈ ਕਿਉਂਕਿ ਇਨਸਾਨ ਦੀ ਸਿਹਤ ਵਾਸਤੇ ਇਹ ਜ਼ਰੂਰੀ ਹੁੰਦੀ ਹੈ।

ਇਹਦੇ ਨਾਲ ਹੀ ਸਿਆਸਤ 'ਤੇ ਵਿਚਾਰ ਕਰਨ ਲਈ ਮੈਨੂੰ ਹਰ ਤਰ੍ਹਾਂ ਦਾ ਸਾਹਿਤ ਅਤੇ ਅਖ਼ਬਾਰ ਮਿਲਣੇ ਚਾਹੀਦੇ ਹਨ। ਲੋਕ ਸਾਨੂੰ ਅੱਖੜ, ਕੁਰਾਹੀਏ ਅਤੇ ਬੇਸਬਰੇ ਨੌਜਵਾਨ ਕਹਿੰਦੇ ਹਨ। ਇਸ ਲਈ ਸਾਨੂੰ ਵੱਖ-ਵੱਖ ਕਿਤਾਬਾਂ ਪੜ੍ਹਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਅਸੀਂ ਦੇਖ ਸਕੀਏ ਕਿ ਕੀ ਅਸੀਂ ਸੱਚੀਂ ਬੇਸਬਰੇ ਕੁਰਾਹੀਏ ਜਵਾਨ ਹਾਂ ਜਾਂ ਨਹੀਂ, ਸਾਡੇ ਕੰਮ ਦੀ ਸੇਧ ਠੀਕ ਹੈ ਜਾਂ ਗ਼ਲਤ। ਮੇਰੀਆਂ ਮੰਗਾਂ ਇਸ ਤਰ੍ਹਾਂ ਹਨ :

1. ਚੰਗੇਰੀ ਖ਼ੁਰਾਕ, ਸਵੇਰੇ ਦੁੱਧ ਅਤੇ ਡਬਲਰੋਟੀ, ਦੁਪਹਿਰੇ ਦਾਲ਼, ਚੌਲ, ਘਿਉ, ਸਬਜ਼ੀ ਅਤੇ ਖੰਡ ਤੇ ਰਾਤ ਨੂੰ ਡਬਲਰੋਟੀ, ਗੋਸ਼ਤ ਅਤੇ ਚਟਣੀ।
2. ਮੁਸ਼ੱਕਤ ਨਾ ਹੋਵੇ।
3. ਅਖ਼ਬਾਰ ਅਤੇ ਹਰ ਤਰ੍ਹਾਂ ਦਾ ਸਾਹਿਤ।
4. ਗ਼ੁਸਲ, ਸਾਬਣ, ਤੇਲ, ਕੰਘਾ ਅਤੇ ਹਜ਼ਾਮ ਆਦਿ ਸਮੇਤ।
5. ਚੰਗੇਰੀ ਰਿਹਾਇਸ਼।
6. ਆਪਣੇ ਕੱਪੜੇ।

ਸਜ਼ਾ ਤੋਂ ਪਹਿਲੋਂ ਅਤੇ ਮਗਰੋਂ ਮੈਨੂੰ ਇਹ ਸਭ ਚੀਜ਼ਾਂ ਜੇਲ੍ਹ ਦੇ ਖ਼ਰਚ ਵਿਚੋਂ ਮਿਲਦੀਆਂ ਹੁੰਦੀਆਂ ਸਨ। ਪਰ ਇਥੇ ਇਹ ਸਭ ਚੀਜ਼ਾ ਨਹੀਂ ਮਿਲ ਰਹੀਆਂ। ਇਸੇ ਲਈ ਮੈਂ 14 ਜੂਨ, 1929 ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਮੀਆਂਵਾਲੀ ਜੇਲ੍ਹ ਵਿਚ ਮੇਰੇ ਸਾਥੀ ਭਗਤ ਸਿੰਘ ਨੇ ਵੀ ਭੁੱਖ ਹੜਤਾਲ ਕੀਤੀ ਹੋਈ ਹੈ ਅਤੇ ਮੈਂ ਉਦੋਂ ਤਕ ਭੁੱਖ ਹੜਤਾਲ ਨਹੀਂ ਛੱਡਣੀ ਜਦੋਂ ਤਕ ਸਰਕਾਰ ਸਾਡੀਆਂ (ਮੇਰੀਆਂ ਅਤੇ ਭਗਤ ਸਿੰਘ) ਦੀਆਂ ਮੰਗਾਂ ਨਹੀਂ ਮੰਨਦੀ।

ਮੈਂ ਫੌਰੀ ਜਵਾਬ ਦੀ ਆਸ ਕਰਦਾ ਹਾਂ। ਜਿਹੜਾ ਵੀ ਕੋਈ ਸਰਕਾਰੀ ਅਫ਼ਸਰ ਮੇਰੇ ਨਾਲ ਵਿਚਾਰ ਕਰਨ ਲਈ ਆਵੇ, ਉਹਦੇ ਨਾਲ ਇਹ ਮੁਆਮਲਾ ਵਿਚਾਰਨ ਲਈ ਤਿਆਰ ਹਾਂ।

ਬੀ.ਕੇ. ਦੱਤ (ਅਸੈਂਬਲੀ ਕੇਸ ਵਾਲਾ)

(14 ਸਤੰਬਰ, 1929 ਨੂੰ ਲੈਜਿਸਲੇਟਿਵ ਅਸੈਂਬਲੀ 'ਚ ਪੰਡਤ ਮਦਨ ਮੋਹਨ ਮਾਲਵੀਆ ਨੇ ਪੜ੍ਹੀ)

* * *

## 70. ਗ੍ਰਹਿ ਮੈਂਬਰ ਭਾਰਤ ਸਰਕਾਰ ਨੂੰ ਲਿਖੀ ਚਿੱਠੀ ਜੋ ਸਪਤਾਹਿਕ ਪੀਪਲ, ਲਾਹੌਰ, 25 ਜੁਲਾਈ, 1929 ਵਿਚ ਪ੍ਰਕਾਸ਼ਤ ਹੋਈ।

*—14 ਜੁਲਾਈ, 1929*

ਸਾਨੂੰ ਭਗਤ ਸਿੰਘ ਅਤੇ ਬੀ.ਕੇ. ਦੱਤ ਨੂੰ 19 ਅਪ੍ਰੈਲ, 1929 ਨੂੰ ਦਿੱਲੀ ਦੇ ਅਸੈਂਬਲੀ ਬੰਬ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜਦ ਤਕ ਅਸੀਂ ਦਿੱਲੀ ਜੇਲ੍ਹ ਵਿਚ ਜ਼ੇਰ ਸਮਾਇਤ ਕੈਦੀ ਰਹੇ, ਸਾਡੇ ਨਾਲ ਚੰਗਾ ਸਲੂਕ ਕੀਤਾ ਗਿਆ, ਪਰ ਜਦ ਤੋਂ ਉਸ ਜੇਲ੍ਹ



Sri Satguru Jagjit Singh Ji Elibrary NamdhariElibrary@gmail.com

ਤੋਂ ਸਾਡੀ ਤਬਦੀਲੀ ਮੀਆਂਵਾਲੀ ਅਤੇ ਲਾਹੌਰ ਸੈਂਟਰਲ ਜੇਲ੍ਹ ਵਿਚ ਹੋਈ, ਉਦੋਂ ਤੋਂ ਸਾਡੇ ਨਾਲ ਇਖ਼ਲਾਕੀ ਕੈਦੀਆਂ ਵਾਂਲਾ ਸਲੂਕ ਕੀਤਾ ਜਾ ਰਿਹਾ ਹੈ। ਪਹਿਲੇ ਹੀ ਦਿਨ, ਅਸਾਂ ਉੱਚ ਅਧਿਕਾਰੀਆਂ ਨੂੰ ਚੰਗੀ ਖ਼ੁਰਾਕ ਅਤੇ ਕੁਝ ਹੋਰ ਸਹੂਲਤਾਂ ਲਈ ਦਰਖ਼ਾਸਤ ਲਿਖੀ ਅਤੇ ਜੇਲ੍ਹ ਦੀ ਰੋਟੀ ਲੈਣੋਂ ਨਾਂਹ ਕਰ ਦਿੱਤੀ।

ਸਾਡੀਆਂ ਮੰਗਾਂ ਇਸ ਤਰ੍ਹਾਂ ਸਨ :

1. ਸਿਆਸੀ ਕੈਦੀਆਂ ਦੇ ਤੌਰ 'ਤੇ ਸਾਨੂੰ ਚੰਗਾ ਖਾਣਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਸਾਡੀ ਰੋਟੀ ਦੀ ਪੱਧਰ ਘੱਟੋ-ਘੱਟ ਯੂਰਪੀ ਕੈਦੀਆਂ ਵਰਗੀ ਹੋਣੀ ਚਾਹੀਦੀ ਹੈ। (ਅਸੀਂ ਐਨ ਓਹੋ ਜਿਹੀ ਖ਼ੁਰਾਕ ਦੀ ਮੰਗ ਨਹੀਂ ਕਰਦੇ, ਸਗੋਂ ਖ਼ੁਰਾਕ ਦੀ ਪੱਧਰ ਇਕ ਹੋਣੀ ਚਾਹੀਦੀ ਹੈ।)

2. ਸਾਨੂੰ ਬਾਮੁਸ਼ੱਕਤ ਅਤੇ ਬੇਇੱਜ਼ਤ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ।

3. ਬਿਨਾਂ ਕਿਸੇ ਰੁਕਾਵਟ ਦੇ ਪਹਿਲਾਂ ਮਨਜ਼ੂਰ ਹੋਈਆਂ ਕਿਤਾਬਾਂ ਅਤੇ ਇਨ੍ਹਾਂ ਸਣੇ ਲਿਖਣ ਦੇ ਸਾਮਾਨ ਦੀ ਆਗਿਆ ਹੋਣੀ ਚਾਹੀਦੀ ਹੈ।

4. ਘੱਟੋ-ਘੱਟ ਇਕ ਰੋਜ਼ਾਨਾ ਅਖ਼ਬਾਰ ਹਰ ਇਕ ਸਿਆਸੀ ਕੈਦੀ ਨੂੰ ਮਿਲਣੀ ਚਾਹੀਦੀ ਹੈ।

5. ਹਰ ਜੇਲ੍ਹ ਵਿਚ ਸਿਆਸੀ ਕੈਦੀਆਂ ਦਾ ਆਪਣਾ ਵਾਰਡ ਹੋਣਾ ਚਾਹੀਦਾ ਹੈ ਅਤੇ ਇਸ ਵਿਚ ਉਨ੍ਹਾਂ ਸਾਰੀਆਂ ਜ਼ਰੂਰਤਾਂ ਦਾ ਪ੍ਰਬੰਧ ਹੋਵੇ, ਜਿਹੜੀਆਂ ਯੂਰਪੀਨਾਂ ਲਈ ਹਨ ਅਤੇ ਸਾਰੇ ਸਿਆਸੀ ਕੈਦੀ ਇਕ ਜੇਲ੍ਹ ਵਿਚ ਇਕੱਠੇ ਰੱਖਣੇ ਚਾਹੀਦੇ ਹਨ।

6. ਗੁਸਲ ਦੀਆਂ ਸਹੂਲਤਾਂ ਦਿੱਤੀਆਂ ਜਾਣ।

7. ਚੰਗੇਰੇ ਕੱਪੜੇ।

ਇਹ ਬਹੁਤ ਹੱਕਬਜਾਨਬ ਮੰਗਾਂ ਹਨ। ਜੇਲ੍ਹ ਅਧਿਕਾਰੀਆਂ ਨੇ ਸਾਨੂੰ ਇਕ ਦਿਨ ਕਿਹਾ ਕਿ ਉੱਚ ਅਧਿਕਾਰੀਆਂ ਨੇ ਸਾਡੀਆਂ ਮੰਗਾਂ ਮੰਨਣੋਂ ਨਾਂਹ ਕਰ ਦਿੱਤੀ ਹੈ।

ਇਸ ਤੋਂ ਵੱਧ ਸਾਨੂੰ ਮਨਸੂਈ ਢੰਗ ਨਾਲ ਖਾਣਾ ਦੇਣ ਵਾਲੇ ਬਹੁਤ ਭੈੜਾ ਸਲੂਕ ਕਰਦੇ ਹਨ ਅਤੇ 10 ਜੁਲਾਈ, 1929 ਨੂੰ ਭਗਤ ਸਿੰਘ ਜ਼ਬਰਦਸਤੀ ਖਾਣੇ ਮਗਰੋਂ ਮਿੰਟ ਤਕ ਪੂਰੀ ਤਰ੍ਹਾਂ ਬੇਸੁਧ ਪਿਆ ਰਿਹਾ ਅਤੇ ਅਸੀਂ ਇਹ ਗੁਜ਼ਾਰਿਸ਼ ਕਰਦੇ ਹਾਂ ਕਿ ਇਹ ਬਿਨਾਂ ਕਿਸੇ ਢਿੱਲ ਦੇ ਬੰਦ ਕੀਤਾ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਸਾਨੂੰ ਯੂ.ਪੀ. ਜੇਲ੍ਹ ਕਮੇਟੀ ਵਿਚ ਪੰਡਤ ਜਗਤ ਨਾਰਾਇਣ ਅਤੇ ਕੇ.ਬੀ. ਹਾਫ਼ਿਜ਼, ਹਿਦਾਇਤ ਹੁਸੈਨ ਦੀਆਂ ਸਿਫਾਰਸ਼ਾਂ ਵੱਲ ਇਸ਼ਾਰਾ ਕਰਨ ਦੀ ਆਗਿਆ ਦਿੱਤੀ ਜਾਵੇ। ਉਨ੍ਹਾਂ ਇਹ ਸਿਫ਼ਾਰਸ਼ ਕੀਤੀ ਹੈ ਕਿ ਸਿਆਸੀ ਕੈਦੀਆਂ ਨਾਲ 'ਚੰਗੀ ਕਲਾਸ ਦੇ ਕੈਦੀਆਂ' ਵਰਗਾ ਸਲੂਕ ਕੀਤਾ ਜਾਣਾ ਚਾਹੀਦਾ ਹੈ।

ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਸਾਡੀਆਂ ਮੰਗਾਂ ਵੱਲ ਧਿਆਨ ਦਿੱਤਾ ਜਾਵੇ।

ਤੁਹਾਡੇ

ਭਗਤ ਸਿੰਘ ਅਤੇ ਬੀ.ਕੇ. ਦੱਤ

ਨੋਟ : ਸਿਆਸੀ ਕੈਦੀਆਂ ਤੋਂ ਸਾਡਾ ਉਨ੍ਹਾਂ ਲੋਕਾਂ ਤੋਂ ਮਤਲਬ ਹੈ, ਜਿਨ੍ਹਾਂ ਨੂੰ (ਰਾਜ) ਰਿਆਸਤ ਵਿਰੋਧੀ ਕਾਰਵਾਈਆਂ ਕਾਰਨ ਸਜ਼ਾ ਹੋਈ, ਮਿਸਾਲ ਵਜੋਂ ਉਹ ਲੋਕ, ਜਿਨ੍ਹਾਂ ਨੂੰ 1915-17 ਦੇ ਲਾਹੌਰ ਸਾਜ਼ਿਸ਼ ਕੇਸ, ਕਾਕੋਰੀ ਸਾਜ਼ਿਸ਼ ਕੇਸ ਅਤੇ ਹੋਰ ਬਾਗ਼ੀ ਕੇਸਾਂ ਵਿਚ ਸਜ਼ਾ ਹੋਈ।

* * *



Sri Satguru Jagjit Singh Ji Elibrary NamdhariElibrary@gmail.com

## 71. ਪੰਜਾਬ ਜੇਲ੍ਹ ਪੜਤਾਲ ਕਮੇਟੀ ਦੇ ਪ੍ਰਧਾਨ ਅਤੇ ਭੁੱਖ ਹੜਤਾਲ ਸਬ ਕਮੇਟੀ ਦੇ ਮੈਂਬਰਾਂ ਨੂੰ

*—6 ਸਤੰਬਰ, 1929*

ਪ੍ਰਧਾਨ, ਪੰਜਾਬ ਜੇਲ੍ਹ ਪੜਤਾਲ ਕਮੇਟੀ,
ਅਤੇ ਭੁੱਖ ਹੜਤਾਲ ਸਬ ਕਮੇਟੀ ਦੇ ਮੈਂਬਰਾਨ,
ਸ਼ਿਮਲਾ
(ਰਾਹੀਂ, ਸੁਪਰਿੰਟੈਂਡੈਂਟ ਬੋਰਸਟਲ ਇੰਸਟੀਚਿਊਟ, ਲਾਹੌਰ)
ਪਿਆਰੇ ਸ੍ਰੀਮਾਨ

ਹੇਠ ਲਿਖਤ ਅਸੀਂ ਤੁਹਾਡੇ ਧਿਆਨ ਗੋਚਰੇ ਕਰਨ ਦੀ ਆਗਿਆ ਚਾਹੁੰਦੇ ਹਾਂ :

1. ਕਿ ਅਸੀਂ ਭੁੱਖ ਹੜਤਾਲ ਛੱਡੀ ਨਹੀਂ ਸੀ, ਸਗੋਂ ਸਿਰਫ਼ ਸਰਕਾਰ ਦੇ ਫ਼ੈਸਲੇ ਤਕ ਇਸਨੂੰ ਮੁਲਤਵੀ ਕੀਤਾ ਸੀ। ਸਾਡਾ ਵਿਚਾਰ ਹੈ ਕਿ ਅਸੀਂ ਇਹ ਨੁਕਤਾ ਤੁਹਾਨੂੰ ਸਾਫ਼-ਸਾਫ਼ ਦੱਸ ਦਿੱਤਾ ਸੀ ਅਤੇ ਫੇਰ ਤੁਹਾਨੂੰ ਵਾਰ-ਵਾਰ ਤਾਕੀਦ ਕੀਤੀ ਕਿ ਇਹ ਜਨਤਾ ਅਤੇ ਨਾਲ ਹੀ ਸਰਕਾਰ ਨੂੰ ਸਪੱਸ਼ਟ ਕਰ ਦਿਓ।

ਸਾਨੂੰ ਬਹੁਤ ਹੈਰਾਨੀ ਹੈ ਕਿ 4 ਸਤੰਬਰ, 1929 ਦੇ 'ਸਿਵਲ ਐਂਡ ਮਿਲਟਰੀ ਗਜ਼ਟ' ਵਿਚ ਭੁੱਖ ਹੜਤਾਲ ਸਬ-ਕਮੇਟੀ ਦੇ ਮੈਂਬਰਾਂ ਵਲੋਂ ਦਿੱਤੇ ਪ੍ਰੈੱਸ ਬਿਆਨ ਵਿਚ ਇਸ ਨੁਕਤੇ ਦਾ ਜ਼ਿਕਰ ਨਹੀਂ ਕੀਤਾ ਗਿਆ। ਤਾਂ ਵੀ ਸਾਨੂੰ ਉਮੀਦ ਹੈ ਕਿ ਤੁਸੀਂ ਛੇਤੀ ਤੋਂ ਛੇਤੀ ਇਹ ਸਪੱਸ਼ਟ ਕਰ ਦਿਓਗੇ।

2. ਅਸੀਂ ਸਿਰਫ਼ ਇਸ ਯਕੀਨ ਦਹਾਨੀ ਉੱਤੇ ਭੁੱਖ ਹੜਤਾਲ ਮੁਲਤਵੀ ਨਹੀਂ ਕੀਤੀ ਕਿ ਤੁਸੀਂ ਅਤੇ ਪੜਤਾਲੀ ਕਮੇਟੀ ਦੇ ਬਾਕੀ ਮੈਂਬਰ ਸਾਡੀ ਤਸੱਲੀ 'ਤੇ ਅਮਲੀ ਤੌਰ 'ਤੇ ਸਾਡੀਆਂ ਸਾਰੀਆਂ ਮੰਗਾਂ ਮੰਨਦਿਆਂ ਇਕਰਾਏ ਸਿਫ਼ਾਰਸ਼ਾਂ ਕਰ ਦੇਣਗੇ। ਸਾਡੇ ਵਿਚੋਂ ਇਕ ਜਣੇ ਨੇ ਤੁਹਾਨੂੰ ਕਿਹਾ ਸੀ ਕਿ ਸਰਕਾਰ ਨੇ ਬੀਤੇ ਸਮੇਂ ਵਿਚ ਬਹੁਤ ਸਾਰੇ ਕੇਸਾਂ ਵਿਚ ਪੜਤਾਲੀਆ ਕਮੇਟੀਆਂ ਦੀਆਂ ਅਜਿਹੀਆਂ ਸਿਫ਼ਾਰਸ਼ਾਂ ਨਹੀਂ ਸਨ ਮੰਨੀਆਂ, ਕਿਉਂਕਿ ਇਸ ਨਾਲ ਉਨ੍ਹਾਂ ਦਾ ਮਕਸਦ ਹੱਲ ਨਹੀਂ ਸੀ ਹੁੰਦਾ ਅਤੇ ਮਿਸਾਲ ਵਜੋਂ ਸਕੀਨ ਕਮੇਟੀ ਦੀ ਰੌਸ਼ਨ ਮਿਸਾਲ ਦਾ ਹਵਾਲਾ ਦਿੱਤਾ ਸੀ।

ਉਹਨੂੰ ਸੰਸਾ ਸੀ ਕਿ ਤੁਹਾਡੀ ਕਮੇਟੀ ਦੀਆਂ ਸਿਫਾਰਸ਼ਾਂ ਨਾਲ ਵੀ ਇਹੋ ਸਲੂਕ ਹੋਵੇਗਾ।

ਜਵਾਬ ਵਿਚ ਤੁਸਾਂ ਕਿਹਾ ਸੀ ਕਿ ਸਾਡੇ ਕੋਲ ਆਉਣ ਤੋਂ ਪਹਿਲਾਂ ਤੁਸਾਂ ਸਥਾਨਕ ਸਰਕਾਰ ਨਾਲ ਗੱਲਬਾਤ ਕਰ ਲਈ ਸੀ ਅਤੇ ਤੁਸੀਂ ਸਾਨੂੰ ਯਕੀਨ ਦੁਆਉਣ ਦੀ ਹਾਲਤ ਵਿਚ ਸਓ ਕਿ ਸਰਕਾਰ ਇਸ ਮਾਮਲੇ ਵਿਚ ਇਸ ਤਰ੍ਹਾਂ ਨਹੀਂ ਕਰਨ ਲੱਗੀ।

ਇਸ ਸਪੱਸ਼ਟ ਅਤੇ ਸਭ ਤੋਂ ਅਹਿਮ ਯਕੀਨ ਦਹਾਨੀ 'ਤੇ ਪੂਰੇ ਨੌਂ ਘੰਟਿਆਂ ਦੀ ਬਹਿਸ ਮਗਰੋਂ ਅਸੀਂ ਭੁੱਖ ਹੜਤਾਲ ਮੁਲਤਵੀ ਕਰਨਾ ਮੰਨ ਗਏ ਸੀ।

ਇਸ ਤੋਂ ਬਿਨਾਂ, ਤੁਸਾਂ ਸਾਨੂੰ ਹੋਰ ਯਕੀਨ ਦਿਵਾਇਆ ਸੀ ਕਿ ਸਾਡੀ ਤਕੜੀ ਖ਼ਾਹਿਸ਼ ਮੁਤਾਬਕ ਸਾਥੀ ਜਤਿੰਦਰ ਨਾਥ ਦਾਸ ਨੂੰ ਉਹਦੀ ਸਿਹਤ ਦੀ ਖ਼ਤਰਨਾਕ ਹਾਲਤ ਕਾਰਨ ਬਿਨਾਂ ਸ਼ਰਤ ਛੇਤੀ ਰਿਹਾਅ ਕਰ ਦਿੱਤਾ ਜਾਵੇਗਾ।

ਦੂਜੇ, ਕਿ ਜ਼ੇਰ-ਸਮਾਇਤ ਕੈਦੀਆਂ ਦੇ ਤੌਰ 'ਤੇ ਸਾਡੀਆਂ ਮੰਗਾਂ, ਜਿਨ੍ਹਾਂ ਵਿਚੋਂ ਸਭ ਤੋਂ ਅਹਿਮ ਆਮ ਬੈਰਕ ਵਿਚ ਸਾਨੂੰ ਸਾਰਿਆਂ ਨੂੰ (ਸਣੇ ਸਾਥੀ ਭਗਤ ਸਿੰਘ ਤੇ ਸਾਥੀ ਦੱਤ ਦੇ) ਇਕੱਠੇ ਰੱਖਣ ਦੀ ਮੰਗ ਸੀ, ਸਰਕਾਰ ਇਕ ਜਾਂ ਦੋ ਦਿਨਾਂ ਵਿਚ ਮੰਨ ਲਏਗੀ।



Sri Satguru Jagjit Singh Ji Elibrary NamdhariElibrary@gmail.com

ਪਰ ਸਾਡੇ ਡਰ ਸੱਚ ਨਿਕਲੇ, ਜਦੋਂ ਸਬ ਕਮੇਟੀ ਦੇ ਸਭ ਮੈਂਬਰਾਂ ਦੀਆਂ ਤਕੜੀਆਂ ਤੇ ਇਕਰਾਏ ਸਿਫ਼ਾਰਸ਼ਾਂ ਦੇ ਬਾਵਜੂਦ ਸਰਕਾਰ ਨਾ ਤਾਂ ਸਾਥੀ ਦਾਸ ਨੂੰ ਰਿਹਾਅ ਕਰਨ ਲਈ ਮੰਨੀ ਅਤੇ ਨਾ ਹੀ ਸਾਥੀ ਭਗਤ ਸਿੰਘ ਅਤੇ ਸਾਥੀ ਦੱਤ ਨੂੰ ਸਾਡੇ ਨਾਲ ਰੱਖਣ ਲਈ।

ਸੋ, ਇਸ ਤੱਥ ਦੇ ਫੌਰੀ ਸਬੂਤ ਮਿਲ ਗਏ ਹਨ ਕਿ ਸਰਕਾਰ ਨੂੰ ਤੁਹਾਡੀਆਂ ਸਿਫ਼ਾਰਸ਼ਾਂ ਦੀ ਕੋਈ ਪ੍ਰਵਾਹ ਨਹੀਂ ਅਤੇ ਸਾਨੂੰ ਆਸ ਹੈ ਤੁਸੀਂ ਮੁਆਫ਼ ਕਰੋਗੇ, ਜਦ ਅਸੀਂ ਆਪਣੇ ਇਸ ਯਕੀਨ ਬਾਰੇ ਆਖੀਏ ਕਿ ਸਰਕਾਰ ਇਹੀ ਚਾਹੁੰਦੀ ਸੀ ਕਿ ਸਾਡੀ ਭੁੱਖ ਹੜਤਾਲ ਤੁੜਵਾਉਣ ਲਈ ਜਨਤਕ ਬੰਦੇ ਹੋਣ ਦੇ ਨਾਤੇ ਤੁਹਾਡੀਆਂ ਨਿੱਜੀ ਪੁਜ਼ੀਸ਼ਨਾਂ ਨੂੰ ਵਰਤਿਆ ਜਾਵੇ। ਅਸੀਂ ਹੋਰ ਵੀ ਦੱਸ ਦਈਏ ਕਿ ਭੁੱਖ ਹੜਤਾਲ ਮੁਲਤਵੀ ਕਰਨ ਤੋਂ ਪਹਿਲਾਂ ਅਸੀਂ ਬੜੇ ਧਿਆਨ ਨਾਲ ਇਸ ਗੱਲ 'ਤੇ ਵਿਚਾਰ ਕੀਤਾ ਸੀ ਕਿ ਪੜਤਾਲੀਆ ਕਮੇਟੀ ਦੇ ਇਕਰਾਰ 'ਤੇ ਕਿੰਨਾ ਕੁ ਭਰੋਸਾ ਕੀਤਾ ਜਾ ਸਕਦਾ ਹੈ। ਇਸ ਬਾਰੇ ਸਾਥੀ ਭਗਤ ਸਿੰਘ ਅਤੇ ਸਾਥੀ ਦੱਤ ਨੇ ਸਲਾਹ ਦਿੱਤੀ ਕਿ ਮੌਜੂਦਾ ਮੌਕੇ ਨਾਲ ਪਰਖ ਹੋ ਜਾਏਗੀ। ਹੁਣ ਅਸੀਂ ਦੇਖ ਰਹੇ ਹਾਂ ਕਿ ਸਰਕਾਰ ਨੇ ਇਥੋਂ ਤਕ ਕਿ ਤੁਹਾਡੀਆਂ ਦੋ ਬਹੁਤ ਮਾਮੂਲੀ ਸਿਫ਼ਾਰਸ਼ਾਂ ਵੱਲ ਵੀ ਧਿਆਨ ਨਹੀਂ ਦਿੱਤਾ, ਤਾਂ ਮੁੜ ਭੁੱਖ ਹੜਤਾਲ ਸ਼ੁਰੂ ਕਰਨ ਲਈ ਸਾਨੂੰ ਮਜਬੂਰ ਕੀਤਾ ਗਿਆ ਹੈ।

3. ਸਾਥੀ ਦਾਸ ਦੀ ਹਾਲਤ ਬੇਹੱਦ ਨਿਰਾਸ਼ਾਜਨਕ ਹੈ ਅਤੇ ਜੇ ਸਰਕਾਰ ਇਹ ਸੋਚਦੀ ਹੈ ਕਿ ਉਹਦੀ ਮੌਤ ਮਗਰੋਂ ਅਸੀਂ ਆਪਣੇ ਫਰਜ਼ ਤੋਂ ਹਟ ਜਾਵਾਂਗੇ ਤਾਂ ਇਹ ਘਾਤਕ ਗ਼ਲਤੀ ਹੈ। ਅਸੀਂ ਸਭ ਦੱਸਦੇ ਹਾਂ ਕਿ ਅਸੀਂ ਸਭ ਉਹਦੀ ਹੋਣੀ ਵਿਚ ਸ਼ਰੀਕ ਹੋਣ ਲਈ ਤਿਆਰ ਹਾਂ। ਫੇਰ ਵੀ ਸੌਖ ਵਾਸਤੇ ਲਗਾਤਾਰ ਜੱਦੋ-ਜਹਿਦ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਆਪਣੇ ਆਪ ਨੂੰ ਦੋ ਜੁੱਟਾਂ ਵਿਚ ਵੰਡ ਰਹੇ ਹਾਂ, ਜਿਸਦੇ ਵਿਚੋਂ ਪਹਿਲਾਂ ਜੁੱਟ ਇਕਦਮ ਭੁੱਖ ਹੜਤਾਲ ਸ਼ੁਰੂ ਕਰ ਰਿਹਾ ਹੈ।

ਇਹ ਨਿਸ਼ਚਾ ਕੀਤਾ ਗਿਆ ਹੈ ਕਿ ਜਦੋਂ ਪਹਿਲੇ ਜੁੱਟ ਦੇ ਮੈਂਬਰ ਦੀ ਮੌਤ ਹੋ ਜਾਏ, ਤਾਂ ਦੂਜੇ ਜੁਟ ਵਿਚੋਂ ਇਕ ਮੈਂਬਰ ਇਸ ਖੱਪੇ ਨੂੰ ਪੂਰਨ ਲਈ ਅਗਾਂਹ ਨਿਤਰੇਗਾ।

ਅਸੀਂ ਇਹ ਫ਼ੈਸਲਾ ਇਹਦੀ ਗੰਭੀਰਤਾ ਨੂੰ ਪੂਰੀ ਤਰ੍ਹਾਂ ਦੇਖ ਕੇ ਲਿਆ ਹੈ। ਸਾਡੇ ਸਾਥੀ ਦਾਸ ਦੇ ਪੈਰ ਚਿੰਨ੍ਹਾਂ 'ਤੇ ਚੱਲਣ ਤੋਂ ਬਿਨਾਂ ਸਾਡੇ ਲਈ ਹੋਰ ਕੋਈ ਵੀ ਮਾਕੂਲ ਅਤੇ ਬਾਇੱਜ਼ਤ ਰਾਹ ਨਹੀਂ ਰਹਿ ਗਿਆ।

ਅਸੀਂ ਆਪਣੇ ਕਾਜ਼ ਨੂੰ ਵਾਜਿਬ ਅਤੇ ਬਾਇੱਜ਼ਤ ਸਮਝਦੇ ਹਾਂ, ਜਿਹਨੂੰ ਅਜਿਹੇ ਸੰਜੀਦਾ ਕਦਮ ਚੁੱਕਣ ਦੀ ਲੋੜ ਨੂੰ ਮਜਬੂਰ ਕਰਨ ਦੀ ਥਾਂ ਕਿਸੇ ਵੀ ਚੰਗੀ ਸਰਕਾਰ ਨੇ ਮੰਨ ਲੈਣਾ ਸੀ। ਅਸੀਂ ਫੇਰ ਦੱਸ ਦਈਏ ਕਿ ਅਸੀਂ ਇਹ ਜੱਦੋ ਜਹਿਦ ਇਸ ਪੱਕੇ ਨਿਹਚੇ ਨਾਲ ਕਰ ਰਹੇ ਹਾਂ ਕਿ ਵਾਜਬ ਅਤੇ ਪਵਿੱਤਰ ਕਾਜ਼ ਲਈ ਮੌਤ ਤਕ ਜੂਝਣ ਨਾਲੋਂ ਹੋਰ ਕੋਈ ਵੀ ਵਧੇਰੇ ਸ਼ਾਨਦਾਰ ਅਤੇ ਮਾਣਯੋਗ ਨਹੀਂ ਹੋ ਸਕਦੀ।

ਅੰਤ ਵਿਚ, ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਅਸੀਂ ਆਪਣਾ ਫਰਜ਼ ਪੂਰਾ ਨਹੀਂ ਕਰ ਰਹੇ ਹੋਵਾਂਗੇ, ਜੇ ਅਸੀਂ ਤੁਹਾਡੇ ਵਲੋਂ ਸਰਕਾਰ ਅੱਗੇ ਸਾਡੇ ਕਾਜ ਦੀ ਹਮਾਇਤ ਲਈ ਤੁਹਾਡੀ ਸੱਚੇ ਦਿਲੋਂ ਦਿਲਚਸਪੀ ਅਤੇ ਵੱਡੀ ਖੇਚਲ ਲਈ ਆਪਣਾ ਦਿਲੀ ਧੰਨਵਾਦ ਨਾ ਕਰੀਏ।

**ਸ਼ੁਕਰਵਾਰ, 6 ਸਤੰਬਰ (1929)**

**ਦਸ ਵਜੇ ਸਵੇਰ**

**(ਅੰਗਰੇਜ਼ੀ ਤੋਂ ਅਨੁਵਾਦ)**

ਅਸੀਂ ਹਾਂ ਤੁਹਾਡੇ ਸੱਚੇ ਦਿਲੋਂ,

ਲਾਹੌਰ ਸਾਜ਼ਸ਼ ਕੇਸ ਭੁੱਖ ਹੜਤਾਲੀ

* * *



Sri Satguru Jagjit Singh Ji Elibrary NamdhariElibrary@gmail.com

## ਪੜ੍ਹਾਈ ਦਾ ਬਿਹਤਰ ਹਿੱਸਾ ਹੈ ਖ਼ੁਦ ਮੁਸੀਬਤਾਂ ਸਹਿਣਾ

(ਭੁੱਖ ਹੜਤਾਲ ਦੇ ਸ਼ੁਰੂ ਹੋਣ ਦੇ ਬਾਅਦ ਭਾਰਤੀ ਲੋਕਾਂ ਦੀ ਚੇਤੰਨਤਾ ਵਿਚ ਭਗਤ ਸਿੰਘ ਤੇ ਬੀ.ਕੇ. ਦੱਤ ਹੋਰ ਗਹਿਰੇ ਉੱਤਰਦੇ ਗਏ। ਭਗਤ ਸਿੰਘ ਦੇ ਲਫਜ਼ਾਂ ਵਿਚ 'ਸਾਡਾ ਮੁਸੀਬਤਾਂ ਬਰਦਾਸ਼ਤ ਕਰਨਾ ਫਲ ਲਿਆਇਆ। ਸਾਰੇ ਦੇਸ਼ ਵਿਚ ਇਕ ਵਸੀਹ ਤਹਿਰੀਕ ਸ਼ੁਰੂ ਹੋ ਗਈ। ਅਸੀਂ ਆਪਣੇ ਮੰਤਵ ਵਿਚ ਕਾਮਯਾਬ ਹੋਏ।' ਸ਼ਹੀਦ ਜੇਤਿੰਦਰ ਨਾਥ ਦਾਸ 13 ਸਤੰਬਰ, 1929 ਨੂੰ 63 ਦਿਨ ਦੀ ਭੁੱਖ ਹੜਤਾਲ ਬਾਅਦ ਸ਼ਹਾਦਤ ਪਾ ਗਏ। ਜਦ ਉਨ੍ਹਾਂ ਦਾ ਪਾਰਥਿਕ ਸਰੀਰ ਲਾਹੌਰ ਤੋਂ ਕਲਕੱਤੇ ਲਿਜਾਇਆ ਗਿਆ ਤਾਂ ਹਰ ਵੱਡੇ ਸ਼ਹਿਰ ਦੇ ਸਟੇਸ਼ਨ 'ਤੇ ਲੱਖਾਂ ਲੋਕ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉਮੜੇ। ਕਲਕੱਤੇ 4 ਲੱਖ ਲੋਕਾਂ ਨੇ ਅੰਤਮ ਜਲੂਸ ਵਿਚ ਹਿੱਸਾ ਪਾਇਆ। ਲੋਕ ਜਾਗ੍ਰਿਤੀ ਨੂੰ ਠੋਸ ਚੇਤਨਾ ਵਿਚ ਬਦਲਣ ਲਈ ਤਿਆਗ ਅਤੇ ਵਿਚਾਰਾਂ ਰਾਹੀਂ ਇਨਕਲਾਬੀ ਘੋਲ ਜਾਰੀ ਰਿਹਾ।

ਇਸ ਸਮੇਂ ਭਗਤ ਸਿੰਘ ਕਿਨ੍ਹਾਂ ਵਿਚਾਰਾਂ ਰਾਹੀਂ ਆਪਣੀ ਸਾਰੀ ਲੜਾਈ ਲੜ ਰਹੇ ਸਨ, ਇਸ ਦਾ ਪ੍ਰਗਟਾਵਾ ਇਸ ਖ਼ਤ ਵਿਚ ਹੈ ਜੋ ਉਨ੍ਹਾਂ ਦੇ ਸੁਖਦੇਵ ਨਾਲ ਚੱਲ ਰਹੇ ਵਿਚਾਰ ਸੰਘਰਸ਼ ਦੇ ਰੂਪ ਵਿਚ ਹੈ ਅਤੇ ਜੋ ਅੱਜ ਸਾਡੇ ਤਕ ਪਹੁੰਚਾ ਹੈ। ਅਫ਼ਸੋਸ ਹੈ ਕਿ ਸੁਖਦੇਵ ਜੀ ਦਾ ਉਹ ਖ਼ਤ ਜਿਸਦਾ ਇਹ ਜਵਾਬ ਹੈ, ਅੱਜ ਪ੍ਰਾਪਤ ਨਹੀਂ। ਪਰ ਫਿਰ ਵੀ ਵਿਚਾਰ ਤੇ ਬਹਿਸ ਅਧੀਨ ਨੁਕਤੇ ਸਪੱਸ਼ਟ ਹਨ : ਸੰਪਾਦਕ)

## 72. ਭੁੱਖ ਹੜਤਾਲ ਦੌਰਾਨ ਸ਼ਹੀਦ ਸੁਖਦੇਵ ਨੂੰ ਇਕ ਖ਼ਤ

*—1929*

ਪਿਆਰੇ ਵੀਰ,

ਮੈਂ ਤੇਰੀ ਚਿੱਠੀ ਨੂੰ ਕਈ ਵਾਰ ਧਿਆਨ ਨਾਲ ਪੜ੍ਹਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਬਦਲਦੇ ਹੋਏ ਹਾਲਾਤ ਨੇ ਸਾਡੇ ਦੋਹਾਂ 'ਤੇ ਵੱਖ-ਵੱਖ ਅਸਰ ਕੀਤਾ ਹੈ। ਜਿਨ੍ਹਾਂ ਗੱਲਾਂ ਤੋਂ ਤੁਸੀਂ ਬਾਹਰ ਨਫ਼ਰਤ ਕਰਦੇ ਸਓ, ਉਹ ਤੁਹਾਡੇ ਲਈ ਜਾਇਜ਼ ਹੋ ਚੁੱਕੀਆਂ ਹਨ। ਇਸ ਤਰ੍ਹਾਂ ਜੇਲ੍ਹ ਤੋਂ ਬਾਹਰ ਮੈਂ ਜਿਨ੍ਹਾਂ ਗੱਲਾਂ ਦੀ ਬੜੀ ਗਰਮਜੋਸ਼ੀ ਨਾਲ ਹਮਾਇਤ ਕਰਦਾ ਸੀ, ਹੁਣ ਉਹ ਮੇਰੇ ਲਈ ਖਾਸ ਅਹਿਮੀਅਤ ਨਹੀਂ ਰੱਖਦੀਆਂ। ਮਿਸਾਲ ਦੇ ਤੌਰ 'ਤੇ ਮੇਰੇ ਲਈ ਜਾਤੀ ਜਾਂ ਇਕ ਮਨੁੱਖ ਦੇ ਪਿਆਰ ਦਾ ਖ਼ਾਸ ਮਕਸਦ ਸੀ। ਪਰ ਹੁਣ ਇਸ ਜਜ਼ਬੇ ਦਾ ਮੇਰੇ ਦਿਲ ਦਿਮਾਗ 'ਤੇ ਓਦਾਂ ਦਾ ਗਲਬਾ ਨਹੀਂ ਰਿਹਾ। ਬਾਹਰ ਤੁਸੀਂ ਇਸ ਦੇ ਬਹੁਤ ਖ਼ਿਲਾਫ਼ ਸੀ, ਪਰ ਹੁਣ ਤੁਹਾਡੀ ਰਾਏ ਵਿਚ ਭਾਰੀ ਤਬਦੀਲੀ ਆ ਚੁੱਕੀ ਹੈ। ਤੁਸੀਂ ਇਸਨੂੰ ਇਨਸਾਨੀ ਜ਼ਿੰਦਗੀ ਦਾ ਬਹੁਤ ਜ਼ਰੂਰੀ ਤੇ ਲਾਜ਼ਮੀ ਹਿੱਸਾ ਮਹਿਸੂਸ ਕਰਦੇ ਹੋ ਅਤੇ ਇਸਦੇ ਅਹਿਸਾਸ ਨਾਲ ਤੁਹਾਨੂੰ ਇਕ ਕਿਸਮ ਦੀ ਖ਼ੁਸ਼ੀ ਵੀ ਹੋਈ ਹੈ।

ਆਪ ਨੇ ਕਿਹਾ ਕਿ ਇਸ ਕਿਸਮ ਦਾ ਕੰਮ ਭਿਆਨਕ ਅਤੇ ਨਫ਼ਰਤ ਭਰਿਆ ਹੈ। ਪਰ ਇਸ ਵਿਸ਼ੇ 'ਤੇ ਵੀ ਮੈਂ ਵੇਖਦਾ ਹਾਂ ਕਿ ਤੁਹਾਡੀ ਰਾਏ ਬਿਲਕੁਲ ਤਬਦੀਲ ਹੋ ਚੁੱਕੀ ਹੈ। ਤੁਸੀਂ ਇਸ ਨੂੰ ਕੁਝ ਹਾਲਾਤ ਵਿਚ ਨਾ ਸਿਰਫ਼ ਜਾਇਜ਼ ਸਮਝਦੇ ਹੋ ਸਗੋਂ ਲਾਜ਼ਮੀ ਤੇ ਜ਼ਰੂਰੀ ਸਮਝਦੇ ਹੋ। ਮੇਰੀ ਇਸ ਸਬੰਧੀ ਹੁਣ ਵੀ ਉਹੀ ਰਾਏ ਹੈ ਕਿ ਖ਼ੁਦਕੁਸ਼ੀ ਇਕ ਕਾਬਲੇ ਨਫ਼ਰਤ ਜੁਰਮ ਹੈ। ਇਹ ਸਰਾਸਰ ਬੁਜ਼ਦਿਲੀ ਦਾ ਕੰਮ ਹੈ।

ਕਿਸੇ ਇਨਕਲਾਬ-ਪਸੰਦ ਦੀ ਗੱਲ ਤਾਂ ਵੱਖਰੀ ਰਹੀ, ਕੋਈ ਵੀ ਆਦਮੀ ਅਜਿਹੇ ਕੰਮ ਨੂੰ ਜਾਇਜ਼ ਕਰਾਰ ਨਹੀਂ ਦੇ ਸਕਦਾ। ਤੁਸੀਂ ਇਹ ਕਹਿੰਦੇ ਹੋ ਕਿ ਮੈਂ ਇਹ ਨਹੀਂ ਸਮਝਦਾ ਕਿ ਸਿਰਫ਼ ਮੁਸੀਬਤ ਝੱਲਣ ਨਾਲ ਮੈਂ ਆਪਣੇ ਦੇਸ਼ ਦੀ ਸੇਵਾ ਕਿਵੇਂ ਕਰ ਸਕਦਾ ਹਾਂ। ਤੁਹਾਡੇ ਵਰਗੇ



Sri Satguru Jagjit Singh Ji Elibrary NamdhariElibrary@gmail.com

ਆਦਮੀ ਵਲੋਂ ਅਜਿਹਾ ਸਵਾਲ ਬੜੀ ਹੈਰਾਨੀ ਵਾਲੀ ਗੱਲ ਹੈ। ਤੁਹਾਨੂੰ ਪਤਾ ਹੈ ਕਿ ਨੌਜਵਾਨ ਭਾਰਤ ਸਭਾ ਦੇ ਮੁਸੀਬਤਾਂ ਸਹਿਣ ਤੇ ਕੁਰਬਾਨੀਆਂ ਕਰਨ ਦੇ ਮੰਤਵ ਨੂੰ ਅਸੀਂ ਕਿਵੇਂ ਪਸੰਦ ਕੀਤਾ ਸੀ। ਮੈਂ ਇਹ ਸਮਝਦਾ ਹਾਂ ਕਿ ਤੁਸਾਂ, ਜਿਸ ਕਦਰ ਸੰਭਵ ਸੀ, ਆਪਣੀ ਖਿਦਮਤ ਪੇਸ਼ ਕੀਤੀ। ਹੁਣ ਵਕਤ ਹੈ ਕਿ ਜੋ ਕੁਝ ਤੁਸਾਂ ਕੀਤਾ ਹੈ, ਉਸ ਦੇ ਬਦਲੇ ਮੁਸੀਬਤਾਂ ਝੱਲੋ। ਇਹ ਦੂਜਾ ਪੜਾਅ ਹੈ। ਇਹੀ ਉਹ ਪੜਾਅ ਹੈ, ਜਿਥੇ ਤੁਸਾਂ ਸਾਰੇ ਲੋਕਾਂ ਦੀ ਅਗਵਾਈ ਕਰਨੀ ਹੈ। ਇਨਸਾਨ ਕੋਈ ਕੰਮ, ਉਸਨੂੰ ਜਾਇਜ਼ ਠਹਿਰਾਉਣ ਪਿਛੋਂ ਹੀ ਕਰਦਾ ਹੈ, ਜਿਵੇਂ ਕਿ ਅਸੀਂ ਅਸੰਬਲੀ ਵਿਚ ਬੰਬ ਸੁੱਟਣ ਦਾ ਕੀਤਾ ਸੀ। ਇਸ ਤੋਂ ਪਿੱਛੋਂ ਕੰਮ ਦੇ ਸਿੱਟੇ ਵਜੋਂ ਇਸ ਦੀ ਹਰ ਸਜ਼ਾ ਭੁਗਤਣ ਦੀ ਵਾਰੀ ਆਉਂਦੀ ਹੈ। ਕੀ ਤੁਹਾਡਾ ਇਹ ਖ਼ਿਆਲ ਹੈ ਕਿ ਜੇ ਅਸੀਂ ਰਹਿਮ ਲਈ ਗਿੜਗਿੜਾਉਂਦਿਆਂ ਹੋਇਆਂ ਸਜ਼ਾ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਸਾਡਾ ਇਹ ਕੰਮ ਜਾਇਜ਼ ਹੁੰਦਾ? ਨਹੀਂ, ਇਸ ਦਾ, ਲੋਕਾਂ 'ਤੇ ਉਲਟ ਅਸਰ ਹੁੰਦਾ। ਹਾਲਾਂਕਿ ਹੁਣ ਅਸੀਂ ਆਪਣੇ ਮੰਤਵ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਏ ਹਾਂ। ਸਜ਼ਾ ਖਾਣ ਤੋਂ ਪਿਛੋਂ ਅਸੀਂ ਵੇਖਿਆ ਕਿ ਸਾਡੀ ਜਮਾਤ ਦੇ ਸਿਆਸੀ ਕੈਦੀਆਂ ਦੀ ਹਾਲਤ ਬਹੁਤ ਭੈੜੀ ਸੀ।ਅਸੀਂ ਜੱਦੋਜਹਿਦ ਆਰੰਭ ਕੀਤੀ। ਮੈਂ ਤੁਹਾਨੂੰ ਪੂਰੀ ਸੰਜੀਦਗੀ ਨਾਲ ਦੱਸਦਾ ਹਾਂ ਕਿ ਸਾਨੂੰ ਇਹ ਯਕੀਨ ਸੀ ਕਿ ਅਸੀਂ ਬਹੁਤ ਥੋੜ੍ਹੇ ਸਮੇਂ ਅੰਦਰ ਹੀ ਮਰ ਜਾਵਾਂਗੇ। ਸਾਨੂੰ ਬਣਾਉਟੀ ਖ਼ੁਰਾਕ ਦਿੱਤੇ ਜਾਣ ਦਾ ਨਾ ਤਾਂ ਕੋਈ ਤਜਰਬਾ ਸੀ ਨਾ ਹੀ ਸਾਨੂੰ ਇਹ ਖ਼ਿਆਲ ਸੁੱਝਦਾ ਸੀ ਅਤੇ ਅਸੀਂ ਮਰਨ ਲਈ ਤਿਆਰ ਸਾਂ। ਕੀ ਤੁਹਾਡਾ ਇਹ ਮਤਲਬ ਸੀ ਕਿ ਅਸੀਂ ਖ਼ੁਦਕਸ਼ੀ ਕਰਨਾ ਚਾਹੁੰਦੇ ਸਾਂ, ਨਹੀਂ, ਜੱਦੋਜਹਿਦ ਅਤੇ ਉੱਚੇ ਮਕਸਦ ਲਈ ਜਾਨ ਦੇਣਾ ਹਰਗਿਜ਼ ਖ਼ੁਦਕਸ਼ੀ ਨਹੀਂ ਕਹੀ ਜਾ ਸਕਦੀ।

## ਖ਼ੁਦਕਸ਼ੀ

ਖ਼ੁਦਕਸ਼ੀ ਸਬੰਧੀ ਤੁਹਾਨੂੰ ਯਾਦ ਹੋਵੇਗਾ। ਇਕ ਦਿਨ ਇਸ ਵਿਸ਼ੇ 'ਤੇ ਮੈਂ ਤੁਹਾਡੇ ਨਾਲ ਬਹਿਸ ਕੀਤੀ ਸੀ। ਉਦੋਂ ਮੈਂ ਤੁਹਾਨੂੰ ਦੱਸਿਆ ਸੀ ਕਿ ਕਈਆਂ ਹਾਲਤਾਂ ਵਿਚ ਖ਼ੁਦਕਸ਼ੀ ਜਾਇਜ਼ ਹੋ ਸਕਦੀ ਹੈ। ਪਰ ਤੁਸੀਂ ਮੇਰੇ ਇਸ ਵਿਚਾਰ ਦੀ ਭਾਰੀ ਮੁਖ਼ਾਲਫਤ ਕੀਤੀ ਸੀ। ਮੈਨੂੰ ਉਹ ਗੱਲ, ਉਹ ਥਾਂ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ। ਸਾਡੀ ਇਹ ਗੱਲ ਸ਼ਹਿਨਸ਼ਾਹੀ ਕੁਟੀਆ ਵਿਚ ਸ਼ਾਮ ਦੇ ਸਮੇਂ ਹੋਈ ਸੀ। ਆਪ ਨੇ ਹੱਸਦਿਆਂ ਕਿਹਾ ਸੀ, "ਭਲੇ ਆਦਮੀ, ਇਸ ਕਿਸਮ ਦੀ ਬੁਜ਼ਦਿਲੀ ਦਾ ਕੰਮ ਕਦੀ ਜਾਇਜ਼ ਨਹੀਂ ਹੋ ਸਕਦਾ।"

ਸਾਡਾ ਮੁਸੀਬਤਾਂ ਬਰਦਾਸ਼ਤ ਕਰਨਾ ਫਲ ਲਿਆਇਆ। ਸਾਰੇ ਦੇਸ਼ ਵਿਚ ਇਕ ਵਸੀਹ ਤਹਿਰੀਕ ਸ਼ੁਰੂ ਹੋ ਗਈ। ਅਸੀਂ ਆਪਣੇ ਮੰਤਵ ਵਿਚ ਕਾਮਯਾਬ ਹੋਏ। ਇਸ ਕਿਸਮ ਦੀ ਜੱਦੋਜਹਿਦ ਵਿਚ ਮਰਨਾ ਇਕ ਸ਼ਾਨਦਾਰ ਮੌਤ ਹੈ।

## ਖ਼ੂਬਸੂਰਤ ਮੌਤ

ਇਸ ਤੋਂ ਇਲਾਵਾ ਸਾਡੇ ਸਬੰਧੀ, ਜਿਨ੍ਹਾਂ ਲੋਕਾਂ ਨੂੰ ਇਹ ਯਕੀਨ ਹੈ ਕਿ ਇਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ, ਉਨ੍ਹਾਂ ਨੂੰ ਬੜੇ ਸਬਰ ਨਾਲ ਇਸ ਦਿਨ ਦੀ ਉਡੀਕ ਕਰਨੀ ਚਾਹੀਦੀ ਹੈ, ਜਦੋਂ ਇਹ ਸਜ਼ਾ ਸੁਣਾਈ ਜਾਵੇਗੀ ਅਤੇ ਇਸ ਤੋਂ ਪਿੱਛੋਂ ਫ਼ਾਂਸੀ ਦਿੱਤੀ ਜਾਵੇਗੀ। ਇਹ ਮੌਤ ਵੀ ਬੜੀ ਖ਼ੂਬਸੂਰਤ ਹੋਵੇਗੀ। ਪਰ ਖ਼ੁਦਕਸ਼ੀ ਕਰਨਾ, ਸਿਰਫ ਮੁਸੀਬਤਾਂ ਤੋਂ ਬਚਣ ਲਈ ਆਪਣੇ ਆਪ ਨੂੰ ਮਾਰ ਦੇਣਾ ਤਾਂ ਬੁਜ਼ਦਿਲੀ ਹੈ। ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੁਸੀਬਤਾਂ ਇਨਸਾਨ ਨੂੰ ਮੁਕੰਮਲ ਬਣਾਉਣ ਵਾਲੀਆਂ ਹੁੰਦੀਆਂ ਹਨ।

## ਰੂਸੀ ਸਾਹਿਤ

ਤੁਹਾਨੂੰ ਇਹ ਯਾਦ ਹੋਵੇਗਾ ਕਿ ਕਈ ਵਾਰ ਅਸੀਂ ਇਸ ਵਿਸ਼ੇ 'ਤੇ ਬਹੁਤ ਜ਼ਿਆਦਾ ਗੱਲਬਾਤ ਕੀਤੀ ਹੈ। ਰੂਸੀ ਸਾਹਿਤ ਵਿਚ ਜਿਹੜੀ ਗੰਭੀਰਤਾ ਤੇ ਡੂੰਘਾਈ ਹੋਰ ਥਾਂ ਪ੍ਰਗਟ ਹੈ,



Sri Satguru Jagjit Singh Ji Elibrary NamdhariElibrary@gmail.com

ਉਹ ਸਾਡੇ ਸਾਹਿਤ ਵਿਚ ਹਰਗਿਜ਼ ਮੌਜੂਦ ਨਹੀਂ ਹੈ। ਅਸੀਂ ਉਨ੍ਹਾਂ ਦੀਆਂ ਕਹਾਣੀਆਂ ਵਿਚ ਮੁਸੀਬਤਾਂ ਅਤੇ ਦਰਦਨਾਕ ਹਾਲਾਤ ਨੂੰ ਬਹੁਤ ਪਸੰਦ ਕੀਤਾ ਹੈ। ਪਰ ਇਸ ਜਜ਼ਬੇ ਨੂੰ ਪੈਦਾ ਕਰਨ ਵਾਲੇ ਇਸ ਗੱਲ ਨੂੰ ਮਹਿਸੂਸ ਨਹੀਂ ਕਰਦੇ। ਅਸੀਂ ਉਨ੍ਹਾਂ ਦੇ ਜੋਸ਼ ਅਤੇ ਉਨ੍ਹਾਂ ਦੇ ਚਾਲ-ਚਲਣ ਦੀਆਂ ਗ਼ੈਰ-ਮਾਮੂਲੀ ਬੁਲੰਦੀਆਂ ਦੇ ਪ੍ਰਸ਼ੰਸਕ ਹਾਂ। ਪਰ ਇਸ ਦੇ ਸਬੱਬਾਂ 'ਤੇ ਗ਼ੌਰ ਕਰਨ ਦੀ ਕਦੀ ਪ੍ਰਵਾਹ ਨਹੀਂ ਕਰਦੇ। ਮੈਂ ਕਹਾਂਗਾ ਕਿ ਸਿਰਫ਼ ਮੁਸੀਬਤਾਂ ਬਰਦਾਸ਼ਤ ਕਰਨ ਦੇ ਜ਼ਿਕਰ ਨੇ ਇਨ੍ਹਾਂ ਕਹਾਣੀਆਂ ਵਿਚ ਸੰਜੀਦਗੀ ਅਤੇ ਗਹਿਰੀ ਦਰਦ ਦੀ ਚੀਸ ਅਤੇ ਇਨ੍ਹਾਂ ਦੇ ਚਾਲ ਚਲਣ ਅਤੇ ਸਾਹਿਤ ਵਿਚ ਬੁਲੰਦੀਆਂ ਪੈਦਾ ਕੀਤੀਆਂ ਹਨ। ਪਰ ਸਾਡੀ ਹਾਲਤ ਉਸ ਵੇਲੇ ਕਾਬਲੇ ਰਹਿਮ ਅਤੇ ਹਾਸੋਹੀਣੀ ਹੋ ਜਾਂਦੀ ਹੈ, ਜਦੋਂ ਅਸੀਂ ਆਪਣੇ ਜੀਵਨ ਵਿਚ ਛਾਇਆਵਾਦ ਖਾਹ ਮਖਾਹ ਦਾਖ਼ਲ ਕਰ ਲੈਂਦੇ ਹਾਂ, ਹਾਲਾਂਕਿ ਇਸ ਲਈ ਕੋਈ ਕੁਦਰਤੀ ਜਾਂ ਪੱਕੀ ਬੁਨਿਆਦ ਨਹੀਂ ਹੁੰਦੀ। ਸਾਡੇ ਵਰਗੇ ਆਦਮੀਆਂ ਨੂੰ, ਜਿਹੜੇ ਹਰ ਪਹਿਲੂ ਵਿਚ ਇਨਕਲਾਬੀ ਹੋਣ ਦਾ ਦਾਅਵਾ ਕਰਦੇ ਹਨ, ਤਾਂ ਹਮੇਸ਼ਾ ਹਰ ਕਿਸਮ ਦੀਆਂ ਇਨ੍ਹਾਂ ਮੁਸੀਬਤਾਂ ਨੂੰ ਬਰਦਾਸ਼ਤ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਨ੍ਹਾਂ ਨੂੰ ਕਿ ਆਪਣੀ ਪੈਦਾ ਕੀਤੀ ਜੱਦੋਜਹਿਦ ਲਈ ਦਾਅਵਤ ਦਿੰਦੇ ਹਾਂ ਅਤੇ ਜਿਨ੍ਹਾਂ ਕਾਰਨ ਅਸੀਂ ਆਪਣੇ ਆਪ ਨੂੰ ਇਨਕਲਾਬ ਪਸੰਦ ਕਹਿੰਦੇ ਹਾਂ।

## ਜੁਰਮ ਤੇ ਗੁਨਾਹ

ਮੈਂ ਤੁਹਾਨੂੰ ਦੱਸਦਾ ਹਾਂ ਕਿ ਜੇਲ੍ਹਾਂ ਵਿਚ ਅਤੇ ਸਿਰਫ ਜੇਲ੍ਹਾਂ ਵਿਚ ਹੀ ਕਿਸੇ ਆਦਮੀ ਨੂੰ ਜੁਰਮ ਤੇ ਗੁਨਾਹ ਵਰਗੇ ਅਹਿਮ ਸੋਸ਼ਲ ਮਸਲੇ ਦਾ ਅਮਲੀ ਮੁਤਾਲਿਆ ਕਰਨ ਦਾ ਮੌਕਾ ਹਾਸਲ ਹੁੰਦਾ ਹੈ। ਮੈਂ ਇਹ ਮਜ਼ਮੂਨ ਤੇ ਸਾਹਿਤ ਪੜ੍ਹਿਆ ਅਤੇ ਜੇਲ੍ਹ ਹੀ ਅਜਿਹੇ ਮਜ਼ਮੂਨ ਦਾ ਮੁਤਾਲਿਆ ਕਰਨ ਦੀ ਬਿਹਤਰੀਨ ਥਾਂ ਹੈ। ਮੁਤਾਲਿਆ ਦਾ ਬਿਹਤਰ ਭਾਗ ਹੈ ਖ਼ੁਦ ਮੁਸੀਬਤਾਂ ਸਹਿਣਾ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਰੂਸ ਵਿਚ ਕੈਦੀਆਂ ਦਾ ਜੇਲ੍ਹਾਂ ਵਿਚ ਮੁਸੀਬਤਾਂ ਝੱਲਣਾ ਹੀ ਜ਼ਾਰ-ਸ਼ਾਹੀ ਦਾ ਤਖ਼ਤਾ ਉਲਟਣ ਤੋਂ ਪਿੱਛੋਂ ਉਨ੍ਹਾਂ ਦੇ ਜੇਲ੍ਹਾਂ ਦੇ ਨਿਜ਼ਾਮ ਵਿਚ ਇਨਕਲਾਬ ਪੈਦਾ ਕਰਨ ਦਾ ਸਭ ਤੋਂ ਵੱਡਾ ਕਾਰਨ ਬਣਿਆ ਸੀ। ਕੀ ਭਾਰਤ ਨੂੰ ਅਜਿਹੇ ਆਦਮੀਆਂ ਦੀ ਲੋੜ ਨਹੀਂ, ਜਿਹੜੇ ਇਸ ਮਾਮਲੇ ਤੋਂ ਚੰਗੀ ਤਰ੍ਹਾਂ ਵਾਕਫ਼ ਹੋਣ ਅਤੇ ਇਸ ਮਸਲੇ ਦਾ ਜਾਤੀ ਤਜਰਬਾ ਰੱਖਦੇ ਹੋਣ? ਸਿਰਫ ਇਹ ਕਹਿ ਦੇਣਾ ਕਿ ਦੂਜਾ ਕੋਈ ਇਹ ਕੰਮ ਕਰੇਗਾ ਜਾਂ ਇਸ ਕੰਮ ਨੂੰ ਕਰਨ ਲਈ ਹੋਰ ਬਹੁਤ ਲੋਕ ਹਨ, ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਕਿਹਾ ਜਾ ਸਕਦਾ। ਇਸ ਲਈ ਅਜਿਹੀਆਂ ਗੱਲਾਂ ਕਰਨੀਆਂ ਫਜ਼ੂਲ ਹਨ, ਜਿਸ ਕਦਰ ਤਹਿਰੀਕਾਂ ਹੁਣ ਤੱਕ ਆਰੰਭ ਹੋਈਆਂ ਹਨ, ਇਨ੍ਹਾਂ ਸਾਰੀਆਂ ਤੋਂ ਵੱਖ ਰਹਿਣ ਵਾਲੇ ਨੂੰ ਜਾਇਜ਼ ਠਹਿਰਾਉਣ ਲਈ ਜਿਹੜੇ ਦਲੀਲਾਂ ਪੇਸ਼ ਕਰਦੇ ਹਨ, ਮੈਂ ਉਨ੍ਹਾਂ ਨੂੰ ਸਮਝਣ ਤੋਂ ਅਸਮਰਥ ਹਾਂ। ਇਸ ਲਈ ਸਖ਼ਤੀਆਂ ਝੱਲਣਾ ਹੀ ਤਾਂ ਇਨਕਲਾਬ ਦੀ ਨੀਹ ਰੱਖਣਾ ਹੈ।

## ਮੁੱਠੀ ਭਰ ਵਰਕਰਾਂ ਦੀ ਟੋਲੀ

ਜੇ ਤੁਸੀਂ ਵਾਕਈ ਇਹ ਮਹਿਸੂਸ ਕਰਦੇ ਹੋ ਕਿ ਜੇਲ੍ਹ ਦੀ ਜ਼ਿੰਦਗੀ ਦਰਹਕੀਕਤ ਜ਼ਲੀਲਕੁੰਨ ਹੈ ਤਾਂ ਇਸ ਦੇ ਖ਼ਿਲਾਫ ਜੱਦੋਜਹਿਦ ਕਰਕੇ ਇਸ ਨੂੰ ਚੰਗੇਰੀ ਬਣਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ? ਸ਼ਾਇਦ ਤੁਸੀਂ ਇਹ ਕਹੋ ਕਿ ਜੱਦੋਜਹਿਦ ਕਾਮਯਾਬ ਨਹੀਂ ਹੋ ਸਕਦੀ। ਪਰ ਇਹ ਤਾਂ ਉਹੀ ਦਲੀਲਬਾਜ਼ੀ ਹੈ, ਜਿਸ ਦੀ ਆੜ ਲੈ ਕੇ ਆਮ ਤੌਰ 'ਤੇ ਕਮਜ਼ੋਰ ਲੋਕ ਹਰ ਜੱਦੋਜਹਿਦ ਤੋਂ ਬਚਣਾ ਚਾਹੁੰਦੇ ਹਨ। ਇਹ ਉਹ ਜਵਾਬ ਹੈ ਜਿਹੜਾ ਅਸੀਂ ਉਨ੍ਹਾਂ ਲੋਕਾਂ ਤੋਂ ਸੁਨਣ ਦੇ ਆਦੀ ਹਾਂ, ਜਿਹੜੇ ਜੇਲ੍ਹ ਤੋਂ ਬਾਹਰ ਇਨਕਲਾਬੀ ਸਰਗਰਮੀਆਂ ਵਿਚ ਸ਼ਾਮਲ ਹੋਣ ਤੋਂ ਕੰਨੀ



Sri Satguru Jagjit Singh Ji Elibrary NamdhariElibrary@gmail.com

ਕਤਰਾਉਣਾ ਚਾਹੁੰਦੇ ਹਨ। ਕੀ ਮੈਂ ਇਹ ਜਵਾਬ ਅੱਜ ਤੁਹਾਡੇ ਮੂੰਹ ਤੋਂ ਸੁਣਾਂਗਾ ? ਕੁਝ ਮੁੱਠੀ ਭਰ ਇਨਕਲਾਬੀ ਵਰਕਰਾਂ ਦੀ ਸਾਡੀ ਪਾਰਟੀ ਆਪਣੇ ਮੰਤਵਾਂ ਤੇ ਆਦਰਸ਼ਾਂ ਦੇ ਮੁਕਾਬਲੇ ਵਿਚ ਕੀ ਕਰ ਸਕਦੀ ਸੀ ? ਤਾਂ ਅਸੀਂ ਇਹ ਨਤੀਜਾ ਕੱਢੀਏ ਕਿ ਅਸੀਂ ਇਹ ਕੰਮ ਸ਼ੁਰੂ ਕਰਨ ਵਿਚ ਸਰਾਸਰ ਗ਼ਲਤੀ ਕੀਤੀ ਹੈ ? ਨਹੀਂ, ਇਸ ਦਾ ਇਹ ਨਤੀਜਾ ਕੱਢਣਾ ਬੇਬੁਨਿਆਦ ਹੋਵੇਗਾ। ਸਗੋਂ ਇਸ ਨਾਲ ਤਾਂ ਉਸ ਆਦਮੀ ਦਾ ਅੰਦਰੂਨੀ ਕਮਜ਼ੋਰੀ ਦਾ ਰਾਜ਼ ਫਾਸ਼ ਹੁੰਦਾ ਹੈ, ਜਿਹੜਾ ਕਿ ਇਸ ਤਰੀਕੇ ਨਾਲ ਸੋਚਦਾ ਹੈ।

## ਚੌਦਾਂ ਵਰ੍ਹੇ ਪਿੱਛੋਂ

ਅੱਗੇ ਚਲ ਕੇ ਤੁਸੀਂ ਲਿਖਦੇ ਹੋ ਕਿ ਚੌਦਾਂ ਵਰ੍ਹਿਆਂ ਤਕ ਜੇਲ੍ਹ ਦੀਆਂ ਸਖ਼ਤੀਆਂ ਨਾਲ ਭਰਪੂਰ ਜ਼ਿੰਦਗੀ ਬਸਰ ਕਰਨ ਪਿੱਛੋਂ ਕਿਸੇ ਆਦਮੀ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਸ ਵਕਤ ਵੀ ਉਸ ਦੇ ਖ਼ਿਆਲ ਉਹੀ ਹੋਣਗੇ, ਜਿਹੜੇ ਜੇਲ੍ਹ ਤੋਂ ਪਹਿਲਾਂ ਸਨ, ਕਿਉਂਕਿ ਜੇਲ੍ਹ ਦੇ ਕਾਇਦੇ ਉਸ ਦੇ ਸਾਰੇ ਖ਼ਿਆਲਾਂ ਨੂੰ ਰੌਂਦ ਕੇ ਕੁਚਲ ਦੇਣਗੇ। ਕੀ ਮੈਂ ਆਪ ਤੋਂ ਇਹ ਪੁੱਛ ਸਕਦਾ ਹਾਂ ਕਿ ਜੇਲ੍ਹ ਤੋਂ ਬਾਹਰ ਦੇ ਹਾਲਾਤ, ਕਿਸੇ ਹਾਲਤ ਵਿਚ ਵੀ ਸਾਡੇ ਖ਼ਿਆਲਾਂ ਦੇ ਕਿਵੇਂ ਅਨੁਸਾਰ ਹਨ ? ਕੀ ਤੁਹਾਡਾ ਮਤਲਬ ਇਹ ਹੈ ਕਿ ਜੇ ਅਸੀਂ ਇਸ ਮੈਦਾਨ ਵਿਚ ਕਦਮ ਨਾ ਰੱਖਿਆ ਹੁੰਦਾ ਤਾਂ ਕੋਈ ਇਨਕਲਾਬੀ ਕੰਮ ਹਰਗਿਜ਼ ਨਾ ਹੁੰਦਾ। ਜੇ ਅਜਿਹਾ ਹੈ ਤਾਂ ਤੁਸੀਂ ਗ਼ਲਤੀ 'ਤੇ ਹੋ। ਅਸੀਂ ਤਾਂ ਸਿਰਫ਼ ਵਕਤ ਦੀ ਪੈਦਾਵਾਰ ਹਾਂ। ਅਥਵਾ ਇਹ ਸਹੀ ਹੈ ਕਿ ਅਸੀਂ ਵੀ ਹਾਲਾਤ ਨੂੰ ਬਦਲਣ ਵਿਚ ਬੜੀ ਹੱਦ ਤਕ ਮਦਦਗਾਰ ਸਾਬਤ ਹੁੰਦੇ ਹਾਂ।

ਮੈਂ ਤਾਂ ਇਹ ਵੀ ਕਹਾਂਗਾ ਕਿ ਕਮਿਊਨਿਜ਼ਮ ਦਾ ਜਨਮ ਦਾਤਾ ਮਾਰਕਸ ਇਸ ਖ਼ਿਆਲ ਨੂੰ ਪੈਦਾ ਕਰਨ ਵਾਲਾ ਨਹੀਂ ਸੀ, ਬਲਕਿ ਯੂਰਪ ਦੀਆਂ ਸਨਅਤੀ ਤਬਦੀਲੀਆਂ ਨੇ ਹੀ ਇਕ ਖ਼ਾਸ ਕਿਸਮ ਦੇ ਵਿਚਾਰਾਂ ਵਾਲੇ ਲੋਕ ਪੈਦਾ ਕੀਤੇ ਸਨ, ਜਿਨ੍ਹਾਂ ਵਿਚੋਂ ਮਾਰਕਸ ਦਰ ਹਕੀਕਤ ਵੀ ਬਿਲਾ ਸ਼ੁਭਾ ਕਿਸੇ ਹੱਦ ਤਕ ਜ਼ਮਾਨੇ ਦੇ ਚੱਕਰ ਨੂੰ ਇਕ ਖ਼ਾਸ ਆਵਾਜ਼ 'ਚ ਹਰਕਤ ਦੇਣ ਵਿਚ ਮਦਦਗਾਰ ਜ਼ਰੂਰ ਸਾਬਤ ਹੋਇਆ। ਮੈਂ ਤੇ ਤੁਸਾਂ ਨੇ ਇਸ ਦੇਸ਼ ਵਿਚ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੇ ਖ਼ਿਆਲਾਂ ਨੂੰ ਜਨਮ ਨਹੀਂ ਦਿੱਤਾ ਹੈ, ਬਲਕਿ ਇਹ ਤਾਂ ਵਕਤ ਅਤੇ ਹਾਲਾਤ ਦੇ ਸਾਡੇ 'ਤੇ ਅਸਰ ਦਾ ਨਤੀਜਾ ਹੈ। ਬਿਲਾ ਸ਼ੁਭਾ ਅਸੀਂ ਇਨ੍ਹਾਂ ਖ਼ਿਆਲਾਂ ਦਾ ਪ੍ਰਚਾਰ ਕਰਨ ਲਈ ਕੁਝ ਨਾਚੀਜ਼ ਅਤੇ ਬੇਕੀਮਤ ਕੰਮ ਜ਼ਰੂਰ ਕੀਤਾ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜਦ ਅਸੀਂ ਇਸ ਕਿਸਮ ਦੇ ਮੁਸ਼ਕਲ ਕੰਮ ਨੂੰ ਹੱਥ ਵਿਚ ਲੈ ਲਿਆ ਹੈ ਤਾਂ ਸਾਨੂੰ ਇਸ ਨੂੰ ਜਾਰੀ ਰੱਖਣਾ ਚਾਹੀਦਾ ਹੈ ਅਤੇ ਅੱਗੇ ਵਧਾਉਣਾ ਚਾਹੀਦਾ ਹੈ। ਮੁਸੀਬਤਾਂ ਤੋਂ ਬਚਣ ਲਈ ਖ਼ੁਦਕਸ਼ੀ ਕਰ ਲੈਣਾ ਲੋਕਾਂ ਦੀ ਅਗਵਾਈ ਕਰਨਾ ਨਹੀਂ ਹੋਵੇਗਾ, ਸਗੋਂ ਇਹ ਤਾਂ ਇਕ ਪਿੱਛੇ ਖਿੱਚੂ ਕਦਮ ਹੋਵੇਗਾ।

## ਜੱਦੋ-ਜਹਿਦ ਸ਼ੁਰੂ ਕਰੋ

ਜੇਲ੍ਹ ਦੇ ਕਾਇਦਿਆਂ ਅਨੁਸਾਰ ਅਸੀਂ ਅਤੀ ਔਕੜਾਂ ਦਾ ਟਾਕਰਾ ਕਰਦੇ ਹੋਏ ਕੰਮ ਕਰਦੇ ਰਹੇ। ਹਰ ਤਰ੍ਹਾਂ ਨਾਲ ਸਾਨੂੰ ਮੁਖ਼ਾਲਫ਼ਤ ਦਾ ਨਿਸ਼ਾਨਾ ਬਣਾਇਆ ਜਾਂਦਾ ਸੀ। ਜਿਹੜੇ ਲੋਕ ਆਪਣੇ ਆਪ ਨੂੰ ਬੜੇ ਇਨਕਲਾਬੀ ਸਮਝਦੇ ਸਨ, ਉਹ ਵੀ ਸਾਡਾ ਸਾਥ ਛੱਡ ਗਏ। ਕੀ ਉਹ ਹਾਲਾਤ ਅੰਤ ਕਿਸਮ ਦੇ ਅਜ਼ਮਾਇਸ਼ੀ ਨਹੀਂ ਸਨ ? ਫੇਰ ਆਪਣੀ ਤਹਿਰੀਕ ਅਤੇ ਜੱਦੋ-ਜਹਿਦ ਨੂੰ ਜਾਰੀ ਰੱਖਣ ਲਈ ਸਾਡੇ ਪਾਸੇ ਕੀ ਕਾਰਨ ਸਨ ? ਕੀ ਖ਼ੁਦ ਇਹੀ ਦਲੀਲ ਹੀ ਸਾਡੇ ਖ਼ਿਆਲਾਂ ਨੂੰ ਤਰਬੀਅਤ ਨਹੀਂ ਪਹੁੰਚਾਉਂਦੀ ਹੈ ਅਤੇ ਕੀ ਅਜਿਹੇ ਇਨਕਲਾਬੀ ਕਾਰਕੁੰਨਾਂ ਦੀਆਂ ਮਿਸਾਲਾਂ ਮੌਜੂਦ ਨਹੀਂ ਹਨ, ਜਿਹੜੇ ਜੇਲ੍ਹਾਂ ਤੋਂ ਸਜ਼ਾ ਕੱਟ ਕੇ ਆਏ ਅਤੇ ਹੁਣ ਵੀ ਕੰਮ ਕਰ ਰਹੇ ਹਨ ?



Sri Satguru Jagjit Singh Ji Elibrary NamdhariElibrary@gmail.com

ਅੱਜ ਆਪ ਨੂੰ ਬੇਸ਼ੁਮਾਰ ਅਜਿਹੇ ਇਨਕਲਾਬੀ ਨਜ਼ਰ ਆਉਂਦੇ ਹਨ, ਜਿਹੜੇ ਰੂਸੀ ਹਕੂਮਤ ਵਿਚ ਜ਼ਿੰਮੇਵਾਰ ਅਹੁਦਿਆਂ 'ਤੇ ਹਨ ਅਤੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਭਾਗ ਸਜ਼ਾਵਾਂ ਕੱਟਦਿਆਂ ਹੋਇਆਂ ਜੇਲ੍ਹਾਂ ਵਿਚ ਗੁਜ਼ਾਰਿਆ ਹੈ।

ਇਨਸਾਨ ਨੂੰ ਆਪਣੇ ਅਸੂਲਾਂ 'ਤੇ ਮਜ਼ਬੂਤੀ ਨਾਲ ਡਟੇ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੋਈ ਨਹੀਂ ਕਹਿ ਸਕਦਾ ਕਿ ਅੱਗੋਂ ਕੀ ਵਾਪਰੇਗਾ?

## ਖੁਫ਼ੀਆ ਪੁਲਿਸ ਦੇ ਅਫ਼ਸਰਾਂ ਨੂੰ ਜਵਾਬ

ਇਕ ਹੋਰ ਨੁਕਤਾਚੀਨੀ ਜਿਸ 'ਤੇ ਮੈਂ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਇਹ ਹੈ ਕਿ ਅਸੀਂ ਲੋਕ ਖ਼ੁਦਾ, ਪੁਨਰ ਜਨਮ, ਜਹੰਨਮ ਅਤੇ ਸਵਰਗ ਆਦਿ ਵਿਚ ਯਕੀਨ ਨਹੀਂ ਰੱਖਦੇ। ਇਸ ਲਈ ਸਾਨੂੰ ਜ਼ਿੰਦਗੀ ਅਤੇ ਮੌਤ ਦੇ ਮਾਮਲਿਆਂ ਵਿਚ ਵੀ ਬਿਲਕੁਲ ਕਾਰੋਬਾਰੀ ਆਦਮੀਆਂ ਵਾਂਗ ਸੋਚਣਾ ਚਾਹੀਦਾ ਹੈ। ਇਕ ਦਿਨ ਜਦੋਂ ਮੈਨੂੰ ਸ਼ਨਾਖਤੀ ਪਰੇਡ ਲਈ ਦਿੱਲੀ ਤੋਂ ਇਥੇ ਲਿਆਂਦਾ ਗਿਆ ਸੀ ਤਾਂ ਕੁਝ ਇਕ ਸੀ.ਆਈ.ਡੀ. ਅਫ਼ਸਰਾਂ ਨੇ ਇਸ ਵਿਸ਼ੇ 'ਤੇ ਮੇਰੇ ਬਾਪ ਦੀ ਮੌਜੂਦਗੀ ਵਿਚ ਮੇਰੇ ਨਾਲ ਗੱਲਬਾਤ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਕੋਈ ਭੇਦ ਦੱਸਣ ਅਤੇ ਇਸ ਤਰ੍ਹਾਂ ਆਪਣੀ ਜਾਨ ਬਚਾਉਣ ਵਿਚ ਰਜ਼ਾਮੰਦ ਨਹੀਂ ਹਾਂ। ਇਸ ਲਈ ਮੈਂ ਬੜੀ ਬੇਦਰਦੀ ਨਾਲ ਜ਼ਿੰਦਗੀ ਤੋਂ ਬੇਜ਼ਾਰ ਹਾਂ ਅਤੇ ਕਿਹਾ ਕਿ ਮੈਂ ਜ਼ਿੰਦਾ ਰਹਿਣਾ ਹੀ ਨਹੀਂ ਚਾਹੁੰਦਾ, ਮਰਨਾ ਚਾਹੁੰਦਾ ਹਾਂ। ਇਹ ਮੌਤ ਤਾਂ ਖ਼ੁਦਕਸ਼ੀ ਦੇ ਬਰਾਬਰ ਹੋਵੇਗੀ। ਪਰ ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ਸੀ ਕਿ ਮੇਰੇ ਜਿਹਾਂ ਅਸੂਲਾਂ ਦਾ ਪਾਬੰਦ ਆਦਮੀ ਇਵੇਂ ਮਰਨਾ ਹਰਗਿਜ਼ ਪਸੰਦ ਨਹੀਂ ਕਰ ਸਕਦਾ। ਅਸੀਂ ਤਾਂ ਆਪਣੀ ਜ਼ਿੰਦਗੀ ਦੀ ਵੱਧ ਤੋਂ ਵੱਧ ਕੀਮਤ ਹਾਸਲ ਕਰਨਾ ਚਾਹੁੰਦੇ ਹਾਂ। ਲੋਕਾਂ ਦੀ ਵੱਧ ਤੋਂ ਵੱਧ ਖਿਦਮਤ ਕਰਨਾ ਚਾਹੁੰਦੇ ਹਾਂ। ਖਾਸ ਕਰ ਮੇਰੇ ਵਰਗਾ ਇਨਸਾਨ, ਜਿਸ ਦੀ ਜ਼ਿੰਦਗੀ ਗਮਜ਼ਦਾ ਨਹੀਂ ਹੈ, ਕਿਸੇ ਵੇਲੇ ਵੀ ਖ਼ੁਦਕਸ਼ੀ ਕਰਨੀ ਤਾਂ ਇਕ ਪਾਸੇ, ਇਸ ਦਾ ਖ਼ਿਆਲ ਵੀ ਦਿਲ ਵਿੱਚ ਲਿਆਉਣਾ ਪਸੰਦ ਨਹੀਂ ਕਰ ਸਕਦਾ। ਅਜਿਹੀ ਗੱਲ ਮੈਂ ਆਪ ਨੂੰ ਕਹਿਣੀ ਚਾਹੁੰਦਾ ਹਾਂ।

ਤੁਸੀਂ ਮੈਨੂੰ ਆਗਿਆ ਦਿਓ, ਕਿ ਮੈਂ ਆਪ ਨੂੰ ਇਹ ਦੱਸਾਂ ਕਿ ਮੈਂ ਆਪਣੇ ਸਬੰਧੀ ਕੀ ਸੋਚਦਾ ਹਾਂ। ਮੈਨੂੰ ਆਪਣੇ ਲਈ ਮੌਤ ਦੀ ਸਜ਼ਾ ਸੁਣਾਏ ਜਾਣ ਦਾ ਐਸਾ ਹੀ ਯਕੀਨ ਹੈ ਜਿਵੇਂ ਕਿ ਖ਼ੁਦ ਮੌਤ ਯਕੀਨੀ ਹੈ। ਮੈਨੂੰ ਕਿਸੇ ਕਿਸਮ ਦੀ ਮੁਆਫ਼ੀ ਜਾਂ ਰਿਆਇਤਾਂ ਦੀ ਕੋਈ ਉਮੀਦ ਨਹੀਂ ਹੈ। ਜੇ ਕੋਈ ਮੁਆਫ਼ੀ ਹੋਈ ਵੀ ਤਾਂ ਉਹ ਵੀ ਕਈ ਪਾਬੰਦੀਆਂ ਨਾਲ ਹੋਵੇਗੀ। ਪਰ ਸਾਡੇ ਸਬੰਧੀ ਨਾ ਕੁਝ ਹੋ ਸਕਦਾ ਹੈ ਤੇ ਨਾ ਹੀ ਕੋਈ ਮੁਆਫ਼ੀ ਹੋਵੇਗੀ। ਇਸ ਦੇ ਬਾਵਜੂਦ ਮੇਰੀ ਇਹ ਚਾਹ ਹੈ ਕਿ ਜਦੋਂ ਇਹ ਤਹਿਰੀਕ ਆਪਣੀਆਂ ਇੰਤਹਾਈ ਬੁਲੰਦੀਆਂ 'ਤੇ ਪਹੁੰਚੀ ਹੋਵੇ ਤਾਂ ਐਨ ਉਸ ਸਮੇਂ ਸਾਨੂੰ ਫ਼ਾਂਸੀ 'ਤੇ ਟੰਗ ਦਿੱਤਾ ਜਾਵੇ। ਮੇਰੀ ਇਹ ਚਾਹ ਹੈ ਕਿ ਜੇ ਕੋਈ ਬਾਇੱਜ਼ਤ ਤੇ ਮੁਨਾਸਬ ਸਮਝੌਤਾ ਕਦੀ ਸੰਭਵ ਹੋ ਜਾਵੇ ਤਾਂ ਸਾਡੇ ਵਰਗੇ ਆਦਮੀਆਂ ਦਾ ਮਾਮਲਾ ਇਸ ਦੀ ਰਾਹ ਵਿਚ ਰੁਕਾਵਟ ਪੈਦਾ ਕਰਨ ਦਾ ਕਾਰਨ ਨਾ ਹੋਵੇ। ਜਦੋਂ ਕੌਮਾਂ ਦੀ ਕਿਸਮਤ ਦਾ ਫ਼ੈਸਲਾ ਹੋ ਰਿਹਾ ਹੋਵੇ ਤਾਂ ਵਿਅਕਤੀ ਦੀ ਕਿਸਮਤ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਦਿੱਤਾ ਜਾਣਾ ਚਾਹੀਦਾ ਹੈ। ਅਸੀਂ ਇਨਕਲਾਬ ਪਸੰਦ ਹੋਣ ਕਾਰਨ ਸਾਰੇ ਸਾਬਕਾ ਤਜਰਬਿਆਂ ਤੋਂ ਪੂਰੀ ਤਰ੍ਹਾਂ ਬਾਖ਼ਬਰ ਹਾਂ। ਇਸ ਲਈ ਅਸੀਂ ਮੰਨ ਨਹੀਂ ਸਕਦੇ ਕਿ ਸਾਡੇ ਹੁਕਮਰਾਨਾਂ, ਖਾਸ ਕਰ ਬਰਤਾਨਵੀ ਕੌਮ ਦੀ ਜ਼ਹਿਨੀਅਤ ਵਿਚ ਇਸ ਕਿਸਮ ਦੀ ਨਾਟਕੀ ਤਬਦੀਲੀ ਪੈਦਾ ਹੋ ਸਕਦੀ ਹੈ। ਇਸ ਕਿਸਮ ਦੀ ਤਬਦੀਲੀ ਇਨਕਲਾਬ ਤੋਂ ਬਿਨਾਂ ਸੰਭਵ ਨਹੀਂ। ਇਨਕਲਾਬ ਤਾਂ ਸਿਰਫ਼ ਲਗਾਤਾਰ ਕੰਮ ਕਰਨ, ਕੁਰਬਾਨੀਆਂ ਕਰਨ ਤੇ ਲਗਾਤਾਰ ਮੁਸੀਬਤਾਂ ਝੱਲਣ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਵੇਗਾ। ਜਿਥੋਂ ਤਕ ਮੇਰੇ ਨੁਕਤਾ ਨਜ਼ਰ ਦਾ ਸਬੰਧ ਹੈ, ਮੈਂ ਤਾਂ ਇਸ



Sri Satguru Jagjit Singh Ji Elibrary NamdhariElibrary@gmail.com

ਸੂਰਤ ਵਿਚ ਹੀ ਆਮ ਰਿਹਾਈਆਂ ਤੇ ਮੁਆਫ਼ੀਆਂ ਨੂੰ ਜੀ ਆਇਆਂ ਕਹਿ ਸਕਦਾ ਹਾਂ, ਜਦ ਇਸ ਦਾ ਅਸਰ ਪੱਕਾ ਹੋਵੇ ਅਤੇ ਦੇਸ਼ ਦੇ ਲੋਕਾਂ ਦੇ ਦਿਲਾਂ ਵਿਚ ਸਾਡੀਆਂ ਫ਼ਾਂਸੀਆਂ ਨਾਲ ਬਹੁਤ ਡੂੰਘੇ ਨਕਸ਼ ਪੈ ਜਾਣ। ਬਸ ਇਹੋ ਕੁਝ, ਹੋਰ ਇਸ ਤੋਂ ਕੁਝ ਵੱਧ ਨਹੀਂ।

ਮੇਰਾ ਖ਼ਿਆਲ ਹੈ ਕਿ ਮੈਂ ਉਨ੍ਹਾਂ ਸਾਰੀਆਂ ਗੱਲਾਂ ਬਾਰੇ ਆਪ ਨੂੰ ਆਪਣੀ ਰਾਏ ਦੱਸ ਦਿੱਤੀ ਹੈ, ਜਿਨ੍ਹਾਂ ਬਾਰੇ ਤੁਸਾਂ ਆਪਣੀ ਚਿੱਠੀ ਵਿਚ ਲਿਖਿਆ ਸੀ। ਪਰ ਇਸ ਨੂੰ ਖ਼ਤਮ ਕਰਨ ਤੋਂ ਪਹਿਲਾਂ ਮੈਂ ਕੁਝ ਸ਼ਬਦ ਸੂਫ਼ੀ ਜੀ ਦੀ ਖ਼ੁਦਕਸ਼ੀ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਆਪ ਨੂੰ ਦੱਸਾਂ ਕਿ ਸ਼ੁਰੂ ਤੋਂ ਹੀ ਮੈਨੂੰ ਇਸ ਖ਼ੁਦਕਸ਼ੀ ਨੇ ਕਦੀ ਅਪੀਲ ਨਹੀਂ ਕੀਤਾ, ਪਰ ਇਸ ਮਹਾਨ ਇਨਕਲਾਬੀ ਦਾ ਅੰਧ ਵਿਸ਼ਵਾਸੀ ਚੇਲੇ ਤੇ ਭਗਤ ਹੋਣ ਕਰਕੇ ਆਪਣੇ ਦਿਲ ਵਿਚ ਇਸ ਬਾਰੇ ਕਮਜ਼ੋਰੀ ਮਹਿਸੂਸ ਕਰਦੇ ਹੋਏ ਵੀ ਸੂਫ਼ੀ ਜੀ ਦੇ ਇਸ ਆਖ਼ਰੀ ਕੰਮ ਦੀ ਤਾਰੀਫ਼ ਕਰਦਾ ਹਾਂ। ਕਿਸੇ ਖੰਭੇ ਨਾਲ ਬੰਨ੍ਹ ਕੇ ਗੋਲੀ ਮਾਰ ਕੇ ਮਾਰ ਦੇਣਾ, ਫ਼ਾਂਸੀ ਦਿੱਤੇ ਜਾਣਾ ਜਾਂ ਜੱਲਾਦ ਦੇ ਹੱਥੀਂ ਬਿਜਲੀ ਨਾਲ ਸਜ਼ਾਏ ਮੌਤ ਖਾਉਣਾ ਹੋਰ ਚੀਜ਼ ਹੈ ਅਤੇ ਜ਼ਹਿਰ ਖਾ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਖ਼ੁਦਕਸ਼ੀ ਕਰਨਾ ਬਿਲਕੁਲ ਵੱਖਰੀ ਚੀਜ਼ ਹੈ। ਖ਼ੁਦਕਸ਼ੀ ਤਾਂ ਸਿਰਫ਼ ਕੁਝ ਇਕ ਇਣੇ-ਗਿਣੇ ਹਾਲਤਾਂ ਵਿਚ ਹੀ ਜਦ ਕਿ ਇਹ ਇਨਸਾਨੀਅਤ ਵਾਸਤੇ ਜ਼ਿਆਦਾ ਫ਼ਾਇਦੇਮੰਦ ਹੋ ਸਕਦੀ ਹੋਵੇ, ਜਾਇਜ਼ ਸਮਝੀ ਜਾ ਸਕਦੀ ਹੈ। ਇਰਾਕ ਦੇ ਵਜ਼ੀਰ ਦੀ ਖ਼ੁਦਕਸ਼ੀ ਵਾਕਿਆ ਹੀ ਬਹੁਤ ਦਰਦਨਾਕ ਹੈ ਅਤੇ ਜਾਇਜ਼ ਹੈ, ਕਿਉਂਕਿ ਉਸ ਨੇ ਆਪਣੀ ਕੌਮ ਨੂੰ ਜਗਾਉਣ ਤੇ ਉਨ੍ਹਾਂ ਨੂੰ ਆਪਣੇ ਫਰਜ਼ ਨੂੰ ਮਹਿਸੂਸ ਕਰਨ ਲਈ ਜਾਨ ਦਿੱਤੀ ਸੀ। ਉਹ ਇਸ ਦੇ ਇਲਾਵਾ ਹੋਰ ਕਰ ਵੀ ਕੀ ਸਕਦਾ ਸੀ, ਕਿਉਂਕਿ ਉਸਦੇ ਦੇਸ਼ ਦੇ ਲੋਕ ਆਮ ਤੌਰ 'ਤੇ ਵਿਸ਼ਵਾਸ ਨਹੀਂ ਕਰਦੇ ਸਨ ਪਰ ਇਥੇ ਤਾਂ ਇਹੋ ਜਿਹੇ ਪੇਚੀਦਾ ਅਤੇ ਗੁੰਝਲਦਾਰ ਹਾਲਾਤ ਬਿਲਕੁਲ ਨਹੀਂ ਹਨ। ਇਸ ਕਰਕੇ ਇਸ ਕਿਸਮ ਦੇ ਖ਼ਿਆਲ ਤੇ ਸਿਰਫ਼ ਵਿਚਾਰ ਕਰਨਾ ਵੀ ਮੈਨੂੰ ਨਫ਼ਰਤ ਦੇ ਕਾਬਲ ਲੱਗਦਾ ਹੈ।

ਭਗਤ ਸਿੰਘ

* * *

## ਭੁੱਖ ਹੜਤਾਲ ਦਾ ਹਥਿਆਰ.

[ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਲੜਾਈ ਹਰ ਦਿਨ ਚਲਾਈ ਗਈ। ਭੁੱਖ ਹੜਤਾਲ ਜੋ ਜੇਲ੍ਹਾਂ ਵਿਚ ਸੁਧਾਰ ਕਰਾਉਣ ਲਈ ਕੀਤੀ ਗਈ, ਕਈ ਮੰਜ਼ਲਾਂ ਵਿਚੋਂ ਦੀ ਲੰਘੀ। ਜਤਿੰਦਰ ਨਾਥ ਦਾਸ ਸ਼ਹੀਦ ਹੋਏ, ਸਰਕਾਰ ਨੇ ਕੁਝ ਵਾਅਦੇ ਕੀਤੇ। ਇਕ ਦਿਨ ਭੁੱਖ ਹੜਤਾਲ ਛੱਡੀ ਗਈ ਅਤੇ ਫਿਰ ਸ਼ੁਰੂ ਕਰ ਦਿੱਤੀ ਗਈ ਕਿਉਂਕਿ ਸਰਕਾਰ ਦੇ ਝੂਠੇ ਵਾਇਦੇ ਨੰਗੇ ਹੋ ਗਏ ਸਨ। ਲੋਕਾਂ ਵਿਚ ਸਰਕਾਰ ਦੇ ਖਾਸੇ ਨੂੰ ਨੰਗਾ ਕਰਨਾ, ਉਸ ਮੁਹਿਮ ਦਾ ਕੰਮ ਸੀ। ਫਿਰ ਭੁੱਖ ਹੜਤਾਲ ਸ਼ੁਰੂ ਹੋ ਗਈ, ਅੰਗਰੇਜ਼ ਸਰਕਾਰ ਦੀ ਮਸ਼ੀਨਰੀ ਨੇ ਕਈ ਬੇਹੂਦਾ ਢੰਗ ਅਪਨਾਏ ਪਰ ਇਨਕਲਾਬੀ ਦ੍ਰਿੜਤਾ ਤੇ ਆਪਣੇ ਅਕੀਦੇ ਲਈ ਡਟੇ ਰਹਿਣਾ ਅਤੇ ਹਰ ਦੁੱਖ ਨੂੰ ਖਿੜੇ ਮੱਥੇ ਝੱਲਣ ਦੇ ਅਸੂਲ 'ਤੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਚਲਦੇ ਰਹੇ।

ਇਸ ਪੜਾਅ ਉਤੇ, ਇਹ ਦਸਤਾਵੇਜ਼ ਲਿਖੇ ਗਏ ਸਨ। ਚਾਹੇ ਲਾਹੌਰ ਸਾਜ਼ਸ਼ ਕੇਸ ਦੀ ਸੁਣਵਾਈ ਮੈਜਿਸਟਰੇਟ ਦੇ ਸ਼ੁਰੂ ਹੋ ਗਈ ਸੀ ਪਰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਭਾਰਤੀ ਲੋਕਾਂ ਨੂੰ ਇਹ ਦਰਸਾਉਣਾ ਚਾਹਿਆ ਕਿ ਅੰਗਰੇਜ਼ ਰਾਜ ਵਿਚ ਇਨਸਾਫ ਦਾ ਢੰਕੋਸਲਾ ਹੀ ਹੈ, ਇਨਸਾਫ਼ ਨਹੀਂ ਹੈ, ਮੁਕੱਦਮੇ ਵੱਲ ਵਤੀਰੇ ਦਾ ਇਕ ਨਮੂਨਾ ਦਸਤਾਵੇਜ਼ 76 ਨੰਬਰ ਤੁਹਾਨੂੰ ਦਰਸਾਏਗਾ।



Sri Satguru Jagjit Singh Ji Elibrary NamdhariElibrary@gmail.com

ਅਦਾਲਤ ਵਿਚ ਆਪਣੀ ਅੰਤਰ ਰਾਸ਼ਟਰੀ ਸਾਂਝ ਦਾ ਪ੍ਰਗਟਾਵਾ ਕਰਨ ਲਈ ਉਹ ਤਾਰਾਂ ਰਾਹੀਂ ਸੁਨੇਹੇ ਭੇਜਦੇ ਰਹੇ। ਦਸਤਾਵੇਜ਼ 78, 79 ਅਤੇ 80 ਇਸਦੀ ਇਕ ਮਿਸਾਲ ਹਨ।

—ਸੰਪਾਦਕ]

* * *

## 73. ਗ੍ਰਹਿ ਮੰਤਰੀ ਭਾਰਤ ਸਰਕਾਰ ਨੂੰ ਤਾਰ

*—20 ਜਨਵਰੀ, 1930*

ਮਿਲੇ ਗ੍ਰਹਿ ਮੰਤਰੀ, ਭਾਂਰਤ

ਵਲੋਂ

ਭਗਤ ਸਿੰਘ ਅਤੇ ਦੂਜੇ

ਅਸੀਂ ਭੁੱਖ ਹੜਤਾਲ, ਕਮੇਟੀ ਦੇ ਇਹ ਯਕੀਨ ਦਿਵਾਉਣ 'ਤੇ ਮੁਲਤਵੀ ਕਰ ਦਿੱਤੀ ਸੀ ਕਿ ਰਾਜਸੀ ਕੈਦੀਆਂ ਨਾਲ ਵਤੀਰੇ ਦਾ ਸਵਾਲ ਸਾਡੀ ਸੰਤੁਸ਼ਟਤਾ ਅਨੁਸਾਰ ਛੇਤੀ ਹੀ ਅੰਤਮ ਤੌਰ 'ਤੇ ਨਜਿੱਠਿਆ ਜਾ ਰਿਹਾ ਹੈ। ਕੁਲ ਹਿੰਦ ਕਾਂਗਰਸ ਕਮੇਟੀ ਦੇ ਭੁੱਖ ਹੜਤਾਲ ਸਬੰਧੀ ਮਤਿਆਂ ਦੀਆਂ ਕਾਪੀਆਂ ਜੇਲ੍ਹ ਅਧਿਕਾਰੀਆਂ ਨੇ ਰੋਕ ਲਈਆਂ ਹਨ। ਕਾਂਗਰਸ ਵਫ਼ਦ ਨੂੰ ਕੈਦੀਆਂ ਨੂੰ ਮਿਲਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸੁਣਵਾਈ ਅਧੀਨ ਸਾਜ਼ਿਸ਼ ਕੇਸ ਨਾਲ ਸੰਬੰਧਤ ਵਿਅਕਤੀਆਂ ਤੇ ਉੱਚ ਪੁਲਸ ਅਧਿਕਾਰੀਆਂ ਦੀ ਆਗਿਆ ਅਨੁਸਾਰ 23, 24 ਅਕਤੂਬਰ, 1929 ਨੂੰ ਬੁਰੀ ਤਰ੍ਹਾਂ ਹਮਲੇ ਕੀਤੇ ਗਏ।

*(ਅੰਗਰੇਜ਼ੀ ਤੋਂ)*

* * *

## 74. ਗ੍ਰਹਿ ਵਿਭਾਗ, ਭਾਰਤ ਸਰਕਾਰ ਨੂੰ ਮਾਰਫ਼ਤ ਸਪੈਸ਼ਲ ਮੈਜਿਸਟਰੇਟ ਲਾਹੌਰ ਸਾਜ਼ਿਸ ਕੇਸ, ਲਾਹੌਰ

*—28 ਜਨਵਰੀ, 1930*

20 ਜਨਵਰੀ, 1930 ਦੀ ਸਾਡੀ ਤਾਰ ਦੇ ਹਵਾਲੇ ਨਾਲ, ਜੋ ਹੇਠਾਂ ਦਿੱਤੀ ਜਾ ਰਹੀ ਹੈ, ਸਾਨੂੰ ਕੋਈ ਜਵਾਬ ਨਹੀਂ ਦਿੱਤਾ ਗਿਆ :

ਗ੍ਰਹਿ ਮੈਂਬਰ, ਭਾਰਤ ਸਰਕਾਰ, ਦਿੱਲੀ, ਲਾਹੌਰ ਸਾਜ਼ਿਸ਼ ਕੇਸ ਦੇ ਜ਼ੇਰ ਸਮਾਇਤ ਕੈਦੀਆਂ ਨੇ ਇਸ ਯਕੀਨ 'ਤੇ ਭੁੱਖ ਹੜਤਾਲ ਮੁਲਤਵੀ ਕਰ ਦਿੱਤੀ ਕਿ ਭਾਰਤ ਸਰਕਾਰ ਸੂਬਾਈ ਜੇਲ੍ਹ ਕਮੇਟੀਆਂ ਦੀਆਂ ਰਿਪੋਰਟਾਂ 'ਤੇ ਵਿਚਾਰ ਕਰ ਰਹੀ ਹੈ, ਕੁਲ ਹਿੰਦ ਸਰਕਾਰੀ ਕਾਨਫਰੰਸ ਖ਼ਤਮ ਹਾਲੇ ਤਕ ਕੋਈ ਐਕਸ਼ਨ ਨਹੀਂ ਲਿਆ ਗਿਆ। ਸਿਆਸੀ ਕੈਦੀਆਂ ਨਾਲ ਬਦਲਾ ਲਊ ਵਤੀਰਾ ਹਾਲੀ ਵੀ ਅਪਣਾਇਆ ਜਾ ਰਿਹਾ ਹੈ, ਅਸੀਂ ਬੇਨਤੀ ਕਰਦੇ ਹਾਂ ਕਿ ਇਕ ਹਫ਼ਤੇ ਦੇ ਵਿਚ-ਵਿਚ ਸਾਨੂੰ ਸਰਕਾਰ ਦੇ ਅੰਤਮ ਫ਼ੈਸਲੇ ਬਾਰੇ ਦੱਸਿਆ ਜਾਵੇ। ਜ਼ੇਰ ਸਮਾਇਤ ਕੈਦੀ ਲਾਹੌਰ ਸਾਜ਼ਿਸ਼ ਕੇਸ।

ਜਿਵੇਂ ਉਪਰੋਕਤ ਤਾਰ ਵਿਚ ਸੰਖੇਪ ਤੌਰ 'ਤੇ ਦੱਸਿਆ ਗਿਆ ਹੈ, ਅਸੀਂ ਤੁਹਾਡੇ ਧਿਆਨ ਵਿਚ ਇਹ ਲਿਆਉਣਾ ਚਾਹੁੰਦੇ ਹਾਂ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਲਾਹੌਰ ਸਾਜ਼ਿਸ਼ ਕੇਸ ਦੇ ਜ਼ੇਰ ਸਮਾਇਤ ਕੈਦੀਆਂ ਅਤੇ ਹਰ ਸਿਆਸੀ ਕੈਦੀਆਂ ਨੇ ਪੰਜਾਬ ਜੇਲ੍ਹ ਪੜਤਾਲ ਕਮੇਟੀ



Sri Satguru Jagjit Singh Ji Elibrary NamdhariElibrary@gmail.com

ਦੇ ਮੈਂਬਰਾਂ ਦੀ ਯਕੀਨਦਹਾਨੀ 'ਤੇ ਕਿ ਬੜੀ ਛੇਤੀ ਹੀ ਸਿਆਸੀ ਕੈਦੀਆਂ ਦੇ ਵਰਤਾਰੇ ਦਾ ਸਵਾਲ ਸਾਡੀ ਤਸੱਲੀ ਅਨੁਸਾਰ ਨਬੇੜਿਆ ਜਾ ਰਿਹਾ ਹੈ, ਭੁੱਖ ਹੜਤਾਲ ਮੁਲਤਵੀ ਕਰ ਦਿੱਤੀ। ਹੋਰ, ਸਾਡੇ ਮਹਾਨ ਸ਼ਹੀਦ ਜਤਿੰਦਰ ਨਾਥ ਦਾਸ ਦੀ ਮੌਤ ਮਗਰੋਂ ਇਹ ਮਸਲਾ ਲੈਜਿਸਲੇਟਿਵ ਅਸੈਂਬਲੀ ਵਿਚ ਉਠਾਇਆ ਗਿਆ ਅਤੇ ਇਹੀ ਯਕੀਨ ਸਰ ਜੇਮਜ਼ ਕਰੀਰਰ ਨੇ ਸ਼ਰੇਆਮ ਦਿਵਾਇਆ। ਉਦੋਂ ਇਹ ਕਿਹਾ ਗਿਆ ਸੀ ਕਿ ਮਨ ਬਦਲ ਗਿਆ ਸੀ। ਸਿਆਸੀ ਕੈਦੀਆਂ ਨਾਲ ਵਰਤਾਰੇ ਦੇ ਸਵਾਲ ਨਾਲ ਸਰਕਾਰ ਦੀ ਬਹੁਤ ਹਮਦਰਦੀ ਹੈ। ਅਜਿਹੇ ਕੈਦੀਆਂ ਨੇ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੀਆਂ ਜੇਲ੍ਹਾਂ ਵਿਚ ਭੁੱਖ ਹੜਤਾਲ 'ਤੇ ਸਨ, ਉਦੋਂ ਕੁਲ ਹਿੰਦ ਕਾਂਗਰਸ ਕਮੇਟੀ ਦੇ ਮਤੇ, ਜੋ ਉਪਰੋਕਤ ਯਕੀਨਦਹਾਨੀ ਅਤੇ ਕੁਝ ਕੈਦੀਆਂ ਦੀ ਨਾਜ਼ੁਕ ਹਾਲਤ ਨੂੰ ਨਜ਼ਰ ਵਿਚ ਰੱਖ ਕੇ ਪਾਸ ਕੀਤਾ ਗਿਆ ਸੀ, ਦੀ ਬੇਨਤੀ 'ਤੇ ਆਪਣੀ ਭੁੱਖ ਹੜਤਾਲ ਮੁਲਤਵੀ ਕਰ ਦਿੱਤੀ ਸੀ।

ਉਦੋਂ ਤੋਂ ਸਾਰੀਆਂ ਸਥਾਨਕ ਸਰਕਾਰਾਂ ਨੇ ਆਪਣੀਆਂ ਰਿਪੋਰਟਾਂ ਪੇਸ਼ ਕਰ ਦਿੱਤੀਆਂ ਹਨ। ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਦੇ ਇੰਸਪੈਕਟਰ ਜਨਰਲਾਂ ਦੀ ਮੀਟਿੰਗ ਲਖਨਊ ਵਿਚ ਹੋ ਕੇ ਹਟੀ ਹੈ ਅਤੇ ਕੁਲ ਹਿੰਦ ਸਰਕਾਰੀ ਕਾਨਫਰੰਸ ਦੀ ਵਿਚਾਰ ਚਰਚਾ ਦਿੱਲੀ ਵਿਚ ਹੋਈ ਹੈ। ਕੁਲ ਹਿੰਦ ਕਾਨਫਰੰਸ ਪਿਛਲੇ ਦਸੰਬਰ ਦੇ ਮਹੀਨੇ ਵਿਚ ਹੋਈ ਸੀ। ਮਹੀਨੇ ਤੋਂ ਉੱਪਰ ਬੀਤ ਚੁੱਕਾ ਹੈ, ਪਰ ਸਰਕਾਰ ਨੇ ਹਾਲੇ ਤਕ ਇਕ ਵੀ ਸਿਫ਼ਾਰਸ਼ ਲਾਗੂ ਨਹੀਂ ਕੀਤੀ। ਇਸ ਤਰ੍ਹਾਂ ਦੇ ਲਟਕਾਈ ਰੱਖਣ ਦੇ ਵਤੀਰੇ ਨਾਲ ਆਮ ਲੋਕਾਂ ਵਾਂਗ ਸਾਨੂੰ ਡਰ ਹੈ ਕਿ ਸ਼ਾਇਦ ਸਵਾਲ ਨੂੰ ਖੂੰਜੇ ਲਾ ਦਿੱਤਾ ਗਿਆ ਹੈ। ਪਿਛਲੇ ਚਹੁੰ ਮਹੀਨਿਆਂ ਵਿਚ ਜਿਸ ਤਰ੍ਹਾਂ ਭੁੱਖ ਹੜਤਾਲੀਆਂ ਅਤੇ ਹੋਰ ਸਿਆਸੀ ਕੈਦੀਆਂ ਨਾਲ ਬਦਲਾ ਲਊ ਸਲੂਕ ਕੀਤਾ ਗਿਆ, ਉਸ ਤੋਂ ਸਾਡੇ ਡਰ ਹੋਰ ਪੱਕੇ ਹੋਏ ਹਨ। ਜਿਹੜੀਆਂ ਤਕਲੀਫ਼ਾਂ ਸਿਆਸੀ ਕੈਦੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਵੇਰਵੇ ਜਾਨਣੇ ਸਾਡੇ ਲਈ ਬਹੁਤ ਮੁਸ਼ਕਲ ਗੱਲ ਹੈ। ਫੇਰ ਵੀ ਜੇਲ੍ਹ ਦੀ ਚਾਰਦੀਵਾਰੀ ਵਿਚੋਂ ਜਿਹੜੀ ਥੋੜ੍ਹੀ ਬਹੁਤ ਇਤਲਾਹ ਮਿਲ ਸਕੀ ਹੈ, ਉਹ ਸਾਨੂੰ ਜ਼ਾਹਰਾ ਮਿਸਾਲਾਂ ਤੋਂ ਜਾਣੂ ਕਰਵਾਉਣ ਲਈ ਬਥੇਰੀ ਹੈ। ਇਹੋ ਜਿਹੀਆਂ ਕੁਝ ਮਿਸਾਲਾਂ ਅਸੀਂ ਹੇਠ ਦਿੰਦੇ ਹਾਂ, ਜਿਨ੍ਹਾਂ ਬਾਰੇ ਅਸੀਂ ਮਹਿਸੂਸ ਕਰਨੋਂ ਨਹੀਂ ਰਹਿ ਸਕਦੇ, ਜੋ ਸਰਕਾਰ ਦੀ ਯਕੀਨਦਹਾਨੀ ਨਾਲ ਮੇਲ ਨਹੀਂ ਖਾਂਦੀਆਂ।

1. ਸ਼੍ਰੀਯੁਤ ਬੀ.ਕੇ. ਬੈਨਰਜੀ, ਜੋ ਦਕਸ਼ਿਨੇਸ਼ਵਰ ਬੰਬ ਕੇਸ ਦੇ ਸਬੰਧ ਵਿਚ ਲਾਹੌਰ ਸੈਂਟਰਲ ਜੇਲ੍ਹ ਵਿਚ 5 ਸਾਲ ਦੀ ਸਜ਼ਾ ਭੁਗਤ ਰਹੇ ਹਨ, ਪਿਛਲੇ ਸਾਲ ਆਮ ਭੁੱਖ ਹੜਤਾਲ ਵਿਚ ਰਲ ਗਏ। ਹੁਣ ਉਸਦੀ ਸਜ਼ਾ ਦੇ ਤੌਰ 'ਤੇ ਉਹਦੀ ਭੁੱਖ ਹੜਤਾਲ ਦੇ ਸਮੇਂ ਦੇ ਹਰ ਦਿਨ ਲਈ ਉਹਦੀ ਹੁਣ ਤਕ ਦੀ ਮੁਆਫ਼ੀ ਦੇ ਦੋ ਦਿਨ ਕੱਟ ਲਏ ਗਏ ਹਨ। ਆਮ ਹਾਲਾਤ ਅਧੀਨ ਉਹਦੀ ਰਿਹਾਈ ਪਿਛਲੀ ਦਸੰਬਰ ਨੂੰ ਹੋ ਜਾਣੀ ਸੀ, ਪਰ ਹੁਣ ਚਾਰ ਮਹੀਨੇ ਪਿੱਛੇ ਪੈ ਗਈ ਹੈ। ਇਸੇ ਜੇਲ੍ਹ ਵਿਚ ਲਾਹੌਰ ਸਾਜ਼ਿਸ਼ ਕੇਸ ਸਬੰਧੀ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕੋਈ ਸੱਤਰ ਸਾਲਾ ਦੇ ਬਜ਼ੁਰਗ ਸੋਹਣ ਸਿੰਘ ਨੂੰ ਸਜ਼ਾ ਦਿੱਤੀ ਗਈ ਹੈ। ਇਸ ਤੋਂ ਬਿਨਾਂ ਹੋਰਨਾਂ ਵਿਚੋਂ ਮੀਆਂਵਾਲੀ ਜੇਲ੍ਹ ਵਿਚ ਬੰਦ ਸਰਦਾਰ ਕਾਬਲ ਸਿੰਘ ਅਤੇ ਸਰਦਾਰ ਗੋਪਾਲ ਸਿੰਘ ਨੂੰ ਆਮ ਭੁੱਖ ਹੜਤਾਲ ਵਿਚ ਸ਼ਾਮਲ ਹੋਣ ਕਾਰਨ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਬਹੁਤ ਸਾਰੇ ਮਾਮਲਿਆਂ ਵਿਚ

1. ਬਾਬਾ ਸੋਹਣ ਸਿੰਘ ਭਕਨਾ (1867-1968) ਗਦਰ ਪਾਰਟੀ ਦੇ ਪਹਿਲੇ ਪ੍ਰਧਾਨ
2. ਕਾਬਲ ਸਿੰਘ ਗੋਬਿੰਦਪੁਰੀ
3. ਗੋਪਾਲ ਸਿੰਘ ਕੌਮੀ



Sri Satguru Jagjit Singh Ji Elibrary NamdhariElibrary@gmail.com

ਕੈਦ ਦੀਆਂ ਮਿਆਦਾਂ ਵਧਾ ਦਿੱਤੀਆਂ ਗਈਆਂ ਹਨ ਜਦਕਿ ਉਨ੍ਹਾਂ ਵਿਚੋਂ ਕੁਝ ਸਪੈਸ਼ਲ ਕਲਾਸ ਤੋਂ ਹਟਾ ਦਿੱਤੇ ਗਏ ਹਨ।

2. ਇਸੇ ਜੁਰਮ ਵਿਚ ਭਾਵ ਆਮ ਭੁੱਖ ਹੜਤਾਲ ਵਿਚ ਸ਼ਾਮਲ ਹੋਣ ਕਾਰਨ ਆਗਰਾ ਸੈਂਟਰਲ ਜੇਲ੍ਹ ਵਿਚ ਬੰਦ ਸਰਵ ਸ੍ਰੀ ਸਚੀਂਦਰ ਨਾਥ ਸਨਿਆਲ, ਰਾਮ ਕ੍ਰਿਸ਼ਨ ਖੱਤਰੀ ਅਤੇ ਸੁਰੇਸ਼ ਚੰਦਰ ਭੱਟਾਚਾਰੀਆ, ਰਾਜ ਕੁਮਾਰ ਸਿਨਹਾ, ਸਚੀਂਦਰ ਨਾਥ ਬਖਸ਼ੀ, ਮਨਮਥ ਨਾਥ ਗੁਪਤਾ ਅਤੇ ਹੋਰ ਬਹੁਤ ਸਾਰੇ ਕਾਕੋਰੀ ਕੇਸ ਕੈਦੀਆਂ ਨੂੰ ਸਖ਼ਤ ਸਜ਼ਾ ਦਿੱਤੀ ਗਈ। ਭਰੋਸੇਯੋਗ ਵਸੀਲੇ ਤੋਂ ਪਤਾ ਲੱਗਾ ਹੈ ਕਿ ਸ੍ਰੀ ਸਾਨਿਆਲ ਨੂੰ ਬੇੜੀਆਂ ਪਾਈਆਂ ਅਤੇ ਏਕਾਂਤ ਕੋਠੜੀਬੰਦ ਰੱਖਿਆ ਗਿਆ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੀ ਸਿਹਤ ਖ਼ਰਾਬ ਹੋ ਗਈ ਹੈ। ਉਨ੍ਹਾਂ ਦਾ ਭਾਰ ਅਠਾਰਾਂ ਪੌਂਡ ਘਟ ਗਿਆ ਹੈ। ਪਤਾ ਲੱਗਾ ਹੈ ਕਿ ਸ੍ਰੀ ਭੱਟਾਚਾਰੀਆ ਤਪਦਿਕ ਦੇ ਮਰੀਜ਼ ਹਨ। ਬਰੇਲੀ ਜੇਲ੍ਹ ਦੇ ਤਿੰਨ ਕੈਦੀਆਂ ਨੂੰ ਵੀ ਸਜ਼ਾ ਦਿੱਤੀ ਗਈ ਹੈ। ਉਨ੍ਹਾਂ ਦੀਆਂ ਸਾਰੀਆਂ ਸਹੂਲਤਾਂ ਵਾਪਸ ਲੈ ਲਈਆਂ ਗਈਆਂ ਹਨ। ਇਥੋਂ ਤਕ ਕਿ ਆਪਣੇ ਰਿਸ਼ਤੇਦਾਰਾਂ ਨਾਲ ਮੁਲਾਕਾਤ, ਚਿੱਠੀ ਪੱਤਰ ਕਰਨ ਦੇ ਆਮ ਹੱਕ ਵੀ ਖੋਹ ਲਏ ਗਏ ਹਨ। ਉਨ੍ਹਾਂ ਦੇ ਭਾਰ ਕਾਫੀ ਘਟ ਗਏ ਹਨ। ਇਸ ਸਬੰਧ ਵਿਚ ਪੰਡਤ ਜਵਾਹਰ ਲਾਲ ਨੇ ਸਤੰਬਰ 1929 ਅਤੇ ਜਨਵਰੀ 1930 ਵਿਚ ਦੋ ਪ੍ਰੈੱਸ ਬਿਆਨ ਦਿੱਤੇ।

3. ਭੁੱਖ ਹੜਤਾਲ ਬਾਰੇ ਕੁਲ ਹਿੰਦ ਕਾਂਗਰਸ ਕਮੇਟੀ ਦੇ ਮਤੇ ਦੇ ਪਾਸ ਹੋਣ ਪਿੱਛੋਂ ਤਾਰ ਰਾਹੀਂ ਵੱਖ-ਵੱਖ ਸਿਆਸੀ ਕੈਦੀਆਂ ਨੂੰ ਭੇਜੀਆਂ ਇਸਦੀਆਂ ਕਾਪੀਆਂ ਜੇਲ੍ਹ ਅਧਿਕਾਰੀਆ ਨੇ ਰੋਕ ਲਈਆਂ। ਫੇਰ ਸਰਕਾਰ ਨੇ ਇਸ ਸਬੰਧ ਵਿਚ ਕੈਦੀਆਂ ਨੂੰ ਮਿਲਣ ਵਾਲੇ ਕਾਂਗਰਸੀ ਵਫ਼ਦ ਨੂੰ ਨਾਂਹ ਕਰ ਦਿੱਤੀ।

4. ਉੱਪਰਲੇ ਪੁਲਸ ਅਫ਼ਸਰਾਂ ਦੇ ਹੁਕਮ ਅਧੀਨ 23 ਅਤੇ 24 ਅਕਤੂਬਰ, 1929 ਨੂੰ ਸਾਜ਼ਿਸ਼ ਕੇਸ ਦੇ ਜ਼ੇਰ ਸਮਾਇਤ ਕੈਦੀਆਂ 'ਤੇ ਵਹਿਸ਼ੀਆਨਾ ਹਮਲਾ ਕੀਤਾ ਗਿਆ। ਪੂਰੇ ਵੇਰਵੇ ਪ੍ਰੈੱਸ ਵਿਚ ਛਪੇ ਹਨ। ਸਪੈਸ਼ਲ ਮੈਜਿਸਟਰੇਟ ਪੰਡਤ ਸ੍ਰੀ ਕ੍ਰਿਸ਼ਨ ਨੇ ਸਾਡੇ ਵਿਚੋਂ ਇਕ ਜਣੇ ਦਾ ਬਿਆਨ ਦਰਜ ਕੀਤਾ ਸੀ, ਇਸ ਬਿਆਨ ਦੀ ਕਾਪੀ 16 ਦਸੰਬਰ, 1929 ਨੂੰ ਤੁਹਾਨੂੰ ਭੇਜੀ ਜਾ ਚੁੱਕੀ ਹੈ। ਨਾ ਪੰਜਾਬ ਸਰਕਾਰ ਅਤੇ ਨਾ ਹੀ ਭਾਰਤ ਸਰਕਾਰ ਨੇ ਜਵਾਬ ਦੇਣਾ ਜਾਂ ਸਾਡੇ ਵਲੋਂ ਪੜਤਾਲ ਕਰਵਾਉਣ ਬਾਰੇ ਬੇਨਤੀ ਦੀ ਪਹੁੰਚ ਬਾਰੇ ਦੱਸਣਾ ਜ਼ਰੂਰੀ ਸਮਝਿਆ, ਜਦਕਿ ਦੂਜੇ ਪਾਸੇ ਇਸੇ ਘਟਨਾ ਦੇ ਸਬੰਧ ਵਿਚ 'ਹਿੰਸਾਤਮਕ ਪ੍ਰਤੀਰੋਧ' ਕਰਨ ਖ਼ਾਤਰ ਸਾਡੇ 'ਤੇ ਮੁਕੱਦਮਾ ਚਲਾਉਣ ਦੀ ਸਥਾਨਕ ਸਰਕਾਰ ਨੇ ਬਹੁਤ ਲੋੜ ਮਹਿਸੂਸ ਕੀਤੀ ਹੈ।

5. ਦਸੰਬਰ, 1929 ਦੇ ਆਖ਼ਰੀ ਹਫ਼ਤੇ, ਲਾਹੌਰ ਬੋਰਸਟਲ ਜੇਲ੍ਹ ਵਿਚ ਬੰਦ ਸ੍ਰੀ ਕਿਰਨ ਚੰਦਰ ਦਾਸ ਅਤੇ ਅੱਠ ਹੋਰਾਂ ਨੂੰ ਜਦ ਮੈਜਿਸਟਰੇਟ ਦੀ ਅਦਾਲਤ ਵਿਚ ਲਿਆਂਦਾ ਅਤੇ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਦੇ ਹੱਥਕੜੀਆਂ ਲਾਈਆਂ ਹੋਈਆਂ ਸਨ ਅਤੇ ਜ਼ੰਜੀਰਾਂ ਪਾਈਆਂ ਗਈਆਂ ਸਨ। ਇਹ ਪੰਜਾਬ ਜੇਲ੍ਹ ਪੜਤਾਲ ਕਮੇਟੀ ਅਤੇ ਪੰਜਾਬ ਦੀਆਂ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਦੀਆਂ ਇਕਰਾਏ ਸਿਫ਼ਾਰਸ਼ਾਂ ਦੀ ਘੋਰ ਉਲੰਘਣਾ ਸੀ। ਅੱਗੇ ਇਹ ਨੋਟ ਕਰਨ ਵਾਲੀ ਗੱਲ ਹੈ ਕਿ ਇਹ ਕੈਦੀ ਜ਼ਮਾਨਤਯੋਗ ਜੁਰਮ ਹੇਠ ਜ਼ੇਰ ਸਮਾਇਤ ਕੈਦੀ ਸਨ। ਇਸ ਸਬੰਧ ਵਿਚ ਡਾ. ਮੁਹੰਮਦ ਆਲਮ, ਲਾਲਾ ਦੂਨੀ ਚੰਦ ਲਾਹੌਰ ਵਾਲੇ ਅਤੇ ਲਾਲਾ ਦੂਨੀ ਚੰਦ ਅੰਬਾਲੇ ਵਾਲੇ ਦਾ ਲੰਮਾ ਬਿਆਨ 'ਟ੍ਰਿਬਿਊਨ' ਵਿਚ ਛਪਿਆ ਸੀ।

ਜਦ ਕਿ ਸਾਨੂੰ ਸਿਆਸੀ ਕੈਦੀਆਂ ਦੀਆਂ ਇਨ੍ਹਾਂ ਅਤੇ ਹੋਰ ਤਕਲੀਫ਼ਾਂ ਦਾ ਪਤਾ ਲੱਗਾ, ਅਸੀਂ ਭੁੱਖ ਹੜਤਾਲ ਫੇਰ ਸ਼ੁਰੂ ਕਰਨੋਂ ਗੁਰੇਜ਼ ਕੀਤਾ, ਭਾਵੇਂ ਇਸ ਗੱਲ ਦਾ ਸਾਨੂੰ ਬਹੁਤ ਦੁੱਖ ਸੀ। ਅਸੀਂ ਸੋਚਿਆ ਕਿ ਮਾਮਲਾ ਛੇਤੀ ਹੀ ਤੈਅ ਹੋ ਜਾਏਗਾ, ਪਰ ਉੱਪਰਲੀਆਂ ਮਿਸਾਲਾਂ ਦੀ



Sri Satguru Jagjit Singh Ji Elibrary NamdhariElibrary@gmail.com

ਰੋਸ਼ਨੀ ਵਿਚ ਹੁਣ ਕੀ ਅਸੀਂ ਇਹ ਮੰਨੀਏ ਕਿ ਭੁੱਖ ਹੜਤਾਲੀਆਂ ਦੀਆਂ ਅਕਹਿ ਤਕਲੀਫ਼ਾਂ ਅਤੇ ਜਤਿਨਦਾਸ ਦੀ ਮਹਾਨ ਕੁਰਬਾਨੀ ਅਜਾਈਂ ਗਈਆ ਹਨ ? ਕੀ ਅਸੀਂ ਇਹ ਸਮਝੀਏ ਕਿ ਜਨਤਕ ਮੋਰਚੇ ਦੇ ਵਧ ਰਹੇ ਉਭਾਰ ਨੂੰ ਥੰਮ੍ਹਣ ਅਤੇ ਸੰਕਟ ਨੂੰ ਟਾਲਣ ਲਈ ਸਰਕਾਰ ਨੇ ਆਪਣਾ ਵਿਸ਼ਵਾਸ ਦਿੱਤਾ ਸੀ ? ਸਾਨੂੰ ਆਸ ਹੈ ਕਿ ਤੁਸੀਂ ਸਾਡੇ ਨਾਲ ਸਹਿਮਤ ਹੋਵੋਗੇ, ਜਦ ਅਸੀਂ ਆਖੀਏ ਕਿ ਅਸੀਂ ਬਹੁਤ ਵਾਜਬ ਵਕਤ ਤਕ ਸਬਰ ਨਾਲ ਉਡੀਕ ਲਿਆ। ਪਰ ਅਸੀਂ ਅਣਮਿੱਥੇ ਸਮੇਂ ਤਕ ਉਡੀਕ ਨਹੀਂ ਕਰ ਸਕਦੇ। ਸਰਕਾਰ ਨੇ ਆਪਣੇ ਢਿੱਲੜ ਵਤੀਰੇ ਅਤੇ ਸਿਆਸੀ ਕੈਦੀਆਂ ਨਾਲ ਭੈੜਾ ਸਲੂਕ ਜਾਰੀ ਰੱਖਣ ਨਾਲ ਸਾਡੇ ਕੋਲ ਜੱਦੋਜਹਿਦ ਮੁੜ ਸ਼ੁਰੂ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਗਿਆ। ਸਾਨੂੰ ਪਤਾ ਹੈ ਕਿ ਭੁੱਖ ਹੜਤਾਲ ਸ਼ੁਰੂ ਕਰਨੀ ਅਤੇ ਇਹਨੂੰ ਜਾਰੀ ਰੱਖਣਾ ਕੋਈ ਸੌਖਾ ਕੰਮ ਨਹੀਂ ਹੈ। ਪਰ ਅਸੀਂ ਨਾਲ ਹੀ ਦੱਸ ਦਿੰਦੇ ਹਾਂ ਕਿ ਭਾਰਤ, ਹੋਰ ਬਹੁਤ ਸਾਰੇ ਜਤੀਨ ਅਤੇ ਵਜ਼ੀਏ, ਰਾਮ ਰੱਖੇ ਅਤੇ ਭਾਨ ਸਿੰਘ ਪੈਦਾ ਕਰ ਸਕਦਾ ਹੈ। (ਆਖ਼ਰੀ ਦੋਹਵਾਂ ਨੇ 1917 ਵਿਚ ਅੰਡੇਮਾਨ ਟਾਪੂਆਂ ਵਿਚ ਆਪਣੀਆਂ ਜਾਨਾਂ ਦੇ ਦਿੱਤੀਆਂ, ਪਹਿਲੇ ਨੇ 92 ਦਿਨਾਂ ਦੀ ਭੁੱਖ ਹੜਤਾਲ ਮਗਰੋਂ ਆਖ਼ਰੀ ਸਾਹ ਲਿਆ ਅਤੇ ਦੂਸਰਾ ਛੇ ਮਹੀਨਿਆਂ ਤਕ ਚੁੱਪਚਾਪ ਅਣਮਨੁੱਖੀ ਤਸੀਹੇ ਜਰ ਕੇ ਮਹਾਨ ਨਾਇਕ ਦੀ ਮੌਤ ਮਰਿਆ।)

ਸਿਆਸੀ ਕੈਦੀਆਂ ਦੇ ਚੰਗੇਰੇ ਸਲੂਕ ਦੇ ਹੱਕ ਵਿਚ ਜਨਤਾ ਦੇ ਬੰਦਿਆਂ ਨੇ ਅਤੇ ਅਸਾਂ ਬਹੁਤ ਕੁਝ ਕਿਹਾ ਹੈ ਅਤੇ ਇਥੇ ਇਹਨੂੰ ਦੁਹਰਾਉਣ ਦੀ ਲੋੜ ਹੈ। ਵਰਗੀਕਰਨ ਦੇ ਮਾਮਲੇ ਵਿਚ ਸਭ ਤੋਂ ਅਹਿਮ ਪੱਖ ਅਤੇ ਬੁਨਿਆਦੀ ਮੰਤਵ ਦੀ ਸ਼ਮੂਲੀਅਤ ਬਾਰੇ ਅਸੀਂ ਕੁਝ ਸ਼ਬਦ ਕਹਿਣੇ ਚਾਹਾਂਗੇ। ਵਰਗੀਕਰਨ ਦੀ ਕਸਵੱਟੀ ਦੇ ਸਵਾਲ ਬਾਰੇ ਬਹੁਤ ਹੰਗਾਮਾ ਹੋਇਆ ਹੈ। ਵੱਖ-ਵੱਖ ਸਰਕਾਰਾਂ ਦੀ ਤਜਵੀਜ਼ ਕੀਤੀ ਕਸਵੱਟੀ ਵਿਚੋਂ ਮੰਤਵ ਨੂੰ ਬਿਲਕੁਲ ਕੱਢ ਦਿੱਤਾ ਗਿਆ ਹੈ। ਇਹ ਸੱਚਮੁਚ ਅਜੀਬ ਵਤੀਰਾ ਹੈ। ਸਿਰਫ਼ ਮੰਤਵ ਨਾਲ ਹੀ ਕਿਸੇ ਵੀ ਐਕਸ਼ਨ ਦੀ ਸਹੀ ਕਦਰ ਦਾ ਫ਼ੈਸਲਾ ਕੀਤਾ ਜਾ ਸਕਦਾ ਹੈ। ਕੀ ਅਸੀਂ ਇਹ ਸਮਝੀਏ ਕਿ ਸਰਕਾਰ ਇਕ ਧਾੜਵੀ, ਜੋ ਆਪਣੇ ਸ਼ਿਕਾਰ ਨੂੰ ਲੁੱਟਦਾ ਅਤੇ ਜਾਨੋਂ ਮਾਰ ਦਿੰਦਾ ਹੈ ਅਤੇ ਇਕ ਖੜਗ ਬਹਾਦਰ, ਜੋ ਬਦਮਾਸ਼ ਨੂੰ ਜਾਨੋਂ ਮਾਰ ਕੇ ਮੁਟਿਆਰ ਦੀ ਇੱਜ਼ਤ ਬਚਾਉਂਦਾ ਹੈ ਅਤੇ ਸਮਾਜ ਨੂੰ ਸਭ ਤੋਂ ਵੱਧ ਦੁਰਾਚਾਰੀ ਚਾਪਲੂਸ ਤੋਂ ਛੁਟਕਾਰਾ ਦਿਵਾਉਂਦਾ ਹੈ, ਵਿਚਕਾਰ ਫ਼ਰਕ ਕਰਨੋਂ ਅਸਮਰਥ ਹੈ ? ਕੀ ਦੋਹਵਾਂ ਨੂੰ ਇਕੋ ਵਰਗ ਦੇ ਬੰਦੇ ਸਮਝਿਆ ਜਾਵੇ ? ਕੀ ਇਕੋ ਜੁਰਮ ਕਰਨ ਵਾਲੇ ਦੋ ਬੰਦਿਆਂ ਵਿਚਕਾਰ ਕੋਈ ਫ਼ਰਕ ਨਹੀਂ, ਜਿਸ ਵਿਚ ਇਕ ਖ਼ੁਦਗਰਜ਼ ਹੋਵੇ ਅਤੇ ਦੂਜਾ ਬੇਗਰਜ਼ ? ਇਸ ਤਰ੍ਹਾਂ ਇਕ ਆਮ ਕਾਤਲ ਅਤੇ ਇਕ ਸਿਆਸੀ ਕਾਰਕੁੰਨ ਵਿਚ ਕੋਈ ਫ਼ਰਕ ਨਹੀਂ, ਭਾਵੇਂ ਸਿਆਸੀ ਕਾਰਕੁੰਨ ਹਿੰਸਾ ਵੀ ਅਪਣਾ ਲਵੇ, ਕੀ ਉਹਦੀ ਇਹ ਬੇਗਰਜ਼ੀ ਉਹਨੂੰ ਬਾਕੀ ਮਾਮੂਲੀ ਮੁਜਰਿਮਾਂ ਨਾਲੋਂ ਬੁਲੰਦ ਨਹੀਂ ਕਰ ਦਿੰਦੀ ? ਇਨ੍ਹਾਂ ਹਾਲਾਤ ਵਿਚ ਸਾਡਾ ਵਿਚਾਰ ਹੈ ਕਿ ਵਰਗੀਕਰਨ ਦੀ ਕਸਵੱਟੀ ਵਿਚ ਮੰਤਵ ਨੂੰ ਸਭ ਤੋਂ ਅਹਿਮ ਪੱਖ ਵਜੋਂ ਲਿਆ ਜਾਣਾ ਚਾਹੀਦਾ ਹੈ।

ਪਿਛਲੇ ਸਾਲ ਸਾਡੀ ਭੁੱਖ ਹੜਤਾਲ ਸ਼ੁਰੂ ਹੋਣ 'ਤੇ ਇਹੀ ਗੱਲ ਵਿਚਾਰਨ ਵਾਸਤੇ ਜਦੋਂ ਜਨਤਕ ਆਗੂ ਸਣੇ ਡਾਕਟਰ ਗੋਪੀ ਚੰਦ ਅਤੇ ਲਾਲਾ ਦੁਨੀ ਚੰਦ ਅੰਬਾਲੇ ਵਾਲੇ, ਜਿਨ੍ਹਾਂ ਪੰਜਾਬ ਜੇਲ੍ਹ ਪੜਤਾਲ ਕਮੇਟੀ ਦੀ ਰਿਪੋਰਟ 'ਤੇ ਦਸਤਖ਼ਤ ਕੀਤੇ ਹਨ, ਸਾਡੇ ਕੋਲ ਆਏ। ਜਦੋਂ ਉਨ੍ਹਾਂ ਸਾਨੂੰ ਦੱਸਿਆ ਕਿ ਤਸ਼ੱਦਦ ਆਮੇਜ਼ ਜੁਰਮਾਂ ਵਿਚ ਸਜ਼ਾ ਹੋਏ ਸਿਆਸੀ ਕੈਦੀਆਂ ਨੂੰ ਸਰਕਾਰ ਸਪੈਸ਼ਲ ਕਲਾਸ ਕੈਦੀ ਮੰਨਣ ਲਈ ਵਿਚਾਰ ਕਰ ਰਹੀ ਹੈ ਤਾਂ ਅਸਲ ਵਿਚ ਕਤਲ ਦੇ ਜੁਰਮ ਵਾਲਿਆਂ ਨੂੰ ਬਾਹਰ ਰੱਖਣ ਦੀ ਹੱਦ ਤਕ ਦੀ ਤਜਵੀਜ਼ ਨੂੰ ਅਸਾਂ ਸੁਲਾਹ ਦੇ ਤੌਰ 'ਤੇ ਮੰਨ ਲਿਆ। ਪਰ ਬਾਅਦ ਵਿਚ ਬਹਿਸ ਨੇ ਹੋਰ ਹੀ ਰੁਖ਼ ਅਪਣਾ ਲਿਆ ਅਤੇ ਪੰਜਾਬ ਜੇਲ੍ਹ ਪੜਤਾਲ



Sri Satguru Jagjit Singh Ji Elibrary NamdhariElibrary@gmail.com

ਕਮੇਟੀ ਲਈ ਹਵਾਲੇ ਦੀਆਂ ਸ਼ਰਤਾਂ ਵਾਲਾ ਕਮਨਿਕ (ਸਾਂਝਾ ਬਿਆਨ) ਇਸ ਤਰ੍ਹਾਂ ਲਿਖਿਆ ਗਿਆ ਸੀ ਕਿ ਜਾਪਦਾ ਸੀ ਕਿ ਮੰਤਵ ਦਾ ਸਵਾਲ ਬਿਲਕੁਲ ਕੱਢ ਦਿੱਤਾ ਗਿਆ ਹੈ ਅਤੇ ਸਮੁੱਚਾ ਵਰਗੀਕਰਨ ਦੋ ਚੀਜ਼ਾਂ 'ਤੇ ਅਧਾਰਤ ਸੀ :

1. ਜੁਰਮ ਦੀ ਕਿਸਮ ਅਤੇ

2. 'ਮੁਜਰਿਮ' ਦਾ ਸਮਾਜੀ ਰੁਤਬਾ।

ਇਸ ਕਸਵੱਟੀ ਨੇ ਮਸਲਾ ਸੁਲਝਾਉਣ ਦੀ ਥਾਂ ਹੋਰ ਗੁੰਝਲਦਾਰ ਬਣਾ ਦਿੱਤਾ।

ਅਹਿੰਸਾਤਮਕ ਜੁਰਮਾਂ ਵਾਲੇ ਅਤੇ ਹਿੰਸਾਤਮਕ ਜੁਰਮਾਂ ਵਾਲੇ ਸਿਆਸੀ ਕੈਦੀਆਂ ਦੇ ਦੋ ਵਰਗਾਂ ਦੀ ਗੱਲ ਅਸੀਂ ਸਮਝ ਸਕਦੇ ਸੀ। ਪਰ ਫੇਰ ਪੰਜਾਬ ਜੇਲ੍ਹ ਪੜਤਾਲ ਕਮੇਟੀ ਦੀ ਰਿਪੋਰਟ ਵਿਚ ਸਮਾਜੀ ਰੁਤਬੇ ਦਾ ਸਵਾਲ ਆ ਵੜਦਾ ਹੈ। ਜਿਵੇਂ ਚੌਧਰੀ ਅਫ਼ਜ਼ਲ ਹੱਕ ਨੇ ਰਿਪੋਰਟ ਦੀ ਅਸਹਿਮਤੀ ਦੀ ਟਿੱਪਣੀ ਵਿਚ ਠੀਕ ਹੀ ਕਿਹਾ ਹੈ ਕਿ ਆਜ਼ਾਦੀ ਦੇ ਕਾਜ਼ ਹਿਤ ਸੇਵਾਵਾਂ ਕਾਰਨ ਕੰਗਾਲ ਹੋ ਗਏ ਸਿਆਸੀ ਕਾਰਕੁਨਾਂ ਦਾ ਕੀ ਬਣੇਗਾ? ਕੀ ਉਨ੍ਹਾਂ ਨੂੰ ਕਿਸੇ ਮੈਜਿਸਟਰੇਟ ਦੇ ਰਹਿਮ 'ਤੇ ਛੱਡ ਦਿੱਤਾ ਜਾਏ, ਜੋ ਸਦਾ ਹੀ ਹਰ ਇਕ ਨੂੰ ਮਾਮੂਲੀ ਮੁਲਜ਼ਮ ਆਖ ਕੇ ਆਪਣੀ ਵਫ਼ਾਦਾਰੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਰਹੇਗਾ? ਜਾਂ ਇਹ ਆਸ ਕੀਤੀ ਜਾਏ ਕਿ ਇਹ ਅਸਹਿਯੋਗੀ ਜੇਲ੍ਹ ਵਿਚ ਚੰਗੇਰੇ ਵਤੀਰੇ ਦੀ ਮਿੰਨਤ ਕਰਦਿਆਂ ਉਨ੍ਹਾਂ ਲੋਕਾਂ ਅੱਗੇ ਹੱਥ ਅੱਡੇਗਾ, ਜਿਨ੍ਹਾਂ ਵਿਰੁੱਧ ਉਹ ਜੂਝ ਰਿਹਾ ਹੈ? ਕੀ ਇਹ ਬੇਚੈਨੀ ਦੀ ਵਜ੍ਹਾ ਨੂੰ ਦੂਰ ਕਰਨ ਦਾ ਢੰਗ ਹੈ ਜਾਂ ਵਧਾਉਣ ਦਾ? ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਜੇਲ੍ਹਾਂ ਤੋਂ ਬਾਹਰ ਗੁਰਬਤ ਵਿਚ ਰਹਿੰਦੇ ਲੋਕਾਂ ਨੂੰ ਜੇਲ੍ਹ ਵਿਚ ਐਸ਼ ਆਰਾਮ ਦੀ ਆਸ ਨਹੀਂ ਰੱਖਣੀ ਚਾਹੀਦੀ ਜਿਥੇ ਕਿ ਉਨ੍ਹਾਂ ਨੂੰ ਸਜ਼ਾ ਦੇ ਮਕਸਦ ਵਾਸਤੇ ਬੰਦ ਕੀਤਾ ਗਿਆ ਹੈ। ਉਹ ਕਿਹੜੇ ਸੁਧਾਰ ਹਨ, ਜਿਨ੍ਹਾਂ ਦੀ ਐਸ਼ ਵਾਸਤੇ ਲੋੜ ਹੁੰਦੀ ਹੈ? ਕੀ ਉਹ ਮਾਮੂਲੀ ਮਿਆਰ, ਮੂਜਬ ਜ਼ਿੰਦਗੀ ਦੀਆਂ ਲੋੜਾਂ ਮਾਤਰ ਨਹੀਂ ਹਨ? ਮੰਗੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਦੇ ਬਾਵਜੂਦ ਜੇਲ੍ਹ ਸਦਾ ਜੇਲ੍ਹ ਹੀ ਰਹੇਗੀ। ਬਾਹਰਲੇ ਲੋਕਾਂ ਨੂੰ ਖਿੱਚਣ ਲਈ ਜੇਲ੍ਹ ਵਿਚ ਕੋਈ ਚੁੰਬਕੀ ਤਾਕਤ ਨਹੀਂ ਹੁੰਦੀ ਅਤੇ ਨਾ ਹੀ ਕਦੇ ਹੋ ਸਕਦੀ ਹੈ। ਸਿਰਫ਼ ਜੇਲ੍ਹ ਆਉਣ ਵਾਸਤੇ ਕੋਈ ਵੀ ਜੁਰਮ ਨਹੀਂ ਕਰੇਗਾ। ਹੋਰ ਅਸੀਂ ਇਹ ਕਹਿਣ ਦਾ ਹੌਂਸਲਾ ਕਰਦੇ ਹਾਂ ਕਿ ਕਿਸੇ ਵੀ ਸਰਕਾਰ ਦੀ ਇਹ ਬਹੁਤ ਫ਼ਜ਼ੂਲ ਦਲੀਲ ਹੋਵੇਗੀ ਕਿ ਇਸਦੇ ਸ਼ਹਿਰੀਆਂ ਨੂੰ ਏਨੀ ਹੱਦ ਦਰਜੇ ਦੀ ਮੁਥਾਜੀ ਹੋ ਗਈ ਹੈ ਕਿ ਉਨ੍ਹਾਂ ਦੇ ਰਹਿਣ ਦਾ ਮਿਆਰ ਜੇਲ੍ਹ ਦੇ ਮਿਆਰ ਨਾਲੋਂ ਡਿਗ ਗਿਆ ਹੈ, ਕੀ ਇਹੋ ਜਿਹੀ ਦਲੀਲ ਨਾਲ ਸਰਕਾਰ ਦੀ ਹੋਂਦ ਦਾ ਕੋਈ ਹੱਲ ਬਾਕੀ ਰਹਿ ਜਾਂਦਾ ਹੈ। ਖ਼ੈਰ, ਐਸ ਵੇਲੇ ਸਾਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਹੈ। ਅਸੀਂ ਜੋ ਕਹਿਣਾ ਚਾਹੁੰਦੇ ਹਾਂ ਉਹ ਇਹ ਹੈ ਕਿ ਬੇਚੈਨੀ ਨੂੰ ਦੂਰ ਕਰਨ ਦਾ ਸਭ ਤੋਂ ਵਧੀਆ ਢੰਗ ਇਹ ਹੈ ਕਿ ਸਿਆਸੀ ਕੈਦੀਆਂ ਨੂੰ ਵੱਖਰੇ ਵਰਗ ਵਿਚ ਰੱਖ ਦਿੱਤਾ ਜਾਵੇ। ਜੇ ਲੋੜ ਹੋਵੇ ਤਾਂ ਇਹਨੂੰ ਅਗਾਂਹ ਦੋ ਵਰਗਾਂ : ਇਕ ਉਨ੍ਹਾਂ ਦਾ, ਜਿਹੜੇ ਅਹਿੰਸਾਤਮਕ ਜੁਰਮਾਂ ਵਿਚ ਸਜ਼ਾਯਾਫਤਾ ਹਨ, ਦੂਜਾ ਉਨ੍ਹਾਂ ਬੰਦਿਆਂ ਦਾ, ਜਿਨ੍ਹਾਂ ਦੇ ਜੁਰਮਾਂ ਵਿਚ ਹਿੰਸਾ ਸ਼ਾਮਲ ਹੈ, ਵਿਚ ਵੰਡਿਆ ਜਾ ਸਕਦਾ ਹੈ। ਇਸ ਸੂਰਤ ਵਿਚ ਮੰਤਵ ਕਿ ਫ਼ੈਸਲਾਕੁੰਨ ਪਹਿਲੂ ਬਣ ਜਾਵੇਗਾ। ਇਹ ਕਹਿਣਾ ਕਿ ਸਿਆਸੀ ਮਾਮਲਿਆਂ ਵਿਚ ਮੰਤਵ ਦਾ ਫ਼ੈਸਲਾ ਨਹੀਂ ਕੀਤਾ ਜਾ ਸਕਦਾ, ਇਕ ਦੰਭੀ ਦਾਅਵਾ ਹੈ। ਉਹ ਕਿਹੜੀ ਚੀਜ਼ ਹੈ, ਜੋ ਅੱਜ ਜੇਲ੍ਹ ਵਿਚਲੇ 'ਸਿਆਸੀਆਂ' ਨੂੰ ਮਾਮੂਲੀ ਸਹੂਲਤਾਂ ਤੋਂ ਮਹਿਰੂਮ ਕਰਨ ਲਈ ਜੇਲ੍ਹ ਅਧਿਕਾਰੀਆਂ ਨੂੰ ਕਹਿੰਦੀ ਹੈ? ਉਹ ਕਿਹੜੀ ਚੀਜ਼ ਹੈ ਜਿਹੜੀ ਉਨ੍ਹਾਂ ਦੀਆਂ ਨੰਬਰਦਾਰੀਆਂ ਖੋਹੰਦੀ ਹੈ? ਕਿਹੜੀ ਚੀਜ਼ ਹੈ ਜੋ ਅਧਿਕਾਰੀਆਂ ਨੂੰ ਇਹ ਕਹਿੰਦੀ ਹੈ ਕਿ ਉਨ੍ਹਾਂ ਨੂੰ ਬਾਕੀ ਕੈਦੀਆਂ ਨਾਲੋਂ ਦੂਰ ਤੇ ਵੱਖ ਰੱਖਿਆ ਜਾਏ? ਇਹੀ ਚੀਜ਼ ਵਰਗੀਕਰਨ ਵਿਚ ਵੀ ਮਦਦ ਕਰ ਸਕਦੀ ਹੈ।



Sri Satguru Jagjit Singh Ji Elibrary NamdhariElibrary@gmail.com

ਜਿਥੋਂ ਤਕ ਉਚੇਚੀਆਂ ਮੰਗਾਂ ਦਾ ਸਬੰਧ ਹੈ, ਅਸੀਂ ਪਹਿਲਾਂ ਹੀ ਪੰਜਾਬ ਜੇਲ੍ਹ ਪੜਤਾਲ ਕਮੇਟੀ ਨੂੰ ਆਪਣੇ ਯਾਦ ਪੱਤਰ ਵਿਚ ਪੂਰੀ ਤਰ੍ਹਾਂ ਆਖ ਚੁੱਕੇ ਹਾਂ। ਤਾਂ ਵੀ ਅਸੀਂ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਕਿਸੇ ਵੀ ਸਿਆਸੀ ਕੈਦੀ ਨੂੰ ਉਹਦਾ ਜੁਰਮ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਸਖ਼ਤ ਅਤੇ ਸ਼ਾਨ ਵਿਰੋਧੀ ਮੁਸ਼ੱਕਤ ਨਹੀਂ ਮਿਲਣੀ ਚਾਹੀਦੀ। ਇਕ ਜੇਲ੍ਹ ਵਿਚ ਬੰਦ ਸਾਰਿਆਂ ਨੂੰ ਇਕੋ ਵਾਰਡ (ਅਹਾਤੇ) ਵਿਚ ਇਕੱਠਿਆਂ ਰੱਖਿਆ ਜਾਣਾ ਚਾਹੀਦਾ ਹੈ। ਸਥਾਨਕ ਬੋਲੀ ਦਾ ਜਾਂ ਅੰਗਰੇਜ਼ੀ ਦਾ ਘੱਟੋ-ਘੱਟ ਇਕ ਅਖ਼ਬਾਰ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਅਧਿਐਨ ਵਾਸਤੇ ਪੂਰੀਆਂ ਅਤੇ ਜ਼ਰੂਰੀ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਅੰਤ ਵਿਚ ਉਨ੍ਹਾਂ ਨੂੰ ਨਿੱਜੀ ਵਸੀਲਿਆਂ ਤੋਂ ਖ਼ੁਰਾਕ ਅਤੇ ਪਹਿਰਾਵੇ ਲਈ ਖ਼ਰਚ ਵਧਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਅਸੀਂ ਹਾਲੇ ਵੀ ਆਸ ਰੱਖਦੇ ਹਾਂ ਕਿ ਸਰਕਾਰ ਸਾਡੇ ਨਾਲ ਅਤੇ ਜਨਤਾ ਨਾਲ ਕੀਤੇ ਇਕਰਾਰ ਨੂੰ ਬਿਨਾਂ ਕਿਸੇ ਢਿੱਲ ਤੋਂ ਅਮਲ ਵਿਚ ਲਿਆਏਗੀ ਤਾਂ ਜੋ ਭੁੱਖ ਹੜਤਾਲ ਮੁੜ ਸ਼ੁਰੂ ਕਰਨ ਦਾ ਫੇਰ ਮੌਕਾ ਨਾ ਆਏ। ਅਗਲੇ ਸੱਤ ਦਿਨਾਂ ਦੇ ਅਰਸੇ ਵਿਚ ਜੇ ਸਰਕਾਰ ਨੇ ਆਪਣਾ ਇਕਰਾਰ ਪੂਰਾ ਨਾ ਕੀਤਾ ਤਾਂ ਅਸੀਂ ਭੁੱਖ ਹੜਤਾਲ ਮੁੜ ਸ਼ੁਰੂ ਕਰਨ ਲਈ ਮਜਬੂਰ ਹੋਵਾਂਗੇ।

ਤੁਹਾਡੇ ਵਗੈਰਾ

ਹਿੰਦੁਸਤਾਨ ਟਾਈਮਜ਼ — ਭਗਤ ਸਿੰਘ, ਦੱਤ

31 ਜਨਵਰੀ, 1930 — ਅਤੇ ਦੂਸਰੇ

ਜ਼ੇਰ ਸਮਾਇਤ ਕੈਦੀ, ਲਾਹੌਰ ਸਾਜ਼ਿਸ਼ ਕੇਸ

* * *

## 75. ਸਪੈਸ਼ਲ ਮੈਜਿਸਟਰੇਟ, ਲਾਹੌਰ ਨੂੰ ਰਾਹੀਂ ਸੁਪਰਡੈਂਟ ਸੈਂਟਰਲ ਜੇਲ੍ਹ, ਲਾਹੌਰ

*—11 ਫਰਵਰੀ, 1930*

ਮਿਸਟਰ ਮੈਜਿਸਟਰੇਟ

ਤੁਹਾਡੇ 4 ਫਰਵਰੀ 1930 ਦੇ ਇਸ ਬਿਆਨ ਬਾਰੇ, ਜੋ 'ਸਿਵਲ ਐਂਡ ਮਿਲਟਰੀ ਗਜ਼ਟ' ਵਿਚ ਪ੍ਰਕਾਸ਼ਤ ਹੋਇਆ ਹੈ, ਇਹ ਜ਼ਰੂਰੀ ਮਲੂਮ ਹੁੰਦਾ ਹੈ ਕਿ ਅਸੀਂ ਅਦਾਲਤ ਵਿਚ ਨਾ ਆਉਣ ਦੇ ਕਾਰਨਾਂ ਤੋਂ ਤੁਹਾਨੂੰ ਜਾਣੂ ਕਰਾਈਏ ਤਾਂ ਕਿ ਕੋਈ ਗ਼ਲਤ ਫ਼ਹਿਮੀ ਅਤੇ ਗ਼ਲਤ ਪੇਸ਼ਕਾਰੀ ਸੰਭਵ ਨਾ ਹੋਵੇ।

ਪਹਿਲਾਂ ਅਸੀਂ ਇਹ ਕਹਿਣਾ ਚਾਹਾਂਗੇ ਕਿ ਅਸੀਂ ਹਾਲੇ ਤਕ ਬਰਤਾਨਵੀ ਅਦਾਲਤਾਂ ਦਾ ਬਾਈਕਾਟ ਨਹੀਂ ਕੀਤਾ। ਅਸੀਂ ਮਿ. ਲੂਇਸ ਦੀ ਅਦਾਲਤ ਵਿਚ ਜਾ ਰਹੇ ਹਾਂ, ਜੋ ਸਾਡੇ ਵਿਰੁੱਧ ਜੇਲ੍ਹ ਐਕਟ ਦਫ਼ਾ 22 ਅਧੀਨ ਮੁਕੱਦਮੇ ਦੀ ਸੁਣਵਾਈ ਕਰ ਰਹੇ ਹਨ, ਜੋ ਘਟਨਾ ਤੁਹਾਡੀ ਅਦਾਲਤ ਵਿਚ 29 ਜਨਵਰੀ ਨੂੰ ਵਾਪਰੀ ਸੀ। ਲਾਹੌਰ ਸਾਜ਼ਿਸ਼ ਕੇਸ ਦੇ ਸਬੰਧ ਵਿਚ ਇਹ ਕਦਮ ਚੁੱਕਣ ਲਈ ਸਾਨੂੰ ਖਾਸ ਹਾਲਾਤ ਨੇ ਮਜਬੂਰ ਕੀਤਾ ਹੈ। ਅਸੀਂ ਸ਼ੁਰੂ ਤੋਂ ਹੀ ਮਹਿਸੂਸ ਕਰਦੇ ਆ ਰਹੇ ਹਾਂ ਕਿ ਅਦਾਲਤ ਦੇ ਗ਼ਲਤ ਰਵੱਈਏ ਰਾਹੀਂ ਅਤੇ ਜੇਲ੍ਹ ਜਾਂ ਹੋਰ ਅਧਿਕਾਰੀ ਆਪਣੇ ਹੱਕਾਂ ਤੋਂ ਲਾਂਭੇ ਜਾ ਕੇ ਸਾਨੂੰ ਲਗਾਤਾਰ ਜਾਣਬੁਝ ਕੇ ਪ੍ਰੇਸ਼ਾਨ ਕਰ ਰਹੇ ਹਨ ਤਾਂ ਕਿ ਸਾਡੀ ਪੈਰਵੀ ਵਿਚ ਰੋੜਾ ਅਟਕਾਇਆ ਜਾਵੇ। ਕੁਝ ਦਿਨ ਪਹਿਲਾਂ ਜ਼ਮਾਨਤ ਦੀ ਦਰਖਾਸਤ ਵਿਚ ਅਸੀਂ ਤੁਹਾਡੇ ਸਾਹਮਣੇ ਆਪਣੀਆਂ ਤਕਲੀਫ਼ਾਂ ਨੂੰ ਰੱਖ ਚੁੱਕੇ ਹਾਂ, ਪਰ ਉਸ ਦਰਖਾਸ਼ਤ



Sri Satguru Jagjit Singh Ji Elibrary NamdhariElibrary@gmail.com

ਨੂੰ ਕੁਝ ਕਾਨੂੰਨੀ ਆਧਾਰਾਂ 'ਤੇ ਨਾਮਨਜ਼ੂਰ ਕਰਦਿਆਂ ਤੁਸੀਂ ਮੁਲਜ਼ਮਾਂ ਦੀਆਂ ਤਕਲੀਫ਼ਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ, ਜਿਸ ਆਧਾਰ 'ਤੇ ਜ਼ਮਾਨਤ ਦੀ ਦਰਖਾਸਤ ਕੀਤੀ ਗਈ ਸੀ।

ਅਸੀਂ ਮਹਿਸੂਸ ਕਰਦੇ ਹਾਂ ਕਿ ਮੈਜਿਸਟਰੇਟ ਦਾ ਪਹਿਲਾ ਅਤੇ ਮੁੱਖ ਫਰਜ਼ ਇਹ ਹੁੰਦਾ ਹੈ ਕਿ ਉਹਦਾ ਵਤੀਰਾ ਨਿਰਪੱਖ ਅਤੇ ਇਸਤਗਾਸੇ ਤੇ ਮੁਲਜ਼ਮਾਂ ਵੱਲ ਇਨਸਾਫ ਭਰਪੂਰ ਹੋਣਾ ਚਾਹੀਦਾ ਹੈ। ਇਥੋਂ ਤਕ ਕਿ ਉਸ ਦਿਨ ਮਾਨਯੋਗ ਜਸਟਿਸ ਫੋਰਡ ਨੇ ਇਹ ਰੂਲਿੰਗ ਦਿੱਤੀ ਸੀ ਕਿ ਮੈਜਿਸਟਰੇਟ ਨੂੰ ਦੂਜੀ ਸਭ ਤੋਂ ਅਹਿਮ ਇਹ ਗੱਲ ਸਾਹਮਣੇ ਰੱਖਣੀ ਚਾਹੀਦੀ ਹੈ ਕਿ ਮੁਲਜ਼ਮ ਨੂੰ ਆਪਣੀ ਪੈਰਵੀ ਦੇ ਸਬੰਧ ਵਿਚ ਕੋਈ ਮੁਸ਼ਕਲ ਦਰਪੇਸ਼ ਤਾਂ ਨਹੀਂ ਅਤੇ ਜੇ ਹੋਵੇ ਤਾਂ ਦੂਰ ਕਰਨੀ ਚਾਹੀਦੀ ਹੈ। ਨਹੀਂ ਤਾਂ ਸਾਰਾ ਮੁਕੱਦਮਾ ਮਖੌਲ ਬਣ ਕੇ ਰਹਿ ਜਾਂਦਾ ਹੈ ਪਰ ਇਹੋ ਜਿਹੇ ਅਹਿਮ ਕੇਸ ਵਿਚ ਮੈਜਿਸਟਰੇਟ ਦਾ ਸਲੂਕ ਇਹਦੇ ਉਲਟ ਰਿਹਾ ਹੈ, ਜਿਸ ਵਿਚ ਕਿ 18 ਨੌਜਵਾਨਾਂ 'ਤੇ ਗੰਭੀਰ ਜੁਰਮਾਂ ਜਿਵੇਂ ਕਿ ਕਤਲ, ਡਕੈਤੀ ਅਤੇ ਸਾਜ਼ਿਸ਼ ਅਧੀਨ ਮੁਕੱਦਮਾ ਚਲਾਇਆ ਜਾ ਰਿਹਾ ਹੈ, ਜਿਨ੍ਹਾਂ ਕਰਕੇ ਸੰਭਵ ਹੈ ਕਿ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।

ਜਿਨ੍ਹਾਂ ਮੁਖ ਆਧਾਰਾਂ 'ਤੇ ਅਸੀਂ ਤੁਹਾਡੀ ਅਦਾਲਤ ਵਿਚ ਨਾ ਆਉਣ ਲਈ ਮਜਬੂਰ ਹੋਏ, ਉਹ ਇਸ ਤਰ੍ਹਾਂ ਸਨ :

ਮੁਲਜ਼ਮਾਂ ਵਿਚੋਂ ਬਾਹਲੇ ਦੂਰ ਦੁਰਾਡੇ ਸੂਬਿਆਂ ਦੇ ਰਹਿਣ ਵਾਲੇ ਹਨ ਅਤੇ ਸਭ ਦਰਮਿਆਨੀ ਜਮਾਤ ਦੇ ਲੋਕ ਹਨ। ਇਨ੍ਹਾਂ ਹਾਲਾਤ ਵਿਚ ਉਨ੍ਹਾਂ ਦੀ ਪੈਰਵੀ ਲਈ ਵਾਰ-ਵਾਰ ਆਉਣਾ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਬਹੁਤ ਔਖਾ ਹੀ ਨਹੀਂ ਸਗੋਂ ਬਿਲਕੁਲ ਅਸੰਭਵ ਹੈ। ਉਹ ਆਪਣੇ ਕੁਝ ਦੋਸਤਾਂ ਨਾਲ ਮੁਲਾਕਾਤ ਕਰਨਾ ਚਾਹੁੰਦੇ ਸਨ, ਜਿਨ੍ਹਾਂ ਨੂੰ ਉਹ ਆਪਣੀ ਪੈਰਵੀ ਦੀਆਂ ਸਭ ਜ਼ਿੰਮੇਵਾਰੀਆਂ ਸੌਂਪ ਸਕਦੇ ਸਨ। ਸਾਧਾਰਨ ਬੁੱਧੀ ਦਾ ਵੀ ਇਹ ਤਕਾਜ਼ਾ ਹੈ ਕਿ ਉਨ੍ਹਾਂ ਨੂੰ ਮੁਲਾਕਾਤ ਕਰਨ ਦਾ ਹੱਕ ਹਾਸਲ ਹੈ। ਇਸ ਮਕਸਦ ਲਈ ਵਾਰ-ਵਾਰ ਬੇਨਤੀ ਕੀਤੀ ਗਈ ਪਰ ਸਭ ਬੇਨਤੀਆਂ ਅਣਸੁਣੀਆਂ ਹੀ ਰਹੀਆਂ।

ਸ੍ਰੀ ਬੀ.ਕੇ. ਦੱਤ ਬੰਗਾਲ ਦੇ ਰਹਿਣ ਵਾਲੇ ਹਨ ਅਤੇ ਸ੍ਰੀ ਕੰਵਲ ਨਾਥ ਤਿਹਾੜੀ ਬਿਹਾਰ ਦੇ। ਦੋਵੇਂ ਆਪਣੀਆਂ ਦੋਸਤਾਂ ਵਾਗੀ ਸਿਰ ਸ੍ਰੀਮਤੀ ਕੁਮਾਰੀ ਲਜਿਆਵਤੀ ਅਤੇ ਸ੍ਰੀਮਤੀ ਪਾਰਵਤੀ ਨਾਲ ਮੁਲਾਕਾਤ ਕਰਨੀ ਚਾਹੁੰਦੇ ਸਨ। ਪਰ ਅਦਾਲਤ ਨੇ ਉਨ੍ਹਾਂ ਦੀ ਦਰਖਾਸਤ ਜੇਲ੍ਹ ਅਧਿਕਾਰੀਆਂ ਨੂੰ ਭੇਜ ਦਿੱਤੀ ਅਤੇ ਉਨ੍ਹਾਂ ਇਹ ਆਖ ਕੇ ਦਰਖਾਸਤ ਰੱਦ ਕਰ ਦਿੱਤੀ ਕਿ ਮੁਲਾਕਾਤ ਸਿਰਫ਼ ਰਿਸ਼ਤੇਦਾਰਾਂ ਅਤੇ ਵਕੀਲਾਂ ਨਾਲ ਹੀ ਹੋ ਸਕਦੀ ਹੈ। ਵਾਰ-ਵਾਰ ਇਹ ਮਾਮਲਾ ਤੁਹਾਡੇ ਧਿਆਨ ਵਿਚ ਲਿਆਂਦਾ ਗਿਆ, ਪਰ ਅਜਿਹਾ ਕੋਈ ਕਦਮ ਨਹੀਂ ਚੁੱਕਿਆ ਗਿਆ, ਜਿਸ ਨਾਲ ਮੁਲਜ਼ਮ ਪੈਰਵੀ ਵਾਸਤੇ ਜ਼ਰੂਰੀ ਪ੍ਰਬੰਧ ਕਰ ਸਕਦੇ। ਬਾਅਦ ਵਿਚ ਉਨ੍ਹਾਂ ਨੂੰ ਇਨ੍ਹਾਂ ਦਾ ਮੁਖ਼ਤਿਆਰਨਾਮਾ ਹਾਸਲ ਕਰ ਲੈਣ 'ਤੇ ਵੀ ਮੁਲਾਕਾਤ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਅਤੇ ਇਥੋਂ ਤਕ ਮੈਜਿਸਟਰੇਟ ਨੇ ਜੇਲ੍ਹ ਅਧਿਕਾਰੀਆਂ ਨੂੰ ਇਹ ਲਿਖਣੋਂ ਵੀ ਨਾਂਹ ਕਰ ਦਿੱਤੀ ਕਿ ਮੁਲਜ਼ਮ ਉਹਦੇ ਵਲੋਂ ਚਲਾਏ ਜਾ ਰਹੇ ਮੁਕੱਦਮੇ ਦੀ ਪੈਰਵੀ ਦੇ ਸਬੰਧ ਵਿਚ ਇਨ੍ਹਾਂ ਮੁਲਾਕਾਤਾਂ ਦੀ ਮੰਗ ਕਰ ਰਹੇ ਸਨ ਅਤੇ ਇਸ ਤਰ੍ਹਾਂ ਮੁਲਜ਼ਮ ਉੱਪਰਲੀ ਅਦਾਲਤ ਵਿਚ ਜਾਣ ਜੋਗੇ ਨਾ ਰਹੇ। ਪਰ ਮੁਕੱਦਮੇ ਦੀ ਸੁਣਵਾਈ ਜਾਰੀ ਰਹੀ। ਇਨ੍ਹਾਂ ਹਾਲਾਤਾਂ ਵਿਚ ਮੁਲਜ਼ਮ ਬਿਲਕੁਲ ਬੇਵੱਸ ਸਨ ਅਤੇ ਉਨ੍ਹਾਂ ਲਈ ਮੁਕੱਦਮਾ ਮਜ਼ਾਕ ਤੋਂ ਵੱਧ ਕੁਝ ਨਹੀਂ ਸੀ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਦੂਸਰੇ ਮੁਲਜ਼ਮਾਂ ਵਿਚੋਂ ਬਹੁਤ ਸਾਰਿਆਂ ਵਲੋਂ ਕੋਈ ਵਕੀਲ ਪੇਸ਼ ਨਹੀਂ ਸੀ ਹੋ ਰਿਹਾ।



Sri Satguru Jagjit Singh Ji Elibrary NamdhariElibrary@gmail.com

ਮੇਰਾ ਕੋਈ ਵਕੀਲ ਨਹੀਂ ਅਤੇ ਮੈਂ ਕਦੇ ਸਾਰੇ ਵਕਤ ਲਈ ਵਕੀਲ ਨਹੀਂ ਰੱਖ ਸਕਦਾ। ਮੈਂ ਕੁਝ ਨੁਕਤਿਆਂ ਬਾਰੇ ਕਾਨੂੰਨੀ ਮਸ਼ਵਰਾ ਚਾਹੁੰਦਾ ਹਾਂ ਅਤੇ ਇਕ ਖ਼ਾਸ ਪੜਾਅ 'ਤੇ ਹੀ ਮੈਂ ਇਹ ਚਾਹੁੰਦਾ ਸੀ ਕਿ ਉਹ ਕਾਰਵਾਈਆਂ ਨੂੰ ਆਪ ਦੇਖੇ ਤਾਂ ਕਿ ਉਹ ਆਪਣੀ ਰਾਏ ਬਣਾਉਣ ਬਾਰੇ ਚੰਗੇਰੀ ਹਾਲਤ ਵਿਚ ਹੋਵੇ। ਪਰ ਉਹਨੂੰ ਕਚਹਿਰੀ ਵਿਚ ਬੈਠਣ ਦੀ ਥਾਂ ਤੱਕ ਨਹੀਂ ਦਿੱਤੀ ਗਈ। ਸਾਡੀ ਪੈਰਵੀ ਨੂੰ ਰੋਕਣ, ਸਾਨੂੰ ਪ੍ਰੇਸ਼ਾਨ ਕਰਨ ਲਈ ਸਬੰਧਤ ਅਧਿਕਾਰੀਆਂ ਦੀ ਕੀ ਇਹ ਜਾਣੀ ਬੁਝੀ ਚਾਲ ਨਹੀਂ ਸੀ? ਵਕੀਲ ਆਪਣੇ ਸਾਇਲਾਂ ਦੇ ਹਿਤਾਂ ਨੂੰ ਦੇਖਣ ਲਈ ਅਦਾਲਤ ਵਿਚ ਆਉਂਦਾ ਹੈ ਜੋ ਨਾ ਤਾਂ ਹਾਜ਼ਰ ਹੁੰਦੇ ਹਨ ਅਤੇ ਨਾ ਹੀ ਉਨ੍ਹਾਂ ਦੀ ਤਰਜਮਾਨੀ ਹੁੰਦੀ ਹੈ। "ਇਸ ਮੁਕੱਦਮਾ ਦੇ ਖਾਸ ਹਾਲਾਤ" ਕਿਹੜੇ ਹਨ, ਜਿਨ੍ਹਾਂ ਕਰਕੇ ਵਕੀਲ ਵੱਲ ਅਜਿਹਾ ਸਖ਼ਤ ਰਵੱਈਆ ਅਪਣਾਉਣ ਲਈ ਮੈਜਿਸਟਰੇਟ ਨੂੰ ਮਜਬੂਰ ਕੀਤਾ? ਇਸ ਤਰ੍ਹਾਂ ਹਰ ਉਸ ਵਕੀਲ ਦੇ ਹੌਸਲੇ ਪਸਤ ਕੀਤੇ ਗਏ, ਜੋ ਮੁਲਜ਼ਮ ਦੀ ਮੱਦਦ ਕਰਨ ਲਈ ਸੱਦੇ ਜਾ ਸਕਦੇ ਹੋਣ। ਸ਼੍ਰੀ ਅਮਰ ਦਾਸ ਨੂੰ ਪੈਰਵੀ (ਡੀਫੈਂਸ) ਦੀ ਕੁਰਸੀ 'ਤੇ ਬੈਠਣ ਦੀ ਇਜਾਜ਼ਤ ਦੇਣ ਵਿਚ ਕੀ ਦਲੀਲ ਸੀ, ਜਦਕਿ ਉਹ ਹੁਣ ਕਿਸੇ ਧਿਰ ਦੀ ਤਰਜਮਾਨੀ ਨਹੀਂ ਕਰ ਰਿਹਾ ਅਤੇ ਨਾ ਹੀ ਉਹਨੇ ਕਿਸੇ ਬੰਦੇ ਨੂੰ ਕਾਨੂੰਨੀ ਮਸ਼ਵਰਾ ਦਿੱਤਾ? ਆਪਣੇ ਮੁਖ਼ਤਿਆਰਾਂ ਨਾਲ ਮੁਲਾਕਾਤਾਂ ਦੇ ਸਵਾਲ ਬਾਰੇ ਮੈਂ ਕਾਨੂੰਨੀ ਸਲਾਹਕਾਰ ਨਾਲ ਵਿਚਾਰ ਵਟਾਂਦਰਾ ਕਰਨਾ ਸੀ ਅਤੇ ਇਸ ਨੁਕਤੇ ਨੂੰ ਲੈ ਕੇ ਹਾਈਕੋਰਟ ਨੂੰ ਜਾਣ ਲਈ ਉਹਨੂੰ ਆਖਣਾ ਸੀ। ਪਰ ਉਹਦੇ ਨਾਲ ਇਸ ਬਾਰੇ ਗੱਲ ਕਰਨ ਦਾ ਮੈਨੂੰ ਬਿਲਕੁਲ ਹੀ ਮੌਕਾ ਨਾ ਮਿਲਿਆ ਅਤੇ ਕੁਝ ਵੀ ਹੋ ਨਾ ਸਕਿਆ। ਇਸ ਸਭ ਕੁਝ ਦਾ ਕੀ ਮਤਲਬ ਹੈ? ਇਹ ਦਿਖਾ ਕੇ ਕਿ ਮੁਕੱਦਮਾ ਕਾਨੂੰਨਨ ਚਲਾਇਆ ਜਾ ਰਿਹਾ ਹੈ, ਕੀ ਲੋਕਾਂ ਦੀਆਂ ਅੱਖਾਂ ਵਿਚ ਧੂੜ ਨਹੀਂ ਪਾਈ ਜਾ ਰਹੀ? ਆਪਣੀ ਸਫ਼ਾਈ ਦਾ ਇੰਤਜ਼ਾਮ ਕਰਨ ਲਈ ਮੁਲਜ਼ਮਾਂ ਨੂੰ ਉੱਕਾ ਹੀ ਕੋਈ ਮੌਕਾ ਨਹੀਂ ਮਿਲਿਆ। ਇਸੇ ਗੱਲ ਵਿਰੁੱਧ ਅਸੀਂ ਰੋਸ ਪ੍ਰਗਟ ਕਰ ਰਹੇ ਹਾਂ। ਜੇ ਸਭ ਵਾਜਿਬ ਢੰਗ ਨਾਲ ਨਹੀਂ ਕੀਤਾ ਜਾਣਾ ਤਾਂ ਤਮਾਸ਼ੇ ਦੀ ਕੋਈ ਲੋੜ ਨਹੀਂ। ਇਨਸਾਫ਼ ਦੇ ਨਾਂ 'ਤੇ ਅਸੀਂ ਬੇਇਨਸਾਫੀ ਨਹੀਂ ਦੇਖ ਸਕਦੇ। ਇਨ੍ਹਾਂ ਹਾਲਾਤ ਵਿਚ ਅਸੀਂ ਸਾਰਿਆਂ ਨੇ ਸੋਚਿਆ ਕਿ ਜਾਂ ਤਾਂ ਸਾਨੂੰ ਆਪਣੀਆਂ ਜ਼ਿੰਦਗੀਆਂ ਬਚਾਉਣ ਦਾ ਵਾਜਿਬ ਮੌਕਾ ਮਿਲਣਾ ਚਾਹੀਦਾ ਹੈ ਜਾਂ ਸਾਡੀ ਗ਼ੈਰ ਹਾਜ਼ਰੀ ਵਿਚ ਚੱਲੇ ਮੁਕੱਦਮੇ ਵਿਚ ਸਾਡੇ ਵਿਰੁੱਧ ਦਿੱਤੀਆਂ ਸਜ਼ਾਵਾਂ ਨੂੰ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਤੀਸਰੀ ਵੱਡੀ ਸ਼ਿਕਾਇਤ ਅਖ਼ਬਾਰਾਂ ਦੀ ਵੰਡ ਬਾਰੇ ਹੈ। ਜ਼ੇਰ ਸਮਾਇਤ ਕੈਦੀਆਂ ਨੂੰ ਕਦੇ ਵੀ ਸਜ਼ਾ ਯਾਫਤਾ ਕੈਦੀ ਨਹੀਂ ਮੰਨਿਆ ਜਾਣਾ ਚਾਹੀਦਾ ਅਤੇ ਇਹ ਰੋਕ ਉਦੋਂ ਹੀ ਉਨ੍ਹਾਂ 'ਤੇ ਲਾਈ ਜਾ ਸਕਦੀ ਹੈ, ਜਦ ਉਨ੍ਹਾਂ ਦੀ ਸਲਾਮਤੀ ਹਿਫਾਜ਼ਤ ਲਈ ਬਹੁਤ ਹੀ ਜ਼ਰੂਰੀ ਹੋਵੇ। ਇਸ ਤੋਂ ਵਧੇਰੇ ਵਾਜਿਬ ਨਹੀਂ ਠਹਿਰਾਇਆ ਜਾ ਸਕਦਾ। ਜ਼ਮਾਨਤ 'ਤੇ ਰਿਹਾਅ ਨਾ ਹੋ ਸਕਣ ਵਾਲੇ ਮੁਲਜ਼ਮ ਨੂੰ ਕਦੇ ਵੀ ਸਜ਼ਾ ਦੇ ਤੌਰ 'ਤੇ ਮੁਸ਼ਕਲਾਂ ਨਹੀਂ ਦੇਣੀਆਂ ਚਾਹੀਦੀਆਂ। ਸੋ ਹਰ ਪੜ੍ਹੇ-ਲਿਖੇ ਜ਼ੇਰੇ ਸਮਾਇਤ ਕੈਦੀ ਨੂੰ ਘੱਟੋ-ਘੱਟ ਇਕ ਰੋਜ਼ਾਨਾ ਅਖ਼ਬਾਰ ਲੈਣ ਦਾ ਹੱਕ ਹੈ। ਅਦਾਲਤ ਵਿਚ 'ਐਗਜ਼ੈਕਟਿਵ' ਕੁਝ ਅਸੂਲਾਂ 'ਤੇ ਸਾਨੂੰ ਇਕ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਦੇਣ ਲਈ ਰਾਜ਼ੀ ਹੋਈ ਸੀ। ਪਰ ਅਧੂਰੀਆਂ ਚੀਜ਼ਾਂ ਨਾ ਹੋਣ ਨਾਲੋਂ ਵਧੇਰੇ ਭੈੜੀਆਂ ਹੁੰਦੀਆਂ ਹਨ। ਅੰਗਰੇਜ਼ੀ ਨਾ ਜਾਣਣ ਵਾਲੇ ਮੁਲਜ਼ਮਾਂ ਲਈ ਸਥਾਨਕ ਅਖ਼ਬਾਰ ਦੀਆਂ ਬੇਨਤੀਆਂ ਅਜਾਈਂ ਸਾਬਤ ਹੋਈਆਂ। ਸਾਨੂੰ ਸਥਾਨਕ ਅਖ਼ਬਾਰ ਦੇਣੋਂ ਨਾਂਹ ਦੇ ਹੁਕਮ ਵਿਰੁੱਧ ਰੋਸ ਵਜੋਂ ਅਸੀਂ ਰੋਜ਼ਾਨਾ ਟ੍ਰਿਬਿਊਨ ਵਾਪਸ ਕਰਦੇ ਹਾਂ।

ਇਨ੍ਹਾਂ ਤਿੰਨਾਂ ਆਧਾਰਾਂ 'ਤੇ ਅਸੀਂ 29 ਜਨਵਰੀ ਨੂੰ ਅਦਾਲਤ ਵਿਚ ਆਉਣੋਂ ਇਨਕਾਰ



Sri Satguru Jagjit Singh Ji Elibrary NamdhariElibrary@gmail.com

ਬਾਰੇ ਐਲਾਨ ਕੀਤਾ ਸੀ। ਜਿਉਂ ਹੀ ਇਹ ਮੁਸ਼ਕਲਾਂ ਹਟਾ ਦਿੱਤੀਆਂ ਗਈਆਂ, ਅਸੀਂ ਬੜੀ ਰਜ਼ਾਮੰਦੀ ਨਾਲ ਅਦਾਲਤ ਵਿਚ ਆਵਾਂਗੇ।

ਭਗਤ ਸਿੰਘ ਅਤੇ ਹੋਰ
(ਹਿੰਦੁਸਤਾਨ ਟਾਈਮਜ਼
13 ਫਰਵਰੀ, 1930 ਨੂੰ ਪ੍ਰਕਾਸ਼ਤ)

* * *

## 76. ਗਵਾਹੀਆਂ ਨਾਲੋਂ ਰਸਗੁੱਲੇ ਵੱਧ ਜ਼ਰੂਰੀ

*—9 ਅਪ੍ਰੈਲ 1930*

[9 ਅਪ੍ਰੈਲ, 1930 ਨੂੰ ਅਖ਼ਬਾਰ ਟ੍ਰਿਬਿਊਨ ਨੇ ਭਗਤ ਸਿੰਘ ਦੇ ਮੁਕੱਦਮੇ ਦੀ ਕਾਰਵਾਈ ਦਿੰਦੇ ਹੋਏ ਇਹ ਗੱਲਬਾਤ ਰਿਪੋਰਟ ਕੀਤੀ। ਉਨ੍ਹਾਂ ਦੇ ਮੁਕੱਦਮੇ ਵੱਲ ਵਤੀਰੇ ਨੂੰ ਦਰਸਾਉਂਦਾ ਇਹ ਇਕ ਚੰਗਾ ਪ੍ਰਸੰਗ ਹੈ। —ਸੰਪਾਦਕ]

ਅੱਜ ਅਦਾਲਤ ਵਿਚ ਭਗਤ ਸਿੰਘ ਨੇ ਸ਼ਿਕਾਇਤ ਕੀਤੀ ਕਿ ਜਦ ਡਿਫੈਂਸ ਕਮੇਟੀ ਦੇ ਇਕ ਮੈਂਬਰ ਦੁਪਹਿਰ ਦੇ ਖਾਣੇ ਲਈ ਕੁਝ ਵਸਤੂਆਂ ਲਿਆ ਰਹੇ ਸਨ ਤਾਂ ਖਾਣ ਵਾਲੀਆਂ ਚੀਜ਼ਾਂ ਅਦਾਲਤ ਦੇ ਅੰਦਰ ਨਹੀਂ ਲਿਆਉਣ ਦਿੱਤੀਆਂ ਗਈਆਂ।

ਦੁਪਹਿਰ ਦੇ ਖਾਣੇ ਬਾਅਦ ਕਥਿਤ ਅਪਰਾਧੀ ਜਤਿਨ ਸਾਨਿਆਲ ਨੇ ਮੈਜਿਸਟਰੇਟ ਨੂੰ ਸ਼ਕਾਇਤ ਕੀਤੀ ਕਿ ਉਨ੍ਹਾਂ ਦੇ ਵਾਸਤੇ ਬੰਗਾਲ ਤੋਂ ਰਸਗੁੱਲਿਆਂ ਦਾ ਪਾਰਸਲ ਆਇਆ ਸੀ, ਪਰ ਜੇਲ੍ਹ ਅਧਿਕਾਰੀਆਂ ਨੇ ਉਹ ਇਸ ਤਰ੍ਹਾਂ ਕੁਚਲ ਦਿੱਤਾ ਕਿ ਖਾਣ ਦੇ ਕਾਬਲ ਨਹੀਂ ਰਹੇ।

ਸਰਦਾਰ ਭਗਤ ਸਿੰਘ (ਮੈਜਿਸਟਰੇਟ ਨੂੰ) : ਰਸਗੁੱਲੇ ਬਾਹਰ ਪਏ ਹਨ, ਕੀ ਤੁਸੀਂ ਉਨ੍ਹਾਂ ਦਾ ਨਰੀਖਣ ਕਰਨ ਦਾ ਕਸ਼ਟ ਕਰੋਗੇ? ਉਥੇ ਇਕ ਖ਼ੂਬਸੂਰਤ ਸੀਨ ਹੈ। ਬਸ ਜ਼ਰਾ ਦੇਖ ਲਓ। ਇਨ੍ਹਾਂ ਗਵਾਹੀਆਂ ਨਾਲੋਂ ਰਸਗੁੱਲੇ ਸਾਡੇ ਵਾਸਤੇ ਵੱਧ ਜ਼ਰੂਰੀ ਹਨ।

ਜਤਿਨ ਸਾਨਿਆਲ : ਸਾਰੀ ਚੀਜ਼ ਬੇਹੱਦ ਬੇਹੂਦਾ ਹਾਲ ਵਿਚ ਹੈ। ਕੀ ਤੁਸੀਂ ਇਸਨੂੰ ਤਰਕ ਭਰਪੂਰ ਕਹਿੰਦੇ ਹੋ?

ਸ. ਭਗਤ ਸਿੰਘ : ਇਹ (ਮੈਜਿਸਟਰੇਟ) ਬਿਲਕੁਲ ਤਰਕ ਵਹੀਨ ਹੈ।

ਜਤਿਨ ਸਾਨਿਆਲ : ਇਹ ਅਸੀਂ ਕਿਸ ਨੂੰ ਵਾਪਸ ਕਰੀਏ, ਤੁਹਾਨੂੰ ਜਾਂ ਜੇਲ੍ਹ ਅਧਿਕਾਰੀਆਂ ਨੂੰ?

ਮੈਜਿਸਟਰੇਟ : ਜੇਲ੍ਹ ਅਧਿਕਾਰੀਆਂ ਨੂੰ।

ਸ. ਭਗਤ ਸਿੰਘ : ਪਰ ਇਸਦੀ ਕੀਮਤ ਕੌਣ ਦੇਵੇਗਾ। ਸਾਡੇ ਦੋਸਤਾਂ ਨੇ ਬਹੁਤ ਸਾਰੇ ਪੈਸੇ ਖ਼ਰਚ ਕੀਤੇ ਹਨ ਇਸ 'ਤੇ।

ਮੈਜਿਸਟਰੇਟ : ਇਹ ਜੇਲ੍ਹ ਅਧਿਕਾਰੀਆਂ ਨਾਲ ਸਬੰਧ ਰੱਖਦੀ ਹੈ।

* * *

## 77. ਤੀਜੀ ਇੰਟਰਨੈਸ਼ਨਲ, ਮਾਸਕੋ ਦੇ ਪ੍ਰਧਾਨ ਨੂੰ ਤਾਰ

[24 ਜਨਵਰੀ, 1930 ਨੂੰ ਲੈਨਿਨ ਦਿਨ ਦੇ ਮੌਕੇ 'ਤੇ ਲਾਹੌਰ ਸਾਜ਼ਿਸ਼ ਕੇਸ ਦੇ ਮੁਲਜ਼ਮ ਆਪਣੇ ਗਲਾਂ ਵਿਚ ਲਾਲ ਰੁਮਾਲ ਬੰਨ੍ਹ ਕੇ ਅਦਾਲਤ ਵਿਚ ਆਏ ਸਨ। ਉਹ ਕਾਕੋਰੀ ਦੇ ਗੀਤ ਗਾਉਂਦੇ ਰਹੇ ਸਨ। ਮੈਜਿਸਟਰੇਟ ਦੇ ਆਉਣ ਤੇ ਉਨ੍ਹਾਂ 'ਸਮਾਜਵਾਦੀ ਇਨਕਲਾਬ-



Sri Satguru Jagjit Singh Ji Elibrary NamdhariElibrary@gmail.com

ਜ਼ਿੰਦਾਬਾਦ', 'ਕਮਿਊਨਿਸਟ ਇੰਟਰਨੈਸ਼ਨਲ-ਜ਼ਿੰਦਾਬਾਦ', 'ਲੈਨਿਨ-ਜ਼ਿੰਦਾਬਾਦ', 'ਪਰੋਲਤਾਰੀ-ਜ਼ਿੰਦਾਬਾਦ' ਅਤੇ 'ਸਾਮਰਾਜਵਾਦ-ਮੁਰਦਾਬਾਦ' ਦੇ ਨਾਅਰੇ ਬੁਲੰਦ ਕੀਤੇ। ਫੇਰ ਭਗਤ ਸਿੰਘ ਨੇ ਇਹ ਤਾਰ ਤੀਜੀ ਇੰਟਰਨੈਸ਼ਨਲ ਮਾਸਕੋ ਦੇ ਪ੍ਰਧਾਨ ਨੂੰ ਭੇਜਣ ਲਈ ਮੈਜਿਸਟਰੇਟ ਨੂੰ ਫੜਾਈ। (ਟ੍ਰਿਬਿਊਨ ਲਾਹੌਰ, 26 ਜਨਵਰੀ, 1930 —ਸੰਪਾਦਕ]

* * *

ਲੈਨਿਨ ਦਿਨ ਦੇ ਮੌਕੇ 'ਤੇ ਅਸੀਂ ਸੋਵੀਅਤ ਰੂਸ ਵਿਚ ਹੋ ਰਹੇ ਮਹਾਨ ਤਜਰਬੇ ਦੀ ਸਾਥੀ ਲੈਨਿਨ ਦੀ ਸਫਲਤਾ ਨੂੰ ਅਗਾਂਹ ਖੜਨ ਦੀ ਜਿੱਤ ਵਾਸਤੇ ਆਪਣੀਆਂ ਦਿਲੀ ਵਧਾਈਆਂ ਭੇਜਦੇ ਹਾਂ। ਸੰਸਾਰ ਇਨਕਲਾਬੀ ਲਹਿਰ ਨਾਲ ਅਸੀਂ ਆਪਣੇ ਆਪ ਨੂੰ ਜੋੜਨਾ ਚਾਹੁੰਦੇ ਹਾਂ। ਮਜ਼ਦੂਰਾਂ ਦੇ ਰਾਜ ਦੀ ਜੈ ਹੋਵੇ। ਸਰਮਾਏਦਾਰੀ ਦੀ ਖੈ ਹੋਵੇ। ਸਾਮਰਾਜਵਾਦ-ਮੁਰਦਾਬਾਦ।

24 ਜਨਵਰੀ, 1930

ਕੈਦੀ ਲਾਹੌਰ ਸਾਜ਼ਿਸ਼ ਕੇਸ
ਜ਼ੇਰੇ ਸਮਾਇਤ

* * *

## 78. ਮੱਧ ਯੂਰਪ ਦੀ ਹਿੰਦੁਸਤਾਨੀ ਐਸੋਸੀਏਸ਼ਨ, ਬਰਲਿਨ ਨੂੰ ਤਾਰ

('ਦਿ ਟ੍ਰਿਬਿਊਨ' ਲਾਹੌਰ 8 ਅਪ੍ਰੈਲ, 1930 ਵਿਚ ਪ੍ਰਕਾਸ਼ਤ)

ਕਿਰਪਾ ਕਰਕੇ ਭਾਰਤ ਵਿਚ ਸਮਾਜਵਾਦੀ ਇਨਕਲਾਬੀ ਲਹਿਰ ਦੇ ਅਲੰਬਰਦਾਰਾਂ ਵਿਚੋਂ ਇਕ ਕਾਮਰੇਡ ਕ੍ਰਿਸ਼ਨ ਵਰਮਾ ਦੇ ਸੋਗੀ ਚਲਾਣੇ 'ਤੇ ਸਾਡੇ ਦਿਲੀ ਅਫ਼ਸੋਸ ਨੂੰ ਆਪਣੇ ਹਲਕਿਆਂ ਵਿਚ ਪਹੁੰਚਾਓ।

ਉਨ੍ਹਾਂ ਦੀ ਜ਼ਿੰਦਗੀ ਭਾਰਤੀ ਮੁਕਤੀ ਦੀ ਲੰਮੀ ਜੱਦੋਜਹਿਦ ਦੇ ਕਾਜ਼ ਵਿਚ ਇਕ ਕੌਮੀ ਸੰਪਤੀ ਹੈ, ਜੋ ਸਦਾ ਵਾਸਤੇ ਆਜ਼ਾਦੀ ਦੀ ਲੜਾਈ ਵਿਚ ਕਾਰਕੁੰਨਾਂ ਨੂੰ ਪ੍ਰੇਰਣਾ ਦਿੰਦੀ ਰਹੇਗੀ।

5 ਅਪ੍ਰੈਲ, 1930

ਲਾਹੌਰ ਸਾਜ਼ਿਸ਼ ਕੇਸ,
ਜ਼ੇਰੇ ਸਮਾਇਤ

* * *

## 79. ਕਾਕੋਰੀ ਕੇਸ ਦੇ ਬੰਦੀਆਂ ਨੂੰ ਤਾਰ
## ਮਾਰਫ਼ਤ ਸਪੈਸ਼ਲ ਮੈਜਿਸਟਰੇਟ, ਲਾਹੌਰ

ਮਿਹਰਬਾਨੀ ਕਰਕੇ ਹੇਠ ਲਿਖੀ ਤਾਰ ਝੱਟ ਕਾਕੋਰੀ ਕੈਦੀਆਂ ਨੂੰ ਭੇਜ ਦੇਵੋ, ਜਿਹੜੇ ਰਾਏ ਬਰੇਲੀ ਜੇਲ੍ਹ ਵਿਚ ਭੁੱਖ ਹੜਤਾਲ 'ਤੇ ਹਨ ਅਤੇ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਗੰਭੀਰ ਹਾਲਤ ਵਿਚ ਹਨ

ਤੁਹਾਡੇ ਵਫ਼ੀਰਾ ਵਫ਼ੀਰਾ
ਭਗਤ ਸਿੰਘ, ਬੀ.ਕੇ. ਦੱਤ



Sri Satguru Jagjit Singh Ji Elibrary NamdhariElibrary@gmail.com

ਤਾਰ

ਗੁਪਤਾ, ਬਖਸ਼ੀ, ਸਿਨਹਾ, ਮੁਕੰਦੀ ਲਾਲ

ਕਾਕੋਰੀ ਕੈਦੀ

ਸੈਂਟਰਲ ਜੇਲ੍ਹ, ਬਰੇਲੀ

ਤੁਹਾਡੀ ਗੰਭੀਰ ਹਾਲਤ ਬਾਰੇ ਜਾਣ ਕੇ ਬਹੁਤ ਦੁਖ ਤੇ ਫ਼ਿਕਰ ਹੈ। ਅਸੀਂ ਸਮਝਦੇ ਹਾਂ ਕਿ ਸਾਡੀ ਪਹਿਲੀ ਤਾਰ ਤੁਹਾਡੇ ਤਕ ਨਹੀਂ ਪਹੁੰਚੀ। ਅਸੀਂ ਸੱਚੇ ਦਿਲੋਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਸਰਕਾਰ ਵਲੋਂ ਕੈਦੀਆਂ ਦੇ ਵਰਗੀਕਰਨ ਦੇ ਅੰਤਮ ਨੋਟਿਸ ਨੂੰ ਧਿਆਨ ਵਿਚ ਰੱਖਦਿਆਂ ਤੁਸੀਂ ਆਪਣੀ ਜੱਦੋਜਹਿਦ ਤਿਆਗ ਦਿਓ। ਜਿਥੋਂ ਤਕ ਨਵੇਂ ਨਿਯਮਾਂ ਦੇ ਲਾਗੂ ਹੋਣ ਦਾ ਸਵਾਲ ਹੈ, ਸਾਨੂੰ ਇਕੱਠਿਆਂ ਉਡੀਕਣਾ ਚਾਹੀਦਾ ਹੈ।

ਭਗਤ ਸਿੰਘ ਅਤੇ ਦੱਤ

●



Sri Satguru Jagjit Singh Ji Elibrary NamdhariElibrary@gmail.com

## ਪਾਠ—14

# ਆਰਡੀਨੈਂਸ ਸਾਡੀਆਂ ਭਾਵਨਾਵਾਂ ਨਹੀਂ ਕੁਚਲ ਸਕਦੇ

[ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਮੁਕੱਦਮੇ ਦਿਆਂ ਨਤੀਜਿਆਂ ਤੋਂ ਪੂਰੀ ਤਰ੍ਹਾਂ ਜਾਣੂ ਸਨ ਤੇ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਤੋਂ ਬਿਲਕੁਲ ਬੇਧਿਆਨ ਸਨ। ਕਿਉਂਕਿ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਲੋਕਾਂ ਤੱਕ ਲੈ ਕੇ ਜਾਣਾ ਸੀ ਅਤੇ ਲੋਕਾਂ ਨੂੰ ਇਤਿਹਾਸਿਕ ਜ਼ਿੰਮੇਵਾਰੀ ਲਈ ਤਿਆਰ ਕਰਨਾ ਸੀ। ਇਸੇ ਕਰਕੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਮੁਕੱਦਮੇ ਨੂੰ ਹੌਲੀ-ਹੌਲੀ ਸਰਕਣ ਦੇਣਾ ਚਾਹੁੰਦੇ ਸਨ ਤਾਂ ਜੋ ਲੋਕਾਂ ਤੱਕ ਉਨ੍ਹਾਂ ਦੇ ਵਿਚਾਰ ਪਹੁੰਚ ਸਕਣ। ਪਰ ਸਰਕਾਰ ਖਿਝ ਰਹੀ ਸੀ। ਆਖ਼ਰ 1 ਮਈ, 1930 ਨੂੰ ਇਕ ਖਾਸ ਆਰਡੀਨੈਂਸ ਰਾਹੀਂ ਇਕ ਖਾਸ ਟ੍ਰਿਬਿਊਨਲ ਬਣਾਈ ਗਈ। ਉਸ ਆਰਡੀਨੈਂਸ ਵਿਚ ਖਾਸ ਅਦਾਲਤ ਸਥਾਪਤ ਕਰਨ ਲਈ ਬਣਾਏ ਗਏ ਬਹਾਨੇ ਦਾ ਜਵਾਬ ਇਸ ਦਸਤਾਵੇਜ਼ ਵਿਚ ਭਗਤ ਸਿੰਘ ਨੇ ਦਰਜ ਕੀਤਾ।

—ਸੰਪਾਦਕ]

* * *

## 80. ਖਾਸ ਟ੍ਰਿਬਿਊਨਲ ਦੀ ਸਥਾਪਤੀ 'ਤੇ ਨੋਟ

*—2 ਮਈ, 1930*

ਹਿਜ਼ ਐਕਸੀਲੈਂਸੀ ਦੀ ਗਵਰਨਰ ਜਨਰਲ ਆਫ਼ ਇੰਡੀਆ,
ਸ਼ਿਮਲਾ (ਪੰਜਾਬ)
ਸ਼੍ਰੀਮਾਨ,

ਸਾਡੇ ਮੁਕੱਦਮੇ ਦੇ ਜਲਦੀ ਨਿਪਟਾਰੇ ਲਈ ਜਾਰੀ ਕੀਤੇ ਗਏ ਆਰਡੀਨੈਂਸ ਦੀ ਪੂਰੀ ਨਕਲ ਪੜ੍ਹ ਕੇ ਸੁਣਾਈ ਜਾ ਚੁੱਕੀ ਹੈ। ਇਸੇ ਵਾਸਤੇ ਪੰਜਾਬ ਹਾਈਕੋਰਟ ਦੇ ਅਧਿਕਾਰ ਖੇਤਰ ਵਿਚ ਇਕ ਟ੍ਰਿਬਿਊਨਲ ਦੀ ਨਿਯੁਕਤੀ ਕੀਤੀ ਗਈ ਹੈ। ਅਗਰ ਇਸ ਮਾਮਲੇ ਵਿਚ ਅਪਣਾਏ ਗਏ ਰਵੱਈਏ ਦਾ ਜ਼ਿਕਰ ਨਾ ਕੀਤਾ ਹੁੰਦਾ ਅਤੇ ਇਸ ਦੀ ਸਾਰੀ ਜਵਾਬਦੇਹੀ ਸਾਡੇ ਸਿਰ ਨਾ ਮੜ੍ਹੀ ਹੁੰਦੀ ਤਾਂ ਸ਼ਾਇਦ ਅਸੀਂ ਆਪਣੀ ਜ਼ੁਬਾਨ ਬੰਦ ਰੱਖਦੇ। ਪਰ ਮੌਜੂਦਾ ਹਾਲਾਤ ਵਿਚ ਇਸ ਦੇ ਸਬੰਧ ਵਿਚ ਅਸੀਂ ਆਪਣਾ ਬਿਆਨ ਦੇਣਾ ਜ਼ਰੂਰੀ ਸਮਝਦੇ ਹਾਂ।

ਅਸੀਂ ਸ਼ੁਰੂ ਤੋਂ ਹੀ ਜਾਣਦੇ ਹਾਂ ਕਿ ਸਰਕਾਰ ਜਾਣਬੁਝ ਕੇ ਸਾਡੇ ਬਾਰੇ ਵਿਚ ਗ਼ਲਤ ਫ਼ਹਿਮੀ ਪੈਦਾ ਕਰ ਰਹੀ ਹੈ। ਆਖ਼ਰਕਾਰ ਇਹ ਇਕ ਲੜਾਈ ਹੈ ਅਤੇ ਅਸੀਂ ਭਲੀ ਭਾਂਤ ਜਾਣੂ ਹਾਂ ਕਿ ਆਪਣੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਦੇ ਲਈ ਗ਼ਲਤ ਫ਼ਹਿਮੀਆਂ ਦਾ ਜਾਲ ਵਿਛਾਉਣਾ ਸਰਕਾਰ ਦਾ ਸਭ ਤੋਂ ਵੱਡਾ ਹੱਥਕੰਡਾ ਹੈ। ਇਸ ਕਮੀਨੀ ਹਰਕਤ ਨੂੰ ਰੋਕਣ ਦੇ ਲਈ ਸਾਡੇ ਕੋਲ ਕੋਈ ਤਰੀਕਾ ਨਹੀਂ, ਪਰ ਕੁਝ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਕੁਝ ਕਹਿਣ ਲਈ ਮਜਬੂਰ ਹਾਂ।



Sri Satguru Jagjit Singh Ji Elibrary NamdhariElibrary@gmail.com

ਆਪਣੇ ਲਾਹੌਰ ਸਾਜ਼ਿਸ਼ ਕੇਸ ਬਾਰੇ ਜਾਰੀ ਕੀਤੇ ਗਏ ਆਰਡੀਨੈਂਸ ਵਿਚ, ਸਾਡੀ ਭੁੱਖ ਹੜਤਾਲ ਬਾਰੇ, ਤੁਸੀਂ ਆਪਣਾ ਬਿਆਨ ਦਰਜ ਕੀਤਾ ਹੈ। ਤੁਸੀਂ ਖ਼ੁਦ ਸਵੀਕਾਰ ਕੀਤਾ ਹੈ ਕਿ ਸਾਡੇ ਵਿਚੋਂ ਦੋ ਨੇ ਇਸ ਮਾਮਲੇ ਦੇ ਸਬੰਧ ਵਿਚ ਸਪੈਸ਼ਲ ਮੈਜਿਸਟਰੇਟ ਪੰਡਿਤ ਸ੍ਰੀ ਕ੍ਰਿਸ਼ਨ ਦੀ ਅਦਾਲਤ ਵਿਚ ਹੋਣ ਵਾਲੇ ਖੋਜਬੀਨ ਦੇ ਸ਼ੁਰੂ ਹੋਣ ਤੋਂ ਕਈ ਹਫ਼ਤੇ ਪਹਿਲਾਂ ਹੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ। ਮਾਮੂਲੀ ਸੂਝਬੂਝ ਰੱਖਣ ਵਾਲੇ ਆਮ ਆਦਮੀ ਦੀ ਸਮਝ ਵਿਚ ਵੀ ਇਹ ਗੱਲਬਾਤ ਆ ਸਕਦੀ ਹੈ ਕਿ ਇਸ ਮੁਕੱਦਮੇ ਦਾ ਉਸ ਭੁੱਖ ਹੜਤਾਲ ਨਾਲ ਬਿਲਕੁਲ ਵੀ ਕੋਈ ਵਾਸਤਾ ਨਹੀਂ ਹੈ। ਭੁੱਖ ਹੜਤਾਲ ਸ਼ੁਰੂ ਕਰਨ ਦੇ ਕੁਝ ਖਾਸ ਕਾਰਨ ਸਨ। ਇਸ ਹਾਲਤ ਵਿਚ ਸਰਕਾਰ ਨੂੰ ਉਨ੍ਹਾਂ ਕਾਰਨਾਂ ਦੇ ਬਾਰੇ ਵਿਚ ਸਪਸ਼ਟੀਕਰਨ ਦੇਣਾ ਸੀ, ਜਿਸ ਦੇ ਆਧਾਰ 'ਤੇ ਭੁੱਖ ਹੜਤਾਲ ਕੀਤੀ ਗਈ ਸੀ ਅਤੇ ਜਦ ਸਰਕਾਰ ਨੇ ਇਸ ਮਸਲੇ ਨੂੰ ਸੁਲਝਾਉਣ ਦੇ ਲਈ ਕੁਝ ਪ੍ਰਬੰਧ ਕਰਨ ਦੀ ਹਾਮੀ ਭਰੀ ਅਤੇ ਜੇਲ੍ਹ ਇਨਕੁਆਰੀ ਕਮੇਟੀ ਕਾਇਮ ਕੀਤੀ ਤਾਂ ਅਸਾਂ ਨੇ ਭੁੱਖ ਹੜਤਾਲ ਖ਼ਤਮ ਕੀਤੀ ਸੀ। ਲੇਕਿਨ ਸਭ ਤੋਂ ਪਹਿਲਾਂ ਸਾਨੂੰ ਇਹ ਦੱਸਿਆ ਗਿਆ ਸੀ ਕਿ ਇਹ ਮਾਮਲਾ ਨਵੰਬਰ ਤਕ ਸੁਲਝਾ ਦਿੱਤਾ ਜਾਵੇਗਾ। ਫਿਰ ਉਸ ਵਿਚ ਦਸੰਬਰ ਤਕ ਦੇਰੀ ਕੀਤੀ ਗਈ। ਜਨਵਰੀ ਦਾ ਮਹੀਨਾ ਵੀ ਬੀਤ ਗਿਆ ਪਰ ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲ ਰਿਹਾ ਸੀ ਕਿ ਸਰਕਾਰ ਅਸਲ ਵਿਚ ਬਾਰੇ ਕੁਝ ਕਰੇਗੀ ਵੀ ਜਾਂ ਨਹੀਂ। ਸਾਨੂੰ ਲੱਗਿਆ ਕਿ ਮਾਮਲਾ ਰਫ਼ਾ ਦਫ਼ਾ ਕਰ ਦਿੱਤਾ ਗਿਆ ਹੈ। ਇਸ ਹਾਲਾਤ ਵਿਚ ਅਸਾਂ ਨੇ ਪੂਰੇ ਇਕ ਹਫ਼ਤੇ ਦਾ ਨੋਟਿਸ ਦੇ ਕੇ 4 ਫਰਵਰੀ, 1930 ਨੂੰ ਫਿਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਸਿਰਫ਼ ਇਸਦੇ ਬਾਅਦ ਹੀ ਸਰਕਾਰ ਨੇ ਮਾਮਲੇ ਨੂੰ ਆਖ਼ਰੀ ਰੂਪ ਵਿਚ ਸ਼ਾਂਤ ਕਰਨ ਲਈ ਕੁਝ ਕਦਮ ਉਠਾਏ।

ਇਸ ਆਸ਼ੇ ਬਾਰੇ ਸਰਕਾਰ ਨੇ ਫਿਰ ਇਕ ਇਸ਼ਤਿਹਾਰ ਅਖ਼ਬਾਰਾਂ ਵਿਚ ਜਾਰੀ ਕੀਤਾ ਤਾਂ ਫਿਰ ਅਸੀਂ ਭੁੱਖ ਹੜਤਾਲ ਖ਼ਤਮ ਕਰ ਦਿੱਤੀ। ਇਥੋਂ ਤਕ ਕਿ ਅਸੀਂ ਇਸ ਗੱਲ ਦੀ ਇੰਤਜ਼ਾਰ ਵੀ ਨਹੀਂ ਕੀਤੀ ਕਿ ਸਰਕਾਰ ਆਪਣੇ ਆਖ਼ਰੀ ਫ਼ੈਸਲੇ ਲਾਗੂ ਵੀ ਕਰਦੀ ਹੈ ਜਾਂ ਨਹੀਂ। ਪਰ ਇਹ ਅੱਜ ਹੀ ਅਸਾਂ ਮਹਿਸੂਸ ਕੀਤਾ ਹੈ ਕਿ ਅੰਗਰੇਜ਼ ਸਰਕਾਰ ਇਹੋ ਜਿਹੇ ਸਾਧਾਰਨ ਮਾਮਲਿਆਂ ਵਿਚ ਵੀ ਝੂਠ ਅਤੇ ਫਰੇਬ ਦਾ ਸਹਾਰਾ ਲੈਣ ਤੋਂ ਬਾਜ਼ ਨਹੀਂ ਆਈ। ਉਹ ਇਸ਼ਤਿਹਾਰ ਖਾਸ ਨਿਸ਼ਚਿਤ ਤੇ ਨਿਰਣਾ ਕੱਢਣ ਵਾਲੇ ਆਧਾਰਾਂ 'ਤੇ ਨਿਰਧਾਰਤ ਸੀ, ਪਰ ਅਸਾਂ ਦੇਖਿਆ ਹੈ ਕਿ ਉਸ 'ਤੇ ਵੀ ਉਲਟਾ ਹੀ ਅਮਲ ਕੀਤਾ ਗਿਆ ਹੈ। ਜੋ ਵੀ ਹੋਵੇ, ਇਸ ਮਾਮਲੇ 'ਤੇ ਬਹਿਸ ਕਰਨ ਦਾ ਇਹ ਮੌਕਾ ਨਹੀਂ ਹੈ। ਅਗਰ ਇਹ ਮਾਮਲਾ ਫਿਰ ਉੱਠਿਆ ਤਾਂ ਅਸੀਂ ਇਸ ਨਾਲ ਵੀ ਕਦੀ ਜ਼ਰੂਰ ਨਬੇੜਾ ਕਰਾਂਗੇ ਪਰ ਅਸੀਂ ਇਹ ਪੂਰੇ ਜ਼ੋਰ ਨਾਲ ਕਹਿਣਾ ਚਾਹੁੰਦੇ ਹਾਂ ਕਿ ਭੁੱਖ ਹੜਤਾਲ ਦਾ ਉਦੇਸ਼ ਇਸਤਗਾਸੇ ਦੀ ਕਾਰਵਾਈ ਦੇ ਖ਼ਿਲਾਫ਼ ਕੋਈ ਕਦਮ ਨਹੀਂ ਸੀ। ਅਜਿਹੇ ਮਾਮੂਲੀ ਕਾਰਨਾਂ ਕਰਕੇ ਅਸਾਂ ਆਪਣੇ ਉੱਪਰ ਏਨੇ ਜ਼ੁਲਮ ਨਹੀਂ ਸਹਾਰੇ ਸਨ। ਜਤਿੰਦਰ ਨਾਥ ਦਾਸ ਨੇ ਏਨੀ ਸਾਧਾਰਨ ਗੱਲ ਲਈ ਆਪਣੇ ਜੀਵਨ ਦਾ ਬਲੀਦਾਨ ਨਹੀਂ ਦਿੱਤਾ। ਰਾਜਗੁਰੂ ਅਤੇ ਸੁਖਦੇਵ ਨੇ ਵੀ ਇਸ ਬਚਾਓ ਲਈ ਹੀ ਆਪਣੀਆਂ ਜਾਨਾਂ ਖ਼ਤਰੇ ਵਿਚ ਨਹੀਂ ਪਾਈਆਂ ਸਨ।

ਤੁਸੀਂ ਖ਼ੁਦ ਅਤੇ ਸਾਡੇ ਮੁਕੱਦਮੇ ਨਾਲ ਸਬੰਧਤ ਸਾਰੇ ਇਹ ਗੱਲ ਪੂਰੀ ਤਰ੍ਹਾਂ ਜਾਣਦੇ ਹੋ ਕਿ ਆਰਡੀਨੈਂਸ ਜਾਰੀ ਕਰਨ ਦੀ ਵਜ੍ਹਾ ਭੁੱਖ ਹੜਤਾਲ ਨਹੀਂ ਸੀ। ਪਰ ਗੱਲ ਤਾਂ ਕੁਝ ਹੋਰ ਹੈ, ਜਿਸ ਨੂੰ ਸੋਚ ਕੇ ਤੁਹਾਡੀ ਸਰਕਾਰ ਦੇ ਹੋਸ਼ ਹਵਾਸ ਗੁੰਮ ਹੋ ਗਏ। ਨਾ ਤਾਂ ਉਹ ਇਸ ਮੁਕੱਦਮੇ ਵਿਚ ਦੇਰੀ ਦੇ ਕਾਰਨ ਹੋਇਆ ਅਤੇ ਨਾ ਹੀ ਅਜਿਹੇ ਕੋਈ ਸੰਕਟ ਦੀ ਹਾਲਤ ਹੀ ਪੈਦਾ ਹੋਈ, ਜਿਸਦੇ ਕਾਰਨ ਆਪ ਨੇ ਇਸ ਬੇ-ਕਾਨੂੰਨ 'ਤੇ ਦਸਤਖ਼ਤ ਕੀਤੇ। ਜ਼ਰੂਰ ਹੀ ਇਸਦੇ ਪਿੱਛੇ ਕੁਝ ਹੋਰ ਹੈ।



Sri Satguru Jagjit Singh Ji Elibrary NamdhariElibrary@gmail.com

ਪਰ ਅਸੀਂ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਉਨ੍ਹਾਂ ਆਰਡੀਨੈਂਸਾਂ ਨਾਲ ਸਾਡੀਆਂ ਭਾਵਨਾਵਾਂ ਨੂੰ ਕੁਚਲਿਆ ਨਹੀਂ ਜਾ ਸਕਦਾ। ਬੇਸ਼ੱਕ ਤੁਸੀਂ ਕੁਝ ਇਨਸਾਨਾਂ ਨੂੰ ਕੁਚਲ ਦੇਣ ਵਿਚ ਕਾਮਯਾਬੀ ਪ੍ਰਾਪਤ ਕਰ ਲਓ, ਪਰ ਯਾਦ ਰੱਖੋ ਤੁਸੀਂ ਇਸ ਕੌਮ ਨੂੰ ਨਹੀਂ ਕੁਚਲ ਸਕਦੇ। ਜਿਥੋਂ ਤਕ ਇਸ ਆਰਡੀਨੈਂਸ ਦਾ ਸਬੰਧ ਹੈ, ਅਸੀਂ ਇਸ ਨੂੰ ਆਪਣੀ ਸ਼ਾਨਦਾਰ ਜਿੱਤ ਸਮਝਦੇ ਹਾਂ। ਅਸੀਂ ਤਾਂ ਸ਼ੁਰੂ ਤੋਂ ਹੀ ਇਹ ਗੱਲ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਤੁਹਾਡਾ ਇਹ ਕਾਨੂੰਨ ਇਕ ਰੰਗੀਨ ਧੋਖਾ ਹੈ। ਇਹ ਇਨਸਾਫ਼ ਨਹੀਂ ਦੇ ਸਕਦਾ। ਪਰ ਅਫ਼ਸੋਸ ਹੈ ਕਿ ਜੇਲ੍ਹ ਵਿਚ ਜੋ ਸਹੂਲਤਾਂ ਕਾਨੂੰਨਨ ਅਤੇ ਇਨਸਾਫ਼ ਕਰਕੇ ਅਪਰਾਧੀਆਂ ਨੂੰ ਮਿਲਦੀਆਂ ਹਨ ਅਤੇ ਸਾਧਾਰਨ ਕੈਦੀਆਂ ਨੂੰ ਵੀ ਦਿੱਤੀਆਂ ਜਾਂਦੀਆਂ ਹਨ, ਉਹ ਸਹੂਲਤਾਂ ਵੀ ਸਾਨੂੰ ਰਾਜਨੀਤਕ ਅਪਰਾਧੀਆਂ ਨੂੰ ਨਹੀਂ ਦਿੱਤੀਆਂ ਜਾਂਦੀਆਂ ਹਨ, ਉਹ ਸਹੂਲਤਾਂ ਵੀ ਸਾਨੂੰ ਰਾਜਨੀਤਕ ਅਪਰਾਧੀਆਂ ਨੂੰ ਨਹੀਂ ਦਿੱਤੀਆਂ ਜਾਂਦੀਆਂ। ਅਸੀਂ ਇਹ ਚਾਹੁੰਦੇ ਸਾਂ ਕਿ ਸਰਕਾਰ ਪਰਦੇ ਦੇ ਬਾਹਰ ਆ ਜਾਵੇ ਅਤੇ ਸਾਫ਼-ਸਾਫ਼ ਕਹਿ ਦੇਵੇ ਕਿ ਰਾਜਨੀਤਕ ਬੰਦੀਆਂ ਨੂੰ ਬਚਾਓ ਦਾ ਕੋਈ ਮੌਕਾ ਨਹੀਂ ਦਿੱਤਾ ਜਾ ਸਕਦਾ।

ਇਥੇ ਸਾਨੂੰ ਲੱਗਦਾ ਹੈ ਕਿ ਸਰਕਾਰ ਨੇ ਇਹੀ ਗੱਲ ਸਾਫ਼ ਸਵੀਕਾਰ ਕੀਤੀ ਹੈ। ਅਸੀਂ ਤੁਹਾਨੂੰ ਅਤੇ ਤੁਹਾਡੀ ਸਰਕਾਰ ਨੂੰ ਇਸ ਸਪੱਸ਼ਟਤਾ ਦੇ ਲਈ ਵਧਾਈ ਦਿੰਦੇ ਹਾਂ ਅਤੇ ਆਰਡੀਨੈਂਸ ਦਾ ਸਵਾਗਤ ਕਰਦੇ ਹਾਂ।

ਤੁਹਾਡੇ ਪ੍ਰਤੀਨਿਧ ਸਪੈਸ਼ਲ ਮੈਜਿਸਟਰੇਟ ਅਤੇ ਇਸਤਗਾਸਾ ਦੇ ਸਰਕਾਰੀ ਵਕੀਲਾਂ ਵਲੋਂ ਲਗਾਤਾਰ ਸਾਡੇ ਉਚਿਤ ਵਿਹਾਰ ਨੂੰ ਸਾਫ਼-ਸਾਫ਼ ਸਵੀਕਾਰ ਕਰਨ ਦੇ ਬਾਵਜੂਦ ਸਿਰਫ ਸਾਡੇ ਮੁਕੱਦਮੇ ਦੀ ਹੋਂਦ ਦੇ ਬਾਰੇ ਸੋਚ ਕੇ ਹੀ ਆਪ ਦੇ ਦਿਮਾਗ਼ ਵਿਚ ਜ਼ਬਰਦਸਤ ਖਲਬਲੀ ਮੱਚੀ ਹੋਈ ਹੈ। ਸਾਡੀ ਇਸ ਲੜਾਈ ਵਿਚ ਸ਼ਾਨਦਾਰ ਸਫਲਤਾ ਦਾ ਭਰੋਸਾ ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ।

ਆਪ ਦੇ ਵਗ਼ੈਰਾ-ਵਗ਼ੈਰਾ,
ਭਗਤ ਸਿੰਘ

* * *

## 81. "ਅਦਾਲਤ ਇਕ ਢਕੌਂਜ ਹੈ, ਅਸੀਂ ਹਿੱਸਾ ਨਹੀਂ ਲਵਾਂਗੇ" 6 ਸਾਥੀਆਂ ਦਾ ਐਲਾਨ

[1 ਮਈ, 1930 ਨੂੰ ਬਿਫ਼ਰੀ ਹੋਈ ਅੰਗਰੇਜ਼ੀ ਸਰਕਾਰ ਨੇ, ਖਾਸ ਟ੍ਰਿਬਿਊਨਲ ਸਥਾਪਤ ਕਰਕੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮੁਕੱਦਮੇ ਨੂੰ ਝਟਪਟ ਨਿਬੇੜਨਾ ਚਾਹਿਆ। ਭਗਤ ਸਿੰਘ ਦੇ ਸਾਥੀ ਜਤਿੰਦਰ ਸਾਨਿਆਲ, ਮਹਾਬੀਰ ਸਿੰਘ, ਡਾ. ਗਿਆ ਪ੍ਰਸ਼ਾਦ, ਕੁੰਦਨ ਲਾਲ ਤੇ ਬੀ.ਕੇ. ਦੱਤ, ਜਿਨ੍ਹਾਂ ਨੇ ਸਫਾਈ ਪੇਸ਼ ਨਹੀਂ ਕੀਤੀ ਸੀ, ਉਨ੍ਹਾਂ ਨੇ ਅਦਾਲਤ ਦਾ ਬਾਈਕਾਟ ਕਰਨ ਦਾ ਐਲਾਨ ਇਸ ਪੱਤਰ ਰਾਹੀਂ ਕੀਤਾ। ਸਰਕਾਰ ਦੇ ਮਖੌਟੇ ਨੂੰ ਉਤਾਰਦੇ ਹੋਏ, ਇਹ ਬਹੁਤ ਹੀ ਤਰਕਸ਼ੀਲ ਦਸਤਾਵੇਜ਼ ਹੈ। —ਸੰਪਾਦਕ]

* * *



Sri Satguru Jagjit Singh Ji Elibrary NamdhariElibrary@gmail.com

## ਕਮਿਸ਼ਨਰ,

## ਖਾਸ ਟ੍ਰਿਬਿਊਨਲ, ਲਾਹੌਰ ਸਾਜ਼ਿਸ਼ ਕੇਸ

## ਲਾਹੌਰ

ਜਨਾਬ,

ਆਪਣੇ 6 ਸਾਥੀਆਂ ਵਲੋਂ, ਜਿਸ ਵਿਚ ਮੈਂ ਵੀ ਸ਼ਾਮਲ ਹਾਂ, ਹੇਠ ਲਿਖਤ ਬਿਆਨ, ਇਸ ਸੁਣਵਾਈ ਦੇ ਸ਼ੁਰੂ ਵਿਚ ਹੀ ਦੇਣਾ ਜ਼ਰੂਰੀ ਸਮਝਦੇ ਹਾਂ। ਸਾਡੀ ਇੱਛਾ ਹੈ ਕਿ ਇਹ ਰਿਕਾਰਡ ਵਿਚ ਰੱਖਿਆ ਜਾਵੇ।

ਅਸੀਂ ਮੁਕੱਦਮੇ ਦੀ ਕਾਰਵਾਈ ਵਿਚ ਕੋਈ ਹਿੱਸਾ ਨਹੀਂ ਲੈਣਾ ਚਾਹੁੰਦੇ ਕਿਉਂਕਿ ਅਸੀਂ ਇਸ ਸਰਕਾਰ ਨੂੰ ਨਾ ਤਾਂ ਇਨਸਾਫ਼ 'ਤੇ ਆਧਾਰਤ ਸਮਝਦੇ ਹਾਂ ਤੇ ਨਾ ਹੀ ਕਾਨੂੰਨੀ ਤੌਰ 'ਤੇ ਸਥਾਪਤ ਹੋਈ। ਸਾਡਾ ਵਿਸ਼ਵਾਸ ਹੈ ਅਤੇ ਅਸੀਂ ਇਥੇ ਐਲਾਨ ਕਰਦੇ ਹਾਂ ਕਿ 'ਸਾਰੀ ਸੱਤਾ ਦਾ ਆਧਾਰ ਮਨੁੱਖ ਹੈ, ਕੋਈ ਵਿਅਕਤੀ ਜਾਂ ਸਰਕਾਰ ਕਿਸੇ ਉਸ ਕਿਸਮ ਦੀ ਸ਼ਕਤੀ ਦੀ ਹੱਕਦਾਰ ਨਹੀਂ ਹੈ, ਜੋ ਜਨਤਾ ਨੇ ਉਨ੍ਹਾਂ ਨੂੰ ਨਾ ਦਿੱਤੀ ਹੋਵੇ।' ਕਿਉਂਕਿ ਇਹ ਸਰਕਾਰ ਇਨ੍ਹਾਂ ਅਸੂਲਾਂ ਦੇ ਉਲਟ ਹੈ, ਇਸ ਕਰਕੇ ਇਸਦੀ ਹੋਂਦ ਹੀ ਉਚਿਤ ਨਹੀਂ ਹੈ। ਅਜਿਹੀਆਂ ਸਰਕਾਰਾਂ, ਜੋ ਕੌਮਾਂ ਦੀ ਲੁੱਟ ਲਈ ਜਥੇਬੰਦ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਤਲਵਾਰ ਦੇ (ਵਹਿਸ਼ੀ ਤਾਕਤ ਦੇ) ਆਧਾਰ ਬਗ਼ੈਰ ਹੋਰ ਕੋਈ ਆਧਾਰ ਕਾਇਮ ਰਹਿਣ ਲਈ ਨਹੀਂ ਹੁੰਦਾ ਹੈ। ਇਸੇ ਕਰਕੇ ਵਹਿਸ਼ੀ ਤਾਕਤ ਨਾਲ ਉਹ ਮੁਕਤੀ ਤੇ ਆਜ਼ਾਦੀ ਵਾਲੇ ਵਿਚਾਰ ਅਤੇ ਲੋਕਾਂ ਦੀਆਂ ਜਾਇਜ਼ ਇੱਛਾਵਾਂ ਨੂੰ ਕੁਚਲਦੀ ਹੈ।

ਸਾਡਾ ਵਿਸ਼ਵਾਸ ਹੈ ਕਿ ਅਜਿਹੀਆਂ ਸਾਰੀਆਂ ਸਰਕਾਰਾਂ ਤੇ ਖ਼ਾਸ ਕਰਕੇ ਅੰਗਰੇਜ਼ੀ ਸਰਕਾਰ, ਜੋ ਕਿ ਬੇਸਹਾਰਾ ਤੇ ਗ਼ੈਰ ਰਜ਼ਾਮੰਦ ਭਾਰਤੀ ਕੌਮ 'ਤੇ ਠੋਸੀ ਗਈ ਹੈ, ਗੁੰਡੇ, ਡਾਕੂਆਂ ਦਾ ਗਰੋਹ ਹੈ ਅਤੇ ਲੁਟੇਰਿਆਂ ਦਾ ਟੋਲਾ ਹੈ, ਜਿਸ ਨੇ ਕਤਲੇਆਮ ਕਰਨ ਅਤੇ ਲੋਕਾਂ ਨੂੰ ਉਜਾੜਨ ਲਈ ਸਭ ਤਰ੍ਹਾਂ ਦੀਆਂ ਤਾਕਤਾਂ ਇਕੱਠੀਆਂ ਕੀਤੀਆਂ ਹੋਈਆਂ ਹਨ। 'ਅਮਨ ਕਾਨੂੰਨ' ਦੇ ਨਾਂ ਹੇਠ ਇਹ ਆਪਣੀ ਮੁਖ਼ਾਲਫਤ ਕਰਨ ਜਾਂ ਭੇਤ ਖੋਲ੍ਹਣ ਵਾਲੇ ਨੂੰ ਕੁਚਲ ਦਿੰਦੇ ਹਨ।

ਸਾਡਾ ਵਿਸ਼ਵਾਸ ਹੈ ਕਿ ਸਾਮਰਾਜਵਾਦ ਇਕ ਵੱਡੀ ਡਾਕੇ ਮਾਰਨ ਦੀ ਸਾਜ਼ਿਸ਼ ਤੋਂ ਬਗ਼ੈਰ ਹੋਰ ਕੁਝ ਨਹੀਂ। ਸਾਮਰਾਜਵਾਦ ਮਨੁੱਖ ਦੇ ਹੱਥੋਂ ਮਨੁੱਖ ਦੀ ਅਤੇ ਕੌਮ ਦੇ ਹੱਥੋਂ ਕੌਮ ਦੀ ਲੁੱਟ ਦਾ ਸਿਖਰ ਹੈ। ਸਾਮਰਾਜਵਾਦੀ (ਵਿਦੇਸ਼ੀ ਰਾਜ ਠੋਸਣ ਵਾਲੇ) ਆਪਣੇ ਹਿਤਾਂ, ਤੇ ਲੁੱਟਣ ਦੀਆਂ ਸਕੀਮਾਂ ਨੂੰ ਪੂਰੇ ਕਰਨ ਲਈ, ਨਾ ਸਿਰਫ਼ ਅਦਾਲਤੀ ਤੇ ਕਾਨੂੰਨੀ ਤਾਕਤ ਕਰਦੇ ਹਨ, ਸਗੋਂ ਵੱਡੇ-ਵੱਡੇ ਕਤਲੇਆਮ ਵੀ ਰਚਾਉਂਦੇ ਹਨ। ਆਪਣੀ ਲੁੱਟ ਨੂੰ ਪੂਰਾ ਕਰਨ ਲਈ ਜੰਗ ਵਰਗੇ ਖੌਫ਼ਨਾਕ ਜੁਰਮ ਵੀ ਕਰਦੇ ਹਨ। ਜੇ ਕਿਤੇ ਉਨ੍ਹਾਂ ਦੀਆਂ ਨਾਦਰਸ਼ਾਹੀ ਲੋਟੂ ਮੰਗਾਂ ਨੂੰ ਨਾ ਮੰਨਣ ਜਾਂ ਚੁੱਪਚਾਪ ਉਨ੍ਹਾਂ ਦੀਆਂ ਤਬਾਹਕੁੰਨ ਤੇ ਨਫ਼ਰਤਯੋਗ ਸਾਜ਼ਿਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦੇਣ ਤਾਂ ਉਹ ਬੇਗੁਨਾਹਾਂ ਦਾ ਖ਼ੂਨ ਵਹਾਉਣ ਤੋਂ ਸੰਕੋਚ ਨਹੀਂ ਕਰਦੇ। ਕਾਨੂੰਨ ਤੇ ਅਮਨ ਦੀ ਆੜ ਹੇਠ, ਉਹ ਅਮਨ ਭੰਗ ਕਰਦੇ ਹਨ, ਹਫੜਾ-ਦਫੜੀ ਮਚਾਉਂਦੇ ਹਨ, ਲੋਕਾਂ ਨੂੰ ਜਾਨੋਂ ਮਾਰਦੇ ਅਤੇ ਹਰ ਸੰਭਵ ਜ਼ੁਲਮ ਕਰਦੇ ਹਨ।

ਸਾਡਾ ਵਿਸ਼ਵਾਸ ਹੈ ਕਿ ਆਜ਼ਾਦੀ ਸਭ ਮਨੁੱਖਾਂ ਦਾ ਅਮਿੱਟ ਹੱਕ ਹੈ। ਹਰ ਮਨੁੱਖ ਨੂੰ ਆਪਣੀ ਮਿਹਨਤ ਦਾ ਫਲ ਮਾਨਣ ਦਾ ਹਰ ਹੱਕ ਹੈ। ਤੇ ਹਰ ਕੌਮ ਆਪਣੇ ਬੁਨਿਆਦੀ ਕੁਦਰਤੀ ਸਾਧਨਾਂ ਦੀ ਪੂਰੀ ਮਾਲਕ ਹੈ। ਜੇ ਕੋਈ ਸਰਕਾਰ, ਜਨਤਾ ਨੂੰ, ਉਨ੍ਹਾਂ ਦੇ ਇਨ੍ਹਾਂ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਰੱਖਦੀ ਹੈ ਤਾਂ ਲੋਕਾਂ ਦਾ ਕੇਵਲ ਹੱਕ ਹੀ ਨਹੀਂ, ਸਗੋਂ ਜ਼ਰੂਰੀ ਫਰਜ਼ ਹੈ ਕਿ ਅਜਿਹੀ



Sri Satguru Jagjit Singh Ji Elibrary NamdhariElibrary@gmail.com

ਸਰਕਾਰ ਨੂੰ ਤਬਾਹ ਕਰ ਦੇਣ। ਕਿਉਂਕਿ ਬਰਤਾਨਵੀ ਸਰਕਾਰ ਇਨ੍ਹਾਂ ਅਸੂਲਾਂ, ਜਿਨ੍ਹਾਂ ਵਾਸਤੇ ਅਸੀਂ ਲੜ ਰਹੇ ਹਾਂ, ਦੇ ਬਿਲਕੁਲ ਉਲਟ ਹੈ, ਇਸ ਲਈ ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਹਰ ਕੋਸ਼ਿਸ਼ ਤੇ ਹਰ ਅਪਣਾਇਆ ਤਰੀਕਾ, ਜਿਸ ਰਾਹੀਂ ਇਨਕਲਾਬ ਲਿਆਂਦਾ ਜਾ ਸਕੇ ਤੇ ਇਸ ਸਰਕਾਰ ਦਾ ਮਲੀਆਮੇਟ ਕੀਤਾ ਜਾ ਸਕੇ, ਉਹ ਨੈਤਿਕ ਤੌਰ 'ਤੇ ਜਾਇਜ਼ ਹੈ। ਅਸੀਂ ਵਰਤਮਾਨ ਢਾਂਚੇ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਪੱਖਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿਚ ਹਾਂ। ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਇਕ ਨਵੇਂ ਨਰੋਏ ਸਮਾਜ ਵਿਚ ਬਦਲਿਆ ਜਾਵੇ। ਇਸ ਤਰ੍ਹਾਂ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿਚ ਪੂਰੀ ਆਜ਼ਾਦੀ ਯਕੀਨੀ ਬਣਾਈ ਜਾਵੇ। ਅਸੀਂ ਮਹਿਸੂਸ ਕਰਦੇ ਹਾਂ ਕਿ ਜਿੰਨਾ ਚਿਰ ਸਮਾਜਿਕ ਢਾਂਚਾ ਬਦਲਿਆ ਨਹੀਂ ਜਾਂਦਾ ਤੇ ਉਸ ਦੀ ਥਾਂ ਸਮਾਜਵਾਦੀ ਸਮਾਜ ਸਥਾਪਤ ਨਹੀਂ ਹੁੰਦਾ, ਸਾਰੀ ਦੁਨੀਆ ਇਕ ਤਬਾਹਕੁੰਨ ਪਰਲੋ ਦੇ ਖ਼ਤਰੇ ਹੇਠ ਰਹੇਗੀ।

ਜਿਥੋਂ ਤਕ, ਸ਼ਾਂਤੀਪੂਰਨ ਜਾਂ ਦੂਸਰੇ ਤਰੀਕੇ ਰਾਹੀਂ ਇਨਕਲਾਬੀ ਆਦਰਸ਼ਾਂ ਨੂੰ ਸਥਾਪਤ ਕਰਨ ਦਾ ਸਬੰਧ ਹੈ, ਅਸੀਂ ਐਲਾਨ ਕਰਦੇ ਹਾਂ ਕਿ ਇਸ ਨੂੰ ਚੁਣਨ ਦੀ ਖੁੱਲ੍ਹ ਵਕਤ ਦੇ ਹਾਕਮਾਂ ਦੀ ਮਰਜ਼ੀ 'ਤੇ ਨਿਰਭਰ ਹੈ। ਇਨਕਲਾਬੀ, ਆਪਣੇ ਮਨੁੱਖੀ ਪਿਆਰ ਦੇ ਗੁਣਾਂ ਕਰਕੇ ਮਨੁੱਖ ਦੇ ਪੁਜਾਰੀ ਹਨ। ਇਕ ਸਦੀਵੀ ਤੇ ਸੱਚੇ ਅਮਨ ਨੂੰ ਚਾਹੁੰਦੇ ਹਨ ਜਿਸ ਦੀਆਂ ਨੀਹਾਂ ਇਨਸਾਫ਼ ਅਤੇ ਬਰਾਬਰੀ 'ਤੇ ਟਿਕੀਆਂ ਹੋਣ। ਅਸੀਂ ਝੂਠ ਤੇ ਵਿਖਾਵੇ ਭਰੇ ਅਮਨ ਦੇ ਹਾਮੀ ਨਹੀਂ, ਜਿਹੜਾ ਬੁਜ਼ਦਿਲੀ ਤੋਂ ਉਪਜਦਾ ਹੈ ਅਤੇ ਨੇਜ਼ਿਆਂ ਤੇ ਬੰਦੂਕਾਂ ਦੇ ਸਹਾਰੇ ਜਿਉਂਦਾ ਹੈ।...."

ਜੋ ਇਨਕਲਾਬੀ ਬੰਬਾਂ ਅਤੇ ਪਿਸਤੌਲਾਂ ਦਾ ਸਹਾਰਾ ਲੈਂਦਾ ਹੈ ਤਾਂ ਇਹ ਅੰਤ ਦੀ ਲੋੜ ਵਿਚੋਂ ਹੁੰਦਾ ਹੈ ਅਤੇ ਆਖ਼ਰੀ ਦਾਅਵੇ ਦੇ ਤੌਰ 'ਤੇ।

ਸਾਡਾ ਵਿਸ਼ਵਾਸ ਹੈ ਕਿ,

'ਅਮਨ ਕਾਨੂੰਨ' ਮਨੁੱਖ ਵਾਸਤੇ ਹੈ ਨਾ ਕਿ ਮਨੁੱਖ 'ਅਮਨ ਕਾਨੂੰਨ' ਵਾਸਤੇ।

ਇਨਕਲਾਬੀ ਫ਼ਰਾਂਸ ਦੇ ਉਚ ਨਿਆਂਕਾਰ ਦਾ ਕਹਿਣਾ ਠੀਕ ਹੈ ਕਿ 'ਕਾਨੂੰਨ ਦਾ ਅੰਤਲਾ ਭਾਵ ਆਜ਼ਾਦੀ ਨੂੰ ਖ਼ਤਮ ਕਰਨਾ ਜਾਂ ਰੋਕ ਲਾਉਣਾ ਨਹੀਂ ਹੈ, ਸਗੋਂ ਆਜ਼ਾਦੀ ਨੂੰ ਮਹਿਫੂਜ਼ ਕਰਨਾ ਅਤੇ ਅੱਗੇ ਵਧਾਉਣਾ ਹੈ। ਸਰਕਾਰ ਚਲਾਉਣ ਲਈ ਕਾਨੂੰਨੀ ਤਾਕਤ ਢੰਗ ਸਾਰ ਬਣਾਏ ਕਾਨੂੰਨਾਂ ਤੋਂ ਮਿਲੇਗੀ, ਜੋ ਸਿਰਫ਼ ਸਾਂਝੇ ਹਿਤ ਲਈ ਬਣਾਏ ਗਏ ਹੋਣ ਅਤੇ ਉਨ੍ਹਾਂ ਲੋਕਾਂ ਦੀ ਮਰਜ਼ੀ 'ਤੇ ਆਧਾਰਤ ਹੋਣ, ਜਿਨ੍ਹਾਂ ਵਾਸਤੇ ਇਹ ਬਣਾਏ ਗਏ ਹਨ। ਇਸ ਤੋਂ ਵਿਧਾਨਕਾਰਾਂ ਸਮੇਤ ਕੋਈ ਵੀ ਬਾਹਰ ਨਹੀਂ ਹੋ ਸਕਦਾ।"

ਕਾਨੂੰਨ ਦੀ ਪਾਵਨਤਾ ਉਦੋਂ ਤਕ ਹੀ ਰੱਖੀ ਜਾ ਸਕਦੀ ਹੈ, ਜਦ ਤਕ ਲੋਕਾਂ ਦੀ ਵਿਲ ਯਾਨੀ ਇਰਾਦੇ ਦਾ ਉਹ ਇਜ਼ਹਾਰ ਕਰਦੇ ਹਨ। ਜਦ ਇਹ ਲੁਟੇਰੀ ਜਮਾਤ ਦੇ ਹੱਥ ਵਿਚ ਇਕ ਯੰਤਰ ਬਣ ਜਾਂਦਾ ਹੈ ਤਾਂ ਆਪਣੀ ਪਾਵਨਤਾ ਅਤੇ ਮਹੱਤਤਾ ਖੋਹ ਬੈਠਦਾ ਹੈ। ਇਨਸਾਫ਼ ਦੇਣ ਲਈ ਮੁਢਲੀ ਗੱਲ ਇਹ ਹੈ ਕਿ ਹਰ ਤਰ੍ਹਾਂ ਦੇ ਮੁਫਾਦ ਯਾ ਹਿਤ ਦਾ ਖ਼ਾਤਮਾ ਹੋਣਾ ਚਾਹੀਦਾ ਹੈ, ਜਿਵੇਂ ਕਿ ਕਾਨੂੰਨ ਆਮ ਸਮਾਜਿਕ ਲੋੜ ਦੀ ਪੂਰਤੀ ਬੰਦ ਕਰ ਦਿੰਦਾ ਹੈ, ਇਹ ਜ਼ੁਲਮ ਤੇ ਬੇਇਨਸਾਫ਼ੀ ਨੂੰ ਅੱਗੇ ਵਧਾਉਣ ਦਾ ਹਥਕੰਡਾ ਬਣ ਜਾਂਦਾ ਹੈ। ਅਜਿਹੇ ਕਾਨੂੰਨ ਨੂੰ ਲਾਗੂ ਰੱਖਣਾ ਸਾਂਝੇ ਹਿਤ 'ਤੇ ਖਾਸ ਹਿਤ ਦੀ ਦੰਭੀ ਜੋਰ ਜਬਰੀ ਦੇ ਸਵਾਏ ਹੋਰ ਕੁਝ ਨਹੀਂ ਹੈ।

ਮੌਜੂਦਾ ਸਰਕਾਰ ਦੇ ਕਾਨੂੰਨ ਵਿਦੇਸ਼ੀ ਰਾਜ ਦੇ ਹਿਤ ਲਈ ਚਲਾਏ ਜਾਂਦੇ ਹਨ ਅਤੇ ਸਾਡੇ ਲੋਕਾਂ ਦੇ ਹਿਤ ਦੇ ਉਲਟ ਹਨ। ਇਸ ਲਈ ਇਨ੍ਹਾਂ ਦੀ ਸਾਡੇ 'ਤੇ ਕਿਸੇ ਕਿਸਮ ਦੀ ਵੀ ਸਦਾਚਾਰਕਤਾ ਲਾਗੂ ਨਹੀਂ ਹੁੰਦੀ।



Sri Satguru Jagjit Singh Ji Elibrary NamdhariElibrary@gmail.com

ਇਸੇ ਕਰਕੇ ਹਰ ਭਾਰਤੀ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਲਲਕਾਰੇ ਅਤੇ ਇਨ੍ਹਾਂ ਦੀ ਉਲੰਘਣਾ ਕਰੇ। ਅੰਗਰੇਜ਼ ਅਦਾਲਤਾਂ, ਜੋ ਲੁੱਟ ਦੀ ਮਸ਼ੀਨ ਦੇ ਪੁਰਜ਼ੇ ਹਨ, ਇਨਸਾਫ਼ ਨਹੀਂ ਦੇ ਸਕਦੀਆਂ, ਖਾਸ ਕਰਕੇ ਰਾਜਨੀਤਕ ਕੇਸਾਂ ਵਿਚ, ਜਿਥੇ ਸਰਕਾਰ ਅਤੇ ਲੋਕਾਂ ਦੇ ਹਿਤਾਂ ਦੀ ਟੱਕਰ ਹੈ। ਅਸੀਂ ਜਾਣਦੇ ਹਾਂ ਕਿ ਇਹ ਅਦਾਲਤਾਂ ਸਿਵਾਏ ਇਨਸਾਫ਼ ਦੇ ਸਵਾਂਗ ਦੇ ਹੋਰ ਕੁਝ ਨਹੀਂ ਹਨ।

ਇਨ੍ਹਾਂ ਕਾਰਨਾਂ ਕਰਕੇ, ਅਸੀਂ ਇਸ ਮਜ਼ਾਕੀਆ ਢਕੌਂਸਲੇ ਵਿਚ ਹਿੱਸੇਦਾਰ ਬਣਨ ਤੋਂ ਇਨਕਾਰੀ ਹਾਂ ਅਤੇ ਇਸ ਮੁਕੱਦਮੇ ਦੀ ਕਾਰਵਾਈ ਵਿਚ ਹਿੱਸਾ ਨਹੀਂ ਲਵਾਂਗੇ।

5.5. 1930

ਜੱਜ ਨੇ ਨੋਟ ਕੀਤਾ : ਇਹ ਰਿਕਾਰਡ ਵਿਚ ਰੱਖਿਆ ਜਾਵੇ, ਪਰ ਇਸ ਦੀ ਨਕਲ ਨਾ ਦਿੱਤੀ ਜਾਵੇ ਕਿਉਂਕਿ ਇਸ ਵਿਚ ਕੁਝ ਅਣਚਾਹੀਆਂ ਗੱਲਾਂ ਲਿਖਤ ਹਨ।

* * *

## 82. ਖ਼ਾਸ ਟ੍ਰਿਬਿਊਨਲ ਦੇ ਦੁਬਾਰਾ ਸੰਗਠਿਤ ਕਰਨ 'ਤੇ ਖ਼ਤ

*—ਜੂਨ, 1930*

(ਜਿਵੇਂ ਤੁਸੀਂ ਪੜ੍ਹਿਆ ਹੈ ਕਿ ਅੰਗਰੇਜ਼ ਸਰਕਾਰ ਨੇ ਕੇਸ ਨੂੰ ਜਲਦੀ-ਜਲਦੀ ਨਿਪਟਾਉਣ ਲਈ 1 ਮਈ, 1930 ਨੂੰ ਖਾਸ ਟ੍ਰਿਬਿਊਨਲ ਬਣਾਉਣ ਲਈ ਆਰਡੀਨੈਂਸ ਜਾਰੀ ਕੀਤਾ, ਜਿਸ ਦਾ ਭਗਤ ਸਿੰਘ ਵਲੋਂ ਜਵਾਬ ਵੀ ਤੁਸੀਂ 79ਵੀਂ ਦਸਤਾਵੇਜ਼ ਵਿਚ ਪੜ੍ਹ ਚੁੱਕੇ ਹੋ। ਜੱਜ ਜੇ. ਕੋਲਡ ਸਟਰੀਮ (ਚੇਅਰਮੈਨ), ਜੱਜ ਆਗਾ ਹੈਦਰ ਅਤੇ ਜੱਜ ਜੀ.ਸੀ. ਹਿਲਟਨ ਇਸ ਟ੍ਰਿਬਿਊਨਲ ਦੇ ਮੈਂਬਰ ਸਨ। 5 ਮਈ ਨੂੰ ਕਾਰਵਾਈ ਸ਼ੁਰੂ ਹੋਈ। ਪੁਨਛ ਹਾਊਸ ਨੂੰ ਅਦਾਲਤ ਦੇ ਤੌਰ 'ਤੇ ਵਰਤਿਆ ਗਿਆ। ਸਾਰੇ 'ਅਪਰਾਧੀ' ਅਦਾਲਤ ਵਿਚ ਇਨਕਲਾਬੀ ਗੀਤ ਗਾਉਂਦੇ ਅਤੇ ਇਨਕਲਾਬੀ ਨਾਅਰੇ ਲਾਉਂਦੇ ਹੋਏ ਆਏ। 'ਇਨਕਲਾਬ ਜ਼ਿੰਦਾਬਾਦ', 'ਸਾਮਰਾਜ ਮੁਰਦਾਬਾਦ', 'ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ'। ਭਗਤ ਸਿੰਘ ਨੇ ਨੁਕਤਾ ਉਠਾਇਆ ਕਿ ਉਨ੍ਹਾਂ ਨੂੰ 15 ਦਿਨ ਦਾ ਸਮਾਂ ਦਿੱਤਾ ਜਾਵੇ ਤਾਂ ਕਿ ਟ੍ਰਿਬਿਊਨਲ ਦੇ ਗ਼ੈਰ ਕਾਨੂੰਨੀ ਹੋਣ ਬਾਰੇ ਦਲੀਲਾਂ ਪੇਸ਼ ਕੀਤੀਆਂ ਜਾ ਸਕਣ। ਪਰ ਇਹ ਗੱਲ ਨਾ ਮੰਨੀ ਗਈ। 24 ਇਨਕਲਾਬੀਆਂ ਦੇ ਨਾਂ ਮੁਕੱਦਮਾ ਚਲਾਉਣ ਵਾਸਤੇ ਪੇਸ਼ ਕੀਤੇ ਗਏ, ਜਿਨ੍ਹਾਂ ਵਿਚੋਂ 16 'ਤੇ ਕੇਸ ਚੱਲਿਆ। ਬਾਅਦ ਵਿਚ ਬੀ.ਕੇ. ਦੱਤ ਦੇ ਵਿਰੁੱਧ ਕੇਸ ਵਾਪਸ ਲੈ ਲਿਆ ਗਿਆ। ਜਿਨ੍ਹਾਂ 'ਤੇ ਮੁਕੱਦਮਾ ਸ਼ੁਰੂ ਕੀਤਾ ਗਿਆ, ਉਹ ਸਨ ਸੁਖਦੇਵ, ਭਗਤ ਸਿੰਘ, ਕਿਸ਼ੋਰੀ ਲਾਲ, ਦੇਸ ਰਾਜ, ਪ੍ਰੇਮ ਦੱਤ, ਜੈ ਦੇਵ ਕਪੂਰ, ਸ਼ਿਵ ਵਰਮਾ, ਮਹਾਂਬੀਰ ਸਿੰਘ, ਜਤਿੰਦਰ ਨਾਥ ਦਾਸ, ਅਜੇ ਕੁਮਾਰ ਘੋਸ਼, ਜਤਿੰਦਰ ਸਾਨਿਆਲ, ਵਿਜੈ ਕੁਮਾਰ ਸਿਨ੍ਹਾ, ਸ਼ਿਵਰਾਮ ਰਾਜਗੁਰੂ, ਕੁੰਦਨ ਲਾਲ, ਕਮਲ ਨਾਥ ਤਿਵਾੜੀ। ਭਗਤ ਸਿੰਘ ਨੇ ਵਕੀਲ ਕਰਨ ਤੋਂ ਇਨਕਾਰ ਕਰ ਦਿੱਤਾ। ਦੂਸਰੇ ਜਿਨ੍ਹਾਂ ਸਾਥੀਆਂ ਨੇ ਇਹੀ ਕੀਤਾ ਤੇ ਬਿਆਨ ਦਿੱਤਾ ਉਹ ਤੁਸੀਂ 81ਵੀਂ ਦਸਤਾਵੇਜ਼ ਵਿਚ ਪੜ੍ਹ ਆਏ ਹੋ। 12 ਮਈ, 1930 ਨੂੰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਹੱਥਕੜੀਆਂ ਲਾ ਕੇ ਲਿਆਂਦੇ ਗਏ, ਉਨ੍ਹਾਂ ਹੱਥਕੜੀਆਂ ਨਾ ਖੋਲ੍ਹਣ ਦੇ ਖ਼ਿਲਾਫ ਰੋਸ ਵਜੋਂ ਬੱਸਾਂ ਵਿਚੋਂ ਉਤਰਨ ਤੋਂ ਇਨਕਾਰ ਕਰ ਦਿੱਤਾ। ਟ੍ਰਿਬਿਊਨਲ ਦੇ ਚੇਅਰਮੈਨ ਨੇ ਜਬਰੀ ਉਤਾਰਨ ਦਾ ਹੁਕਮ ਦਿੱਤਾ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਅਦਾਲਤ ਦਾ ਬਾਈਕਾਟ ਕਰ ਦਿੱਤਾ। ਭਾਵੇਂ ਦੁਪਹਿਰ ਦੇ ਖਾਣੇ ਲਈ ਹੱਥਕੜੀ ਖੋਲ੍ਹੀ ਗਈ ਸੀ ਪਰ ਬਾਅਦ ਦੁਪਹਿਰ ਦੁਬਾਰਾ ਹੱਥਕੜੀਆਂ ਲਗਾਉਣ ਦਾ ਹੁਕਮ ਦਿੱਤਾ ਗਿਆ, ਜਿਸਦਾ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਵਿਰੋਧ ਕੀਤਾ। ਚੇਅਰਮੈਨ ਨੇ ਭਾਰਤੀਆਂ ਨੂੰ ਗਾਲੀ ਦੇ ਕੇ ਭਗਤ ਸਿੰਘ ਨੂੰ ਲਾਠੀਆਂ ਨਾਲ ਕੁੱਟਣ ਦਾ ਹੁਕਮ ਦਿੱਤਾ।



Sri Satguru Jagjit Singh Ji Elibrary NamdhariElibrary@gmail.com

ਅਦਾਲਤ ਵਿਚ ਅਖ਼ਬਾਰੀ ਨੁਮਾਇੰਦਿਆਂ ਅਤੇ ਪਬਲਿਕ ਸਾਹਮਣੇ ਲਾਠੀਆਂ ਤੇ ਬੂਟਾਂ ਨਾਲ ਮਾਰਿਆ ਗਿਆ। ਭਗਤ ਸਿੰਘ ਨੇ ਭਾਰਤੀਆਂ ਨੂੰ ਭੈੜਾ ਕਹਿਣ 'ਤੇ ਇਤਰਾਜ਼ ਕਰਦੇ ਹੋਏ ਜੱਜ ਆਗਾ ਹੈਦਰ ਦੇ ਭਾਰਤੀ ਹੋਣ ਬਾਰੇ ਸਵਾਲ ਕੀਤਾ ਅਤੇ ਸਵਾਲ ਉਠਾਇਆ ਕਿ ਅਜਿਹੀ ਮਾਨਸਿਕ ਹਾਲਤ ਵਾਲੇ ਜੱਜ ਇਨਸਾਫ਼ ਕਿਵੇਂ ਦੇ ਸਕਦੇ ਹਨ? ਜੱਜ ਆਗਾ ਹੈਦਰ ਨੇ ਦਿਨ ਦੀ ਕਾਰਵਾਈ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਘਟਨਾ ਤੇ ਦੁਨੀਆ ਭਰ ਵਿਚ ਚਰਚਾ ਹੋਈ। ਸਾਰੇ ਭਾਰਤ ਵਿਚ ਭਗਤ ਸਿੰਘ ਦਿਨ ਮਨਾਇਆ ਗਿਆ। ਜਿਸਦੇ ਨਤੀਜੇ ਦੇ ਤੌਰ 'ਤੇ ਜੱਜ ਕੋਲਡ ਸਟਰੀਮ ਨੂੰ ਲੰਬੀ ਛੁੱਟੀ ਜਾਣਾ ਪਿਆ ਅਤੇ 21 ਜੂਨ, 1930 ਨੂੰ ਟ੍ਰਿਬਿਊਨਲ ਨੇ ਨਵੇਂ ਸਿਰੇ ਤੋਂ ਸੰਗਠਿਤ ਕੀਤਾ ਗਿਆ। ਹੁਣ ਜੱਜ ਜੀ.ਸੀ. ਹਿਲਟਨ ਨੂੰ ਚੇਅਰਮੈਨ ਗਿਆ। ਹੁਣ ਜੱਜ ਜੀ.ਸੀ. ਹਿਲਟਨ ਨੂੰ ਚੇਅਰਮੈਨ ਬਣਾਇਆ ਅਤੇ ਨਵੇਂ ਜੱਜ ਜੇ.ਕੇ. ਟੈਪ ਅਤੇ ਜੱਜ ਅਬਦੁਲ ਕਾਦਰ ਨਿਯੁਕਤ ਕੀਤੇ ਗਏ।

ਇਸ ਉੱਤੇ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਇਹ ਚਿੱਠੀ ਲਿਖ ਕੇ ਆਪਣੇ ਵਿਚਾਰਾਂ ਦਾ ਇਜ਼ਹਾਰ ਕੀਤਾ : ਸੰਪਾਦਕ)

* * *

ਕਮਿਸ਼ਨਰ ਖ਼ਾਸ ਟ੍ਰਿਬਿਊਨਲ,
ਲਾਹੌਰ ਸਾਜ਼ਿਸ਼ ਕੇਸ, ਲਾਹੌਰ

ਸ਼੍ਰੀਮਾਨ ਜੀ,

ਜਦ ਕਿ ਟ੍ਰਿਬਿਊਨਲ ਦੇ ਦੋ ਜੱਜਾਂ ਨੂੰ ਹਟਾ ਦਿੱਤਾ ਗਿਆ ਹੈ ਜਾਂ ਹਟ ਗਏ ਹਨ ਅਤੇ ਦੋ ਨਵੇਂ ਜੱਜ ਉਨ੍ਹਾਂ ਦੀ ਥਾਂ ਨਿਯੁਕਤ ਕਰ ਦਿੱਤੇ ਗਏ ਹਨ। ਅਸੀਂ ਆਪਣਾ ਬਿਆਨ ਦਰਜ ਕਰਨਾ ਜ਼ਰੂਰੀ ਸਮਝਦੇ ਹਾਂ ਤਾਂ ਕਿ ਅਸੀਂ ਆਪਣਾ ਪੱਖ ਸਾਫ਼ ਕਰ ਸਕੀਏ ਅਤੇ ਕਿਸੇ ਕਿਸਮ ਦੀ ਗ਼ਲਤ ਫ਼ਹਿਮੀ ਪੈਦਾ ਹੋਣ ਤੋਂ ਬਚਾਅ ਕੀਤਾ ਜਾ ਸਕੇ।

12 ਮਈ, 1930 ਨੂੰ ਇਕ ਅਦਾਲਤੀ ਹੁਕਮ ਜੱਜ ਕੋਲਡ ਸਟਰੀਮ, ਜੋ ਕਿ ਪ੍ਰਧਾਨ ਸੀ, ਨੇ ਪਾਸ ਕੀਤਾ ਸੀ, ਜਿਸਦੇ ਅੰਤਰਗਤ ਸਾਨੂੰ ਅਦਾਲਤ ਵਿਚ ਹੱਥਕੜੀਆਂ ਪਹਿਨਾਉਣ ਲਈ ਹੁਕਮ ਦਿੱਤਾ ਗਿਆ ਸੀ ਅਤੇ ਪੁਲਿਸ ਨੂੰ ਇਸ ਹੁਕਮ ਦੀ ਪਾਲਣਾ ਕਰਾਉਣ ਲਈ ਤਾਕਤ ਦਾ ਇਸਤੇਮਾਲ ਕਰਨ ਲਈ ਵੀ ਕਿਹਾ ਸੀ।

ਸਾਡੀ, ਅਦਾਲਤ ਤੋਂ ਇਸ ਇਕਦਮ ਤੇ ਅਸਾਧਾਰਨ ਹੁਕਮ ਦਾ ਕਾਰਨ ਦੱਸਣ ਦੀ ਬੇਨਤੀ ਨੂੰ ਸੁਣਨ ਦੀ ਵੀ ਖੇਚਲ ਨਹੀਂ ਕੀਤੀ ਗਈ ਸੀ। ਇਨ੍ਹਾਂ ਹਾਲਤਾਂ ਵਿਚ ਪੁਲਿਸ ਨੇ ਸਾਨੂੰ ਜ਼ਬਰਦਸਤੀ ਹੱਥਕੜੀਆਂ ਲਗਾਈਆਂ ਅਤੇ ਵਾਪਸ ਜੇਲ੍ਹ ਲੈ ਆਏ। ਅਗਲੇ ਦਿਨ ਤਿੰਨਾਂ ਵਿਚੋਂ ਇਕ ਜੱਜ ਆਗਾ ਹੈਦਰ ਨੇ ਪ੍ਰਧਾਨ ਦੇ ਇਸ ਹੁਕਮ ਨਾਲੋਂ ਕੰਨੀਂ ਕਰ ਲਈ। ਉਸ ਦਿਨ ਤੋਂ ਅਸੀਂ ਅਦਾਲਤ ਵਿਚ ਨਹੀਂ ਜਾ ਰਹੇ।

ਜਿਨ੍ਹਾਂ ਸ਼ਰਤਾਂ 'ਤੇ ਅਸੀਂ ਅਦਾਲਤ ਵਿਚ ਆਉਣ ਨੂੰ ਤਿਆਰ ਹਾਂ, ਉਹ ਅਗਲੇ ਦਿਨ ਅਦਾਲਤ ਦੇ ਸਾਹਮਣੇ ਰੱਖੀਆਂ ਗਈਆਂ ਸਨ। ਸ਼ਰਤਾਂ ਸਨ ਕਿ ਪ੍ਰਧਾਨ ਮੁਆਫ਼ੀ ਮੰਗੇ ਜਾਂ ਫਿਰ ਉਸਨੂੰ ਬਦਲ ਦਿੱਤਾ ਜਾਵੇ, ਪਰ ਇਸਦਾ ਮਤਲਬ ਇਹ ਨਹੀਂ ਸੀ ਕਿ ਉਸਦੀ ਥਾਂ ਇਕ ਅਜਿਹੇ ਜੱਜ ਨੂੰ ਲਗਾ ਦਿੱਤਾ ਜਾਵੇ, ਜੋ ਉਸ ਹੁਕਮ ਦੇ ਵਿਚ ਹਿੱਸੇਦਾਰ ਸੀ।

ਪੰਜ ਹਫ਼ਤੇ ਤਕ ਅਪਰਾਧੀਆਂ ਦੇ ਸ਼ਿਕਵੇ ਨੂੰ ਧਿਆਨ ਗੋਚਰਾ ਹੀ ਨਹੀਂ ਕੀਤਾ ਗਿਆ।

ਹੁਣ ਵਾਲੀ ਟ੍ਰਿਬਿਊਨਲ ਦੀ ਬਣਤਰ ਦੇ ਵਿਚ ਦੋਵਾਂ ਪ੍ਰਧਾਨ ਅਤੇ ਦੂਸਰਾ ਜੱਜ, ਜੋ ਉਸ ਨਾਲ ਇਤਫ਼ਾਕ ਰਾਏ ਨਹੀਂ ਹੋਇਆ ਸੀ, ਨੂੰ ਬਦਲ ਕੇ ਦੋ ਨਵੇਂ ਜੱਜ ਲਗਾਏ ਗਏ ਹਨ। ਇਸ



Sri Satguru Jagjit Singh Ji Elibrary NamdhariElibrary@gmail.com

ਤਰ੍ਹਾਂ ਇਕ ਜੱਜ, ਜੋ ਉਸ ਹੁਕਮ ਵਿਚ ਹਿੱਸੇਦਾਰ ਸੀ, ਕਿਉਂਕਿ ਹੁਕਮ ਬਹੁਗਿਣਤੀ ਵਲੋਂ ਦਿੱਤਾ ਗਿਆ ਸੀ, ਨੂੰ ਟ੍ਰਿਬਿਊਨਲ ਦਾ ਪ੍ਰਧਾਨ ਬਣਾਇਆ ਗਿਆ ਹੈ। ਐਸੇ ਹਾਲਾਤ ਵਿਚ ਅਸੀ ਇਕ ਚੀਜ਼ 'ਤੇ ਜ਼ੋਰ ਨਾਲ ਕਹਿਣਾ ਚਾਹੁੰਦੇ ਹਾਂ ਕਿ ਸਾਡਾ ਜੱਜ ਕੋਲਡ ਸਟਰੀਮ ਦੇ ਨਿਜ ਨਾਲ ਕੋਈ ਗਿਲਾ ਨਹੀਂ ਸੀ, ਸਾਡੇ ਇਤਰਾਜ਼ ਦਾ ਕਾਰਨ ਤਾਂ ਜੱਜ ਕੋਲਡ ਸਟਰੀਮ ਵਲੋਂ ਪਾਸ ਕੀਤਾ ਬਹੁ-ਗਿਣਤੀ ਦਾ ਹੁਕਮ ਅਤੇ ਉਸਦੇ ਬਾਅਦ ਸਾਡੇ ਨਾਲ ਹੋਇਆ ਭੈੜਾ ਸਲੂਕ ਸੀ। ਜੱਜ ਕੋਲਡ ਸਟਰੀਮ ਤੇ ਜੱਜ ਹਮਿਲਟਨ ਦਾ ਅਸੀਂ ਸਤਿਕਾਰ ਕਰਦੇ ਹਾਂ ਜੋ ਇਕ ਆਦਮੀ ਵਲੋਂ ਦੂਸਰੇ ਆਦਮੀ ਦਾ ਕਰਨਾ ਚਾਹੀਦਾ ਹੈ ਅਤੇ ਸਾਡਾ ਰੋਸ ਇਕ ਖਾਸ ਹੁਕਮ ਦੇ ਉਲਟ ਸੀ, ਜਿਸ ਕਰਕੇ ਟ੍ਰਿਬਿਊਨਲ, ਜੋ ਉਸ ਹੁਕਮ ਦਾ ਜ਼ਿੰਮੇਵਾਰ ਹੈ, ਦੇ ਵਲੋਂ ਪ੍ਰਧਾਨ ਨੂੰ ਮੁਆਫ਼ੀ ਮੰਗਣ ਦੀ ਮੰਗ ਕੀਤੀ ਗਈ ਸੀ ; ਪ੍ਰਧਾਨ ਨੂੰ ਹਟਾ ਕੇ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਜੱਜ ਹੇਮਿਲਟਨ, ਜੋ ਕਿ ਉਸ ਦੇ ਹੁਕਮ ਦੇ ਵਿਚ ਹਿੱਸੇਦਾਰ ਸੀ, ਹੁਣ ਜੱਜ ਕੋਲਡ ਸਟਰੀਮ ਦੇ ਥਾਂ ਪ੍ਰਧਾਨਗੀ ਕਰ ਰਹੇ ਹਨ। ਅਸੀਂ ਤਾਂ ਸਿਰਫ਼ ਇਹ ਕਹਿ ਸਕਦੇ ਹਾਂ ਕਿ ਹੁਣ ਦੇ ਹਾਲਾਤ ਨੇ ਜ਼ਖ਼ਮਾਂ 'ਤੇ ਲੂਣ ਦਾ ਕੰਮ ਕੀਤਾ ਹੈ।

ਤੁਹਾਡੇ ਵਗੈਰਾ-ਵਗੈਰਾ
ਭਗਤ ਸਿੰਘ
ਬੀ.ਕੇ. ਦੱਤ

25 ਜੂਨ, 1930

***

## ਅਸੂਲ ਜ਼ਿੰਦਗੀ ਤੋਂ ਅਮੁੱਲੇ ਹਨ

*—4 ਅਕਤੂਬਰ, 1930*

20 ਸਤੰਬਰ, 1930 ਨੂੰ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਨੇ ਇਕ ਅਰਜ਼ੀ ਟ੍ਰਿਬਿਊਨਲ ਨੂੰ ਪੇਸ਼ ਕੀਤੀ, ਜਿਸ ਰਾਹੀਂ ਸਫਾਈ ਦੇਣ ਲਈ ਮੌਕਾ ਮੰਗਿਆ ਗਿਆ ਸੀ। ਸ. ਕਿਸ਼ਨ ਸਿੰਘ ਇਕ ਅਣਥੱਕ ਦੇਸ ਭਗਤ ਸਨ, ਪਰ ਲਾਹੌਰ ਸਾਜ਼ਿਸ਼ ਕੇਸ ਬਾਰੇ ਉਨ੍ਹਾਂ ਦੀ ਅਤੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਦੂਸਰੇ ਹਿਤੈਸ਼ੀਆਂ ਦਾ ਵਿਚਾਰ ਸੀ ਕਿ ਜਦ ਲੋਕ ਰਾਏ ਪੂਰੀ ਤਰ੍ਹਾਂ ਉੱਭਰੀ ਹੋਈ ਹੈ ਤਾਂ ਨਿਆਂ ਦੇ ਡਰਾਮੇ ਵਿਚ ਝਕਾਨੀ ਦੇ ਕੇ ਇਨਕਲਾਬੀਆਂ ਨੂੰ ਸ਼ਾਇਦ ਫ਼ਾਂਸੀ ਤੋਂ ਬਚਾਇਆ ਜਾ ਸਕਦਾ ਹੈ। ਪਰ ਭਗਤ ਸਿੰਘ ਤੇ ਉਸਦੇ ਸਾਥੀ ਬਿਲਕੁਲ ਵੱਖਰੀ ਨੀਤੀ 'ਤੇ ਚੱਲ ਰਹੇ ਸਨ। ਉਨ੍ਹਾਂ ਮੁਤਾਬਕ ਅੰਗਰੇਜ਼ ਸਰਕਾਰ ਬਦਲਾ ਲਊ ਨੀਤੀ 'ਤੇ ਚੱਲ ਰਹੀ ਹੈ ਤੇ ਨਿਆਂ ਦਾ ਢੰਕੋਚਲਾ ਰਚੀ ਬੈਠੀ ਹੈ। ਕੋਈ ਵੀ ਹੀਲਾ ਉਨ੍ਹਾਂ ਨੂੰ ਸਜ਼ਾ ਦੇਣ ਨੂੰ ਰੋਕ ਨਹੀਂ ਸਕੇਗਾ। ਅਗਰ ਥੋੜ੍ਹੀ ਵੀ ਕਮਜ਼ੋਰੀ ਦਿਖਾਈ ਤਾਂ ਲੋਕਾਂ ਦੀ ਚੇਤਨਾ ਵਿਚ ਪੈਦਾ ਕੀਤਾ ਇਨਕਲਾਬੀ ਸੋਚ ਦਾ ਬੀਜ ਸਥਾਈ ਥਾਂ ਨਹੀਂ ਪ੍ਰਾਪਤ ਕਰ ਸਕੇਗਾ। ਇਸ ਨੀਤੀ ਦੇ ਵਖਰੇਵੇਂ ਨੂੰ ਇਸ ਖ਼ਤ ਵਿਚ ਭਗਤ ਸਿੰਘ ਨੇ ਲਿਖਿਆ। ਸ. ਕਿਸ਼ਨ ਸਿੰਘ ਨੇ ਵੀ ਇਕ ਇਨਕਲਾਬੀ ਦੀ ਤਰ੍ਹਾਂ ਆਪਣੀ ਕਰੜੀ ਨੁਕਤਾਚੀਨੀ ਨੂੰ ਸਵੀਕਾਰ ਕਰਦੇ ਹੋਏ ਇਹ ਚਿੱਠੀ ਅਖ਼ਬਾਰਾਂ ਵਿਚ ਛਪਾਈ ਤਾਂ ਕਿ ਲੋਕਾਂ ਨੂੰ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਵਿਚਾਰਾਂ ਬਾਰੇ ਕੋਈ ਸ਼ੱਕ ਸ਼ੁਭਾ ਨਾ ਬਣੇ। ਇਹ ਚਿੱਠੀ 4 ਅਕਤੂਬਰ, 1930 ਨੂੰ ਲਿਖੀ ਗਈ ਕਿਉਂਕਿ 15 ਸਤੰਬਰ, 1930 ਤੋਂ ਮੁਲਾਕਾਤਾਂ ਦੇ ਬੰਦ ਕੀਤੇ ਜਾਣ ਕਰਕੇ ਇਹ ਜਾਣਕਾਰੀ ਕੁਝ ਪਛੜ ਕੇ ਭਗਤ ਸਿੰਘ ਨੂੰ ਮਿਲੀ। ਅਗਲੇ ਦਿਨ ਅਖ਼ਬਾਰਾਂ ਵਿਚ ਛਪ ਵੀ ਗਈ। 7 ਅਕਤੂਬਰ, 1930 ਨੂੰ ਫ਼ੈਸਲਾ ਵੀ ਸੁਣਾ ਦਿੱਤਾ ਗਿਆ।

***



Sri Satguru Jagjit Singh Ji Elibrary NamdhariElibrary@gmail.com

## 83. ਆਪਣੇ ਪਿਤਾ ਜੀ ਨੂੰ ਸ਼ਹੀਦ ਭਗਤ ਸਿੰਘ ਦਾ ਖ਼ਤ "ਅਸੂਲ ਜ਼ਿੰਦਗੀ ਤੋਂ ਅਮੁੱਲੇ ਹਨ"

*—4 ਅਕਤੂਬਰ, 1930*

ਪਿਆਰੇ ਪਿਤਾ ਜੀ,

ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਹੈ ਕਿ ਤੁਸਾਂ ਸਪੈਸ਼ਲ ਟ੍ਰਿਬਿਊਨਲ ਨੂੰ ਮੇਰੀ ਸਫਾਈ ਵਿਚ ਦਰਖਾਸਤ ਪੇਸ਼ ਕੀਤੀ ਹੈ। ਇਹ ਖ਼ਬਰ ਏਨੀ ਦੁਖਦਾਈ ਸੀ ਕਿ ਮੈ ਇਸ ਨੂੰ ਖ਼ਾਮੋਸ਼ ਬਰਦਾਸ਼ਤ ਨਹੀਂ ਕਰ ਸਕਦਾ। ਇਸ ਖ਼ਬਰ ਨੇ ਮੇਰੇ ਦਿਲ ਦੀ ਸਾਰੀ ਸ਼ਾਂਤੀ ਖ਼ਤਮ ਕਰ ਦਿੱਤੀ ਹੈ। ਮੈਂ ਇਹ ਨਹੀਂ ਸਮਝ ਸਕਦਾ ਕਿ ਮੌਜੂਦਾ ਹਾਲਾਤ ਵਿਚ ਅਤੇ ਇਸ ਮਰਹਲੇ 'ਤੇ ਤੁਸੀਂ ਕਿਵੇਂ ਇਸ ਕਿਸਮ ਦੀ ਦਰਖਾਸਤ ਦੇ ਸਕਦੇ ਹੋ।

ਤੁਹਾਡਾ ਪੁੱਤਰ ਹੋਣ ਦੇ ਨਾਤੇ ਮੈਂ ਤੁਹਾਡੇ ਵਾਲਦਾਨਾ ਜਜ਼ਬਿਆਂ ਦਾ ਪੂਰਾ ਇਹਤਰਾਮ ਕਰਦਾ ਹਾਂ। ਪਰ ਇਸ ਦੇ ਬਾਵਜੂਦ ਮੈਂ ਸਮਝਦਾ ਹਾਂ ਕਿ ਤੁਹਾਨੂੰ ਮੇਰੇ ਨਾਲ ਸਲਾਹ ਮਸ਼ਵਰਾ ਕੀਤੇ ਬਿਨਾਂ ਅਜਿਹੀ ਦਰਖਾਸਤ ਦੇਣ ਦਾ ਕੋਈ ਹੱਕ ਨਹੀਂ ਸੀ। ਤੁਸੀਂ ਜਾਣਦੇ ਹੋ ਕਿ ਸਿਆਸੀ ਖੇਤਰ ਵਿਚ ਮੇਰੇ ਖ਼ਿਆਲ ਤੁਹਾਡੇ ਨਾਲੋਂ ਬਹੁਤ ਵੱਖਰੇ ਹਨ। ਮੈਂ ਤੁਹਾਡੀ ਰਜ਼ਾਮੰਦੀ ਜਾਂ ਨਾ ਰਜ਼ਾਮੰਦੀ ਦਾ ਖ਼ਿਆਲ ਕੀਤੇ ਬਗ਼ੈਰ ਸਦਾ ਆਜ਼ਾਦਾਨਾ ਕੰਮ ਕਰਦਾ ਰਿਹਾ ਹਾਂ।

ਮੈਨੂੰ ਯਕੀਨ ਹੈ ਕਿ ਇਹ ਗੱਲ ਤੁਹਾਨੂੰ ਯਾਦ ਹੋਵੇਗੀ ਕਿ ਤੁਸੀਂ ਮੁੱਢ ਤੋਂ ਹੀ ਮੈਨੂੰ ਇਸ ਗੱਲ ਲਈ ਕਾਇਲ ਕਰਨ ਦੀ ਕੋਸ਼ਿਸ਼ ਕਰਦੇ ਰਹੇ ਕਿ ਮੈਂ ਆਪਣਾ ਮੁਕੱਦਮਾ ਸੰਜੀਦਗੀ ਨਾਲ ਲੜਾਂ ਅਤੇ ਆਪਣੀ ਸਫ਼ਾਈ ਬਾਕਾਇਦਾ ਪੇਸ਼ ਕਰਾਂ। ਪਰ ਤੁਹਾਨੂੰ ਇਹ ਵੀ ਪਤਾ ਹੈ ਕਿ ਮੈਂ ਸਦਾ ਇਸ ਦੀ ਵਿਰੋਧਤਾ ਕਰਦਾ ਰਿਹਾ ਹਾਂ ਮੈਂ ਕਦੀ ਵੀ ਸਫ਼ਾਈ ਪੇਸ਼ ਕਰਨ ਦੀ ਚਾਹ ਪ੍ਰਗਟ ਨਹੀਂ ਕੀਤੀ ਅਤੇ ਨਾ ਹੀ ਮੈਂ ਕਦੀ ਇਸ 'ਤੇ ਸੰਜੀਦਗੀ ਨਾਲ ਗੌਰ ਕੀਤਾ ਹੈ।

ਤੁਸੀਂ ਜਾਣਦੇ ਹੋ ਕਿ ਅਸੀਂ ਮੁਕੱਦਮੇ ਵਿਚ ਇਕ ਵਾਜ਼ਿਆ ਨੀਤੀ 'ਤੇ ਚੱਲ ਰਹੇ ਹਾਂ। ਮੇਰਾ ਹਰ ਕਦਮ ਇਸ ਪਾਲਿਸੀ, ਮੇਰੇ ਅਸੂਲਾਂ ਅਤੇ ਸਾਡੇ ਪ੍ਰੋਗਰਾਮ ਨਾਲ ਮੇਲ ਖਾਣ ਵਾਲਾ ਹੋਣਾ ਚਾਹੀਦਾ ਹੈ। ਅੱਜ ਹਾਲਾਤ ਬਿਲਕੁਲ ਵੱਖਰੇ ਹਨ। ਪਰ ਜੇ ਹਾਲਾਤ ਇਸ ਤੋਂ ਬਿਨਾਂ ਕੁਝ ਹੋਰ ਹੁੰਦੇ ਤਾਂ ਵੀ ਮੈਂ ਆਖ਼ਰੀ ਆਦਮੀ ਹੀ ਹੁੰਦਾ, ਜਿਹੜਾ ਸਫ਼ਾਈ ਪੇਸ਼ ਕਰਦਾ। ਇਸ ਸਾਰੇ ਮੁਕੱਦਮੇ ਵਿਚ ਮੇਰੇ ਸਾਹਮਣੇ ਇਕ ਹੀ ਖ਼ਿਆਲ ਸੀ ਅਤੇ ਉਹ ਇਹ ਕਿ ਸਾਡੇ ਖ਼ਿਲਾਫ਼ ਜਿਹੜੇ ਸੰਗੀਨ ਅਲਜ਼ਾਮ ਲਾਏ ਗਏ ਹਨ, ਉਨ੍ਹਾਂ ਦੇ ਬਾਵਜੂਦ ਅਸੀਂ ਇਸ ਵੱਲ ਮੁਕੰਮਲ ਤੌਰ 'ਤੇ ਬੇਧਿਆਨੀ ਵਰਤੀਏ। ਮੇਰਾ ਇਹ ਨਜ਼ਰੀਆ ਰਿਹਾ ਹੈ ਕਿ ਸਾਰੇ ਸਿਆਸੀ ਵਰਕਰਾਂ ਨੂੰ ਅਜਿਹੀ ਹਾਲਤ ਵਿਚ ਬੇਧਿਆਨੀ ਵਰਤਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਿਹੜੀ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ, ਉਹ ਉਨ੍ਹਾਂ ਨੂੰ ਖਿੜੇ ਮੱਥੇ ਬਰਦਾਸ਼ਤ ਕਰਨੀ ਚਾਹੀਦੀ ਹੈ। ਇਸ ਸਾਰੇ ਮੁਕੱਦਮੇ ਦੇ ਦੌਰਾਨ ਸਾਡੀ ਪਾਲਿਸੀ ਇਸ ਅਸੂਲ ਦੇ ਮੁਤਾਬਕ ਰਹੀ ਹੈ। ਅਸੀਂ ਅਜਿਹਾ ਫ਼ੈਸਲਾ ਕਰਨ ਵਿਚ ਕਾਮਯਾਬ ਹੋਏ ਜਾਂ ਨਹੀਂ ! ਇਹ ਫ਼ੈਸਲਾ ਕਰਨਾ ਮੇਰੇ ਕੰਮ ਨਹੀਂ। ਅਸੀਂ ਖ਼ੁਦਗਰਜ਼ੀ ਨੂੰ ਛੱਡ ਕੇ ਆਪਣਾ ਕੰਮ ਕਰ ਰਹੇ ਹਾਂ।"

"ਵਾਇਸਰਾਏ ਨੇ ਲਾਹੌਰ ਸਾਜ਼ਿਸ਼ ਕੇਸ ਆਰਡੀਨੈਂਸ ਜਾਰੀ ਕਰਦਿਆਂ ਹੋਇਆਂ ਇਸ ਦੇ ਨਾਲ ਜੋ ਬਿਆਨ ਜਾਰੀ ਕੀਤਾ ਸੀ, ਉਸ ਵਿਚ ਉਸ ਨੇ ਕਿਹਾ ਸੀ ਕਿ ਇਸ ਸਾਜ਼ਿਸ਼ ਦੇ ਮੁਲਜ਼ਮ ਅਮਨ ਕਾਨੂੰਨ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਨਾਲ ਜਿਹੜੀ ਹਾਲਤ ਪੈਦਾ ਹੋਈ, ਉਸ ਨੇ ਸਾਨੂੰ ਮੌਕਾ ਦਿੱਤਾ ਕਿ ਅਸੀਂ ਲੋਕਾਂ ਸਾਹਮਣੇ ਇਹ ਗੱਲਾਂ ਪੇਸ਼ ਕਰੀਏ ਕਿ ਅਸੀਂ ਅਮਨ ਕਾਨੂੰਨ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਾਂ ਸਾਡੇ ਵਿਰੋਧੀ। ਇਸ ਗੱਲ ਨਾਲ ਮਤਭੇਦ ਹੋ ਸਕਦੇ ਹਨ। ਸ਼ਾਇਦ ਤੁਸੀਂ ਵੀ ਉਨ੍ਹਾਂ ਲੋਕਾਂ ਵਿਚੋਂ ਇਕ ਹੋਵੋ, ਜਿਹੜੇ ਇਸ ਗੱਲ ਨਾਲ ਮਤਭੇਦ ਰੱਖਦੇ ਹਨ। ਪਰ ਇਸ ਦਾ ਮੰਤਵ ਇਹ ਨਹੀਂ ਕਿ ਤੁਸੀਂ ਮੇਰੇ ਵਲੋਂ ਅਜਿਹੇ ਕਦਮ



Sri Satguru Jagjit Singh Ji Elibrary NamdhariElibrary@gmail.com

ਮੇਰੇ ਨਾਲ ਮਸ਼ਵਰਾ ਕੀਤੇ ਬਿਨਾਂ ਹੀ ਅਖਤਿਆਰ ਕਰੋ। ਮੇਰੀ ਜ਼ਿੰਦਗੀ ਏਨੀ ਕੀਮਤੀ ਨਹੀਂ, ਜਿੰਨੀ ਕਿ ਤੁਸੀਂ ਖ਼ਿਆਲ ਕਰਦੇ ਹੋ। ਘੱਟ ਤੋਂ ਘੱਟ ਮੇਰੇ ਲਈ ਏਨੀ ਕੀਮਤੀ ਨਹੀਂ ਕਿ ਇਸ ਨੂੰ ਅਸੂਲਾਂ ਦੀ ਕੁਰਬਾਨੀ ਕਰਨ ਦੀ ਕੀਮਤ 'ਤੇ ਬਚਾਇਆ ਜਾਵੇ। ਮੇਰੇ ਹੋਰ ਸਾਥੀ ਵੀ ਹਨ, ਜਿਨ੍ਹਾਂ ਦੇ ਮੁਕੱਦਮੇ ਇਨੇ ਸੰਗੀਨ ਹਨ ਜਿੰਨਾ ਕਿ ਮੇਰਾ ਮੁਕੱਦਮਾ। ਅਸੀਂ ਇਕ ਸਾਂਝੀ ਪਾਲਿਸੀ ਅਪਣਾਈ ਹੈ ਅਤੇ ਇਸ ਪਾਲਸੀ 'ਤੇ ਅਸੀਂ ਆਖ਼ਰੀ ਸਮੇਂ ਤਕ ਡਟੇ ਰਹਾਂਗੇ। ਸਾਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਸਾਨੂੰ ਵਿਅਕਤੀਗਤ ਤੌਰ 'ਤੇ ਕਿੰਨੀ ਕੀਮਤ ਇਸ ਗੱਲ ਦੀ ਅਦਾ ਕਰਨੀ ਪਵੇ।

ਪਿਤਾ ਜੀ, ਮੈਂ ਬਹੁਤ ਦੁੱਖ ਮਹਿਸੂਸ ਕਰ ਰਿਹਾ ਹਾਂ। ਮੈਨੂੰ ਡਰ ਹੈ ਕਿ ਕਿਤੇ ਤੁਹਾਡੇ 'ਤੇ ਇਹ ਨੁਕਤਾਚੀਨੀ ਕਰਦੇ ਜਾਂ ਇਸ ਤੋਂ ਵਧ ਕੇ ਤੁਹਾਡੇ ਇਸ ਕਦਮ ਦੀ ਨਿਖੇਧੀ ਕਰਦੇ ਹੋਏ ਮੈਂ ਤਹਿਜ਼ੀਬ ਦੇ ਦਾਇਰੇ ਤੋਂ ਬਾਹਰ ਨਾ ਨਿਕਲ ਜਾਵਾਂ ਅਤੇ ਮੇਰੇ ਲਫਜ਼ ਜ਼ਿਆਦਾ ਸਖਤ ਹੋ ਜਾਣ। ਪਰ ਮੈ ਸਾਫ ਲਫ਼ਜ਼ਾਂ ਵਿਚ ਆਪਣੀ ਗੱਲ ਕਹਾਂਗਾ। ਜੇ ਕੋਈ ਹੋਰ ਸ਼ਖ਼ਸ ਮੇਰੇ ਨਾਲ ਅਜਿਹਾ ਸਲੂਕ ਕਰਦਾ ਤਾਂ ਮੈਂ ਇਸ ਨੂੰ ਗ਼ੱਦਾਰੀ ਤੋਂ ਘੱਟ ਖ਼ਿਆਲ ਨਾ ਕਰਦਾ। ਪਰ ਤੁਹਾਡੀ ਹਾਲਤ ਵਿਚ ਏਨਾ ਹੀ ਕਹਾਂਗਾ ਕਿ ਇਹ ਇਕ ਕਮਜ਼ੋਰੀ ਹੈ, ਬਦਤਰੀਨ ਕਿਸਮ ਦੀ ਕਮਜ਼ੋਰੀ।

ਇਹ ਇਕ ਅਜਿਹਾ ਸਮਾਂ ਸੀ, ਜਦੋਂ ਸਾਡੇ ਸਾਰਿਆਂ ਦਾ ਇਮਤਿਹਾਨ ਹੋ ਰਿਹਾ ਸੀ ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਇਮਤਿਹਾਨ ਵਿਚ ਨਾਕਾਮ ਰਹੇ ਹੋ। ਮੈਂ ਜਾਣਦਾ ਹਾਂ ਕਿ ਤੁਸੀ ਵੀ ਏਨੇ ਹੀ ਵਤਨ ਦੇ ਆਸ਼ਕ ਹੋ, ਜਿੰਨਾ ਕਿ ਕੋਈ ਸ਼ਖ਼ਸ ਹੋ ਸਕਦਾ ਹੈ। ਮੈਂ ਜਾਣਦਾ ਹਾਂ ਕਿ ਤੁਸੀਂ ਆਪਣੀ ਸਾਰੀ ਜ਼ਿੰਦਗੀ ਭਾਰਤ ਦੀ ਆਜ਼ਾਦੀ ਲਈ ਲਾ ਦਿੱਤੀ ਹੈ। ਪਰ ਇਸ ਅਹਿਮ ਮੋੜ 'ਤੇ ਤੁਸਾਂ ਇੰਨੀ ਕਮਜ਼ੋਰੀ ਵਿਖਾਈ, ਮੈਂ ਇਹ ਗੱਲ ਸਮਝ ਨਹੀਂ ਸਕਦਾ।

ਅਖ਼ੀਰ ਵਿਚ ਮੈਂ ਤੁਹਾਨੂੰ, ਤੁਹਾਡੇ ਹੋਰ ਦੋਸਤਾਂ ਅਤੇ ਮੇਰੇ ਮੁਕੱਦਮੇ ਵਿਚ ਦਿਲਚਸਪੀ ਲੈਣ ਵਾਲਿਆਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਤੁਹਾਡੇ ਇਸ ਕਦਮ ਨੂੰ ਪਸੰਦ ਨਹੀਂ ਕਰਦਾ। ਮੈਂ ਅੱਜ ਵੀ ਬਿਲਕੁਲ ਸਫ਼ਾਈ ਪੇਸ਼ ਕਰਨ ਦੇ ਹੱਕ ਵਿਚ ਨਹੀਂ ਹਾਂ। ਜੇ ਅਦਾਲਤ ਸਾਡੇ ਕੁਝ ਸਾਥੀਆਂ ਵਲੋਂ ਸਫ਼ਾਈ ਆਦਿ ਲਈ ਪੇਸ਼ ਕੀਤੀ ਗਈ ਦਰਖਾਸਤ ਮਨਜ਼ੂਰ ਕਰ ਲੈਂਦੀ ਤਾਂ ਵੀ ਮੈਂ ਕੋਈ ਸਫ਼ਾਈ ਪੇਸ਼ ਨਾ ਕਰਦਾ।

ਭੁੱਖ ਹੜਤਾਲ ਦੇ ਦਿਨਾਂ ਵਿਚ ਮੈਂ ਟ੍ਰਿਬਿਊਨਲ ਨੂੰ ਜਿਹੜੀ ਦਰਖਾਸਤ ਦਿੱਤੀ ਸੀ ਅਤੇ ਇਨ੍ਹਾਂ ਦਿਨਾਂ ਵਿਚ ਮੈਂ ਜਿਹੜਾ ਇੰਟਰਵਿਊ ਦਿੱਤਾ ਸੀ, ਉਸ ਦੇ ਗ਼ਲਤ ਅਰਥ ਕੱਢੇ ਗਏ ਹਨ ਅਤੇ ਅਖ਼ਬਾਰਾਂ ਵਿਚ ਇਹ ਪ੍ਰਕਾਸ਼ਤ ਕਰ ਦਿੱਤਾ ਗਿਆ ਕਿ ਮੈਂ ਆਪਣੀ ਸਫ਼ਾਈ ਪੇਸ਼ ਕਰਨੀ ਚਾਹੁੰਦਾ ਹਾਂ। ਹਾਲਾਂਕਿ ਮੈਂ ਕਿਸੇ ਵੀ ਸਮੇਂ ਸਫ਼ਾਈ ਪੇਸ਼ ਕਰਨ ਲਈ ਰਾਜ਼ੀ ਨਹੀਂ ਹੋਇਆ ਸੀ। ਅੱਜ ਵੀ ਮੇਰੇ ਖ਼ਿਆਲ ਉਹੀ ਹਨ, ਜੋ ਉਸ ਵੇਲੇ ਸਨ।

ਬੋਸਟਲ ਜੇਲ੍ਹ ਵਿਚ ਕੈਦ ਮੇਰੇ ਸਾਥੀ ਇਸ ਗੱਲ ਨੂੰ ਮੇਰੇ ਵਲੋਂ ਗ਼ਦਾਰੀ ਅਤੇ ਧੋਖਾਦੇਹੀ ਖ਼ਿਆਲ ਕਰ ਰਹੇ ਹੋਣਗੇ। ਮੈਨੂੰ ਉਨ੍ਹਾਂ ਸਾਹਮਣੇ ਆਪਣੀ ਪੁਜ਼ੀਸ਼ਨ ਸਾਫ਼ ਕਰਨ ਦਾ ਮੌਕਾ ਵੀ ਨਹੀਂ ਮਿਲੇਗਾ।

ਮੈਂ ਚਾਹੁੰਦਾ ਹਾਂ ਕਿ ਇਸ ਸਿਲਸਿਲੇ ਵਿਚ ਜਿਹੜੀਆਂ ਪੇਚੀਦਗੀਆਂ ਪੈਦਾ ਹੋ ਗਈਆਂ ਹਨ, ਉਨ੍ਹਾਂ ਸਬੰਧੀ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗ ਜਾਵੇ। ਇਸ ਲਈ ਮੈਂ ਤੁਹਾਨੂੰ ਦਰਖਾਸਤ ਕਰਦਾ ਹਾਂ ਕਿ ਤੁਸੀਂ ਛੇਤੀ ਤੋਂ ਛੇਤੀ ਇਹ ਚਿੱਠੀ ਪ੍ਰਕਾਸ਼ਤ ਕਰ ਦਿਓ।"

ਤੁਹਾਡਾ ਪੁੱਤਰ

4.10.1930

ਭਗਤ ਸਿੰਘ

* * *



Sri Satguru Jagjit Singh Ji Elibrary NamdhariElibrary@gmail.com

## 84. ਸਿਆਸੀ ਦੋਸ਼ਾਂ ਦੀ ਪੈਰਵੀ ਬਾਰੇ ਪਾਲਿਸੀ

[ਮੁਕੱਦਮੇ ਵੱਲ ਵਤੀਰੇ ਦੀ ਗੱਲ ਚੱਲ ਰਹੀ ਹੈ। ਇਕ ਹੋਰ ਅਹਿਮ ਦਸਤਾਵੇਜ਼, ਜੋ ਸ਼ਹੀਦ ਭਗਤ ਨੇ ਸ਼ਹੀਦ ਹਰੀ ਕਿਸ਼ਨ, ਜਿਨ੍ਹਾਂ ਗਵਰਨਰ ਪੰਜਾਬ 'ਤੇ ਗੋਲੀ ਚਲਾਈ ਸੀ, ਦੇ ਮੁਕੱਦਮੇ ਨੂੰ ਮਨ ਵਿਚ ਰੱਖ ਕੇ ਖ਼ਤ ਦੇ ਤੌਰ 'ਤੇ ਲਿਖਿਆ ਸੀ। ਭਗਤ ਸਿੰਘ ਦੇ ਵਿਗਿਆਨਕ ਦ੍ਰਿਸ਼ਟੀਕੋਣਾਂ ਵਿਚੋਂ ਉਪਜੇ ਅਤੇ ਅਮਲ ਵਿਚ ਹੰਢਾਏ ਅਸੂਲ ਇਸ ਖ਼ਤ ਵਿਚ ਪੜ੍ਹੋਗੇ। ਇਸ ਵਿਚ ਅੰਕਤ ਦੂਸਰਾ ਖ਼ਤ ਅਜੇ ਤਕ ਪ੍ਰਾਪਤ ਨਹੀਂ ਹੋ ਸਕਿਆ। ਸਪਤਾਹਕ ਪੀਪਲ ਲਾਹੌਰ ਵਿਚ ਇਹ ਖ਼ਤ ਜੂਨ, 1931 ਵਿਚ ਛਪਿਆ। —ਸੰਪਾਦਕ]

ਮੈਨੂੰ ਇਹ ਜਾਣ ਕੇ ਬਹੁਤ ਅਫ਼ਸੋਸ ਹੈ ਕਿ ਇਸ ਸਬੰਧ ਵਿਚ ਮੇਰਾ ਖ਼ਤ ਵੇਲੇ ਸਿਰ ਆਪਣੇ ਟਿਕਾਣੇ ਨਹੀਂ ਪਹੁੰਚ ਸਕਿਆ ਅਤੇ ਇਸ ਲਈ ਕੋਈ ਲਾਭ ਨਾ ਹੋ ਸਕਿਆ ਜਾਂ ਇਹ ਉਹ ਮਕਸਦ ਹੱਲ ਕਰਨੋਂ ਨਾਕਾਮਯਾਬ ਰਿਹਾ, ਜਿਸ ਲਈ ਕਿ ਇਹ ਲਿਖਿਆ ਗਿਆ ਸੀ, ਸੋ ਮੈਂ ਇਹ ਖ਼ਤ ਸਿਆਸੀ ਦੋਸ਼ਾਂ ਵਿਚ ਪੈਰਵੀ ਦੇ ਸੁਆਲ ਬਾਰੇ ਅਤੇ ਖਾਸ ਤੌਰ 'ਤੇ ਇਨਕਲਾਬੀਆਂ ਦੇ ਕੇਸਾਂ ਬਾਰੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਨ ਲਈ ਲਿਖ ਰਿਹਾ ਹਾਂ। ਪਹਿਲੇ ਖ਼ਤ ਵਿਚ, ਵਿਚਾਰੇ ਗਏ ਖ਼ਾਸ ਨੁਕਤਿਆਂ ਤੋਂ ਬਿਨਾਂ ਇਹਦਾ ਇਕ ਹੋਰ ਮਕਸਦ ਵੀ ਹੋਵੇਗਾ, ਅਰਥਾਤ ਇਹ ਇਕ ਦਸਤਾਵੇਜ਼ੀ ਸਬੂਤ ਹੋਵੇਗਾ ਕਿ ਮੈਂ ਵਾਕਿਆਤ ਤੋਂ ਬਾਅਦ ਸਿਆਣਾ ਨਹੀਂ ਬਣ ਰਿਹਾ ਹਾਂ।

ਖ਼ੈਰ, ਮੈਂ ਉਸ ਖ਼ਤ ਵਿਚ ਇਹ ਲਿਖਿਆ ਸੀ ਕਿ ਵਕੀਲ ਪੈਰਵੀ ਲਈ ਜੋ ਦਲੀਲ ਕਰ ਰਿਹਾ ਸੀ, ਮੰਨੀ ਨਾ ਜਾਵੇ। ਪਰ ਬਾਵਜੂਦ ਤੁਹਾਡੀ ਅਤੇ ਮੇਰੀ ਖਿਲਾਫ਼ਤ ਦੇ ਇਹ ਕਰ ਲਈ ਗਈ ਹੈ।

ਬਾਵਜੂਦ ਇਸ ਦੇ, ਹੁਣ ਅਸੀਂ ਚੰਗੇਰੀ ਰੌਸ਼ਨੀ ਵਿਚ ਇਹ ਗੱਲ ਵਿਚਾਰ ਸਕਦੇ ਹਾਂ ਅਤੇ ਪੈਰਵੀ ਨਾਲ ਸਬੰਧਤ ਅਗਾਊਂ ਨੀਤੀ ਬਾਰੇ ਠੋਸ ਖ਼ਿਆਲ ਬਣਾ ਸਕਦੇ ਹਾਂ।

ਤੁਸੀਂ ਇਹ ਜਾਣਦੇ ਹੋ ਕਿ ਮੈਂ ਕਦੇ ਵੀ ਸਾਰੇ ਸਿਆਸੀ ਦੋਸ਼ੀਆਂ ਦੀ ਪੈਰਵੀ ਕਰਨ ਦੇ ਹੱਕ ਵਿਚ ਨਹੀਂ ਰਿਹਾ। ਪਰ ਇਹਦਾ ਇਹ ਮਤਲਬ ਨਹੀਂ ਕਿ ਸਹੀ ਜੱਦੋ-ਜਹਿਦ ਦੀ ਖ਼ੂਬਸੂਰਤੀ ਬਿਲਕੁਲ ਹੀ ਵਿਗਾੜ ਦਿੱਤੀ ਜਾਵੇ। ਇਹ ਗ਼ੌਰ ਫਰਮਾਓ ਕਿ ਖ਼ੂਬਸੂਰਤੀ ਲਫ਼ਜ਼ ਗ਼ੈਰ ਅਸਲੀਅਤ ਸ਼ਕਲ ਵਿਚ ਨਹੀਂ ਵਰਤਿਆ ਗਿਆ, ਪਰ ਇਹਦਾ ਉਸ ਮਕਸਦ ਤੋਂ ਮਤਲਬ ਹੈ, ਜਿੰਨੇ ਕਿ ਇਕ ਖਾਸ ਕਾਰਵਾਈ ਨੂੰ ਪ੍ਰੇਰਤ ਕੀਤਾ। ਜਦ ਮੈਂ ਇਹ ਕਹਿੰਦਾ ਹਾਂ ਕਿ ਸਭਨਾਂ ਸਿਆਸੀ ਬੰਦਿਆਂ ਨੂੰ ਆਪਣੀ ਪੈਰਵੀ ਆਪ ਕਰਨੀ ਚਾਹੀਦੀ ਹੈ ਤਾਂ ਮੈਂ ਕੁਝ ਰਾਖਵੀਆਂ ਸ਼ਕਲਾਂ ਵਿਚ ਆਖਦਾ ਹਾਂ। ਇਹ ਸਿਰਫ ਇਕ ਹੀ ਗੱਲ ਨਾਲ ਸਾਫ਼ ਹੋ ਸਕਦਾ ਹੈ। ਇਕ ਬੰਦਾ ਇਕ ਹੀ ਖਾਸ ਮਕਸਦ ਨੂੰ ਸਾਹਮਣੇ ਰੱਖ ਕੇ ਕੰਮ ਨਹੀਂ ਕਰਦਾ। ਉਹਦੀ ਗ੍ਰਿਫ਼ਤਾਰੀ ਬਾਅਦ ਸਿਆਸੀ ਅਹਿਮੀਅਤ ਖ਼ਤਮ ਨਹੀਂ ਹੋਣੀ ਚਾਹੀਦੀ। ਕੰਮ ਨਾਲੋਂ ਤਿਆਰੀ ਹੀ ਜ਼ਿਆਦਾ ਜ਼ਰੂਰੀ ਨਹੀਂ ਬਣ ਜਾਣੀ ਚਾਹੀਦੀ। ਅਸੀਂ ਇਸ ਨੂੰ ਮਿਸਾਲ ਦੀ ਮਦਦ ਨਾਲ ਹੋਰ ਸਾਫ਼ ਕਰੀਏ। ਹਰੀਕ੍ਰਿਸ਼ਨ ਗਵਰਨਰ ਨੂੰ ਗੋਲੀ ਮਾਰਨ ਆਇਆ। ਮੈਂ ਇਸ ਕਾਰਵਾਈ ਦਾ ਇਖ਼ਲਾਕੀ ਪੱਖ ਨਹੀਂ ਲੈਣਾ ਚਾਹੁੰਦਾ। ਮੈਂ ਸਿਰਫ ਇਸ ਕੇਸ ਦਾ ਸਿਆਸੀ ਪਹਿਲੂ ਵਿਚਾਰਨਾ ਚਾਹੁੰਦਾ ਹਾਂ। ਇਕ ਜਣਾ ਗ੍ਰਿਫ਼ਤਾਰ ਕਰ ਲਿਆ ਗਿਆ। ਮੰਦੇ ਭਾਗੀਂ ਕੁਝ ਪੁਲਿਸ ਕਰਮਚਾਰੀ ਇਸ ਕਾਰਵਾਈ ਵਿਚ ਮਰ ਗਏ। ਹੁਣ ਪੈਰਵੀ ਦਾ ਸਵਾਲ ਸਾਹਮਣੇ ਆਉਂਦਾ ਹੈ, ਜਦੋਂ ਗਵਰਨਰ ਬਚ ਗਿਆ ਤਾਂ ਉਸ ਦੇ ਕੇਸ ਵਿਚ ਬੜਾ ਸੁਹਣਾ ਬਿਆਨ ਆ ਸਕਦਾ ਸੀ, ਅਰਥਾਤ ਅਸਲੀ ਤੱਥਾਂ ਦਾ ਬਿਆਨ, ਜਿਵੇਂ ਕਿ ਹੇਠਲੀ ਕਚਹਿਰੀ ਵਿਚ ਦਿੱਤਾ ਗਿਆ ਅਤੇ ਇਹਨੇ ਕਾਨੂੰਨੀ ਮਕਸਦ ਵੀ ਪੂਰਾ ਕਰ ਦੇਣਾ ਸੀ। ਵਕੀਲ ਦੀ ਲਿਆਕਤ ਅਤੇ ਕਾਬਲੀਅਤ ਉਹਦੀ ਸਬ-



Sri Satguru Jagjit Singh Ji Elibrary NamdhariElibrary@gmail.com

ਇੰਸਪੈਕਟਰ ਦੀ ਮੌਤ ਬਾਰੇ ਦਲੀਲਾਂ 'ਤੇ ਆਧਾਰਤ ਸੀ। ਉਹਨੂੰ ਇਹ ਕਹਿ ਕੇ ਕੀ ਮਿਲਿਆ ਸੀ, "ਉਹ ਸਿਰਫ਼ ਗਵਰਨਰ ਨੂੰ ਜ਼ਖ਼ਮੀ ਕਰਨਾ ਚਾਹੁੰਦਾ ਸੀ। ਮਾਰਨਾ ਨਹੀਂ ਸੀ ਚਾਹੁੰਦਾ, ਵਗ਼ੈਰਾ ਵਗ਼ੈਰਾ।" ਕੀ ਕੋਈ ਸਿਆਣਾ-ਬਿਆਣਾ ਇਕ ਮਿੰਟ ਲਈ ਵੀ ਇਹੋ ਜਿਹੀ ਗੱਲ ਦੀ ਸੰਭਾਵਨਾ ਕਰ ਸਕਦਾ ਹੈ ? ਇਹਦੀ ਕੋਈ ਕਾਨੂੰਨੀ ਕਦਰ ਸੀ ? ਬਿਲਕੁਲ ਕੋਈ ਨਹੀਂ, ਤੇ ਫਿਰ ਇਕ ਖ਼ਾਸ ਕਾਰਵਾਈ ਦੀ ਨਹੀਂ, ਸਗੋਂ ਸਾਰੀ ਲਹਿਰ ਦੀ ਖ਼ੂਬਸੂਰਤੀ ਖ਼ਰਾਬ ਕਰਨ ਦਾ ਕੀ ਫ਼ਾਇਦਾ ਸੀ। ਪਰੋਟੈਸਟ ਅਤੇ ਤਾੜਨਾਵਾਂ ਜ਼ਿਆਦਾ ਚਿਰ ਤਕ ਨਹੀਂ ਚੱਲ ਸਕਦੀਆਂ। ਬੜਾ ਚਿਰ ਪਹਿਲਾਂ ਤਾੜਨਾ ਦਿੱਤੀ ਜਾ ਚੁੱਕੀ ਸੀ। ਜਦੋਂ ਤਕ ਇਨਕਲਾਬੀ ਪਾਰਟੀ ਦੀ ਤਾਕਤ ਨੇ ਇਜਾਜ਼ਤ ਦਿੱਤੀ, ਇਨਕਲਾਬੀ ਲਹਿਰ ਸਹੀ ਆਗ਼ਾਜ਼ ਵਿਚ ਆਰੰਭ ਹੋ ਚੁੱਕੀ ਸੀ। ਵਾਇਸਰਾਏ ਦੀ ਗੱਡੀ ਵਾਲੀ ਕਾਰਵਾਈ ਇਕ ਤਾੜਨਾ ਨਹੀਂ ਸੀ। ਭਾਵੇਂ ਕਿ ਇਹ ਫੇਲ੍ਹ ਹੋ ਗਈ। ਚਿਟਾਗਾਂਗ ਵਾਲਾ ਮਾਮਲਾ ਨਾ ਹੀ ਤਾੜਨਾ ਤੇ ਨਾ ਹੀ ਕੋਈ ਪ੍ਰੋਟੈਸਟ ਸੀ। ਇਸੇ ਤਰ੍ਹਾਂ ਹਰੀਕਿਸ਼ਨ ਦਾ ਐਕਸ਼ਨ ਆਪਣੇ ਆਪ ਜੱਦੋ-ਜਹਿਦ ਦਾ ਇਕ ਹਿੱਸਾ ਸੀ, ਤਾੜਨਾ ਬਿਲਕੁਲ ਨਹੀਂ। ਕਾਰਵਾਈ ਦੀ ਅਸਫ਼ਲਤਾ ਬਾਅਦ ਦੋਸ਼ੀ ਇਸ ਚੀਜ਼ ਨੂੰ ਸਪੋਰਟਸਮੈਨ ਸਪਿਰਟ ਵਿਚ ਲੈ ਸਕਦਾ ਹੈ। ਮਕਸਦ ਪੂਰਾ ਹੋਣ ਨਾਲ ਉਸ ਨੂੰ ਗਵਰਨਰ ਦੇ ਬਚ ਨਿਕਲਣ 'ਤੇ ਉਹ ਖ਼ੁਸ਼ ਹੋਇਆ ਹੋਵੇ। ਸ਼ਖ਼ਸੀ ਤੌਰ 'ਤੇ ਕਿਸੇ ਨੂੰ ਮਾਰਨ ਦਾ ਕੋਈ ਫ਼ਾਇਦਾ ਨਹੀਂ। ਇਨ੍ਹਾਂ ਕਾਰਵਾਈਆਂ ਦੀ ਆਪਣੀ ਅਹਿਮੀਅਤ ਹੁੰਦੀ ਹੈ। ਇਹ ਉਹ ਮਾਹੌਲ ਅਤੇ ਸੋਚਣ ਢੰਗ ਬਣਾਉਣ ਵਿਚ ਮਦਦ ਕਰਦੀਆਂ ਹਨ, ਜੋ ਆਖ਼ਰੀ ਜੱਦੋ ਜਹਿਦ ਲਈ ਬਹੁਤ ਜ਼ਰੂਰੀ ਹੈ। ਏਨਾ ਹੀ ਕਾਫੀ ਹੈ। ਸ਼ਖ਼ਸੀ ਕਾਰਵਾਈਆਂ ਲੋਕਾਂ ਦੀ ਹਮਦਰਦੀ ਜਿੱਤਣ ਲਈ ਹੁੰਦੀਆਂ ਹਨ। ਅਸੀਂ ਕਦੇ ਕਦੇ ਇਨ੍ਹਾਂ ਨੂੰ 'ਕੰਮਾਂ ਰਾਹੀਂ ਪ੍ਰਾਪੇਗੰਡੇ' ਦਾ ਨਾਂ ਦਿੰਦੇ ਹਾਂ।

ਉੱਪਰਲੇ ਵਿਚਾਰ ਦੀ ਰੌਸ਼ਨੀ ਵਿਚ ਲੋਕਾਂ ਦੇ ਮੁਕੱਦਮੇ ਦੀ ਪੈਰਵੀ ਹੋਣੀ ਚਾਹੀਦੀ ਹੈ। ਇਹ ਇਕ ਆਮ ਸਮਝ ਵਾਲਾ ਨਿਯਮ ਹੈ ਕਿ ਜੱਦੋ-ਜਹਿਦ ਕਰ ਰਹੀਆਂ ਸਾਰੀਆਂ ਧਿਰਾਂ ਹਾਸਲ ਵਧੇਰੇ ਕਰਨਾ ਚਾਹੁੰਦੀਆਂ ਹਨ ਅਤੇ ਗੁਆਣਾ ਘੱਟ। ਕੋਈ ਜਰਨੈਲ ਉਹ ਪਾਲਿਸੀ ਅਖ਼ਤਿਆਰ ਨਹੀਂ ਕਰ ਸਕਦਾ, ਜਿਸ ਵਿਚ ਉਸ ਨੂੰ ਮਿੱਥੇ ਹੋਏ ਫ਼ਾਇਦੇ ਨਾਲੋਂ ਵਧੇਰੇ ਕੁਰਬਾਨੀ ਕਰਨੀ ਪਵੇ। ਮੇਰੇ ਨਾਲੋਂ ਕੋਈ ਵੀ ਹਰੀਕਿਸ਼ਨ ਦੀ ਅਮੋਲ ਜ਼ਿੰਦਗੀ ਨੂੰ ਬਚਾਉਣ ਲਈ ਵੱਧ ਬੇਤਾਬ ਨਹੀਂ ਹੋਵੇਗਾ। ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਚੀਜ਼ ਉਸ ਦੀ ਜ਼ਿੰਦਗੀ ਨੂੰ ਅਨਮੋਲ ਬਣਾਉਂਦੀ ਹੈ, ਉਹਨੂੰ ਐਥੋਂ ਉਹਲੇ ਨਹੀਂ ਕਰਨਾ ਚਾਹੀਦਾ। ਕਿਸੇ ਵੀ ਕੀਮਤ 'ਤੇ ਜ਼ਿੰਦਗੀਆਂ ਬਚਾਉਣੀਆਂ ਕੋਈ ਇਕ ਨੀਤੀ ਨਹੀਂ ਹੈ। ਇਹ ਕਾਂਗਰਸ ਦੀ ਪਾਲਿਸੀ ਹੀ ਹੋ ਸਕਦੀ ਹੈ। ਇਹ ਆਰਾਮ ਕੁਰਸੀਆਂ ਵਾਲੇ ਸਿਆਸਤਦਾਨਾਂ ਦੀ ਵੀ ਪਾਲਿਸੀ ਹੋ ਸਕਦੀ ਹੈ, ਪਰ ਨੀਤੀ ਸਾਡੀ ਇਹ ਨਹੀਂ ਹੈ।

ਡੀਫੈਂਸ ਪਾਲਸੀ ਵਧੇਰੇ ਕਰਕੇ ਦੋਸ਼ੀ ਦੇ ਆਪਣੇ ਸੋਚਣ ਢੰਗ ਉੱਤੇ ਮੁਨੱਸਰ ਹੁੰਦੀ ਹੈ। ਪਰ ਜੇ ਦੋਸ਼ੀ ਨਾ ਸਿਰਫ਼, ਨਿੱਡਰ ਹੋਵੇ, ਸਗੋਂ ਹਮੇਸ਼ਾ ਵਾਂਗ ਜੋਸ਼ੀਲਾ ਵੀ ਹੋਵੇ ਤਾਂ ਜਿਸ ਕੰਮ ਲਈ ਉਹਨੇ ਆਪਣੀ ਜ਼ਿੰਦਗੀ ਦਾ ਖ਼ਤਰਾ ਮੁੱਲ ਲਿਆ, ਉਹਨੂੰ ਪਹਿਲਾਂ ਬਿਆਨ ਵਿਚ ਲਿਆ ਜਾਣਾ ਚਾਹੀਦਾ ਹੈ ਅਤੇ ਸ਼ਖ਼ਸੀ ਸਵਾਲ ਬਾਅਦ ਵਿਚ। ਫਿਰ ਦੁਬਾਰਾ ਇਕ ਤਰ੍ਹਾਂ ਦੀ ਸ਼ਸ਼ੋਪੰਜ ਵਾਲੀ ਹਾਲਤ ਹੋ ਸਕਦੀ ਹੈ। ਕਈ ਇਹੋ ਜਿਹੇ ਕੇਸ ਵੀ ਹੋ ਸਕਦੇ ਹਨ, ਜਿਥੇ ਕਿ ਬਾਵਜੂਦ ਇਸ ਦੀ ਸਥਾਨਕ ਮਹੱਤਤਾ ਦੇ, ਕਾਰਵਾਈ ਕੋਈ ਆਮ ਅਹਿਮੀਅਤ ਦੀ ਨਾ ਹੋਵੇ, ਉਥੇ ਆਪਣੀ ਜ਼ਿੰਮੇਵਾਰੀ ਤਸਲੀਮ ਕਰਨ ਵਿਚ ਦੋਸ਼ੀ ਨੂੰ ਜਜ਼ਬਾਤੀ ਨਹੀਂ ਹੋਣਾ ਚਾਹੀਦਾ।.....ਦਾ ਮਸ਼ਹੂਰ ਮੁਕੱਦਮਾ ਸਭ ਤੋਂ ਚੰਗੀ ਮਿਸਾਲ ਹੈ।

ਪਰ ਇਸ ਤਰ੍ਹਾਂ ਦੇ ਸਿਆਸੀ ਅਹਿਮੀਅਤ ਦੇ ਕੇਸ ਵਿਚ ਸ਼ਖ਼ਸੀ ਪਹਿਲੂ ਨਾਲੋਂ ਵਧੇਰੇ ਮਹੱਤਤਾ ਰਾਜਨੀਤਕ ਪਹਿਲੂ ਨੂੰ ਦਿੱਤੀ ਜਾਣੀ ਚਾਹੀਦੀ। ਜੇ ਤੁਸੀਂ ਮੇਰੀ ਖੁੱਲ੍ਹੀ ਰਾਏ ਇਸ



Sri Satguru Jagjit Singh Ji Elibrary NamdhariElibrary@gmail.com

ਕੇਸ ਬਾਰੇ ਪੁਛਣਾ ਚਾਹੁੰਦੇ ਹੋ ਤਾਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕਸਬੀ ਹੰਕਾਰ ਦੀ ਵੇਦੀ ਉੱਤੇ ਤਾਰੀਖੀ ਅਹਿਮੀਅਤ ਦੇ ਮੌਕੇ ਦਾ ਸਿਆਸੀ ਕਤਲ ਹਰਗਿਜ਼ ਨਹੀਂ।

ਇਥੇ ਮੈਂ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਇਸ ਕੇਸ ਦਾ ਗਲ ਘੁੱਟਣ ਵਾਲੇ ਲੋਕ, ਜਿਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਹੈ ਅਤੇ ਵਾਕਿਏ ਤੋਂ ਬਾਅਦ ਦਾਨੇ ਬਣ ਗਏ ਹਨ ਤੇ ਜ਼ਿੰਮੇਵਾਰੀ ਮੋਢਿਆਂ ਉੱਤੇ ਲੈਣ ਦਾ ਹੌਸਲਾ ਨਹੀਂ ਕਰ ਰਹੇ, ਸਾਡੇ ਨੌਜਵਾਨ ਕਾਮਰੇਡ ਦੇ ਬਾਕਮਾਲ ਕਰੈਕਟਰ ਦੀ ਖ਼ੂਬਸੂਰਤੀ ਨੂੰ ਹੀਣਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਉਨ੍ਹਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਹਰੀਕਿਸ਼ਨ ਬਹਾਦਰੀ ਨਾਲ ਸਾਹਮਣਾ ਕਰਨੋਂ ਜਰਕ ਗਿਆ।

ਇਹ ਇਕ ਇੰਤਹਾ ਦਾ ਸ਼ਰਮਨਾਕ ਝੂਠ ਹੈ। ਮੈਨੂੰ ਉਹਦੇ ਵਰਗਾ ਕਦੇ ਇੰਨੇ ਹੌਸਲੇ ਵਾਲਾ ਨੌਜਵਾਨ ਨਹੀਂ ਮਿਲਿਆ। ਲੋਕਾਂ ਨੂੰ ਸਾਡੇ ਉੱਤੇ ਦਇਆ ਕਰਨੀ ਚਾਹੀਦੀ ਹੈ। ਹੌਸਲੇ ਪਸਤ ਕਰਨ ਅਤੇ ਹੀਣੇ ਕਰਨ ਨਾਲੋਂ ਤਾਂ ਚੰਗਾ ਹੈ, ਇਧਰ ਧਿਆਨ ਹੀ ਨਾ ਦੇਣ।

ਵਕੀਲਾਂ ਨੂੰ ਨੌਜਵਾਨਾਂ ਦੀਆਂ ਜ਼ਿੰਦਗੀਆਂ ਇਥੋਂ ਤੱਕ ਕਿ ਮੌਤਾਂ ਨੂੰ ਖਰਾਬ ਕਰਨ ਵਿਚ ਇੰਨੇ ਬੇਜ਼ਮੀਰੇ ਨਹੀਂ ਹੋਣਾ ਚਾਹੀਦਾ, ਜੋ ਆਪਣੇ ਇੰਨੇ ਮੁਕੱਦਸ-ਕਾਜ਼, ਦੁਖੀ ਜਨਤਾ ਦੀ ਨਿਜਾਤ ਦੇ ਪਵਿੱਤਰ ਕਾਜ਼ ਲਈ ਆਪਾ ਵਾਰਨ ਲਈ ਆਉਂਦੇ ਹਨ। ਮੈਨੂੰ ਸਚਮੁੱਚ ਹੀ ਇਹ ਜਾਣਕੇ ਬਹੁਤ ਦੁੱਖ ਹੁੰਦਾ ਹੈ ਕਿ ਹੌਲੇ ਹੌਲੇ ਅਸੀਂ ਸਿਆਸੀ ਕਾਰਕੁਨਾਂ ਦੀ ਅਫਸਰਸ਼ਾਹੀ ਬਣਾ ਰਹੇ ਹਾਂ, ਨਹੀਂ ਤਾਂ ਭਲਾ ਇਕ ਵਕੀਲ ਯਕੀਨ ਨਾ ਆਉਣ ਵਾਲੀ ਫੀਸ ਕਿਉਂ ਮੰਗੇ ? ਜਿਵੇਂ ਕਿ ਉਪਰਲੇ ਕੇਸ ਵਿਚ ਫੀਸ ਤਾਰੀ ਗਈ ਹੈ।

ਉਲੰਘਣਾ ਦੇ ਕੇਸਾਂ ਵਿਚ ਉਹ ਹੱਦ ਦੱਸ ਸਕਦਾ ਹਾਂ ਜਿਸ ਤਕ ਅਸੀਂ ਪੈਰਵੀ ਦੀ ਇਜਾਜ਼ਤ ਦੇ ਸਕਦੇ ਹਾਂ। ਪਿਛਲੇ ਵਰ੍ਹੇ ਜਦ ਇਕ ਕਾਮਰੇਡ ਉੱਤੇ ਇਕ ਸੋਸ਼ਲਿਸਟ ਤਕਰੀਰ ਕਰਨ 'ਤੇ ਮੁਕੱਦਮਾ ਚਲਾਇਆ ਗਿਆ ਸੀ ਤਾਂ ਸਾਨੂੰ ਸਿਰਫ ਹੈਰਾਨੀ ਹੀ ਹੋਈ ਸੀ। ਅਜਿਹੇ ਕੇਸਾਂ ਵਿਚ ਸਾਨੂੰ ਆਪਣੇ ਵਿਚਾਰਾਂ ਜਾਂ ਉਪਦੇਸ਼ਾਂ ਦੇ ਪ੍ਰਚਾਰਨ ਨੂੰ ਤਸਲੀਮ ਕਰ ਲੈਣਾ ਚਾਹੀਦਾ ਹੈ ਅਤੇ ਖੁੱਲ੍ਹ ਕੇ ਬੋਲਣ ਦਾ ਹੱਕ ਮੰਗਣਾ ਚਾਹੀਦਾ ਹੈ। ਪਰ ਕਿਥੇ ਇਹ ਗੱਲਾਂ ਉਸ ਨਾਲ ਜੋੜੀਆਂ ਜਾਣ, ਜਿਨ੍ਹੇ ਕੁਝ ਕਿਹਾ ਹੀ ਨਹੀਂ ਅਤੇ ਲਹਿਰ ਦੇ ਹਿਤਾਂ ਦੇ ਉਲਟ ਜਾਂਦੀਆਂ ਹਨ ਤਾਂ ਅਸੀਂ ਇਸ ਤੋਂ ਇਨਕਾਰ ਕਰ ਸਕਦੇ ਹਾਂ। ਮੌਜੂਦਾ ਲਹਿਰ ਵਿਚ ਕਾਂਗਰਸ ਨੂੰ ਆਪਣੇ ਮੈਂਬਰਾਂ ਨੂੰ ਆਪਣੇ ਆਪ ਦੀ ਪੈਰਵੀ ਕਰਨੋਂ ਬਿਨਾਂ ਜੇਲ੍ਹ ਜਾਣ ਨੇ ਨੁਕਸਾਨ ਪਹੁੰਚਾਇਆ ਹੈ। ਮੇਰੇ ਖ਼ਿਆਲ ਵਿਚ ਇਹ ਗਲਤੀ ਸੀ।

ਖ਼ੈਰ, ਮੇਰਾ ਖ਼ਿਆਲ ਹੈ ਕਿ ਤੁਸੀਂ ਮੇਰੀ ਇਹ ਚਿੱਠੀ ਪਿਛਲੀ ਚਿੱਠੀ ਦੇ ਨਾਲ ਪੜ੍ਹੋਗੇ ਅਤੇ ਸਿਆਸੀ ਕੇਸਾਂ ਦੀ ਪੈਰਵੀ ਬਾਰੇ ਮੇਰੇ ਖ਼ਿਆਲਾਂ ਤੋਂ ਚੰਗੀ ਤਰ੍ਹਾਂ ਵਾਕਫ਼ ਹੋ ਜਾਓਗੇ। ਹਰੀ ਕਿਸ਼ਨ ਦੇ ਕੇਸ ਵਿਚ ਮੇਰੇ ਖ਼ਿਆਲ ਵਿਚ ਜਲਦੀ ਤੋਂ ਜਲਦੀ ਹਾਈਕੋਰਟ ਵਿਚ ਅਪੀਲ ਦਾਇਰ ਕਰ ਦੇਣੀ ਚਾਹੀਦੀ ਹੈ ਤੇ ਉਸਨੂੰ ਬਚਾਉਣ ਦੀ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮੈਂ ਆਸ ਕਰਦਾਂ ਹਾਂ, ਇਹ ਦੋਵੇਂ ਖ਼ਤ ਹਰ ਇਕ ਗੱਲ ਦੱਸ ਦੇਣਗੇ ਜਿਹੜੀ ਕਿ ਮੈਂ ਇਸ ਮਜ਼ਮੂਨ ਬਾਰੇ ਦੱਸਣਾ ਚਾਹੁੰਦਾ ਹਾਂ।

ਤੁਹਾਡਾ,
ਭਗਤ ਸਿੰਘ

●



Sri Satguru Jagjit Singh Ji Elibrary NamdhariElibrary@gmail.com

## ਪਾਠ—15

# ਵੁਹ ਮਜਨੂੰ ਜੋ ਜੇਲ੍ਹ ਵਿਚ ਆਜ਼ਾਦ ਰਿਹਾ

[ਲਾਹੌਰ ਸਾਜ਼ਸ਼ ਕੇਸ ਦੌਰਾਨ ਲਿਖੇ ਗਏ ਕੁਝ ਨਿੱਜੀ ਖ਼ਤ ਏਥੇ ਭੇਟ ਹਨ। ਭੁੱਖ ਹੜਤਾਲ ਦੀ ਸਭ ਤੋਂ ਵੱਡੀ ਜਿੱਤ ਇਹ ਸੀ ਕਿ ਉਹ ਜੇਲ੍ਹ ਵਿਚ ਵੀ ਵਕਤ ਪੜ੍ਹਨ ਤੇ ਲਿਖਣ ਵਿਚ ਲਗਾ ਸਕਦੇ ਸਨ। ਇਸੇ ਦੀ ਦੇਣ ਹੈ ਉਨ੍ਹਾਂ ਦੀ ਇਕ 404 ਸਫ਼ੇ ਦੀ ਨੋਟ ਬੁੱਕ, ਜਿਸ ਵਿਚ ਉਨ੍ਹਾਂ ਨੇ ਕਿਤਾਬਾਂ 'ਚੋਂ ਜੋ ਜੇਲ੍ਹ ਵਿਚ ਪੜ੍ਹੀਆਂ, ਵਿਚੋਂ ਜ਼ਰੂਰੀ ਨੁਕਤੇ ਲਿਖੇ। ਇਹ ਨੋਟ ਬੁੱਕ ਜਲਦੀ ਵੱਖਰੀ ਤੌਰ 'ਤੇ ਛਾਪੀ ਜਾਵੇਗੀ। ਇਸਦੇ ਪਹਿਲੇ ਸਫ਼ੇ ਦਾ ਇਕ ਸ਼ੇਅਰ ਉਹਨਾਂ ਦੇ ਮਨ ਦੀ ਅਵਸਥਾ ਨੂੰ ਦੱਸਦਾ ਹੈ।

*"ਕੁਰਏ ਖਾਕ ਹੈ ਗਰ੍ਹਦਸ਼ ਮੇਂ, ਤਪਸ਼ ਸੇ ਮੇਰੀ,*
*ਮੈਂ ਵੁਹ ਮਜਨੂੰ ਹੂੰ ਜੋ ਜ਼ਿੰਦਾ ਮੈਂ ਆਜ਼ਾਦ ਰਹਾਂ।"*

ਇਹ 6 ਦਸਤਾਵੇਜ਼ ਭਗਤ ਸਿੰਘ ਦੀ ਸ਼ਖ਼ਸੀਅਤ ਦੇ ਕਈ ਹੋਰ ਪਾਸੇ ਸਾਹਮਣੇ ਲਿਆਂਦੀਆਂ ਹਨ—ਸੰਪਾਦਕ]

* * *

## 85. ਬਚਪਨ ਦੇ ਦੋਸਤ ਜੈ ਦੇਵ ਗੁਪਤਾ ਨੂੰ ਖ਼ਤ ਸੈਂਟਰਲ ਜੇਲ੍ਹ, ਲਾਹੌਰ, 30 ਜੂਨ, 1930

ਮੇਰੇ ਪਿਆਰੇ ਜੈ ਦੇਵ,

'ਵਿਕਟਰੀ' ਬੂਟ ਅਤੇ 'ਕੁਇੰਕ' ਦਵਾਤ ਭੇਜਣ ਦਾ ਮੇਰੇ ਵੱਲੋਂ ਧੰਨਵਾਦ ਕਬੂਲ ਕਰਨਾ। ਤੁਹਾਡੇ ਸ਼ਬਦਾਂ ਅਨੁਸਾਰ ਕੁਲਬੀਰ ਦੇ ਕਹਿਣ ਮੁਜਬ ਮੈਂ ਇਹ ਚਿੱਠੀ ਕੁਝ ਹੋਰ ਚੀਜ਼ਾਂ ਮੰਗਵਾਉਣ ਵਾਸਤੇ ਲਿਖ ਰਿਹਾ ਹਾਂ।

ਤੁਹਾਡੀ ਬੜੀ ਕਿਰਪਾ ਹੋਵੇਗੀ ਜੇ ਤੁਸੀਂ ਇਕ ਜੋੜਾ ਹੋਰ ਕੱਪੜੇ ਦੇ ਬੂਟ ਮਿ. ਦੱਤ ਲਈ ਭੇਜ ਸਕੋ। ਪਰ ਦੁਕਾਨਦਾਰ ਨਾਲ ਉਸਦੇ ਮੋੜਨ ਦਾ ਪ੍ਰਬੰਧ ਕਰ ਲੈਣਾ, ਜੇ ਉਸ ਦੇ ਮੇਚ ਨਾ ਆਉਣ। ਮੈਂ ਇਸ ਬਾਰੇ ਆਪਣੇ ਨਾਲ ਹੀ ਲਿਖ ਸਕਦਾ ਸੀ, ਪਰ ਉਸ ਸਮੇਂ ਮਿ. ਦੱਤ ਵਿਗੜੇ ਰਉਂ ਵਿਚ ਸੀ। ਪਰ ਮੇਰੇ ਲਈ ਇਹ ਬਹੁਤ ਔਖੀ ਗੱਲ ਹੈ ਕਿ ਇਹਨੂੰ ਇਕੱਲਿਆਂ ਹੀ ਪਾਵਾਂ। ਮੈਂ ਆਸ ਕਰਦਾ ਹਾਂ ਕਿ ਅਗਲੀ ਮੁਲਾਕਾਤ ਵੇਲੇ ਇਥੇ ਬੂਟਾਂ ਦਾ ਇਕ ਹੋਰ ਜੋੜਾ ਪਿਆ ਹੋਵੇਗਾ।

ਕਿਰਪਾ ਕਰਕੇ 34 ਨੰਬਰ ਛਾਤੀ ਦੀ ਸਫ਼ੈਦ ਸ਼ੈਕਸਪੀਰੀ ਕਾਲਰ ਵਾਲੀ ਅੱਧੀਆਂ ਬਾਹਵਾਂ ਵਾਲੀ ਕਮੀਜ਼ ਭੇਜਣਾ। ਇਹ ਵੀ. ਮਿ. ਦੱਤ ਲਈ ਚਾਹੀਦੀ ਹੈ। ਇਹ ਨਾ ਸੋਚਣਾ ਕਿ ਅਸੀਂ ਜੇਲ੍ਹ ਵਿਚ ਹੁੰਦੇ ਹੋਏ ਵੀ ਆਪਣਾ ਰਹਿਣ-ਸਹਿਣ ਦਾ ਖ਼ਰਚੀਲਾ ਢੰਗ ਤਿਆਗਿਆ ਨਹੀਂ, ਕਿਉਂਕਿ ਇਹ ਫਿਰ ਵੀ ਜ਼ਰੂਰੀ ਲੋੜਾਂ ਹਨ, ਸਜ-ਧਜ ਨਹੀਂ। ਕਿਸੇ ਨਰਮ ਕੱਪੜੇ ਦੇ ਬਣੇ ਹੋਏ : ਇਸ਼ਨਾਨ ਅਤੇ ਵਰਜ਼ਿਸ਼ ਲਈ ਦੋ ਲੰਗੋਟ ਭੇਜਣੇ। ਕੱਪੜੇ ਧੋਣ ਲਈ ਸਾਬਣ ਦੀਆਂ ਕੁਝ ਟਾਕੀਆਂ ਅਤੇ ਕੁਝ ਬਦਾਮ ਅਤੇ ਇਕ ਸਵੈਨ ਇੰਕ ਵੀ ਭੇਜਣਾ। ਸਰਦਾਰ ਜੀ ਦਾ ਕੀ ਹਾਲ



Sri Satguru Jagjit Singh Ji Elibrary NamdhariElibrary@gmail.com

ਹੈ ? ਕੀ ਉਹ ਲੁਧਿਆਣਿਓਂ ਆ ਗਏ ਹਨ ? ਅੱਜਕੱਲ੍ਹ ਕਚਹਿਰੀ ਬੰਦ ਹੋਏਗੀ ਤੇ ਮੁਕੱਦਮਾ ਨਹੀਂ ਚਲ ਰਿਹਾ ਹੋਏਗਾ। ਜੇ ਉਹ ਅਜੇ ਤਕ ਨਹੀਂ ਆਏ ਤਾਂ ਉਨ੍ਹਾਂ ਨੂੰ ਇਥੇ ਲਿਆਉਣ ਲਈ ਕਿਸੇ ਨੂੰ ਘੱਲ ਦਿਓ। ਫਿਰ ਉਨ੍ਹਾਂ ਦੇ ਤੇ ਮੇਰੇ ਮੁਕੱਦਮੇ ਦਾ ਅੰਤ ਹੋਣ ਵਾਲਾ ਹੈ। ਕਿਹਾ ਨਹੀਂ ਜਾ ਸਕਦਾ ਕਿ ਸਾਨੂੰ ਇਕ ਦੂਜੇ ਨੂੰ ਦੁਬਾਰਾ ਮਿਲਣ ਦਾ ਮੌਕਾ ਮਿਲੇਗਾ ਵੀ ਕਿ ਨਹੀਂ। ਇਸ ਲਈ ਤੁਸੀਂ ਉਨ੍ਹਾਂ ਨੂੰ ਫੌਰਨ ਬੁਲਾਓ ਤਾਂ ਜੁ ਉਹ ਇਸ ਹਫ਼ਤੇ ਦੇ ਅੰਦਰ ਅੰਦਰ ਮੇਰੇ ਨਾਲ ਦੋ ਮੁਲਾਕਾਤਾਂ ਕਰ ਸਕਣ ਅਤੇ ਜੇ ਉਹ ਜਲਦੀ ਨਹੀਂ ਆ ਰਹੇ ਤਾਂ ਕਿਰਪਾ ਕਰਕੇ ਕੁਲਬੀਰ ਤੇ ਭੈਣ ਨੂੰ ਮੇਰੇ ਨਾਲ ਮੁਲਾਕਾਤ ਕਰਨ ਲਈ ਕੱਲ੍ਹ ਜਾਂ ਹੱਦ ਪਰਸੋਂ ਭੇਜ ਦੇਵੋ। ਮੇਰੇ ਦੋਸਤਾਂ ਨੂੰ ਮੇਰੀ ਯਾਦ ਕਹਿਣਾ।

ਨਾਲ ਹੀ, ਕੀ ਤੁਸੀਂ, ਇਕ ਫਾਰਸੀ ਦਾ ਕਾਇਦਾ ਉਰਦੂ ਅਨੁਵਾਦ ਨਾਲ ਭੇਜ ਸਕਦੇ ਹੋ ?

ਤੁਹਾਡਾ,

**ਭਗਤ ਸਿੰਘ**

ਜੈ ਦੇਵ ਗੁਪਤਾ ਮਾਰਫ਼ਤ ਸ. ਕਿਸ਼ਨ ਸਿੰਘ, ਬ੍ਰੈਡਲਾ ਹਾਲ, ਲਾਹੌਰ

* * *

## 86. ਲਾਹੌਰ ਸੈਂਟਰਲ ਜੇਲ੍ਹ, ਤਾਰੀਖ 24 ਜੁਲਾਈ, 1930

ਮੇਰੇ ਪਿਆਰੇ ਜੈ ਦੇਵ !

ਕਿਰਪਾ ਕਰਕੇ ਕੁਲਬੀਰ ਦੇ ਹੱਥ ਸ਼ਨਿਚਰਵਾਰ ਨੂੰ ਹੇਠ ਲਿਖੀਆਂ ਕਿਤਾਬਾਂ ਦਵਾਰਕਾ ਦਾਸ ਲਾਇਬ੍ਰੇਰੀ ਤੋਂ ਮੇਰਾ ਨਾਂ ਲੈ ਕੇ ਘੱਲਣ ਦੀ ਖੇਚਲ ਕਰਨੀ।

ਮੈਟੀਰੀਲਿਜ਼ਮ : ਕਾਰਲ ਲਿਬਨੈਖ਼ਤ
ਵਾਈ ਮੈਨ ਫ਼ਾਈਟ : ਬੀ. ਰੱਸਿਲ
ਸੋਵੀਅਟਸ ਐਟ ਵਰਕ
ਕੋਲੈਪਸ ਆਫ਼ ਸੈਕੰਡ ਇੰਟਰਨੈਸ਼ਨਲ
ਲੈਫ਼ਟ ਵਿੰਗ ਕਮਿਊਨਿਜ਼ਮ
ਮਿਊਚੁਅਲ ਏਡ : ਪ੍ਰਿੰਸ ਕਰੋਪਾਟਕਿਨ
ਫ਼ੀਲਡਜ਼ ਫੈਕਟਰੀਜ਼ ਐਂਡ ਵਰਕਸ਼ਾਪਸ
ਸਿਵਲ ਵਾਰ ਇਨ ਫ਼ਰਾਂਸ : ਮਾਰਕਸ
ਲੈਂਡ ਰੈਵੋਲਿਊਸ਼ਨ ਇਨ ਰਸ਼ੀਆ
ਅਤੇ ਅਪਟਨ ਸਿਨਕਲੇਅਰ ਦੀ "ਸਪਾਈ"।

ਕਿਰਪਾ ਕਰਕੇ ਜੇ ਹੋ ਸਕੇ, ਮੈਨੂੰ ਇਕ ਹੋਰ ਕਿਤਾਬ ਵੀ ਘੱਲਣ ਦਾ ਪ੍ਰਬੰਧ ਕਰਨਾ, ਜਿਸ ਦਾ ਨਾਂ "ਥਿਊਰੀ ਆਫ ਹਿਸਟੋਰੀਕਲ ਮੈਟੀਰੀਅਲਿਜ਼ਮ : ਬੁਖਾਰਿਨ" ਹੈ।

(ਇਹ ਪੰਜਾਬ ਪਬਲਿਕ ਲਾਇਬ੍ਰੇਰੀ ਤੋਂ ਮਿਲ ਜਾਵੇਗੀ)

ਅਤੇ ਕਿਰਪਾ ਕਰਕੇ ਲਾਇਬ੍ਰੇਰੀਅਨ ਤੋਂ ਇਹ ਪੜਤਾਲ ਕਰਨਾ ਕਿ ਕੀ ਕੁਝ ਕਿਤਾਬਾਂ ਬੋਰਸਟਲ ਜੇਲ੍ਹ ਦੇ ਲੋਕਾਂ ਨੂੰ ਭੇਜ ਦਿੱਤੀਆਂ ਗਈਆਂ ਹਨ ? ਇਹ ਲੋਕ ਕਿਤਾਬੋਂ ਬੁਰੀ ਤਰ੍ਹਾਂ ਵਾਂਝੇ ਹਨ। ਉਨ੍ਹਾਂ ਨੇ ਜੈ ਦੇਵ, ਸੁਖਦੇਵ ਦੇ ਭਰਾ ਦੇ ਹੱਥੀਂ ਇਕ ਸੂਚੀ ਘੱਲੀ ਸੀ। ਪਰ ਉਨ੍ਹਾਂ ਨੂੰ ਅਜੇ ਕੋਈ ਕਿਤਾਬਾਂ ਨਹੀਂ ਪਹੁੰਚੀਆਂ। ਜੇ ਉਨ੍ਹਾਂ ਕੋਲ (ਲਾਇਬ੍ਰੇਰੀ ਵਾਲਿਆਂ ਕੋਲ) ਉਹ



Sri Satguru Jagjit Singh Ji Elibrary NamdhariElibrary@gmail.com

ਸੂਚੀ ਨਾ ਹੋਵੇ ਤਾਂ ਕਿਰਪਾ ਕਰਕੇ ਲਾਲਾ ਫਿਰੋਜ਼ ਚੰਦ ਤੋਂ ਪੁੱਛ ਲੈਣਾ ਅਤੇ ਉਨ੍ਹਾਂ ਦੀ ਪਸੰਦ ਅਨੁਸਾਰ ਕੁਝ ਰੋਚਕ ਕਿਤਾਬਾਂ ਭੇਜ ਦੇਣਾ। ਇਸ ਐਤਵਾਰ ਜਦ ਮੈਂ ਉੱਥੇ ਜਾਵਾਂ ਤਾਂ ਉਨ੍ਹਾਂ ਕੋਲ ਕਿਤਾਬਾਂ ਪਹੁੰਚੀਆਂ ਹੋਣੀਆਂ ਚਾਹੀਦੀਆਂ ਹਨ। ਕਿਰਪਾ ਕਰਕੇ ਇਹ ਕੰਮ ਹਰ ਹੀਲੇ ਕਰ ਦੇਣਾ। ਕਿਰਪਾ ਕਰਕੇ ਡਾਰਲਿੰਗ ਦੀ ਇਕ "ਪੰਜਾਬ ਪੇਜ਼ੈਂਟਰੀ ਇਨ ਪ੍ਰਾਸਪੈਰਿਟੀ ਐਂਡ ਡੈਬਟ" ਅਤੇ ਇਕ-ਅੱਧ ਹੋਰ ਕਿਤਾਬ ਕਿਸਾਨੀ ਮਾਮਲਿਆਂ ਬਾਰੇ ਡਾ. ਆਲਮ ਲਈ ਭੇਜ ਦੇਣੀ।

ਮੈਨੂੰ ਆਸ ਹੈ ਕਿ ਤੁਸੀਂ ਇਸ ਖੇਚਲ ਨੂੰ ਮਹਿਸੂਸ ਨਹੀਂ ਕਰੋਗੇ। ਭਵਿੱਖ ਵਿਚ, ਮੈਂ ਤੁਹਾਨੂੰ ਯਕੀਨ ਦਵਾਉਂਦੇ ਹਾਂ ਕਿ ਮੈਂ ਤੁਹਾਨੂੰ ਕਦੇ ਵੀ ਕੋਈ ਤਕਲੀਫ ਨਹੀਂ ਦਿਆਂਗਾ ਕਿਰਪਾ ਕਰਕੇ ਸਾਰੇ ਦੋਸਤਾਂ ਨੂੰ ਮੇਰੀ ਯਾਦ ਕਹਿਣਾ ਅਤੇਂ ਲਜਿਆਵਤੀ ਜੀ ਨੂੰ ਮੇਰੇ ਵੱਲੋਂ ਸਤਿਕਾਰ। ਮੈਂ ਆਸ ਕਰਦਾ ਹਾਂ ਕਿ ਜੇ ਦੱਤ ਦੀ ਭੈਣ ਆਵੇ ਤਾਂ ਉਹ ਮੇਰੇ ਨਾਲ ਵੀ ਮੁਲਾਕਾਤ ਕਰਨ ਦੀ ਖੇਚਲ ਕਰੇਗੀ।

ਸਤਿਕਾਰ ਸਹਿਤ,  
ਤੁਹਾਡਾ,  
ਭਗਤ ਸਿੰਘ  
(ਅੰਗਰੇਜ਼ੀ ਤੋਂ)

* * *

## 87. ਪ੍ਰੋਮਿਲਾ ਦੇਵੀ (ਬਟੁਕੇਸ਼ਵਰ ਦੱਤ ਦੀ ਭੈਣ) ਨੂੰ ਇਕ ਖ਼ਤ, ਸੈਂਟਰਲ ਜੇਲ੍ਹ, ਲਾਹੌਰ

*—ਮਿਤੀ 17 ਜੁਲਾਈ, 1930*

ਪਿਆਰੀ ਭੈਣ,

ਕਲ ਬਟੂ* ਨੇ ਤੁਹਾਨੂੰ ਚਿੱਠੀ ਲਿਖੀ ਸੀ। ਤੁਹਾਨੂੰ ਇਹ ਸੂਚਨਾ ਦੇਣ ਲਈ ਕਿ ਜਿੰਨੇ ਚਿਰ ਤਕ ਉਸ ਨੂੰ ਤੁਹਾਡੀ ਚਿੱਠੀ ਨਾ ਮਿਲੇ, ਤੁਸੀਂ ਇਥੇ ਨਾ ਆਉਣਾ। ਬੱਟੂ ਨੂੰ ਕੱਲ ਰਾਤ ਕਿਸੇ ਹੋਰ ਜੇਲ੍ਹ ਵਿਚ ਬਦਲ ਦਿੱਤਾ ਗਿਆ ਹੈ। ਅਜੇ ਤਕ ਅਸੀਂ ਉਨ੍ਹਾਂ ਦੇ ਪੜਾਅ ਬਾਰੇ ਅਣਜਾਣ ਹਾਂ। ਇਸ ਲਈ ਮੈਂ ਦਿਲੋਂ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਤੁਸੀਂ ਬਨਾਰਸੋਂ ਲਾਹੌਰ ਨੂੰ ਨਾ ਚਲਣਾ, ਜਦੋਂ ਤਕ ਉਸ ਦੀ ਚਿੱਠੀ ਨਾ ਮਿਲੇ। ਉਹਦਾ ਵਿਛੋੜਾ ਮੇਰੇ ਲਈ ਵੀ ਅਸਹਿ ਹੈ। ਅੱਜ ਮੈਂ ਵੀ ਬੜੀ ਘਬਰਾਹਟ ਮਹਿਸੂਸ ਕਰ ਰਿਹਾ ਹਾਂ ਅਤੇ ਹਰ ਪਲ ਬੋਝ ਬਣ ਗਿਆ ਹੈ। ਸੱਚੀਂ ਅਜਿਹੇ ਦੋਸਤ ਨਾਲੋਂ ਵਿਛੜਨਾ, ਜਿਹੜਾ ਕਿ ਮੇਰੇ ਆਪਣੇ ਵੀਰਾਂ ਨਾਲੋਂ ਵੱਧ ਪਿਆਰਾ ਹੋਵੇ, ਬਹੁਤ ਔਖਾ ਹੈ। ਫ਼ੇਰ ਸਾਨੂੰ ਇਹ ਸਭ ਕੁਝ ਸਬਰ ਨਾਲ ਸਹਿਣਾ ਚਾਹੀਦਾ ਹੈ। ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਤੁਸੀਂ ਹੌਸਲਾ ਰੱਖੋ। ਕੋਈ ਫ਼ਿਕਰ ਨਾ ਕਰੋ।

ਸਮਾਂ ਬੀਤਣ ਨਾਲ ਇਸ ਦਾ ਸਿੱਟਾ ਚੰਗਾ ਹੀ ਨਿਕਲੇਗਾ।

ਤੁਹਾਡਾ ਵੀਰ,  
ਭਗਤ ਸਿੰਘ  
(ਅੰਗਰੇਜ਼ੀ ਤੋਂ)

* * *

* ਬਟੁਕੇਸ਼ਵਰ ਦੱਤ ਦਾ ਲਾਡਲਾ ਨਾਂ.



Sri Satguru Jagjit Singh Ji Elibrary NamdhariElibrary@gmail.com

## 88. ਕੁਲਬੀਰ ਸਿੰਘ, ਸੈਂਟਰਲ ਜੇਲ੍ਹ, ਲਾਹੌਰ

*—16 ਸਤੰਬਰ, 1930*

ਵੀਰ ਅਜ਼ੀਜ਼ ਕੁਲਬੀਰ ਜੀ, ਸਤਿ ਸ੍ਰੀ ਅਕਾਲ !

ਤੁਹਾਨੂੰ ਪਤਾ ਹੀ ਹੋਏਗਾ ਕਿ ਉੱਚ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਮੇਰੀਆਂ ਮੁਲਾਕਾਤਾਂ ਬੰਦ ਕਰ ਦਿੱਤੀਆਂ ਹਨ। ਇਹਨਾਂ ਹਾਲਤਾਂ ਵਿਚ ਫ਼ਿਲਹਾਲ ਮੁਲਾਕਾਤ ਨਹੀਂ ਹੋ ਸਕੇਗੀ ਅਤੇ ਮੇਰਾ ਖ਼ਿਆਲ ਹੈ ਕਿ ਛੇਤੀ ਹੀ ਫੈਸਲਾ ਸੁਣਾ ਦਿੱਤਾ ਜਾਵੇਗਾ। ਇਸ ਤੋਂ ਕੁਝ ਦਿਨਾਂ ਮਗਰੋਂ ਕਿਸੇ ਦੂਸਰੇ ਜੇਲ੍ਹ ਦਾ ਚਾਲਾਨ ਹੋ ਜਾਏਗਾ। ਇਸ ਲਈ ਕਿਸੇ ਦਿਨ ਜੇਲ੍ਹ ਵਿਚ ਆ ਕੇ ਮੇਰੀਆਂ ਕਿਤਾਬਾਂ ਅਤੇ ਪਰਚੇ ਵਗੈਰਾ ਚੀਜ਼ਾਂ ਲੈ ਜਾਣੀਆਂ। ਮੈਂ ਭਾਂਡੇ, ਕੱਪੜੇ, ਕਿਤਾਬਾਂ ਅਤੇ ਹੋਰ ਕਾਗਜ਼ ਜੇਲ੍ਹ ਦੇ ਡਿਪਟੀ ਸੁਪਰਿੰਟੈਂਡੈਂਟ ਦੇ ਦਫਤਰ ਭੇਜ ਦੇਵਾਂਗਾ, ਆ ਕੇ ਲੈ ਜਾਈਓ। ਪਤਾ ਨਹੀਂ, ਮੈਨੂੰ ਵਾਰ ਵਾਰ ਇਹ ਖਿਆਲ ਕਿਉਂ ਆ ਰਿਹਾ ਹੈ ਕਿ ਇਸੇ ਹਫ਼ਤੇ ਦੇ ਵਿਚ ਵਿਚ ਜਾਂ ਜ਼ਿਆਦਾ ਤੋਂ ਜ਼ਿਆਦਾ ਇਸ ਮਹੀਨੇ ਫੈਸਲਾ ਅਤੇ ਚਾਲਾਨ ਹੋ ਜਾਏਗਾ। ਇਹਨਾਂ ਹਾਲਤਾਂ ਵਿਚ ਹੁਣ ਤਾਂ ਕਿਸੇ ਦੂਸਰੀ ਜੇਲ੍ਹ ਵਿਚ ਮੁਲਾਕਾਤ ਹੋਏ ਤਾਂ ਹੋਏ, ਇਥੇ ਤਾਂ ਆਸ ਨਹੀਂ ਹੈ।

ਵਕੀਲ ਨੂੰ ਭੇਜ ਸਕੋ ਤਾਂ ਭੇਜਣਾ। ਮੈਂ ਪ੍ਰਿਵੀ ਕੌਂਸਲ ਦੇ ਸਿਲਸਿਲੇ ਵਿਚ ਇਕ ਜ਼ਰੂਰੀ ਗੱਲ ਦਰਿਆਫ਼ਤ ਕਰਨੀ ਚਾਹੁੰਦਾ ਹਾਂ। ਮਾਂ ਜੀ ਨੂੰ ਤਸੱਲੀ ਦੇਣੀ, ਘਬਰਾਉਣ ਨਾ।

ਤੁਹਾਡਾ ਵੀਰ,<br>
ਭਗਤ ਸਿੰਘ<br>
(ਉਰਦੂ ਤੋਂ)

❋ ❋ ❋

## 89. ਸੈਂਟਰਲ ਜੇਲ੍ਹ, ਲਾਹੌਰ 25 ਸਤੰਬਰ, 1930

ਵੀਰ ਅਜ਼ੀਜ਼ ਕੁਲਬੀਰ ਸਿੰਘ ਜੀ, ਸਤਿ ਸ੍ਰੀ ਅਕਾਲ !

ਮੈਨੂੰ ਇਹ ਜਾਣ ਕੇ ਕਿ ਇਕ ਦਿਨ ਤੁਸੀਂ ਮਾਂ ਜੀ ਨੂੰ ਨਾਲ ਲੈ ਕੇ ਆਏ ਅਤੇ ਮੁਲਾਕਾਤ ਦੀ ਇਜਾਜ਼ਤ ਨਾ ਮਿਲਣ 'ਤੇ ਨਿਰਾਸ਼ ਵਾਪਸ ਚਲੇ ਗਏ, ਬਹੁਤ ਦੁੱਖ ਹੋਇਆ। ਆਖ਼ਰ ਤੈਨੂੰ ਤਾਂ ਪਤਾ ਲੱਗ ਹੀ ਚੁੱਕਾ ਸੀ ਕਿ ਜੇਲ੍ਹ ਵਾਲੇ ਮੁਲਾਕਾਤ ਦੀ ਇਜਾਜ਼ਤ ਨਹੀਂ ਦਿੰਦੇ, ਫੇਰ ਮਾਂ ਜੀ ਨੂੰ ਨਾਲ ਕਿਉਂ ਲਿਆਇਆ। ਮੈਂ ਜਾਣਦਾ ਹਾਂ ਉਹ ਇਸ ਵੇਲੇ ਬਹੁਤ ਘਬਰਾਏ ਹੋਏ ਹਨ, ਪਰ ਇਸ ਘਬਰਾਹਟ ਅਤੇ ਪ੍ਰੇਸ਼ਾਨੀ ਦਾ ਕੀ ਫ਼ਾਇਦਾ। ਨੁਕਸਾਨ ਜ਼ਰੂਰੀ ਹੈ, ਕਿਉਂਕਿ ਜਦ ਤੋਂ ਮੈਨੂੰ ਪਤਾ ਲੱਗਾ ਕਿ ਉਹ ਬਹੁਤ ਰੋ ਰਹੇ ਹਨ, ਮੈਨੂੰ ਆਪ ਵੀ ਬੇਚੈਨੀ ਹੋ ਰਹੀ ਹੈ। ਘਬਰਾਉਣ ਦੀ ਕੋਈ ਗੱਲ ਨਹੀਂ ਅਤੇ ਇਸ ਤੋਂ ਕੁਝ ਮਿਲਦਾ ਵੀ ਨਹੀਂ। ਸਭ ਹੌਸਲੇ ਨਾਲ ਹਾਲਾਤ ਦਾ ਮੁਕਾਬਲਾ ਕਰਨ। ਆਖ਼ਰ ਦੁਨੀਆ ਵਿਚ ਦੂਜੇ ਲੋਕ ਵੀ ਤਾਂ ਹਜ਼ਾਰਾਂ ਮੁਸੀਬਤਾਂ ਵਿਚ ਫਸੇ ਹੋਏ ਹਨ ਅਤੇ ਫੇਰ ਜੇ ਲਗਾਤਾਰ ਇਕ ਸਾਲ ਮੁਲਾਕਾਤਾਂ ਕਰਕੇ ਤਬੀਅਤ ਤ੍ਰਿਪਤ ਨਹੀਂ ਹੋਈ, ਤਾਂ ਦੋ ਚਾਰ ਹੋਰ ਮੁਲਾਕਾਤਾਂ ਨਾਲ ਵੀ ਤਸੱਲੀ ਨਹੀਂ ਹੋਣ ਲੱਗੀ। ਮੇਰਾ ਖ਼ਿਆਲ ਹੈ ਕਿ ਫੈਸਲੇ ਅਤੇ ਚਾਲਾਨ ਮਗਰੋਂ ਮੁਲਾਕਾਤਾਂ ਖੁੱਲ੍ਹ ਜਾਣਗੀਆਂ, ਪਰ ਜੇ ਫਰਜ਼ ਕੀਤਾ ਜਾਏ ਕਿ ਫੇਰ ਵੀ ਮੁਲਾਕਾਤ ਦੀ ਇਜਾਜ਼ਤ ਨਾ ਮਿਲੇ, ਤਾਂ ਘਬਰਾਉਣ ਦਾ ਕੀ ਫ਼ਾਇਦਾ ?

ਤੇਰਾ,<br>
ਭਗਤ ਸਿੰਘ<br>
(ਉਰਦੂ ਤੋਂ)

❋ ❋ ❋



Sri Satguru Jagjit Singh Ji Elibrary NamdhariElibrary@gmail.com

## 90. ਬਟੁਕੇਸ਼ਵਰ ਦੱਤ ਨੂੰ ਖ਼ਤ

*—ਅਕਤੂਬਰ, 1930*

[ਫ਼ਾਂਸੀ ਦੀ ਸਜ਼ਾ ਸੁਣਾਏ ਜਾਣ ਬਾਅਦ, ਆਪਣੇ ਪਿਆਰੇ ਸਾਥੀ ਬਟੁਕੇਸ਼ਵਰ ਦੱਤ ਜੋ ਮੁਲਤਾਨ ਜੇਲ੍ਹ ਵਿਚ ਬੰਦੀ ਸਨ ਅਤੇ ਅਸੈਂਬਲੀ ਬੰਬ ਕੇਸ ਵਿਚ ਮਿਲੀ ਉਮਰ ਕੈਦ ਭੁਗਤ ਰਹੇ ਸਨ, ਨੂੰ ਲਿਖਿਆ। ਇਹ ਖ਼ਤ/ਅਕਤੂਬਰ, 1930 ਦੇ ਪਿਛਲੇ ਅੱਧ ਵਿਚ ਲਿਖਿਆ ਗਿਆ ਸੀ।

**—ਸੰਪਾਦਕ**]

ਪਿਆਰੇ ਵੀਰ,

ਮੈਨੂੰ ਸਜ਼ਾ ਸੁਣਾ ਦਿੱਤੀ ਗਈ ਹੈ ਅਤੇ ਫ਼ਾਂਸੀ ਦਾ ਹੁਕਮ ਹੋਇਆ ਹੈ। ਇਨ੍ਹਾਂ ਕੋਠੜੀਆਂ ਵਿਚ ਮੈਥੋਂ ਬਿਨਾਂ ਫ਼ਾਂਸੀ ਦੀ ਉਡੀਕ ਕਰਨ ਵਾਲੇ ਬਹੁਤ ਸਾਰੇ ਮੁਲਜ਼ਮ ਹਨ। ਇਹ ਲੋਕ ਇਹੀ ਅਰਦਾਸ ਕਰ ਰਹੇ ਹਨ ਕਿ ਕਿਸੇ ਤਰ੍ਹਾਂ ਫ਼ਾਂਸੀ ਤੋਂ ਬਚ ਜਾਣ। ਪਰ ਉਨ੍ਹਾਂ ਵਿਚ ਸ਼ਾਇਦ ਮੈਂ ਇਕ ਅਜਿਹਾ ਆਦਮੀ ਹਾਂ, ਜੋ ਬੜੀ ਬੇਸਬਰੀ ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹਾਂ, ਜਦ ਮੈਨੂੰ ਆਪਣੇ ਆਦਰਸ਼ ਵਾਸਤੇ ਫ਼ਾਂਸੀ ਦੇ ਰੱਸੇ 'ਤੇ ਝੂਲਣ ਦਾ ਸੁਭਾਗ ਹਾਸਲ ਹੋਵੇਗਾ। ਮੈਂ ਇਸ ਖ਼ੁਸ਼ੀ ਨਾਲ ਫ਼ਾਂਸੀ ਦੇ ਤਖ਼ਤੇ ਉੱਤੇ ਚੜ੍ਹ ਕੇ ਦੁਨੀਆਂ ਨੂੰ ਦਿਖਾ ਦੇਵਾਂਗਾ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਕਿੰਨੀ ਵੀਰਤਾ ਨਾਲ ਕੁਰਬਾਨੀ ਦੇ ਸਕਦੇ ਹਨ।

ਮੈਨੂੰ ਫ਼ਾਂਸੀ ਦੀ ਸਜ਼ਾ ਮਿਲੀ ਹੈ, ਪਰ ਤੈਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੈ। ਤੂੰ ਜਿਊਂਦਾ ਰਹੇਂਗਾ ਅਤੇ ਤੂੰ ਜਿਉਂਦਿਆਂ ਰਹਿ ਕੇ ਦੁਨੀਆ ਨੂੰ ਇਹ ਦਿਖਾਉਣਾ ਹੈ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਸਿਰਫ਼ ਮਰ ਹੀ ਨਹੀਂ ਸਕਦੇ, ਸਗੋਂ ਜਿਊਂਦੇ ਰਹਿ ਕੇ ਹਰ ਮੁਸੀਬਤ ਦਾ ਮੁਕਾਬਲਾ ਵੀ ਕਰ ਸਕਦੇ ਹਨ, ਮੌਤ ਦੁਨਿਆਵੀ ਔਖਿਆਈਆਂ ਤੋਂ ਛੁਟਕਾਰਾ ਹਾਸਲ ਕਰਨ ਦਾ ਸਾਧਨ ਨਹੀਂ ਬਣਨੀ ਚਾਹੀਦੀ ਸਗੋਂ ਜੋ ਇਨਕਲਾਬੀ ਇਤਫ਼ਾਕ ਨਾਲ ਫ਼ਾਂਸੀ ਦੇ ਰੱਸੇ ਤੋਂ ਬਚ ਗਏ ਹਨ, ਉਨ੍ਹਾਂ ਨੂੰ ਜਿਉਂਦਿਆਂ ਰਹਿ ਕੇ ਦੁਨੀਆਂ ਨੂੰ ਇਹ ਦਿਖਾ ਦੇਣਾ ਚਾਹੀਦਾ ਹੈ ਕਿ ਉਹ ਨਾ ਸਿਰਫ਼ ਆਪਣੇ ਆਦਰਸ਼ਾਂ ਲਈ ਫ਼ਾਂਸੀ ਉੱਤੇ ਚੜ੍ਹ ਸਕਦੇ ਹਨ ਸਗੋਂ ਜੇਲ੍ਹਾਂ ਦੀਆਂ ਹਨ੍ਹੇਰੀਆਂ ਛੋਟੀਆਂ ਕੋਠੜੀਆਂ ਵਿਚ ਘੁਲ ਘੁਲ ਕੇ ਹੱਦ ਦਰਜੇ ਦੇ ਭੈੜੇ ਜ਼ੁਲਮਾਂ ਨੂੰ ਵੀ ਸਹਾਰ ਸਕਦੇ ਹਨ।

ਤੁਹਾਡਾ
ਭਗਤ ਸਿੰਘ

* * *

## 91. ਕੁਲਬੀਰ ਸਿੰਘ ਦੇ ਨਾਂ ਖ਼ਤ

*—ਸੈਂਟਰਲ ਜੇਲ੍ਹ, ਲਾਹੌਰ 3 ਮਾਰਚ, 1931*

[ਜੇਲ੍ਹ ਦੀ ਕੋਠੜੀ ਵਿਚੋਂ 3 ਮਾਰਚ, 1931 ਨੂੰ ਫ਼ਾਂਸੀ ਤੋਂ 20 ਦਿਨ ਪਹਿਲਾਂ ਉਨ੍ਹਾਂ ਨੇ ਆਪਣੇ ਛੋਟੇ ਭਰਾਵਾਂ ਦੇ ਨਾਂ ਦੋ ਖ਼ਤ ਲਿਖੇ। ਇਹ ਖ਼ਤ ਵੀ ਇਕ ਸੁਨੇਹਾ ਹੈ ਸਭ ਲਈ। ਪੇਸ਼ ਹਨ ਇਹ ਦੋ ਦਸਤਾਵੇਜ਼ੀ ਖ਼ਤ।

**—ਸੰਪਾਦਕ**]

ਅਜ਼ੀਜ਼ ਕੁਲਬੀਰ ਸਿੰਘ,

ਤੁਸੀਂ ਮੇਰੇ ਲਈ ਬਹੁਤ ਕੁਝ ਕੀਤਾ। ਮੁਲਾਕਾਤ ਵੇਲੇ ਤੁਸੀਂ ਆਪਣੀ ਚਿੱਠੀ ਦੇ ਜਵਾਬ



Sri Satguru Jagjit Singh Ji Elibrary NamdhariElibrary@gmail.com

ਵਿਸ਼ ਕੁਝ ਲਿਖਣ ਲਈ ਕਿਹਾ ਸੀ। ਕੁਝ ਸ਼ਬਦ ਲਿਖ ਦੇਵਾਂ ਅਤੇ ਬਸ, ਦੇਖੋ ਮੈਂ ਕਿਸੇ ਲਈ ਕੁਝ ਨਹੀਂ ਕੀਤਾ, ਤੁਹਾਡੇ ਵਾਸਤੇ ਵੀ ਕੁਝ ਨਹੀਂ ਕਰ ਸਕਿਆ। ਅੱਜ ਤੁਹਾਨੂੰ ਸਾਰਿਆਂ ਨੂੰ ਬਿਪਤਾ ਵਿਚ ਛੱਡ ਕੇ ਜਾ ਰਿਹਾ ਹਾਂ। ਤੁਹਾਡੇ ਜੀਵਨ ਦਾ ਕੀ ਹੋਵੇਗਾ? ਗੁਜ਼ਾਰਾ ਕਿਸ ਤਰ੍ਹਾਂ ਕਰੋਗੇ? ਇਹ ਸਭ ਕੁਝ ਸੋਚ ਕੇ ਕੰਬ ਜਾਂਦਾ ਹਾਂ, ਪਰ ਵੀਰ, ਹੌਸਲਾ ਰੱਖਣਾ। ਬਿਪਤਾ ਵਿਚ ਵੀ ਕਦੇ ਘਬਰਾਉਣਾ ਨਹੀਂ। ਇਸ ਤੋਂ ਬਿਨਾਂ ਹੋਰ ਕੀ ਕਹਿ ਸਕਦਾ ਹਾਂ। ਅਮਰੀਕਾ ਜਾ ਸਕਦੇ ਤਾਂ ਬਹੁਤ ਚੰਗਾ ਹੁੰਦਾ, ਪਰ ਹੁਣ ਤਾਂ ਇਹ ਵੀ ਨਾਮੁਮਕਿਨ ਮਾਲੂਮ ਹੁੰਦਾ ਹੈ। ਅਹਿਸਤਾ ਅਹਿਸਤਾ ਮਿਹਨਤ ਨਾਲ ਪੜ੍ਹਦੇ ਜਾਣਾ। ਅਗਰ ਕੋਈ ਕੰਮ ਸਿੱਖ ਸਕੋ ਤਾਂ ਬੇਹਤਰ ਹੋਵੇਗਾ। ਪਰ ਸਭ ਕੁਝ ਪਿਤਾ ਜੀ ਦੀ ਸਲਾਹ ਨਾਲ ਕਰਨਾ। ਜਿਥੋਂ ਤਕ ਹੋ ਸਕੇ ਪਿਆਰ ਨਾਲ ਸਾਰੇ ਜਣੇ ਗੁਜ਼ਾਰਾ ਕਰਨਾ। ਇਸ ਦੇ ਬਿਨਾਂ ਕੀ ਕਹਾਂ? ਜਾਣਦਾ ਹਾਂ ਕਿ ਅੱਜ ਤੁਹਾਡੇ ਦਿਲ ਵਿਚ ਗ਼ਮ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਤੁਹਾਡੀ ਗੱਲ ਸੋਚ ਕੇ ਮੇਰੀਆਂ ਅੱਖਾਂ ਵਿਚ ਹੰਝੂ ਆ ਰਹੇ ਨੇ, ਪਰ ਕੀਤਾ ਕੀ ਜਾ ਸਕਦਾ ਹੈ? ਹੌਸਲਾ ਰੱਖੋ, ਮੇਰੇ ਅਜ਼ੀਜ਼। ਮੇਰੇ ਪਿਆਰੇ ਵੀਰ ਜ਼ਿੰਦਗੀ ਬੜੀ ਸਖ਼ਤ ਹੈ ਅਤੇ ਦੁਨੀਆ ਬੜੀ ਬੇਰਹਿਮ। ਲੋਕ ਵੀ ਬੜੇ ਬੇਰਹਿਮ ਹਨ। ਸਿਰਫ ਹੌਸਲਾ ਅਤੇ ਮੁਹੱਬਤ ਨਾਲ ਹੀ ਗੁਜ਼ਾਰਾ ਹੋ ਸਕੇਗਾ। ਕੁਲਤਾਰ ਦੀ ਪੜ੍ਹਾਈ ਦੀ ਫ਼ਿਕਰ ਵੀ ਤੂੰ ਹੀ ਕਰਨਾ। ਬੜੀ ਸ਼ਰਮ ਆਉਂਦੀ ਹੈ ਅਤੇ ਅਫ਼ਸੋਸ ਦੇ ਬਗੈਰ ਮੈਂ ਕਰ ਵੀ ਕੀ ਸਕਦਾ ਹਾਂ। ਨਾਲ ਵਾਲਾ ਖ਼ਤ ਹਿੰਦੀ ਵਿਚ ਲਿਖਿਆ ਹੈ। ਖ਼ਤ ਬੀ.ਕੇ. ਦੀ ਭੈਣ ਨੂੰ ਦੇ ਦੇਣਾ। ਅੱਛਾ ਨਮਸਕਾਰ ਅਜ਼ੀਜ਼ ਵੀਰ ਅਲਵਿਦਾ.....ਰੁਖਸਤ।

ਤੁਹਾਡਾ ਖ਼ੈਰਖਾਹ,
ਭਗਤ ਸਿੰਘ

* * *

## 92. ਛੋਟੇ ਵੀਰ ਕੁਲਤਾਰ ਨੂੰ ਫ਼ਾਂਸੀ ਤੋਂ ਵੀਹ ਦਿਨ ਪਹਿਲਾਂ ਲਿਖਿਆ ਖ਼ਤ

ਸੈਂਟਰਲ ਜੇਲ੍ਹ, ਲਾਹੌਰ
3 ਮਾਰਚ, 1931

ਅਜ਼ੀਜ਼ ਕੁਲਤਾਰ,

ਅੱਜ ਤੁਹਾਡੀਆਂ ਅੱਖਾਂ ਵਿਚ ਹੰਝੂ ਦੇਖ ਕੇ ਬਹੁਤ ਦੁੱਖ ਹੋਇਆ। ਅੱਜ ਤੁਹਾਡੀਆਂ ਗੱਲਾਂ ਵਿਚ ਬਹੁਤ ਦਰਦ ਸੀ, ਤੁਹਾਡੇ ਹੰਝੂ ਮੇਰੇ ਤੋਂ ਸਹਿਣ ਨਹੀਂ ਹੁੰਦੇ।

ਬਰਖ਼ੁਰਦਾਰ, ਹਿੰਮਤ ਨਾਲ ਵਿਦਿਆ ਪ੍ਰਾਪਤ ਕਰਨੀ ਅਤੇ ਸਿਹਤ ਦਾ ਖ਼ਿਆਲ ਰੱਖਣਾ। ਹੌਸਲਾ ਰੱਖਣਾ ਹੋਰ ਕੀ ਕਹਾਂ—

ਉਸੇ ਫ਼ਿਕਰ ਹੈ ਹਰਦਮ ਨਯਾ ਤਰਜ਼ੇ ਜਫ਼ਾਂ ਕਿਆ ਹੈ,
ਹਮੇਂ ਯਹ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ।

—0—

ਦਹਰ ਸੇ ਕਿਉਂ ਖ਼ਫ਼ਾ ਰਹੇਂ, ਚਰਖ ਕਾ ਕਿਉਂ ਗਿਲਾ ਕਰੇਂ,
ਸਾਰਾ ਜਹਾਂ ਅਦੂ ਸਹੀ, ਆਓ ਮੁਕਾਬਲਾ ਕਰੇਂ।

—0—



Sri Satguru Jagjit Singh Ji Elibrary NamdhariElibrary@gmail.com

ਕੋਈ ਦਮ ਕਾ ਮਹਿਮਾਂ ਹੂੰ, ਐ ਅਹਲੇ ਮਹਿਫਲ
ਚਰਾਗ਼ੇ ਸਹਰ ਹੂੰ, ਬੁਜਾ ਚਾਹਤਾ ਨੂੰ।

—0—

ਮੇਰੀ ਹਵਾ ਮੇਂ ਰਹੇਗੀ ਖਿਆਲ ਕੀ ਬਿਜਲੀ,
ਯਹ ਮੁਸ਼ਤੇ-ਏ-ਖਾਕ ਹੈ ਫਾਨੀ, ਰਹੇ ਨਾ ਰਹੇ।

ਚੰਗਾ ਰੁਖ਼ਸਤ। ਖ਼ੁਸ਼ ਰਹੋ ਅਹਲੇ ਵਤਨ, ਹਮ ਤੋ ਸਫਰ ਕਰਤੇ ਹੈਂ।
ਹੌਂਸਲੇ ਨਾਲ ਰਹਿਣਾ।
ਨਮਸਤੇ।

ਤੇਰਾ ਵੀਰ,
ਭਗਤ ਸਿੰਘ



Sri Satguru Jagjit Singh Ji Elibrary NamdhariElibrary@gmail.com

## ਪਾਠ—16

# ਸ਼ਹੀਦ ਸੁਖਦੇਵ ਸਿੰਘ ਦੇ ਯਾਦਗਾਰੀ ਦਸਤਾਵੇਜ਼

[ਸੁਖਦੇਵ ਪੰਜਾਬ ਬਰਾਂਚ ਦੇ ਜਥੇਬੰਦਕ ਮੋਹਰੀ ਸਨ, ਜਦਕਿ ਭਗਤ ਸਿੰਘ ਤੇ ਵਿਜੇ ਕੁਮਾਰ ਸਿਨਹਾ ਦੀ ਅੰਤਰ ਸੂਬਾਈ ਮੇਲ-ਮਿਲਾਪ ਦੀ ਜ਼ਿੰਮੇਵਾਰੀ ਸੀ। ਇਸ ਕਰਕੇ ਲਾਹੌਰ ਸਾਜ਼ਸ਼ ਕੇਸ ਬਰਤਾਨਵੀ ਤਾਜ Vs ਸੁਖਦੇਵ ਤੇ ਉਸ ਦੇ ਸਾਥੀ, ਕਰਕੇ ਚਲਿਆ। ਸੁਖਦੇਵ ਸਾਂਡਰਸ ਦੇ ਕਤਲ ਵਿਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਸਨ, ਪਰ ਫਿਰ ਵੀ ਇਨਕਲਾਬੀ ਪਾਰਟੀ ਦੇ ਸੰਗਠਿਤ ਕਰਤਾ ਦੇ ਨਾਤੇ ਫ਼ਾਂਸੀ ਦੀ ਸਜ਼ਾ ਦਿੱਤੀ ਗਈ। ਜੇ ਭਗਤ ਸਿੰਘ ਵਿਚਾਰਧਾਰਕ ਤੌਰ 'ਤੇ ਅਗਵਾਈ ਕਰ ਰਹੇ ਸਨ ਤੇ ਸੁਖਦੇਵ ਜਥੇਬੰਦ ਕਰਨ ਵਿਚ ਅਤੇ ਰਾਜਗੁਰੂ ਸਿਰੇ ਦੀ ਲਗਨ ਅਤੇ ਤਿਆਗ ਦੀ ਮੂਰਤੀ ਸਨ, ਤਾ ਹੀ ਤਿੰਨਾਂ ਦੇ ਸੁਮੇਲ ਵਿਚੋਂ ਦੋ ਲਫਜ਼ ਨਿਕਲੇ ਹਨ "ਇਨਕਲਾਬ-ਜ਼ਿੰਦਾਬਾਦ"।

ਭਗਤ ਸਿੰਘ ਤੇ ਸੁਖਦੇਵ ਇਨਕਲਾਬੀ ਪੜ੍ਹਾਈ ਵਿਚ ਵੀ ਇਕੱਠੇ ਹੀ ਚੱਲੇ ਅਤੇ ਬਹਿਸ ਰਾਹੀਂ ਵਿਚਾਰਾਂ ਦੇ ਨਿਖਾਰ ਵਿਚ ਇਕ ਦੂਜੇ ਦੇ ਸਹਾਇਕ ਸਨ। ਹਰ ਅਹਿਮ ਮਸਲੇ 'ਤੇ ਇਨ੍ਹਾਂ ਦੋਹਾਂ ਦੀ ਬਹਿਸ ਦੇ ਰਾਹੀਂ, ਇਨਕਲਾਬੀ ਪਾਰਟੀ ਵਿਚ ਚਲਦੀ ਲਗਾਤਾਰ ਬਹਿਸ ਦੇ ਬਹੁਤ ਸਾਰੇ ਅੰਸ਼ ਤੇ ਦਲੀਲਾਂ ਸਾਡੇ ਤਕ ਪਹੁੰਚੀਆਂ ਹਨ। ਇੱਥੇ ਸੁਖਦੇਵ ਜੀ ਦੇ ਕੁਝ ਦਸਤਾਵੇਜ਼ ਸਾਂਝੇ ਕਰ ਰਹੇ ਹਾਂ, ਬਹੁਤ ਸਾਰੇ ਪੰਜਾਬੀ ਵਿਚ ਪਹਿਲੀ ਵਾਰ ਆ ਰਹੇ ਹਨ।

ਲਾਹੌਰ ਸਾਜ਼ਿਸ਼ ਕੇਸ ਦੇ ਮੁਕੱਦਮੇ ਦੌਰਾਨ ਭਗਤ ਸਿੰਘ ਤੇ ਦੱਤ ਕੇਂਦਰੀ ਜੇਲ੍ਹ ਵਿਚ ਰੱਖੇ ਗਏ ਸਨ ਤੇ ਬਾਕੀ ਸਾਥੀ ਬੋਰਸਟਲ ਜੇਲ੍ਹ ਲਾਹੌਰ ਵਿਚ।

—ਸੰਪਾਦਕ]

✵ ✵ ✵

## 93. ਆਪਣੇ ਤਾਇਆ ਜੀ ਦੇ ਨਾਂ ਖ਼ਤ

ਬੋਰਸਟਲ
ਲਾਹੌਰ

ਮਾਨਯੋਗ ਤਾਇਆ ਜੀ,

ਦੋ ਖ਼ਤ ਲਿਖ ਚੁੱਕਿਆ ਹਾਂ। ਕੋਈ ਜਵਾਬ ਨਹੀਂ ਆਇਆ।

ਮੈਂ ਸੁਣ ਰਿਹਾ ਹਾਂ, ਮੇਰੇ ਕਾਰਨ ਆਪ ਨੂੰ ਬਹੁਤ ਮਾਨਸਿਕ ਕਸ਼ਟ ਉਠਾਣਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਵੀ ਇਸੇ ਖਿਆਲ ਨਾਲ, ਖ਼ਤ ਰਾਹੀਂ ਕੋਸ਼ਿਸ਼ ਕੀਤੀ ਹੈ। ਹੁਣ ਫਿਰ ਉਹੀ ਕਰ ਰਿਹਾ ਹਾਂ।

ਮੈਂ ਜਾਣਦਾ ਹਾਂ ਕਿ ਤੁਹਾਨੂੰ ਮੇਰੇ ਸੁਭਾਅ ਕਰਕੇ ਬਹੁਤ ਚਿੰਤਤ ਰਹਿਣਾ ਪੈਂਦਾ ਹੈ ਅਤੇ ਮੈਂ ਇਹ ਵੀ ਚਾਹੁੰਦਾ ਹਾਂ ਕਿ ਤੁਹਾਡੀ ਚਿੰਤਾ ਕਿਸੇ ਤਰ੍ਹਾਂ ਦੂਰ ਹੋ ਜਾਵੇ ਖਾਸ ਕਰ ਇਨ੍ਹਾਂ ਦਿਨਾਂ ਵਿਚ ਜਦ ਕਿ ਤੁਹਾਡੇ ਲਈ ਦੂਸਰੇ ਕਸ਼ਟ ਹੀ ਬਹੁਤ ਇਕੱਠੇ ਹੋ ਗਏ ਹਨ। ਪਰ ਇਕ ਗੱਲ



Sri Satguru Jagjit Singh Ji Elibrary NamdhariElibrary@gmail.com

ਮੈਂ ਤੁਹਾਨੂੰ ਸਾਫ਼ ਕਹਿਣਾ ਚਾਹੁੰਦਾ ਹਾਂ। ਮੇਰੇ ਤੋਂ ਕੋਈ ਗੱਲ, ਸਿਰਫ ਇਸ ਕਰਕੇ, ਕਿ ਉਸ ਦੇ ਨਾਲ ਦੂਸਰੇ ਖ਼ੁਸ਼ ਹੋਣਗੇ—ਨਹੀਂ ਹੋ ਸਕੇਗੀ। ਦਾੜ੍ਹੀ ਦੀ ਹੀ ਗੱਲ ਲੈ ਲਓ। ਭਲਾ ਇਸ ਵਿਚ ਤੁਹਾਨੂੰ ਦੁਖੀ ਹੋਣ ਦੀ ਕੀ ਜ਼ਰੂਰਤ ਹੈ। ਜਿਵੇਂ ਦਾੜ੍ਹੀ ਮੁੱਛ ਕਟਵਾਉਣਾ ਇਕ ਫੈਸ਼ਨ ਹੈ, ਏਸ ਤਰ੍ਹਾਂ ਦਾੜ੍ਹੀ ਰੱਖਣਾ ਵੀ ਤਾਂ ਇਕ ਫੈਸ਼ਨ ਹੀ ਹੈ। ਹੁਣ ਕੀ ਕਿਸੇ ਨੂੰ ਇਸ ਬਾਰੇ ਵੀ ਮਾਤਾ ਪਿਤਾ ਦੀ ਇੱਛਾ 'ਤੇ ਹੀ ਰੱਖਣੇ ਜਾਂ ਕਟਵਾਉਣੇ ਚਾਹੀਦੇ ਹਨ ? ਤਾਂ ਉਹ ਲੋਗ ਜੋ ਦਾੜ੍ਹੀ ਆਦਿ ਧਰਮ ਅਥਵਾ ਮਾਂ ਬਾਪ ਦੀ ਖ਼ਾਤਿਰ ਜਾਂ ਰੂੜੀਵਾਦ ਨੂੰ ਕਾਇਮ ਰੱਖਣ ਦੀ ਖਾਤਿਰ ਰੱਖਦੇ ਹਨ, ਏਦਾਂ ਕਰਨ ਵਿਚ ਠੀਕ ਹੋਏ ਨਾ ? ਮੈਂ ਨਹੀਂ ਸਮਝਦਾ ਕਿ ਤੁਹਾਡੇ ਜਿਹਾ ਆਜ਼ਾਦ ਵਿਚਾਰ ਰੱਖਣ ਵਾਲਾ ਆਦਮੀ ਕਿਉਂ ਆਪਣੇ ਪੁੱਤਰ ਤੋਂ ਅਜਿਹੀ ਆਸ ਕਰਦਾ ਹੈ ਕਿ ਉਹ ਮਾਮੂਲੀ ਮਾਮੂਲੀ ਗੱਲ ਵਿਚ ਇਸ ਗੱਲ ਦਾ ਵਿਚਾਰ ਰੱਖੇ ਕਿ ਉਸਦੇ ਏਦਾਂ ਕਰਨ ਨਾਲ ਉਸਦਾ ਪਿਤਾ ਤਾਂ ਨਹੀਂ ਬੁਰਾ ਮੰਨੇਗਾ ਅਤੇ ਉਹ ਆਦਮੀ ਆਜ਼ਾਦ ਵਿਚਾਰਾਂ ਵਾਲਾ ਹੀ ਕਿੱਦਾਂ ਹੋ ਸਕਦਾ ਹੈ, ਜਿਹੜਾ ਦੂਸਰੇ ਆਦਮੀ ਨੂੰ ਆਪਣੀ ਇੱਛਾ ਅਨੁਸਾਰ ਕਰਨ ਤੇ ਬੁਰਾ ਸਮਝੇ ? ਜਦਕਿ ਇਹ ਕੋਈ ਅਜਿਹੀ ਗੱਲ ਨਹੀਂ ਹੈ ਜੋ (ਨੈਤਿਕ ਪੱਖ ਤੋਂ) ਬੁਰੀ ਨਜ਼ਰ ਨਾਲ ਦੇਖੀ ਜਾਣੀ ਚਾਹੀਦੀ ਹੈ।

ਹਾਂ ਇਕ ਗੱਲ ਹੋਰ ਹੈ, ਸ਼ਾਇਦ ਤੁਹਾਡਾ ਇਹ ਵਿਚਾਰ ਹੁੰਦਾ ਹੋਵੇਗਾ ਕਿ ਇਸ ਤਰ੍ਹਾਂ ਮੈਂ ਬਦਸੂਰਤ ਮਲੂਮ ਹੁੰਦਾ ਹੋਵਾਂ ਅਤੇ ਮੈਂ ਜਾਣ ਬੁਝ ਕੇ ਆਪਣੀ ਹਾਲਤ ਜ਼ਿਆਦਾ ਗੰਦੀ ਰੱਖਣੀ ਚਾਹੁੰਦਾ ਹਾਂ, ਜਿਸਨੂੰ ਤੁਸੀਂ ਆਪਣੇ ਪੁੱਤਰ ਲਈ ਚੰਗਾ ਨਹੀਂ ਸਮਝਦੇ। ਜੇ ਇਹ ਗੱਲ ਹੈ ਤਾਂ ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਏਦਾਂ ਵਿਚਾਰ ਕਰਨਾ ਭੁੱਲ ਹੈ। ਆਪਣੇ ਸਰੀਰ ਦੀ ਜਿੰਨੀ ਫ਼ਿਕਰ ਮੈਨੂੰ ਰਹਿੰਦੀ ਹੈ ਅਤੇ ਦੇਸ਼ ਤੇ ਧਰਮ ਲਈ ਆਪਣੇ ਸਰੀਰ ਨੂੰ ਖਰਾਬ ਕਰਨ ਦੇ ਉਲਟ ਜਿੰਨਾ ਮੈਂ ਹਾਂ, ਹੋਰ ਸ਼ਾਇਦ ਹੀ ਕੋਈ ਹੋਵੇ। ਇਸ ਹਾਲਤ ਵਿਚ ਮੈਂ ਨਹੀਂ ਸਮਝਦਾ ਕਿ ਆਪ ਦੀ ਨਰਾਜ਼ਗੀ ਦਾ ਕੋਈ ਕਾਰਨ ਹੈ।

ਨਾਲ ਹੀ ਮੈਂ ਇਹ ਗੱਲ ਵੀ ਤੁਹਾਡੇ ਸਾਹਮਣੇ ਰੱਖ ਦੇਣਾ ਚਾਹੁੰਦਾ ਹਾਂ ਕਿ ਮੈਂ ਇਸ ਗੱਲ ਨੂੰ ਬਹੁਤ ਬੁਰਾ ਸਮਝਦਾ ਹਾਂ ਕਿ ਤੁਹਾਡਾ ਮੈਂ ਇਹ ਕੁਝ ਕਰਨ ਵਿਚ ਵੀ ਸਦਾ ਇਸ ਗੱਲ ਦਾ ਧਿਆਨ ਰੱਖਾਂ ਕਿ ਦੂਸਰੇ ਕੀ ਵਿਚਾਰਾਂ ਕਰਨਗੇ ਅਤੇ ਨਾ ਹੀ ਮੈਂ ਇਹ ਠੀਕ ਸਮਝਦਾ ਹਾਂ ਕਿ ਹੋਰ ਕੋਈ ਮੇਰੇ ਨਿੱਜੀ ਜੀਵਨ ਦੀਆਂ ਗੱਲਾਂ ਵਿਚ ਆਪਣੀਆਂ ਇੱਛਾਵਾਂ ਬੰਨ੍ਹੇ। ਮੈਂ, ਚਾਹੇ ਕੋਈ ਵੀ ਹੋਵੇ—ਕਿਸੇ ਦੀ ਖਾਤਿਰ ਆਪਣਾ ਵਿਅਕਤੀਤਵ ਗੁਆਉਣਾ ਨਹੀਂ ਚਾਹੁੰਦਾ ਅਤੇ ਫਿਰ ਏਦਾਂ ਦੀਆਂ ਮਾਮੂਲੀ ਗੱਲਾਂ ਖਾਤਿਰ ਮੈਂ ਖੁਦ ਇਨ੍ਹਾਂ ਗੱਲਾਂ ਤੋਂ ਤੰਗ ਹੋ ਜਾਂਦਾ ਹਾਂ।

ਦੂਸਰਾ ਕਾਰਨ ਆਪਣੇ ਦੁਖੀ ਰਹਿਣ ਦਾ ਹੈ, ਮੇਰਾ ਅੱਜਕੱਲ੍ਹ ਦਾ ਰਵੱਈਆ ਠੀਕ ਹੈ। ਮਾਤਾ ਪਿਤਾ ਲਈ ਮਾਣ ਦੀ ਗੱਲ ਇਹੀ ਹੈ ਕਿ ਉਨ੍ਹਾਂ ਦਾ ਲੜਕਾ ਉਨ੍ਹਾਂ ਲਈ ਨੇਕਨਾਮੀ ਪੈਦਾ ਕਰੇ ਨਾ ਕਿ ਕਲੰਕ। ਮਾਤਾ ਪਿਤਾ ਦੀ ਸਦਾ ਇਹ ਇੱਛਾ ਰਹਿੰਦੀ ਹੈ ਕਿ ਉਨ੍ਹਾਂ ਦਾ ਲੜਕਾ ਵੱਡਾ ਨਾਂ ਕਮਾਏ ਅਤੇ ਜ਼ਿੰਦਗੀ ਦੇ ਸੰਗਰਾਮ ਵਿਚ ਕਿਸੇ ਤੋਂ ਪਿੱਛੇ ਨਾ ਰਹੇ। ਮੈਂ ਜਾਣਦਾ ਹਾਂ, ਤੁਹਾਡੀ ਵੀ ਇਹੋ ਹੀ ਮਾਨਸਿਕ ਹਾਲਤ ਹੈ ਅਤੇ ਜਦ ਆਪ ਦੇਖਦੇ ਹੋ ਕਿ ਮੈਂ ਕਿਸੇ ਗੱਲ ਵਿਚ ਹਿੱਸਾ ਨਹੀਂ ਲੈਂਦਾ ਅਤੇ ਹਮੇਸ਼ਾ ਚੁੱਪ ਰਹਿੰਦਾ ਹਾਂ ਤਾਂ ਤੁਹਾਨੂੰ ਬਹੁਤ ਦੁੱਖ ਹੁੰਦਾ ਹੈ। ਸੱਚਮੁੱਚ, ਮੈਂ ਤੁਹਾਨੂੰ ਸੱਚੇ ਦਿਲ ਨਾਲ ਕਹਿੰਦਾ ਹਾਂ ਕਿ ਤੁਹਾਨੂੰ ਇਸ ਬਾਰੇ ਦੁਖੀ ਦੇਖ ਕੇ ਮੈਂ ਖੁਦ ਦੁਖੀ ਹੋ ਜਾਂਦਾ ਹਾਂ ਅਤੇ ਹੋਰ ਕੀ ਕਹਾਂ। ਮੈਨੂੰ ਇਸ ਕਾਰਨ ਆਪਣੇ ਕਿੰਨੇ ਨਰਾਜ਼ ਕਰਨੇ ਪਏ ਤੇ ਕਿੰਨਿਆਂ ਦੀ ਨਜ਼ਰ ਵਿਚ ਬੁਰਾ ਬਣਿਆ ਹਾਂ। ਇੰਨਾ ਹੋਣ 'ਤੇ ਵੀ ਇਸ ਬਾਰੇ ਵਿਚ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਅਤੇ ਨਾ ਹੀ ਸਫਾਈ ਦੇਣੀ ਚਾਹੁੰਦਾ ਹਾਂ। ਪਰ ਤੁਹਾਨੂੰ ਇਹ ਜ਼ਰੂਰ ਕਹਾਂਗਾ ਕਿ ਤੁਸੀਂ ਕਦੀ ਇਨ੍ਹਾਂ ਵਿਚਾਰਾਂ ਨੂੰ ਲੈ ਕੇ ਦੁਖੀ ਨਾ ਹੋਵੋ ਅਤੇ ਮੈਂ ਕੀ ਕਰਦਾ ਹਾਂ ਅਤੇ ਮੈਨੂੰ ਕੀ ਕਰਨਾ ਚਾਹੀਦਾ ਹੈ। ਇਨ੍ਹਾਂ ਗੱਲਾਂ 'ਤੇ ਕਦੀ ਸੋਚਣਾ ਹੀ ਨਹੀਂ ਚਾਹੀਦਾ।



Sri Satguru Jagjit Singh Ji Elibrary NamdhariElibrary@gmail.com

ਕਿਉਂਕਿ ਤੁਹਾਨੂੰ ਯਕੀਨ ਕਰਨਾ ਚਾਹੀਦਾ ਹੈ ਕਿ ਮੈਂ ਤੁਹਾਡਾ ਪੁੱਤਰ ਹਾਂ। ਬੱਸ ਇਹੀ ਮੇਰੀ ਸਫਾਈ ਹੈ। ਇਸ ਉੱਤੇ ਯਕੀਨ ਕਰੋ।

ਕੀ ਮੈਂ ਆਸ ਕਰ ਸਕਦਾ ਹਾਂ ਕਿ ਤੁਸੀਂ ਮੇਰੇ ਵੱਲੋਂ ਹੋਰ ਵੀ ਬੇ-ਫਿਕਰ ਹੋ ਜਾਓਗੇ?

ਤੁਹਾਡਾ ਪੁੱਤਰ,
ਸੁਖਦੇਵ

* * *

## 94. ਸੁਖਦੇਵ ਦੀ ਇੱਕ ਅਧੂਰੀ ਚਿੱਠੀ—ਅਗਿਆਤ ਦੇ ਨਾਂ

*—7 ਅਕਤੂਬਰ, 1930*

[7 ਅਕਤੂਬਰ, 1930 ਨੂੰ ਫ਼ਾਂਸੀ ਦੀ ਸਜ਼ਾ ਸੁਣਾਏ ਜਾਣ ਬਾਅਦ ਜਦ ਜੇਲ੍ਹ ਦੀ ਫ਼ਾਂਸੀ ਦੀ ਕੋਠੜੀ ਵਿਚ ਲੈ ਜਾਣ ਸਮੇਂ ਤਲਾਸ਼ੀ ਹੋਈ ਤਾਂ ਇਹ ਚਿੱਠੀ ਫੜੀ ਗਈ ਸੀ। ਇਸ ਦਾ ਮੂਲ ਹਿੰਦੀ ਵਿਚ ਹੈ ਅਤੇ ਫੋਟੋ ਸਟੇਟ ਕਾਪੀ ਕੌਮੀ ਆਰਕਾਈਵਜ਼ ਦਿੱਲੀ ਵਿਚ ਹੈ। 26 ਮਾਰਚ, 1931 ਨੂੰ ਪੰਜਾਬ ਸਰਕਾਰ ਨੇ ਇਹ ਪ੍ਰੈਸ ਕੁਮਨੀਕ ਵਿਚ ਛਾਪੀ ਤੇ ਇਸ ਤਰ੍ਹਾਂ ਆਪਣੇ ਗੁਨਾਹ ਧੋਣ ਦੀ ਕੋਸ਼ਿਸ਼ ਕੀਤੀ, ਪਰ ਇਹ ਦਸਤਾਵੇਜ਼ ਇਨਕਲਾਬੀ ਪਾਰਟੀ ਦੇ ਕੰਮ ਬਾਰੇ ਕਾਫੀ ਚਾਨਣਾ ਪਾਉਂਦੀ ਹੈ।

—ਸੰਪਾਦਕ]

ਮੇਰੇ ਵੀਰ,

ਦੇਰ ਤੋਂ ਕੁਝ ਭਾਵਨਾਵਾਂ ਦਿਲ ਵਿਚ ਉੱਠ ਰਹੀਆਂ ਸਨ, ਜਿਨ੍ਹਾਂ ਨੂੰ ਕੁਝ ਕਾਰਨਾਂ ਕਰਕੇ ਹੁਣ ਤਕ ਮੈਂ ਦਬਾਈ ਰੱਖਿਆ ਸੀ। ਪਰ ਹੁਣ ਜ਼ਿਆਦਾ ਨਹੀਂ ਦਬਾ ਸਕਦਾ। ਦਬਾ ਸਕਦਾ ਹੀ ਨਹੀਂ ਸਗੋਂ ਉਨ੍ਹਾਂ ਨੂੰ ਦਬਾਉਣਾ ਠੀਕ ਵੀ ਨਹੀਂ ਸਮਝਦਾ। ਕਹਿ ਨਹੀਂ ਸਕਦਾ ਮੇਰੇ ਇਸ ਤਰ੍ਹਾਂ ਭਾਵ ਪ੍ਰਗਟ ਕਰਨ ਨੂੰ ਤੁਸੀਂ ਚੰਗਾ ਸਮਝੋ ਜਾਂ ਬੁਰਾ। ਇਸ ਨੂੰ ਤੁਸੀਂ ਕੁਝ ਮਹੱਤਤਾ ਦਿਓਗੇ ਜਾਂ ਨਹੀਂ, ਇਹ ਤੁਹਾਡੇ ਮੁਤਾਬਕ ਹੋਣ ਜਾਂ ਨਹੀਂ। ਤੁਸੀਂ ਇਹਨਾਂ ਨਾਲ ਸਹਿਮਤ ਹੋਵੋਗੇ ਜਾਂ ਨਹੀਂ। ਪਰ ਮੈਂ ਤਾਂ ਓਹੀ ਕਰ ਰਿਹਾ ਹਾਂ, ਜੋ ਮੈਨੂੰ ਠੀਕ ਲੱਗ ਰਿਹਾ ਹੈ। ਤੁਸੀਂ ਇਨ੍ਹਾਂ ਨੂੰ ਗ੍ਰਹਿਣ ਕਰਨਾ ਚਾਹੋ, ਕਰੋ, ਇਹ ਤੁਹਾਡੀ ਇੱਛਾ ਹੈ ਅਤੇ ਜੇ ਤੁਸੀਂ ਇਸਦਾ ਜਵਾਬ ਦੇਣਾ ਚਾਹੋ, ਤਾਂ ਬੜੀ ਚੰਗੀ ਗੱਲ ਹੋਵੇ। ਇਸ ਨਾਲ ਇਹ ਲਾਭ ਹੋਵੇਗਾ ਕਿ ਮੇਰੇ ਵਿਚਾਰ ਵੀ ਕੁਝ ਸਾਫ ਹੋ ਜਾਣਗੇ ਅਤੇ ਮੈਨੂੰ ਇਸ ਗੱਲ ਦੀ ਤਸੱਲੀ ਵੀ ਹੋ ਜਾਏਗੀ ਕਿ ਜੇਲ੍ਹ ਦੀ ਚਾਰ-ਦੀਵਾਰੀ ਨੇ *ਮੇਰੀ ਠੀਕ-ਠੀਕ Judge ਕਰਨ ਦੀ ਸ਼ਕਤੀ ਤੋਂ ਵੰਚਿਤ ਨਹੀਂ ਕਰ ਦਿੱਤਾ ਅਤੇ ਸਰਗਰਮ ਜੀਵਨ ਤੋਂ ਵੱਖ ਹੋ ਜਾਣ ਤੇ ਮੈਂ idle (ਵਿਹਲੇਪਨ) ਤੇ ਹਵਾਈ ਕਿਲ੍ਹੇ ਬਣਾਉਣ ਦਾ ਆਦੀ ਨਹੀਂ ਹੋ ਗਿਆ ਹਾਂ। (ਸਤਰਾਂ ਉੱਤੇ ਜ਼ੋਰ ਮੂਲ ਚਿੱਠੀ ਵਿਚ ਹੈ। —ਸੰਪਾਦਕ)*

ਜਦ ਤੋਂ ਅਸੀਂ ਜੇਲ੍ਹ ਵਿਚ ਆਏ ਹਾਂ, ਬਾਹਰ ਦਾ ਮਾਹੌਲ ਬਹੁਤ ਗਰਮ ਹੋ ਰਿਹਾ ਹੈ। ਜਿਥੋਂ ਤਕ ਐਕਸ਼ਨਾਂ ਦਾ ਸੰਬੰਧ ਹੈ, ਪੱਤਰਾਂ ਰਾਹੀਂ ਪਤਾ ਚਲਦਾ ਹੈ ਕਿ ਕਰੀਬ ਹਰ ਇਕ ਸੂਬੇ ਵਿਚ ਖ਼ਾਸ ਕਰਕੇ ਪੰਜਾਬ ਅਤੇ ਬੰਗਾਲ ਵਿਚ ਤਾਂ ਹੱਦ ਹੀ ਹੋ ਗਈ ਹੈ। ਬੰਬ ਤਾਂ ਇਕ ਸਾਧਾਰਨ ਜਿਹੀ ਗੱਲ ਹੋ ਗਈ ਹੈ। ਬੰਬ ਰਾਹੀਂ ਏਨੇ ਐਕਸ਼ਨ ਸਾਡੇ ਇਤਿਹਾਸ ਵਿਚ ਸ਼ਾਇਦ ਹੀ ਕਦੇ ਹੋਏ ਹੋਣਗੇ। ਇਨ੍ਹਾਂ ਐਕਸ਼ਨਾਂ ਬਾਰੇ ਹੀ ਮੈਂ ਇਥੇ ਤੁਹਾਨੂੰ ਕਹਿਣਾ ਚਾਹੁੰਦਾ ਹਾਂ। ਇਸ ਬਾਰੇ ਐਕਸ਼ਨਾਂ ਦੇ ਸੰਬੰਧ ਵਿਚ ਸਾਡੀ ਪਾਲਸੀ ਕੀ ਸੀ, ਤੁਹਾਡੇ ਸਾਹਮਣੇ ਰੱਖਾਂਗਾ। ਉਸ ਤੋਂ ਮਗਰੋਂ ਐਕਸ਼ਨਾਂ ਦੇ ਸੰਬੰਧ ਵਿਚ ਤੁਹਾਡੇ ਨਾਲ ਵਿਚਾਰ ਕਰਾਂਗੇ।



Sri Satguru Jagjit Singh Ji Elibrary NamdhariElibrary@gmail.com

ਅਸੀਂ ਕੁੱਲ ਦੋ ਐਕਸ਼ਨ ਕਰ ਸਕੇ। ਇਕ ਸਾਂਡਰਸ ਕਤਲ, ਦੂਸਰਾ ਅਸੈਂਬਲੀ ਬੰਬ। ਇਸ ਤੋਂ ਬਿਨਾਂ ਅਸੀਂ ਦੋ-ਤਿੰਨ ਹੋਰ ਐਕਸ਼ਨ ਕਰਨ ਦੀ ਕੋਸ਼ਿਸ਼ ਕੀਤੀ ਸੀ, ਭਾਵੇਂ ਉਨ੍ਹਾਂ ਵਿਚ ਸਫਲਤਾ ਪ੍ਰਾਪਤ ਨਹੀਂ ਹੋਈ। ਇਨ੍ਹਾਂ ਦੇ ਸੰਬੰਧ ਵਿਚ ਮੈਂ ਇੰਨਾ ਕਹਿ ਸਕਦਾ ਹਾਂ ਕਿ ਸਾਡੇ ਐਕਸ਼ਨ ਤਿੰਨ ਤਰ੍ਹਾਂ ਦੇ ਸਨ। 1. ਪ੍ਰਚਾਰ, 2. ਧਨ, 3. ਖ਼ਾਸ (ਉਚੇਚੇ)। ਇਨ੍ਹਾਂ ਤਿੰਨਾਂ ਵਿਚੋਂ ਸਾਡਾ ਮੁਖ ਧਿਆਨ ਪ੍ਰਚਾਰ ਦੇ ਐਕਸ਼ਨਾਂ ਵੱਲ ਸੀ, ਬਾਕੀ ਦੋਵੇਂ ਗੌਣ ਕਹੇ ਜਾ ਸਕਦੇ ਹਨ। ਇਸ ਤੋਂ ਮੇਰਾ ਮਤਲਬ ਉਨ੍ਹਾਂ ਦੀ ਅਹਿਮੀਅਤ ਘੱਟ ਕਰਨ ਦਾ ਨਹੀਂ ਹੈ, ਤਾਂ ਵੀ ਸਾਡੀ ਹੋਂਦ ਦਾ ਉਦੇਸ਼ ਪ੍ਰਚਾਰ ਦੇ ਐਕਸ਼ਨ ਕਰਨਾ ਹੀ ਸੀ। ਬਾਕੀ ਦੋਵੇਂ ਤਰ੍ਹਾਂ ਦੇ ਐਕਸ਼ਨ ਸਾਡਾ ਉਦੇਸ਼ ਨਹੀਂ ਸਨ, ਸਗੋਂ ਉਦੇਸ਼ ਦੀ ਪੂਰਤੀ ਲਈ ਜ਼ਰੂਰੀ। ਇਹਨਾਂ ਤਿੰਨਾਂ ਸਾਫ਼ ਕਰਨ ਲਈ 1. ਅਸੈਂਬਲੀ ਐਕਸ਼ਨ, 2. ਪੰਜਾਬ ਨੈਸ਼ਨਲ ਬੈਂਕ ਡਕੈਤੀ, 3. ਯੋਗੇਸ਼ ਚੰਦਰ ਚੈਟਰਜੀ ਨੂੰ ਛੁਡਾਉਣ ਦੀ ਕੋਸ਼ਿਸ਼।

ਤੁਹਾਡੇ ਸਾਹਮਣੇ ਰੱਖਦਾ ਹਾਂ।

ਪਿਛਲੇ ਦੋ ਤਰ੍ਹਾਂ ਦੇ ਐਕਸ਼ਨਾਂ ਨੂੰ ਛੱਡ ਕੇ ਪ੍ਰਚਾਰ-ਐਕਸ਼ਨਾਂ ਬਾਰੇ ਇੱਥੇ ਗੱਲ ਕਰਨੀ ਚਾਹੁੰਦਾ ਹਾਂ। ਪ੍ਰਚਾਰ ਸ਼ਬਦ ਤੋਂ ਸ਼ਾਇਦ ਇਨ੍ਹਾਂ ਐਕਸ਼ਨਾਂ ਨੂੰ ਠੀਕ-ਠੀਕ ਨਹੀਂ ਸਮਝਿਆ ਜਾ ਸਕਦਾ ਹੈ। ਦਰਅਸਲ ਮਤਲਬ ਇਹ ਹੈ ਕਿ ਸਾਡੇ ਇਹ ਐਕਸ਼ਨ ਸਾਡੀ ਜਨਤਾ ਦੀਆਂ ਇੱਛਾਵਾਂ ਦੇ ਅਨੁਕੂਲ ਹੁੰਦੇ ਸਨ। ਮਿਸਾਲ ਵਜੋਂ ਸਾਂਡਰਸ ਕਤਲ ਨੂੰ ਲਓ। ਲਾਲੇ ਤੇ ਲਾਠੀਆਂ ਵਰ੍ਹਨ ਨਾਲ ਅਸੀਂ ਦੇਖਿਆ ਕਿ ਦੇਸ਼ ਵਿਚ ਇਸ ਦੇ ਕਾਰਨ ਬਹੁਤ ਹਲਚਲ ਹੈ। ਇਸ 'ਤੇ ਸਰਕਾਰ ਦੇ ਰਵੱਈਏ ਨੇ ਬਲਦੀ 'ਤੇ ਤੇਲ ਦਾ ਕੰਮ ਦਿੱਤਾ। ਲੋਕ ਬਹੁਤ ਨਾਰਾਜ਼ ਹੋ ਗਏ। ਜਨਤਾ ਦਾ ਧਿਆਨ ਇਨਕਲਾਬੀਆਂ ਵੱਲ ਖਿੱਚਣ ਲਈ ਸਾਡੇ ਲਈ ਬਹੁਤ ਚੰਗਾ ਮੌਕਾ ਸੀ। ਪਹਿਲਾਂ ਅਸੀਂ ਸੋਚਿਆ ਸੀ ਕਿ ਇਕ ਜਣਾ ਪਿਸਤੌਲ ਲੈ ਕੇ ਜਾਏ ਅਤੇ ਸਕਾਟ ਨੂੰ ਮਾਰ ਕੇ ਆਪਣੇ ਆਪ ਨੂੰ ਓਥੇ ਹੀ ਪੇਸ਼ ਕਰ ਦੇਵੇ। ਫਿਰ ਬਿਆਨ ਵਿਚ ਇਹ ਆਖ ਦੇਵੇ ਕਿ ਕੌਮੀ ਅਪਮਾਨ ਦਾ ਬਦਲਾ, ਜਦ ਤਕ ਇਨਕਲਾਬੀ ਜੀਉਂਦੇ ਹਨ, ਇਸੇ ਤਰ੍ਹਾਂ ਲਿਆ ਜਾ ਸਕਦਾ ਹੈ। ਪਰ ਤੁਹਾਡੇ ਆਸ ਪਾਸ ਮਨੁੱਖ-ਸ਼ਕਤੀ ਘੱਟ ਹੋਣ ਕਾਰਨ ਤਿੰਨ ਆਦਮੀਆਂ ਨੂੰ ਭੇਜਣਾ ਉਚਿਤ ਸਮਝਿਆ ਗਿਆ। ਇਸ ਵਿਚ ਵੀ ਬਚ ਕੇ ਨਿਕਲ ਆਉਣ ਦੀ ਆਸ ਦਾ ਵਿਚਾਰ ਮੁੱਖ ਨਹੀਂ ਸੀ। ਇਹਦੀ ਤਾਂ ਆਸ ਵੀ ਨਹੀਂ ਸੀ। ਸਾਡਾ ਵਿਚਾਰ ਇਹ ਸੀ ਕਿ ਕਤਲ ਮਗਰੋਂ ਜੇ ਪੁਲਿਸ ਪਿੱਛਾ ਕਰੇ, ਤਾਂ ਖ਼ੂਬ ਮੁਕਾਬਲਾ ਕੀਤਾ ਜਾਏ। ਜੋ ਇਸ ਮੁਕਾਬਲੇ ਵਿਚ ਬਚ ਜਾਵੇ ਤਾਂ ਬਿਆਨ ਦੇ ਦੇਵੇ। ਇਸੇ ਵਿਚਾਰ ਨਾਲ ਨੱਠ ਕੇ ਡੀ.ਏ.ਵੀ. ਕਾਲਜ ਬੋਰਡਿੰਗ ਦੀ ਛੱਤ ਉੱਤੇ ਚੜ੍ਹ ਗਏ ਸੀ। ਐਕਸ਼ਨ ਵੇਲੇ ਇਹ ਪ੍ਰਬੰਧ ਸੀ ਕਿ ਭਗਤ ਸਿੰਘ, ਜੋ ਸਕਾਟ ਨੂੰ ਪਛਾਣਦਾ ਸੀ; ਪਹਿਲੀ ਗੋਲੀ ਚਲਾਏ ਅਤੇ ਰਾਜਗੁਰੂ ਥੋੜ੍ਹੀ ਦੂਰ ਉਹਦੀ ਹਿਫਾਜ਼ਤ ਕਰੇ। ਜੇ ਭਗਤ ਸਿੰਘ ਉੱਤੇ ਕੋਈ ਹਮਲਾ ਕਰੇ ਤਾਂ ਰਾਜਗੁਰੂ ਉਸਨੂੰ ਰੋਕੇ। ਇਸ ਤੋਂ ਪਿੱਛੋਂ ਇਹ ਦੋਵੇਂ ਓਥੋਂ ਨੱਠਣ ਅਤੇ ਕਿਉਂਕਿ ਨੱਠਦਿਆਂ ਹੋਇਆਂ ਮੁੜ ਕੇ ਪਿੱਛਾ ਕਰਨ ਵਾਲੇ 'ਤੇ ਨਿਸ਼ਾਨਾ ਨਹੀਂ ਲਿਆ ਜਾ ਸਕਦਾ, ਇਸ ਲਈ ਪੰਡਤ ਜੀ ਨੂੰ ਇਨ੍ਹਾਂ ਦੋਵਾਂ ਦੀ ਹਿਫਾਜ਼ਤ ਦੇ ਨਮਿਤ ਪਿੱਛੇ ਖੜ੍ਹਾ ਕੀਤਾ ਸੀ। ਇਹਦੇ ਨਾਲ ਹੀ ਇਹ ਵਿਚਾਰ ਸਾਡੇ ਸਾਹਮਣੇ ਸੀ ਕਿ ਆਪ ਬਚਣ ਦੀ ਥਾਂ ਉਹਨੂੰ ਮਾਰਨ ਦਾ ਜ਼ਿਆਦਾ ਧਿਆਨ ਰੱਖਣਾ ਹੈ। ਅਸੀਂ ਇਹ ਵੀ ਨਹੀਂ ਸਾਂ ਚਾਹੁੰਦੇ ਕਿ ਜਿਸ ਉੱਤੇ ਗੋਲੀ ਚਲਾਈ ਜਾਏ, ਉਹ ਹਸਪਤਾਲ ਜਾ ਕੇ ਮਰੇ। ਇਸੇ ਲਈ ਰਾਜਗੁਰੂ ਵੱਲੋਂ ਗੋਲੀ ਮਾਰਨ ਮਗਰੋਂ ਵੀ ਭਗਤ ਸਿੰਘ ਨੇ ਓਦੋਂ ਤਕ ਗੋਲੀ ਚਲਾਉਣੀ ਬੰਦ ਨਹੀਂ ਕੀਤੀ ਜਦੋਂ ਤਕ ਉਹਨੂੰ ਤਸੱਲੀ ਨਹੀਂ ਹੋ ਗਈ ਕਿ ਉਹ ਮਰ ਗਿਆ ਹੈ।

ਮਾਰ ਕੇ ਨੱਠ ਆਉਣਾ ਹੀ ਸਾਡਾ ਉਦੇਸ਼ ਨਹੀਂ ਸੀ। ਅਸੀਂ ਤਾਂ ਇਹ ਚਾਹੁੰਦੇ ਸਾਂ ਕਿ ਦੇਸ਼ ਜਾਗ ਪਏ ਕਿ ਇਹ ਸਿਆਸੀ ਕਤਲ ਹੈ ਅਤੇ ਇਸ ਐਕਸ਼ਨ ਨੂੰ ਕਰਨ ਵਾਲੇ ਇਨਕਲਾਬੀ



Sri Satguru Jagjit Singh Ji Elibrary NamdhariElibrary@gmail.com

ਹਨ, ਨਾ ਕਿ ਮਲੰਗੀ (ਇਕ ਲੁਟੇਰਾ) ਦੇ ਸਾਥੀ। ਇਸ ਲਈ ਉਸ ਤੋਂ ਬਾਅਦ ਅਸੀਂ ਇਸ਼ਤਿਹਾਰ ਲਾਏ ਅਤੇ ਕੁਝ ਇਸ਼ਤਿਹਾਰ ਅਖ਼ਬਾਰ ਵਾਲਿਆਂ ਨੂੰ ਛਾਪਣ ਲਈ ਭੇਜੇ। ਅਫ਼ਸੋਸ ਸਾਡੇ ਨੇਤਾਵਾਂ ਅਤੇ ਅਖਬਾਰ ਵਾਲਿਆਂ ਨੇ ਸਾਡੀ ਇਸ ਸੰਬੰਧ ਵਿਚ ਕੋਈ ਸਹਾਇਤਾ ਨਹੀਂ ਕੀਤੀ ਅਤੇ ਸਰਕਾਰ ਨੂੰ ਧੋਖੇ ਵਿਚ ਰੱਖਣ ਦੇ ਵਿਚਾਰ ਨਾਲ ਦੇਸ਼ ਵਾਸੀਆਂ ਨੂੰ ਧੋਖਾ ਦਿੱਤਾ। ਅਸੀਂ ਤਾਂ ਸਿਰਫ ਇੰਨਾ ਹੀ ਚਾਹੁੰਦੇ ਸਾਂ ਕਿ ਉਹ ਇਸ ਬਾਰੇ ਗੋਲਮੋਲ ਕਰਕੇ ਲਿਖ ਦੇਣ ਕਿ ਇਹ ਸਿਆਸੀ ਕਤਲ ਹੈ ਤੇ ਸਰਕਾਰ ਦੀ ਨੀਤੀ ਦਾ ਹੀ ਸਿੱਟਾ ਹੈ, ਅਜਿਹੇ ਐਕਸ਼ਨਾਂ ਲਈ ਉਹ ਜ਼ਿੰਮੇਵਾਰ ਹੈ। ਪਰ ਉਨ੍ਹਾਂ ਨੇ ਜਾਣ ਬੁਝ ਕੇ, ਮੇਰੇ ਬਾਰ-ਬਾਰ ਕਹਿਣ ਦੇ ਬਾਵਜੂਦ, ਇਜ ਕਰਨ ਦੀ, ਹਿੰਮਤ ਨਹੀਂ ਕੀਤੀ। ਚੰਗਾ ਹੋਇਆ ਅਸੀਂ ਫੜੇ ਗਏ ਅਤੇ ਦੇਸ਼ ਸਾਹਮਣੇ ਸਭ ਕੁਝ ਪ੍ਰਗਟ ਹੋ ਗਿਆ। ਮੈਂ ਤਾਂ ਭਰਾਵਾ ਆਪਣੇ ਫੜੇ ਜਾਣ ਨੂੰ ਖ਼ੁਸ਼ਕਿਸਮਤੀ ਸਮਝਦਾ ਹਾਂ।

ਸਿਰਫ ਇਸੇ ਲਈ ਇਸ ਐਕਸ਼ਨ ਦੀ ਖ਼ਾਸੀਅਤ ਨੂੰ ਸਾਫ ਕਰਨ ਮਗਰੋਂ ਹੁਣ ਮੈਂ ਇਸ ਨੀਤੀ ਨੂੰ (ਨੋਟ : ਹੁਣੇ ਹੀ ਪਤਾ ਲੱਗਾ ਹੈ ਕਿ ਅੱਜ ਫ਼ੈਸਲਾ ਹੋਵੇਗਾ। ਚਲਣਾ ਹੈ ਜਾਂ ਨਹੀਂ, ਇਹ ਪੁੱਛਣ ਲਈ ਖ਼ਾਂ ਸਾਹਿਬ ਅਤੇ ਬਖ਼ਸ਼ੀ ਜੀ ਆਏ ਹਨ। ਅਸੀਂ ਸਾਰਿਆਂ ਨੇ ਇਨਕਾਰ ਕਰ ਦਿੱਤਾ ਹੈ) ਰੱਖਣਾ ਚਾਹੁੰਦਾ ਹਾਂ। ਸਾਡਾ ਵਿਚਾਰ ਸੀ ਕਿ ਸਾਡੇ ਐਕਸ਼ਨ ਜਨਤਾ ਦੀ ਇੱਛਾਵਾਂ ਅਤੇ ਸਰਕਾਰੀ ਜਬਰ ਦੇ ਜਵਾਬ ਵਿਚ ਹੋਣੇ ਚਾਹੀਦੇ ਹਨ, ਤਾਂਕਿ ਅਸੀਂ ਜਨਤਾ ਨੂੰ ਆਪਣੇ ਨਾਲ ਲੈ ਸਕੀਏ ਅਤੇ ਜਨਤਾ ਸਾਡੇ ਨਾਲ ਹਮਦਰਦੀ ਅਤੇ ਸਹਾਇਤਾ ਦਿਖਾਉਣ ਲਈ ਤਿਆਰ ਹੋ ਜਾਏ। ਇਹਦੇ ਨਾਲ-ਨਾਲ ਸਾਡੇ ਇਹ ਵਿਚਾਰ ਸੀ ਕਿ ਇਨਕਲਾਬੀ ਆਦਰਸ਼ ਅਤੇ ਦਾਅਪੇਚਾਂ ਨੂੰ ਲੋਕਾਂ ਵਿਚ ਫੈਲਾਇਆ ਜਾਵੇ ਅਤੇ ਇਹ ਉਹਦੇ ਮੂੰਹੋਂ ਜ਼ਿਆਦਾ ਚੰਗੀਆਂ ਲਗਦੀਆਂ ਹਨ, ਜੋ ਇਹਦੀ ਖ਼ਾਤਰ ਫ਼ਾਂਸੀ ਦੇ ਤਖ਼ਤੇ ਉੱਤੇ ਖੜ੍ਹਾ ਹੋਵੇ। ਤੀਜਾ ਉਦੇਸ਼ ਇਹ ਸੀ ਕਿ ਸਰਕਾਰ ਨਾਲ ਸਿੱਧੀ ਟੱਕਰ ਲੈਣ ਨਾਲ ਸਾਡੀ ਜਥੇਬੰਦੀ ਇਕ ਨਿਸ਼ਚਿਤ ਪ੍ਰੋਗਰਾਮ ਆਪਣੇ ਲਈ ਬਣਾ ਸਕੇਗੀ।

* * *

ਬਾਕੀ ਦੋ ਤਰ੍ਹਾਂ ਦੇ ਐਕਸ਼ਨਾਂ ਦੇ ਸੰਬੰਧ ਵਿਚ ਮੈਂ ਕੁਝ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ। ਮਨੀ ਐਕਸ਼ਨ ਲਈ ਏਨਾ ਜ਼ਰੂਰੀ ਹੋਣਾ ਚਾਹੀਦਾ ਹੈ, ਪਰ ਬੰਗਾਲ ਵਾਲਿਆਂ ਦੀ ਤਰ੍ਹਾਂ ਡਕੈਤੀਆਂ ਵਿਚ ਜ਼ਿਆਦਾ ਤਾਕਤ ਅਤੇ ਧਿਆਨ ਦੇਣਾ ਠੀਕ ਨਹੀਂ ਹੈ। ਨਾਲ ਹੀ ਛੋਟੀਆਂ-ਛੋਟੀਆਂ ਡਕੈਤੀਆਂ ਫਾਇਦੇਮੰਦ ਸਿੱਧ ਨਹੀਂ ਹੋਦੀਆਂ। ਇਸ ਲਈ ਅਸੀਂ ਸਭ ਕੁਝ ਦੇ ਕੇ ਵੀ ਜੂਆ ਖੇਡਣ ਲਈ ਤਿਆਰ ਹੋ ਗਏ ਸੀ ਤਾਂ ਕਿ ਜੇ ਬਚ ਗਏ ਤਾਂ ਚੰਗੀ ਤਰ੍ਹਾਂ ਨਿਸ਼ਚਿੰਤ ਹੋ ਕੇ ਆਪਣਾ ਕੰਮ ਕਰਦੇ ਜਾਵਾਂਗੇ ਤੇ ਪੈਸੇ ਦੀ ਸਮੱਸਿਆ ਨੂੰ ਅਸੀਂ ਇਕ ਵਾਰ ਖਤਰਾ (Risk) ਲੈ ਕੇ ਹੱਲ ਕਰਾਂਗੇ। ਸਾਂਡਰਸ ਦੇ ਕਤਲ ਮਗਰੋਂ ਤਾਂ ਸਾਨੂੰ ਪੈਸੇ ਲਈ ਜ਼ਿਆਦਾ ਚਿੰਤਾ ਵੀ ਨਹੀਂ ਕਰਨੀ ਪਈ। ਆਮ ਡਕੈਤੀਆਂ ਵਿਚ ਜਿੰਨਾ ਪੈਸਾ ਸਾਨੂੰ ਨਹੀਂ ਮਿਲਦਾ, ਓਨਾ ਅਸੀਂ ਚੁੱਪਚਾਪ ਇਕੱਠਾ ਕਰ ਲੈਂਦੇ ਹੁੰਦੇ ਸਾਂ। ਅੱਜ ਤਾਂ ਉਸ ਨਾਲੋਂ ਕਿਤੇ ਆਸਾਨੀ ਹੈ। ਖਾਸ ਐਕਸ਼ਨ ਜ਼ਰੂਰੀ ਹੁੰਦੇ ਹਨ, ਪਰ ਓਸੇ ਹਾਲਾਤ ਵਿਚ ਜਦ ਬਹੁਤ ਹੀ ਜ਼ਿਆਦਾ ਜ਼ਰੂਰੀ ਹੋਣ। ਹਾਂ, ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੋਣੀ ਚਾਹੀਦੀ ਹੈ।

... ... ...

ਹੁਣ ਮੈਂ ਉਨ੍ਹਾਂ ਐਕਸ਼ਨਾਂ ਸੰਬੰਧੀ ਕੁਝ ਕਹਿਣਾ ਚਾਹੁੰਦੇ ਹਾਂ, ਜੋ ਸਾਡੇ ਮਗਰੋਂ ਕੀਤੇ ਗਏ। ਵਾਇਸਰਾਏ ਦੀ ਗੱਡੀ ਨੂੰ ਉਡਾਉਣ ਦੀ ਕੋਸ਼ਿਸ਼ ਤੋਂ ਬਿਨਾਂ ਬੰਬ ਰਾਹੀਂ ਕਈ ਐਕਸ਼ਨ ਹੋਏ ਹਨ। ਇਨ੍ਹਾਂ ਵਿਚ ਇਕ ਖਾਸ ਤਰ੍ਹਾਂ ਦੇ ਐਕਸ਼ਨ ਹੋਏ ਹਨ। ਅਰਥਾਤ ਬੰਬ ਰਸਤੇ ਵਿਚ ਰੱਖ ਆਏ ਜਾਂ ਜੋ ਐਕਸ਼ਨ ਪੰਜਾਬ ਦੇ ਚਾਰ ਪੰਜ ਸ਼ਹਿਰਾਂ ਵਿਚ ਇਕੋ ਵੇਲੇ ਹੋਏ ਹਨ। ਮੈਨੂੰ ਸਮਝ



Sri Satguru Jagjit Singh Ji Elibrary NamdhariElibrary@gmail.com

ਨਹੀ ਆਈ ਕਿ ਇਹ ਐਕਸ਼ਨ ਕਿਸ ਵਿਚਾਰ ਨਾਲ ਕੀਤੇ ਗਏ ਹਨ। ਜਿੱਥੋਂ ਤਕ ਮੈਂ ਅਨੁਭਵ ਕਰਦਾ ਹਾ, ਜਨਤਾ ਵਿਚ ਅਜਿਹੇ ਐਕਸ਼ਨਾਂ ਨਾਲ ਕੁਝ ਖਾਸ ਜਾਗ੍ਰਤੀ ਤਾਂ ਆਉਂਦੀ ਨਹੀਂ ਹੈ। ਜੇ ਯਰਕਾਉਣ ਦਾ ਵਿਚਾਰ ਸੀ, ਤਾਂ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ ਲਿਖਣਾ ਕਿ ਇਨ੍ਹਾਂ ਐਕਸ਼ਨਾ ਨੇ ਇਸ ਉਦੇਸ਼ ਦੀ ਪੂਰਤੀ ਕਿੱਥੋਂ ਤਕ ਕੀਤੀ ਹੈ। ਇਸ ਸੰਬੰਧ ਵਿਚ ਚਿਟਾਗਾਂਗ ਵਾਲੇ ਐਕਸ਼ਨ ਦੀ ਇਥੇ ਮੈਂ ਪ੍ਰਸ਼ੰਸਾ ਨਹੀਂ ਕਰਨੀ ਚਾਹੁੰਦਾ।

*(ਅਪੂਰਣ, ਮੂਲ ਹਿੰਦੀ ਤੋਂ)*

* * *

## 95. ਸੁਖਦੇਵ ਦੇ ਆਪਣੇ ਕਰਾਂਤੀਵਾਦੀ ਦੋਸਤਾਂ ਦੇ ਨਾਂ ਖ਼ਤ

[ਸੁਖਦੇਵ ਦੇ ਛੋਟੇ ਭਾਈ ਮਥਰਾ ਦਾਸ ਜੀ ਪਾਸੋਂ ਪ੍ਰਾਪਤ ਇਹ ਚਿੱਠੀਆਂ, ਇਨਕਲਾਬੀ ਪਾਰਟੀ ਦੇ ਅੰਦਰ ਬਹਿਸ 'ਤੇ ਇਕ ਝਾਤ ਪੁਆਉਂਦੀਆਂ ਹਨ। —ਸੰਪਾਦਕ]

ਪਿਆਰੇ ਸਾਥੀਓ !

ਦੋ ਸਾਲ ਦਾ ਸਮਾਂ ਹੋ ਚੁੱਕਾ ਹੈ ਜਦ ਕਿ ਪਹਿਲੇ ਪਹਿਲ ਇਨਕਲਾਬ-ਜ਼ਿੰਦਾਬਾਦ (Long live Revolution) ਦਾ ਆਰੰਭ ਹੋਇਆ ਸੀ। ਇਹ ਛੋਟੀ ਜਿਹੀ ਆਵਾਜ਼ ਅੱਜ ਇਕ ਭਾਰੀ ਅਤੇ ਭਿਆਨਕ ਰੂਪ ਧਾਰ ਚੁੱਕੀ ਹੈ। ਸਾਡੇ ਦੇਸ਼ ਦਾ ਬੱਚਾ-ਬੱਚਾ 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰੇ ਮਾਰ ਰਿਹਾ ਹੈ।

ਪਰ ਕੀ ਇਹ ਕਾਫ਼ੀ ਹੈ ? ਕੀ ਹੁਣ ਸਾਡੇ ਲਈ ਕੋਈ ਕੰਮ ਬਾਕੀ ਨਹੀਂ ਬਚਿਆ ? ਕੰਮ ਦੀ ਸ਼ੁਰੂਆਤ ਤਾਂ ਹੁਣ ਹੋਣੀ ਚਾਹੀਦੀ ਹੈ। ਨਹੀਂ ਤਾਂ ਇਹ ਇਨਕਲਾਬ--ਜ਼ਿੰਦਾਬਾਦ ਵੀ ਗਾਂਧੀ ਦੇ ਸਵਰਾਜ ਦੀ ਤਰ੍ਹਾਂ ਇਕ ਬੇ-ਮਾਇਨੀ ਚੀਜ਼ ਹੋ ਜਾਏਗਾ, ਜਿਸਨੂੰ ਥੋੜ੍ਹੇ ਸਮੇਂ ਬਾਅਦ ਲੋਕ ਨਫ਼ਰਤ ਅਤੇ ਘਿਰਣਾ ਦੀ ਨਜ਼ਰ ਦੇਖਣ ਲੱਗ ਪੈਣਗੇ। ਕਾਫੀ ਦੇਰ ਤਕ ਪਬਲਿਕ ਦੇ ਜਜ਼ਬਾਤਾਂ ਨੂੰ ਉਭਾਰਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਪਬਲਿਕ ਨੂੰ ਇਸ ਦੇ ਮਤਲਬ ਸਮਝਾਈਏ। ਅਸੀਂ ਉਹਨਾਂ ਅੱਗੇ ਰੱਖੀਏ ਕਿ ਇਨਕਲਾਬ ਕੀ ਹੁੰਦਾ ਹੈ ? ਇਸਦਾ ਮਾਸਿਜ਼ (ਲੋਕਾਂ) ਨਾਲ ਕੀ ਸੰਬੰਧ ਹੈ ? ਇਸ ਦੀ ਕੀ ਜ਼ਰੂਰਤ ਹੈ ? ਅਤੇ ਇਹ ਕਿਸ ਤਰ੍ਹਾਂ ਕਾਮਯਾਬ ਕੀਤਾ ਜਾ ਸਕਦਾ ਹੈ।

ਯਾਦ ਰੱਖੋ ਇਹਨਾਂ ਸਵਾਲਾਂ ਨੂੰ ਲੁਕੋ ਕੇ ਰੱਖਣਾ ਲਾਭਕਾਰੀ ਨਹੀਂ ਹੋਵੇਗਾ। ਮੈਂ ਦੇਖ ਰਿਹਾ ਹਾਂ ਕਿ ਲੋਕਾਂ ਦੇ ਦਿਲਾਂ ਵਿਚ ਇਹ ਸਵਾਲ ਉੱਠ ਰਹੇ ਹਨ। ਜੇ ਇਨ੍ਹਾਂ ਸਵਾਲਾਂ ਦਾ ਜਵਾਬ ਨਾ ਦਿੱਤਾ ਗਿਆ, ਜੇ ਗਾਂਧੀ ਦੀ ਤਰ੍ਹਾਂ ਇਨ੍ਹਾਂ ਨੂੰ Vague (ਧੁੰਦਲਾ) ਰੱਖਿਆ ਗਿਆ ਤਾਂ ਸਾਰਾ ਗੁੜ ਗੋਬਰ ਹੋ ਜਾਵੇਗਾ। ਅੱਜ ਤੱਕ ਦੀ ਸਾਰੀ ਮਿਹਨਤ ਬੇਅਰਥ ਹੋ ਜਾਵੇਗੀ। ਪਰ ਇਸ ਦੇ ਨਾਲ ਹੀ ਇਕ ਮੁੱਢਲਾ ਕੰਮ ਹੋਰ ਵੀ ਹੈ। ਜੇ ਤੁਹਾਡੀ ਇਹ ਧਾਰਣਾ ਹੈ ਕਿ 'ਇਨਕਲਾਬ-ਜ਼ਿੰਦਾਬਾਦ' ਕਹਿਣ ਨਾਲ ਹੀ ਤੁਸੀਂ ਇਨਕਲਾਬੀ ਹੋ ਗਏ ਤਾਂ ਇਹ ਤੁਹਾਡੀ ਭੁੱਲ ਹੈ। ਤੁਸਾਂ ਲੋਕਾਂ ਵਿਚ ਕੋਈ ਹੀ ਹੋਵੇਗਾ ਜਿਹੜਾ ਅਸਲ ਵਿਚ ਇਨਕਲਾਬੀ ਕਹਾਉਣ ਦੇ ਯੋਗ ਹੋਵੇਗਾ। ਪਰ ਇਹ ਕੋਈ ਸ਼ਰਮ ਦੀ ਗੱਲ ਨਹੀਂ ਹੈ। ਆਪਣੀ ਇਸ ਕਮੀ ਨੂੰ ਸਾਨੂੰ ਮੰਨਣਾ ਚਾਹੀਦਾ ਹੈ ਅਤੇ ਇਸ ਮੰਨ ਕੇ ਉਸਦੀ ਕਮੀ ਦੂਰ ਕਰਨੀ ਚਾਹੀਦੀ ਹੈ। ਆਪਣੀ ਅਤੇ ਦੂਸਰੇ ਸਾਥੀਆਂ ਦੀ ਇਨਕਲਾਬੀ ਪੜ੍ਹਾਈ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਲਈ ਕੰਮ ਸ਼ੁਰੂ ਕਰਨਾ ਚਾਹੀਦਾ ਹੈ।

ਯਾਦ ਰੱਖੋ ਆਪਣੀ ਕਾਮਯਾਬੀ ਇਸ ਗੱਲ 'ਤੇ ਨਿਰਭਰ ਹੈ ਕਿ ਸਾਡੇ ਕਾਮੇ ਆਪਣੇ ਇਨਕਲਾਬੀ ਆਦਰਸ਼ਾਂ, ਚਾਲਾਂ ਅਤੇ ਲੜਾਈ ਦੀਆਂ ਵਿਸ਼ੇਸ਼ਤਾਵਾਂ ਨੂੰ ਖ਼ੂਬ ਸਮਝਦੇ ਹੋਣ।



Sri Satguru Jagjit Singh Ji Elibrary NamdhariElibrary@gmail.com

ਅੱਜ ਦੇ ਕੁਰਸੀਆਂ 'ਤੇ ਬੈਠਣ ਵਾਲੇ ਰਾਜਨੀਤਿਕ ਨੇਤਾ ਅਤੇ ਜਜ਼ਬਾਤੀ ਤਕਰੀਰਾਂ ਨਾਲ ਇਨਕਲਾਬ ਦਾ ਕੰਮ ਨਹੀਂ ਚਲਾਇਆ ਜਾਣਾ ਚਾਹੀਦਾ। ਸਗੋਂ ਅਜਿਹੇ ਆਦਮੀਆਂ ਨੂੰ ਆਪਣੀ ਜਥੇਬੰਦੀ ਵਿਚ ਹੀ ਨਹੀਂ ਲੈਣਾ ਚਾਹੀਦਾ। ਕਰਾਂਤੀ ਕਰਨ ਦੇ ਲਈ ਵੀ ਉਹ ਆਦਮੀ ਹੀ ਲਾਭਦਾਇਕ ਹੋ ਸਕਦਾ ਹੈ ਜਿਹੜਾ ਆਪਾਵਾਰੂ ਲਗਨ ਦਾ ਹੋਵੇ, ਜਿਨ੍ਹਾਂ ਨੇ ਇਨਕਲਾਬੀ ਗਿਆਨ ਨੂੰ ਸਮਝਿਆ ਹੋਵੇ ਅਤੇ ਜ਼ਿੰਦਗੀ ਵਿਚ ਕਰਾਂਤੀ ਨੂੰ ਕਿੱਤੇ ਦੇ ਤੌਰ 'ਤੇ ਅਪਨਾਇਆ ਹੋਵੇ। ਜਿਹੜੇ ਵਿਅਕਤੀ ਇਨਕਲਾਬੀ ਕੰਮ ਨੂੰ ਆਪਣਾ ਕਿੱਤਾ ਨਹੀਂ ਬਣਾ ਸਕਦੇ ਉਹ ਇਕ ਹਮਦਰਦ ਦੇ ਸਿਵਾ ਹੋਰ ਕੁਝ ਨਹੀਂ ਹਨ।

ਮੈਂ ਆਸ ਕਰਦਾ ਹਾਂ ਕਿ ਵਕਤ ਦੀ ਲੋੜ ਨੂੰ ਮਹਿਸੂਸ ਕਰਕੇ ਤੁਸੀਂ ਮੇਰੀਆਂ ਇਨ੍ਹਾਂ ਗੱਲਾਂ ਉੱਤੇ ਧਿਆਨ ਦੇਵੋਗੇ ਅਤੇ ਜਿੰਨੀ ਜਲਦੀ ਹੋ ਸਕਿਆ, ਲੋਕ ਮੰਗ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕਰੋਗੇ।

(ਇਥੇ ਮੂਲ ਖ਼ਤ ਖ਼ਤਮ ਹੁੰਦਾ ਹੈ ਅਤੇ ਆਖਰੀ ਸ਼ਬਦ ਸਾਫ਼ ਨਹੀਂ ਹਨ।—ਸੰਪਾਦਕ)

* * *

## 96. ਸ਼ਹੀਦ ਸੁਖਦੇਵ ਦਾ ਆਪਣੇ ਇਨਕਲਾਬੀ ਸਾਥੀ ਦੇ ਨਾਮ ਖ਼ਤ

*—ਮਾਰਚ, 1931*

[ਸੁਖਦੇਵ ਦਾ ਇਕ ਹੋਰ ਖ਼ਤ, ਜੋ ਫ਼ਾਂਸੀ ਕੋਠੜੀ ਤੋਂ ਲਿਖਿਆ ਗਿਆ ਸੀ, 2 ਫਰਵਰੀ, 1931 ਦੇ ਭਗਤ ਸਿੰਘ ਦੇ 'ਭਾਰਤੀ ਇਨਕਲਾਬ ਦੇ ਪ੍ਰੋਗਰਾਮ' ਦਾ ਅਖ਼ਬਾਰਾਂ ਵੱਲੋਂ ਨਾ ਛਾਪੇ ਜਾਣ ਵੱਲ ਇਸ਼ਾਰਾ ਹੈ। ਇਸ ਖ਼ਤ ਵਿਚ ਉਸ ਵੇਲੇ ਦੇ ਕੌਮੀ ਨੇਤਾਵਾਂ ਬਾਰੇ ਰਾਏ ਵਿਅਕਤ ਕੀਤੀ ਗਈ ਹੈ। ਜਥੇਬੰਦਕ ਸੂਝ ਦਾ ਇਜ਼ਹਾਰ ਵੀ ਇਥੇ ਕੀਤਾ ਗਿਆ ਹੈ। ਖ਼ਤ ਦੀ ਠੀਕ-ਠੀਕ ਤਰੀਕ ਦੀ ਕੋਈ ਜਾਣਕਾਰੀ ਨਹੀਂ ਹੈ। ਪਰ ਸਮਝੌਤੇ ਤੋਂ ਇਸ਼ਾਰਾ ਗਾਂਧੀ ਇਰਵਨ ਪੈਕਟ ਦਾ ਹੈ, ਜੋ 5 ਮਾਰਚ, 1831 ਨੂੰ ਅੰਗਰੇਜ਼ ਸਰਕਾਰ ਤੇ ਕਾਂਗਰਸ ਨੇ ਕੀਤਾ। ਸ਼ਾਇਦ 3 ਤਾਰੀਖ, 3 ਮਾਰਚ ਵਲ ਇਸ਼ਾਰਾ ਹੈ। ਇਸ ਪੈਕਟ ਮੂਲ ਦੀ ਦਸਤਾਵੇਜ਼ ਅੰਤਿਕਾ ਵਿਚ ਪੜ੍ਹੋ।
—ਸੰਪਾਦਕ]

ਪਿਆਰੇ ਸਾਥੀ,

ਹੁਣੇ-ਹੁਣੇ ਪਤਾ ਮਿਲਿਆ ਹੈ ਕਿ ਸਾਡਾ ਉਹ ਬਿਆਨ ਜੋ ਅਸਾਂ 3 ਤਾਰੀਖ ਨੂੰ ਦਿੱਤਾ ਸੀ, ਅਖ਼ਬਾਰਾਂ ਵਾਲਿਆਂ ਨੇ ਨਹੀਂ ਛਾਪਿਆ ਹੈ। ਕਾਰਨ ਇਹ ਕਿਹਾ ਜਾਂਦਾ ਹੈ ਕਿ ਉਸ ਵਿਚ ਲੀਡਰਾਂ ਦੀ ਨੁਕਤਾਚੀਨੀ ਕੀਤੀ ਗਈ ਹੈ ਅਤੇ ਉਹਨਾਂ ਦੇ ਇਸ ਸਮਝੌਤੇ ਨੂੰ ਬੁਰਾ ਕਿਹਾ ਗਿਆ ਹੈ। ਉਫ ! ਕੇਹੀ ਸ਼ਰਮ ਦੀ ਗੱਲ ਹੈ ! ਭਰਾਵਾ ਸੱਚ ਪੁੱਛੋ ਤਾਂ ਸਾਨੂੰ ਸਰਕਾਰ ਫ਼ਾਂਸੀ ਨਹੀਂ ਲਗਾ ਰਹੀ। ਸਾਡਾ ਗਲਾ ਤਾਂ ਸਾਡੇ ਆਪਣੇ ਆਪ ਨੂੰ ਨੇਤਾ ਕਹਿਣ ਵਾਲੇ ਦਬਾ ਰਹੇ ਹਨ, ਜੋ ਸਾਡੀ ਆਵਾਜ਼ ਨਿਕਲਣ ਹੀ ਨਹੀਂ ਦਿੰਦੇ। ਪਰ ਸਰਕਾਰ ਦਵਾਰਾ ਗਲਾ ਦਬਾਉਣਾ ਸਾਡੇ ਲਈ ਬੁਰਾ ਸਾਬਤ ਨਹੀਂ ਹੋ ਸਕਦਾ। ਉਸਨੂੰ ਅਸੀਂ ਸਹਿ ਸਕਦੇ ਹਾਂ ਪਰ ਇਹ ਗੱਲ ਸਾਡੇ ਤੋਂ ਬਰਦਾਸ਼ਤ ਨਹੀਂ ਹੋ ਸਕਦੀ ਕਿ ਸਾਡਾ ਗਲ ਸਾਡੇ ਇਹ ਸਵਾਰਥੀ 'ਉੱਚ ਦਰਜੇ ਦੇ ਨੇਤਾ' (High Class Leader) ਦਬਾਉਣ ਇਸਦੇ ਵਿਰੁੱਧ ਸਾਨੂੰ ਲੜਣਾ ਪਵੇਗਾ। ਆਪਣੀ ਲੜਾਈ ਸਾਨੂੰ ਉਨ੍ਹਾਂ ਤੋਂ ਵੱਖਰੇ ਹੋ ਕੇ ਆਜ਼ਾਦ ਰੂਪ ਵਿਚ ਚਲਾਉਣੀ ਹੋਵੇਗੀ ਅਤੇ ਸਰਕਾਰ ਦਾ ਵਿਰੋਧ ਕਰਦੇ-ਕਰਦੇ ਇਨ੍ਹਾਂ ਉੱਚ ਜਾਤੀ ਨੇਤਾਵਾਂ ਦੇ ਪੋਲ ਵੀ ਸਾਨੂੰ ਖੋਲ੍ਹਣੇ ਪੈਣਗੇ।

ਪਰ ਦੋਸਤੋ, ਇਹ ਕੰਮ ਜ਼ਿਆਦਾ ਦੇਰ ਤਕ ਅਖੋਂ ਓਹਲੇ ਹੋ ਕੇ ਨਹੀਂ ਕੀਤਾ ਜਾ ਸਕਦਾ। ਇਸ 'ਤੇ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ ਤੇ ਉਸ ਲਈ ਜਲਦੀ ਹੀ ਪ੍ਰਬੰਧ ਕਰਨਾ ਚਾਹੀਦਾ ਹੈ। ਕਦ ਤਕ ਅਸੀਂ ਅਜਿਹਾ ਵਿਵਹਾਰ ਸਹਿੰਦੇ ਰਹਾਂਗੇ। ਸਾਡੇ ਇਨਕਲਾਬੀਆਂ ਵੱਲ ਉਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਦੇ ਇਸ ਕੁਦਰਤੀ ਰਿਸ਼ਤੇ ਅਤੇ ਸਾਡੀ ਗਿਰਾਵਟ ਦੇ ਦੋ ਮੁੱਖ ਕਾਰਨ ਹਨ। ਪਹਿਲਾ ਇਹ ਕਿ ਸਾਡੀ ਕੋਈ ਪੱਕੀ ਜਥੇਬੰਦੀ ਨਹੀਂ ਹੈ, ਜੋ ਉਹਨਾਂ ਦੇ ਮੁਕਾਬਲੇ ਵਿਚ ਅਤੇ ਉਹਨਾਂ ਤੋਂ ਵੱਖਰੇ ਆਪਣੀ ਲਾਇਨ 'ਤੇ ਕੰਮ ਕਰ ਰਹੀ ਹੋਵੇ। ਦੂਸਰਾ ਇਹ ਕਿ ਜੋ ਵੀ ਥੋੜ੍ਹਾ ਬਹੁਤ ਬਿਖਰਿਆ ਤੱਤ ਹੈ ਉਸਦੇ ਹੱਥ ਵਿਚ ਪ੍ਰੈਸ ਨਹੀਂ ਹੈ, ਜਿਸਦੇ ਰਾਹੀਂ ਉਹ ਆਪਣੀ ਆਵਾਜ਼ ਜਨਤਾ ਤਕ ਪਹੁੰਚਾ ਸਕੇ ਅਤੇ ਜਿਸਦੇ ਬਲ ਤੇ ਉਹ ਅੱਗੇ ਵਧੇ, ਡਟਕੇ ਸਰਕਾਰ ਅਤੇ ਇਹਨਾਂ ਉੱਚ ਜਾਤੀ ਜਨਤਾ ਦਾ ਪੂਰੀ ਤਰ੍ਹਾਂ ਵਿਰੋਧ ਕਰ ਸਕੇ।

ਕਈ ਕਾਰਨਾਂ ਕਰਕੇ ਸਾਨੂੰ ਗੁਪਤ ਜਥੇਬੰਦੀਆਂ ਬਣਾ ਕੇ ਕੰਮ ਕਰਦੇ ਰਹਿਣਾ ਪਿਆ ਹੈ। ਪਰ ਯਾਰੋ, ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਸ ਨੀਤੀ ਨੂੰ ਤਿਆਗ ਦੇਈਏ। ਆਮ ਆਦਮੀ ਸਾਨੂੰ ਅਤੇ ਸਾਡੇ ਆਦਰਸ਼ਾਂ ਨੂੰ ਮੰਨਣ ਲੱਗ ਪਿਆ ਹੈ। ਉਹਨਾਂ ਦੀ ਹਮਦਰਦੀ ਸਾਡੇ ਨਾਲ ਹੈ। ਠੀਕ ਹੈ, ਆਪਣੇ ਕੰਮ ਨੂੰ ਕਾਮਯਾਬੀ ਨਾਲ ਚਲਾਉਣ ਅਤੇ ਆਪਣੀ ਜਥੇਬੰਦੀ ਨੂੰ ਕਾਇਮ ਕਰਨ ਦੇ ਲਈ ਬਹੁਤ ਕੁਝ ਗੁਪਤ ਰਖਣਾ ਪਵੇਗਾ। ਸਾਨੂੰ ਆਪਣੇ ਕੰਮ ਨੂੰ ਗਾਂਧੀ ਦੀ ਲਾਇਨ 'ਤੇ ਨਹੀਂ ਚਲਾਉਣਾ ਹੈ। ਤਾਂ ਵੀ ਹੁਣ ਸਿਰਫ ਇਸ ਜਥੇਬੰਦੀ ਅਤੇ ਗੋਲੀ ਬਾਰੂਦ ਨਾਲ ਹੀ ਕੰਮ ਕਰਨਾ ਠੀਕ ਨਹੀਂ ਹੈ। ਹੁਣ ਸਾਨੂੰ ਆਉਣ ਵਾਲੀ ਲੜਾਈ ਦੇ ਲਈ ਇਕ ਤਾਕਤ ਬਣਨ ਦੀ ਜ਼ਰੂਰਤ ਹੈ।

ਇਸ ਲਈ ਜਿਵੇਂ ਮੈਂ ਪਹਿਲਾਂ ਵੀ ਲਿਖਿਆ ਹੈ, ਖੁਫ਼ੀਆ ਸੋਸਾਇਟੀ ਦੇ ਢੰਗ ਉੱਤੇ ਪੰਜਾਬ ਵਿਚ ਇਕ ਕੇਂਦਰੀ ਇਨਕਲਾਬੀ ਪਾਰਟੀ ਕਾਇਮ ਕਰਨ ਦੀ ਜ਼ਰੂਰਤ ਹੈ, ਜਿਸਦਾ ਮੁੱਖ ਕੰਮ ਵੱਖਰੇ-ਵੱਖਰੇ ਲੋਕਲ ਥਾਵਾਂ 'ਤੇ ਇਨਕਲਾਬੀ ਕੰਮ ਅਤੇ ਦਾਅ-ਪੇਚਾਂ ਦਾ ਪ੍ਰਚਾਰ ਅਤੇ ਚੰਗੇ ਇਨਕਲਾਬੀ ਕਾਮੇ ਅਤੇ ਹਾਲਾਤ ਪੈਦਾ ਕਰਨਾ ਹੋਣਾ ਚਾਹੀਦਾ ਹੈ। ਇਸਦੇ ਨਾਲ-ਨਾਲ ਉਸ ਕਾਂਗਰਸ ਦੀ ਨਕੇਲ ਆਪਣੇ ਹੱਥ ਵਿਚ ਰੱਖਣੀ ਚਾਹੀਦੀ ਹੈ। ਆਪਣੇ ਵਿਚਾਰਾਂ ਨੂੰ ਕਾਨੂੰਨੀ ਜਾਂ ਗੈਰਕਾਨੂੰਨੀ ਦੋਨੋਂ ਪ੍ਰੈਸ ਰਾਹੀਂ ਬਰਾਬਰ ਫੈਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਹ ਸਭ ਸ਼ਾਇਦ ਤੁਹਾਨੂੰ ਸ਼ੇਖ ਚਿਲੀ ਦੀਆਂ ਗੱਲਾਂ ਜਾਪਣ। ਪਰ ਪਿਆਰੇ ਇਹ ਤਾਂ ਕਰਨਾ ਹੀ ਹੋਵੇਗਾ ਅਤੇ ਛੇਤੀ ਕਰਨਾ ਹੋਵੇਗਾ। ਮੈਂ ਨਹੀਂ ਕਹਿ ਸਕਦਾ ਇਸ ਕਾਂਗਰਸ ਵਿਚ ਇਸ ਸਮੇਂ ਕੋਈ ਏਦਾਂ ਦਾ ਵਿੰਗ ਤਿਆਰ ਹੋ ਜਾਵੇਗਾ, ਪਰ ਇਸ ਕਾਂਗਰਸ ਦੀ ਤਿਆਰੀ ਚਾਹੇ ਕਿੰਨੀ ਵੀ ਮਾਮੂਲੀ ਹੋਵੇ ਉਸਦੀ ਸ਼ੁਰੂਆਤ ਕਰ ਦੇਣੀ ਚਾਹੀਦੀ ਹੈ।

(ਜ਼ਰੂਰੀ) ਸਾਨੂੰ ਮਰਨ ਦਾ ਦੁੱਖ ਨਹੀਂ ਹੈ। ਆਪਣੀ ਆਵਾਜ਼ ਦਾ ਦਬਾਇਆ ਜਾਣਾ ਸਾਡੇ ਲਈ ਬਹੁਤ ਦੁਖਦਾਇਕ ਹੈ। ਮੈਂ ਚਾਹੁੰਦਾ ਹਾਂ ਕਿ ਸਾਡਾ ਉਹ ਬਿਆਨ ਤੁਸੀਂ ਸਰਦਾਰ ਜੀ (ਸ੍ਰ. ਕਿਸ਼ਨ ਸਿੰਘ ਪਿਤਾ ਭਗਤ ਸਿੰਘ ਵਲ ਇਸ਼ਾਰਾ ਹੈ—ਸੰਪਾਦਕ) ਜਾਂ ਸਾਡੇ ਵਕੀਲ ਤੋਂ ਪ੍ਰਾਪਤ ਕਰਕੇ ਛੋਟੇ ਜਿਹੇ ਖਿੱਚਵੇਂ (appealing) ਨੋਟ ਦੇ ਨਾਲ ਉਰਦੂ, ਗੁਰਮੁਖੀ ਜਾਂ ਅੰਗਰੇਜ਼ੀ ਵਿਚ ਲਿਖਵਾ ਕੇ ਛਾਪਣ ਦਾ ਪ੍ਰਬੰਧ ਕਰੋ।

ਸੁਖਦੇਵ

* * *

## 97. ਗਾਂਧੀ ਤੋਂ ਪਹਿਲਾਂ ਗਾਂਧੀ ਦੇ ਨਾਂ ਖ਼ਤ

[ਜਿਵੇਂ ਪਿਛਲੇ ਦਸਤਾਵੇਜ਼ ਵਿਚ ਸਮਝੌਤੇ ਬਾਰੇ, ਸੁਖਦੇਵ ਜੀ ਦੇ ਵਿਚਾਰਾਂ ਵਾਲੇ ਕਿਸੇ ਨੋਟ ਦਾ ਜ਼ਿਕਰ ਆਇਆ ਹੈ, ਉਸ ਬਾਰੇ ਪੂਰੀ ਜਾਣਕਾਰੀ ਤਾਂ ਪ੍ਰਾਪਤ ਨਹੀਂ ਹੋਈ, ਪਰ ਮਹਾਤਮਾ ਗਾਂਧੀ ਜੀ ਨੂੰ ਲਿਖਿਆ ਉਨ੍ਹਾਂ ਦਾ ਇਕ ਖ਼ਤ ਸਾਨੂੰ ਮਿਲਿਆ ਹੈ ਜੋ ਏਥੇ ਪੇਸ਼ ਹੈ।

—ਸੰਪਾਦਕ]



Sri Satguru Jagjit Singh Ji Elibrary NamdhariElibrary@gmail.com

ਮਾਨਯੋਗ ਮਹਾਤਮਾ ਜੀ,

ਅੱਜ ਕੱਲ੍ਹ ਦੀਆਂ ਤਾਜ਼ੀਆਂ ਖ਼ਬਰਾਂ ਤੋਂ ਮਾਲੂਮ ਹੁੰਦਾ ਹੈ ਕਿ ਸੰਧੀ ਚਰਚਾ ਦੇ ਪਿਛੋਂ ਤੁਸੀਂ ਕਰਾਂਤੀਕਾਰੀਆਂ ਦੇ ਨਾਂ ਕਈ ਅਪੀਲਾਂ ਕੱਢੀਆਂ ਹਨ। ਅਪੀਲਾਂ ਵਿਚ ਤੁਸੀਂ ਉਨ੍ਹਾਂ ਨੂੰ ਘੱਟੋ ਘੱਟ ਵਰਤਮਾਨ ਸਮੇਂ ਲਈ ਆਪਣਾ ਕ੍ਰਾਂਤੀਕਾਰੀ ਅੰਦੋਲਨ ਰੋਕ ਦੇਣ ਲਈ ਕਿਹਾ ਹੈ। ਅਸਲ ਗੱਲ ਇਹ ਹੈ ਕਿ ਕਿਸੇ ਅੰਦੋਲਨ ਨੂੰ ਰੋਕ ਦੇਣ ਦਾ ਕੰਮ ਕੋਈ ਆਦਰਸ਼ ਜਾਂ ਭਾਵਨਾ ਨਾਲ ਹੋਣ ਵਾਲੀ ਆਪਣੇ ਵੱਸ ਦੀ ਗੱਲ ਨਾਲ ਨਹੀਂ ਹੈ। ਸਮੇਂ-ਸਮੇਂ ਤੇ ਲੋੜ ਮੁਤਾਬਕ ਅੰਦੋਲਨਾਂ ਦੇ ਨੇਤਾ ਆਪਣੀ ਯੁੱਧ ਨੀਤੀ ਤਬਦੀਲ ਕਰਦੇ ਹਨ।

ਸਾਡਾ ਅਨੁਮਾਨ ਹੈ ਕਿ ਸੰਧੀ ਦੀ ਗੱਲਬਾਤ ਦੇ ਸਮੇਂ ਆਪ ਇਕ ਪਲ ਵੀ ਇਹ ਗੱਲ ਨਹੀਂ ਭੁੱਲੇ ਹੋਵੋਂਗੇ ਕਿ ਇਹ ਸਮਝੌਤਾ ਕੋਈ ਸਮਝੌਤਾ ਨਹੀਂ ਹੋ ਸਕਦਾ। ਮੇਰਾ ਖ਼ਿਆਲ ਹੈ ਕਿ ਇਹ ਤਾਂ ਸਾਰੇ ਸਮਝਦਾਰ ਇਨਸਾਨ ਸਮਝਦੇ ਹੋਣਗੇ ਕਿ ਆਪ ਦੇ ਸੁਧਾਰਾਂ ਨੂੰ ਮੰਨ ਲੈਣ 'ਤੇ ਵੀ ਦੇਸ਼ ਨੂੰ ਉਸ ਦਾ ਅੰਤਮ ਫਲ ਪ੍ਰਾਪਤ ਨਹੀਂ ਹੋਵੇਗਾ। ਲਾਹੌਰ ਕਾਂਗਰਸ ਦੇ ਪਰਸਤਾਵ ਮੁਤਾਬਕ, ਕਾਂਗਰਸ ਆਜ਼ਾਦੀ ਦਾ ਜੰਗ ਤਦ ਤਕ ਚਲਾਣ ਲਈ ਦ੍ਰਿੜ੍ਹ ਹੈ ਜਦ ਤਕ ਪੂਰਣ ਆਜ਼ਾਦੀ ਹਾਸਲ ਨਾ ਹੋ ਜਾਵੇ। ਵਿਚ-ਵਿਚਾਲੇ ਦੀਆਂ ਸੰਧੀਆਂ ਤੇ ਸਮਝੌਤੇ ਤਾਂ ਸਿਰਫ ਪਲ ਭਰ ਲਈ ਟਿਕਾਓ ਹੈ, ਜਿਸ ਵਿਚ ਅਗਲੀ ਲੜਾਈ ਦੇ ਲਈ ਵੱਧ ਤੋਂ ਵੱਧ ਤਾਕਤ ਇਕੱਠੀ ਕਰਨ ਦਾ ਮੌਕਾ ਮਿਲਦਾ ਹੈ। ਸਿਰਫ ਇਸ ਸਿਧਾਂਤ 'ਤੇ ਹੀ ਕਿਸੇ ਕਿਸਮ ਦੀ ਸੰਧੀ ਜਾਂ ਸਮਝੌਤਾ ਕਰਨ ਦੀ ਸੋਚੀ ਜਾ ਸਕਦੀ ਹੈ। ਸਮਝੌਤੇ ਲਈ ਠੀਕ ਵਕਤ ਤੇ ਸ਼ਰਤਾਂ 'ਤੇ ਵਿਚਾਰ ਕਰਨ ਦਾ ਕੰਮ ਨੇਤਾਵਾਂ ਦਾ ਹੈ। ਭਾਵੇਂ ਲਾਹੌਰ ਦੇ ਪੂਰਣ ਆਜ਼ਾਦੀ ਵਾਲੇ ਮਤੇ ਦੇ ਹੁੰਦਿਆਂ ਹੋਇਆਂ ਵੀ ਤੁਸਾਂ ਆਪਣਾ ਅੰਦੋਲਨ ਰੋਕ ਲਿਆ ਹੈ, ਫਿਰ ਵੀ ਪਰਸਤਾਵ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਹੀ ਕਾਇਮ ਹੈ। "ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਆਰਮੀ" ਦੇ ਕਰਾਂਤੀਕਾਰੀਆਂ ਦਾ ਮੰਤਵ ਇਸ ਦੇਸ਼ ਵਿਚ ਸਮਾਜਵਾਦੀ ਪ੍ਰਜਾਤੰਤਰ ਤਰੀਕੇ ਦੀ ਸਥਾਪਨਾ ਹੈ। ਇਸ ਮੰਤਵ ਵਿਚ ਸੋਧ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਹ ਤਾਂ ਆਪਣਾ ਸੰਗਰਾਮ ਤਦ ਤਕ ਪੂਰੀ ਤਰ੍ਹਾਂ ਜਾਰੀ ਰੱਖਣ ਲਈ ਮਜਬੂਰ ਹਨ ਜਦ ਤਕ ਕਿ ਇਹ ਮੰਤਵ ਹਾਸਲ ਨਹੀਂ ਹੋ ਜਾਂਦਾ ਤੇ ਇਸ ਆਦਰਸ਼ ਦੀ ਪੂਰੀ ਤਰ੍ਹਾਂ ਸਥਾਪਨਾ ਨਹੀਂ ਹੋ ਜਾਂਦੀ। ਪਰ ਸਮੇਂ ਦੀ ਤਬਦੀਲੀ ਦੇ ਨਾਲ-ਨਾਲ, ਉਹ ਆਪਣੀ ਯੁੱਧ ਨੀਤੀ ਵੀ ਬਦਲਦੇ ਰਹਿਣਾ ਚਾਹੁੰਦੇ ਹਨ। ਕਰਾਂਤੀਕਾਰੀਆਂ ਦਾ ਯੁੱਧ ਵੱਖ-ਵੱਖ ਮੌਕਿਆਂ 'ਤੇ ਵੱਖਰਾ-ਵੱਖਰਾ ਰੂਪ ਧਾਰ ਲੈਂਦਾ ਹੈ। ਕਦੀ ਇਹ ਪ੍ਰਤੱਖ ਰੂਪ ਵਿਚ ਹੁੰਦਾ ਹੈ, ਕਦੀ ਗੁਪਤ ਰੂਪ ਧਾਰ ਲੈਂਦਾ ਹੈ। ਕਦੀ ਸਿਰਫ ਅੰਦੋਲਨ ਜਿਹਾ ਹੀ ਰਹਿ ਜਾਂਦਾ ਹੈ, ਕਦੀ ਜੀਵਨ ਤੇ ਮੌਤ ਦਾ ਭਿਆਨਕ ਸੰਗਰਾਮ ਬਣ ਜਾਂਦਾ ਹੈ। ਵਰਤਮਾਨ ਹਾਲਤਾਂ ਵਿਚ ਕਰਾਂਤੀਕਾਰੀਆਂ ਦੇ ਸਾਹਮਣੇ ਅੰਦੋਲਨ ਰੋਕ ਦੇਣ ਲਈ ਕੁਝ ਵਿਸ਼ੇਸ਼ ਕਾਰਨਾਂ ਦਾ ਹੋਣਾ ਜ਼ਰੂਰੀ ਹੈ। ਪਰ ਤੁਸੀਂ ਸਾਡੇ ਸਾਹਮਣੇ ਐਸਾ ਕੋਈ ਨਿਸ਼ਚਿਤ ਕਾਰਨ ਨਹੀਂ ਰੱਖਿਆ, ਜਿਸ 'ਤੇ ਵਿਚਾਰ ਕਰਕੇ ਅਸੀਂ ਆਪਣਾ ਅੰਦੋਲਨ ਰੋਕ ਦੇਈਏ, ਸਿਰਫ ਭਾਵਕ ਅਪੀਲਾਂ ਕਰਾਂਤੀਕਾਰੀਆਂ ਦੇ ਸੰਗਰਾਮ ਤੇ ਕੋਈ ਪ੍ਰਭਾਵ ਨਹੀਂ ਪਾ ਸਕਦੀਆਂ।

ਸਮਝੌਤਾ ਕਰਕੇ ਤੁਸੀਂ ਆਪਣਾ ਅੰਦੋਲਨ ਰੋਕ ਲਿਆ ਹੈ, ਜਿਸ ਦੇ ਸਿੱਟੇ ਵਜੋਂ ਤੁਹਾਡੇ ਅੰਦੋਲਨ ਦੇ ਸਾਰੇ ਬੰਦੀ ਛੁੱਟ ਗਏ ਹਨ, ਪਰ ਕਰਾਂਤੀਕਾਰੀ ਬੰਦੀਆਂ ਦੇ ਸੰਬੰਧ ਵਿਚ ਤੁਸੀਂ ਕੀ ਕਹਿਣਾ ਹੈ? 1915 ਦੇ ਗ਼ਦਰ ਪਾਰਟੀ ਦੇ ਬੰਦੀ ਅੱਜ ਵੀ ਜੇਲ੍ਹਾਂ ਵਿਚ ਪਏ ਸੜ ਰਹੇ ਹਨ, ਜਦ ਕਿ ਉਹਨਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ। ਮਾਰਸ਼ਲ ਲਾ ਦੇ ਸੈਂਕੜੇ ਬੰਦੀ ਅੱਜ ਜੀਂਦੇ ਹੋਏ ਵੀ ਕਬਰਾਂ ਵਿਚ ਦਫਨਾਏ ਹੋਏ ਹਨ। ਇਸੇ ਤਰ੍ਹਾਂ ਬੱਬਰ ਅਕਾਲੀ ਲਹਿਰ ਦੇ ਦਰਜਨਾਂ ਬੰਦੀ ਜੇਲ੍ਹ ਦੀਆਂ ਸਖ਼ਤੀਆਂ ਝੱਲ ਰਹੇ ਹਨ। ਅੱਧੀ ਦਰਜਨ ਤੋਂ ਵੱਧ ਸਾਜ਼ਸ਼ ਕੇਸ



Sri Satguru Jagjit Singh Ji Elibrary NamdhariElibrary@gmail.com

ਲਾਹੌਰ, ਦਿੱਲੀ, ਚਿਟਾਗਾਂਗ, ਬੰਬਈ, ਕਲਕੱਤੇ ਆਦਿ ਥਾਵਾਂ 'ਤੇ ਚੱਲ ਰਹੇ ਹਨ, ਅਨੇਕਾਂ ਕਰਾਂਤੀਕਾਰੀ ਮਫਰੂਰ ਹਨ, ਜਿਨ੍ਹਾਂ ਵਿਚ ਬਹੁਤ ਸਾਰੀਆਂ ਔਰਤਾਂ ਵੀ ਹਨ। ਅੱਧੀ ਦਰਜਨ ਤੋਂ ਵੱਧ ਬੰਦੀ ਮੌਤ ਦੀ ਸਜ਼ਾ ਦਾ ਇੰਤਜ਼ਾਰ ਕਰ ਰਹੇ ਹਨ। ਇਸ ਸਭ ਦੇ ਬਾਰੇ ਆਪ ਨੇ ਕੀ ਕਹਿਣਾ ਹੈ? ਲਾਹੌਰ ਸਾਜ਼ਸ਼ ਕੇਸ ਦੇ ਤਿੰਨ ਬੰਦੀ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲੀ ਹੈ ਅਤੇ ਜਿਨ੍ਹਾਂ ਨੂੰ ਸਬੱਬ ਨਾਲ ਦੇਸ਼ ਵਿਚ ਬਹੁਤ ਮਾਨ ਪ੍ਰਾਪਤ ਹੋ ਗਿਆ ਹੈ, ਕਰਾਂਤੀਕਾਰੀ ਦਲ ਦੇ ਸਭ ਕੁਝ ਨਹੀਂ ਹਨ। ਦਲ ਦੇ ਸਾਹਮਣੇ ਕੇਵਲ ਉਨ੍ਹਾਂ ਦੀ ਹੀ ਕਿਸਮਤ ਦਾ ਸਵਾਲ ਨਹੀਂ ਹੈ। ਅਸਲ ਵਿਚ ਉਨ੍ਹਾਂ ਦੀ ਸਜ਼ਾ ਵਿਚ ਤਬਦੀਲੀ ਨਾਲ ਦੇਸ਼ ਦਾ ਏਨਾ ਕੁਝ ਨਹੀਂ ਸੌਰਨਾ ਜਿੰਨਾ ਉਨ੍ਹਾਂ ਨੂੰ ਫ਼ਾਂਸੀ 'ਤੇ ਚੜ੍ਹਾ ਦੇਣ ਨਾਲ ਹੋਵੇਗਾ।

ਇਨ੍ਹਾਂ ਸਭ ਗੱਲਾਂ ਦੇ ਹੁੰਦੇ ਹੋਏ ਵੀ ਆਪ ਸਾਨੂੰ ਅੰਦੋਲਨ ਰੋਕ ਦੇਣ ਦੀਆਂ ਅਪੀਲਾਂ ਕਰ ਰਹੇ ਹੋ। ਅਸੀਂ ਆਪਣਾ ਕਰਾਂਤੀਕਾਰੀ ਅੰਦੋਲਨ ਕਿਉਂ ਰੋਕ ਲਈਏ, ਇਸ ਦਾ ਆਪਨੇ ਕੋਈ ਠੀਕ ਕਾਰਨ ਨਹੀਂ ਦਸਿਆ। ਇਸ ਤਰ੍ਹਾਂ ਦੇ ਹਾਲਤਾਂ ਵਿਚ ਆਪ ਦੀਆਂ ਇਨ੍ਹਾਂ ਅਪੀਲਾਂ ਦਾ ਅਰਥ ਤਾਂ ਬਸ ਇਹੀ ਹੈ ਕਿ ਤੁਸੀਂ ਕਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਨੌਕਰਸ਼ਾਹੀ ਦਾ ਸਾਥ ਦੇ ਰਹੇ ਹੋ। ਇਨ੍ਹਾਂ ਅਪੀਲਾਂ ਰਾਹੀਂ ਤੁਸੀਂ ਕੁਦ ਕਰਾਂਤੀਕਾਰੀ ਦਲ ਵਿਚ ਫੁੱਟ ਅਤੇ ਵਿਸ਼ਵਾਸਘਾਤ ਦੀ ਸਿੱਖਿਆ ਦੇ ਰਹੇ ਹੋ। ਅਗਰ ਇਹ ਗੱਲ ਨਾ ਹੁੰਦੀ ਤਾਂ ਆਪ ਲਈ ਵਧੀਆ ਢੰਗ ਇਹ ਸੀ ਕਿ ਤੁਸੀਂ ਕੁਝ ਪ੍ਰਮੁੱਖ ਕਰਾਂਤੀਕਾਰੀਆਂ ਨਾਲ ਮਿਲਕੇ ਇਸ ਵਿਸ਼ੇ 'ਤੇ ਗੱਲਬਾਤ ਕਰ ਲੈਂਦੇ। ਆਪ ਨੂੰ ਉਨ੍ਹਾਂ ਨੂੰ ਅੰਦੋਲਨ ਰੋਕ ਦੇਣ ਦੀ ਸਲਾਹ ਤੋਂ ਪਹਿਲਾਂ ਉਸ ਦੇ ਕਾਰਨ ਦਲੀਲ ਰਾਹੀਂ ਸਮਝਾਣੇ ਚਾਹੀਦੇ ਸਨ। ਮੇਰਾ ਖ਼ਿਆਲ ਹੈ ਕਿ ਆਮ ਲੋਕਾਂ ਵਾਂਗ ਆਪ ਦੀ ਤਾਂ ਇਹ ਧਾਰਨਾ ਨਹੀਂ ਹੋਵੇਗੀ ਕਿ ਕਰਾਂਤੀਕਾਰੀ ਬੇਦਲੀਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਕੇਵਲ ਮਰਨ ਮਾਰਨ ਦੇ ਕੰਮਾਂ ਵਿਚ ਸੁਆਦ ਆਉਂਦਾ ਹੈ। ਅਸੀਂ ਤੁਹਾਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਅਸਲੀਅਤ ਵਿਚ ਗੱਲ ਇਸ ਦੇ ਬਿਲਕੁਲ ਉਲਟ ਹੈ। ਉਹ ਹਰ ਕਦਮ ਉਤੇ ਅੱਗੇ ਵਧਣ ਤੋਂ ਪਹਿਲਾਂ ਉਹਦੀਆਂ ਚਾਰੇ ਪਾਸੇ ਦੀਆਂ ਹਾਲਤਾਂ 'ਤੇ ਵਿਚਾਰ ਕਰ ਲੈਂਦੇ ਹਨ। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹਰ ਵਕਤ ਰਹਿੰਦਾ ਹੈ। ਉਹ ਆਪਣੀ ਕ੍ਰਾਂਤੀਕਾਰੀ ਵਿਧਾਨ ਵਿਚ ਰਚਨਾਤਮਕ ਅੰਗ ਦੀ ਜ਼ਰੂਰਤ ਨੂੰ ਮੁੱਖ ਥਾਂ ਦਿੰਦੇ ਹਨ। ਭਾਵੇਂ ਹੁਣ ਦੇ ਹਾਲਤਾਂ ਵਿਚ ਉਨ੍ਹਾਂ ਨੂੰ ਕੇਵਲ ਢਾਹੂ ਹਿੱਸੇ ਵਲ ਹੀ ਧਿਆਨ ਦੇਣਾ ਪਿਆ ਹੈ।

ਸਰਕਾਰ ਕਰਾਂਤੀਕਾਰੀ ਲਈ ਪੈਦਾ ਹੋਈ ਸਰਬ ਸਾਂਝੀ ਹਮਦਰਦੀ ਤੇ ਮਦਦ ਦੀ ਭਾਵਨਾ ਨੂੰ ਨਸ਼ਟ ਕਰਕੇ, ਕਿਸੇ ਵੀ ਤਰ੍ਹਾਂ, ਉਨ੍ਹਾਂ ਨੂੰ ਕੁਚਲ ਦੇਣਾ ਚਾਹੁੰਦੀ ਹੈ। ਇਕੱਲੇ ਤਾਂ ਉਹ ਬਹੁਤ ਆਸਾਨੀ ਨਾਲ ਮਸਲੇ ਜਾ ਸਕਦੇ ਹਨ। ਸੋ ਇਹੋ ਜਿਹੀਆਂ ਹਾਲਤਾਂ ਵਿਚ ਕਿਸੇ ਕਿਸਮ ਦੀਆਂ ਭਾਵੁਕ ਅਪੀਲਾਂ ਕਰਕੇ ਉਨ੍ਹਾਂ ਵਿਚ ਫੁਟ ਤੇ ਵਿਸ਼ਵਾਸਘਾਤ ਪੈਦਾ ਕਰਨਾ ਮਹਾਨ ਗਲਤੀ ਤੇ ਕਰਾਂਤੀ ਵਿਰੋਧੀ ਕੰਮ ਹੋਵੇਗਾ। ਇਸ ਨਾਲ ਸਰਕਾਰ ਨੂੰ ਉਨ੍ਹਾਂ ਨੂੰ ਕੁਚਲਣ ਵਿਚ ਸਾਫ਼ ਤੌਰ 'ਤੇ ਸਹਾਇਤਾ ਮਿਲਦੀ ਹੈ।

ਇਸ ਲਈ ਆਪ ਨੂੰ ਸਾਡੀ ਪ੍ਰਾਰਥਨਾ ਹੈ ਕਿ ਜਾਂ ਤਾਂ ਆਪ ਕੁਝ ਕਰਾਂਤੀਕਾਰੀਆਂ ਨਾਲ, ਜੋ ਜੇਲ੍ਹਾਂ ਵਿਚ ਬੰਦ ਹਨ, ਇਸ ਵਿਸ਼ੇ 'ਤੇ ਗੱਲਬਾਤ ਕਰਕੇ ਕੁਝ ਨਿਰਨਾ ਕਰ ਲਓ, ਨਹੀਂ ਤਾਂ ਇਹ ਅਪੀਲਾਂ ਬੰਦ ਕਰ ਦਿਓ। ਮਿਹਰਬਾਨੀ ਕਰਕੇ ਇਨ੍ਹਾਂ ਦੋ ਰਾਹਾਂ ਵਿਚੋਂ ਕਿਸੇ ਇਕ ਨੂੰ ਅਪਣਾਉਣ ਤੇ ਉਨ੍ਹਾਂ ਵੀ ਪੂਰੇ ਦਿਲ ਨਾਲ। ਅਗਰ ਤੁਸੀਂ ਉਨ੍ਹਾਂ ਦੀ ਮੱਦਦ ਨਹੀਂ ਕਰ ਸਕਦੇ ਤਾਂ ਮੇਹਰਬਾਨੀ ਕਰਕੇ ਉਨ੍ਹਾਂ 'ਤੇ ਰਹਿਮ ਕਰੋ ਤੇ ਉਨ੍ਹਾਂ ਨੂੰ ਇਕੱਲੇ ਛੱਡ ਦਿਓ। ਉਹ ਆਪਣੀ ਰੱਖਿਆ ਆਪ ਕਰ ਲੈਣਗੇ। ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਆਉਣ ਵਾਲੇ ਰਾਜਨੀਤਕ ਯੁੱਧ ਵਿਚ ਉਨ੍ਹਾਂ ਦੀ ਅਗਵਾਈ ਨਿਸ਼ਚਿਤ ਹੈ। ਜਨਤਾ ਉਨ੍ਹਾਂ ਵੱਲ ਬਰਾਬਰ ਵਧੀ



Sri Satguru Jagjit Singh Ji Elibrary NamdhariElibrary@gmail.com

ਆ ਰਹੀ ਹੈ। ਉਹ ਦਿਨ ਦੂਰ ਨਹੀਂ ਹੈ ਜਦ ਉਨ੍ਹਾਂ ਦੀ ਅਗਵਾਈ ਵਿਚ ਅਤੇ ਉਨ੍ਹਾਂ ਦੇ ਝੰਡੇ ਥੱਲੇ ਜਨਤਾ ਆਪਣੇ ਸਮਾਜਵਾਦੀ ਪ੍ਰਜਾਤੰਤਰ ਦੇ ਮਹਾਨ ਨਿਸ਼ਾਨੇ ਵੱਲ ਵਧਦੀ ਵਿਖਾਈ ਦੇਵੇਗੀ।

ਅਤੇ ਜੇ ਸੱਚਮੁੱਚ ਤੁਸੀਂ ਉਨ੍ਹਾਂ ਦੀ ਮੱਦਦ ਕਰਨੀ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਸਮਝਾਣ ਲਈ ਉਨ੍ਹਾਂ ਨਾਲ ਗੱਲਬਾਤ ਕਰੋ ਅਤੇ ਸਾਰੇ ਹਾਲਾਤ 'ਤੇ ਖੋਲ੍ਹ ਕੇ ਵਿਚਾਰ ਕਰੋ।

ਉਮੀਦ ਹੈ ਆਪ ਉਪਰਲੀ ਪ੍ਰਾਰਥਨਾ ਤੇ ਵਿਚਾਰ ਕਰੋਗੇ ਅਤੇ ਆਪਣੀ ਰਾਏ ਜਨਤਾ ਦੇ ਸਾਹਮਣੇ ਰੱਖੋਗੇ।

ਆਪ ਦਾ

"ਅਨੇਕਾਂ ਵਿਚੋਂ ਇਕ"

●



Sri Satguru Jagjit Singh Ji Elibrary NamdhariElibrary@gmail.com

ਪਾਠ—17

# ਦੂਸਰੇ ਸਾਥੀਆਂ ਦੇ ਵਿਚਾਰ

[ਏਥੇ ਸਹੀਦ ਮਹਾਂਬੀਰ ਸਿੰਘ ਦਾ ਖ਼ਤ ਜੋ ਕਾਲੇ ਪਾਣੀ ਤੋਂ ਲਿਖਿਆ ਗਿਆ ਅਤੇ ਬੀ.ਕੇ. ਦੱਤ ਜੀ ਦਾ ਲੇਖ 'ਇਨਕਲਾਬੀ ਜੀਵਨ ਦਰਸ਼ਨ' ਪੇਸ਼ ਹਨ। ਪਹਿਲਾ ਖ਼ਤ ਮਹਾਂਬੀਰ ਸਿੰਘ ਦੇ ਦ੍ਰਿੜ੍ਹ ਇਰਾਦੇ ਅਤੇ ਜੀਵਨ ਦਰਸ਼ਨ ਦੀ ਝਲਕ ਦਿੰਦਾ ਹੈ ਅਤੇ ਦੂਸਰਾ ਲੇਖ ਦੱਤ ਜੀ ਦੇ ਚੁੱਪ-ਚਾਪ ਇਨਕਲਾਬੀ ਜੀਵਨ ਜੀਉਣ ਦੀ ਫ਼ਿਲਾਸਫ਼ੀ ਦੇ ਨਾਲ ਨਾਲ ਇਨਕਲਾਬੀ ਮਾਨਸਿਕਤਾ ਨੂੰ ਸਮਝਣ ਲਈ ਜ਼ਰੂਰੀ ਹੈ। —ਸੰਪਾਦਕ]

* * *

## 98. ਕਾਲੇ ਪਾਣੀ ਤੋਂ ਸ਼ਹੀਦ ਮਹਾਂਬੀਰ ਸਿੰਘ ਦਾ ਇਕ ਖ਼ਤ

[ਸ਼ਹੀਦ ਮਹਾਂਬੀਰ ਸਿੰਘ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ। ਦੂਸਰੇ ਸਾਥੀ, ਜਿਨ੍ਹਾਂ ਨੂੰ ਉਮਰ ਕੈਦ ਸੁਣਾਈ ਗਈ, ਉਹ ਸਨ—ਡਾ. ਗਿਯਾ ਪ੍ਰਸ਼ਾਦ, ਸ਼ਿਵ ਵਰਮਾ, ਜੈ ਦੇਵ ਕਪੂਰ, ਪੰਡਿਤ ਕਿਸ਼ੋਰੀ ਲਾਲ, ਵਿਜੈ ਕੁਮਾਰ ਸਿਨਹਾ, ਕੁੰਦਨ ਲਾਲ ਅਤੇ ਕਮਲ ਨਾਥ ਤਿਵਾੜੀ। ਸਾਰੇ ਸਾਥੀ ਅੰਡੇਮਾਨ ਜੇਲ੍ਹ ਵਿਚ ਭੇਜੇ ਗਏ ਸਨ। ਜੇਲ੍ਹਾਂ ਦੇ ਅੰਦਰ ਵੀ ਅੰਗਰੇਜ਼ ਸਰਕਾਰ ਦੇ ਅਨਿਆਂ ਵਿਰੁੱਧ ਜੰਗ ਜਾਰੀ ਰੱਖੀ। 17 ਮਈ, 1933 ਨੂੰ ਇਕ ਲੰਬੀ ਭੁੱਖ ਹੜਤਾਲ ਬਾਅਦ ਉਹ ਅੰਡੇਮਾਨ ਜੇਲ੍ਹ ਵਿਚ ਸ਼ਹੀਦ ਹੋਏ। ਇਹ ਖ਼ਤ ਉਨ੍ਹਾਂ ਦੇ ਅੰਤਿਮ ਦਿਨਾਂ ਵਿਚ ਉੱਚ ਤੇ ਸੁੱਚ ਭਾਵਨਾ ਨੂੰ ਦਰਸਾਉਂਦਾ ਹੈ ਜੋ ਕਿ 23 ਜਨਵਰੀ, 1933 ਨੂੰ ਕਾਲੇ ਪਾਣੀ ਪਹੁੰਚ ਕੇ ਲਿਖਿਆ ਗਿਆ ਹੈ।

—ਸੰਪਾਦਕ]

ਪੋਰਟ ਬਲੇਅਰ,
ਅੰਡੇਮਾਨ।

ਪਰਮ ਪੂਜਨੀਕ ਪਿਤਾ ਜੀ,

ਆਪ ਪੜ੍ਹ ਕੇ ਹੈਰਾਨ ਹੋਵੋਗੇ ਕਿ ਉੱਪਰ ਲਿਖੇ ਥਾਂ 'ਤੇ ਮੈਂ ਕਦੋਂ ਆ ਗਿਆ। ਏਥੇ ਇਸ ਬੁਝਾਰਤ ਨੂੰ ਹੀ ਸੁਲਝਾਉਣ ਲੱਗਾ ਹਾਂ। 19 ਜਨਵਰੀ ਨੂੰ ਸਵੇਰੇ ਦਰਵਾਜ਼ਾ ਖੋਲ੍ਹ ਕੇ ਸੂਚਨਾ ਦਿੱਤੀ ਕਿ ਤੁਹਾਡੀ ਬਦਲੀ ਹੈ, ਪਰ ਇਹ ਨਹੀਂ ਦਸਿਆ ਕਿ ਕਿੱਥੋਂ ਦੀ ਹੈ। ਪੁੱਛਣ ਤੇ ਬਸ ਇੰਨਾ ਦਸਿਆ ਕਿ ਸ਼ਾਇਦ ਪੰਜਾਬ ਵਿਚ ਨਵੇਂ ਲਾਹੌਰ ਸਾਜ਼ਸ਼ ਕੇਸ ਵਿਚ ਗਵਾਹੀ ਦੇਣ ਲਈ ਮਦਰਾਸ ਤੋਂ ਭੇਜੇ ਜਾਓਗੇ। ਸੋ 19 ਤਰੀਕ ਸ਼ਾਮ ਨੂੰ ਮੈਂ ਜਦ ਸੈਂਟਰਲ ਜੇਲ੍ਹ ਮਦਰਾਸ ਵਿਚ ਪੈਰ ਰਖਿਆ ਤਾਂ ਮੇਰੇ ਜ਼ਿੰਦਗੀ ਮੌਤ ਦੇ ਸਾਥੀ ਸ਼੍ਰੀਮਾਨ ਭਾਈ ਕਲਮਨਾਥ ਤਿਵਾੜੀ ਦੇ ਦਰਸ਼ਨ ਲਗਭਗ ਦੋ ਸਾਲ ਬਾਅਦ ਹੋਏ ਅਤੇ ਰਾਤ ਨੂੰ ਭਾਈ ਬੀ.ਕੇ. ਦੱਤ ਅਤੇ ਭਾਈ ਕੁੰਦਨ ਲਾਲ ਜੀ ਦੀਆਂ ਆਵਾਜ਼ਾਂ ਸੁਣੀਆਂ। ਤੁਸੀਂ ਖ਼ੁਦ ਹੀ ਜਾਣ ਸਕਦੇ ਹੋ ਕਿ ਮੈਨੂੰ ਕਿੰਨੀ ਖ਼ੁਸ਼ੀ ਹੋਈ ਹੋਵੇਗੀ। ਪਰ ਇਸ ਖ਼ੁਸ਼ੀ ਵਿਚ ਕੁਝ ਨਿਰਾਸ਼ਾ ਦੀ ਝਲਕ ਨਜ਼ਰ ਆਈ ਜਦ ਵੇਖਿਆ ਕਿ ਤਿਵਾੜੀ, ਵੀਰ ਦੱਤ ਤੇ ਕੁੰਦਨ ਲਾਲ ਮੇਰੇ ਤੋਂ ਵੱਖਰੇ ਲਿਜਾਏ ਗਏ ਹਨ। ਪਰ 15 ਮਿੰਟ ਬਾਅਦ



Sri Satguru Jagjit Singh Ji Elibrary NamdhariElibrary@gmail.com

ਫਿਰ ਉਹ ਖ਼ੁਸ਼ੀ ਵਿਚ ਤਬਦੀਲ ਹੋ ਗਈ। ਮੋਟਰ ਲਾਰੀ ਵਿਚ ਫਿਰ ਇਕੱਠੇ ਹੋ ਗਏ। ਬਹੁਤ ਅਰਸੇ ਦਾ ਵਿਛੋੜਾ ਮਿਟ ਗਿਆ। ਉਸ ਵਕਤ ਅਸੀਂ ਮਨ ਦੀ ਖਿੱਚੜੀ ਪਕਾ ਰਹੇ ਸਾਂ ਅਤੇ ਮਿਲਣ ਦੇ ਆਨੰਦ ਵਿਚ ਮਸਤ ਸਾਂ। ਪਰ ਇਹ ਪਤਾ ਨਹੀਂ ਸੀ ਕਿ ਕਿੱਥੇ ਜਾ ਰਹੇ ਹਾਂ। ਸੋਚਦੇ ਸਾਂ ਸ਼ਾਇਦ ਪੰਜਾਬ ਜਾਈਏ ਤੇ ਫਿਰ ਦੇਖੇ ਆਈਏ। ਪਰ ਸਾਡੀ ਲਾਰੀ ਬੰਦਰਗਾਹ ਤੇ ਪਹੁੰਚੀ ਅਤੇ 'ਮਹਾਰਾਜ' ਜਹਾਜ਼ ਦੇ ਦਰਸ਼ਨ ਹੋਏ। ਤਾਂ ਅਸੀਂ ਸਮਝ ਗਏ ਕਿ ਅਸੀਂ ਤਾਂ ਅੰਡੇਮਾਨ ਯਾਨੀ ਕਾਲੇ ਪਾਣੀ ਜਾ ਰਹੇ ਹਾਂ। ਮਾਤਰ ਭੂਮੀ ਤੇ ਆਪਣੇ ਰਿਸ਼ਤੇਦਾਰਾਂ ਸਾਥੀਆ ਤੋਂ ਸਦਾ ਲਈ ਯਾਨੀ ਘੱਟੋ-ਘੱਟ 13 ਸਾਲ ਲਈ ਵਿਛੜ ਰਹੇ ਹਾਂ, ਜਿਸ ਮਾਂ ਦੀ ਗੋਦ ਵਿਚ ਪਲੇ ਹਾਂ ਅਤੇ ਧੂੜ ਵਿਚ ਲੇਟੇ ਹਾਂ ਉਸ ਦੇ ਦਰਸ਼ਨਾਂ ਤੋਂ ਵੀ ਬੇ-ਮੁੱਖ ਹੋ ਰਹੇ ਹਾਂ।

ਆਪ ਦੇ ਚਰਣ ਕੰਵਲ ਦੀ ਧੂੜ ਤੋਂ ਸਦਾ ਲਈ ਦੂਰ ਹੋ ਰਹੇ ਹਾਂ। ਇਹੋ ਜਿਹੇ ਹਾਲਾਤ ਵਿਚ ਪਿਆਰੇ ਦੇਸ ਨੂੰ ਛੱਡਦੇ ਹੋਏ, ਦਿਲ ਵਿਚ ਕਿੰਨਾ ਵੀ ਦੁੱਖ ਹੋਏ ਪਰ ਨਾਲ ਹੀ ਖ਼ੁਸ਼ੀ ਵੀ ਹੋਈ, ਜਿਹੜੀ ਇਸ ਦੇ ਮੁਕਾਬਲੇ ਕੁਝ ਜ਼ਿਆਦਾ ਹੀ ਸੀ। ਉਹ ਸੀ ਇਕ ਸਾਧ ਕ੍ਰਾਂਤੀਕਾਰੀ ਦੀ, ਉਸ ਪਵਿੱਤਰ ਤੀਰਥ ਦਾ ਦਰਸ਼ਨ ਕਰਨ ਦੀ ਅਭਿਲਾਖਾ, ਜਿਸ ਨੂੰ ਭਾਈ ਰਾਮ ਰੱਖਾ ਮੱਲ ਨੇ ਆਪਣੀ ਸਮਾਧ ਬਣਾ ਕੇ ਪਵਿੱਤਰ ਕੀਤਾ ਹੈ ਅਤੇ ਦੂਸਰਾ ਬੰਗਾਲੀ ਅਤੇ ਪੰਜਾਬੀ ਵੀਰਾਂ ਦੀ ਤਪੱਸਿਆ ਦਾ ਥਾਂ ਰਿਹਾ ਹੈ ਅਤੇ ਨਾਲ ਹੀ ਆਸ਼ਾ ਸੀ ਕਿ ਸਾਡੇ ਜੀਵਨ ਦੇ ਸਾਥੀ ਹਮੇਸ਼ਾ ਸਾਡੇ ਨਾਲ ਰਹਿਣਗੇ ਅਤੇ ਹੋਰ ਵੀ ਅਨੇਕਾਂ ਮੋਢੇ ਨਾਲ ਮੋਢਾ ਜੋੜਨ ਵਾਲੇ ਵੀਰਾਂ ਦੇ ਦਰਸ਼ਨ ਹੋਣਗੇ। ਸੋ, 22 ਜਨਵਰੀ ਦੀ ਸ਼ਾਮ ਨੂੰ ਅਸ਼ਾਂਤ, ਨੀਲੇ ਤੇ ਗੰਭੀਰ ਪਾਣੀ ਦੀ 850 ਮੀਲ ਤੋਂ ਲੰਬੀ ਯਾਤਰਾ ਕਰਕੇ ਅਸੀਂ ਇਸ ਪੋਰਟ ਬਲੇਅਰ ਦੀ ਜੇਲ੍ਹ ਵਿਚ ਪਹੁੰਚੇ। ਉਥੇ ਆਪਣੇ ਹੁਣ ਵਾਲੇ ਸਾਥੀਆਂ ਨੂੰ ਮਿਲਣ ਲਈ ਬੜੇ ਹੀ ਉਤਾਵਲੇ ਦੇਖਿਆ। ਉਨ੍ਹਾਂ ਦੀ ਹਾਲਤ ਵੀ ਓਦਾਂ ਦੀ ਹੀ ਹੋ ਰਹੀ ਸੀ, ਜਿਵੇਂ ਕੇ ਸਾਡੀ। ਏਥੇ ਤਕਰੀਬਨ 40 ਬੀ. ਕਲਾਸ ਦੇ ਅਤੇ 24 ਸੀ. ਕਲਾਸ ਦੇ ਰਾਜਨੀਤਿਕ ਕੈਦੀ ਹਨ ਅਤੇ ਕੁਝ ਹੋਰ ਦੇ ਆਉਣ ਦੀ ਨਿਕਟ ਭਵਿੱਖ ਵਿਚ ਉਮੀਦ ਕਰਦੇ ਹਾਂ। ਸਾਡੀ ਜੇਲ੍ਹ ਤਿੰਨ ਮੰਜ਼ਲੀ ਹੈ ਅਤੇ ਨਾਲ ਹੀ ਕੁਝ ਗਜ਼ਾਂ ਦੇ ਫਾਸਲੇ 'ਤੇ ਨੀਲਾ ਸਮੁੰਦਰ ਗੰਭੀਰ ਗਰਜ ਨਾਲ ਕਿਨਾਰੇ ਨੂੰ ਟੱਕਰਾਂ ਮਾਰਦਾ ਹੈ, ਇਹ ਉੱਪਰੋਂ ਦਿਸ ਪੈਂਦਾ ਹੈ। ਇਹ ਦੀਪ ਸਮੂਹ ਜੰਗਲਾਂ ਨਾਲ ਭਰਿਆ ਸੁਣਿਆ ਜਾਂਦਾ ਹੈ, ਜਿਸ ਵਿਚ ਸਿਰਫ ਨੰਗੇ ਰਹਿਣ ਵਾਲੇ ਅਸੱਭਿਆ ਲੋਕ ਰਹਿੰਦੇ ਹਨ। ਪਰ ਖੁੱਲ੍ਹੀ ਤੇ ਸਾਫ ਕੀਤੀ ਜਗ੍ਹਾ ਤੇ ਕੁਝ ਭਾਰਤੀ ਵਸ ਗਏ ਹਨ। ਇਹਨਾਂ ਦੀ ਭਾਸ਼ਾ ਹਿੰਦੋਸਤਾਨੀ ਹੈ। ਇਹਨਾਂ ਵਿਚੋਂ ਬਹੁਤ ਸਾਰੇ ਤਾਂ ਕੈਦੀ ਹਨ। ਕੁਝ ਸਰਕਾਰੀ ਨੌਕਰ ਤੇ ਕੁਝ ਵਪਾਰੀ ਲੋਕ ਵੀ ਹਨ। ਅਜੇ ਤਾਂ ਜੇਲ੍ਹ ਵਾਲਿਆਂ ਦਾ ਹਾਲ ਠੀਕ ਹੀ ਲੱਗਦਾ ਹੈ। ਪਰ ਅੱਗੇ ਕੀ ਹੋਵੇਗਾ, ਕਹਿ ਨਹੀਂ ਸਕਦੇ। ਸਾਡੇ ਪੁਰਾਣੇ ਸਾਥੀਆਂ ਵਿਚੋਂ ਅਜੇ ਸਾਡੇ ਨਾਲ ਡਾ. ਗਯਾ ਪ੍ਰਸਾਦ, ਸ੍ਰੀ ਬੀ.ਕੇ. ਦੱਤ, ਬਾਈ ਕੁੰਦਨ ਲਾਲ ਜੀ ਤੇ ਕਮਲ ਨਾਥ ਤਿਵਾੜੀ ਹਨ। ਬਾਕੀ ਤਿੰਨ ਸਾਥੀ ਮਦਰਾਸ ਸੂਬੇ ਵਿਚ ਹੋਣਗੇ ਜਿਹੜੇ ਕਿ ਸ਼ਾਇਦ ਅਜੇ ਵੀ ਭੁੱਖ ਹੜਤਾਲ 'ਤੇ ਹੀ ਹੋਣਗੇ। ਸਾਡੇ ਸਾਥੀਆਂ ਵਿਚੋਂ 3/4 ਤੋਂ ਜ਼ਿਆਦਾ ਗਿਣਤੀ ਬੰਗਾਲ ਸੂਬੇ ਵਾਲਿਆਂ ਦੀ ਹੈ।

ਪੂਜਣ ਯੋਗ, ਸ਼ਾਇਦ ਤੁਸੀਂ ਚਿੰਤਤ ਹੋਵੋਗੇ ਕਿ ਮੈਂ ਇੰਨੇ ਦਿਨਾਂ ਤੋਂ ਖ਼ਤ ਕਿਉਂ ਨਹੀਂ ਲਿਖਿਆ। ਇਸ ਦਾ ਕਾਰਨ ਸੀ, ਘਣਘੋਰ ਘਟਨਾਵਾਂ, ਜਿਹੜੀਆਂ ਚਾਰੇ ਪਾਸੇ ਮੰਡਰਾ ਰਹੀਆਂ ਹਨ, ਥੋੜ੍ਹੀ ਜਿਹੀ ਸ਼ਾਂਤੀ ਦਾ ਮੌਕਾ ਵੀ ਨਹੀਂ ਦਿੰਦੀਆਂ ਸਨ। ਇਸੇ ਕਾਰਨ ਮੈਂ ਉਨ੍ਹਾਂ ਵਿਚ ਫਸ ਕੇ ਖ਼ਤ ਲਿਖਣ ਦਾ ਸੁਭਾਗ ਨਹੀਂ ਪ੍ਰਾਪਤ ਕਰ ਸਕਿਆ। ਹੁਣ ਇਹ ਖ਼ਤ ਮੈਂ ਬਹੁਤ ਦਿਨ ਬਾਅਦ ਲਿਖ ਰਿਹਾ ਹਾਂ, ਜਿਸ ਨਾਲ ਤੁਹਾਨੂੰ ਸ਼ਾਂਤੀ ਮਿਲੇਗੀ। ਪਰ ਪਿਤਾ ਜੀ ਤੁਸੀਂ ਹਰ ਪਾਸੇ ਸ਼ਾਂਤੀ ਰੱਖਣਾ, ਕਿਉਂਕਿ ਤੁਸੀਂ ਜਾਣਦੇ ਹੀ ਹੋ ਕਿ ਸਾਨੂੰ ਕਸ਼ਟਾਂ ਵਿਚ ਹੀ ਆਨੰਦ ਤੇ ਸੁੱਖ ਮਾਲੂਮ ਹੁੰਦਾ ਹੈ। ਹੁਣ ਕੁਝ ਇਸ ਜੇਲ੍ਹ ਵਿਚ ਰਹਿ ਕੇ ਤੇ ਆਪਣੇ ਉਦੇਸ਼ ਨੂੰ ਸਾਹਮਣੇ ਰੱਖਦੇ ਹੋਏ, ਕਸ਼ਟ ਤੇ ਦੁੱਖ ਵੀ ਸੁੱਖ ਹੀ ਮਹਿਸੂਸ ਹੁੰਦਾ ਹੈ ਅਤੇ ਇਹੀ ਹੈ ਸਾਡਾ ਜੀਵਨ ਤੇ ਜਿਥੇ ਇਹ ਗੱਲਾਂ ਇਸ ਵਿਚ ਨਾ ਰਹੀਆਂ ਤਾਂ ਅਸੀਂ ਮਰ ਗਏ, ਇਸ ਲਈ ਆਪ ਜਾਂ ਸਾਡੀ ਪਿਆਰੀ



Sri Satguru Jagjit Singh Ji Elibrary NamdhariElibrary@gmail.com

ਭੂਆ ਜੀ ਤੇ ਮਾਤਾ ਜੀ, ਇਸ ਗੱਲ ਦਾ ਧਿਆਨ ਰੱਖਦੇ ਹੋਏ ਕਦੀ ਕੋਈ ਚਿੰਤਾ ਨਾ ਕਰਿਓ ਸਗੋਂ ਸਾਰੇ ਸ਼ਾਤੀ ਪੂਰਵਕ ਆਨੰਦਤ ਰਹੋ।

ਪਿਆਰੇ ਵੀਰ ਦਾ ਕੀ ਹਾਲ ਹੈ, ਉਸ ਦਾ ਪਤਾ ਮੈਨੂੰ ਜਲਦੀ ਹੀ ਦੇਣਾ। ਉਸਨੂੰ ਸਿਰਫ ਵੈਦ ਹੀ ਬਣਨ ਦਾ ਉਪਦੇਸ਼ ਨਾ ਦੇਣਾ ਸਗੋਂ ਨਾਲ ਹੀ ਨਾਲ ਉਸਨੂੰ ਮਨੁੱਖ ਬਣਨਾ ਵੀ ਦੱਸਿਓ। ਅੱਜ ਕੱਲ੍ਹ ਮਨੁੱਖ ਉਹੀ ਹੋ ਸਕਦਾ ਹੈ, ਜਿਸ ਨੂੰ ਵਰਤਮਾਨ ਵਾਤਾਵਰਨ ਦਾ ਗਿਆਨ ਹੋਵੇ। ਜਿਹੜਾ ਮਨੁੱਖ ਦੇ ਫਰਜ਼ਾਂ ਨੂੰ ਜਾਣਦਾ ਹੀ ਨਾ ਹੋਵੇ ਸਗੋਂ ਉਨ੍ਹਾਂ ਨੂੰ ਪਾਲਦਾ ਵੀ ਹੋਵੇ, ਇਸ ਲਈ ਸਮਾਜ ਦੀ ਇਮਾਰਤ ਨੂੰ ਆਲਸ ਤੇ ਆਰਾਮ ਪ੍ਰਸਤੀ ਤੇ ਸਵਾਰਥ ਵਿਚ ਪੈ ਕੇ ਸਮਾਜ ਦੇ ਸਾਹਮਣੇ ਕਿਰਤਘਣ ਨਾ ਸਾਬਤ ਹੋਵੇ। ਇਸ ਨਾਲ ਸਰੀਰਕ ਤੇ ਮਾਨਸਿਕ ਦੋਵੇਂ ਹੀ ਤਰ੍ਹਾਂ ਦੀ ਤਰੱਕੀ ਕਰਦਾ ਰਹੇ। ਦੋਨੋਂ ਹੀ ਅਤੀ ਜ਼ਰੂਰੀ ਹਨ। ਸਰੀਰਕ, ਚੰਗੇ ਸਾਫ ਖਾਣੇ ਤੇ ਕਸਰਤ ਨਾਲ ਤੇ ਮਾਨਸਿਕ, ਪੜ੍ਹਨ (ਅਧਿਐਨ) ਨਾਲ। ਉਸ ਨੂੰ ਅੱਜ ਕੱਲ੍ਹ ਦੇ ਵਾਤਾਵਰਨ ਦਾ ਗਿਆਨ ਪ੍ਰਾਪਤ ਕਰਨ ਲਈ ਅਖ਼ਬਾਰਾਂ ਤੇ ਇਤਿਹਾਸਿਕ, ਇਸ ਵੇਲੇ ਦੀਆਂ ਰਾਜਨੀਤਿਕ ਤੇ ਸਮਾਜਿਕ ਕਿਤਾਬਾਂ ਦਾ ਅਧਿਐਨ ਕਰਨ ਨੂੰ ਕਹਿਣਾ। ਸਮਾਜ ਤੋਂ ਮੇਰਾ ਭਾਵ ਆਰੀਆ ਸਮਾਜ ਜਾਂ ਅਜਿਹੇ ਤੰਗ ਨਜ਼ਰੀਏ ਵਾਲੇ ਸਮਾਜ ਦਾ ਨਹੀਂ ਸਗੋ ਆਮ ਜਨ ਸਾਧਾਰਨ ਤੋਂ ਹੈ। ਕਿਉਂਕਿ ਉਹ ਧਾਰਮਿਕ ਸਮਾਜ ਮੇਰੇ ਸਾਹਮਣੇ ਤੰਗ ਨਜ਼ਰੀ ਹੋਣ ਕਰਕੇ ਕੋਈ ਵੀ ਮੁੱਲ ਨਹੀਂ ਰੱਖਦੇ ਹਨ ਅਤੇ ਨਾਲ ਹੀ ਇਨ੍ਹਾਂ ਧਰਮਾਂ ਦੇ ਤੰਗ ਦਿਲ, ਸਵਾਰਥੀ ਤੇ ਬੇ-ਇਨਸਾਫ ਹੋਣ ਦੇ ਕਾਰਨ, ਸਭ ਧਰਮਾਂ ਤੋਂ ਦੂਰ ਰਹਿਣਾ ਚਾਹੁੰਦਾ ਹਾਂ ਅਤੇ ਦੂਸਰਿਆਂ ਨੂੰ ਵੀ ਅਜਿਹਾ ਕਰਨ ਦੀ ਹੀ ਸਲਾਹ ਦਿੰਦਾ ਹਾਂ। ਸਿਰਫ ਇਕ ਗੱਲ ਮੰਨਦਾ ਹਾਂ ਤੇ ਉਸ ਨੂੰ ਸਭ ਤੋਂ ਵੱਧ ਮਨੁੱਖ ਅਤੇ ਸਮਾਜ ਲਈ ਕਲਿਆਣਕਾਰੀ ਸਮਝਦਾ ਹਾਂ। ਉਹ ਹੈ ਮਨੁੱਖ ਦਾ ਮਨੁੱਖ ਲਈ ਤੇ ਹਰ ਪ੍ਰਾਣੀ ਵੱਲ ਫ਼ਰਜ਼, ਬਿਨਾਂ ਕਿਸੇ ਜਾਤੀ ਭੇਦ ਧਰਮ ਤੇ ਧਨ ਭੇਦ ਦੇ। ਇਹੀ ਮੇਰਾ ਉਪਦੇਸ਼ ਬੇਟੀ ਸਰੋਜਨੀ ਨੂੰ ਹੈ ਤੇ ਦੂਸਰੇ ਵੀਰਾ ਨੂੰ ਵੀ ਹੈ।

ਪੂਜਣ ਯੋਗ, ਅੱਜ ਜਦ ਮੈਂ ਦੇਖਦਾ ਹਾਂ ਕਿ ਸਭ ਦੀਆਂ ਭੈਣਾਂ ਨੇ ਸਮਾਜ ਦੀ ਸੇਵਾ ਲਈ ਆਪਣੇ ਆਪ ਨੂੰ ਤਨ, ਮਨ, ਧਨ ਨਾਲ ਲਗਾਇਆ ਹੋਇਆ ਹੈ ਤੇ ਅਭਾਗਾ ਮੈਂ ਹੀ ਐਸਾ ਹਾਂ ਜਿਸ ਦੀ ਇਹੋ ਜਿਹੀ ਕੋਈ ਭੈਣ ਨਹੀਂ ਹੈ, ਭਾਵੇਂ ਇਹ ਮੇਰੀ ਤੰਗ-ਦਿਲੀ ਹੈ ਕਿਉਂਕਿ ਆਪਣੇ ਮਨ ਦੇ ਮੁਤਾਬਕ ਦੂਸਰੀਆਂ ਭੈਣਾਂ ਵੀ ਤਾਂ ਆਪਣੀਆਂ ਹੀ ਹਨ ਅਤੇ ਏਦਾਂ ਮੈਂ ਸਮਝਦਾ ਵੀ ਹਾਂ। ਪਰ ਮੈਂ ਉਹਨਾਂ ਦੀ ਗਿਣਤੀ ਵਧਦੀ ਦੇਖਣਾ ਚਾਹੁੰਦਾ ਹਾਂ, ਜਿਸ ਦੀ ਕੁਝ ਆਸ਼ਾ ਮੈਂ ਆਪਣੀ ਪੂਜਨੀਕ ਜੀਆਂ ਮਹਿਤਾਬ ਕੁੰਵਰ ਤੋਂ ਕਰਦਾ ਹਾਂ। ਉਨ੍ਹਾਂ ਦੀ ਬਹੁਤ ਸਮੇਂ ਤੋਂ ਕੋਈ ਖ਼ਬਰ ਨਹੀਂ ਆਈ। ਜੇ ਹੋ ਸਕੇ ਮੇਰਾ ਮੱਥਾ ਟੇਕਣਾ ਕਹਿ ਦੇਣਾ। ਸ਼੍ਰੀਮਾਨ ਦਾਦਾ ਜੀ ਸਰਦਾਰ ਸਿੰਘ, ਜਿਹੜੇ ਕਿ ਮੇਰੇ ਪਹਿਲੇ ਗੁਰੂ ਅਤੇ ਆਪ ਦੇ ਸ਼ਿਸ਼ ਹਨ, ਨੂੰ ਸਾਦਰ ਪ੍ਰਣਾਮ ਕਹਿਣਾ। ਧਨ ਰਾਜ ਸਿੰਘ ਦਾ ਹਾਲ ਲਿਖਣਾ। ਚਾਚਾ ਜੀ ਤੇ ਸਭ ਮਾਵਾਂ (ਯਾਨੀ ਚਾਚੀਆਂ, ਤਾਈਆਂ) ਨੂੰ ਮੱਥਾ ਟੇਕਣਾ ਤੇ ਵੀਰਾਂ ਨੂੰ ਨਮਸਤੇ। ਪੂਜਨੀਕ ਭੂਆ ਜੀ ਤੇ ਮਾਤਾ ਜੀ ਨੂੰ ਪਰਿਣਾਮ। ਲਲੀ, ਦੋਨਾਂ ਭੈਣਾਂ ਨੂੰ, ਮੁਨਸ਼ਾ ਜੀ ਨੂੰ ਨਮਸਤੇ।

ਭਾਣਜੇ ਭਤੀਜੀਆਂ ਨੂੰ ਪਿਆਰ।

ਸ਼ੁਭ ਸਮਾਪਤੀ

ਖ਼ਤ ਛੇਤੀ ਲਿਖਣਾ
ਪਤਾ : ਮਹਾਂਬੀਰ ਸਿੰਘ, ਪੀ.ਆਈ. 68
ਸੈਲੂਲਰ ਜੇਲ੍ਹ ਪੋਰਟ ਬਲੇਅਰ (ਅੰਡੇਮਾਨ)

ਆਪ ਦਾ ਆਗਿਆਕਾਰੀ ਪੁੱਤਰ,
ਮਹਾਂਬੀਰ।



Sri Satguru Jagjit Singh Ji Elibrary NamdhariElibrary@gmail.com

## 99. ਇਨਕਲਾਬੀ ਜੀਵਨ ਦਰਸ਼ਨ

*—ਦੇਸ਼ ਭਗਤ ਬੀ.ਕੇ. ਦੱਤ*

[1929 ਵਿਚ ਅਸੈਂਬਲੀ ਹਾਲ ਵਿਚ ਸੁੱਟੇ ਗਏ ਬੰਬ ਨੇ ਅੰਗਰੇਜ਼ੀ ਸਾਮਰਾਜ ਨੂੰ ਹਿਲਾ ਦਿੱਤਾ, ਬੰਬ ਸੁਟਣ ਵਾਲੇ ਇਨਕਲਾਬੀ ਸਨ, ਸ਼ਹੀਦ ਭਗਤ ਸਿੰਘ ਤੇ ਬੀ.ਕੇ. ਦੱਤ, ਭਾਰਤੀ ਨੌਜਵਾਨਾਂ ਦੇ ਹਰਮਨ ਪਿਆਰੇ ਦੇਸ਼ ਭਗਤ ਇਨਕਲਾਬੀ ਭਗਤ ਸਿੰਘ ਫਾਂਸੀ ਚੁੰਮ ਗਏ ਤੇ ਦੱਤ ਸਾਹਿਬ ਜੇਲ੍ਹੀਂ ਉਮਰ ਗਾਲਦੇ ਰਹੇ। ਸਾਡੀ ਆਜ਼ਾਦੀ ਤੇ ਕਲੰਕ ਹੈ ਕਿ ਅਜਿਹੇ ਦੇਸ਼ ਭਗਤਾਂ ਨੂੰ ਆਪਣੀ ਖਾਹਸ਼ ਮੁਤਾਬਿਕ ਆਖ਼ਰੀ ਸਮੇਂ ਤਕ ਦੇਸ਼ ਦੀ ਸੇਵਾ ਦੇ ਵਿਚ ਸਮਾਂ ਬਿਤਾਉਣ ਦੀ ਬਜਾਏ, ਰੋਟੀ ਦੀ ਭਾਲ ਨੇ ਜ਼ਿਆਦਾ ਨੂੜ ਲਿਆ। ਦੱਤ ਜੀ 29 ਜੁਲਾਈ 1965 ਨੂੰ ਕੈਂਸਰ ਨਾਲ ਸੁਰਗਵਾਸ ਹੋ ਗਏ। ਉਨ੍ਹਾਂ ਦੀ ਕਲਮ ਤੋਂ ਇਹ ਲੇਖ ਹੈ, ਜੋ ਕਰੀਬ 1960 ਦੇ ਕੋਲ ਲਿਖਿਆ ਗਿਆ ਹੈ, ਸਾਨੂੰ ਉਨ੍ਹਾਂ ਇਨਕਲਾਬੀਆਂ ਦੇ ਮਨੋਵਿਗਿਆਨ (ਦਿਮਾਗੀ ਸਮਝ) ਨੂੰ ਸਮਝਣ ਵਿਚ ਮਦਦ ਕਰੇਗਾ। —ਸੰਪਾਦਕ।

ਬਾਗੀ ਜਾਂ ਇਨਕਲਾਬੀ ਸ਼ਬਦ ਹਮੇਸ਼ਾ ਭੇਦ ਭਰਿਆ ਰਿਹਾ ਹੈ। ਇਨਕਲਾਬੀ ਸ਼ਬਦ ਸੁਣਦਿਆਂ ਹੀ ਇਕ ਢਲੀ ਹੋਈ ਤਸਵੀਰ ਲੋਕਾਂ ਸਾਹਮਣੇ ਆ ਜਾਂਦੀ ਹੈ। ਬੰਬ, ਪਿਸਤੌਲ, ਹਿੰਸਾ, ਖ਼ੂਨਖਰਾਬਾ, ਸਾਜ਼ਸ਼, ਕਤਲ ਅਤੇ ਫ਼ਾਂਸੀ ਜਿਹੇ ਕੰਮ ਅੱਖਾਂ ਸਾਹਮਣੇ ਆ ਜਾਂਦੇ ਹਨ। ਇਹੋ ਕਾਰਨ ਹੈ ਕਿ ਬਾਗੀ ਸ਼ਬਦ ਸੁਣਦਿਆਂ ਹੀ ਲੋਕ ਡਰਦੇ ਅਤੇ ਹੈਰਾਨ ਹੋਏ ਦੰਦਾਂ ਥੱਲੇ ਜੀਭ ਦਬਾ ਲੈਂਦੇ ਹਨ। ਇਸ ਡਰਦੇ ਦਿਲ ਨਾਲ ਲੋਕਾਂ ਨੇ ਆਪਣੇ ਘਰਾਂ ਦੇ ਦਰਵਾਜ਼ੇ ਇਹਨਾਂ ਇਨਕਲਾਬੀਆਂ ਲਈ ਬੰਦ ਕਰ ਦਿੱਤੇ ਤੇ ਇਹਨਾਂ ਦੇ ਪਰਛਾਵੇਂ ਤੋਂ ਵੀ ਦੂਰ ਰਹਿਣ ਦੇ ਯਤਨ ਕਰਦੇ ਰਹੇ। ਲੇਕਿਨ ਭਾਗਾਂ ਦਾ ਚੱਕਰ ਦੇਖੋ ਕਿ ਇਕ ਪਾਸੇ ਤਾਂ ਕੁਝ ਲੋਕ ਇਨ੍ਹਾਂ ਦੇ ਪਰਛਾਵੇਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਰਹੇ ਤੇ ਦੂਜੇ ਪਾਸੇ ਕੁਝ ਲੋਕ ਇਹੋ ਜਿਹੇ ਸਨ, ਜੋ ਹਮੇਸ਼ਾ ਆਪਣੀ ਜਾਨ ਜੋਖੋਂ ਵਿਚ ਪਾ ਕੇ ਬੜੇ ਉਤਸ਼ਾਹ ਨਾਲ ਇਨ੍ਹਾਂ ਦੀ ਉਡੀਕ ਕਰਦੇ ਰਹੇ। ਆਪਣੇ ਭਾਗਾਂ ਦੇ ਨਾਲ ਉਹ ਉਨ੍ਹਾਂ ਬਾਗੀਆਂ ਦੇ ਜੀਵਨ ਲਈ ਵੀ ਪ੍ਰਾਰਥਨਾ ਕਰਦੇ ਰਹੇ ਅਤੇ ਇਹ ਲੋਕੀਂ ਇਸ ਸੰਸਾਰ ਵਿਚ ਅਸਥਾਈ ਹਾਲਾਤ ਨੂੰ, ਆਪਣੇ ਜੀਵਨ ਦੇ ਸੁਖ ਲਈ ਉਸ ਸਮੇਂ, ਜਿਹੜਾ ਇਨਕਲਾਬ ਲਿਆਉਣਾ ਚਾਹੁੰਦੇ ਸਨ, ਛੇਤੀ ਲਿਆਉਣ ਦੀ ਕੋਸ਼ਿਸ਼ ਕਰਦੇ ਰਹੇ। ਕੁਝ ਲੋਕਾਂ ਨੇ ਇਨ੍ਹਾਂ ਬਾਗ਼ੀਆਂ ਨੂੰ ਕੱਚੀ ਉਮਰ ਦੇ, ਭਾਵਕ ਅਤੇ ਗੈਰ-ਜ਼ੁੰਮੇਵਾਰ ਨੌਜਵਾਨਾਂ ਦਾ ਖ਼ਿਤਾਬ ਦਿੱਤਾ ਅਤੇ ਉਨ੍ਹਾਂ ਨੂੰ ਭੁਲੇਖੇ ਵਿਚ ਜਾਂ ਭਰਮ ਦਾ ਸ਼ਿਕਾਰ ਹੋਏ ਸਮਝਿਆ। ਸਭ ਤੋਂ ਪਹਿਲਾਂ ਅੰਗਰੇਜ਼ੀ ਪ੍ਰਬੰਧਕਾਂ ਨੇ ਉਨ੍ਹਾਂ ਦੀ ਰਾਜਨੀਤਿਕ ਵਿਚਾਰਧਾਰਾ ਅਤੇ ਉਦੇਸ਼ ਤੇ ਉਨ੍ਹਾਂ ਦੀਆਂ ਖ਼ਿਚਵੀਆਂ ਭਾਵਨਾਵਾਂ ਨੂੰ ਛਿੱਕੇ 'ਤੇ ਟੰਗ ਕੇ ਪੈਨਲਕੋਡ ਦੀਆਂ ਸਾਧਾਰਨ ਧਾਰਾਵਾਂ ਵਿਚ ਜਕੜ ਕੇ ਉਨ੍ਹਾਂ ਨੂੰ ਚੋਰ, ਡਾਕੂ ਅਤੇ ਖ਼ੂਨੀ ਦੇ ਖਿਤਾਬਾਂ ਨਾਲ ਸਨਮਾਨਿਆ। ਰਾਜ ਸੱਤਾ 'ਤੇ ਬੈਠੇ ਰੂੜੀਵਾਦੀ ਵਿਦੇਸ਼ੀ ਰਾਜ ਪ੍ਰਬੰਧਕਾਂ ਨੇ ਇਸ ਤਰ੍ਹਾਂ ਦੀ ਹਾਲਾਤ ਵਿਆਖਿਆ ਕਰਕੇ ਤੇ ਝੂਠੇ ਪ੍ਰਚਾਰ ਰਾਹੀਂ ਕਿਸੇ ਹੱਦ ਤਕ ਜਨਤਾ ਨੂੰ ਵੀ ਧੋਖੇ ਵਿਚ ਰਖਿਆ। ਖ਼ੈਰ ਆਜ਼ਾਦੀ ਸੰਗਰਾਮ ਦੇ ਦਿਨਾਂ ਦੇ ਇਨਕਲਾਬੀਆਂ ਦੇ ਅਸਲੀ ਰੂਪ ਦਾ ਨਿਰਣਾ ਤੇ ਬਾਗ਼ੀਪੁਣੇ ਦਾ ਸਹੀ ਮੁੱਲ ਅੱਜ ਵੀ ਨਹੀਂ ਪਿਆ। ਅੱਜ ਆਜ਼ਾਦੀ ਸੰਗਰਾਮ ਦਾ ਇਤਿਹਾਸ ਲਿਖਦੇ ਵੇਲੇ ਉਸ ਬੀਤੇ ਹੋਏ ਸੁਨਹਿਰੀ ਅਤੇ ਤਿਆਗਮਈ ਕਾਂਡ ਨੂੰ ਮੰਨਣ ਲਈ ਇਤਿਹਾਸਕਾਰ ਵੀ ਝਿਜਕਦੇ ਹਨ। ਆਜ਼ਾਦੀ ਸੰਗਰਾਮ ਵਿਚ ਜਿਸ ਕਾਂਡ ਦੀ ਰਚਨਾ, ਨੌਜਵਾਨ ਬਾਗ਼ੀਆਂ ਨੇ ਆਪਣੇ ਦਿਲ ਤੇ ਖ਼ੂਨ ਨਾਲ ਕੀਤੀ, ਅੱਜ ਆਜ਼ਾਦ ਭਾਰਤ ਵਿਚ ਉਸ ਕਾਂਡ ਨੂੰ ਕੌਮ ਜਾਂ ਦੇਸ਼ ਲਈ ਘੋਲ ਦਾ ਅੰਸ਼ ਮੰਨ ਕੇ ਇਤਿਹਾਸ ਦੇ ਪੰਨਿਆਂ ਵਿਚ ਉਸ ਦੀ ਮਨਜ਼ੂਰੀ ਦੇਣ ਲਗਿਆਂ ਇਤਿਹਾਸਕਾਰ ਪੰਡਤਾਂ ਦੀ ਕਲਮ ਤੋਂ ਸਿਆਹੀ ਸੁੱਕ ਜਾਂਦੀ ਹੈ। ਇਹ ਸੰਕੋਚ ਕਿਉਂ ? ਇਹ ਤੰਗਦਿਲੀ ਕਿਉਂ ?



Sri Satguru Jagjit Singh Ji Elibrary NamdhariElibrary@gmail.com

ਇਸ ਤਰ੍ਹਾਂ ਦੀ ਭਖਦੀ ਸੱਚਾਈ ਤੋਂ ਆਖ਼ਿਰ ਕਿਉਂ ਮੁਨਕਰ ਹੁੰਦੇ ਹਨ। ਇਹਦਾ ਇਕੋ ਕਾਰਨ ਇਹੋ ਹੈ ਕਿ ਉਨ੍ਹਾਂ ਇਨਕਲਾਬੀ ਮਹਾਂ-ਪੁਰਖ਼ਾਂ ਦਾ ਸਹੀ ਮੁੱਲ ਪਾਉਣ ਲੱਗਿਆਂ ਅਸੀਂ ਅੱਜ ਵੀ ਮਜਬੂਰ ਅਤੇ ਅਸਮਰਥ ਹਾਂ। ਲੋਕਾਂ ਦੀਆਂ ਨਜ਼ਰਾਂ ਵਿਚ ਉਹ ਨੌਜਵਾਨ ਬਾਗ਼ੀ ਸਿਰਫ਼ ਹਥਿਆਰ ਚੁੱਕਣ ਵਾਲੇ ਹੀ ਰਹਿ ਗਏ, ਹਿੰਸਕ ਇਨਸਾਨ ਹੀ ਰਹੇ। ਉਨ੍ਹਾਂ ਦੇ ਵਿਚਾਰ, ਉਨ੍ਹਾਂ ਦੇ ਦ੍ਰਿਸ਼ਟੀਕੋਣ, ਮਨੁੱਖਤਾ ਵੱਲ ਉਨ੍ਹਾਂ ਦਾ ਅਥਾਹ ਪਿਆਰ, ਗਹਿਰੀ ਦਿਲੀ ਹਮਦਰਦੀ ਅਤੇ ਸਭ ਤੋਂ ਉੱਤਮ ਉਨ੍ਹਾ ਦਾ ਅਧਿਆਤਮਕ ਗਠਨ ਆਦਿ ਦੀਆਂ ਗੱਲਾਂ ਤਾਂ ਲੋਕਾਂ ਤੋਂ ਦੂਰ ਹੀ ਰਹਿ ਗਈਆਂ। ਹਾਂ ਫ਼ਾਂਸੀ ਦਾ ਰੱਸਾ ਚੁੰਮਦਿਆਂ ਹੋਇਆਂ ਤਾਂ ਸ਼ਹੀਦ ਨੂੰ ਲੋਕਾਂ ਨੇ ਪਹਿਚਾਨਿਆ ਕਾਮਨਾ ਤੋਂ ਰਹਿਤ ਵੈਰਾਗੀ ਬਾਗੀ ਦਿਲਾਂ ਤੋਂ ਲੋਕ ਅਨਜਾਣ ਹੀ ਰਹਿ ਗਏ। ਬਾਗੀ ਦਾ ਮੋਹ, ਵੈਰਾਗ ਸਾਧਨਾ, ਜਿਸ ਤੋਂ ਉਸ ਦੇ ਚਰਿੱਤਰ ਤੇ ਵਡਿਆਈ ਸਭ ਤੋਂ ਸਿਖਰ 'ਤੇ ਪਹੁੰਚ ਸਕਿਆ, ਉਸ ਦੀ ਆਪਣੀ ਕੁਰਬਾਨੀ, ਰਾਜਨੀਤਕ ਪ੍ਰਭਾਵ ਲੋਕਾਂ ਦੀਆਂ ਨਜ਼ਰਾਂ ਤੋਂ ਉਹਲੇ ਹੀ ਰਹਿ ਗਏ। ਮਨੁੱਖ ਮਾਤਰ ਦਾ ਦਿਲ ਅਨੁਭਵ ਕਰਨ ਦੀ ਕਿਰਿਆ ਹੈ। ਬ੍ਰਹਿਮੰਡ ਦੀ ਵਿਸ਼ਾਲ ਕਰਮਸਾਲਾ ਵਿਚ ਉਹ ਵੱਖ-ਵੱਖ ਇਮਤਿਹਾਨਾਂ ਵਿਚੋਂ ਲੰਘਦਾ ਹੋਇਆ ਵੱਖੋ-ਵੱਖਰੀ ਕਿਸਮ ਦੇ ਤਜਰਬੇ ਹਾਸਲ ਕਰਦਾ ਰਿਹਾ ਹੈ। ਆਪਣੇ ਵੱਖੋ-ਵੱਖ ਦ੍ਰਿਸ਼ਟੀਕੋਣ ਤੇ ਕੰਮ ਖੇਤਰ ਦੇ ਅਨੁਸਾਰ ਮਨੁੱਖ ਦੇ ਤਜਰਬੇ ਭਾਂਤ-ਭਾਂਤ ਦੇ ਹਨ, ਤਜਰਬੇ ਵਿਚ ਇਸ ਤਰ੍ਹਾਂ ਦਾ ਅਨੋਖਾਪਣ ਹੋਣ ਦੇ ਬਾਵਜੂਦ ਮਨੁੱਖ ਦੇ ਦਿਲ ਦੀ ਡੂੰਘਾਈ ਵਿਚੋਂ ਇਕ ਦਰਦ ਭਰੀ ਪੀੜ ਦੀ ਚੀਸ ਉਠਦੀ ਸੁਣਾਈ ਦੇਂਦੀ ਹੈ। ਇਸ ਕਰਮ ਦੇ ਰੌਲੇ ਗੌਲੇ ਹੇਠਾਂ ਖ਼ੁਦਗਰਜ਼ੀ ਦੀ ਦਲ ਦਲ ਵਿਚ ਫਸੇ ਮਨੁੱਖ ਨੂੰ ਇਸ ਦੀ ਸੁੱਧ ਨਹੀਂ। ਦਿਨ ਢਲੇ ਤੋਂ ਪਿਛੋਂ ਇਸ ਰੌਲੇ ਰੱਪੇ ਦੇ ਕੰਮ ਵਿਚ ਫਸਿਆ ਸੰਸਾਰ ਤੋਂ ਜੀਵਨ ਦੀ ਬੇੜੀ ਨੂੰ ਚਲਾਉਣ ਲਈ ਜਦੋਂ ਅਸੀਂ ਘਰ ਪਹੁੰਚਦੇ ਹਾਂ, ਤੇ ਰਾਤ ਦੀ ਖਾਮੋਸ਼ੀ ਵਿਚ ਜਦੋਂ ਅਸੀਂ ਆਪਣੇ ਮਿਹਨਤੀ ਸਰੀਰ ਨੂੰ ਬਿਸਤਰੇ 'ਤੇ ਪਾ ਕੇ, ਇਸ ਦੁਨੀਆ ਦੀ ਅਸਲੀਅਤ ਨੂੰ ਭੁਲਾਉਣ ਲਈ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਾਂ, ਸੰਸਾਰ ਤੋਂ ਪਈਆਂ ਚੁਪੇੜਾਂ ਦੀ ਯਾਦ ਭੁਲਾਉਣ ਲਈ ਸੁਖੀ ਨੀਂਦਰ ਸੌਣ ਦੀ ਕਰਦੇ ਹਾਂ, ਠੀਕ ਉਸ ਵਕਤ ਮਨੁੱਖ-ਮਾਤਰ ਦੇ ਦਿਲ ਵਿਚ ਦੁਖੀ ਰੂਹ ਉਠ ਖਲਾਉਂਦੀ ਹੈ। "ਛੁਡਾਓ, ਛੁਡਾਓ, ਮੈਨੂੰ ਆਜ਼ਾਦ ਕਰੋ।"

ਲੇਕਿਨ ਕਿਸ ਦੀ ਆਜ਼ਾਦੀ ਲਈ ਇਹ ਦੁਖੀ ਪੁਕਾਰ, ਕਿਥੋਂ ਆਜ਼ਾਦ ਹੋਣ ਲਈ ਇਹ ਆਵਾਜ਼ ਨਿਕਲ ਰਹੀ ਹੈ। ਦੌਲਤ ਦੇ ਐਸ਼ ਦਾ ਠਾਠ-ਬਾਠ ਸਾਡੀਆਂ ਅੱਖਾਂ ਨੂੰ ਚੁੰਧਿਆ ਰਿਹਾ ਹੈ। ਇੱਜ਼ਤਮਈ ਦਰਜੇ ਤੇ ਪਦਵੀ ਦੇ ਨਸ਼ੇ ਵਿਚ ਮਨੁੱਖ ਚੂਰ ਹੈ। ਫਿਰ ਵੀ ਕਿਉਂ ਆਜ਼ਾਦੀ ਹਾਸਲ ਕਰਨ ਦੇ ਲਈ ਮਨੁੱਖ ਦਾ ਦਿਲ ਇਹ ਰੋਣਾ ਰੋ ਰਿਹਾ ਹੈ। ਇਸ ਕੁਰਲਾਟ ਵਿਚ ਉਹ ਕਿਉਂ ਔਖਾ ਹੋ ਰਿਹਾ ਹੈ। ਮਨੁੱਖੀ ਦਿਲ ਦਾ ਇਹ ਫਿਕਰ ਭਰਿਆ ਸੁਆਲ, "ਮੈਂ ਕੌਣ ਹਾਂ? ਕਿਥੋਂ ਆਇਆ, ਕਿਥੇ ਚਲਿਆ?" ਮਨੁੱਖ ਦੇ ਬੌਧਿਕ ਵਿਕਾਸ ਦੇ ਨਾਲ ਨਾਲ ਲਗਾਤਾਰ ਇਹ ਸੁਆਲ ਵਿਚੋਂ ਉਠ ਰਿਹਾ ਹੈ। ਇਹੀ ਪ੍ਰਸ਼ਨ ਬੱਚੇ ਦੀ ਰੋਣ ਦੀ ਵੀ ਆਵਾਜ਼ ਵਿਚੋਂ ਉਠ ਰਿਹਾ ਹੈ ਤੇ ਬੁੱਢੇ ਦੀ ਆਹ ਨੂੰ ਬੇਦਿਲ ਬਣਾ ਰਿਹਾ ਹੈ। ਧਰਤੀ ਦੇ ਟੁਕੜੇ ਟੁਕੜੇ ਹੋਈ ਛਾਤੀ ਤੋਂ ਲਗਾਤਾਰ ਇਹ ਪ੍ਰਸ਼ਨ ਉਠਕੇ ਨੀਲੇ ਅਸਮਾਨ ਨੂੰ ਛੋਹ ਰਿਹਾ ਹੈ। ਕੌਣ ਇਹਦਾ ਜੁਆਬ ਦੇਵੇ? ਮਨੁੱਖ ਦੀ ਇਹ ਦੁਚਿੱਤੀ ਦਾ ਹੱਲ ਕਿਥੋਂ ਮਿਲੇ। ਭਗਤੀ ਦਰਸ਼ਨ ਸ਼ਾਸਤਰਾਂ ਵਿਚ ਇਸਦਾ ਹੱਲ ਕਿਸ ਤਰ੍ਹਾਂ ਲਿਖਿਆ ਹੈ। "ਪਹਿਚਾਣੋ ਆਪਣੇ ਆਪ ਨੂੰ ਪਹਿਚਾਣੋ, ਆਪਣੇ ਅੰਦਰ ਵਿਰਾਜਮਾਨ ਆਨੰਦ ਤਾਕਤ ਦੇ ਰੂਪ ਨੂੰ ਖੋਲ੍ਹੋ। ਤਾਂ ਹੀ ਤੁਹਾਡੀ ਦੁਚਿੱਤੀ ਖਤਮ ਹੋਵੇਗੀ ਤੇ ਤੁਹਾਨੂੰ ਮੁਕਤੀ ਮਿਲੇਗੀ।"

ਫਿਰ ਵੀ ਸੁਭਾਵਕ ਇਹ ਸੁਆਲ ਰਹਿ ਜਾਂਦਾ ਹੈ ਕਿ ਕਿਸੇ ਤਰੀਕੇ ਰਾਹੀਂ ਆਪਣੇ ਵਿਚ ਸੁੱਤੀ ਸਵਰਗੀ ਸ਼ਕਤੀ ਦੇ ਰੂਪ ਦਾ ਪਤਾ ਲਗਾਈਏ। ਵੱਖਰੇ-ਵੱਖਰੇ ਮਹਾਂਪੁਰਖਾਂ ਨੇ ਇਸ ਦੇ



Sri Satguru Jagjit Singh Ji Elibrary NamdhariElibrary@gmail.com

ਲਈ ਕਈ ਰਸਤਿਆਂ ਵੱਲ ਇਸ਼ਾਰਾ ਕੀਤਾ ਹੈ, ਜਿਸ ਤਰ੍ਹਾਂ ਧਿਆਨ ਯੋਗ, ਭਗਤੀ ਯੋਗ ਤੇ ਕਰਮ ਯੋਗ ਆਦਿ। ਇੰਨ੍ਹਾਂ ਵੱਖੋ-ਵੱਖਰੇ ਯੁੱਗਾਂ ਦੇ ਪ੍ਰਚਾਰਕ ਬਣਕੇ ਕਈ ਮਹਾਂਪੁਰਖ ਇਸ ਸੰਸਾਰ ਵਿਚ ਆਏ। ਸ਼ੰਕਰ ਆਚਾਰੀਆਂ ਤੇ ਰਾਮਾਨੁਜ ਜਿਹੇ, ਪੁਰਖਾਂ ਨੇ ਅਵਤਾਰ ਲਿਆ। ਇਸ ਭਾਰਤ ਵਿਚ ਮਹਾਂ ਗੁਰੂ ਚੈਤਨਯਾ ਤੇ ਰਾਮ ਕ੍ਰਿਸ਼ਨ ਜਿਹੇ ਅਵਤਾਰ ਪੁਰਖਾਂ ਦਾ ਜਨਮ ਹੋਇਆ। ਕਰਮਵੀਰ ਸੰਨਿਆਸੀ ਸਵਾਮੀ ਵਿਵੇਕਾ ਨੰਦ ਜਿਹੇ ਜੁਗ ਪੁਰਖ ਵੀ ਪੈਦਾ ਹੋਏ। ਇਹ ਸਾਰੇ ਲੋਕੀਂ ਵੱਖੋ-ਵੱਖ ਰਾਹ ਦੇ ਆਗੂ ਬਣ ਕੇ ਸਾਡੇ ਦਿਲ ਵਿਚੋਂ ਚਲੇ ਗਏ। ਇਨ੍ਹਾਂ ਮਹਾਂਪੁਰਖਾਂ ਦੇ ਪਾਏ ਪੂਰਨਿਆਂ ਦੇ ਅਨੁਸਾਰ ਮਨੁੱਖੀ ਆਪਣੀ ਵਿਤ ਤੇ ਰੁਚੀ ਅਨੁਸਾਰ ਆਪਣਾ ਰਾਹ ਆਪ ਚੁਣ ਲਏ। ਵਿਦਵਾਨਾਂ ਨੇ ਕਿਹਾ ਹੈ, ਦਲੀਲ ਤੇ ਕਥਨ ਰਾਹੀਂ ਪੜਤਾਲ ਕਰਕੇ ਵੇਖੋ ਤੇ ਫਿਰ ਇਸ ਦੇ ਸਹਾਰੇ ਰੋਜ਼ ਬਰੋਜ਼ ਸੱਚ ਝੂਠ ਦਾ ਵਿਸ਼ਲੇਸ਼ਣ ਕਰਦਾ ਹੋਇਆ ਮਨੁੱਖ ਸਵਰਗੀ ਗਿਆਨ ਦੇ ਵੱਲ ਵਧੇ। ਗਿਆਨ ਰਾਹੀਂ ਹੀ ਮਨੁੱਖ ਦੀ ਅੱਖ ਖੁਲ੍ਹੇਗੀ ਤਾਂ ਹੀ ਉਸ ਨੂੰ ਆਪਣੇ ਅੰਦਰ ਛਿਪੇ ਹੋਏ ਗਿਆਨ ਦਾ ਪਤਾ ਲੱਗੇਗਾ। ਨਿੱਜੀ ਮੋਹ ਦੇ ਜਾਲ ਤੋਂ ਉਤਾਂਹ ਉੱਠ ਕੇ ਮਨੁੱਖ ਦੇ ਸਾਹਮਣੇ ਜਦੋਂ ਉਸ ਦੇ ਸੁਨਹਿਰੀ ਗਿਆਨ ਦਾ ਦਰਵਾਜ਼ਾ ਖੁੱਲ੍ਹ ਜਾਏਗਾ ਤਾਂ ਹੀ ਉਸ ਨੂੰ ਮੁਕਤੀ ਮਿਲੇਗੀ।

ਇਨਕਲਾਬੀ ਘੋਲ ਦਾ ਰੂਪ ਰਾਜਨੀਤਕ ਰਿਹਾ ਹੈ ਅਤੇ ਦੇਸ਼ ਵਿਚ ਉਸ ਘੋਲ ਬਾਰੇ ਡੂੰਘੀ ਪ੍ਰਤੀਕਿਰਿਆ ਹੋਈ ਹੈ। ਲੇਕਿਨ ਉਨ੍ਹਾਂ ਇਨਕਲਾਬੀਆਂ ਦੇ ਆਤਮ ਬਲੀਦਾਨ ਦਾ ਮੁੱਲ ਰਾਜਨੀਤਕ ਕਾਂਡ ਦੇ ਰੂਪ ਵਿਚ ਪ੍ਰਗਟ ਦ੍ਰਿਸ਼ਟੀਕੋਣ 'ਤੇ ਪਾਉਣਾ ਠੀਕ ਨਹੀਂ। ਉਹ ਸਿਰਫ ਦੇਸ਼ ਦੇ ਹੋ ਕੇ ਵਿਖਾਈ ਦਿੱਤੇ। ਲੇਕਿਨ ਉਨ੍ਹਾਂ ਦਾ ਅਸਲੀ ਕਰਮਯੋਗੀ ਰੂਪ ਲੋਕਾਂ ਦੀਆਂ ਅੱਖਾਂ ਤੋਂ ਉਹਲੇ ਰਿਹਾ। ਦੇਸ਼ ਦੇ ਸਾਹਮਣੇ ਇਨਕਲਾਬੀਆਂ ਦੇ ਜੀਵਨ ਸੰਬੰਧੀ ਦ੍ਰਿਸ਼ਟੀਕੋਣ ਵਿਚ ਜੋ ਦਾਰਸ਼ਨਿਕ ਪੁੱਠ ਸੀ ਉਸ ਵੱਲੋਂ ਲੋਕ ਬੇਧਿਆਨ ਰਹੇ। ਕਰਮ ਯੋਗੀ ਬਾਗੀਆਂ ਦਾ ਦ੍ਰਿਸ਼ਟੀਕੋਣ ਉਨ੍ਹਾਂ ਦੇ ਆਤਮ ਬਲੀਦਾਨ ਤੋਂ ਉਠੇ ਰਾਜਨੀਤਕ ਰੌਲੇ ਗੌਲੇ ਵਿਚ ਦਬ ਕੇ ਰਹਿ ਗਿਆ। ਇਸ ਨੂੰ ਕਦੀ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਉਹ ਕਿਸ ਤਰ੍ਹਾਂ ਤਿਆਗੀ ਪੁਰਖ ਦੇ ਦਰਜੇ ਤਕ ਪਹੁੰਚੇ। ਮਨੁੱਖ ਕਲਿਆਣ ਦੇ ਵਿਚਾਰ ਤੋਂ ਪ੍ਰੇਰਿਤ ਹੋ ਕੇ, ਉਹ ਆਪਣੇ ਵਿਚਾਰ ਤੇ ਵਿਸ਼ਵਾਸ ਦੀ ਵੇਦੀ ਤੇ ਨਿੱਜੀ ਜੀਵਨ ਤੇ ਜਵਾਨੀ ਦੀ ਕੁਰਬਾਨੀ ਏਨੀ ਸੌਖੀ ਤਰ੍ਹਾਂ ਕਿਵੇਂ ਦੇ ਸਕੇ। ਦੇਸ ਪਿਆਰ ਦੇ ਮੂਲ ਮੰਤਰ ਨੂੰ ਅਪਣਾ ਕੇ ਪੂਰਨ ਵੈਰਾਗੀ ਤਰ੍ਹਾਂ ਆਪਣੇ ਪਿਆਰੇ ਸੰਬੰਧੀਆਂ ਤੋਂ ਸੰਬੰਧ ਤੋੜ ਕੇ ਘਰ ਬਾਰ ਛੱਡਿਆ। ਇਨਕਲਾਬ ਦੇ ਕੰਡਿਆਂ ਭਰੇ ਰਾਹ 'ਤੇ ਚਲਦੇ ਹੋਏ ਸੰਨਿਆਸੀ ਜੀਵਨ ਦੀਆਂ ਮੁਸ਼ਕਲ ਹਾਲਤਾਂ ਨੂੰ ਪਾਰ ਕਰਕੇ ਉਨ੍ਹਾਂ ਦਾ ਮਨ ਸੰਸਾਰਿਕ ਮੋਹਾਂ ਤੋਂ ਮੁਕਤ ਹੋ ਗਿਆ ਉਨ੍ਹਾਂ ਨੇ ਜੀਵਨ ਤੇ ਮੌਤ ਤੋਂ ਬੇਪਰਵਾਹ ਹੋ ਕੇ, ਦੋਨਾਂ ਦੇ ਭੇਤ ਨੂੰ ਭੁੱਲ ਕੇ, ਆਪਣੇ ਆਪ ਨੂੰ ਆਜ਼ਾਦੀ ਦੀ ਵੇਦੀ ਤੇ ਸਿਰ ਵਾਰਨ ਨੂੰ ਪਹਿਲ ਦਿੱਤੀ ਤੇ ਇਸ ਦੇ ਵਿਚ ਹੀ ਆਪਣੇ ਜੀਵਨ ਨੂੰ ਸਮਝਿਆ। ਦਰਸ਼ਨ ਸ਼ਾਸਤਰ ਦੀਆਂ ਕਿਤਾਬਾਂ ਪੜ੍ਹ ਕੇ ਠੀਕ ਤੱਤ ਗਿਆਨ ਕੱਢਣਾ ਉਨ੍ਹਾਂ ਲਈ ਸੌਖਾ ਕੰਮ ਨਹੀਂ ਸੀ। ਪਰ ਬਾਗ਼ੀ ਜੀਵਨ ਵਿਚ ਇਮਤਿਹਾਨ ਦੀ ਘੜੀ, ਬੇ ਖੌਫ਼ ਮੌਤ ਦੀ ਉਡੀਕ ਕਰਦਿਆਂ ਹੋਇਆਂ, ਕਰਮ ਯੋਗ ਦੇ ਰਸਤੇ ਰਾਹੀਂ ਦਰਸ਼ਨ ਸ਼ਾਸਤਰ ਦੇ ਠੀਕ ਤੱਤ ਨਿਚੋੜ ਨੂੰ ਉਨ੍ਹਾਂ ਨੇ ਆਪਣੇ ਜੀਵਨ ਵਿਚ ਅਪਨਾਇਆ।

ਇਸ ਛੋਟੀ ਜਿਹੀ ਜ਼ਿੰਦਗੀ ਵਿਚ ਵਿਅਕਤੀਗਤ ਜੀਵਨ ਦੀ ਤੰਗ ਸੀਮਾ ਦਾ ਉਲੰਘਣ ਕਰ ਕੇ ਉਹ ਸੰਸਾਰ ਦੀ ਮੋਹ ਮਾਇਆ ਤੋਂ ਉਤਾਂਹ ਉਠੇ। ਫ਼ਾਂਸੀ ਦੀ ਸਜ਼ਾ ਤੋਂ ਬਾਅਦ ਸ਼ਹੀਦ ਭਗਤ ਸਿੰਘ ਨੇ ਪੁੱਤਰ ਪਿਆਰ ਨਾਲ ਭਰੇ ਆਪਣੇ ਪਿਤਾ ਸਵਰਗੀ ਸਰਦਾਰ ਕਿਸ਼ਨ ਸਿੰਘ ਨੂੰ ਜੋ ਖ਼ਤ ਲਿਖਿਆ ਸੀ, ਉਹ ਬਾਗ਼ੀ ਦੇ ਆਜ਼ਾਦ ਮਨ ਦਾ ਹੀ ਸਬੂਤ ਹੈ, ਵਿਸ਼ੇ ਵਾਸਨਾ ਤੋਂ ਉਨ੍ਹਾਂ ਦਾ ਬਾਗ਼ੀ ਦਿਲ ਹਮੇਸ਼ਾ ਆਜ਼ਾਦ ਰਿਹਾ। ਉਦੇਸ਼ ਦੀ ਪੂਰਤੀ ਅਤੇ ਉਸ ਕੋਸ਼ਿਸ਼ ਵਿਚ



Sri Satguru Jagjit Singh Ji Elibrary NamdhariElibrary@gmail.com

ਮੌਤ ਦਾ ਪ੍ਰਣ ਲੈ ਕੇ ਉਨ੍ਹਾਂ ਨੇ ਭੁੱਖ, ਤ੍ਰੇਹ, (ਭੁੱਖ ਹੜਤਾਲ ਦੇ ਦਿਨਾਂ ਵਿਚ) ਦੀ ਚਾਹ ਉੱਤੇ ਕਾਬੂ ਕਰ ਵਿਖਾਇਆ। ਭੁੱਖ ਹੜਤਾਲ ਦੇ ਦਿਨਾਂ ਵਿਚ ਅਫਸਰ ਲੋਕਾਂ ਵੱਲੋਂ ਦਿੱਤੇ ਲਾਲਚਾਂ ਨੂੰ ਸਾਹਮਣੇ ਰੱਖ ਕੇ ਆਪਣੀ ਭਾਵਨਾਵਾਂ ਨੂੰ ਵੱਸ ਵਿਚ ਰੱਖਿਆ ! ਉਨ੍ਹਾਂ ਨੇ ਮਨੁੱਖੀ ਦਿਲ ਦੀ ਅਣਗਿਣਤ ਤਾਕਤ ਦਾ ਪਤਾ ਪ੍ਰਾਪਤ ਕੀਤਾ। ਅੰਨ, ਪਾਣੀ ਛੱਡ ਕੇ (ਲੰਮੀ ਭੁੱਖ ਹੜਤਾਲ ਵਿਚ) ਮਨੁੱਖੀ ਦਿਲ ਦੀਆਂ ਸਚਾਈ ਵਾਲੀਆਂ ਭਾਵਨਾਵਾਂ ਹੀ ਮਨੁੱਖੀ ਚੇਤਨਾ ਵਿਚ ਪ੍ਰਫੁੱਲਤ ਹੋ ਕੇ ਉਸ ਨੂੰ ਮਹਾਨ ਤਾਕਤ ਦਾ ਮਾਲਕ ਬਣਾ ਦੇਂਦੀਆਂ ਹਨ। ਲਾਹੌਰ ਸਾਜ਼ਸ਼ ਕੇਸ ਦੇ ਕੈਦੀਆਂ ਰਾਹੀਂ ਕੀਤੀ ਗਈ ਭੁੱਖ ਹੜਤਾਲ ਵਿਚ ਰਾਜਨੀਤਕ ਸਿਧਾਂਤ ਦੀ ਗੱਲ ਜ਼ਰੂਰ ਸੀ। ਉਨ੍ਹਾਂ ਦਿਨਾਂ ਵਿਚ ਦੇਸ਼ ਦੀ ਰਾਜਨੀਤਕ ਹਾਲਤ ਤੇ ਇਨ੍ਹਾਂ ਹੜਤਾਲਾਂ ਦਾ ਡੂੰਘਾ ਅਸਰ ਪਿਆ। ਪਰ ਫਿਰ ਵੀ ਮੌਤ ਦੀ ਉਡੀਕ ਲੈ ਕੇ ਸ਼ੁਰੂ ਕੀਤੀ ਗਈ ਉਸ ਭੁੱਖ ਹੜਤਾਲ ਦਾ ਬਾਗ਼ੀਆਂ ਦੇ ਨਿੱਜੀ ਜੀਵਨ 'ਤੇ ਜੋ ਅਸਰ ਪਿਆ, ਉਹ ਲੋਕਾਂ ਦੀਆਂ ਅੱਖਾਂ ਤੋਂ ਉਹਲੇ ਰਹਿ ਗਿਆ। ਇਹ ਇਤਿਹਾਸਕ ਭੁੱਖ ਹੜਤਾਲ, ਜਿਸ ਨੂੰ ਸਰਦਾਰ ਭਗਤ ਸਿੰਘ ਨੇ ਤੇ ਮੈਂ ਜੂਨ 1929 ਵਿਚ ਸ਼ੁਰੂ ਕੀਤਾ ਸੀ ਅਤੇ ਜਿਸ ਵਿਚ ਜਤਿੰਦਰ ਨਾਥ ਦਾਸ ਵਰਗਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ, ਮੇਰੇ ਨਿੱਜੀ ਜੀਵਨ ਵਿਚ ਇਸ ਅਜੀਬ ਰਸਤੇ ਦੀ ਵੱਖਰੀ ਜਿਹੀ ਤਸਵੀਰ ਰਹੀ। ਇਸ ਭੁੱਖ ਹੜਤਾਲ ਵਿਚ ਅਸਾਂ ਹਰ ਵੇਲੇ ਆਪਣੀ ਭਾਵਨਾਵਾਂ 'ਤੇ ਜਿੱਤ ਪ੍ਰਾਪਤ ਕਰਦੇ ਹੋਏ ਬੇਹੱਦ ਨਿੱਜੀ ਤਾਕਤ ਦਾ ਗਿਆਨ ਹਾਸਲ ਕੀਤਾ। ਸਵਾਮੀ ਵਿਵੇਕਾਨੰਦ ਦੇ ਇਸ ਕਥਨ ਦਾ ਕਿ—"ਉਨ੍ਹਾਂ ਹਾਲਤਾਂ ਵਿਚ, ਜੋ ਤਾਕਤਾਂ ਮਨੁੱਖ ਨੂੰ ਖ਼ਤਮ ਕਰਨ 'ਤੇ ਤੁੱਲ ਜਾਂਦੀਆਂ ਹਨ ਆਪਣੇ ਜੀਵਨ ਦਾ ਤਜਰਬਾ ਹਾਸਲ ਕਰਨਾ ਤੇ ਉਸ ਦਾ ਵਿਕਾਸ ਕਰਨਾ ਹੀ ਮਨੁੱਖੀ ਜੀਵਨ ਦੀ ਅਸਲੀਅਤ ਹੈ।" ਇਹ ਅਸਾਂ ਉਸ ਭੁੱਖ ਹੜਤਾਲ ਵਿਚ ਪ੍ਰਤੱਖ ਰੂਪ ਵਿਚ ਮਹਿਸੂਸ ਕੀਤਾ ਸੀ। ਸਵਰਗੀ ਗਣੇਸ਼ ਵਿਦਿਆਰਥੀ ਜੀ ਨੇ ਇਸ ਵਰਤ ਨੂੰ ਮਨੁੱਖੀਪਣ ਤੇ ਰਾਖਸ਼ਪੁਣੇ ਵਿਚ ਇਕ ਵੱਡੀ ਜੰਗ ਦਾ ਨਾਮ ਦਿੱਤਾ ਸੀ। ਉਨ੍ਹਾਂ ਦਿਨਾਂ ਵਿਚ ਪ੍ਰਤਾਪ ਦੇ ਸੰਪਾਦਕੀ ਨੋਟ ਵਿਚ ਲਿਖਿਆ ਸੀ, "ਭੁੱਖ ਹੜਤਾਲ ਰਾਹੀਂ ਜੋ ਉੱਤਮ ਕੁਰਬਾਨੀ ਦਾ ਯੁੱਗ ਉਨ੍ਹਾਂ ਰਚਾਇਆ ਹੈ ਅਤੇ ਉਸ ਵਿਚ ਜੋ ਅਟੱਲ, ਅਡੋਲ ਅਤੇ ਮੁਕੰਮਲ ਹੌਸਲੇ ਦਾ ਜੋ ਸਬੂਤ ਦਿੱਤਾ ਹੈ, ਉਹ ਸੌ ਸੌ ਵਾਰੀ ਸਲਾਹੁਣਯੋਗ, ਉਦਾਹਰਨਯੋਗ ਅਤੇ ਪੂਜਣਯੋਗ ਹੈ।" ਆਪਣੇ ਉਦੇਸ਼, ਆਪਣੇ ਕੰਮ ਦੇ ਵੱਲ ਪੱਕਾ ਅਤੇ ਅਟੁੱਟ ਵਿਸ਼ਵਾਸ ਹੀ ਇਨਕਲਾਬੀ ਜੀਵਨ ਦਾ ਮੂਲ-ਮੰਤਰ ਸੀ। 1 ਜੂਨ 1929 ਵਿਚ ਅਸੈਂਬਲੀ ਬੰਬ ਕਾਂਡ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਦਾ ਸਵਾਗਤ ਕਰਦੇ ਹੋਏ ਸਾਡੇ (ਮੇਰੇ ਅਤੇ ਭਗਤ ਸਿੰਘ ਦੇ) ਦਿਲਾਂ ਵਿਚੋਂ ਉਸ ਪੱਕੇ ਵਿਸ਼ਵਾਸ ਦੀ ਆਵਾਜ਼ ਨਿਕਲੀ ਸੀ ਕਿ "ਤੁਸੀਂ ਸਾਡੇ ਵਰਗੇ ਨਾ-ਚੀਜ਼ ਆਦਮੀਆਂ ਨੂੰ ਤਾਂ ਖ਼ਤਮ ਕਰ ਸਕਦੇ ਹੋ ਪਰ ਕੌਮ ਖ਼ਤਮ ਨਹੀਂ ਕਰ ਸਕਦੇ।"

"ਇਨਕਲਾਬ-ਜ਼ਿੰਦਾਬਾਦ"

ਸਾਫ਼ ਸੁੱਚੇ ਤੇ ਉੱਚੇ ਜੀਵਨ ਦੀ ਬਾਜ਼ੀ ਲਾ ਕੇ ਆਪਣੇ ਵਿਚਾਰ ਅਤੇ ਦੇਸ਼ ਦੇ ਭਵਿੱਖ ਦੇ ਸੰਬੰਧ ਵਿਚ ਜੋ ਪਵਿੱਤਰ ਨਤੀਜਾ ਸਾਡੇ ਦਿਲਾਂ 'ਚੋਂ ਨਿਕਲਿਆ ਸੀ ਉਹ ਵੇਗ ਭਰਪੂਰ ਬਾਗ਼ੀਆਂ ਦੇ ਜੀਵਨ ਦੀ ਧੁਰੀ ਸੀ। ਇਸ ਲਈ ਆਪਾ ਕੁਰਬਾਨੀ ਦੇ ਰਸਤੇ 'ਤੇ ਚੱਲਣਾ ਸੌਖਾ ਸਿੱਧ ਹੋਇਆ। ਵਿਵੇਕਾ ਨੰਦ ਨੇ ਕਿਹਾ, "ਜਦੋਂ ਵਿਸ਼ਵਾਸ ਖ਼ਤਮ ਹੋ ਜਾਂਦਾ ਹੈ ਤਾਂ ਮਨੁੱਖ ਵੀ ਖ਼ਤਮ ਹੋ ਜਾਂਦਾ ਹੈ। ਵਿਸ਼ਵਾਸ ਨੂੰ ਆਪਣੇ ਵਿਚ ਜੀਉਂਦਾ ਰੱਖੋ ਅਤੇ ਉਸ ਲਈ ਮਰ ਮਿਟਣ ਲਈ ਤਿਆਰ ਹੋਵੋ। ਉਸ ਵਿਸ਼ਵਾਸ ਨਾਲ ਹੀ ਤੁਹਾਡੇ ਵਿਚੋਂ ਅਪਣਾਪਨ ਜਾਏਗਾ।"

ਆਪਾ ਤਿਆਗੀ ਇਨਕਲਾਬੀਆਂ ਦਾ ਦਿਮਾਗ਼ੀ ਗਠਨ ਤੇ ਸੋਚਣਾ ਨਿਸ਼ਕਾਮ ਕਰਮ ਯੋਗ ਦੇ ਸ਼ਬਦਾਂ ਤੇ ਹੀ ਬੱਝਿਆ ਹੋਇਆ ਸੀ। ਇਸ ਲਈ ਔਖਾ ਤਰੀਕਾ ਵੀ ਉਨ੍ਹਾਂ ਲਈ ਕੋਈ



Sri Satguru Jagjit Singh Ji Elibrary NamdhariElibrary@gmail.com

ਅਨਹੋਣਾ ਕੰਮ ਨਹੀਂ ਸੀ। ਮਨੁੱਖ ਜਿਸ ਮੌਤ ਦੇ ਬਾਰੇ ਹਮੇਸ਼ਾ ਭੁਲਿਆ ਰਹਿੰਦਾ ਹੈ, ਉਸੇ ਮੌਤ ਨੂੰ ਹਮੇਸ਼ਾ ਸਾਹਮਣੇ ਰੱਖ ਕੇ ਉਹ ਲੋਕ ਆਪਣੇ ਆਦਰਸ਼ਾਂ ਦੀ ਪ੍ਰਾਪਤੀ ਲਈ ਅੱਗੇ ਵਧੇ। ਮੌਤ ਹਮੇਸ਼ਾ ਹੀ ਉਨ੍ਹਾਂ ਦੇ ਜੀਵਨ 'ਤੇ ਛਾਈ ਰਹੀ। ਉਹਦੀ ਠੰਢੀ ਪੀੜ ਦਾ ਅਨੁਭਵ ਕਰਦੇ ਹੋਏ ਜੀਵਨ ਤੇ ਮੌਤ ਦੇ ਵਿਚਕਾਰਲੇ ਭੇਦ ਨੂੰ ਉਹ ਬਿਲਕੁਲ ਭੁੱਲ ਗਏ। ਮਨੁੱਖ ਜਦੋਂ ਮੌਤ ਦੇ ਬਾਰੇ ਇਸ ਤਰ੍ਹਾਂ ਜਾਗਰਤ ਰਹਿ ਕੇ ਕੰਮ ਕਰਦਾ ਹੈ ਤਾਂ ਕੁਲ ਦਰਸ਼ਨ ਸ਼ਾਸਤਰਾਂ ਦੀ ਨਿਚੋੜ ਨਿਸ਼ਕਾਮ ਕ਼ਰਮ ਦੀ ਭਾਵਨਾ ਉਹਦੇ ਦਿਲ ਵਿਚ ਘਰ ਕਰ ਜਾਂਦੀ ਹੈ।

ਰਾਜਸੀ ਜੀਵਨ ਦੇ ਵੱਖੋ-ਵੱਖ ਪੜਾਵਾਂ ਤੇ ਇਨਕਲਾਬੀਆਂ ਦੇ ਵੱਖੋ-ਵੱਖਰੇ ਵਿਚਾਰ ਆਏ। ਰਾਜਨੀਤਿਕ ਆਜ਼ਾਦੀ ਤੋਂ ਇਨਕਲਾਬ ਅਤੇ ਸਮਾਜਵਾਦੀ ਵਿਚਾਰਧਾਰਾ ਤਕ ਨਿਰਸੰਦੇਹ ਇਨਕਲਾਬੀ ਜਦੋ-ਜਹਿਦ ਦਾ ਰਾਜਨੀਤਿਕ ਸਵਰੂਪ ਹੈ। ਫਿਰ ਵੀ ਇਸ ਅੰਦੋਲਨ ਦੇ ਸ਼ੁਰੂ ਤੋਂ ਆਖ਼ਰ ਤਕ ਬਾਗ਼ੀ ਜੀਵਨ ਵਿਚ ਅਧਿਆਤਮਕ ਸੂਝ ਦੀ ਜਗ੍ਹਾ ਸਭ ਤੋਂ ਪਹਿਲੇ ਰਹੀ।

ਦਰਸ਼ਨ ਸ਼ਾਸਤਰਾਂ ਦੇ ਤੱਤਾਂ ਦੀ ਪ੍ਰਾਪਤੀ ਜਾਂ ਤੇ ਆਲੋਚਨਾ, ਵਿਚਾਰ ਅਤੇ ਗਿਆਨ ਦੇ ਰਸਤੇ ਤੋਂ ਹੁੰਦੀ ਹੈ ਜਾਂ ਨਿਸ਼ਕਾਮ ਕਰਮ ਯੋਗੀ ਦੇ ਰਸਤੇ ਤੋਂ ਗਿਆਨ ਹਾਸਲ ਕਰਨ ਰਾਹੀਂ। ਦਿਮਾਗ਼ੀ ਕਸਰਤ ਦੀ ਥਾਂ ਤੇ ਬਾਗ਼ੀਆਂ ਨੇ ਉਨ੍ਹਾਂ ਤੱਤਾਂ ਨੂੰ ਅਸਲੀ ਜੀਵਨ ਵਿਚ ਮਾਪਿਆ ਜਾਂ ਵੇਖਿਆ। ਉਦੇਸ਼ ਹਾਸਲ ਕਰਨ ਦੇ ਲਈ ਇਕਾਗਰ ਸੋਚ ਹੀ ਉਨ੍ਹਾਂ ਦੇ ਜੀਵਨ ਵਿਚ ਧਿਆਨਮਈ ਰਹੀ। ਆਦਰਸ਼ ਵਿਚ ਪੱਕੇ ਵਿਸ਼ਵਾਸ ਨੇ ਹੀ ਉਨ੍ਹਾਂ ਨੂੰ ਆਤਮਕ ਬਲ ਵਿਚ ਬਹਾਦਰ ਬਣਾਇਆ। ਮੁਸ਼ਕਲ, ਸਰੀਰਕ ਦੁੱਖ ਝੱਲ ਕੇ ਉਨ੍ਹਾਂ ਨੇ ਵਿਹਾਰ ਵਿਚ ਨਿਸ਼ਚਾ ਹਾਸਲ ਕੀਤਾ। ਵਰਤ ਦੀ ਅੱਗ ਵਿਚ ਆਪਣੇ ਸਰੀਰ ਤੇ ਮਨ ਨੂੰ ਝੁਲਸਾਣਾ ਉਨ੍ਹਾਂ ਦੇ ਜੀਵਨ ਵਿਚ ਤਪੱਸਿਆ ਦਾ ਰੂਪ ਹੀ ਸੀ, ਆਪਣੀ ਕੁਰਬਾਨੀ ਉਸ ਅਗਨੀ ਵਿਚ ਪੂਰਨ ਸਵਰੂਪ ਸੀ। ਉਨ੍ਹਾਂ ਦੇ ਇਸ ਤਰ੍ਹਾਂ ਦੇ ਕੰਮ ਨੂੰ ਤੁਸੀਂ ਕਿਸ ਨਾਮ ਨਾਲ ਬੁਲਾਓਗੇ। ਪਤਾ ਨਹੀਂ, ਪਰ ਸਾਡੇ ਕੰਨਾਂ ਵਿਚ ਇਕ ਮਹਾਤਮਾ ਦੇ ਸ਼ਬਦ ਸੁਣਾਈ ਦੇ ਰਹੇ ਹਨ, "ਜੋ ਮਨੁੱਖ ਆਜ਼ਾਦੀ ਦੇ ਲਈ ਬਣਿਆ ਹੈ ਉਸ ਨੂੰ ਆਪਣੀ ਸਭ ਤੋਂ ਪਿਆਰੀ ਚੀਜ਼ ਦੀ ਭੇਟ ਦੇਣੀ ਪੈਂਦੀ ਹੈ।

ਇਨਕਲਾਬੀ ਦਾ ਜੀਵਨ ਹਮੇਸ਼ਾ ਜਿਉਂਦਿਆਂ ਜਾਂ ਸੂਲੀ 'ਤੇ ਚੜ੍ਹਦਿਆਂ ਹੀ ਜੱਗ ਨੇ ਪਹਿਚਾਣਿਆ। ਪ੍ਰਸ਼ੰਸਾ ਦਾ ਸਿਹਰਾ ਉਹਨਾਂ ਦੇ ਸਿਰ 'ਤੇ ਨਹੀਂ ਹੈ। ਇੱਜ਼ਤ ਦੇ ਹਾਰ ਪੈਣ ਦੀ ਥਾਂ ਉਨ੍ਹਾਂ ਦੇ ਗਲੇ ਵਿਚ ਫ਼ਾਂਸੀ ਦੇ ਰੱਸੇ ਹੀ ਪਏ। ਬੇਇਜ਼ਤੀ ਅਤੇ ਪ੍ਰਸ਼ੰਸਾ ਵੱਲੋਂ ਉਹ ਲੋਕ ਬੇਪਰਵਾਹ ਹੀ ਰਹੇ। ਭਾਰਤ ਦੇ ਰਾਜਨੀਤਿਕ ਜੀਵਨ ਵਿਚ ਉਹ ਇਨਕਲਾਬੀ ਕੇਤੂ ਗ੍ਰਹਿ ਦੀ ਤਰ੍ਹਾਂ ਤਾਕਤਵਰ ਹੌਸਲਾ ਲੈ ਕੇ ਬਹੁਤ ਜ਼ੋਰ ਤੇ ਤੇਜ਼ੀ ਨਾਲ ਅੱਗੇ ਵਧੇ। ਆਪਣੇ ਤਿਆਗ ਅਤੇ ਆਤਮ ਬਲੀਦਾਨ ਵਿਚ ਭਿੱਜੇ ਇਹ ਇਨਕਲਾਬੀ ਹਨੇਰੇ ਵਿਚ ਇਸ ਦੇਸ਼ ਨੂੰ, ਆਪਣੇ ਦਿਲ ਵਿਚ ਆਤਮ ਬਲ ਤੇ ਵਿਸ਼ਵਾਸ ਦੀ ਇਕ ਚਮਕਦਾਰ ਦੀਵੇ ਦੀ ਲਾਟ ਨਾਲ ਰੋਸ਼ਨ ਕਰਕੇ, ਫਿਰ ਕਾਲ ਦੇ ਅੰਧਕਾਰ ਵਿਚ ਮਿਲ ਗਏ।

●



Sri Satguru Jagjit Singh Ji Elibrary NamdhariElibrary@gmail.com

## ਪਾਠ—18

# ਹਵਾ ਮੇਂ ਰਹੇਂਗੀ ਮੇਰੇ ਖ਼ਿਆਲ ਕੀ ਬਿਜਲੀਆਂ

[ਇਸ ਅੰਤਲੇ ਪਾਠ ਵਿਚ ; ਪਾਠਕ ਕੁਝ ਬਹੁਤ ਹੀ ਅਹਿਮ ਵਿਚਾਰਧਾਰਕ ਦਸਤਾਵੇਜ਼ ਪੜ੍ਹਨਗੇ। "ਭਗਤ ਸਿੰਘ" ਹੋਣ ਦਾ ਇਕ ਸਾਰ ਹੈ, ਜੋ ਭਗਤ ਸਿੰਘ ਵਿਚਾਰਧਾਰਾ ਹੈ, ਉਸ ਦਾ ਵਿਗਿਆਨਕ ਦ੍ਰਿਸ਼ਟੀਕੋਣ, ਇਤਿਹਾਸਕ ਮਾਦਾ ਪ੍ਰਸਤੀ ਅਤੇ ਹਕੀਕਤ ਨੂੰ ਪਰਖਣ ਢੰਗ। ਭਗਤ ਸਿੰਘ ਦੇ ਤਰੀਕੇ ਵੀ ਕਈ ਕਿਸਮ ਦੇ ਰਹੇ ਹਨ। ਕਦੀ ਪਿਸਤੌਲ ਦਾ ਇਸਤੇਮਾਲ, ਕਦੀ ਬੰਬ ਦਾ ਜ਼ੋਰਦਾਰ ਧਮਾਕਾ ਤੇ ਕਦੀ ਭੁੱਖ ਹੜਤਾਲ ਦਾ ਹਥਿਆਰ। ਭਗਤ ਸਿੰਘ ਨੇ ਦਰਸਾਇਆ ਹੈ ਕਿ ਅਸਲ ਗੱਲ ਉਦੇਸ਼ਾਂ ਦੀ ਸਪੱਸ਼ਟਤਾ ਅਤੇ ਸਾਹਮਣੇ ਖੜੇ ਹਾਲਤਾਂ ਦੀ ਹਕੀਕੀ ਪਕੜ ਹੈ, ਤੁਹਾਡੇ ਦ੍ਰਿੜ੍ਹ ਇਰਾਦੇ ਅਤੇ ਸੋਚ ਦੀ ਸਪੱਸ਼ਟਤਾ ਨਾਲ ਹੀ ਮਾਰਕਸ ਦੀ 'ਇਨਕਲਾਬੀ ਕਰਮ' ਦੀ ਪਰਿਭਾਸ਼ਾ ਨੂੰ ਸਾਕਾਰ ਕੀਤਾ ਜਾ ਸਕਦਾ ਹੈ। ਆਦਮੀ ਦੀ ਕ੍ਰਿਆਸ਼ੀਲਤਾ ਅਤੇ ਦੁਆਲੇ ਦੇ ਹਾਲਾਤ ਦੀ ਤਬਦੀਲੀ ਦੇ ਸੁਮੇਲ ਨੂੰ ਹੀ ਵਿਕਾਸ ਅਤੇ ਸਿਰਫ ਤਰਕਸ਼ੀਲ ਸਮਝ ਵਿਚ ਇਨਕਲਾਬੀ ਕਰਮ ਮੰਨਿਆ ਜਾ ਸਕਦਾ ਹੈ।" ਇਸ ਵਿਗਿਆਨਕ ਸੱਚਾਈ ਦਾ ਸਬੂਤ ਅਸੀਂ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਕੰਮਾਂ ਵਿਚ ਲਭ ਸਕਦੇ ਹਾਂ। ਉਨ੍ਹਾਂ ਦੇ ਇਰਾਦੇ ਇਨਕਲਾਬੀ ਸਨ, ਜਿਹੜੇ ਅੰਗਰੇਜ਼ ਸਾਮਰਾਜ ਲਿਫਾ ਨਾ ਸਕਿਆ, ਉਨ੍ਹਾਂ ਦੇ ਉਦੇਸ਼ ਇਨਕਲਾਬੀ ਸਨ, ਜੋ ਸਮਾਜ ਦੀ ਇਤਿਹਾਸਕ ਹੋਣੀ ਅਤੇ ਮਿਹਨਤੀ ਦੀ ਮੁਕਤੀ ਦੇ ਉਰੇ ਕਿਸੇ ਮੰਜ਼ਲ ਨੂੰ ਸਥਿਰ ਨਹੀਂ ਮੰਨਦੇ ਸੀ, ਉਨ੍ਹਾਂ ਦੇ ਕਾਰਜ ਇਨਕਲਾਬੀ ਸਨ ਕਿਉਂਕਿ ਉਨ੍ਹਾਂ ਦੇ ਹਾਲਾਤਾਂ ਨੂੰ, ਆਜ਼ਾਦੀ ਦੀ ਲਹਿਰ ਦੇ ਅੱਗੇ ਵਧਣ ਲਈ, ਸਾਜ਼ਗਾਰ ਬਣਾਇਆ। ਉਨ੍ਹਾਂ ਨੇ ਤਰਕ ਤੇ ਸਿਰਫ ਤਰਕ ਤੋਂ ਬਗ਼ੈਰ ਹੋਰ ਕਿਸੇ ਚੀਜ਼ ਨੂੰ ਆਪਣੇ ਵਿਚਾਰਾਂ ਦਾ ਆਧਾਰ ਨਾ ਬਣਨ ਦਿੱਤਾ। ਉਨ੍ਹਾਂ ਨੇ ਇਨਸਾਨੀਅਤ ਦੀ ਲੋੜ ਅਤੇ ਇਨਸਾਨੀਅਤ ਨੂੰ ਆਪਣੀ ਪ੍ਰੇਰਣਾ ਦਾ ਸਰੋਤ ਬਣਾਇਆ।

ਪਰ ਭਗਤ ਸਿੰਘ ਦੀ ਆਪਣੀ ਕਸੌਟੀ ਮੁਤਾਬਕ ਇਤਿਹਾਸਕ ਦਸਤਾਵੇਜ਼ ਹਮੇਸ਼ਾ ਬਹੁਤ ਹੀ ਗੌਹ ਅਤੇ ਗਹਿਰੀ ਨਜ਼ਰ ਨਾਲ ਪੜ੍ਹੇ ਜਾਣੇ ਚਾਹੀਦੇ ਹਨ। ਸਮੇਂ ਦੇ ਸੰਦਰਭ ਵਿਚ, ਜਿਸ ਨੂੰ ਸਾਹਮਣੇ ਰੱਖ ਕੇ ਲਿਖੇ ਗਏ ਹਨ, ਦੇਖੇ ਤੇ ਪਰਖੇ ਜਾਣੇ ਚਾਹੀਦੇ ਹਨ। ਕੁਝ ਅਟੱਲ ਇਤਿਹਾਸਕ ਸਚਾਈਆਂ ਹਨ, ਕੁਝ ਅਟੱਲ ਅਸੂਲ ਹਨ ਅਤੇ ਕੁਝ ਬੇਮੁਲੇ ਗੁਣ ਅਤੇ ਇਸ ਦੇ ਇਲਾਵਾ ਕੁਝ ਗੱਲਾਂ ਮੌਕੇ ਨੂੰ ਸਮਝਦੇ ਹੋਏ ਉਸ ਦੀ ਲੋੜ ਪੂਰਤੀ ਨੂੰ ਸਾਹਮਣੇ ਰੱਖ ਕੇ ਲਿਖੀਆਂ ਗਈਆਂ ਹਨ।

ਭਗਤ ਸਿੰਘ ਨੇ ਫਿਰਕਾਪ੍ਰਸਤੀ ਬਾਰੇ, ਧਰਮ ਬਾਰੇ ਅਤੇ ਭਾਰਤੀ ਇਨਕਲਾਬ ਦੀ ਮੰਜ਼ਲ ਬਾਰੇ, ਇਨਕਲਾਬੀ ਗੁਣਾਂ ਬਾਰੇ ਬਹੁਤ ਹੀ ਅਮੁੱਲੇ ਵਿਚਾਰ ਦਿੱਤੇ ਹਨ। ਇਹ ਲਿਖਤਾਂ ਉਸ ਦਾ ਪ੍ਰਮਾਣ ਦੇਣਗੀਆਂ। ਪਰ ਜਿਵੇਂ ਭਗਤ ਸਿੰਘ ਨੇ ਖੁਦ ਕਿਹਾ ਹੈ, ਕਿ "ਸਾਡਾ ਇਕ ਮੰਤਵ ਕੌਮੀ ਲਹਿਰ ਦੇ ਹਥਿਆਰਬੰਦ ਦਸਤੇ ਵਾਂਗ ਕੰਮ ਕਰਨਾ ਸੀ ਅਤੇ ਕੌਮੀ ਲਹਿਰ ਦੇ ਉਦੇਸ਼ਾ ਨੂੰ ਸਪੱਸ਼ਟ ਕਰਨਾ ਸੀ।" ਅਤੇ ਇਸਦੇ ਨਾਲ ਹੀ ਇਹ ਕਿਹਾ ਕਿ "ਜੇ ਤੁਸੀਂ ਸਾਡੇ ਬਾਰੇ ਕੋਈ



Sri Satguru Jagjit Singh Ji Elibrary NamdhariElibrary@gmail.com

ਗਲਤ ਧਾਰਨਾ ਬਣਾਈ ਹੈ ਤਾਂ ਸਾਨੂੰ ਮੁਆਫ਼ ਕਰਨਾ ਅਤੇ ਸਾਡੇ ਵਿਚਾਰਾਂ ਨੂ ਸਾਹਮਣੇ ਰੱਖ ਕੇ ਠੀਕ ਕਰਨ ਦੀ ਖੇਚਲ ਕਰਨਾ।" ਆਸ ਹੈ ਪਾਠਕ ਗਹਿਰਾਈ ਨਾਲ ਇਸ ਪਾਠ ਦਾ ਅਧਿਅਨ ਕਰਨਗੇ। —ਸੰਪਾਦਕ]

* * *

## 100. ਮੈਂ ਨਾਸਤਕ ਕਿਉਂ ਹਾਂ ?

*—5, 6 ਅਕਤੂਬਰ 1930*

[4 ਅਕਤੂਬਰ, 1930 ਨੂੰ ਭਾਈ ਸਾਹਿਬ ਭਾਈ ਰਣਧੀਰ ਸਿਘ, ਜੋ ਗਦਰ ਪਾਰਟੀ ਦੇ ਨਾਲ ਸੰਪਰਕ ਕਰਕੇ ਉਮਰ ਕੈਦ ਭੋਗ ਕੇ ਰਿਹਾਅ ਹੋਏ ਸਨ। ਰਿਹਾਈ ਤੋਂ ਪਹਿਲਾਂ ਉਹਨਾਂ ਦੀ ਭਗਤ ਸਿੰਘ ਨਾਲ ਮੁਲਾਕਾਤ ਹੋਈ। ਮੁਲਾਕਾਤ ਕਰਵਾਉਣ ਵਿਚ ਗਦਰੀ ਬਾਬੇ ਹਰਨਾਮ ਸਿੰਘ ਕਾਲਾ ਸੰਘਿਆਂ ਮਦਦਗਾਰ ਸਨ। ਲੇਖ ਦੇ ਸ਼ੁਰੂ ਵਿਚ ਦੋਸਤਾਂ ਦਾ ਜ਼ਿਕਰ ਇਹਨਾਂ ਬਾਰੇ ਹੀ ਹੈ। ਮੁਲਾਕਾਤ ਤੋਂ ਪਹਿਲਾਂ ਵੀ ਕੁਝ ਤਰਕ ਭਗਤ ਸਿੰਘ ਤੇ ਭਾਈ ਰਣਧੀਰ ਸਿੰਘ ਵਿਚ ਹੋਇਆ ਸੀ। ਇਹਨਾਂ ਗਦਰੀ ਬਾਬਿਆਂ ਦੇ ਸੁਝਾਅ ਉੱਤੇ ਸ਼ਹੀਦ ਭਗਤ ਸਿੰਘ ਨੇ ਭਾਈ ਸਾਹਿਬ ਨਾਲ ਮੁਲਾਕਾਤ ਕਰਨ ਦੀ ਹਾਂ ਕੀਤੀ। ਪਰ ਭਾਈ ਸਾਹਿਬ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਕਿਉਂਕਿ ਭਗਤ ਸਿੰਘ ਨੇ ਕੇਸ ਕਤਲ ਕਰਵਾਏ ਹੋਏ ਹਨ ਉਹ ਨਹੀਂ ਮਿਲਣਗੇ। ਇਸ ਦੇ ਜਵਾਬ ਵਿਚ ਭਗਤ ਸਿੰਘ ਨੇ ਇਕ ਚਿੱਠੀ ਲਿਖ ਕੇ ਭੇਜੀ ਕਿ, "ਮੈਂ ਸਿੱਖੀ ਦੀ ਬੰਦ-ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ ਦੇਸ਼ ਲਈ, ਜਲਦੀ ਹੀ ਗਰਦਨ ਵੀ ਕਟਾਵਾਂਗਾ। ਇਕ ਸਿੱਖ ਦੀ ਤੰਗ ਨਜ਼ਰੀ ਤੇ ਤੰਗ ਦਿਲੀ ਦਾ ਗਿਲਾ ਜ਼ਰੂਰ ਰਹੇਗਾ।" ਇਸ ਤੋਂ ਬਾਅਦ ਭਾਈ ਸਾਹਿਬ ਮੁਲਾਕਾਤ ਲਈ ਆਏ। ਇਕ ਵਾਰ ਇਸ ਵਿਸ਼ੇ 'ਤੇ ਬਾਬਾ ਸੋਹਣ ਸਿੰਘ ਭਕਨਾ ਨਾਲ ਗੱਲ ਕਰਦੇ ਭਗਤ ਸਿੰਘ ਨੇ ਕਿਹਾ ਸੀ ਕਿ, "ਸਾਡੇ ਪੁਰਾਣੇ ਵਿਰਸੇ ਦੇ ਦੋ ਪੱਖ ਹੁੰਦੇ ਹਨ, ਇਕ ਸਭਿਆਚਾਰਕ ਅਤੇ ਦੂਸਰਾ ਮਿਥਿਹਾਸਕ। ਮੈਂ ਸਭਿਆਚਾਰਕ ਗੁਣਾਂ ਨੂੰ ਜਿਵੇਂ ਕਿ ਨਿਸ਼ਕਾਮ ਦੇਸ਼ ਸੇਵਾ, ਕੁਰਬਾਨੀ, ਅਕੀਦੇ ਤੇ ਅਟੱਲ ਰਹਿਣ ਨੂੰ ਪੂਰੀ ਸਚਾਈ ਨਾਲ ਅਪਣਾ ਕੇ ਅੱਗੇ ਵਧਾਉਣ ਦੀ ਕੋਸ਼ਿਸ਼ ਵਿਚ ਹਾਂ, ਪਰ ਮਿਥਹਾਸਕ ਵਿਚਾਰ, ਜੋ ਪੁਰਾਣੇ ਸਮੇਂ ਦੀ ਸਮਝ ਮੁਤਾਬਕ ਹਨ, ਨੂੰ ਉਵੇਂ ਦੇ ਉਵੇਂ ਮੰਨਣ ਲਈ ਬਿਲਕੁਲ ਤਿਆਰ ਨਹੀਂ ਹਾਂ ਕਿਉਂਕਿ ਵਿਗਿਆਨ ਨੇ ਗਿਆਨ ਵਿਚ ਬਹੁਤ ਵਾਧਾ ਕੀਤਾ ਹੈ ਅਤੇ ਵਿਗਿਆਨਕ ਵਿਚਾਰ ਅਪਨਾਇਆਂ ਹੀ ਭਵਿੱਖ ਦੇ ਮਸਲੇ ਹੱਲ ਕਰ ਸਕਦੇ ਹਨ।" ਭਾਵੇਂ ਕਿ ਫਿਰਕੂ ਤੱਤਾਂ ਵਲੋਂ ਕਾਫ਼ੀ ਕੋਸ਼ਿਸ਼ ਹੋਈ ਹੈ ਕਿ ਭਗਤ ਸਿੰਘ ਦੇ ਵਿਚਾਰਾਂ ਨੂੰ ਲੋਕਾਂ ਵਿਚ ਗੰਧਲਾਇਆ ਜਾਵੇ ਅਤੇ ਇਹ ਸਿੱਧ ਕੀਤਾ ਜਾਵੇ ਕਿ ਉਸ ਨੇ ਆਖਰੀ ਸਮੇਂ ਆਪਣੇ ਵਿਚਾਰ ਬਦਲ ਲਏ ਸਨ। ਪਰ ਇਹ ਦਸਤਾਵੇਜ਼ ਜਿੱਥੇ ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਦੇ ਰੂਪ ਵਿਚ ਹੈ ਉੱਥੇ ਭਗਤ ਸਿੰਘ ਦੀ ਆਪਣੇ ਵਿਚਾਰ ਵਿਕਾਸ ਦੀ ਸਵੈ ਪੜਚੋਲ ਤੇ ਵਿਚਾਰਾਂ ਦੀ ਠੋਸਤਾ ਦਾ ਇਕ ਅਹਿਮ ਪ੍ਰਮਾਣ ਵੀ ਹੈ। ਅੰਤਿਕਾ (ੳ) ਵਿਚ, ਭਗਤ ਸਿੰਘ ਦੇ ਵਿਚਾਰਾਂ ਬਾਰੇ ਭੁਲੇਖਾ ਕਿਉਂ ?, ਦਾ ਇਕ ਪ੍ਰਮਾਣਿਕ ਲੇਖ, ਵਜੋਂ ਪੇਸ਼ ਹੈ। —ਸੰਪਾਦਕ]

ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ : ਕੀ ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਸਰਬ ਹਿਤਕਾਰੀ ਰੱਬ ਦੀ ਹੋਂਦ ਵਿਚ ਮੇਰੀ ਅਵਿਸ਼ਵਾਸ ਮੇਰੇ ਅਹੰਕਾਰ ਕਰਕੇ ਹੈ ? ਮੈਨੂੰ ਕਦੇ ਚਿੱਤ-ਚੇਤਾ ਵੀ ਨਹੀਂ ਸੀ ਕਿ ਮੈਨੂੰ ਕਿਸੇ ਵੇਲੇ ਇਹੋ ਜੇਹੀ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ। ਆਪਣੇ ਕੁਝ ਦੋਸਤਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤਾਂ (ਜੋ ਦੋਸਤੀ



Sri Satguru Jagjit Singh Ji Elibrary NamdhariElibrary@gmail.com

ਦਾ ਇਹ ਦਾਅਵਾ ਗ਼ਲਤ ਨਾ ਹੋਵੇ) ਨੇ ਮੇਰੇ ਨਾਲ ਥੋੜ੍ਹੇ ਜਿਹੇ ਮੇਲਜੋਲ ਮਗਰੋਂ (ਭਾਈ ਰਣਧੀਰ ਸਿੰਘ ਵਲ ਇਸ਼ਾਰਾ) ਹੀ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਅਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ ਦਾ ਕਾਰਨ ਹੈ। ਫਿਰ ਵੀ ਸਮੱਸਿਆ ਤਾਂ ਗੰਭੀਰ ਹੀ ਹੈ। ਇਨ੍ਹਾਂ ਇਨਸਾਨੀ ਵਤੀਰਿਆਂ ਤੋਂ ਉਪਰ ਹੋਣ ਦਾ ਮੈਂ ਦਾਅਵਾ ਨਹੀਂ ਕਰਦਾ। ਮੈਂ ਵੀ ਆਖਰ ਇਨਸਾਨ ਹਾਂ, ਇਸ ਤੋਂ ਵੱਧ ਕੁੱਝ ਨਹੀਂ ਹੈ। ਤੇ ਨਾ ਹੀ ਕੋਈ ਇਸ ਤੋਂ ਵੱਧ ਹੋਣ ਦਾ ਦਾਅਵਾ ਕਰ ਸਕਦਾ ਹੈ। ਮੇਰੇ ਵਿਚ ਵੀ ਇਕ ਕਮਜ਼ੋਰੀ ਹੈ। ਅਹੰਕਾਰ (vanity) ਮੇਰੇ ਸੁਭਾਅ ਦਾ ਵੀ ਅੰਗ ਹੈ। ਮੈਂ ਆਪਣੇ ਸਾਥੀਆਂ ਵਿਚ ਤਾਨਾਸ਼ਾਹ ਕਰਕੇ ਜਾਣਿਆ ਜਾਂਦਾ ਸਾਂ। ਇਥੋਂ ਤੱਕ ਕਿ ਮੇਰਾ ਦੋਸਤ ਬੀ.ਕੇ. ਦੱਤ ਕਦੀ ਕਦੀ ਤੈਨੂੰ ਤਾਨਾਸ਼ਾਹ ਕਹਿੰਦਾ ਹੁੰਦਾ ਸੀ। ਕਈ ਮੌਕਿਆਂ ਉੱਤੇ ਮੈਨੂੰ ਹੈਂਕੜਬਾਜ਼ ਵੀ ਕਿਹਾ ਗਿਆ। ਕੁਝ ਦੋਸਤ ਪੂਰੀ ਗੰਭੀਰਤਾ ਨਾਲ ਮੇਰੇ ਉੱਤੇ ਦੋਸ਼ ਲਾਉਂਦੇ ਰਹੇ ਕਿ ਮੈਂ ਦੂਜਿਆਂ 'ਤੇ ਆਪਣੀ ਰਾਏ ਮੜ੍ਹਦਾ ਹਾਂ ਅਤੇ ਆਪਣੀ ਗੱਲ ਮੰਨਵਾ ਲੈਂਦਾ ਹਾਂ। ਮੈਂ ਇਨਕਾਰ ਨਹੀਂ ਕਰਦਾ ਕਿ ਇਹ ਗੱਲ ਕਿਸੇ ਹੱਦ ਤੱਕ ਸਹੀ ਹੈ। ਇਸ ਅਹੰਵਾਦ (egotism) ਵੀ ਕਿਹਾ ਜਾ ਸਕਦਾ ਹੈ। ਜਿੱਥੋਂ ਤੱਕ ਸਮਾਜ ਦੀਆਂ ਰੂੜ੍ਹੀਵਾਦੀ ਰਵਾਇਤਾਂ ਦੇ ਵਿਰੋਧ ਦਾ ਸਵਾਲ ਹੈ, ਮੈਂ ਅਹੰਕਾਰੀ ਹਾਂ, ਪਰ ਇਹ ਜ਼ਾਤੀ ਗੱਲ ਨਹੀਂ। ਇਹ ਆਪਣੇ ਵਿਚਾਰਾਂ 'ਤੇ ਮਾਣ ਵਾਲੀ ਗੱਲ ਹੈ, ਇਸ ਨੂੰ ਅਹੰਕਾਰ ਨਹੀਂ ਕਿਹਾ ਜਾ ਸਕਦਾ। ਅਭਿਮਾਨ, ਜਾਂ ਕਹਿ ਲਓ ਅਹੰਕਾਰ ਕਿਸੇ ਮਨੁੱਖ ਵਿਚ ਲੋੜੋਂ ਵੱਧ ਆਪਣੇ ਆਪ ਮਾਣ ਦਾ ਪ੍ਰਗਟਾਵਾ ਹੁੰਦਾ ਹੈ। ਕੀ ਮੈਂ ਬੇਲੋੜੇ ਮਾਣ ਕਰਕੇ ਨਾਸਤਕ ਬਣਿਆ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਕ ਬਣਿਆ ਹਾਂ ?—ਇਹ ਸਵਾਲ ਹੈ, ਜਿਸ ਬਾਰੇ ਮੈਂ ਇਥੇ ਚਰਚਾ ਕਰਨਾ ਚਾਹੁੰਦਾ ਹਾਂ, ਸਭ ਤੋਂ ਪਹਿਲੇ ਇਹ ਨਬੇੜਾ ਕਰ ਲਈਏ ਕਿ ਅਭਿਮਾਨ (egotism) ਤੇ ਅਹੰਕਾਰ (vanity) ਦੋ ਅਲੱਗ-ਅਲੱਗ ਗੱਲਾਂ ਹੁੰਦੀਆਂ ਹਨ।

ਮੈਨੂੰ ਇਸ ਗੱਲ ਦੀ ਹੁਣ ਤੱਕ ਸਮਝ ਨਹੀਂ ਆਈ ਕਿ ਬੇਲੋੜਾ ਮਾਣ ਜਾਂ ਫੋਕਾ ਅਭਿਮਾਨ ਮਨੁੱਖ ਲਈ ਆਸਤਕਤਾ ਦੇ ਰਾਹ ਦਾ ਰੋੜਾ ਕਿਵੇਂ ਬਣ ਸਕਦੇ ਹਨ। ਮੈਂ ਕਿਸੇ ਸੱਚੀ-ਮੁੱਚੀ ਦੇ ਮਹਾਨ ਵਿਅਕਤੀ ਦੀ ਮਹਾਨਤਾ ਤੋਂ ਮੁਨਕਰ ਹੋ ਸਕਦਾ ਹਾਂ, ਬਸ਼ਰਤਿ ਕਿ ਮੈਨੂੰ ਐਵੇਂ ਰਾਹ ਜਾਂਦੇ ਹੀ ਸ਼ੁਹਰਤ ਹੱਥ ਲੱਗ ਗਈ ਹੋਵੇ ਜਾਂ ਮਹਾਨ ਹੋਣ ਲਈ ਸੱਚੀ-ਮੁੱਚੀ ਲੋੜੀਂਦੇ ਗੁਣ ਹੀ ਮੇਰੇ ਵਿਚ ਨਾ ਹੋਣ। ਇਹ ਗੱਲ ਸਮਝ ਪੈਂਦੀ ਹੈ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਆਸਤਕ ਆਪਣੇ ਅਹੰਕਾਰ ਕਰਕੇ ਨਾਸਤਕ ਹੋ ਜਾਵੇ। ਸਿਰਫ ਦੋ ਗੱਲਾਂ ਹੋ ਸਕਦੀਆਂ ਹਨ : ਜਾਂ ਤਾਂ ਮਨੁੱਖ ਖ਼ੁਦ ਨੂੰ ਖ਼ੁਦਾ ਦਾ ਰਕੀਬ ਸਮਝਣਾ ਸ਼ੁਰੂ ਕਰ ਦੇ ਜਾਂ ਫਿਰ ਖ਼ੁਦ ਹੀ ਖ਼ੁਦਾ ਬਣ ਬੈਠੇ। ਦੋਹਾਂ ਹਾਲਤਾਂ ਵਿਚ ਉਹ ਸਹੀ ਨਾਸਤਕ ਨਹੀਂ ਹੋ ਸਕਦਾ। ਪਹਿਲੀ ਸੂਰਤ ਵਿਚ ਉਹ ਰਕੀਬ ਦੀ ਹੋਂਦ ਤੋਂ ਮੁਨਕਰ ਨਹੀਂ ਹੁੰਦਾ। ਦੂਸਰੀ ਸੂਰਤ ਵਿਚ ਵੀ ਉਹ ਸੁਚੇਤ ਸਤਾ (Being) ਦੀ ਹੋਂਦ ਨੂੰ ਮੰਨਦਾ ਹੈ, ਜੋ ਪਰਦੇ ਪਿੱਛਿਉਂ ਸਾਰੀ ਪ੍ਰਕ੍ਰਿਤੀ ਨੂੰ ਚਲਾ ਰਹੀ ਹੈ। ਇਸ ਦੀ ਸਾਡੇ ਲਈ ਕੋਈ ਅਹਿਮੀਅਤ ਨਹੀਂ ਕਿ ਉਹ ਖ਼ੁਦ ਨੂੰ ਖ਼ੁਦਾ ਸਮਝਦਾ ਹੈ ਜਾਂ ਖ਼ੁਦਾ ਨੂੰ ਖ਼ੁਦ ਤੋਂ ਅਲੱਗ ਕੋਈ ਪਰਮ-ਸਤਾ ਮੰਨਦਾ ਹੈ। ਅਸਲ ਨੁਕਤਾ ਇਹ ਹੈ। ਦੋਹਾਂ ਹਾਲਤਾਂ ਵਿਚ ਉਹਦਾ ਰੱਬ ਵਿਚ ਵਿਸ਼ਵਾਸ ਕਾਇਮ ਰਹਿੰਦਾ ਹੈ। ਉਹ ਕਿਸੇ ਤਰ੍ਹਾਂ ਵੀ ਨਾਸਤਕ ਨਹੀਂ। ਇਹੋ ਮੈਂ ਆਖਣਾ ਚਾਹੁੰਦਾ ਹਾਂ। ਮੈਂ ਉਪਰਲੀਆਂ ਦੋਹਾਂ ਕਿਸਮਾਂ ਵਿਚ ਨਹੀਂ ਆਉਂਦਾ। ਮੈਂ ਤਾਂ ਕਿਸੇ ਵੀ ਸਰਬ ਸ਼ਕਤੀਮਾਨ ਜਾਂ ਸਰਵੋਪਰੀ-ਸਤਾ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹਾਂ। ਇੰਜ ਕਿਉਂ ਹੈ, ਮੈਂ ਇਹਦੇ ਬਾਰੇ ਅੱਗੇ ਚੱਲ ਕੇ ਵਿਚਾਰ-ਚਰਚਾ ਕਰਾਂਗਾ। ਇਥੇ ਮੈਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਅਹੰਕਾਰ ਕਰਕੇ ਨਾਸਤਕਤਾ ਦੇ ਸਿਧਾਂਤ ਦਾ ਧਾਰਨੀ ਨਹੀਂ ਹੋਇਆ। ਨਾ ਤਾਂ ਮੈਂ ਖ਼ੁਦਾ ਦਾ ਰਕੀਬ ਹਾਂ, ਨਾ ਕੋਈ ਰੱਬੀ ਅਵਤਾਰ ਤੇ ਨਾ ਹੀ ਆਪ ਪ੍ਰਮਾਤਮਾ ਹਾਂ। ਇਕ ਗੱਲ ਤਾਂ



Sri Satguru Jagjit Singh Ji Elibrary NamdhariElibrary@gmail.com

ਪੱਕੀ ਹੈ ਕਿ ਅਹੰਕਾਰ ਕਾਰਨ ਮੈਂ ਇਹ ਸੋਚਣੀ ਨਹੀਂ ਅਪਣਾਈ। ਇਸ ਇਲਜ਼ਾਮ ਦਾ ਜਵਾਬ ਦੇਣ ਲਈ ਮੈਂ ਤੱਥ ਬਿਆਨ ਕਰਦਾ ਹਾਂ। ਮੇਰੇ ਦੋਸਤ ਕਹਿੰਦੇ ਹਨ ਕਿ ਦਿੱਲੀ ਬੰਬ ਤੇ ਲਾਹੌਰ ਸਾਜ਼ਸ਼ ਕੇਸਾਂ ਦੌਰਾਨ ਮੈਨੂੰ ਜਿਹੜੀ ਬੇਲੋੜੀ ਸ਼ੁਹਰਤ ਮਿਲੀ, ਉਸ ਕਾਰਨ ਮੇਰੇ ਵਿਚ ਫੋਕੀ ਸ਼ਾਨ ਆ ਗਈ ਹੈ। ਆਓ, ਆਪਾਂ ਦੇਖੀਏ ਕਿ ਉਨ੍ਹਾਂ ਦੇ ਕਥਨ ਕਿਥੋਂ ਤਕ ਠੀਕ ਹਨ। ਪਿੱਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਨ ਮੈਂ ਨਾਸਤਕ ਨਹੀਂ ਹੋਇਆ, ਮੈਂ ਤਾਂ ਓਦੋਂ ਹੀ ਰੱਬ ਨੂੰ ਮੰਨਣੋਂ ਹਟ ਗਿਆ ਸੀ, ਜਦ ਮੈਂ ਨਾਮਾਲੂਮ ਨੌਜਵਾਨ ਸੀ, ਜਦ ਮੇਰੇ ਉਪਰੋਕਤ ਦੋਸਤ ਰੱਬ ਦੀ ਹੋਂਦ ਤੋਂ ਸੁਚੇਤ ਵੀ ਨਹੀਂ ਸਨ। ਘੱਟੋ ਘੱਟ ਕਾਲਜ ਦਾ ਕੋਈ ਵਿਦਿਆਰਥੀ ਏਨਾ ਅਭਿਮਾਨੀ ਨਹੀਂ ਹੋ ਸਕਦਾ ਕਿ ਉਹ ਨਾਸਤਕ ਹੋ ਜਾਏ। ਭਾਵੇਂ ਕੁਝ ਪ੍ਰੋਫੈਸਰ ਮੈਨੂੰ ਪਸੰਦ ਕਰਦੇ ਸਨ ਤੇ ਕੁਝ ਨਾ ਪਸੰਦ, ਪਰ ਮੈਂ ਕਦੇ ਵੀ ਮਿਹਨਤੀ ਮੁੰਡਾ ਨਹੀਂ ਸੀ। ਅਹੰਕਾਰ ਵਰਗੇ ਵਿਚਾਰ ਰੱਖਣ ਦਾ ਮੈਨੂੰ ਕੋਈ ਮੌਕਾ ਨਹੀਂ ਮਿਲਿਆ ਸੀ। ਮੈਂ ਬਹੁਤ ਸੰਗਾਊ ਸੁਭਾਅ ਵਾਲਾ ਤੇ ਭਵਿੱਖ ਬਾਰੇ ਉਲਝਿਆ ਰਹਿਣ ਵਾਲਾ ਮੁੰਡਾ ਸੀ ਤੇ ਉਨ੍ਹਾਂ ਦਿਨਾਂ ਵਿਚ ਮੈਂ ਪੱਕਾ ਨਾਸਤਕ ਨਹੀਂ ਸੀ। ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾ ਕੇ ਲਾਹੌਰ ਦੇ ਡੀ.ਏ.ਵੀ. ਸਕੂਲ ਵਿਚ ਦਾਖਲ ਹੋ ਗਿਆ ਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ ਇਕ ਸਾਲ ਰਿਹਾ। ਉਥੇ ਸਵੇਰ ਤੇ ਤ੍ਰਿਕਾਲ ਸੰਧਿਆਂ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ-ਬੱਧੀ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਸੀ। ਮੈਂ ਉਨ੍ਹਾਂ ਦਿਨਾਂ ਵਿਚ ਪੱਕਾ ਸ਼ਰਧਾਲੂ ਸੀ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ। ਪਰ ਉਹ ਨਾਸਤਕ ਨਹੀਂ ਸਨ। ਉਨ੍ਹਾਂ ਦਾ ਰੱਬ ਇਕ ਪੱਕਾ ਅਕੀਦਾ ਸੀ, ਮੈਨੂੰ ਉਹ ਹਰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ। ਸੋ ਮੇਰੀ ਪਰਵਰਿਸ਼ ਇਸ ਢੰਗ ਨਾਲ ਹੋਈ। ਨਾਮਿਲਵਰਤਨ ਦੇ ਦਿਨਾਂ ਦੌਰਾਨ ਮੈਂ ਨੈਸ਼ਨਲ ਕਾਲਜ ਵਿਚ ਦਾਖਲ ਹੋ ਗਿਆ। ਉਥੇ ਹੀ ਮੈਂ ਸਾਰੀਆਂ ਧਾਰਮਕ ਸਮੱਸਿਆਵਾਂ ਬਾਰੇ, ਇਥੋਂ ਤੱਕ ਕਿ ਰੱਬ ਬਾਰੇ ਵੀ ਖੁੱਲ੍ਹੇ ਤੌਰ 'ਤੇ ਸੋਚਣਾ ਤੇ ਇਨ੍ਹਾਂ ਬਾਰੇ ਵਿਚਾਰ-ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਪਰ ਮੇਰਾ ਉਦੋਂ ਵੀ ਰੱਬ ਵਿਚ ਪੱਕਾ ਵਿਸ਼ਵਾਸ ਸੀ। ਓਦੋਂ ਮੈਂ ਦਾੜ੍ਹੀ-ਕੇਸ ਰੱਖ ਲਏ ਸੀ, ਪਰ ਤਾਂ ਵੀ ਮੈਂ ਸਿੱਖੀ ਦੇ ਮਿਥਿਹਾਸ ਜਾਂ ਸਿਧਾਂਤ ਜਾਂ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਾ ਕਰ ਸਕਿਆ ਪਰ ਰੱਬ ਦੀ ਹੋਂਦ ਵਿਚ ਮੇਰਾ ਪੱਕਾ ਵਿਸ਼ਵਾਸ ਸੀ।

ਫੇਰ ਮੈਂ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋ ਗਿਆ। ਮੈਂ ਜਿਸ ਪਹਿਲੇ ਆਗੂ ਨੂੰ ਮਿਲਿਆ, ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਹੌਸਲਾ ਤਕ ਨਹੀਂ ਕਰ ਸਕਦਾ ਸੀ, ਭਾਵੇਂ ਉਹ ਇਹਦੇ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ, ਮੈਂ ਉਹਦੇ ਕੋਲੋਂ ਰੱਬ ਬਾਰੇ ਵਾਰ-ਵਾਰ ਪੁੱਛਣਾ ਤਾਂ ਉਨ੍ਹੇ ਆਖ ਛੱਡਣਾ : "ਜਦ ਤੇਰਾ ਦਿਲ ਕਰੇ, ਰੱਬ ਨੂੰ ਧਿਆ ਲਿਆ ਕਰ।" ਨਾਸਤਕਤਾ ਦੇ ਸਿਧਾਂਤ ਨੂੰ ਮੰਨਣ ਲਈ ਜੋ ਹੌਸਲਾ ਚਾਹੀਦਾ ਹੈ, ਇਹ ਉਹ ਹੌਸਲੇ ਤੋਂ ਬਿਨਾਂ ਨਾਸਤਕਤਾ ਹੈ। ਮੈਂ ਜਿਸ ਦੂਜੇ ਆਗੂ ਨੂੰ ਮਿਲਿਆ, ਉਹਦਾ ਰੱਬ ਵਿਚ ਪੱਕਾ ਵਿਸ਼ਵਾਸ ਸੀ। ਮੈਂ ਤੁਹਾਨੂੰ ਉਹਦਾ ਨਾਂ ਦੱਸਦਾਂ—ਮਾਣਯੋਗ ਕਾਮਰੇਡ ਸਚੀਂਦਰ ਨਾਥ ਸਾਨਿਆਲ, ਜੋ ਹੁਣ ਕਰਾਚੀ ਸਾਜ਼ਸ਼ ਕੇਸ ਦੇ ਸੰਬੰਧ ਵਿਚ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾਂ ਦੀ ਪ੍ਰਸਿੱਧ ਤੇ ਇਕੋ ਇਕ ਕਿਤਾਬ ਬੰਦੀ ਜੀਵਨ ਵਿਚ ਪਹਿਲੇ ਸਫ਼ੇ ਤੋਂ ਹੀ ਰੱਬ ਦੀ ਸ਼ਾਨ ਦੀ ਜ਼ੋਰਦਾਰ ਮਹਿਮਾ ਗਾਈ ਗਈ ਹੈ। ਇਸ ਖ਼ੂਬਸੂਰਤ ਕਿਤਾਬ ਦੇ ਦੂਜੇ ਭਾਗ ਦੇ ਆਖ਼ਰੀ ਸਫ਼ੇ ਵਿਚ ਉਹਦੀ ਵੇਦਾਂਤਵਾਦ ਕਾਰਨ ਰੱਬ ਦੀ ਅਧਿਆਤਮਕ ਮਹਿਮਾ ਉਨ੍ਹਾਂ ਦੇ ਵਿਚਾਰਾਂ ਦਾ ਸਾਰ ਹੈ।



Sri Satguru Jagjit Singh Ji Elibrary NamdhariElibrary@gmail.com

ਇਸਤਗਾਸੇ ਦੀ ਕਹਾਣੀ ਮੁਤਾਬਕ ਜੋ ਇਨਕਲਾਬੀ ਪਰਚਾ 28 ਜਨਵਰੀ 1925 ਨੂੰ ਹਿੰਦੋਸਤਾਨ ਭਰ ਵਿਚ ਵੰਡਿਆ ਗਿਆ ਸੀ, ਉਹ ਇਨ੍ਹਾਂ ਦੇ ਦਿਮਾਗ ਦਾ ਸਿੱਟਾ ਸੀ। ਜਿਵੇਂ ਹੁੰਦਾ ਹੀ ਹੈ ਕਿ ਗੁਪਤ ਸਰਗਰਮੀ ਵਿਚ ਕੋਈ ਉੱਘਾ ਆਗੂ ਆਪਣੇ ਵਿਚਾਰ ਪ੍ਰਗਟਾਉਂਦਾ ਹੈ, ਜੋ ਕਿ ਉਹਨੂੰ ਬੜੇ ਪਿਆਰੇ ਹੁੰਦੇ ਹਨ ਅਤੇ ਦੂਜੇ ਕਾਰਕੁੰਨਾਂ ਨੂੰ ਮਤਭੇਦਾਂ ਦੇ ਬਾਵਜੂਦ ਉਨ੍ਹਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਣੀ ਪੈਂਦੀ ਹੈ।

ਉਸ ਪਰਚੇ ਵਿਚ ਇਕ ਪੂਰਾ ਪੈਰਾ ਸਰਵੇਸ਼ਰ ਤੇ ਉਹਦੀਆਂ ਲੀਲਾਵਾਂ ਬਾਰੇ ਸੀ। ਇਹ ਰਹੱਸਵਾਦ ਹੈ। ਮੈਂ ਆਖਣਾ ਇਹ ਚਾਹੁੰਦਾ ਹਾਂ ਕਿ ਓਦੋਂ ਇਨਕਲਾਬੀ ਪਾਰਟੀ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਵਿਚਾਰ ਪੈਦਾ ਵੀ ਨਹੀਂ ਹੋਇਆ ਸੀ। ਕਾਕੋਰੀ ਦੇ ਉਘੇ ਚਾਰ ਸ਼ਹੀਦਾਂ ਨੇ ਆਪਣਾ ਅੰਤਿਮ ਦਿਨ ਪ੍ਰਾਰਥਨਾ/ਦੁਆ ਕਰਦਿਆਂ ਲੰਘਾਇਆ ਸੀ। ਰਾਮ ਪ੍ਰਸ਼ਾਦ ਬਿਸਮਿਲ ਪੱਕੇ ਆਰੀਆ ਸਮਾਜੀ ਸਨ। ਸਮਾਜਵਾਦ ਤੇ ਸਾਮਵਾਦ ਦੇ ਖੇਤਰ ਵਿਚ ਆਪਣੇ ਡੂੰਘੇ ਅਧਿਅਨ ਦੇ ਬਾਵਜੂਦ ਰਾਜਨ ਲਾਹਿੜੀ ਕੋਲੋਂ ਉਪਨਿਸ਼ਦਾਂ ਦੇ ਮੰਤਰ ਉਚਾਰਨ ਤੇ ਗੀਤਾ ਦਾ ਪਾਠ ਕਰਨ ਤੋਂ ਰਿਹਾ ਨਾ ਗਿਆ। ਉਹਨਾਂ ਸਾਰਿਆਂ ਵਿਚ ਮੈਂ ਇਕੋ ਬੰਦਾ ਦੇਖਿਆ ਸੀ, ਜਿਨ੍ਹੇ ਕਦੇ ਵੀ ਪ੍ਰਾਰਥਨਾ ਨਹੀਂ ਕੀਤੀ ਸੀ ਤੇ ਉਹ ਕਿਹਾ ਕਰਦਾ ਸੀ, "(ਧਾਰਮਕ) ਫ਼ਲਸਫ਼ਾ ਮਨੁੱਖੀ ਕਮਜ਼ੋਰੀ ਜਾਂ ਸੀਮਤ ਗਿਆਨ ਦਾ ਸਿੱਟਾ ਹੈ।" ਇਹ ਬੰਦਾ ਵੀ ਉਮਰ ਕੈਦ ਭੁਗਤ ਰਿਹਾ ਹੈ। ਪਰ ਇਹਨੂੰ ਵੀ ਕਦੇ ਆਖਣ ਦੀ ਹਿੰਮਤ ਨਾ ਪਈ ਕਿ ਰੱਬ ਨਹੀਂ ਹੈ।

ਉਸ ਅਰਸੇ ਤਕ ਮੈਂ ਸਿਰਫ਼ ਰੋਮਾਂਟਕ ਵਿਚਾਰਵਾਦੀ ਇਨਕਲਾਬੀ ਸੀ। ਉਦੋਂ ਤਕ ਤਾਂ ਅਸੀਂ ਸਿਰਫ ਅਨੁਆਈ ਹੀ ਸਾਂ। ਫੇਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਨ ਇਹਦੀ ਹੋਂਦ ਹੀ ਖ਼ਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ—ਨਹੀਂ ਸਗੋਂ ਆਗੂ ਵੀ—ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫ਼ਲਤਾ ਦਾ ਯਕੀਨ ਹੋ ਜਾਏਗਾ। ਇਹ ਮੇਰੇ ਇਨਕਲਾਬੀ-ਜੀਵਨ (ਕੈਰੀਅਰ) ਵਿਚ ਆਇਆ ਵੱਡਾ ਮੋੜ ਸੀ। "ਅਧਿਅਨ ਕਰਨ" ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਅਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ ! ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ 'ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਰਹੱਸਵਾਦ ਵਾਸਤੇ ਅੰਧ-ਵਿਸ਼ਵਾਸ ਵਾਸਤੇ ਕੋਈ ਥਾਂ ਨਾ ਰਹੀ। ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ। ਸਖ਼ਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ-ਤਰੀਕਿਆਂ ਬਾਰੇ ਕਾਫ਼ੀ ਆਖ ਚੁਕਾ ਹਾਂ। ਸਭ ਤੋਂ ਅਹਿਮ ਇਹ ਗੱਲ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ, ਉਹਦਾ ਸਪੱਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ। ਕਿਉਂਕਿ ਐਕਸ਼ਨ ਵਜੋਂ ਕੋਈ ਖਾਸ ਸਰਗਰਮੀਆਂ ਨਹੀਂ ਹੋ ਰਹੀਆਂ, ਇਸ ਲਈ ਮੈਨੂੰ ਸੰਸਾਰ ਇਨਕਲਾਬ ਦੇ ਵੱਖ-ਵੱਖ ਆਦਰਸ਼ਾਂ ਦੇ ਅਧਿਅਨ ਵਾਸਤੇ ਕਾਫੀ ਮੌਕਾ ਮਿਲ ਗਿਆ। ਮੈਂ ਅਰਾਜਕਤਾਵਾਦੀ ਆਗੂ ਬਾਕੂਨਿਨ ਨੂੰ ਪੜ੍ਹਿਆ। ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਲੈਨਿਨ, ਟਰਾਟਸਕੀ ਤੇ ਆਪਣੇ ਦੇਸ਼ਾਂ ਵਿਚ ਸਫ਼ਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ। ਇਹ ਸਾਰੇ ਨਾਸਤਕ ਸਨ। ਬਾਕੂਨਿਨ ਦੀ ਕਿਤਾਬ "ਗੌਡ ਐਂਡ ਸਟੇਟ" (ਰੱਬ



Sri Satguru Jagjit Singh Ji Elibrary NamdhariElibrary@gmail.com

ਤੇ ਰਿਆਸਤ) ਭਾਵੇਂ ਅਧੂਰੀ-ਜਿਹੀ ਹੈ, ਪਰ ਇਹ ਇਸ ਵਿਸ਼ੇ ਦਾ ਦਿਲਚਸਪ ਅਧਿਅਨ ਹੈ। ਇਸ ਤੋਂ ਮਗਰੋਂ ਮੈਨੂੰ ਨਿਰਲੰਬਾ ਸਵਾਮੀ ਦੀ ਲਿਖੀ ਕਿਤਾਬ "ਕਾਮਨ ਸੈਂਸ" (ਸਾਧਾਰਨ ਵਿਗਿਆਨ) ਹੱਥ ਲੱਗੀ। ਇਸ ਕਿਤਾਬ ਵਿਚ ਅਧਿਆਤਮਕ ਨਾਸਤਕਵਾਦ ਸੀ। ਇਸ ਵਿਸ਼ੇ ਵਿਚ ਮੇਰੀ ਬਹੁਤ ਜ਼ਿਆਦਾ ਦਿਲਚਸਪੀ ਹੋ ਗਈ। 1926 ਦੇ ਅਖ਼ੀਰ ਤਕ ਮੇਰਾ ਇਹ ਵਿਸ਼ਵਾਸ ਪੱਕਾ ਹੋ ਚੁਕਾ ਸੀ ਕਿ ਬ੍ਰਹਮੰਡ ਦੇ ਸਿਰਜਨ, ਪਾਲਣਹਾਰ ਤੇ ਸਰਬ ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ। ਮੈਂ ਇਸ ਵਿਸ਼ੇ ਬਾਰੇ ਆਪਣੇ ਦੋਸਤਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਮੈਂ ਐਲਾਨੀਆ ਨਾਸਤਕ ਹੋ ਚੁਕਾ ਸੀ। ਨਾਸਤਕ ਹੋਣ ਦਾ ਅਰਥ ਮੈਂ ਹੇਠਾਂ ਬਿਆਨ ਕਰਦਾ ਹਾਂ।

ਮਈ 1927 ਵਿਚ ਮੈਂ ਲਾਹੌਰ ਵਿਚ ਗ੍ਰਿਫ਼ਤਾਰ ਹੋਇਆ। ਮੇਰੀ ਗ੍ਰਿਫ਼ਤਾਰੀ ਮੇਰੇ ਲਈ ਬੜੀ ਹੈਰਾਨੀ ਵਾਲੀ ਗੱਲ ਸੀ। ਮੈਨੂੰ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਿਸ ਮੇਰੇ ਪਿੱਛੇ ਲੱਗੀ ਹੋਈ ਹੈ। ਜਦ ਮੈਂ ਕਿਸੇ ਬਾਗ ਵਿਚ ਦੀ ਲੰਘ ਰਿਹਾ ਸੀ ਤਾਂ ਅਚਾਨਕ ਮੈਂ ਕੀ ਦੇਖਿਆ ਕਿ ਪੁਲਿਸ ਨੇ ਮੈਨੂੰ ਘੇਰਿਆ ਹੋਇਆ ਸੀ। ਮੈਂ ਉਦੋਂ ਬਹੁਤ ਤਹੱਮਲ ਨਾਲ ਪੇਸ਼ ਆਇਆ ਸੀ। ਮੈਨੂੰ ਕੋਈ ਘਬਰਾਹਟ ਨਾ ਹੋਈ ਤੇ ਨਾ ਹੀ ਮੈਂ ਉਤੇਜਿਤ ਹੋਇਆ। ਮੈਨੂੰ ਪੁਲਿਸ ਹਿਰਾਸਤ ਵਿਚ ਲਿਆ ਗਿਆ। ਅਗਲੇ ਦਿਨ ਉਹ ਮੈਨੂੰ ਰੇਲਵੇ ਪੁਲਿਸ ਜੇਲ੍ਹ ਵਿਚ ਲੈ ਗਏ ਜਿਥੇ ਮੈਂ ਪੂਰਾ ਮਹੀਨਾ ਕੱਟਿਆ। ਪੁਲਿਸ ਅਫ਼ਸਰਾਂ ਨਾਲ ਕਿੰਨੇ ਦਿਨਾਂ ਦੀ ਗੱਲਬਾਤ ਮਗਰੋਂ ਮੈਂ ਅੰਦਾਜ਼ਾ ਲਾਇਆ ਕਿ ਉਨ੍ਹਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸੰਬੰਧਾਂ ਬਾਰੇ ਤੇ ਇਨਕਲਾਬੀ ਲਹਿਰ ਨਾਲ ਸੰਬੰਧਤ ਮੇਰੀਆਂ ਹੋਰ ਸਰਗਰਮੀਆਂ ਬਾਰੇ ਕੁਝ ਜਾਣਕਾਰੀ ਹੈ। ਉਨ੍ਹਾਂ ਨੇ ਮੈਨੂੰ ਦਸਿਆ ਕਿ (ਕਾਕੋਰੀ) ਮੁਕੱਦਮੇ ਦੀ ਸਮਾਇਤ ਦੌਰਾਨ ਮੈਂ ਲਖਨਊ ਵਿਚ ਸੀ ਕਿ ਮੈਂ ਉਨ੍ਹਾਂ ਨਾਲ (ਕਾਕੋਰੀ ਮੁਲਜ਼ਮ-ਅਨੁ) ਉਨ੍ਹਾਂ ਨੂੰ ਫਰਾਰ ਕਰਨ ਦੀ ਕੋਈ ਵਿਉਂਤ ਬਣਾਈ ਸੀ ਅਤੇ ਉਨ੍ਹਾਂ ਦੀ ਮਨਜ਼ੂਰੀ ਮਿਲਣ ਮਗਰੋਂ ਅਸੀਂ ਕੁਝ ਬੰਬ ਇਕੱਠੇ ਕੀਤੇ ਸਨ ਅਤੇ ਇਹ ਕਿ ਅਜ਼ਮਾਇਸ਼ ਵਾਸਤੇ ਉਨ੍ਹਾਂ ਵਿਚੋਂ ਇਕ ਬੰਬ 1926 ਦੇ ਦੁਸਹਿਰੇ ਦੇ ਮੌਕੇ ਉੱਤੇ ਭੀੜ ਵਿਚ ਸੁੱਟਿਆ ਸੀ। ਉਨ੍ਹਾਂ ਨੇ ਮੇਰੇ ਹਿੱਤ ਵਾਸਤੇ ਮੈਨੂੰ ਇਹ ਵੀ ਦਸਿਆ ਕਿ ਜੇ ਮੈਂ ਇਨਕਲਾਬੀ ਪਾਰਟੀ ਦੀਆਂ ਸਰਗਰਮੀਆਂ ਬਾਰੇ ਕੋਈ ਬਿਆਨ ਦੇਵਾਂ ਤਾਂ ਮੈਨੂੰ ਕੈਦ ਨਹੀਂ ਹੋਏਗੀ। ਸਗੋਂ ਉਹ ਮੈਨੂੰ ਰਿਹਾਅ ਕਰ ਦੇਣਗੇ ਤੇ ਇਨਾਮ ਦੇਣਗੇ ਤੇ ਮੈਨੂੰ ਅਦਾਲਤ ਵਿਚ ਵਾਅਦਾ ਮੁਆਫ ਵਜੋਂ ਪੇਸ਼ ਨਹੀਂ ਕਰਨਗੇ। ਮੈਂ ਉਨ੍ਹਾਂ ਦੀ ਇਸ ਤਜਵੀਜ਼ ਉੱਤੇ ਹੱਸ ਛੱਡਿਆ। ਇਹ ਸਰਾਸਰ ਧੋਖਾ ਸੀ। ਸਾਡੇ ਵਿਚਾਰਾਂ ਵਾਲੇ ਲੋਕ ਕਦੇ ਵੀ ਆਪਣੇ ਮਾਸੂਮ ਲੋਕਾਂ ਉੱਤੇ ਬੰਬ ਨਹੀਂ ਸੁੱਟਦੇ। ਇਕ ਦਿਨ ਸਵੇਰੇ ਮਿਸਟਰ ਨੀਊਮੈਨ ਮੇਰੇ ਕੋਲ ਆਇਆ, ਜੋ ਉਨ੍ਹੀਂ ਦਿਨੀਂ ਸੀ.ਆਈ.ਡੀ. ਦਾ ਸੀਨੀਅਰ ਸੁਪਰਡੈਂਟ ਹੁੰਦਾ ਸੀ। ਉਹਨੇ ਮੇਰੇ ਨਾਲ ਲੰਮੀ ਚੌੜੀ ਹਮਦਰਦ ਗੱਲਬਾਤ ਮਗਰੋਂ ਆਪਣੇ ਚਿੱਤੋਂ ਮੈਨੂੰ ਬੜੀ ਮਾੜੀ ਖ਼ਬਰ ਦਿੱਤੀ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਮੁਤਾਬਕ ਕੋਈ ਬਿਆਨ ਨਾ ਦਿੱਤਾ, ਤਾਂ ਉਹ ਮੇਰੇ ਉਤੇ ਕਾਕੋਰੀ ਮੁਕੱਦਮੇ ਦੇ ਸੰਬੰਧ ਵਿਚ ਜੰਗ ਛੇੜਨ ਦੀ ਸਾਜ਼ਸ਼ ਅਤੇ ਦੁਸਹਿਰਾ ਬੰਬ ਸਾਕੇ ਦੇ ਵਹਿਸ਼ੀ ਕਾਤਲਾਂ ਦਾ ਮੁਕੱਦਮਾ ਚਲਾਉਣ ਲਈ ਮਜਬੂਰ ਹੋਣਗੇ। ਫੇਰ ਉਹ ਮੈਨੂੰ ਆਖਣ ਲੱਗਾ ਕਿ ਮੈਨੂੰ ਸਜ਼ਾ ਦਿਵਾਉਣ 'ਤੇ ਫਾਹੇ ਲਾਉਣ ਲਈ ਉਨ੍ਹਾਂ ਕੋਲ ਗਵਾਹੀ ਮੌਜੂਦ ਹੈ। ਉਨ੍ਹੀਂ ਦਿਨੀਂ ਮੇਰਾ ਵਿਸ਼ਵਾਸ ਸੀ—ਭਾਵੇਂ ਮੈਂ ਬਿਲਕੁਲ ਮਾਸੂਮ ਸੀ—ਕਿ ਪੁਲਿਸ ਜੋ ਦਾਅਵੇ ਕਰ ਸਕਦੀ ਹੈ। ਉਹ ਕਰ ਸਕਦੀ ਹੈ। ਉਸੇ ਦਿਨ ਕੁਝ ਪੁਲਿਸ ਅਫ਼ਸਰ ਦੋਵੇਂ ਵੇਲੇ ਰੱਬ ਦਾ ਨਾਂ ਲੈਣ ਲਈ ਮੈਨੂੰ ਪ੍ਰੇਰਣ ਲੱਗ ਪਏ। ਮੈਂ ਤਾਂ ਨਾਸਤਕ ਸੀ। ਮੈਂ ਆਪਣੇ ਆਪ ਨਾਲ ਫੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਅਮਨ

1. ਮਿਖ਼ਾਇਲ ਅਲੈਜ਼ ਬਾਕੂਨਿਨ (1814-1876) ਰੂਸੀ ਇਨਕਲਾਬੀ, ਲੇਖਕ
2. ਲਿਓਨ ਟਰਾਟਸਕੀ (1879-1940) ਅਕਤੂਬਰ ਇਨਕਲਾਬ ਦਾ ਇਕ ਆਗੂ



Sri Satguru Jagjit Singh Ji Elibrary NamdhariElibrary@gmail.com

ਚੈਨ ਤੇ ਖੁਸ਼ੀ ਦੇ ਦਿਨਾਂ ਵਿਚ ਨਾਸਤਕ ਹੋਣ ਦੀ ਫੜ ਮਾਰ ਸਕਦਾ ਹਾਂ ਜਾਂ ਇਹੋ ਜਿਹੀ ਔਖੀ ਘੜੀ ਵਿਚ ਵੀ ਮੈਂ ਆਪਣੇ ਅਸੂਲਾਂ ਉਤੇ ਸਾਬਤ ਕਦਮ ਰਹਿ ਸਕਦਾ ਹਾਂ ਜਾਂ ਨਹੀਂ ਬੜੀ ਸੋਚ-ਵਿਚਾਰ ਵਿਚ ਬੜੀ ਸੋਚ-ਵਿਚਾਰ ਮਗਰੋਂ ਫੈਸਲਾ ਕੀਤਾ ਕਿ ਮੈਂ ਰੱਬ ਵਿਚ ਯਕੀਨ ਨਹੀਂ ਕਰ ਸਕਦਾ ਤੇ ਨਾ ਹੀ ਅਰਦਾਸ ਕਰ ਸਕਦਾ ਹਾਂ ਮੈਂ ਕਦੇ ਵੀ ਅਰਦਾਸ ਨਾ ਕੀਤੀ। ਇਹ ਪਰਖ ਦੀ ਘੜੀ ਸੀ ਤੇ ਮੈਂ ਇਸ ਪਰਖ ਵਿਚ ਕਾਮਯਾਬ ਰਿਹਾ। ਮੈਂ ਕਦੇ ਇਕ ਪਲ ਵੀ ਕਿਸੇ ਵੀ ਕੀਮਤ ਉੱਤੇ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ ਸੀ। ਸੋ ਮੈਂ ਪੱਕਾ ਨਾਸਤਕ ਸੀ ਤੇ ਉਦੋਂ ਤੋਂ ਲੈ ਕੇ ਹੁਣ ਤਕ ਹਾਂ। ਉਸ ਅਜ਼ਮਾਇਸ਼ ਵਿਚ ਪੂਰਾ ਉਤਰਣਾ ਕੋਈ ਸੌਖੀ ਗੱਲ ਨਹੀਂ ਸੀ। 'ਵਿਸ਼ਵਾਸ' ਮੁਸ਼ਕਿਲਾਂ ਨੂੰ ਘੱਟ ਕਰ ਦੇਂਦਾ ਹੈ, ਇਥੋਂ ਤਕ ਕਿ ਉਹਨਾਂ ਨੂੰ ਖ਼ੁਸ਼ਗਵਾਰ ਬਣਾ ਦਿੰਦਾ ਹਾਂ। ਬੰਦਾ ਰੱਬ ਵਿਚ ਧਰਵਾਸ ਤੇ ਆਸਰੇ ਦਾ ਬਹੁਤ ਜ਼ੋਰਦਾਰ ਅਹਿਸਾਸ ਲੱਭ ਸਕਦਾ ਹੈ। 'ਉਹਦੇ' ਤੋਂ ਬਿਨਾਂ ਮਨੁੱਖ ਨੂੰ ਆਪਣੇ ਆਪ ਉਤੇ ਨਿਰਭਰ ਹੋਣਾ ਪੈਂਦਾ ਹੈ। ਝੱਖੜ-ਝਾਂਜਿਆਂ ਤੇ ਤੂਫਾਨਾਂ ਵਿਚ ਸਾਬਤ-ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ। ਇਹੋ ਜਿਹੀਆਂ ਅਜ਼ਮਾਇਸ਼ੀ ਘੜੀਆਂ ਵਿਚ ਕਿਸੇ ਵਿਚ ਕੋਈ ਹਉਮੈ ਬਚੀ ਹੋਈ ਹੋਵੇ ਤਾਂ ਉਹ ਕਾਫ਼ਰ ਹੋ ਜਾਂਦੀ ਹੈ ਅਤੇ ਮਨੁੱਖ ਆਮ ਵਿਸ਼ਵਾਸਾਂ ਨੂੰ ਉਲੰਘਣ ਦੀ ਹਿੰਮਤ ਤਕ ਨਹੀਂ ਕਰ ਸਕਦਾ। ਜੇ ਉਹ ਹਿੰਮਤ ਕਰਦਾ ਹੈ, ਤਾਂ ਸਾਨੂੰ ਇਹ ਕਹਿਣਾ ਪਏਗਾ ਕਿ ਉਸ ਵਿਚ ਨਿਜੀ ਹਉਮੈ ਨਾਲੋਂ ਹੋਰ ਕੋਈ ਤਾਕਤ ਵੀ ਹੁੰਦੀ ਹੋਣੀ ਹੈ। ਹੁਣ ਬਿਲਕੁਲ ਇਹੀ ਹਾਲਤ ਹੈ। ਪਹਿਲਾਂ ਹੀ ਚੰਗੀ ਤਰ੍ਹਾਂ ਪਤਾ ਹੈ ਕਿ (ਸਾਡੇ ਮੁਕੱਦਮੇ ਦਾ) ਕੀ ਫੈਸਲਾ ਹੋਏਗਾ। ਹਫ਼ਤੇ ਦੇ ਵਿਚ-ਵਿਚ ਫ਼ੈਸਲਾ ਸੁਣਾ ਦਿੱਤਾ ਜਾਏਗਾ। ਮੈਂ ਆਪਣੀ ਜ਼ਿੰਦਗੀ ਆਦਰਸ਼ ਖ਼ਾਤਰ ਕੁਰਬਾਨ ਕਰ ਦੇਣੀ ਹੈ, ਇਸ ਵਿਚਾਰ ਤੋਂ ਬਿਨਾਂ ਮੇਰਾ ਹੋਰ ਕਿਹੜਾ ਧਰਵਾਸ ਹੈ ? ਕਿਸੇ ਆਸਤਕ ਹਿੰਦੂ ਨੂੰ ਤਾਂ ਦੂਜੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ, ਕੋਈ ਮੁਸਲਮਾਨ ਜਾਂ ਈਸਾਈ ਤਾਂ ਆਪਣੀਆਂ ਮੁਸ਼ਕਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋ ਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗੱਲ ਵਿਚ ਫ਼ਾਂਸੀ ਦਾ ਫ਼ੰਦਾ ਪਾ ਦਿੱਤਾ ਜਾਏਗਾ ਤੇ ਮੇਰੇ ਪੈਰਾਂ ਹੇਠੋਂ ਤਖ਼ਤੇ ਖੋਲ੍ਹ ਦਿਤੇ ਗਏ, ਤਾਂ ਉਹ ਮੇਰਾ ਆਖਰੀ ਪਲ ਹੋਏਗਾ। ਮੇਰਾ ਜਾਂ ਮਿਥਿਹਾਸਿਕ ਸ਼ਬਦਾਵਲੀ ਵਿਚ ਆਖੀਏ ਤਾਂ, ਮੇਰੀ ਆਤਮਾ ਦਾ ਬਿਲਕੁਲ ਖ਼ਾਤਮਾ ਹੋ ਜਾਏਗਾ। ਇਸ ਪਲ ਮਗਰੋਂ ਕੁਝ ਵੀ ਨਹੀਂ ਹੋਏਗਾ। ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜਦੋ-ਜਹਿਦ ਭਰੀ ਮੁਖ਼ਤਸਰ ਜ਼ਿੰਦਗੀ ਹੀ ਆਪਣੇ ਆਪ ਵਿਚ (ਮੇਰਾ) ਇਨਾਮ ਹੋਏਗਾ। ਇਸ ਤੋਂ ਵੱਧ ਕੁਝ ਨਹੀਂ। ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖ਼ੁਦਗ਼ਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁਖ ਝਾਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਜਿਹੜੇ ਇਸ ਬਗੈਰ ਹੋਰ ਕਿਸੇ ਚੀਜ਼ ਤੇ ਜੀਵਨ ਨਹੀਂ ਲਗਾ ਸਕਦੇ। ਉਸ ਦਿਨ ਤੋਂ ਮੁਕਤੀ ਦਾ ਯੁੱਗ ਸ਼ੁਰੂ ਹੋਵੇਗਾ। ਉਹ ਦਮਨਕਾਰੀਆਂ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗੱਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿਚ ਜਾਂ ਮੌਤ ਮਗਰੋਂ ਬਹਿਸ਼ਤ ਵਿਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਵੇਗਾ, ਸਗੋਂ ਮਨੁੱਖਤਾ ਦੀ ਧੌਣ ਤੋਂ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਅਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇਕੋ ਇਕ ਸ਼ਾਨਦਾਰ ਮਾਰਗ ਉਤੇ ਚਲਣਗੇ। ਕੀ ਆਪਣੇ ਸੱਚੇ ਆਦਰਸ਼ ਵਿਚ ਉਨ੍ਹਾਂ ਦੇ ਮਾਣ ਨੂੰ ਅਹੰਕਾਰ ਕਿਹਾ ਜਾ ਸਕਦਾ ਹੈ ? ਇਹੋ ਜਿਹੀ ਘ੍ਰਿਣਤ ਬਿਆਨੀ ਕਰਨ ਦੀ ਕੌਣ



Sri Satguru Jagjit Singh Ji Elibrary NamdhariElibrary@gmail.com

ਜੁਰਅਤ ਕਰ ਸਕਦਾ ਹੈ ? ਇਹੋ ਜਿਹੇ ਬੰਦੇ ਨੂੰ ਮੈਂ ਮੂਰਖ ਜਾਂ ਪਾਖੰਡੀ ਆਖਾਂਗਾ। ਚਲੋ ਆਪਾਂ ਇਸ ਨੂੰ ਮੁਆਫ਼ ਕਰ ਦਿੰਦੇ ਹਾਂ, ਕਿਉਂਕਿ ਉਹ ਸੁਚੇ ਆਦਰਸ਼ ਵਾਲੇ ਦਿਲ ਦੇ ਜਜ਼ਬੇ, ਭਾਵਨਾ ਤੇ ਅਹਿਸਾਸ ਨੂੰ ਜਾਣ ਨਹੀਂ ਸਕਦਾ। ਉਹਦਾ ਦਿਲ ਮਾਸ ਦਾ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਕਮਜ਼ੋਰ ਹੈ, ਕਿਉਂਕਿ ਹੋਰ ਗਰਜ਼ਾਂ ਦੀਆਂ ਬੁਰਾਈਆਂ ਦਾ ਉਨ੍ਹਾਂ ਉਤੇ ਪਰਦਾ ਪਿਆ ਹੋਇਆ ਹੈ। ਸਵੈ-ਵਿਸ਼ਵਾਸ ਨੂੰ ਅਹੰਕਾਰ ਸਮਝਿਆ ਜਾ ਸਕਦਾ ਹੈ। ਇਹ ਅਫਸੋਸਨਾਕ ਤੇ ਤਰਸਯੋਗ ਗੱਲ ਹੈ, ਪਰ ਇਹਦਾ ਕੋਈ ਚਾਰਾ ਨਹੀਂ।

ਤੁਸੀਂ ਪ੍ਰਚਲਿੰਤ ਵਿਸ਼ਵਾਸ ਦਾ ਵਿਰੋਧ ਕਰ ਕੇ ਦੇਖ ਲਓ, ਤੁਸੀਂ ਨਿਹਕਲੰਕ ਅਵਤਾਰ ਸਮਝੇ ਜਾਂਦੇ ਕਿਸੇ ਨਾਇਕ, ਕਿਸੇ ਮਹਾਨ ਪੁਰਖ ਦੀ ਨੁਕਤਾਚੀਨੀ ਕਰ ਕੇ ਦੇਖ ਲਓ, ਤਾਂ ਤੁਹਾਡੀ ਦਲੀਲ ਦਾ ਜਵਾਬ ਤੁਹਾਨੂੰ ਘੁਮੰਡੀ-ਅਹੰਕਾਰੀ ਆਖ ਕੇ ਦਿੱਤਾ ਜਾਵੇਗਾ। ਇਹਦਾ ਕਾਰਨ ਮਾਨਸਿਕ ਖ਼ੜੋਤ ਹੈ। ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ। ਕਿਉਂਕਿ ਮਹਾਤਮਾ ਜੀ ਮਹਾਨ ਹਨ, ਇਸ ਲਈ ਕੋਈ ਉਨ੍ਹਾਂ ਦੀ ਆਲੋਚਨਾ ਨਾ ਕਰੇ, ਕਿਉਂਕਿ ਉਹ ਉਪਰ ਉਠ ਚੁਕੇ ਹਨ। ਇਸ ਲਈ ਉਹ ਰਾਜਨੀਤੀ ਜਾਂ ਧਰਮ, ਆਰਥਿਕਤਾ ਜਾਂ ਸਦਾਚਾਰ ਬਾਰੇ ਕੁਝ ਵੀ ਕਹਿੰਦੇ ਹਨ, ਤਾਂ ਉਹ ਸਹੀ ਹੁੰਦਾ ਹੈ। ਤੁਸੀਂ ਮੰਨਦੇ ਹੋ, ਭਾਵੇਂ ਨਹੀਂ ਮੰਨਦੇ, ਤੁਹਾਨੂੰ ਇਹ ਜ਼ਰੂਰ ਕਹਿਣਾ ਪਏਗਾ, "ਹਾਂ ਇਹ ਗੱਲ ਠੀਕ ਹੈ।" ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵੱਲ ਨਹੀਂ ਲਿਜਾਂਦੀ ਸਗੋਂ ਇਹ ਤਾਂ ਸਪੱਸ਼ਟ ਤੌਰ ਤੇ ਪ੍ਰਤੀਗਾਮੀ (ਮਾਨਸਿਕਤਾ) ਹੈ।

ਕਿਉਂਕਿ ਸਾਡੇ ਵੱਡੇ-ਵਡੇਰਿਆਂ ਨੇ ਕਿਸੇ ਸਰਬ ਸ਼ਕਤੀਮਾਨ ਪਰਮਾਤਮਾ ਵਿਚ ਵਿਸ਼ਵਾਸ ਬਣਾ ਲਿਆ ਸੀ। ਇਸ ਲਈ ਕੋਈ ਵੀ ਬੰਦਾ, ਜਿਹੜਾ ਉਸ ਵਿਸ਼ਵਾਸ ਜਾਂ ਉਸ ਪਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਸਲਾ ਕਰਦਾ ਹੈ, ਉਹਨੂੰ ਹਰ ਹਾਲਤ ਵਿਚ ਕਾਫ਼ਰ, ਗੱਦਾਰ ਕਿਹਾ ਜਾਏਗਾ। ਜੇ ਉਹਦੀਆਂ ਵਜ਼ਨਦਾਰ ਦਲੀਲਾਂ ਨੂੰ ਅੱਗੋਂ ਕੱਟਿਆ ਨਾ ਜਾ ਸਕਦਾ ਹੋਵੇ ਅਤੇ ਸਰਬ-ਸ਼ਕਤੀਮਾਨ ਦੀ ਕਰੋਪੀ ਵੀ ਉਹਦੀ ਜ਼ੋਰਦਾਰ ਦ੍ਰਿੜ੍ਹਤਾ ਨੂੰ ਡੇਗ ਨਾ ਸਕੇ ਤਾਂ ਉਹਨੂੰ ਘੁਮੰਡੀ ਗਰਦਾਨਿਆ ਜਾਏਗਾ ਅਤੇ ਉਹਦੀ ਦ੍ਰਿੜ੍ਹਤਾ ਨੂੰ ਅਹੰਕਾਰ ਆਖਿਆ ਜਾਏਗਾ। ਤਾਂ ਫੇਰ ਇਸ ਫਜ਼ੂਲ ਬਹਿਸ ਵਿਚ ਸਮਾਂ ਕਿਉਂ ਜ਼ਾਇਆ ਕੀਤਾ ਜਾਏ ? ਇਹ ਸਵਾਲ ਲੋਕਾਂ ਅੱਗੇ ਪਹਿਲੀ ਵਾਰ ਆ ਰਿਹਾ ਹੈ ਤੇ ਇਸ ਨੂੰ ਤਰੀਕੇ ਨਾਲ ਪਹਿਲੀ ਵਾਰ ਲਿਆ ਜਾ ਰਿਹਾ ਹੈ, ਇਸੇ ਲਈ ਲੰਮੀ ਬਹਿਸ ਹੋ ਰਹੀ ਹੈ।

ਜਿਥੋਂ ਤਕ ਪਹਿਲੇ ਸਵਾਲ ਦਾ ਸੰਬੰਧ ਹੈ, ਮੇਰਾ ਵਿਚਾਰ ਹੈ ਕਿ ਮੈਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੈਂ ਅਹੰਕਾਰ ਕਾਰਨ ਨਾਸਤਕ ਨਹੀਂ ਬਣਿਆ। ਇਹ ਫੈਸਲਾ ਮੈਂ ਨਹੀਂ ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਖੁੱਭਵੀਆਂ ਸਾਬਤ ਹੋਈਆਂ ਹਨ ਜਾਂ ਨਹੀਂ। ਮੈਨੂੰ ਪਤਾ ਹੈ ਕਿ ਹੁਣ ਦੀਆਂ ਹਾਲਤਾਂ ਵਿਚ ਜੇ ਮੈਂ ਆਸਤਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ ਅਤੇ ਮੇਰਾ ਬੋਝ ਹੁਣ ਨਾਲੋਂ ਘੱਟ ਹੋਣਾ ਸੀ ਅਤੇ ਮੇਰਾ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ ਤੇ ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ। ਥੋੜ੍ਹਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ। ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ ਹੈ। ਮੈਂ ਯਥਾਰਥਵਾਦੀ ਹਾਂ। ਮੈਂ ਤਰਕ ਦੀ ਮਦਦ ਨਾਲ ਇਸ ਰੁਝਾਨ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਇਸ ਕੋਸ਼ਿਸ਼ ਵਿਚ ਹਮੇਸ਼ਾ ਹੀ ਸਫਲ ਨਹੀਂ ਹੁੰਦਾ। ਪਰ ਬੰਦੇ ਦਾ ਫ਼ਰਜ਼ ਤਾਂ ਕੋਸ਼ਿਸ਼ ਕਰੀ ਜਾਣਾ ਹੁੰਦਾ ਹੈ ਕਾਮਯਾਬੀ ਮੌਕੇ 'ਤੇ ਹਾਲਾਤ ਉੱਤੇ ਨਿਰਭਰ ਹੁੰਦੀ ਹੈ।



Sri Satguru Jagjit Singh Ji Elibrary NamdhariElibrary@gmail.com

ਦੂਜਾ ਸਵਾਲ ਇਹ ਹੈ ਕਿ ਅਹੰਕਾਰ ਨਹੀਂ, ਤਾਂ ਰੱਬ ਦੀ ਹੋਂਦ ਪੁਰਾਣੀ ਤੇ ਪ੍ਰਚੱਲਤ ਧਾਰਨਾ ਨੂੰ ਨਾ ਮੰਨਣ ਦਾ ਕੋਈ ਕਾਰਨ ਹੋਵੇਗਾ। ਹਾਂ, ਮੈਂ ਇਸ ਸਵਾਲ ਵੱਲ ਆਉਂਦਾ ਹਾਂ। ਇਹਦਾ ਕਾਰਨ ਹੈ। ਮੇਰੇ ਵਿਚਾਰ ਅਨੁਸਾਰ ਜਿਸ ਵਿਅਕਤੀ ਕੋਲ ਥੋੜ੍ਹੀ-ਬਹੁਤ ਤਰਕ ਸ਼ਕਤੀ ਹੈ, ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਕਸਵੱਟੀ ਉੱਤੇ ਪਰਖਦਾ ਹੈ। ਜਿਥੇ ਸਿੱਧੇ ਸਬੂਤ ਨਹੀਂ ਮਿਲਦੇ, ਉਥੇ ਫ਼ਲਸਫ਼ੇ ਦਾ ਅਹਿਮ ਥਾਂ ਹੁੰਦਾ ਹੈ। ਜਿਵੇਂ ਮੈਂ ਪਹਿਲਾਂ ਆਖ ਚੁਕਾ ਹਾਂ, ਮੇਰਾ ਕੋਈ ਇਨਕਲਾਬੀ ਦੋਸਤ ਕਿਹਾ ਕਰਦਾ ਸੀ ਕਿ 'ਫ਼ਲਸਫ਼ਾ ਮਨੁੱਖੀ ਕਮਜ਼ੋਰੀ ਦੀ ਪੈਦਾਵਾਰ ਹੈ।' ਜਦ ਸਾਡੇ ਵੱਡੇ-ਵਡੇਰਿਆਂ ਕੋਲ ਇਸ ਜਗਤ-ਤਮਾਸ਼ੇ ਨੂੰ ਜਾਣਨ ਦੀ ਕਾਫੀ ਫ਼ੁਰਸਤ ਮਿਲੀ ਤੇ ਜਦ ਉਨ੍ਹਾਂ ਨੂੰ ਜਗਤ ਦੇ ਅਤੀਤ, ਵਰਤਮਾਨ ਤੇ ਭਵਿੱਖ ਤੇ ਹੋਰ ਬਹੁਤ ਸਾਰੇ ਸਵਾਲਾਂ ਦੇ ਸਿੱਧੇ ਸਬੂਤ ਨਾ ਮਿਲੇ, ਤਾਂ ਹਰ ਕਿਸੇ ਨੇ ਇਸ ਸਮੱਸਿਆ ਨੂੰ ਆਪਣੇ ਤਰੀਕੇ ਨਾਲ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਇਸ ਕਰਕੇ ਵੱਖ-ਵੱਖ ਧਰਮਾਂ ਦੇ ਬੁਨਿਆਦੀ ਸਿਧਾਂਤਾਂ ਵਿਚ ਵੱਡੇ-ਵੱਡੇ ਮਤਭੇਦ ਮਿਲਦੇ ਹਨ। ਜਿਹੜੇ ਕਦੇ-ਕਦੇ ਬਹੁਤ ਵਿਰੋਧੀ ਰੂਪ ਅਖ਼ਤਿਆਰ ਕਰ ਜਾਂਦੇ ਹਨ। ਜਿਥੇ ਏਸ਼ੀਆਈ ਤੇ ਯੂਰਪੀ ਫ਼ਿਲਾਸਫ਼ੀਆਂ ਵਿਚ ਵਖਰੇਵਾਂ ਹੈ, ਇਥੋਂ ਤਕ ਕਿ ਹਰ ਮਹਾਂ ਖੇਤਰ ਦੀਆਂ ਵੱਖ-ਵੱਖ ਵਿਚਾਰ-ਪ੍ਰਣਾਲੀਆਂ ਵਿਚ ਵੀ ਮਤਭੇਦ ਮਿਲਦਾ ਹੈ। ਏਸ਼ੀਆਈ ਧਰਮਾਂ ਵਿਚ ਮੁਸਲਮ ਧਰਮ ਦੀ ਹਿੰਦੂ ਧਰਮ ਨਾਲ ਕੋਈ ਸਾਂਝ ਨਹੀਂ। ਸਿਰਫ ਹਿੰਦੋਸਤਾਨ ਵਿਚ ਹੀ ਬੁੱਧ ਧਰਮ ਤੇ ਜੈਨ ਧਰਮ ਬ੍ਰਾਹਮਣਵਾਦ ਤੋਂ ਕਾਫ਼ੀ ਵੱਖਰੇ ਹਨ ਅਤੇ ਬ੍ਰਾਹਮਣਵਾਦ ਵਿਚ ਵੀ ਅਗਾਂਹ ਆਰੀਆ ਸਮਾਜ ਤੇ ਸਨਾਤਨ ਧਰਮ ਵਰਗੇ ਵਿਰੋਧੀ ਮੱਤ ਹਨ। ਚਾਰ ਵਾਕ* ਪੁਰਾਤਨ ਕਾਲ ਦਾ ਸੁਤੰਤਰ ਚਿੰਤਕ ਸੀ। ਇਹਨੇ ਰੱਬ ਦੀ ਪ੍ਰਭੂਸੱਤਾ ਨੂੰ ਵੰਗਾਰਿਆ ਸੀ। ਇਹਨਾਂ ਸਾਰੇ ਮੱਤਾਂ ਵਿਚ ਬੁਨਿਆਦੀ ਸਵਾਲ ਬਾਰੇ ਮਤਭੇਦ ਹਨ ਅਤੇ ਹਰ ਕੋਈ ਆਪਣੇ ਆਪ ਨੂੰ ਦਰੁਸਤ ਮੰਨਦਾ ਹੈ। ਇਹੋ ਸਾਰੀ ਬੁਰਾਈ ਹੈ। ਪੁਰਾਣੇ ਵਿਦਵਾਨਾਂ ਦੇ ਤਜਰਬਿਆਂ ਤੇ ਵਿਚਾਰਾਂ ਨੂੰ ਅਗਿਆਨਤਾ ਵਿਚ ਸਾਡੀ ਆਉਣ ਵਾਲੀ ਜਦੋ-ਜਹਿਦ ਦਾ ਆਧਾਰ ਬਣਾਉਣ ਤੇ ਇਸ ਭੇਦ-ਭਰੀ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਦੀ ਥਾਂ ਅਸੀਂ ਸੁਸਤ, ਨਿਕੰਮੇ, ਕੱਟੜ ਧਰਮ ਦੀ ਹਾਲ ਦੁਹਾਈ ਪਾਉਣ ਲੱਗ ਜਾਂਦੇ ਹਾਂ ਅਤੇ ਇੰਜ ਮਨੁੱਖੀ ਜਾਗ੍ਰਤੀ ਵਿਚ ਆਈ ਖੜੋਤ ਦੇ ਕਸੂਰਵਾਰ ਹਾਂ।

ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ। ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫ਼ਲਸਫ਼ੇ ਵਿਚ ਵਿਸ਼ਵਾਸ ਕਰਨ ਲਗਦਾ ਹੈ, ਤਾਂ ਉਹਦਾ ਵਿਸ਼ਵਾਸ ਸਰਾਹੁਣਯੋਗ ਹੈ। ਉਹਦੀ ਦਲੀਲ ਗਲਤ ਜਾਂ ਉੱਕਾ ਹੀ ਬੇਬੁਨਿਆਦ ਹੋ ਸਕਦੀ ਹੈ। ਪਰ ਉਨ੍ਹਾਂ ਦਰੁਸਤ ਰਾਹ ਉੱਤੇ ਲਿਆਂਦਾ ਜਾ ਸਕਦਾ ਹੈ, ਕਿਉਂਕਿ ਤਰਕਸ਼ੀਲਤਾ ਉਹਦਾ ਜ਼ਿੰਦਗੀ ਦਾ ਧਰੂ-ਤਾਰਾ ਜੋ ਹੁੰਦੀ ਹੈ। ਪਰ ਨਿਰਾ ਵਿਸ਼ਵਾਸ ਤੇ ਅੰਨ੍ਹਾ ਵਿਸ਼ਵਾਸ ਖ਼ਤਰਨਾਕ ਹੁੰਦਾ ਹੈ : ਇਹ ਦਿਮਾਗ਼ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤੀਗਾਮੀ (ਪਛਾਂਹ-ਖਿੱਚੂ) ਬਣਾ ਦਿੰਦਾ ਹੈ। ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ ਸਕੇ ਤਾਂ ਇਹ ਢਹਿ ਢੇਰੀ ਹੋ ਜਾਣਗੇ। ਫਿਰ ਉਸ

---

* ਮਹਾਂਭਾਰਤ ਵੇਲੇ ਦਾ ਸੰਦੇਹਵਾਦੀ ਦਾਰਸ਼ਨਿਕ, ਜਿਹੜਾ ਪਦਾਰਥਵਾਦੀ ਸਿਧਾਂਤ ਦਾ ਪ੍ਰਚਾਰਕ ਸੀ। ਸਮੇਂ ਦੇ ਹਾਕਮਾਂ ਨੇ ਉਸਨੂੰ ਜੀਉਂਦੇ ਨੂੰ ਸਾੜ ਦਿੱਤਾ ਸੀ—ਅਨੁ.



Sri Satguru Jagjit Singh Ji Elibrary NamdhariElibrary@gmail.com

ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫ਼ਲਸਫ਼ੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ। ਇਹ ਨਕਾਰਾਤਮਕ ਪੱਖ ਹੈ। ਇਸ ਤੋਂ ਮਗਰੋਂ ਸਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ, ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਮੱਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ। ਜਿਥੋਂ ਤਕ ਮੇਰਾ ਸੰਬੰਧ ਹੈ, ਮੈਂ ਇਹ ਤਸਲੀਮ ਕਰਦਾ ਹਾਂ ਕਿ ਮੈਂ ਇਸ ਬਾਰੇ ਬਹੁਤਾ ਅਧਿਅਨ ਨਹੀਂ ਕਰ ਸਕਿਆ। ਏਸ਼ੀਆਈ ਫ਼ਲਸਫ਼ੇ ਨੂੰ ਪੜ੍ਹਨ ਦੀ ਮੇਰੀ ਵੱਡੀ ਰੀਝ ਸੀ, ਪਰ ਮੈਨੂੰ ਇਸ ਦਾ ਵਕਤ ਜਾਂ ਮੌਕਾ ਨਹੀਂ ਮਿਲ ਸਕਿਆ। ਪਰ ਜਿਥੋਂ ਤਕ ਨਾਕਾਰਾਤਮਕ ਪੱਖ ਦਾ ਸੰਬੰਧ ਹੈ ਮੈਨੂੰ ਇਸ ਹੱਦ ਤਕ ਯਕੀਨ ਹੈ ਕਿ ਮੈਂ ਪੁਰਾਤਨ ਵਿਸ਼ਵਾਸ ਦੀ ਪੁਖ਼ਤਗੀ ਉੱਤੇ ਕਿੰਤੂ ਕਰ ਸਕਦਾ ਹਾਂ। ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲਾ ਕੋਈ ਪਰਮਾਤਮਾ ਯਾਂ ਸੁਚੇਤ-ਸਤਾ ਨਹੀਂ ਹੈ। ਸਾਡਾ ਕੁਦਰਤ ਵਿਚ ਯਕੀਨ ਹੈ ਤੇ ਸਮੁੱਚੀ ਤਰੱਕੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉੱਤੇ ਆਪਣੀ ਸੇਵਾ ਵਾਸਤੇ ਗ਼ਲਬਾ ਪਾਉਣਾ ਹੈ। ਇਹਦੇ ਪਿਛੇ ਕੋਈ ਸੁਚੇਤ ਚਾਲਕ ਸ਼ਕਤੀ ਨਹੀਂ ਹੈ। ਇਹੋ ਸਾਡਾ ਫ਼ਲਸਫ਼ਾ ਹੈ।

ਨਕਾਰਾਤਮਕ ਪੱਖ ਤੋਂ ਅਸੀਂ ਆਸਤਕਾਂ ਤੋਂ ਕੁਝ ਸਵਾਲ ਪੁੱਛਦੇ ਹਾਂ :

(1) ਤੁਹਾਡੇ ਵਿਸ਼ਵਾਸ ਅਨੁਸਾਰ ਜੇ ਕੋਈ ਸਰਵ ਸ਼ਕਤੀ ਮਾਨ, ਸਰਵ ਵਿਆਪਕ ਤੇ ਸਰਵ ਗਿਆਤਾ ਰੱਬ ਹੈ—ਤਾਂ ਦੁਨੀਆ ਜਾਂ ਧਰਤੀ ਨੂੰ ਜਿਸ ਨੇ ਸਾਜਿਆ ਸੀ। ਮੈਨੂੰ ਇਹ ਦੱਸਣ ਦੀ ਮਿਹਰਬਾਨੀ ਕਰੋ ਕਿ ਉਸ ਨੇ ਧਰਤੀ ਸਾਜੀ ਹੀ ਕਿਉਂ ? ਉਹ ਧਰਤੀ ਜੋ ਦੁੱਖਾਂ-ਆਫ਼ਤਾਂ, ਅਣਗਿਣਤ ਅਨੰਤ ਦੁਖਾਂਤਾਂ ਨਾਲ ਭਰੀ ਪਈ ਹੈ। ਜਿਥੇ ਇਕ ਵੀ ਜੀਅ ਪੂਰੀ ਤਰ੍ਹਾਂ ਸੁਖੀ ਨਹੀਂ ਹੈ।

ਮਿਹਰਬਾਨੀ ਕਰਕੇ ਇਹ ਨਾ ਆਖੋ ਕਿ ਇਹ ਉਸ ਦਾ ਨੇਮ ਹੈ : ਜੇ ਉਹ ਕਿਸੇ ਨੇਮ ਦੇ ਵੱਸ ਹੈ, ਤਾਂ ਉਹ ਸਰਵ ਸ਼ਕਤੀਮਾਨ ਨਹੀਂ। ਤਾਂ ਫੇਰ ਉਹ ਵੀ ਸਾਡੇ ਵਰਗਾ ਗ਼ੁਲਾਮ ਹੈ। ਮਿਹਰਬਾਨੀ ਕਰਕੇ ਇਹ ਵੀ ਨਾ ਆਖੋ ਕਿ ਉਹ ਉਸ ਦਾ ਸ਼ੁਗਲ ਹੈ। ਨੀਰੋ ਨੇ ਤਾਂ ਇਕੋ ਰੋਮ ਸਾੜ ਕੇ ਸਵਾਹ ਕੀਤਾ ਸੀ। ਉਸ ਨੇ ਗਿਣਤੀ ਦੇ ਬੰਦੇ ਜਾਨੋਂ ਮਾਰੇ ਸਨ। ਉਸ ਦੇ ਹੱਥੋਂ ਬਹੁਤ ਘੱਟ ਦੁਖਾਂਤ ਵਾਪਰੇ। ਇਹ ਸਭ ਉਸ ਨੇ ਆਪਣੇ ਮਜ਼ੇ ਲਈ ਕੀਤਾ ਤੇ ਇਤਿਹਾਸ ਵਿਚ ਉਸ ਨੂੰ ਕਿਹੜੀ ਥਾਂ ਹਾਸਲ ਹੈ ? ਇਤਿਹਾਸਕਾਰ ਉਸ ਦਾ ਜ਼ਿਕਰ ਕਿਹੜੇ ਨਾਵਾਂ ਨਾਲ ਕਰਦੇ ਹਨ ? ਸਾਰੇ ਵਿਹੁਲੇ ਵਿਸ਼ੇਸ਼ਕ ਉਸ ਦੇ ਲਈ ਵਰਤੇ ਜਾਂਦੇ ਹਨ। ਜ਼ਾਲਮ, ਬੇਰਹਿਮ, ਸ਼ੈਤਾਨ ਨੀਰੋ ਦੀ ਨਿਖੇਧੀ ਕਰਨ ਲਈ ਲਾਹਨਤਾਂ ਨਾਲ ਸੜਿਆਂ ਦੇ ਸੜੇ ਕਾਲੇ ਕੀਤੇ ਪਏ ਹਨ। ਇਕ ਚੰਗੇਜ਼ ਖ਼ਾਨ ਨੇ ਮਜ਼ਾ ਲੈਣ ਲਈ ਕੁਝ ਹਜ਼ਾਰ ਲੋਕਾਂ ਦੀ ਜਾਨ ਲਈ ਸੀ ਅਤੇ ਅੱਜ ਅਸੀਂ ਉਸ ਦੇ ਨਾਂ ਤਕ ਨੂੰ ਨਫ਼ਰਤ ਕਰਦੇ ਹਾਂ। ਤਾਂ ਫੇਰ ਤੁਸੀਂ ਆਪਣੇ ਸਰਬ ਸ਼ਕਤੀਮਾਨ ਅਨੰਤ ਨੀਰੋ ਨੂੰ ਕਿਵੇਂ ਵਾਜਬ ਠਹਿਰਾਓਗੇ ; ਜੋ ਅਜੇ ਵੀ ਹਰ ਦਿਨ, ਹਰ ਘੜੀ ਤੇ ਹਰ ਪਲ ਅਣਗਿਣਤ ਕਤਲ ਕਰੀ ਜਾ ਰਿਹਾ ਹੈ ? ਤੁਸੀਂ ਉਸ ਦੀਆਂ ਉਹਨਾਂ ਕਰਤੂਤਾਂ ਦੀ ਹਮਾਇਤ, ਕਿਵੇਂ ਕਰੋਗੇ, ਜਿਹੜੀਆਂ ਪਲੋ-ਪਲੀ ਚੰਗੇਜ਼ ਦੀਆਂ ਕਰਤੂਤਾਂ ਨੂੰ ਵੀ ਮਾਤ ਪਾਈ ਜਾਂਦੀਆਂ ਹਨ ? ਮੈਂ ਪੁੱਛਦਾ ਹਾਂ ਕਿ ਉਸ ਨੇ ਇਹ ਦੁਨੀਆ ਬਣਾਈ ਹੀ ਕਿਉਂ ਸੀ—ਦੁਨੀਆ ਜਿਹੜੀ ਸੱਚੀ-ਮੁੱਚੀ ਦਾ ਨਰਕ ਹੈ, ਅਨੰਤ ਤੇ ਤਲਖ਼ ਬੇਚੈਨੀ ਦਾ ਘਰ ਹੈ ? ਸਰਬ ਸ਼ਕਤੀਮਾਨ ਨੇ ਮਨੁੱਖ ਕਿਉਂ ਸਾਜਿਆ, ਜਦ ਕਿ ਉਸ ਦੇ ਕੋਲ ਮਨੁੱਖ ਨੂੰ ਸਾਜਣ ਦੀ ਤਾਕਤ ਸੀ ? ਇਨ੍ਹਾਂ ਸਾਰੀਆਂ ਗੱਲਾਂ ਦਾ ਤੁਹਾਡੇ ਕੋਲ ਕੀ ਜਵਾਬ ਹੈ ? ਤੁਸੀਂ ਇਹ ਆਖੋਗੇ ਕਿ ਅਗਲੇ ਜਨਮ ਵਿਚ ਮਾਸੂਮ ਪੀੜਤਾਂ ਨੂੰ ਨਿਵਾਜਣ ਲਈ ਅਤੇ ਕੁਕਰਮੀਆਂ ਨੂੰ ਸਜ਼ਾ ਦੇਣ ਲਈ ਉਸ ਨੇ ਇੰਜ ਕੀਤਾ ? ਅੱਛਾ ਤਾਂ ਫੇਰ, ਤੁਸੀਂ ਉਸ ਬੰਦੇ ਨੂੰ ਕਿਵੇਂ ਹੱਕੀ ਠਹਿਰਾਉਗੇ, ਜੋ ਤੁਹਾਡੇ ਸਰੀਰ ਨੂੰ ਇਸ ਵਾਸਤੇ ਜ਼ਖ਼ਮੀ



Sri Satguru Jagjit Singh Ji Elibrary NamdhariElibrary@gmail.com

ਕਰਦਾ ਹੈ ਕਿ ਮਗਰੋਂ ਬੜੇ ਪਿਆਰ ਨਾਲ ਟਕੋਰਾਂ ਕਰੇਗਾ? ਗਲੈਡੀਏਟਰ* ਸੰਸਥਾ ਦੇ ਹਮਾਇਤੀਆਂ ਤੇ ਪ੍ਰਬੰਧਕਾਂ ਦਾ ਇਹ ਕਾਰਾ ਕਿਥੋਂ ਤਾਈਂ ਸਹੀ ਹੁੰਦਾ ਸੀ, ਦੂਜੇ ਉਹ ਭੁੱਖੇ ਕਰੋਪੀ ਸ਼ੇਰਾਂ ਅੱਗੇ ਬੰਦਿਆਂ ਨੂੰ ਇਸ ਲਈ ਸੁੱਟ ਦਿੰਦੇ ਸੀ ਕਿ, ਜੇ ਉਹ ਸ਼ੇਰਾਂ ਹੱਥੋਂ ਜੀਉਂਦੇ ਬਚ ਗਏ, ਤਾਂ ਫੇਰ ਉਨ੍ਹਾਂ ਦੀ ਬਹੁਤ ਖ਼ਾਤਰ-ਤਵੱਜੋ ਹੋਏਗੀ? ਇਸੇ ਕਰਕੇ ਮੈਂ ਪੁੱਛਦਾ ਹਾਂ : "ਸਚੇਤ ਸਰਬ ਉੱਚ ਸੱਤਾ ਨੇ ਇਹ ਦੁਨੀਆ ਤੇ ਮਨੁੱਖ ਕਿਉਂ ਸਾਜਿਆ? ਮਜ਼ਾ ਲੈਣ ਲਈ। ਫੇਰ ਉਹਦੇ ਵਿਚ ਤੇ ਨੀਰੋ ਵਿਚ ਫ਼ਰਕ ਹੀ ਕੀ ਹੈ।

ਮੁਸਲਮਾਨੋ ਤੇ ਈਸਾਈਓ : ਹਿੰਦੂ ਦਰਸ਼ਨ ਕੋਲ ਤਾਂ ਹੋਰ ਵੀ ਦਲੀਲ ਹੋਏਗੀ। ਮੈਂ ਤੁਹਾਡੇ ਕੋਲੋਂ ਉਪਰਲੇ ਸਵਾਲਾਂ ਦੇ ਜਵਾਬ ਪੁੱਛਦਾ ਹਾਂ। ਪੂਰਬਲੇ ਜਨਮ ਵਿਚ ਤੁਹਾਡਾ ਯਕੀਨ ਨਹੀਂ ਹੈ। ਤੁਸੀਂ ਹਿੰਦੂਆਂ ਵਾਂਗ ਮਾਸੂਮ ਪੀੜਤਾਂ ਦੇ ਪਹਿਲੇ ਕੀਤੇ ਮੰਦੇ ਕਰਮਾਂ ਵਾਲੀ ਦਲੀਲ ਨਹੀਂ ਵਰਤ ਸਕਦੇ। ਮੈਂ ਤੁਹਾਥੋਂ ਪੁੱਛਦਾ ਹਾਂ ਕਿ ਸਰਬ ਸ਼ਕਤੀਮਾਨ ਨੇ ਇਹ ਦੁਨੀਆ ਸਾਜਣ ਲਈ ਛੇ ਦਿਨ ਕਿਉਂ ਮਿਹਨਤ ਕੀਤੀ? ਉਸ ਨੇ ਕਿਉਂ ਕਿਹਾ ਸੀ ਕਿ ਸਭ ਅੱਛਾ ਹੈ? ਉਸ ਨੂੰ ਅੱਜ ਹੀ ਸੱਦੋ। ਉਸ ਨੂੰ ਪਿਛਲਾ ਇਤਿਹਾਸ ਦਿਖਾਓ। ਉਸ ਨੂੰ ਮੌਜੂਦਾ ਹਾਲਾਤ ਬਾਰੇ ਜਾਣਨ ਦਿਓ। ਫੇਰ ਦੇਖਾਂਗੇ ਕਿ ਉਹ ਇਹ ਕਹਿਣ ਦੀ ਜੁਰਅਤ ਕਰਦਾ ਹੈ : ਸਭ ਅੱਛਾ ਹੈ।

ਜੇਲ੍ਹਖ਼ਾਨਿਆਂ ਦੀਆਂ ਕਾਲਕੋਠੜੀਆਂ ਤੋਂ ਗੰਦੀਆਂ ਬਸਤੀਆਂ ਤੇ ਝੌਂਪੜੀਆਂ ਵਿਚ ਭੁੱਖ-ਮਰੀ ਦੇ ਹੱਥੋਂ ਮਰ ਰਹੇ ਲੱਖਾਂ ਹੀ ਲੋਕਾਂ ਨੂੰ ਦੇਖ ਕੇ ਪੂੰਜੀਵਾਦੀ ਲੋਕਾਂ ਕੋਲੋਂ ਚੁੱਪ ਚਾਪ ਜਾਂ ਕਹਿ ਲਓ ਬੇਵਾਸਤਗੀ ਨਾਲ ਆਪਣਾ ਲਹੂ ਪਿਲਾ ਰਹੇ ਲੁਟੀਦੇ ਮਜ਼ਦੂਰਾਂ ਨੂੰ ਦੇਖ ਕੇ, ਇਨਸਾਨੀ ਤਾਕਤ ਦੀ ਬਰਬਾਦੀ ਜਿਸ ਨੂੰ ਦੇਖ ਕੇ ਅੱਤ ਸਾਧਾਰਨ ਬੁੱਧੀ ਵਾਲਾ ਵਿਅਕਤੀ ਵੀ ਡਰ ਨਾਲ ਕੰਬਣ ਲੱਗ ਜਾਏ ਅਤੇ ਲੋੜਵੰਦ ਉਤਪਾਦਨਾਂ ਨੂੰ ਵੰਡਣ ਦੀ ਥਾਂ ਵਾਧੂ ਪੈਦਾਵਾਰ ਸਮੁੰਦਰਾਂ ਵਿਚ ਸੁੱਟੀ ਜਾਂਦੀ ਦੇਖ ਕੇ, ਇਨਸਾਨਾਂ ਦੀਆਂ ਹੱਡੀਆਂ ਨਾਲ ਚਿਣੀਆਂ ਨੀਹਾਂ ਉੱਤੇ ਉਸਰੇ ਬਾਦਸ਼ਾਹਾਂ ਦੇ ਮਹਿਲਾਂ ਨੂੰ ਦੇਖ ਕੇ ਉਹ ਰਤਾ ਆਖੇ ਤਾਂ ਸਹੀ : ਸਭ ਅੱਛਾ ਹੈ। ਕਿਉਂ ਤੇ ਕਿਸ ਕਾਰਨ? ਇਹ ਮੇਰਾ ਸਵਾਲ ਹੈ। ਤੁਸੀਂ ਚੁੱਪ ਹੋ ਠੀਕ ਹੈ, ਮੈਂ ਆਪਣੀ ਗੱਲ ਅੱਗੇ ਤੋਰਦਾ ਹਾਂ।

ਤੁਸੀਂ ਹਿੰਦੂ ਇਹ ਆਖਦੇ ਹੋ ਕਿ ਅੱਜ ਜਿਹੜਾ ਵੀ ਦੁੱਖ ਝਲ ਰਿਹਾ ਹੈ, ਉਹ ਪੂਰਬਲੇ ਜਨਮ ਦੇ ਮੰਦੇ ਕਰਮਾਂ ਕਰਕੇ ਹੈ। ਠੀਕ ਤੁਸੀਂ ਇਹ ਵੀ ਕਹਿੰਦੇ ਹੋ ਕਿ ਜਿਹੜੇ ਅੱਜ ਲੋਕਾਂ ਨੂੰ ਦਬਾ ਰਹੇ ਹਨ, ਉਹ ਪੂਰਬਲੇ ਜਨਮਾਂ ਵਿਚ ਧਰਮਾਤਮਾ ਲੋਕ ਸਨ। ਇਸ ਕਰਕੇ ਉਨ੍ਹਾਂ ਦੇ ਹੱਥ ਤਾਕਤ ਹੈ। ਮੈਂ ਤਾਂ ਮੰਨਦਾ ਹਾਂ ਕਿ ਤੁਹਾਡੇ ਵੱਡੇ-ਵਡੇਰੇ ਬੜੇ ਸ਼ਾਤਰ ਲੋਕ ਸਨ, ਉਹ ਐਸੇ ਸਿਧਾਂਤ ਲੱਭਣ ਵਿਚ ਲੱਗੇ ਰਹੇ, ਜਿਨ੍ਹਾਂ ਨਾਲ ਤਰਕ ਤੇ ਅਵਿਸ਼ਵਾਸ ਨੂੰ ਖ਼ਤਮ ਕੀਤਾ ਜਾ ਸਕੇ। ਪਰ ਆਪਾਂ ਦੇਖਦੇ ਹਾਂ ਕਿ ਇਸ ਦਲੀਲ ਵਿਚ ਕਿੰਨਾ ਕੁ ਵਜ਼ਨ ਹੈ।

ਬਹੁਤ ਉੱਘੇ ਨਿਆਂ ਸ਼ਾਸਤਰੀਆਂ ਦਾ ਇਹ ਵਿਚਾਰ ਹੈ ਕਿ ਕਸੂਰਵਾਰ ਨੂੰ ਜੋ ਸਜ਼ਾ ਦਿੱਤੀ ਜਾਂਦੀ ਹੈ, ਉਸ ਦੇ ਤਿੰਨ ਜਾਂ ਚਾਰ ਮਕਸਦ ਹੋ ਸਕਦੇ ਹਨ ਤੇ ਇਸੇ ਆਧਾਰ ਉੱਤੇ ਸਜ਼ਾ ਨੂੰ ਵਾਜਬ ਕਰਾਰ ਦਿੱਤਾ ਜਾ ਸਕਦਾ ਹੈ। ਇਹ ਮਕਸਦ ਹਨ : ਬਦਲਾ, ਸੁਧਾਰ ਤੇ ਵਰਜਣ ਲਈ ਡਰ। ਹੁਣ ਸਾਰੇ ਸਿਆਣੇ ਚਿੰਤਕ ਬਦਲੇ ਦੇ ਸਿਧਾਂਤ ਦੀ ਨਿਖੇਧੀ ਕਰਦੇ ਹਨ। ਵਰਜਣ ਵਾਲੇ ਸਿਧਾਂਤ ਦੀ ਵੀ ਨੁਕਤਾਚੀਨੀ ਹੋ ਰਹੀ ਹੈ। ਸੁਧਾਰਕ ਸਿਧਾਂਤ ਹੀ ਜ਼ਰੂਰੀ ਹੈ ਅਤੇ ਇਨਸਾਨੀ

---

* ਪੁਰਾਤਨ ਰੋਮ ਵਿਚ ਗ਼ੁਲਾਮਾਂ, ਜੰਗੀ ਕੈਦੀਆਂ ਜਾਂ ਸਜ਼ਾ ਯਾਫ਼ਤਾ ਮੁਜਰਮਾਂ ਨੂੰ ਰਾਜੇ ਦੇ ਦਰਬਾਰ ਵਿਚ ਆਪਸ ਵਿਚ ਜਾਨਲੇਵਾ ਤਲਵਾਰਬਾਜ਼ੀ ਕਰਨ ਦੀ ਬਹੁਤ ਸਖ਼ਤ ਕਿਸਮ ਦੀ ਸਿਖਲਾਈ ਦਿੱਤੀ ਜਾਂਦੀ ਸੀ। ਰਾਜਾ ਕਈ ਵਾਰ ਮਜ਼ੇ ਖ਼ਾਤਰ ਗ਼ੁਲਾਮਾਂ ਨੂੰ ਭੁੱਖੇ ਸ਼ੇਰਾਂ ਅੱਗੇ ਛੱਡ ਦਿੰਦਾ ਸੀ। ਗਲੈਡੀਏਟਰ ਲਾਤੀਨੀ ਬੋਲੀ ਦਾ ਸ਼ਬਦ ਹੈ ਤੇ ਇਸ ਦਾ ਅਰਥ ਹੈ : ਤਲਵਾਰਬਾਜ਼। —ਅਨੁ.



Sri Satguru Jagjit Singh Ji Elibrary NamdhariElibrary@gmail.com

ਤਰੱਕੀ ਦਾ ਅਟੁੱਟ ਅੰਗ ਹੈ। ਇਸ ਸਿਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ ਪਸੰਦ ਸ਼ਹਿਰੀ ਬਣ ਕੇ ਸਮਾਜ ਵਿਚ ਵਾਪਸ ਜਾਵੇ। ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਬੰਦਿਆਂ ਨੇ (ਪੂਰਬਲੇ ਜਨਮ ਵਿਚ) ਪਾਪ ਕੀਤੇ ਹੋਣਗੇ, ਤਾਂ ਰੱਬ ਜਿਹੜੀ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ, ਉਹ ਕਿਹੋ ਜਿਹੀ ਹੈ? ਤੁਸੀਂ ਆਖਦੇ ਹੋ ਕਿ ਉਹ ਉਨ੍ਹਾਂ ਨੂੰ ਗਾਂ, ਬਿੱਲੀ, ਦਰੱਖ਼ਤ, ਜੜ੍ਹ ਬੂਟੀ ਜਾਂ ਜਾਨਵਰ ਦੇ ਰੂਪ ਵਿਚ ਜਨਮ ਲੈਣ ਲਈ ਭੇਜਦਾ ਹੈ। ਤੁਸੀਂ ਇਨ੍ਹਾਂ ਸਜ਼ਾਵਾਂ ਦੀ ਗਿਣਤੀ 84 ਲੱਖ ਦੱਸਦੇ ਹੋ। ਮੈਨੂੰ ਇਹ ਦੱਸੋ ਕਿ ਇਸ ਦਾ ਮਨੁੱਖ ਉੱਤੇ ਕੋਈ ਸੁਧਾਰਕ ਅਸਰ ਪੈਂਦਾ ਹੈ? ਤੁਸੀਂ ਐਸੇ ਕਿੰਨੇ ਕੁ ਜਣਿਆ ਨੂੰ ਮਿਲੇ ਹੋ, ਕਿ ਉਹ ਪਾਪ ਕਰਨ ਕਾਰਨ ਪਿਛਲੇ ਜਨਮ ਵਿਚ ਗਧੇ ਦੀ ਜੂਨੇ ਪਏ ਸਨ? ਕੋਈ ਨਹੀਂ ਮਿਲਿਆ ਹੋਣਾ। ਆਪਣੇ ਪੁਰਾਣਾਂ ਦੇ ਬਿਰਤਾਂਤ ਦੀ ਲੋੜ ਨਹੀਂ। ਮੈਂ ਤੁਹਾਡੀਆਂ ਮਿਥਿਹਾਸਿਕ ਕਹਾਣੀਆਂ ਦਾ ਜ਼ਿਕਰ ਤਕ ਨਹੀਂ ਛੂਹਣਾ ਚਾਹੁੰਦਾ। ਇਸ ਤੋਂ ਬਿਨਾਂ ਤੁਹਾਨੂੰ ਇਸ ਗੱਲ ਦਾ ਪਤਾ ਹੈ ਕਿ ਦੁਨੀਆ ਵਿਚ ਸਭ ਤੋਂ ਵੱਡਾ ਪਾਪ ਗ਼ਰੀਬ ਹੋਣਾ ਹੈ। ਗ਼ਰੀਬੀ ਪਾਪ ਹੈ, ਇਹ ਸਜ਼ਾ ਹੈ। ਤੁਸੀਂ ਇਹੋ ਜਿਹੀਆਂ ਸਜ਼ਾਵਾਂ ਤਜਵੀਜ਼ ਕਰਨ ਵਾਲੇ ਕਿਸੇ ਅਪਰਾਧ-ਵਿਗਿਆਨੀ, ਕਿਸੇ ਕਾਨੂੰਨਦਾਨ ਜਾਂ ਕਾਨੂੰਨਸਾਜ਼ ਦੀ ਕਿੰਨੀ ਕੁ ਸਿਫ਼ਤ-ਸਲਾਹੀ ਕਰੋਗੇ, ਜਿਸ ਨਾਲ ਮਨੁੱਖ ਹੋਰ ਵਧੇਰੇ ਗੁਨਾਹ ਕਰਨ ਲਈ ਮਜਬੂਰ ਹੁੰਦਾ ਹੈ? ਕੀ ਤੁਹਾਡੇ ਰੱਬ ਨੇ ਇਸ ਗੱਲ ਬਾਰੇ ਪਹਿਲਾਂ ਨਹੀਂ ਸੋਚਿਆ ਸੀ ਜਾਂ ਉਹ ਵੀ ਇਹ ਗੱਲਾਂ ਮਨੁੱਖਤਾ ਦੀਆਂ ਅਕਹਿ ਦੁੱਖ-ਤਕਲੀਫ਼ਾਂ ਦੀ ਕੀਮਤ ਉੱਤੇ ਤਜਰਬਿਆਂ ਰਾਹੀਂ ਸਿੱਖਦਾ ਹੈ? ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਿਵਾਰ ਵਿਚ ਜੰਮੇ ਬੰਦੇ ਦੀ ਕੀ ਹੋਣੀ ਹੋਏਗੀ? ਉਹ ਗ਼ਰੀਬ ਹੈ, ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖ਼ੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਸ ਨੂੰ ਨਫ਼ਰਤ ਕਰਦੇ ਹਨ ਤੇ ਧਿਕਾਰਦੇ ਹਨ, ਕਿਉਂਕਿ ਉਹ ਉਚੇਰੀ ਜਾਤ ਵਿਚ ਪੈਦਾ ਹੋਏ ਸਨ। ਉਸ ਦੀ ਅਗਿਆਨਤਾ ਉਸ ਦੀ ਗ਼ਰੀਬੀ ਤੇ ਜਿਹੜਾ ਸਲੂਕ ਉਸ ਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਨ ਸਮਾਜ ਤਾਈਂ ਉਸ ਦਾ ਦਿਲ ਸਖ਼ਤ ਹੋ ਜਾਏਗਾ। ਫ਼ਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ, ਤਾਂ ਇਸ ਦਾ ਖ਼ਮਿਆਜ਼ਾ ਕੌਣ ਭੁਗਤੇਗਾ? ਰੱਬ ਜਾਂ ਪਾਪ ਕਰਨ ਵਾਲਾ ਜਾਂ ਸਮਾਜ ਦੇ ਗੁਣੀ-ਗਿਆਨੀ ਬੰਦੇ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨਤਾ ਦੀਆਂ ਗ਼ਾਰਾਂ ਵਿਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਇਹੋ ਸੀ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀ ਸੁਣ ਲਈਆਂ ਸਨ ਅਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਸੀ, ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਸ ਦਾ ਜ਼ਿੰਮੇਦਾਰ ਕੌਣ ਸੀ ਤੇ ਬਿਪਤਾ ਕਿਸ ਦੇ ਸਿਰ ਪੈਣੀ ਸੀ? ਮੇਰੇ ਪਿਆਰੇ ਦੋਸਤੋ: ਇਹ ਸਾਰੇ ਸਿਧਾਂਤ ਖਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ, ਇਨ੍ਹਾਂ ਸਿਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ ਤਾਕਤ ਦੌਲਤ ਤੇ ਉਤਮਤਾ ਨੂੰ ਵਾਜਬ ਠਹਿਰਾਉਂਦੇ ਹਨ। ਹਾਂ ਸ਼ਾਇਦ ਅਪਟਨ ਸਿਨਕਲੇਅਰ* ਨੇ ਕਿਸੇ ਥਾਂ ਲਿਖਿਆ ਸੀ ਕਿ ਬੰਦੇ ਨੂੰ (ਆਤਮਾ ਦੀ) ਅਮਰਤਾ ਵਿਚ ਯਕੀਨ ਕਰਨ ਲਾ ਦਿਓ ਅਤੇ ਫੇਰ ਉਸ ਦੇ ਕੋਲ ਜੋ ਕੁਝ ਵੀ ਹੈ, ਉਹ ਲੁੱਟ ਲਓ। ਉਹ ਸਗੋਂ ਹੱਸ ਕੇ ਤੁਹਾਡੀ ਮਦਦ ਕਰੇਗਾ। ਧਾਰਮਿਕ ਉਪਦੇਸ਼ਕਾਂ ਤੇ ਹੁਕਮਰਾਨਾਂ ਨੇ ਮਿਲੀ ਭੁਗਤ ਕਰਕੇ ਜੇਲ੍ਹਾਂ, ਫਾਹੀਆਂ, ਕੋਰੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ ਕੱਢੀ ਸੀ।

---

* ਅਪਟਨ ਸਿਨਕਲੇਅਰ (1878 ?) ਅਮਰੀਕੀ ਲੇਖਕ ਤੇ ਸੋਸ਼ਲਿਸਟ ਪਾਰਟੀ ਦਾ ਕਾਰਕੁੰਨ। ਭਗਤ ਸਿੰਘ ਦਾ ਇਸ਼ਾਰਾ ਸ਼ਾਇਦ ਸਿਨਕਲੇਅਰ ਦੇ 1918 ਵਿਚ ਲਿਖੇ ਪੈਂਫਲਟ ਪਰੌਫ਼ਿਟਸ ਆਫ਼ ਰਿਲੀਜਨ (ਧਰਮ ਦੇ ਮੁਨਾਫ਼ੇ) ਵੱਲ ਹੈ।—ਅਨੁ.



Sri Satguru Jagjit Singh Ji Elibrary NamdhariElibrary@gmail.com

ਮੈਨੂੰ ਇਹ ਦੱਸੋ ਕਿ ਤੁਹਾਡਾ ਸਰਬ-ਸ਼ਕਤੀਮਾਨ ਰੱਬ ਹਰ ਕਿਸੇ ਬੰਦੇ ਨੂੰ ਕਸੂਰ ਜਾਂ ਪਾਪ ਕਰਨੋਂ ਵਰਜਦਾ ਕਿਉਂ ਨਹੀਂ ? ਉਸ ਦੇ ਲਈ ਤਾਂ ਇਹ ਕੰਮ ਬਹੁਤ ਸੌਖਾ ਹੈ। ਉਸ ਨੇ ਜੰਗਬਾਜ਼ਾਂ ਨੂੰ ਕਿਉਂ ਨਾ ਜਾਨੋਂ ਮਾਰਿਆ ਜਾਂ ਉਨ੍ਹਾਂ ਦੇ ਜੰਗੀ ਪਾਗ਼ਲਪਨ ਨੂੰ ਮਾਰ ਕੇ ਵੱਡੀ ਜੰਗ ਨਾਲ ਮਨੁੱਖਤਾ ਉੱਤੇ ਆਈ ਪਰਲੋ ਨੂੰ ਕਿਉਂ ਨਾ ਬਚਾਇਆ ? ਉਹ ਅੰਗਰੇਜ਼ ਲੋਕਾਂ ਦੇ ਮਨਾਂ ਵਿਚ ਕੋਈ ਇਹੋ ਜਿਹਾ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਹਿੰਦੋਸਤਾਨ ਨੂੰ ਛੱਡ ਕੇ ਚਲੇ ਜਾਣ ? ਉਹ ਸਾਰੇ ਸਰਮਾਏਦਾਰਾਂ ਦੇ ਦਿਲਾਂ ਵਿਚ ਇਹ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਪੈਦਾਵਾਰੀ ਸਾਧਨਾਂ ਦੀ ਸਾਰੀ ਜਾਇਦਾਦ ਨੂੰ ਛੱਡ ਦੇਣ ਤੇ ਸਾਰੇ ਮਿਹਨਤਕਸ਼ ਤਬਕੇ ਨੂੰ ਹੀ ਨਹੀਂ ਸਗੋਂ ਸਾਰੇ ਮਨੁੱਖੀ ਸਮਾਜ ਨੂੰ ਪੂੰਜੀਵਾਦ ਦੇ ਬੰਧਨ ਤੋਂ ਛੁਟਕਾਰਾ ਪਾ ਦੇਣ। ਤੁਸੀਂ ਬਹਿਸ ਕਰਨਾ ਚਾਹੋਗੇ ਕਿ ਸਮਾਜਵਾਦੀ ਸਿਧਾਂਤ ਲਾਗੂ ਹੋ ਸਕਦਾ ਹੈ ਜਾਂ ਨਹੀਂ, ਮੈਂ ਇਸ ਨੂੰ ਲਾਗੂ ਕਰਨ ਦਾ ਜ਼ਿੰਮਾ ਤੁਹਾਡੇ ਪਰਵਰਦਿਗਾਰ ਉੱਤੇ ਸੁੱਟਦਾ ਹਾਂ। ਜਿਥੋਂ ਤਕ ਆਮ ਲੋਕ ਭਲਾਈ ਦਾ ਸੰਬੰਧ ਹੈ, ਲੋਕਾਂ ਨੂੰ ਸਮਾਜਵਾਦ ਦੇ ਗੁਣਾਂ ਦਾ ਪਤਾ ਹੈ। ਉਹ ਇਸ ਦਾ ਵਿਰੋਧ ਇਸ ਨੁਕਤੇ ਤੋਂ ਕਰਦੇ ਹਨ ਕਿ ਇਹ ਲਾਗੂ ਨਹੀਂ ਹੋ ਸਕਦਾ। ਚਲੋ, ਤੁਹਾਡਾ ਰਬ ਆਵੇ ਤੇ ਸਭ ਕੁਝ ਬਾਕਾਇਦਾ ਤਰੀਕੇ ਨਾਲ ਕਰ ਦੇਵੇ। ਹੁਣ ਤੁਸੀਂ ਦਲੀਲ ਵਿਚੋਂ ਦਲੀਲ ਕੱਢਣ ਦੀ ਕੋਸ਼ਿਸ਼ ਨਾ ਕਰਨੀ। ਮੈਂ ਤੁਹਾਨੂੰ ਦੱਸਦਾ ਹਾਂ : ਹਿੰਦੋਸਤਾਨ ਉੱਤੇ ਜੇ ਬਰਤਾਨਵੀ ਹਕੂਮਤ ਹੈ ਤਾਂ ਇਹ ਰੱਬ ਦੀ ਮਰਜ਼ੀ ਕਾਰਨ ਨਹੀਂ ਹੈ, ਸਗੋਂ ਇਸ ਕਾਰਨ ਹੈ ਕਿ ਸਾਡੇ ਵਿਚ ਇਸ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹ ਰੱਬ ਦੀ ਮਦਦ ਨਾਲ ਸਾਨੂੰ ਗ਼ੁਲਾਮ ਨਹੀਂ ਰੱਖ ਰਹੇ, ਸਗੋਂ ਉਨ੍ਹਾਂ ਨੇ ਬੰਦੂਕਾਂ, ਤੋਪਾਂ, ਬੰਬਾਂ, ਗੋਲੀਆਂ, ਪੁਲਿਸ, ਫ਼ੌਜ ਦੀ ਮਦਦ ਨਾਲ ਸਾਨੂੰ ਗ਼ੁਲਾਮ ਬਣਾਇਆ ਹੋਇਆ ਹੈ ਅਤੇ ਸਾਡਾ ਕੀ ਕਸੂਰ ਹੈ ਕਿ ਉਹ (ਮਨੁੱਖੀ) ਸਮਾਜ ਵਿਰੁੱਧ ਸਭ ਤੋਂ ਵਧ ਘਿਣਾਉਣਾ ਗੁਨਾਹ ਇਹ ਕਰ ਰਹੇ ਹਨ ਕਿ ਇਕ ਕੌਮ ਹੱਥੋਂ ਦੂਜੀ ਕੌਮ ਲੁੱਟੀ ਜਾ ਰਹੀ ਹੈ। ਕਿਥੇ ਹੈ ਰੱਬ ? ਉਹ ਕਰ ਕੀ ਰਿਹਾ ਹੈ ? ਕੀ ਉਹ ਮਨੁੱਖਤਾ ਦੀਆਂ ਇਨ੍ਹਾਂ ਸਾਰੀਆਂ ਦੁੱਖ ਤਕਲੀਫ਼ਾਂ ਦਾ ਮਜ਼ਾ ਲੈ ਰਿਹਾ ਹੈ ? ਉਹ ਨੀਰੋ ਹੈ, ਉਹ ਚੰਗੇਜ਼ ਖਾਂ ਹੈ। ਰੱਬ ਮੁਰਦਾਬਾਦ !

ਤੁਸੀਂ ਮੈਨੂੰ ਇਹ ਪੁੱਛੋਗੇ ਕਿ ਇਸ ਦੁਨੀਆ ਦਾ, ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ। ਚਾਰਲਸ ਡਾਰਵਿਨ* ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਦਾ ਮੁਤਾਲਿਆ ਕਰੋ। ਸੋਹੰਮ ਸਵਾਮੀ ਦੀ ਕਿਤਾਬ "ਕਾਮਨਸੈਂਸ" (ਸਾਧਾਰਨ ਗਿਆਨ) ਪੜ੍ਹੋ। ਤੁਹਾਨੂੰ ਇਸ ਸਵਾਲ ਦਾ ਕੁਝ ਹੱਦ ਤਕ ਜਵਾਬ ਮਿਲ ਜਾਏਗਾ। ਇਹ ਕੁਦਰਤ ਦਾ ਵਿਸ਼ਾ ਹੈ। ਵੱਖ-ਵੱਖ ਪਦਾਰਥਾਂ ਦੇ ਇਤਫ਼ਾਕੀਆ ਮੇਲ ਨਾਲ ਧਰਤੀ ਤੇ ਬੂਲੇ ਦੇ ਰੂਪ ਵਿਚ ਪੈਦਾ ਹੋਈ ਸੀ। ਕਦੋਂ ? ਇਹ ਜਾਣਨ ਲਈ ਇਤਿਹਾਸ ਪੜ੍ਹੋ। ਇਸ ਅਮਲ ਵਿਚ ਜਾਨਵਰ ਤੇ ਫੇਰ ਅਖ਼ੀਰ ਵਿਚ ਮਨੁੱਖ ਪੈਦਾ ਹੋਇਆ ਸੀ। ਤੁਸੀਂ ਡਾਰਵਿਨ ਦੀ ਕਿਤਾਬ "ਓਰਿਜਨ ਆਫ਼ ਸ਼ਪੀਸੀਜ਼" ਪੜ੍ਹੋ ਅਤੇ ਉਸ ਤੋਂ ਮਗਰੋਂ ਜੋ ਵੀ ਉੱਨਤੀ ਹੋਈ, ਉਹ ਮਨੁੱਖ ਦੀ ਕੁਦਰਤ ਨਾਲ ਲਗਾਤਾਰ ਟੱਕਰ ਤੇ ਮਨੁੱਖ ਵੱਲੋਂ ਕੁਦਰਤ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਵਜੋਂ ਹੋਈ ਸੀ। ਧਰਤੀ ਦੇ ਆਦਿ ਬਾਰੇ ਇਹ ਸਭ ਤੋਂ ਸੰਖੇਪ-ਜਿਹਾ ਵੇਰਵਾ ਹੈ।

ਤੁਹਾਡਾ ਅਗਲਾ ਸਵਾਲ ਇਹ ਹੋ ਸਕਦਾ ਹੈ ਕਿ ਪਿਛਲੇ ਜਨਮ ਵਿਚ ਮਾੜੇ ਕਰਮ ਨਾ ਕੀਤੇ ਹੋਣ ਤਾਂ ਕੋਈ ਬੱਚਾ ਅੰਨ੍ਹਾ ਜਾਂ ਲੰਗੜਾ ਕਿਉਂ ਜੰਮਦਾ ਹੈ ? ਜੀਵ-ਵਿਗਿਆਨੀਆਂ ਨੇ

---

* ਚਾਰਲਸ ਡਾਰਵਿਨ (1809-1882) ਅੰਗਰੇਜ਼ ਪ੍ਰਕ੍ਰਿਤਵਾਦੀ। ਉਨ੍ਹੀਵੀਂ ਸਦੀ ਦੀ ਸਭ ਤੋਂ ਵੱਡੀ ਜਿੱਤ ਉਸਦੀ 1859 ਵਿਚ ਛਪੀ 'ਓਰਿਜਨ ਆਫ ਸਪੇਸੀਜ਼' ਸੀ ਜਿਸ ਵਿਚ ਪ੍ਰਕ੍ਰਿਤੀ ਦੇ ਵਿਕਾਸ ਦਾ ਸਿਧਾਂਤ ਸੀ। ਇਸ ਸਿਧਾਂਤ ਨੇ ਕੁਦਰਤ ਸਬੰਧੀ ਧਾਰਮਿਕ ਤੇ ਵਿਚਾਰਵਾਦੀ ਸੰਕਲਪਾਂ ਨੂੰ ਤੋੜ ਦਿੱਤਾ।—ਅਨੁ.



Sri Satguru Jagjit Singh Ji Elibrary NamdhariElibrary@gmail.com

ਇਸ ਸਮੱਸਿਆ ਦਾ ਜ਼ਿਕਰ ਕੀਤਾ ਹੈ ਕਿ ਇਹ ਜੀਵ-ਵਿਗਿਆਨਿਕ ਵਿਸ਼ਾ ਹੈ। ਇਸ ਦੇ ਕਾਰਨ ਬੱਚੇ ਦੇ ਮਾਂ-ਪਿਉ ਦੇ ਜੀਵ-ਇਤਿਹਾਸ ਵਿਚ ਹੀ ਹੁੰਦੇ ਹਨ।

ਕੁਦਰਤਨ ਤੁਸੀਂ ਇਕ ਹੋਰ ਸਵਾਲ ਪੁੱਛ ਸਕਦੇ ਹੋ : ਭਾਵੇਂ ਕਿ ਇਹ ਨਿਰਾ ਬਚਗਾਨਾ ਸਵਾਲ ਹੀ ਹੈ। ਉਹ ਸਵਾਲ ਇਹ ਹੈ ਕਿ ਜੇ ਰੱਬ ਨਹੀਂ ਸੀ ਤਾਂ ਫੇਰ ਲੋਕ ਉਸ ਨੂੰ ਮੰਨਣ ਕਿਵੇਂ ਲੱਗੇ? ਮੇਰਾ ਜਵਾਬ ਸਪੱਸ਼ਟ ਤੇ ਸੰਖੇਪ ਹੋਵੇਗਾ। ਜਿਵੇਂ ਲੋਕ ਭੂਤ ਪ੍ਰੇਤਾਂ ਨੂੰ ਮੰਨਣ ਲੱਗ ਪਏ ਸੀ, ਓਵੇਂ ਹੀ ਉਹ ਰੱਬ ਨੂੰ ਮੰਨਣ ਲੱਗ ਪਏ। ਫ਼ਰਕ ਸਿਰਫ਼ ਇੰਨਾ ਹੈ ਕਿ ਰੱਬ ਵਿਚ ਵਿਸ਼ਵਾਸ ਤਕਰੀਬਨ ਸਰਬ-ਵਿਆਪਕ ਹੈ ਤੇ ਇਸ ਦਾ ਦਰਸ਼ਨ ਕਾਫੀ ਵਿਕਸਿਤ ਹੈ। ਕੁਝ ਪਰਿਵਰਤਨਕਾਰੀਆਂ (ਰੈਡੀਕਲਜ਼) ਵਾਂਗ ਮੇਰਾ ਇਹ ਵਿਚਾਰ ਨਹੀਂ ਹੈ ਕਿ ਰੱਬ ਆਦਿ ਲੁੱਟ-ਖਸੁੱਟ ਕਰਨ ਵਾਲਿਆਂ ਦੀ ਕਰਤੂਤ ਸੀ, ਤਾਂ ਕਿ ਉਹ ਸਰਬ-ਉੱਚ ਸੱਤਾ ਦੀ ਹੋਂਦ ਦਾ ਪ੍ਰਚਾਰ ਕਰਕੇ ਆਪਣੀਆਂ ਗੱਦੀਆਂ ਕਾਇਮ ਰੱਖਣ ਲਈ ਲੋਕਾਂ ਨੂੰ ਗ਼ੁਲਾਮ ਰੱਖ ਸਕਣ। ਭਾਵੇਂ ਕਿ ਉਨ੍ਹਾਂ ਨਾਲ ਮੇਰਾ ਇਸ ਜ਼ਰੂਰੀ ਨੁਕਤੇ ਨਾਲ ਕੋਈ ਮਤਭੇਦ ਨਹੀਂ ਹੈ ਕਿ ਸਾਰੇ ਧਾਰਮਿਕ ਮੱਤ, ਧਰਮ, ਸਿਧਾਂਤ ਤੇ ਹੋਰ ਇਹੋ ਜਿਹੀਆਂ ਸੰਸਥਾਵਾਂ ਆਖ਼ਰਕਾਰ ਜਾਬਰ, ਦਮਨਕਾਰੀ ਸੰਸਥਾਵਾਂ, ਵਿਅਕਤੀਆਂ ਤੇ ਜਮਾਤਾਂ ਦੀਆਂ ਹਮਾਇਤੀ ਹੀ ਹੋ ਨਿਬੜਦੀਆਂ ਹਨ। ਹਰ ਧਰਮ ਇਹ ਕਹਿੰਦਾ ਹੈ ਕਿ ਬਾਦਸ਼ਾਹ ਵਿਰੁੱਧ ਬਗ਼ਾਵਤ ਕਰਨਾ ਹਮੇਸ਼ਾ ਹੀ ਪਾਪ ਹੁੰਦਾ ਹੈ।

ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ ਤਾਂ ਉਸ ਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ, ਤਾਂ ਕਿ ਇਮਤਿਹਾਨੀ ਹਾਲਤ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰਨ ਲਈ ਮਨੁੱਖ ਨੂੰ ਹੌਸਲਾ ਮਿਲੇ, ਤਾਂ ਕਿ ਸਾਰੇ ਖ਼ਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖ਼ੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿਚ ਆਪਣੀਆਂ ਇੱਛਾਵਾਂ 'ਤੇ ਕਾਬੂ ਪਾ ਸਕੇ। ਮਨੁੱਖ ਨੇ ਰੱਬ ਨੂੰ ਇਹਦੇ ਨਿਜਰੂਪਕ ਨੇਮਾਂ ਤੇ ਪਾਲਣਹਾਰ ਗੁਣਾਂ ਦੇ ਰੂਪ ਵਿਚ ਚਿਤਵਿਆ ਸੀ ਤੇ ਚਿਤਰਿਆ ਸੀ। ਉਹਦੀ ਕਰੋਪੀ ਤੇ ਨਿੱਜਰੂਪਕ ਨੇਮਾਂ ਨੂੰ ਵਿਚਾਰਨ ਵੇਲੇ ਉਹ ਤਾੜਨਾ ਦਾ ਕੰਮ ਦਿੰਦਾ ਸੀ ਤਾਂ ਮਨੁੱਖ ਸਮਾਜ ਵਾਸਤੇ ਖ਼ਤਰਾ ਨਾ ਬਣ ਜਾਵੇ। ਉਹਦੇ ਪਾਲਣਹਾਰ ਗੁਣਾਂ ਵਿਚ ਉਹ ਮਾਂ-ਪਿਤਾ, ਭੈਣ, ਭਾਈ, ਦੋਸਤ ਤੇ ਮਦਦਗਾਰ ਸੀ ਤਾਂ ਕਿ ਉਸ ਹਾਲਤ ਵਿਚ ਜਦ ਬੰਦੇ ਨੂੰ ਔਖੇ ਵੇਲੇ ਹਰ ਕੋਈ ਛੱਡ ਜਾਵੇ ਤਾਂ ਉਸ ਘੜੀ ਵੀ ਬੰਦੇ ਨੂੰ ਇਹ ਧਰਵਾਸ ਰਹੇ ਕਿ ਉਹਦੀ ਮਦਦ ਕਰਨ ਲਈ ਉਹਨੂੰ ਢਾਰਸ ਦੇਣ ਲਈ ਸਦਾ ਸਲਾਮਤ ਰਹਿਣ ਵਾਲਾ ਸੱਚਾ ਮਿੱਤਰ ਰੱਬ ਹੈ। ਆਦਿ ਕਾਲ ਵਿਚ ਰੱਬ ਸੱਚੇ ਅਰਥਾਂ ਵਿਚ ਸਮਾਜ ਲਈ ਲਾਹੇਵੰਦ ਸੀ। ਔਖੀ ਘੜੀ ਵੇਲੇ ਰੱਬ ਦਾ ਵਿਚਾਰ ਬੰਦੇ ਲਈ ਮਦਦਗਾਰ ਹੁੰਦਾ ਹੈ।

ਸਮਾਜ ਨੇ ਜਿਵੇਂ ਬੁੱਤਪੂਜਾ ਤੇ ਧਰਮ ਦੇ ਤੰਗਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ, ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁੱਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤੇ ਯਥਾਰਥਵਾਦੀ ਹੋਣ ਲੱਗਾ ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਏਗਾ ਅਤੇ ਹਰ ਮੁਸ਼ਕਲ, ਹਰ ਆਫ਼ਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ, ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚਣ ਵਿਧੀ ਨਾਲ ਹੀ ਨਾਸਤਕ ਬਣਿਆ ਹਾਂ। ਮੇਰਾ ਖ਼ਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮੈਂ ਮਨੁੱਖ ਦਾ ਸਭ ਤੋਂ ਵੱਧ ਖ਼ੁਦਗਰਜ਼ੀ ਕਰਨ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਵੇਗੀ। ਮੈਂ ਉਨ੍ਹਾਂ ਨਾਸਤਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਬਹੁਤ ਡਟ ਕੇ ਸਾਰੀਆਂ ਮੁਸ਼ਕਲਾਂ ਦਾ



Sri Satguru Jagjit Singh Ji Elibrary NamdhariElibrary@gmail.com

ਮੁਕਾਬਲਾ ਕੀਤਾ ਸੀ। ਇਸੇ ਲਈ ਮੈਂ ਅਖ਼ੀਰ ਤਕ ਫ਼ਾਂਸੀ ਦੇ ਤਖ਼ਤੇ 'ਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤ ਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਦੇਖੀਏ ਮੈਂ ਇਸ 'ਤੇ ਕਿੰਨਾ ਕੁ ਪੂਰਾ ਉੱਤਰਦਾ ਹਾਂ। ਮੇਰੇ ਕਿਸੇ ਦੋਸਤ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ। ਜਦ ਮੈਂ ਉਹਨੂੰ ਦੱਸਿਆ ਕਿ ਮੈਂ ਤਾਂ ਨਾਸਤਕ ਹਾਂ, ਤਾਂ ਉਹ ਕਹਿਣ ਲੱਗਾ : "ਦੇਖੀਂ ਆਪਣੇ ਅਖ਼ੀਰੀ ਦਿਨਾਂ 'ਚ ਤੂੰ ਰੱਬ ਨੂੰ ਮੰਨਣ ਲੱਗ ਜਾਏਂਗਾ।" ਮੈਂ ਅੱਗੋਂ ਕਿਹਾ, ਨਹੀਂ ਪਿਆਰੇ ਜਨਾਬ ਜੀ, ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ। ਇੰਜ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗੱਲ ਹੋਵੇਗੀ। ਖ਼ੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ। ਪਾਠਕੋ ਤੇ ਦੋਸਤੋ, ਕੀ ਇਹ ਹਉਮੈਂ ਹੈ। ਜੇ ਇਹ ਹੈ ਤਾਂ ਮੈਂ ਇਸ ਲਈ ਦ੍ਰਿੜ ਹਾਂ।

* * *

## 101. ਇਤਿਹਾਸਕ ਦਸਤਾਵੇਜ਼ ਕਿਵੇਂ ਪਰਖੀਏ ?

*—15 ਜਨਵਰੀ, 1931*

[ਲਾਲਾ ਰਾਮ ਸਰਨ ਦਾਸ ਆਜ਼ਾਦੀ ਲੜਾਈ ਦੇ ਉਨ੍ਹਾਂ ਘੱਟ ਜਾਣੇ ਜਾਣ ਵਾਲੇ ਸਿਪਾਹੀਆਂ ਵਿਚੋਂ ਹਨ, ਜਿਹੜੇ ਜਦ ਤੁਰ ਪਏ, ਮੰਜ਼ਲੇ ਆਜ਼ਾਦੀ ਲਈ ਤਾਂ ਫਿਰ ਕਦੀ ਸਾਹ ਨਹੀਂ ਲਿਆ। ਮੁਸੀਬਤਾਂ ਝੱਲਦੇ ਰਹੇ, ਲੜਾਈ ਲੜਦੇ ਰਹੇ। 1907 ਵਿਚ ਸ. ਅਜੀਤ ਸਿੰਘ ਨਾਲ ਉਨ੍ਹਾਂ ਆਜ਼ਾਦੀ ਦੀ ਜੰਗ ਵਿਚ ਕਦਮ ਰੱਖਿਆ। ਗ਼ਦਰ ਪਾਰਟੀ ਦੇ ਆਜ਼ਾਦੀ ਤੇ ਬਰਾਬਰੀ ਦੇ ਯੱਗ ਵਿਚ ਪੂਰਾ ਯੋਗਦਾਨ ਪਾਇਆ। ਉਮਰ ਕੈਦ ਕੱਟੀ ਤੇ ਜਦ ਬਾਹਰ ਆਏ ਤਾਂ ਸ਼ਹੀਦ ਭਗਤ ਸਿੰਘ ਦੀ ਲਹਿਰ ਚੱਲ ਰਹੀ ਸੀ। ਉਸ ਵਿਚ ਮੱਦਦਗਾਰ ਬਣ ਗਏ। ਲਾਹੌਰ ਸਾਜ਼ਿਸ਼ ਕੇਸ ਵਿਚ ਘਸੀਟ ਲਿਆ ਗਿਆ। ਸ਼ਹੀਦ ਭਗਤ ਸਿੰਘ ਦੇ ਸੁਝਾਅ 'ਤੇ ਉਨ੍ਹਾਂ ਕੁਝ ਅਜਿਹੇ ਦਾਅ-ਪੇਚ ਖੇਡੇ ਕਿ ਦੁਬਾਰਾ ਉਮਰ ਕੈਦ ਤੋਂ ਬਚ ਗਏ ਪਰ ਪੰਜ ਸਾਲ ਸਜ਼ਾ ਹੋਈ। 15 ਜਨਵਰੀ, 1931 ਨੂੰ ਉਨ੍ਹਾਂ ਭਗਤ ਸਿੰਘ ਨੂੰ ਆਪਣੀ ਕਿਤਾਬ ਡਰੀਮਲੈਂਡ, ਜੋ ਸਾਲਮ ਕੇਂਦਰੀ ਜੇਲ੍ਹ (ਮਦਰਾਸ) ਵਿਚ ਸਜ਼ਾ ਕਟਦੇ ਹੋਏ ਅੰਗਰੇਜ਼ੀ ਵਿਚ ਕਵਿਤਾ ਲਿਖੀ ਸੀ, ਦੇ ਮੁਖ ਬੰਦ ਲਈ ਕਿਹਾ। ਇਸ ਕਰਕੇ ਇਹ ਭੂਮਿਕਾ, ਜੋ ਭਗਤ ਸਿੰਘ ਦੀ ਵਿਚਾਰਧਾਰਕ ਪੱਖ ਤੋਂ ਇਕ ਅਹਿਮ ਦਸਤਾਵੇਜ਼ ਹੈ, ਸਾਡੇ ਤਕ ਅਪੜ ਸਕੀ। ਅਸੀਂ ਲਾਲਾ ਰਾਮ ਸਰਨ ਦਾਸ ਜੀ ਦੇ ਇਸ ਲਈ ਹੋਰ ਵੀ ਰਿਣੀ ਹਾਂ। —ਸੰਪਾਦਕ]

### 'ਡਰੀਮਲੈਂਡ' ਦੀ ਭੂਮਿਕਾ

ਮੇਰੇ ਚੰਗੇ ਦੋਸਤ ਲਾਲਾ ਰਾਮ ਸਰਨ ਦਾਸ ਹੁਰਾਂ ਮੈਨੂੰ ਆਪਣੇ ਕਾਵਿ-ਸੰਗ੍ਰਹਿ 'ਡਰੀਮਲੈਂਡ' (ਸੁਪਨਦੇਸ਼) ਦੀ ਭੂਮਿਕਾ ਲਿਖਣ ਨੂੰ ਕਿਹਾ ਹੈ। ਮੈਂ ਨਾ ਤਾਂ ਸ਼ਾਇਰ ਹਾਂ, ਨਾ ਸਾਹਿਤਕਾਰ, ਨਾ ਕੋਈ ਪੱਤਰਕਾਰ ਹਾਂ ਅਤੇ ਨਾ ਹੀ ਆਲੋਚਕ। ਇਸ ਲਈ ਮੈਂ ਕਿਸੇ ਤਰ੍ਹਾਂ ਵੀ ਉਨ੍ਹਾਂ ਦੀ ਮੰਗ ਪੂਰੀ ਨਹੀਂ ਕਰ ਸਕਦਾ। ਪਰ ਜਿਹੋ-ਜਿਹੇ ਹਾਲਾਤ ਵਿਚ ਮੈਂ ਹਾਂ, ਉਨ੍ਹਾਂ ਕਾਰਨ ਮੈਂ ਲੇਖਕ ਨਾਲ ਸਮੱਸਿਆ ਬਾਰੇ ਬਹਿਸ-ਮੁਬਾਹਸਾ ਵੀ ਨਹੀਂ ਕਰ ਸਕਦਾ। ਫੇਰ ਤਾਂ ਮੇਰੇ ਕੋਲ ਇਕੋ ਹੀ ਰਾਹ ਹੈ ਕਿ ਮੈਂ ਆਪਣੇ ਦੋਸਤ ਦੀ ਇੱਛਾ ਪੂਰੀ ਕਰ ਹੀ ਦਿਆਂ।

ਕਿਉਂਕਿ ਮੈਂ ਕਵੀ ਨਹੀਂ ਹਾਂ, ਇਸ ਲਈ ਮੈਂ ਕਿਤਾਬ ਬਾਰੇ ਕਵਿਤਾ ਦੇ ਦ੍ਰਿਸ਼ਟੀਕੋਣ ਤੋਂ ਬਹਿਸ ਨਹੀਂ ਕਰਾਂਗਾ। ਮੈਨੂੰ ਛੰਦਬੰਦੀ ਦਾ ਅਸਲੋਂ ਹੀ ਕੋਈ ਇਲਮ ਨਹੀਂ ਹੈ, ਤੇ ਮੈਂ ਇਹ ਵੀ ਨਹੀਂ ਜਾਣਦਾ ਕਿ ਛੰਦਬੰਦੀ ਦੇ ਲਿਹਾਜ਼ ਨਾਲ ਪਰਖਿਆਂ ਵੀ ਇਹ ਕਿਤਾਬ ਪੂਰੀ ਉੱਤਰੇਗੀ ਜਾਂ ਨਹੀਂ। ਕਿਉਂਕਿ ਮੈਂ ਸਾਹਿਤਕਾਰ ਨਹੀਂ ਹਾਂ, ਇਸ ਲਈ ਮੈਂ ਇਸ ਕਿਤਾਬ ਨੂੰ ਕੌਮੀ ਸਾਹਿਤ ਵਿਚ ਯੋਗ ਥਾਂ ਦਿਵਾਉਣ ਦੀ ਦ੍ਰਿਸ਼ਟੀ ਨਾਲ ਵੀ ਨਹੀਂ ਵਿਚਾਰਾਂਗਾ।



Sri Satguru Jagjit Singh Ji Elibrary NamdhariElibrary@gmail.com

ਮੈਂ ਸਿਆਸੀ ਕਾਰਕੁੰਨ ਹਾਂ ਤੇ ਵੱਧ ਤੋਂ ਵੱਧ ਮੈਂ ਇਸ ਕਿਤਾਬ ਨੂੰ ਸਿਆਸੀ ਨਜ਼ਰੀਏ ਤੋਂ ਹੀ ਵਿਚਾਰ ਸਕਦਾ ਹਾਂ। ਇਸ ਨਜ਼ਰੀਏ ਤੋਂ ਵਿਚਾਰਨਾ ਹੀ ਐਸ ਵੇਲੇ ਬਿਲਕੁਲ ਅਸੰਭਵ ਜਾਂ ਕਮ-ਅਜ਼-ਕਮ ਬਹੁਤ ਮੁਸ਼ਕਲ ਕੰਮ ਹੈ। ਅਸੂਲਨ ਤੌਰ 'ਤੇ ਭੂਮਿਕਾ ਹਮੇਸ਼ਾ ਉਹ ਵਿਅਕਤੀ ਲਿਖਿਆ ਕਰਦਾ ਹੈ, ਜੋ ਲੇਖਕ ਦੀ ਕਿਰਤ ਨਾਲ ਸਹਿਮਤ ਹੋਵੇ। ਪਰ ਇਥੇ ਮੁਆਮਲਾ ਅਸਲੋਂ ਹੀ ਵੱਖਰਾ ਹੈ। ਮੈਂ ਆਪਣੇ ਦੋਸਤ ਨਾਲ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ ਹਾਂ। ਲਾਲਾ ਜੀ ਨੂੰ ਇਸ ਗੱਲ ਦਾ ਪਤਾ ਸੀ ਕਿ ਕਈ ਅਹਿਮ ਨੁਕਤਿਆਂ ਬਾਰੇ ਮੇਰਾ ਉਨ੍ਹਾਂ ਨਾਲ ਮੱਤਭੇਦ ਸੀ। ਇਸ ਲਈ ਮੇਰੀ ਇਹ ਲਿਖਤ ਭੂਮਿਕਾ ਕਤੱਈ ਨਹੀਂ ਹੋਣ ਲੱਗੀ। ਵੱਧ ਤੋਂ ਵੱਧ ਇਹ ਆਲੋਚਨਾ ਹੋ ਸਕਦੀ ਹੈ ਅਤੇ ਇਸਦੀ ਜਗ੍ਹਾ ਕਿਤਾਬ ਦੇ ਅਖ਼ੀਰ ਵਿਚ ਹੋਵੇਗੀ, ਸ਼ੁਰੂ ਵਿਚ ਨਹੀਂ।.

ਸਿਆਸੀ ਖੇਤਰ ਵਿਚ ਡਰੀਮਲੈਂਡ ਦੀ ਬਹੁਤ ਅਹਿਮ ਥਾਂ ਹੈ। ਮੌਜੂਦਾ ਹਾਲਾਤ ਵਿਚ ਇਹ ਕਿਤਾਬ ਲਹਿਰ ਦੇ ਵੱਡੇ ਖੱਪੇ ਨੂੰ ਪੂਰ ਰਹੀ ਹੈ। ਦਰਅਸਲ ਸਾਡੇ ਮੁਲਕ ਦੇ ਅਜੋਕੇ ਇਤਿਹਾਸ ਵਿਚ ਅਹਿਮ ਰੋਲ ਅਦਾ ਕਰਨ ਵਾਲੀਆਂ ਸਾਰੀਆਂ ਸਿਆਸੀ ਲਹਿਰਾਂ ਮਨੋਰਥ ਦੇ ਆਦਰਸ਼ ਤੋਂ ਵਿਰਵੀਆਂ ਰਹੀਆਂ ਹਨ। ਇਨਕਲਾਬੀ ਲਹਿਰ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੈ। ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੈਨੂੰ ਸਪੱਸ਼ਟ ਵਿਚਾਰਾਂ ਵਾਲੀ ਕੋਈ ਇਨਕਲਾਬੀ ਪਾਰਟੀ ਨਜ਼ਰ ਨਹੀਂ ਆਈ। ਇਕੋ-ਇਕ ਗ਼ਦਰ ਪਾਰਟੀ ਸੀ, ਜੋ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਤੋਂ ਪ੍ਰੇਰਿਤ ਹੋ ਕੇ ਮੌਜੂਦਾ ਸਰਕਾਰ ਦੀ ਥਾਂ ਪਰਜਾਤੰਤਰਿਕ (ਰੀਪਬਲਿਕਨ) ਕਿਸਮ ਦੀ ਸਰਕਾਰ ਕਾਇਮ ਕਰਨ ਲਈ ਸਪੱਸ਼ਟ ਰੂਪ ਵਿਚ ਕਹਿੰਦੀ ਸੀ। ਦੂਜੀਆਂ ਸਾਰੀਆਂ ਪਾਰਟੀਆਂ ਦਾ ਬੱਸ ਇਕੋ-ਇਕ ਨਿਸ਼ਾਨਾ ਸੀ, ਉਹ ਸੀ ਵਿਦੇਸ਼ੀ ਹਾਕਮਾਂ ਦੇ ਖ਼ਿਲਾਫ ਲੜਨਾ। ਇਹ ਵਿਚਾਰ ਤਾਂ ਸਲਾਹੁਣਯੋਗ ਹੈ, ਪਰ ਇਹਨੂੰ ਇਨਕਲਾਬੀ ਵਿਚਾਰ ਨਹੀਂ ਕਿਹਾ ਜਾ ਸਕਦਾ। ਸਾਨੂੰ ਲਾਜ਼ਮੀ ਤੌਰ 'ਤੇ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਇਨਕਲਾਬ ਦਾ ਮਤਲਬ ਨਿਰੀ ਉਥਲ-ਪੁਥਲ ਜਾਂ ਖ਼ੂਨੀ ਲੜਾਈ ਨਹੀਂ ਹੁੰਦੀ। ਇਨਕਲਾਬ ਦਾ ਲਾਜ਼ਮੀ ਭਾਵ ਮੌਜੂਦਾ ਹਾਲਾਤ (ਯਾਨੀ ਰਾਜ ਪ੍ਰਬੰਧ) ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਸਮਾਜ ਦੇ ਨਵੇਂ ਤੇ ਚੰਗੇਰੇ ਅਨੁਕੂਲਤ ਆਧਾਰ 'ਤੇ ਕੀਤੀ ਜਾਣ ਵਾਲੀ ਬਾਕਾਇਦਾ ਮੁੜ ਉਸਾਰੀ ਦੇ ਪ੍ਰੋਗਰਾਮ ਤੋਂ ਹੁੰਦਾ ਹੈ।

(ਸਾਡੇ) ਸਿਆਸੀ ਖੇਤਰ ਵਿਚ ਲਿਬਰਲ (ਨਰਮਦਲੀਏ) ਮੌਜੂਦਾ ਸਰਕਾਰ ਅਧੀਨ ਕੁਝ ਸੁਧਾਰ ਚਾਹੁੰਦੇ ਸਨ, ਜਦਕਿ ਗਰਮਦਲੀਆਂ ਦੀ ਮੰਗ ਇਸ ਤੋਂ ਰਤਾ ਅਗਾਂਹ ਸੀ ਅਤੇ ਉਹ ਇਸ ਮਕਸਦ ਲਈ ਪਰਿਵਰਤਨਕਾਰੀ ਤਰੀਕੇ ਅਪਣਾਉਣ ਲਈ ਤਿਆਰ ਸਨ। ਇਨਕਲਾਬੀ ਹਮੇਸ਼ਾ ਸਿਰੇ ਦੇ ਤਰੀਕਿਆਂ ਦੇ ਹਮਾਇਤੀ ਰਹੇ, ਉਨ੍ਹਾਂ ਦਾ ਨਿਸ਼ਾਨਾ ਇਕੋ ਹੀ ਸੀ ਕਿ ਵਿਦੇਸ਼ੀ ਗਲਬੇ ਨੂੰ ਉਲਟਾ ਦਿੱਤਾ ਜਾਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਇਹੋ ਜਿਹੇ ਵੀ ਲੋਕ ਸਨ, ਜੋ ਉਨ੍ਹਾਂ ਤਰੀਕਿਆਂ ਰਾਹੀਂ ਕੁਝ ਸੁਧਾਰਾਂ ਦੇ ਹਮਾਇਤੀ ਸਨ। ਇਨ੍ਹਾਂ ਸਾਰੀਆਂ ਲਹਿਰਾਂ ਨੂੰ ਸਹੀ ਅਰਥਾਂ ਵਿਚ ਇਨਕਲਾਬੀ ਲਹਿਰਾਂ ਦਾ ਨਾਂ ਨਹੀਂ ਦਿੱਤਾ ਜਾ ਸਕਦਾ।

ਪਰ ਲਾਲਾ ਰਾਮ ਸਰਨ ਦਾਸ ਹੁਰੀਂ ਪੰਜਾਬ ਦੇ ਪਹਿਲੇ ਇਨਕਲਾਬੀ ਸਨ, ਜਿਨ੍ਹਾਂ ਨੂੰ ਕਿਸੇ ਬੰਗਾਲੀ ਮਫਰੂਰ ਨੇ 1908 ਵਿਚ ਬਾਕਾਇਦਾ ਰੂਪ ਵਿਚ ਭਰਤੀ ਕੀਤਾ ਸੀ। ਫੇਰ ਇਨ੍ਹਾਂ ਦਾ ਇਨਕਲਾਬੀ ਲਹਿਰਾਂ ਨਾਲ ਸਬੰਧ ਰਿਹਾ ਅਤੇ ਅਖ਼ੀਰ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ ਪਰ ਇਨ੍ਹਾਂ ਦੇ ਵਿਚਾਰ ਪਹਿਲੀ ਲਹਿਰ ਦੇ ਆਦਰਸ਼ ਵਾਲੇ ਹੀ ਰਹੇ। ਇਸ ਕਿਤਾਬ ਦੀ ਖ਼ੂਬਸੂਰਤੀ ਤੇ ਕਦਰ ਵਧਾਉਣ ਵਾਲਾ ਇਕ ਹੋਰ ਦਿਲਚਸਪ ਤੱਥ ਹੈ। ਲਾਲਾ ਜੀ ਨੂੰ 1915 ਵਿਚ ਫ਼ਾਂਸੀ ਦੀ ਸਜ਼ਾ ਹੋਈ ਸੀ ਤੇ ਮਗਰੋਂ ਟੁਟ ਕੇ ਉਮਰ ਕੈਦ ਵਿਚ ਬਦਲ ਗਈ। ਅੱਜ ਮੈਂ ਆਪ ਫ਼ਾਂਸੀ ਕੋਠੀ ਵਿਚ ਬੈਠਾ ਪਾਠਕਾਂ ਨੂੰ ਦਾਅਵੇ ਨਾਲ ਦੱਸ ਸਕਦਾ ਹਾਂ ਕਿ ਉਮਰ ਕੈਦ ਮੌਤ ਨਾਲੋਂ



Sri Satguru Jagjit Singh Ji Elibrary NamdhariElibrary@gmail.com

ਮੁਕਾਬਲਤਨ ਕਿਤੇ ਵੱਧ ਸਖ਼ਤ ਸਜ਼ਾ ਹੁੰਦੀ ਹੈ। ਲਾਲਾ ਰਾਮ ਸਰਨ ਦਾਸ ਹੁਰਾਂ ਨੂੰ ਚੌਦਾਂ ਵਰ੍ਹਿਆਂ ਦੀ ਪੱਕੀ ਕੈਦ ਕੱਟਣੀ ਪਈ ਸੀ। ਇਨ੍ਹਾਂ ਨੇ ਇਹ ਕਵਿਤਾਵਾਂ ਦੱਖਣ ਦੀ ਕਿਸੇ ਜੇਲ੍ਹ ਵਿਚ ਲਿਖੀਆਂ ਸਨ। ਉਸ ਵੇਲੇ ਜੋ ਕਵੀ ਦੀ ਮਾਨਸਿਕ ਹਾਲਤ ਸੀ ਤੇ ਜੋ ਇਨ੍ਹਾਂ ਦੇ ਅੰਦਰ ਜੱਦੋ-ਜਹਿਦ ਚੱਲ ਰਹੀ ਸੀ, ਉਹਦੀ ਛਾਪ ਇਨ੍ਹਾਂ ਦੀਆਂ ਕਵਿਤਾਵਾਂ 'ਤੇ ਹੈ, ਜਿਸ ਸਦਕਾ ਇਹ ਵਧੇਰੇ ਖ਼ੂਬਸੂਰਤ ਤੇ ਦਿਲਚਸਪ ਹੋ ਗਈਆਂ ਹਨ। ਇਨ੍ਹਾਂ ਨੂੰ ਲਿਖਣ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਬੜੇ ਵਾਹੂ ਵਿਚਾਰਾਂ ਨਾਲ ਜੱਦੋ-ਜਹਿਦ ਕਰਦੇ ਰਹੇ। ਜਿਨ੍ਹੀਂ ਦਿਨੀਂ ਇਨ੍ਹਾਂ ਦੇ ਬਹੁਤ ਸਾਰੇ ਸਾਥੀ ਨੇਕਚਲਨੀ ਦਾ ਵਿਸ਼ਵਾਸ ਦੇ ਕੇ ਰਿਹਾਅ ਹੋ ਚੁੱਕੇ ਸਨ ਅਤੇ ਇਨ੍ਹਾਂ ਸਮੇਤ ਹਰ ਕੋਈ ਰਿਹਾਅ ਹੋਣ ਲਈ ਬਹੁਤ ਬੇਤਾਬ ਸੀ ਅਤੇ ਪਤਨੀ ਤੇ ਬੱਚਿਆਂ ਦੀਆਂ ਮਿੱਠੀਆਂ ਤੇ ਦਰਦਨਾਕ ਯਾਦਾਂ ਨੇ ਆਜ਼ਾਦ ਹੋਣ ਦੀ ਬੇਤਾਬੀ ਹੋਰ ਵੀ ਵਧਾ ਦਿੱਤੀ ਸੀ, ਤਾਂ ਉਸ ਹਾਲਤ ਵਿਚ ਲਾਲਾ ਰਾਮ ਸਰਨ ਜੀ ਨੂੰ ਇਨ੍ਹਾਂ ਵਾਹੂ ਗੱਲਾਂ ਵਿਰੁੱਧ ਜ਼ੋਰਦਾਰ ਜੱਦੋਜਹਿਦ ਕਰਨੀ ਪਈ ਸੀ ਅਤੇ ਇਨ੍ਹਾਂ ਨੇ ਆਪਣਾ ਕਵਿਤਾ ਲਿਖਣ ਵੱਲ ਲਾ ਦਿੱਤਾ ਸੀ। ਇਸੇ ਕਾਰਨ ਸ਼ੁਰੂ ਦੇ ਬੰਦ ਵਿਚ ਹੀ ਸਾਨੂੰ ਜਜ਼ਬਾਤ ਦੀ ਛੱਲ ਨਜ਼ਰ ਆਉਂਦੀ ਹੈ :

Wife, Children, Friends that we surround,
Were poisonous snakes all around.
ਪਤਨੀ, ਬੱਚੇ, ਸੱਜਣ ਮੇਰੇ ਚਾਰ ਚੁਫੇਰੇ,
ਲੱਗਦੇ ਮੈਨੂੰ ਨਾਗ ਜ਼ਹਿਰੀਲੇ।

ਰਾਮ ਸਰਨ ਜੀ ਸ਼ੁਰੂ ਵਿਚ ਹੀ ਦਰਸ਼ਨ ਦੀ ਗੱਲ ਕਰਦੇ ਹਨ। ਇਹ ਦਰਸ਼ਨ ਬੰਗਾਲ ਦੀਆਂ ਤੇ ਪੰਜਾਬ ਦੀਆਂ ਸਾਰੀਆਂ ਇਨਕਲਾਬੀ ਲਹਿਰਾਂ ਦੀ ਰੀੜ੍ਹ ਦੀ ਹੱਡੀ ਹੈ। ਇਸ ਨੁਕਤੇ ਤੋਂ ਮੇਰਾ ਕਵੀ ਨਾਲ ਬਹੁਤ ਵੱਡਾ ਮੱਤਭੇਦ ਹੈ। ਇਨ੍ਹਾਂ ਦੀ ਕੀਤੀ ਬ੍ਰਹਿਮੰਡ ਦੀ ਵਿਆਖਿਆ ਉਦੇਸ਼ਵਾਸੀ (Teleogical) ਤੇ ਪਰਾਭੌਤਿਕ (Metaphysical) ਹੈ। ਜਦਕਿ ਮੈਂ ਪਦਾਰਥਵਾਦੀ ਹਾਂ ਅਤੇ ਇਸ ਦ੍ਰਿਸ਼ਟਮਾਨ ਬਾਰੇ ਮੇਰੀ ਵਿਆਖਿਆ ਕਰਣਾਤਮਕ (Causal) ਹੋਵੇਗੀ। ਤਾਂ ਵੀ, ਇਸ ਕਿਤਾਬ ਦੀ ਹਰ ਲਿਹਾਜ਼ ਨਾਲ ਪ੍ਰਸੰਗਿਕਤਾ ਹੈ। ਸਾਡੇ ਮੁਲਕ ਵਿਚ ਜੋ ਆਮ ਵਿਚਾਰ ਪ੍ਰਚੱਲਿਤ ਹਨ, ਉਹ ਕਵੀ ਦੇ ਪ੍ਰਗਟਾਏ ਵਿਚਾਰਾਂ ਨਾਲ ਮੇਲ ਖਾਂਦੇ ਹਨ। ਉਦਾਸੀ ਦੂਰ ਕਰਨ ਲਈ ਇਨ੍ਹਾਂ ਨੇ ਪ੍ਰਾਰਥਨਾ ਦਾ ਸਹਾਰਾ ਲਿਆ ਸੀ, ਜਿਵੇਂ ਕਿ ਕਿਤਾਬ ਦਾ ਸਾਰਾ ਸ਼ੁਰੂ ਦਾ ਹਿੱਸਾ ਰੱਬ, ਉਹਦੀ ਉਸਤਿਤ, ਉਹਦੀ ਵਿਆਖਿਆਂ ਨਾਲ ਭਰਿਆ ਪਿਆ ਹੈ। ਰੱਬ ਦਾ ਵਿਸ਼ਵਾਸ ਰਹੱਸਵਾਦ ਦਾ ਸਿੱਟਾ ਹੁੰਦਾ ਹੈ, ਜੋ ਕਿ ਉਦਾਸੀ ਦਾ ਕੁਦਰਤੀ ਇਜ਼ਹਾਰ ਹੁੰਦਾ ਹੈ। ਇਹ ਕਹਿਣਾ ਕਿ ਇਹ ਦੁਨੀਆ 'ਮਾਇਆ' ਜਾਂ 'ਮਿਥਿਆ' ਹੈ, ਸੁਪਨਾ ਜਾਂ ਕਲਪਨਾ ਹੈ, ਸਰੀਹਣ ਰਹੱਸਵਾਦ ਹੈ, ਜਿਹਨੂੰ ਪੁਰਾਣੇ ਸਮਿਆਂ ਦੇ ਸ਼ੰਕਰਾਚਾਰਯ ਤੇ ਹੋਰ ਹਿੰਦੂ ਰਿਸ਼ੀਆਂ ਨੇ ਜਨਮ ਦੇ ਕੇ ਵਿਕਸਤ ਕੀਤਾ ਸੀ। ਪਰ ਪਦਾਰਥਵਾਦੀ ਦਰਸ਼ਨ ਵਿਚ ਇਸ ਕਿਸਮ ਦੀ ਵਿਚਾਰ ਵਿਧੀ ਲਈ ਕੋਈ ਥਾਂ ਨਹੀਂ ਹੈ। ਪਰ ਕਵੀ ਦਾ ਰਹੱਸਵਾਦ ਕਿਸੇ ਤਰ੍ਹਾਂ ਵੀ ਤੁੱਛ ਜਾਂ ਨਿੰਦਣਯੋਗ ਨਹੀਂ ਹੈ। ਇਹਦੀ ਆਪਣੀ ਖ਼ੂਬਸੂਰਤੀ ਤੇ ਕਸ਼ਿਸ਼ ਹੈ। ਵਿਚਾਰ ਉਤਸ਼ਾਹ ਵਧਾਉਣ ਵਾਲੇ ਹਨ। ਜ਼ਰਾ ਦੇਖੋ :

Be a foundation stone obscure,
And on thy breast cheerfully bear.
The architecture vast and huge,
In suffering find true refuge.
Envy not the plastered top-stone,
On which all wordly praise is throw....



Sri Satguru Jagjit Singh Ji Elibrary NamdhariElibrary@gmail.com

ਧਰਤ ਹੇਠ ਲੱਗਾ ਸੰਗ-ਇ-ਬੁਨਿਆਦ ਹੋ ਜਾਓ
ਵੱਡੇ ਉਸਰੇ ਕਲੌਬ ਮਕਾਨ ਦਾ ਜੀ
ਸੀਨੇ ਆਪਣੇ 'ਤੇ ਹੱਸ ਕੇ ਭਾਰ ਝੱਲੋ
ਘੜੀ ਦੁੱਖ ਦੀ ਸਬਰ-ਸੰਤੋਖ ਹੈ ਜੀ
ਉੱਚੀ ਮਮਟੀ ਨਾਲ ਕਰੀਏ ਨਾ ਕਦੇ ਸਾਂਝਾ
ਜਿਸਦੀ ਸ਼ਾਨ ਗਾਉਣਾ ਕੰਮ ਜਹਾਨ ਦਾ ਜੀ...

ਮੈਂ ਆਪਣੇ ਜ਼ਾਤੀ ਤਜਰਬੇ ਤੋਂ ਜ਼ੋਰ ਦੇ ਕੇ ਆਖ ਸਕਦਾ ਹਾਂ ਕਿ ਗੁਪਤ (ਸਿਆਸੀ) ਕੰਮ ਵਿਚ ਜਦ ਬੰਦੇ ਨੂੰ ਲਗਾਤਾਰ ਖ਼ਤਰੇ ਦੀ ਜ਼ਿੰਦਗੀ ਜਿਊਣੀ ਪੈਂਦੀ ਹੈ, "ਨਾ ਕੋਈ ਆਸ ਹੁੰਦੀ ਹੈ ਤੇ ਨਾ ਕੋਈ ਡਰ", ਬੰਦਾ ਹਮੇਸ਼ਾ ਗੁੰਮਨਾਮੀ ਵਿਚ ਮਰਨ ਲਈ ਤਿਆਰ ਹੁੰਦਾ ਹੈ ਤਾਂ ਇਸ ਹਾਲਾਤ ਵਿਚ ਆਪਣੀਆਂ ਨਿੱਜੀ ਖ਼ਾਹਿਸ਼ਾਂ ਤੇ ਮੋਹ ਵਿਰੁੱਧ ਲੜਨ ਲਈ ਉਹਦੇ ਕੋਲ ਇਸ ਕਿਸਮ ਦੇ ਰਹੱਸਵਾਦ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ ਅਤੇ ਇਹੋ ਜਿਹਾ ਰਹੱਸਵਾਦ ਕਿਸੇ ਤਰ੍ਹਾਂ ਵੀ ਦਿਲ ਪਸਤ ਕਰਨ ਵਾਲਾ ਨਹੀਂ ਹੁੰਦਾ। ਲਾਲਾ ਰਾਮ ਸਰਨ ਦਾਸ ਜੀ ਇਸ ਤੋਂ ਅੱਗੇ ਇਨਕਲਾਬੀ ਦੀ ਮਾਨਸਿਕਤਾ ਬਾਰੇ ਗੱਲ ਕਰਦੇ ਹਨ। ਇਹ ਉਸ ਇਨਕਲਾਬੀ ਪਾਰਟੀ ਦੇ ਮੈਂਬਰ ਸਨ, ਜਿਹਨੂੰ ਕਈ ਹਿੰਸਕ ਕਾਰਵਾਈਆਂ ਦਾ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਪਰ ਇਹਦਾ ਇਹ ਹਰਗਿਜ਼ ਮਤਲਬ ਨਹੀਂ ਕਿ ਇਨਕਲਾਬੀ ਲਹੂ ਪੀਣੇ ਦੈਂਤ ਹੁੰਦੇ ਹਨ, ਜਿਨ੍ਹਾਂ ਨੂੰ ਤਬਾਹੀ ਵਿਚ ਕੋਈ ਮਜ਼ਾ ਆਉਂਦਾ ਹੈ।

**If need be, outwardly be wild,**
**But in thy heart be always mild,**
**His if need be, but do not bite,**
**Love in thy heart and outside fight, etc. etc.**

ਲੋੜ ਪਏ ਤਾਂ ਬਾਹਰੋਂ ਭਾਵੇਂ ਬਣਓ ਖ਼ੂੰਖਾਰ,
ਪਰ ਦਿਲ ਦੇ ਮਾੜੇ ਕਦੇ ਬਣੀਦਾ ਨਹੀਂ,
ਲੋੜ ਪਏ ਤਾ ਦਿਖਾ ਦਿਓ ਕੱਢ ਅੱਖਾਂ,
ਪਰ ਪਿਆਰ ਕਦੇ ਦਿਲੋਂ ਛੱਡੀਦਾ ਨਹੀਂ।

ਉਸਾਰੀ ਵਾਸਤੇ ਤਬਾਹੀ ਜ਼ਰੂਰੀ ਹੀ ਨਹੀਂ, ਸਗੋਂ ਲਾਜ਼ਮੀ ਹੁੰਦੀ ਹੈ। ਇਹ ਇਨਕਲਾਬੀਆਂ ਦੇ ਪ੍ਰੋਗਰਾਮ ਦੀ ਜ਼ਰੂਰੀ ਮੱਦ ਹੁੰਦੀ ਹੈ ਅਤੇ ਹਿੰਸਾ ਤੇ ਅਹਿੰਸਾ ਦਾ ਦਰਸ਼ਨ ਉਪਰੋਕਤ ਸਤਰਾਂ ਵਿਚ ਬਖ਼ੂਬੀ ਬਿਆਨ ਕੀਤਾ ਹੈ। ਲੈਨਿਨ ਨੇ ਇਕ ਵਾਰੀ ਗੋਰਕੀ ਨੂੰ ਕਿਹਾ ਸੀ ਕਿ ਉਹ ਅਜਿਹਾ ਸੰਗੀਤ ਕਦੀ ਨਹੀਂ ਸੁਣ ਸਕੇਗਾ, ਜਿਸ ਨਾਲ ਉਹ ਉਤੇਜਿਤ ਮਹਿਸੂਸ ਕਰੇ ਅਤੇ ਉਨ੍ਹਾਂ ਦੀ ਇਹ ਖ਼ਾਹਸ਼ ਹੁੰਦੀ ਹੋਵੇ ਕਿ ਉਹ ਕਲਾਕਾਰਾਂ ਦੇ ਸਿਰਾਂ ਨੂੰ ਪਲੋਸਣ। ਪਰ ਨਾਲ ਹੀ ਉਨ੍ਹਾਂ ਕਿਹਾ ਸੀ ਕਿ "ਹੁਣ ਕਲਾਕਾਰਾਂ ਦੇ ਸਿਰ ਪਲੋਸਣ ਦਾ ਵੇਲਾ ਨਹੀਂ ਹੈ। ਹੁਣ ਖੋਪੜੀਆਂ ਨੂੰ ਫੇਹਣ ਦਾ ਸਮਾਂ ਹੈ, ਭਾਵੇਂ ਸਾਡਾ ਅੰਤਮ ਮਨੋਰਥ ਹਰ ਕਿਸਮ ਦੀ ਹਿੰਸਾ ਨੂੰ ਖ਼ਤਮ ਕਰਨ ਦਾ ਹੈ।" ਜਦ ਇਨਕਲਾਬੀਆਂ ਨੂੰ ਸਖ਼ਤ ਜ਼ਰੂਰਤ ਵਜੋਂ ਹਿੰਸਕ ਤਰੀਕੇ ਅਪਣਾਉਣੇ ਪੈਂਦੇ ਹਨ, ਤਾਂ ਉਦੋਂ ਉਹ ਬਿਲਕੁਲ ਇਸੇ ਤਰ੍ਹਾਂ ਹੀ ਮਹਿਸੂਸ ਕਰਦੇ ਹਨ।

ਇਸ ਤੋਂ ਮਗਰੋਂ ਲੇਖਕ ਕਈ ਵੱਖ-ਵੱਖ ਵਿਰੋਧੀ ਧਰਮਾਂ ਦੀ ਸਮੱਸਿਆ ਬਾਰੇ ਵਿਚਾਰ ਕਰਦਾ ਹੈ। ਸਭਨਾਂ ਰਾਸ਼ਟਰਵਾਦੀਆਂ ਵਾਂਗ ਰਾਮ ਸਰਨ ਦਾਸ ਜੀ ਵੀ ਇਨ੍ਹਾਂ ਧਰਮਾਂ ਦਾ ਮੇਲ-ਮਿਲਾਪ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਮੱਸਿਆ ਨਾਲ ਨਜਿੱਠਣ ਦੀ ਇਨ੍ਹਾਂ ਦੀ ਵਿਧੀ



Sri Satguru Jagjit Singh Ji Elibrary NamdhariElibrary@gmail.com

ਵਿਸਥਾਰ ਵਾਲੀ ਤੇ ਗੋਲਮੋਲ ਹੈ। ਮੈਂ ਇਸ ਸਮੱਸਿਆ ਨੂੰ ਕਾਰਲ ਮਾਰਕਸ ਦੇ ਇਕੋ ਫ਼ਿਕਰੇ ਨਾਲ ਰੱਦ ਕਰ ਦੇਣਾ ਸੀ ਕਿ "ਧਰਮ ਲੋਕਾਂ ਲਈ ਅਫ਼ੀਮ ਹੁੰਦੀ ਹੈ।"

ਅਖ਼ੀਰ ਵਿਚ ਇਨ੍ਹਾਂ ਦੀ ਕਵਿਤਾ ਦਾ ਸਭ ਤੋਂ ਅਹਿਮ ਹਿੱਸਾ ਹੈ, ਜਿਥੇ ਇਹ ਭਵਿੱਖ ਦੇ ਸਮਾਜ ਬਾਰੇ ਗੱਲ ਕਰਦੇ ਹਨ, ਜਿਸ ਸਮਾਜ ਨੂੰ ਅਸੀਂ ਸਭ ਸਿਰਜਣਾ ਚਾਹੁੰਦੇ ਹਾਂ। ਪਰ ਮੈਂ ਸ਼ੁਰੂ ਵਿਚ ਹੀ ਇਕ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ। ਡਰੀਮਲੈਂਡ ਕਾਵਿ ਸੰਗ੍ਰਹਿ ਸਹੀ ਅਰਥਾਂ ਵਿਚ ਯੂਟੋਪੀਆ (ਸੁਪਨਦੇਸ਼) ਹੈ। ਕਵੀ ਨੇ ਸੰਗ੍ਰਹਿ ਦਾ ਇਹ ਨਾਂ ਰੱਖ ਕੇ ਹੀ ਇਹ ਗੱਲ ਖੁਲ੍ਹਮਖੁਲ੍ਹਾ ਤਸਲੀਮ ਕਰ ਲਈ ਹੈ। ਰਾਮ ਸਰਨ ਦਾਸ ਜੀ ਇਹ ਦਾਅਵਾ ਨਹੀਂ ਕਰਦੇ ਕਿ ਇਨ੍ਹਾਂ ਨੇ ਇਸ ਵਿਸ਼ੇ ਬਾਰੇ ਕੋਈ ਵਿਗਿਆਨਕ ਖੋਜ ਨਿਬੰਧ ਲਿਖਿਆ ਹੈ। ਸਿਰਲੇਖ 'ਡਰੀਮਲੈਂਡ' ਇਹ ਗੱਲ ਸਾਫ਼ ਕਰ ਦਿੰਦਾ ਹੈ। ਪਰ ਸਮਾਜਿਕ ਪ੍ਰਗਤੀ ਵਿਚ ਯੂਟੋਪੀਆਵਾਂ ਦਾ ਬਿਨਾਂ ਸ਼ੱਕ ਬਹੁਤ ਅਹਿਮ ਰੋਲ ਹੁੰਦਾ ਹੈ। ਸੇਂਟ ਸਾਈਮਨ[1], ਫ਼ੂਰੀਏ[2] ਤੇ ਰੌਬਰਟ ਓਵੇਨ[3] ਅਤੇ ਉਨ੍ਹਾਂ ਦੇ ਸਿਧਾਂਤ ਨਾ ਹੁੰਦੇ, ਤਾਂ ਵਿਗਿਆਨਕ ਮਾਰਕਸੀ ਸਮਾਜਵਾਦ ਨਹੀਂ ਹੋਣਾ ਸੀ। ਲਾਲਾ ਰਾਮ ਸਰਨ ਦਾਸ ਜੀ ਦੇ ਯੂਟੋਪੀਏ ਦਾ ਇਹੀ ਮੁਕਾਮ ਹੈ। ਜਦ ਸਾਡੇ (ਸਿਆਸੀ) ਕਾਰਕੁੰਨਾਂ ਨੂੰ ਆਪਣੀ ਲਹਿਰ ਦੇ ਦਰਸ਼ਨ ਨੂੰ ਬਾਕਾਇਦਾ ਰੂਪ ਦੇਣ ਅਤੇ ਲਹਿਰ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਦੀ ਅਹਿਮੀਅਤ ਦਾ ਅਹਿਸਾਸ ਹੋ ਗਿਆ ਤਾਂ ਇਹ ਕਿਤਾਬ ਉਨ੍ਹਾਂ ਲਈ ਬਹੁਤ ਮਦਦਗਾਰ ਸਾਬਤ ਹੋਏਗੀ।

ਮੈਂ ਇਹ ਗੱਲ ਨੋਟ ਕੀਤੀ ਹੈ ਕਿ ਕਵੀ ਦਾ ਅੰਦਾਜ਼-ਏ-ਬਿਆਂ ਮੰਝਿਆ ਹੋਇਆ ਨਹੀਂ। ਆਪਣੇ ਯੂਟੋਪੀਏ ਨੂੰ ਬਿਆਨ ਕਰਦਿਆਂ ਇਹ ਮੌਜੂਦਾ ਸਮਾਜ ਦੇ ਵਿਚਾਰਾਂ ਤੋਂ ਕਿਸੇ ਤਰ੍ਹਾਂ ਵੀ ਬਚ ਨਹੀਂ ਸਕੇ।

"ਜ਼ਰੂਰਤਮੰਦਾਂ ਨੂੰ ਦਾਨ ਦੇਣਾ।"

ਭਵਿੱਖ ਦੇ ਸਮਾਜ ਵਿਚ ਯਾਨੀ ਸਾਮਵਾਦੀ (ਕਮਿਊਨਿਸਟ) ਸਮਾਜ ਵਿਚ, ਜਿਹਨੂੰ ਅਸੀਂ ਉਸਾਰਨਾ ਚਾਹੁੰਦੇ ਹਾਂ, ਅਸੀਂ ਖ਼ੈਰਾਇਤੀ ਸੰਸਥਾਵਾਂ ਖੜ੍ਹੀਆਂ ਨਹੀਂ ਕਰਨੀਆਂ। ਸਗੋਂ ਓਦੋਂ ਤਾਂ ਕੋਈ ਗ਼ਰੀਬ ਅਮੀਰ ਨਹੀਂ ਹੋਵੇਗਾ ਅਤੇ ਦਾਨ ਲੈਣ-ਦੇਣ ਦਾ ਮਸਲਾ ਹੀ ਨਹੀਂ ਹੋਣਾ। ਇਸ ਘਾਟ ਦੇ ਬਾਵਜੂਦ ਕਵੀ ਨੇ ਇਸ ਸਮੱਸਿਆ ਨੂੰ ਬੜੇ ਚੰਗੇ ਤਰੀਕੇ ਨਾਲ ਪੇਸ਼ ਕੀਤਾ ਹੈ।

ਜੋ ਇਨ੍ਹਾਂ ਨੇ ਆਸ ਰੂਪ ਰੇਖਾ ਖਿੱਚੀ ਹੈ, ਉਹ ਵਿਗਿਆਨਕ ਸਮਾਜਵਾਦੀ ਦੀ ਰੂਪ ਰੇਖਾ ਵਰਗੀ ਹੀ ਹੈ। ਪਰ ਕੁਝ ਗੱਲਾਂ ਦਾ ਵਿਰੋਧ ਜਾਂ ਖੰਡਨ ਕਰਨਾ ਬਣਦਾ ਹੈ, ਜਾਂ ਇਉਂ ਕਹਿ ਲਓ ਕਿ ਉਨ੍ਹਾਂ ਦੀ ਤਰਮੀਮ ਕਰਨੀ ਬਣਦੀ ਹੈ। ਮਿਸਾਲ ਵਜੋਂ 427ਵੇਂ ਬੰਦ ਦੀ ਪੈਰ ਟਿੱਪਣੀ ਵਿਚ ਰਾਮ ਸਰਨ ਜੀ ਲਿਖਦੇ ਹਨ ਕਿ ਰਾਜ ਕਰਮਚਾਰੀਆਂ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਹਰ ਰੋਜ਼ ਖੇਤਾਂ ਜਾਂ ਕਾਰਖਾਨਿਆਂ ਵਿਚ ਚਾਰ ਘੰਟੇ ਕੰਮ ਕਰਨਾ ਪਏਗਾ। ਪਰ ਇਹ ਗੱਲ ਫੇਰ ਯੂਟੋਪੀਆਈ ਹੈ ਤੇ ਅਮਲ ਵਿਚ ਨਹੀਂ ਲਿਆਂਦੀ ਜਾ ਸਕਦੀ। ਇਹ ਤਾਂ ਸਗੋਂ ਮੌਜੂਦਾ ਰਾਜ ਪ੍ਰਬੰਧ ਨਾਲ ਨਫ਼ਰਤ ਵਿਚੋਂ ਨਿਕਲੀ ਗੱਲ ਹੈ, ਜਿਸ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਨਾਵਾਜਬ ਬਹੁਤੀਆਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ। ਦਰਅਸਲ ਇਥੋਂ ਤਕ ਕਿ ਬਾਲਸ਼ਵਿਕਾਂ ਨੂੰ ਵੀ ਇਹ ਗੱਲ ਮੰਨਣੀ ਪਈ ਸੀ ਕਿ ਮਾਨਸਿਕ ਕਿਰਤ ਜਿਸਮਾਨੀ ਕਿਰਤ ਜਿੰਨੀ ਹੀ ਉਤਪਾਦਕ ਹੁੰਦੀ ਹੈ ਅਤੇ ਭਵਿੱਖ ਦੇ (ਸਾਮਵਾਦੀ) ਸਮਾਜ ਵਿਚ ਜਦ ਸਮਾਜ ਦੇ ਵੱਖ-ਵੱਖ ਤੱਤਾਂ ਦੇ ਰਿਸ਼ਤੇ ਬਰਾਬਰੀ ਦੇ ਆਧਾਰ 'ਤੇ ਕਾਇਮ ਹੋਣਗੇ, ਤਾਂ ਓਦੋਂ ਉਤਪਾਦਕ

---

1. ਕਲੌਡ ਹੈਨਰੀ ਸੇਂਟ-ਸਾਈਮਨ (1760-1825) ਫ਼ਰਾਂਸੀਸੀ ਯੂਟੋਪੀਆਈ ਸਮਾਜਵਾਦੀ।
2. ਚਾਰਲਸ ਫ਼ੂਰੀਏ (1772-1837) ਫ਼ਰਾਂਸੀਸੀ ਯੂਟੋਪੀਆਈ ਸਮਾਜਵਾਦੀ।
3. ਰੌਬਰਟ ਓਵੇਨ (1771-1858) ਅੰਗਰੇਜ਼ ਯੂਟੋਪੀਆਈ ਸਮਾਜਵਾਦੀ।—ਅਨੁ.



Sri Satguru Jagjit Singh Ji Elibrary NamdhariElibrary@gmail.com

ਤੇ ਵਿਤਰਕ ਇਕੋ ਜਿੰਨੇ ਅਹਿਮ ਸਮਝੇ ਜਾਣਗੇ। ਤੁਸੀਂ ਕਿਸੇ ਜਹਾਜ਼ੀ ਤੋਂ ਇਹ ਉਮੀਦ ਨਹੀ ਕਰ ਸਕਦੇ ਕਿ ਉਹ ਹਰ ਚੌਵੀ ਘੰਟਿਆਂ ਮਗਰੋਂ ਆਪਣੀ ਰੋਟੀ-ਰੋਜ਼ੀ ਕਮਾਉਣ ਲਈ ਆਪਣੀ ਚਾਰ ਘੰਟਿਆਂ ਦੀ ਦਿਹਾੜੀ ਕਰਕੇ ਚਲਾ ਜਾਵੇ ਜਾਂ ਕੋਈ ਸਾਇੰਸਦਾਨ ਆਪਣੀ ਪ੍ਰਯੋਗਸ਼ਾਲਾ ਤੇ ਆਪਣਾ ਪ੍ਰਯੋਗ (ਕੰਮ) ਛੱਡ ਕੇ ਖੇਤਾਂ ਨੂੰ ਆਪਣੇ ਹਿੱਸੇ ਦਾ ਕੰਮ ਕਰਨ ਚਲੇ ਜਾਣ। ਜਹਾਜ਼ੀ ਅਤੇ ਸਾਇੰਸਦਾਨ ਇਕੋ ਜਿੰਨੀ ਉਤਪਾਦਕ ਕਿਰਤ ਕਰਦੇ ਹਨ। ਸਮਾਜਵਾਦੀ ਸਮਾਜ ਸਿਰਫ਼ ਇਕੋ ਫ਼ਰਕ ਦੀ ਆਸ ਕਰਦਾ ਹੈ ਕਿ ਇਸ ਵਿਚ ਮਾਨਸਿਕ ਕੰਮ ਕਰਨ ਵਾਲਿਆਂ ਨੂੰ ਜਿਸਮਾਨੀ ਕੰਮ ਕਰਨ ਵਾਲਿਆਂ ਨਾਲੋਂ ਚੰਗਾ ਨਹੀਂ ਸਮਝਿਆ ਜਾਵੇਗਾ।

ਮੁਫ਼ਤ ਵਿੱਦਿਆ ਬਾਰੇ ਲਾਲਾ ਰਾਮ ਸਰਨ ਦਾਸ ਜੀ ਦਾ ਵਿਚਾਰ ਸੱਚਮੁਚ ਵਿਚਾਰਨਯੋਗ ਹੈ ਅਤੇ ਰੂਸ ਵਿਚ ਸਮਾਜਵਾਦੀ ਸਰਕਾਰ ਨੇ ਕੁਝ ਇਸੇ ਤਰ੍ਹਾਂ ਦਾ ਹੀ ਤਰੀਕਾ ਅਪਣਾਇਆ ਹੋਇਆ ਹੈ।

ਅਪਰਾਧ ਬਾਰੇ ਲਾਲਾ ਰਾਮ ਸਰਨ ਜੀ ਦੀ ਬਹਿਸ ਸੱਚਮੁਚ ਬੜੀ ਉੱਨਤ ਵਿਚਾਰ ਵਿਧੀ ਹੈ। ਅਪਰਾਧ ਸਭ ਤੋਂ ਗੰਭੀਰ ਸਮਾਜਿਕ ਸਮੱਸਿਆ ਹੈ, ਜਿਸਨੂੰ ਬਹੁਤ ਸੁਚੱਜੇ ਤਰੀਕੇ ਨਾਲ ਨਜਿੱਠਣ ਦੀ ਲੋੜ ਹੈ। ਲਾਲਾ ਜੀ ਨੇ ਆਪਣੀ ਜ਼ਿੰਦਗੀ ਦੇ ਬਿਹਤਰੀਨ ਵਰ੍ਹੇ ਜੇਲ ਵਿਚ ਬਿਤਾਏ ਹਨ। ਉਨ੍ਹਾਂ ਨੂੰ ਅਮਲੀ ਤਜਰਬਾ ਹੈ। ਇਕ ਥਾਂ 'ਤੇ ਇਹ ਠੇਠ ਜੇਲ੍ਹ ਦੀ ਬੋਲੀ ਵਰਤਦੇ ਹਨ, "ਹਲਕੀ ਮੁਸ਼ੱਕਤ, ਦਰਮਿਆਨੀ ਮੁਸ਼ੱਕਤ ਤੇ ਸਖ਼ਤ ਮੁਸ਼ੱਕਤ' ਆਦਿ। ਬਾਕੀ ਸਾਰੇ ਸਮਾਜਵਾਦੀਆਂ ਵਾਂਗ ਉਹ ਵੀ ਇਹ ਸੁਝਾਅ ਦਿੰਦੇ ਹਨ ਕਿ ਬਦਲੇ ਦੇ ਸਿਧਾਂਤ ਦੀ ਥਾਂ ਸੁਧਾਰਕ ਸਿਧਾਂਤ ਸਜ਼ਾ ਦਾ ਆਧਾਰ ਹੋਣਾ ਚਾਹੀਦਾ ਹੈ। ਸਜ਼ਾ ਦੇਣ ਦੀ ਥਾਂ ਸੁਧਾਰਨਾ ਨਿਆਂ-ਪ੍ਰਬੰਧ ਦਾ ਮੁੱਖ ਅਸੂਲ ਹੋਣਾ ਚਾਹੀਦਾ ਹੈ। ਜੇਲ੍ਹਖਾਨੇ ਸੁਧਾਰਘਰ ਹੋਣੇ ਚਾਹੀਦੇ ਹਨ ਨਾ ਕਿ ਨਰਕ ਕੁੰਭ। ਇਸ ਸਬੰਧ ਵਿਚ ਪਾਠਕ ਰੂਸੀ ਜੇਲ੍ਹ ਪ੍ਰਬੰਧ ਦਾ ਮੁਤਾਲਿਆ ਕਰਨ।

ਫ਼ੌਜ ਬਾਰੇ ਗੱਲਾਂ ਕਰਦਿਆਂ ਇਨ੍ਹਾਂ ਨੇ ਜੰਗ ਬਾਰੇ ਵੀ ਚਰਚਾ ਕੀਤੀ ਹੈ। ਮੇਰੀ ਰਾਏ ਅਨੁਸਾਰ ਕਮਿਊਨਿਸਟ ਸਮਾਜ ਵਿਚ ਸੰਸਥਾਈ ਰੂਪ ਵਾਲੀ ਜੰਗ ਦੀ ਥਾਂ ਵਿਸ਼ਵਕੋਸ਼ ਦੇ ਕੁਝ ਕੁ ਸਫ਼ਿਆਂ ਵਿਚ ਹੀ ਰਹਿ ਜਾਏਗੀ ਅਤੇ ਓਦੋਂ ਜੰਗੀ ਸਾਮਾਨ ਅਜਾਇਬ ਘਰਾਂ ਦੀ ਸ਼ਾਨ ਹੋਏਗਾ, ਕਿਉਂਕਿ ਉਸ ਸਮਾਜ ਵਿਚ ਵਿਰੋਧੀ ਜਾਂ ਟਕਰਾਵੇਂ ਹਿਤ ਹੋਣਗੇ ਹੀ ਨਹੀਂ, ਜਿਹੜੇ ਜੰਗ ਦੀ ਜੜ੍ਹ ਹੁੰਦੇ ਹਨ।

ਵੱਧ ਤੋਂ ਵੱਧ ਅਸੀਂ ਇਹ ਆਖ ਸਕਦੇ ਹਾਂ ਕਿ ਜੰਗ ਨੂੰ ਸੰਕਰਾਂਤੀ ਕਾਲ (ਕਮਿਊਨਿਸਟ ਸਮਾਜ ਕਾਇਮ ਹੋਣ ਤੋਂ ਪਹਿਲੇ ਸਮੇਂ) ਵਿਚ ਸੰਸਥਾਈ ਰੂਪ ਵਿਚ ਬਰਕਰਾਰ ਰੱਖਣਾ ਪਏਗਾ। ਆਪਾਂ ਜੇ ਅਜੋਕੇ ਰੂਸ ਦੀ ਮਿਸਾਲ ਲਈਏ ਤਾਂ ਸਾਨੂੰ ਇਹ ਗੱਲ ਸਹਿਜੇ ਹੀ ਸਮਝ ਆ ਸਕਦੀ ਹੈ। ਇਸ ਵੇਲੇ ਉਥੇ ਮਜ਼ਦੂਰ ਜਮਾਤ ਦੀ ਸਰਦਾਰੀ (ਡਿਕਟੇਟਰਸ਼ਿਪ) ਹੈ। ਉਹ ਸਮਾਜਵਾਦੀ ਸਮਾਜ ਕਾਇਮ ਕਰਨਾ ਚਾਹੁੰਦੇ ਹਨ। ਇਹਦੇ ਨਾਲ ਹੀ ਪੂੰਜੀਵਾਦੀ ਸਮਾਜ ਤੋਂ ਆਪਣੀ ਹਿਫ਼ਾਜ਼ਤ ਕਰਨ ਲਈ ਫ਼ੌਜ ਰੱਖਣੀ ਪੈਣੀ ਹੈ। ਪਰ ਜੰਗ ਦੇ ਉਦੇਸ਼ ਵੱਖਰੇ ਹੋਣਗੇ। ਸਾਮਰਾਜਵਾਦੀ ਮਨਸੂਬੇ ਕਦੇ ਵੀ ਸਾਡੇ ਸੁਪਨਿਆਂ ਦੇ ਮੁਲਕ ਦੇ ਲੋਕਾਂ ਨੂੰ ਜੰਗ ਛੇੜਨ ਲਈ ਉਕਸਾਅ ਨਹੀਂ ਸਕਣਗੇ। ਜੰਗੀ ਲੁੱਟਮਾਰ ਨਹੀਂ ਹੋਵੇਗੀ। ਇਨਕਲਾਬੀ ਫ਼ੌਜਾਂ ਦੂਜੇ ਦੇਸ਼ਾਂ ਨੂੰ ਲੁੱਟਣ ਜਾਂ ਉਨ੍ਹਾਂ 'ਤੇ ਹਕੂਮਤ ਕਰਨ ਲਈ ਨਹੀਂ, ਸਗੋਂ ਵਿਹਲੜ ਹਾਕਮਾਂ ਨੂੰ ਉਨ੍ਹਾਂ ਦੇ ਤਖ਼ਤਾਂ ਤੋਂ ਲਾਹੁਣ ਲਈ ਤੇ ਉਨ੍ਹਾਂ ਦੀ ਰੱਤਪੀਣੀ ਲੁੱਟ ਨੂੰ ਖ਼ਤਮ ਕਰਨ ਲਈ ਅਤੇ ਇੰਜ ਮਿਹਨਤਕਸ਼ ਲੋਕਾਂ ਨੂੰ ਮੁਕਤ ਕਰਵਾਉਣ ਲਈ ਦੂਜੇ ਦੇਸ਼ਾਂ ਨੂੰ ਕੂਚ ਕਰਨਗੀਆਂ। ਪਰ ਸਾਡੇ ਜਵਾਨਾਂ ਨੂੰ ਲੜਨ ਲਈ ਪ੍ਰੇਰਣਾ ਵਾਸਤੇ ਆਦਿਮ ਕੌਮੀ ਜਾਂ ਨਸਲੀ ਨਫ਼ਰਤ ਦੀ ਲੋੜ ਨਹੀਂ ਪਏਗੀ।

ਸਭ ਆਜ਼ਾਦ-ਖ਼ਿਆਲ ਲੋਕਾਂ ਦਾ ਸਭ ਤੋਂ ਵੱਧ ਮਕਬੂਲ ਤੇ ਫ਼ੌਰੀ ਮਕਸਦ ਵਿਸ਼ਵ ਸੰਘ ਹੈ ਅਤੇ ਕਵੀ ਨੇ ਇਸ ਬਾਰੇ ਚੰਗਾ ਲਿਖਿਆ ਹੈ ਅਤੇ ਇਨ੍ਹਾਂ ਦੀ ਅਖੌਤੀ ਲੀਗ ਆਫ਼ ਨੇਸ਼ਨਜ਼* ਦੀ ਆਲੋਚਨਾ ਖ਼ੂਬਸੂਰਤ ਹੈ।



Sri Satguru Jagjit Singh Ji Elibrary NamdhariElibrary@gmail.com

571 (572) ਬੰਦ ਦੀ ਪੈਰ ਟਿੱਪਣੀ ਵਿਚ ਕਵੀ ਨੇ (ਸਮਾਜਿਕ ਤਬਦੀਲੀਆਂ ਦੇ) ਤਰੀਕਿਆਂ ਦੇ ਸਵਾਲ ਬਾਰੇ ਸੰਖੇਪ ਚਰਚਾ ਕੀਤੀ ਹੈ। ਇਹ ਕਹਿੰਦੇ ਹਨ : "ਇਸ ਤਰ੍ਹਾਂ ਦੇ ਰਾਜ ਹਿੰਸਕ ਇਨਕਲਾਬਾਂ ਨਾਲ ਕਾਇਮ ਨਹੀਂ ਕੀਤੇ ਜਾ ਸਕਦੇ। ਇਹ ਸਮਾਜ 'ਤੇ ਉੱਪਰੋਂ ਨਹੀਂ ਮੜ੍ਹੇ ਜਾ ਸਕਦੇ। ਇਨਾਂ ਨੂੰ ਹਰ ਹਾਲਤ ਅੰਦਰੋਂ ਹੀ ਵਿਕਸਣਾ ਪਵੇਗਾ...ਇਹ ਵਿਕਾਸ (Evolution) ਦੇ ਦਰਜੇਵਾਰ ਅਮਲ ਰਾਹੀਂ ਲੋਕਾਂ ਨੂੰ ਉਪਰੋਕਤ ਲੀਹਾਂ 'ਤੇ ਸਿੱਖਿਅਤ ਕਰਕੇ ਹੀ ਕਾਇਮ ਹੋ ਸਕਦਾ ਹੈ।" ਆਦਿ। ਇਸ ਬਿਆਨ ਵਿਚ ਆਪਣੇ ਆਪ ਵਿਚ ਕੋਈ ਉਕਾਈ ਨਹੀਂ। ਇਹ ਕਾਫੀ ਦਰੁਸਤ ਹੈ ; ਪਰ ਕਿਉਂਕਿ ਇਹਦੀ ਵਿਆਖਿਆ ਪੂਰੀ ਤਰ੍ਹਾਂ ਨਹੀਂ ਹੋਈ, ਇਸ ਲਈ ਇਸ ਨਾਲ ਗ਼ਲਤ ਫ਼ਹਿਮੀ ਪੈਦਾ ਹੋ ਸਕਦੀ ਹੈ ਜਾਂ ਇਸ ਤੋਂ ਮਾੜੀ ਗੱਲ, ਉਲਝਣ ਪੈਦਾ ਹੋਣ ਦੀ ਹੈ। ਕੀ ਇਹਦਾ ਇਹ ਮਤਲਬ ਹੈ ਕਿ ਲਾਲਾ ਰਾਮ ਸਰਨ ਦਾਸ ਹੁਰਾਂ ਨੂੰ ਤਾਕਤ (ਹਿੰਸਾ) ਦੇ ਸਿਧਾਂਤ ਦੀ ਨਿਰਸਾਰਥਕਤਾ ਦਾ ਅਹਿਸਾਸ ਹੋ ਗਿਆ ਹੈ? ਕੀ ਇਹ ਅਹਿੰਸਾ ਦੇ ਦਕੀਆਨੂਸੀ ਵਿਸ਼ਵਾਸੀ ਹੋ ਗਏ ਹਨ? ਨਹੀਂ, ਇਹਦਾ ਮਤਲਬ ਇਹ ਨਹੀਂ ਹੈ।

ਮੈਂ ਦੱਸਦਾ ਹਾਂ ਕਿ ਉਪਰੋਕਤ ਬਿਆਨ ਦਾ ਕੀ ਮਤਲਬ ਹੈ। ਇਨਕਲਾਬੀਆਂ ਨੂੰ ਇਸ ਗੱਲ ਦਾ ਸਭ ਤੋਂ ਬਿਹਤਰ ਪਤਾ ਹੈ ਕਿ ਸਮਾਜਵਾਦੀ ਸਮਾਜ ਹਿੰਸਕ ਤਰੀਕਿਆਂ ਨਾਲ ਕਾਇਮ ਨਹੀਂ ਕੀਤਾ ਜਾ ਸਕਦਾ, ਸਗੋਂ ਇਸ ਨੂੰ ਆਪਣੇ ਅੰਦਰੋਂ ਉਗਮਣਾ ਤੇ ਵਿਗਸਣਾ ਪੈਣਾ ਹੈ। ਕਵੀ ਅਨੁਸਾਰ ਵਿੱਦਿਆ (ਤਾਲੀਮ) ਹੀ ਇਕੋ-ਇਕ ਹਥਿਆਰ ਹੈ। ਪਰ ਹਰ ਕੋਈ ਸਹਿਜੇ ਹੀ ਸਮਝ ਸਕਦਾ ਹੈ ਕਿ (ਸਾਡੇ ਦੇਸ਼ ਦੀ) ਮੌਜੂਦਾ ਸਰਕਾਰ, ਅਸਲ ਵਿਚ ਸਾਰੀਆਂ ਪੂੰਜੀਵਾਦੀ ਸਰਕਾਰਾਂ ਇਸ ਤਰ੍ਹਾਂ ਦੀ ਕੋਸ਼ਿਸ਼ ਕਰਨ ਵਿਚ ਮਦਦ ਕਰਨ ਦੀ ਥਾਂ ਸਗੋਂ ਇਹਨੂੰ ਬੇਰਹਿਮੀ ਨਾਲ ਦਬਾਉਂਦੀਆਂ ਹਨ। ਤਾਂ ਫੇਰ ਕਵੀ ਦਾ 'ਵਿਕਾਸ' ਕੀ ਹਾਸਲ ਕਰੇਗਾ? ਅਸੀਂ ਇਨਕਲਾਬੀ (ਸਿਆਸੀ) ਤਾਕਤ ਆਪਣੇ ਹੱਥ ਲੈਣ ਤੇ ਇਨਕਲਾਬੀ ਸਰਕਾਰ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਜੋ ਆਪਣੇ ਸਾਰੇ ਸਾਧਨ ਸਮੂਹਿਕ ਵਿੱਦਿਆ ਵਿਚ ਲਾ ਦਏਗੀ, ਜਿਵੇਂ ਕਿ ਅੱਜ ਰੂਸ ਵਿਚ ਹੋ ਰਿਹਾ ਹੈ। ਤਾਕਤ ਹਥਿਆਉਣ ਮਗਰੋਂ ਰਚਨਾਤਮਕ ਕੰਮ ਵਾਸਤੇ ਪੁਰਅਮਨ ਤਰੀਕੇ ਵਰਤੇ ਜਾਣਗੇ, ਤਾਕਤ ਦੀ ਵਰਤੋਂ ਰੁਕਾਵਟਾਂ ਹਟਾਉਣ ਲਈ ਵਰਤੀ ਜਾਵੇਗੀ। ਜੇ ਕਵੀ ਦੀ ਮੁਰਾਦ ਇਸ ਗੱਲ ਤੋਂ ਹੈ, ਤਾਂ ਅਸੀਂ ਇਨ੍ਹਾਂ ਨਾਲ ਸਹਿਮਤ ਹਾਂ। ਤੇ ਮੈਨੂੰ ਪੂਰਾ ਯਕੀਨ ਹੈ ਕਿ ਰਾਮ ਸਰਨ ਦਾਸ ਜੀ ਦੀ ਇਹੀ ਮੁਰਾਦ ਹੈ।

ਮੈਂ ਕਿਤਾਬ ਬਾਰੇ ਤਫ਼ਸੀਲ ਵਿਚ ਚਰਚਾ ਕਰ ਲਈ ਹੈ। ਮੈਂ ਤਾਂ ਸਗੋਂ ਇਹਦੀ ਆਲੋਚਨਾ ਕੀਤੀ ਹੈ। ਪਰ ਮੈਂ ਕਿਤਾਬ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨ ਲਈ ਨਹੀਂ ਕਹਾਂਗਾ, ਕਿਉਂਕਿ ਇਹਦਾ ਇਤਿਹਾਸਕ ਮੁੱਲ ਹੈ। 1914-15 ਦੇ ਇਨਕਲਾਬੀਆਂ ਦੇ ਇਹੀ ਵਿਚਾਰ ਹੁੰਦੇ ਸਨ।

ਮੈਂ ਖਾਸ ਕਰ ਨੌਜਵਾਨਾਂ ਨੂੰ ਇਹ ਕਿਤਾਬ ਪੜ੍ਹਨ ਦੀ ਜ਼ੋਰਦਾਰ ਸਿਫ਼ਾਰਸ਼ ਕਰਦਾ ਹਾਂ, ਪਰ ਨਾਲ ਤਾੜਨਾ ਵੀ ਕਰਦਾ ਹਾਂ, ਮਿਹਰਬਾਨੀ ਕਰਕੇ ਇਹਨੂੰ ਅੱਖਾਂ ਬੰਦ ਕਰਕੇ ਨਾ ਪੜ੍ਹੋ ਅਤੇ ਇਹ ਨਾ ਸਮਝ ਲਈਓ ਕਿ ਜੋ ਇਸ ਵਿਚ ਲਿਖਿਆ ਹੈ ; ਉਹ ਅਟੱਲ ਹੈ। ਇਹਨੂੰ ਪੜ੍ਹੋ, ਇਹਦੀ ਆਲੋਚਨਾ ਕਰੋ, ਇਹਦੇ ਬਾਰੇ ਸੋਚੋ ਅਤੇ ਇਹਦੀ ਮਦਦ ਨਾਲ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ।

15. 1. 1931

ਸਹੀ/ਭਗਤ ਸਿੰਘ

* * *

* ਲੀਗ ਆਫ ਨੇਸ਼ਨਜ਼ (1920-1945) ਯੂ.ਐਨ.ਓ. ਦੀ ਪੂਰਵ-ਵਰਤੀ ਕੌਮਾਂਤਰੀ ਸੰਸਥਾ।—ਅਨੁ.



Sri Satguru Jagjit Singh Ji Elibrary NamdhariElibrary@gmail.com

## 102. ਭਾਰਤੀ ਇਨਕਲਾਬ ਦਾ ਆਦਰਸ਼ : ਇਕ ਨੋਟ

[ਭਗਤ ਸਿੰਘ ਜਿਥੇ ਗਹਿਰਾ ਅਧਿਐਨ ਕਰਦੇ ਸਨ, ਉਥੇ ਭਾਰਤ ਵਿਚ ਇਨਕਲਾਬ ਦੇ ਮਸਲੇ ਨੂੰ ਬਹੁਤ ਹੀ ਗਹਿਰਾਈ ਤੇ ਬਾਤਰਤੀਬ ਵਿਚਾਰਦੇ ਸਨ। ਉਨ੍ਹਾਂ ਦੀ ਸੋਚਣੀ ਵਿਗਿਆਨਕ ਸੀ ਅਤੇ ਨਜ਼ਰੀਆ ਹਮੇਸ਼ਾ ਇਤਿਹਾਸਕ। ਇਸ ਦਾ ਇਕ ਠੋਸ ਦਸਤਾਵੇਜ਼, ਜੋ ਉਨ੍ਹਾਂ ਦੇ ਇਕ ਨੋਟ ਦੀ ਸ਼ਕਲ ਵਿਚ ਹੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਲੱਗਦਾ ਹੈ ਇਹ ਇਕ ਕਿਤਾਬ ਦੇ ਮੁੱਖ ਸਿਰਲੇਖ ਨੂੰ ਦਰਸਾਉਂਦਾ ਹੈ। ਭਾਰਤੀ ਵਿਚਾਰਧਾਰਾ ਦੇ ਇਤਿਹਾਸ ਨੂੰ ਭਗਤ ਸਿੰਘ ਕਿਹੜੇ ਪੜਾਵਾਂ ਵਿਚ ਦੇਖਦੇ ਸਨ, ਇਸ ਤੋਂ ਸਪੱਸ਼ਟ ਹੁੰਦਾ ਹੈ।

—ਸੰਪਾਦਕ]

1. ਭਾਰਤੀ ਇਨਕਲਾਬ ਦਾ ਆਦਰਸ਼

(ੳ) ਅੰਗਰੇਜ਼ੀ ਭਾਰਤ ਵਿਚ ਖੁਲ੍ਹੇ ਤੇ ਗੁਪਤ ਘੋਲਾਂ ਅਤੇ ਇਨਕਲਾਬਾਂ ਦਾ ਇਤਿਹਾਸ।

(ਅ) ਰੀਪਬਲਿਕ ਦਾ ਆਦਰਸ਼

(ੲ) 1914-15 ਦੀ ਬਗ਼ਾਵਤ, ਆਜ਼ਾਦੀ ਬਰਾਬਰੀ ਅਤੇ ਭਗਤੀਪਨ ਦਾ ਆਦਰਸ਼।

(ਸ) ਭਾਰਤੀ ਰਾਜਕੁਮਾਰ ਅਤੇ ਇਨਕਲਾਬੀ 'ਸਰਕਾਰ ਦਾ ਪੈਂਫਲਟ'

(ਸਰਕਾਰ ਇਕ ਬੰਗਾਲੀ ਲਿਖਾਰੀ ਸਨ : ਸੰਪਾਦਕ)

(ਹ) ਭਾਰਤੀ ਮੁਸਲਮਾਨ ਗਾਜ਼ੀਆਂ ਨੂੰ ਤੁਰਕੀ ਦਾ ਸੁਨੇਹਾ

(ਕ) ਬਰਲਿਨ ਕਮੇਟੀ ਅਤੇ ਜਰਮਨ ਪਲਾਟ

(ਖ) 1919 ਦੀ ਬਗ਼ਾਵਤ ਅਤੇ ਦੰਗੇ

(ਗ) ਨਾ ਮਿਲਵਰਤਨ

ਸਵਰਾਜ ਬਿਨਾਂ ਕਿਸੇ ਸਪੱਸ਼ਟ ਪਰਿਭਾਸ਼ਾ ਦੇ

(ਘ) ਨਾ ਮਿਲਵਰਤਨ ਲਹਿਰ ਦੀ ਅਸਫਲਤਾ ਅਤੇ ਇਨਕਲਾਬੀ ਪਾਰਟੀਆਂ

(ਙ) 1925 ਦਾ ਮੈਨੀਫੈਸਟੋ

(ਚ) ਵਿਚਾਰਧਾਰਾ ਦੇ ਹੁਣ ਦੇ ਸਕੂਲ

1. ਸਰਕਾਰ ਦੇ ਸਕੂਲ ਦੀ ਵਿਚਾਰਧਾਰਾ (ਫ਼ਿਰਕਾਪ੍ਰਸਤ)
2. ਬੰਗਾਲ ਸਕੂਲ ਦੀ ਵਿਚਾਰਧਾਰਾ (ਕੌਮ ਪ੍ਰਸਤੀ)
3. ਚੰਦਰ ਨਗਰ ਆਮ ਵਿਚਾਰਧਾਰਾ ਦਾ ਸਕੂਲ : ਮੋਤੀ ਲਾਲ (ਅਧਿਆਤਮਕਵਾਦੀ)
4. ਉੱਚ ਵਿਚਾਰ (ਸਮਾਜਵਾਦੀ) ਡਾ. ਭੁਪੇਂਦਰ ਨਾਥ ਦੱਤ
5. ਕਮਿਊਨਿਸਟ ਵਿਚਾਰਧਾਰਾ ਦਾ ਸਕੂਲ
6. ਬੁਰਜਵਾਜ਼ੀ

ਨਹਿਰੂ ਰਿਪੋਰਟ (ਮੋਤੀ ਲਾਲ ਨਹਿਰੂ ਰਿਪੋਰਟ, ਜਿਸ ਵਿਚ ਡੋਮੀਨੀਅਨ ਸਟੇਟਸ ਦੀ ਮੰਗ ਕੀਤੀ ਗਈ ਸੀ : ਸੰਪਾਦਕ)

7. ਪੀ.ਬੀ. (ਸ਼ਾਇਦ ਪਰੋਵਿੰਸ਼ਲ ਬੋਰਡ ਨੂੰ ਸੰਕੇਤਕ ਹੈ, ਜੋ ਇਨਕਲਾਬੀ ਪਾਰਟੀ ਦੀ ਬਣਤਰ ਵਿਚ ਇਕ ਹੋਰ ਥਾਂ ਕਿਹਾ ਗਿਆ ਹੈ : ਸੰਪਾਦਕ)

8. ਤਰੀਕੇ :

1. ਅੱਤਵਾਦੀ
2. ਲੋਕ ਇਨਕਲਾਬੀ



Sri Satguru Jagjit Singh Ji Elibrary NamdhariElibrary@gmail.com

3. ਅਹਿੰਸਕ ਸਿਵਲ ਨਾ ਫੁਰਮਾਨੀ

ਅਨਾਰਕਿਜ਼ਮ

ਸਮਾਜਵਾਦ

ਕਮਿਊਨਿਜ਼ਮ

ਸਿੰਡੀਕੇਲਿਜ਼ਮ

ਕੁਲਿਕਟੀਵਿਜ਼ਮ

1. ਭਾਰਤੀ ਇਨਕਲਾਬ ਦਾ ਆਦਰਸ਼

2. ਇਨਕਲਾਬ ਜਾਂ ਦੁਨੀਆ ਦੇ ਇਨਕਲਾਬ ਦਾ ਆਂਦਰਸ਼

3. ਵਿਆਹ

* * *

## 103. ਇਨਕਲਾਬੀ ਪ੍ਰੋਗਰਾਮ ਦਾ ਖਰੜਾ

*—2 ਫਰਵਰੀ, 1931*

[ਸ਼ਹੀਦ ਭਗਤ ਸ਼ਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ, ਜਿਥੇ ਹਰ ਪਲ ਅਤੇ ਹਰ ਕੋਸ਼ਿਸ਼ ਲੋਕ ਚੇਤੰਨਤਾ ਬਣਾਉਣ ਵਿਚ ਲੱਗੀ, ਉਥੇ ਭਾਰਤੀ ਲੋਕਾਂ ਦੇ ਭਵਿੱਖ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਨੇ ਭਾਰਤ ਵਿਚ ਇਨਕਲਾਬ ਦੀ ਪੂਰੀ ਇਕ ਸਕੀਮ ਆਪਣੇ ਸਾਥੀਆਂ ਲਈ ਬਣਾ ਕੇ ਜੇਲ੍ਹ ਕੋਠੜੀ ਵਿਚੋਂ ਭੇਜੀ ਸੀ। ਇਨਕਲਾਬੀ ਪ੍ਰੋਗਰਾਮ ਦੀ ਸਕੀਮ ਦੇ ਦੋ ਹਿੱਸੇ ਹਨ। ਇਕ ਛਾਪ ਕੇ ਵੰਡਣ ਲਈ, ਜੋ ਇਕ ਖ਼ਤ ਦੀ ਤਰ੍ਹਾਂ ਲਿਖਿਆ ਗਿਆ ਹੈ ਅਤੇ ਦੂਸਰਾ ਇਨਕਲਾਬੀ ਸਾਥੀਆਂ ਦੇ ਵਿਚਾਰ ਵਟਾਂਦਰੇ ਬਹਿਸ ਅਤੇ ਕੰਮ ਵਿਚ ਅਗਵਾਈ ਕਰਨ ਲਈ ਲੇਖ ਦੀ ਸ਼ਕਲ ਵਿਚ ਹੈ। ਪਹਿਲਾ ਹਿੱਸਾ 'ਸਿਆਸੀ ਕਾਰਕੁੰਨ ਨੌਜਵਾਨਾਂ ਦੇ ਨਾਂ ਸੁਨੇਹਾ' ਦੇ ਸਿਰਲੇਖ ਹੇਠ ਉਸ ਸਮੇਂ ਦੇ ਵੱਖ-ਵੱਖ ਅਖ਼ਬਾਰਾਂ ਵਿਚ ਕੁਝ ਕੱਟ-ਵੱਢ ਕੇ ਛਾਪਿਆ ਗਿਆ ਸੀ। 'ਪੀਪਲਜ਼' ਲਾਹੌਰ ਵਿਚ 29 ਜੁਲਾਈ, 1931 ਅਤੇ 'ਅਭਿਯੁੱਧ' ਇਲਾਹਾਬਾਦ ਵਿਚ 8 ਮਈ, 1931 ਨੂੰ ਇਸਦੇ ਅੰਸ਼ ਛਪੇ ਸਨ।

ਉਸ ਸਮੇਂ ਦੇ ਕੌਮੀ ਅਖ਼ਬਾਰ ਦੇ ਇਸ ਦਸਤਾਵੇਜ਼ ਨੂੰ ਛਾਪਣ ਤੋਂ ਨਾਂਹ ਕਰਨ ਬਾਰੇ ਸ਼ਹੀਦ ਸੁਖਦੇਵ ਦਾ ਪ੍ਰਤੀਕਰਮ ਦਸਤਾਵੇਜ਼ 94 ਵਿਚ ਮਿਲਦਾ ਹੈ ਜਦ ਉਹ 3 ਤਰੀਕ ਵਾਲੇ ਖ਼ਤ ਦਾ ਜ਼ਿਕਰ ਕਰਦੇ ਹਨ। ਇਹ ਤਾਂ ਯਕੀਨੀ ਹੈ ਕਿ ਜੇਲ੍ਹ ਕੋਠੜੀਆਂ ਦੇ ਅੰਦਰ ਵੀ ਵਿਚਾਰ 'ਤੇ ਤਰਕ ਭਰਪੂਰ ਬਹਿਸ ਜਾਰੀ ਰਹੀ ਸੀ। ਇਸ ਖ਼ਤ ਦੇ ਵਿਚ ਲਿਖੇ ਸ਼ਹੀਦ ਸੁਖਦੇਵ ਦੇ ਇਹ ਲਫਜ਼ 'ਹੁਣੇ ਹੁਣੇ ਪਤਾ ਲੱਗਾ ਹੈ ਕਿ ਸਾਡਾ 3 ਤਰੀਕ ਵਾਲਾ ਬਿਆਨ ਅਖ਼ਬਾਰ ਨੇ ਛਾਪਿਆ ਨਹੀਂ। ਕਾਰਨ ਇਹ ਕਿਹਾ ਗਿਆ ਹੈ ਕਿ ਉਸ ਵਿਚ ਲੀਡਰਾਂ ਦੀ ਨੁਕਤਾਚੀਨੀ ਕੀਤੀ ਗਈ ਹੈ।' ਬਹੁਤ ਮਹੱਤਵਪੂਰਨ ਹਨ।

ਇਹ ਦਸਤਾਵੇਜ਼ ਸੰਪੂਰਨ ਰੂਪ ਵਿਚ ਹੁਣੇ-ਹੁਣੇ ਅੰਗਰੇਜ਼ ਸਰਕਾਰ ਦੀ ਇਕ ਗੁਪਤ ਕਿਤਾਬ ਵਿਚੋਂ ਪ੍ਰਾਪਤ ਹੋਇਆ ਹੈ। ਇਹ ਕਿਤਾਬ 1936 ਵਿਚ ਸੀ.ਆਈ.ਡੀ. ਦੇ ਅਫਸਰ ਸੀ.ਈ.ਐੱਸ. ਫੇਅਰਵੈਂਰ ਨੇ 'ਬੰਗਾਲ ਵਿਚ ਇਕ ਯੁਨਾਈਟਡ ਫਰੰਟ ਲਹਿਰ ਦੀ ਉੱਨਤੀ 'ਤੇ ਨੋਟ' ਦੇ ਨਾਂ ਨਾਲ ਲਿਖੀ ਸੀ। ਉਸਦੇ ਮੁਤਾਬਕ ਇਹ ਇਨਕਲਾਬੀ ਪ੍ਰੋਗਰਾਮ ਦਾ ਖਰੜਾ, ਜੋ ਭਗਤ ਸਿੰਘ ਨੇ ਲਿਖਿਆ ਸੀ ਅਤੇ ਸ਼੍ਰੀਮਤੀ ਬਿਮਲਾ ਪ੍ਰਭਾ ਦੇਵੀ ਦੇ ਘਰੋਂ 3 ਅਕਤੂਬਰ, 1931 ਨੂੰ ਤਲਾਸ਼ੀ ਦੇ ਦੌਰਾਨ ਮਿਲਿਆ ਸੀ। ਇਸ ਪੁਲਿਸ ਅਫ਼ਸਰ ਨੇ ਇਹ 'ਯਕੀਨ ਨਾਲ' ਕਿਹਾ



Sri Satguru Jagjit Singh Ji Elibrary NamdhariElibrary@gmail.com

ਸੀ ਕਿ ਹੁਣ ਸਭ ਇਨਕਲਾਬੀ ਤਾਕਤਾਂ ਇਸ ਪ੍ਰੋਗਰਾਮ ਵਿਚ ਦਿੱਤੀਆਂ ਸਿਫ਼ਾਰਸ਼ਾਂ ਮੁਤਾਬਕ ਹੀ ਚੱਲ ਰਹੀਆਂ ਹਨ।

ਅੱਜ, ਇਹ ਪੂਰੀ ਦਸਤਾਵੇਜ਼ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ।—ਸੰਪਾਦਕ]

* * *

## ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖ਼ਤ

ਪਿਆਰੇ ਸਾਥੀਓ,

ਇਸ ਸਮੇਂ ਸਾਡਾ ਅੰਦੋਲਨ ਇਕ ਬਹੁਤ ਮਹੱਤਵਪੂਰਨ ਦੌਰ ਵਿਚ ਦੀ ਲੰਘ ਰਿਹਾ ਹੈ। ਇਕ ਸਾਲ ਦੇ ਸਖ਼ਤ ਸੰਘਰਸ਼ ਬਾਅਦ, ਗੋਲ ਮੇਜ਼ ਕਾਨਫਰੰਸ ਨੇ ਸਾਡੇ ਸਾਹਮਣੇ ਵਿਧਾਨਕ ਸੁਧਾਰਾਂ ਬਾਰੇ ਕੁਝ ਨਿਸ਼ਚਿਤ ਗੱਲਾਂ ਪੇਸ਼ ਕੀਤੀਆਂ ਹਨ ਅਤੇ ਕਾਂਗਰਸੀ ਨੇਤਾਵਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਆਪਣੀ ਲਹਿਰ ਨੂੰ ਮੌਜੂਦਾ ਹਾਲਤਾਂ ਵਿਚ ਆਪਸ ਲੈ ਕੇ ਇਸ ਵਿਚ ਮਦਦ ਦੇਣ। ਇਹ ਗੱਲ ਸਾਡੇ ਲਈ ਕੋਈ ਮਹੱਤਤਾ ਨਹੀਂ ਰੱਖਦੀ ਕਿ ਉਹ ਫ਼ੈਸਲਾ ਅੰਦੋਲਨ ਨੂੰ ਬੰਦ ਕਰਨ ਦਾ ਲੈਂਦੇ ਹਨ ਜਾਂ ਇਸ ਦੇ ਉਲਟ। ਇਹ ਤਾਂ ਯਕੀਨੀ ਹੈ ਕਿ ਮੌਜੂਦਾ ਅੰਦੋਲਨ ਦਾ ਅੰਤ ਕਿਸੇ ਨਾਲ ਕਿਸੇ ਤਰ੍ਹਾਂ ਦੇ ਸਮਝੌਤੇ ਦੇ ਰੂਪ ਵਿਚ ਹੋਵੇਗਾ। ਇਹ ਗੱਲ ਵੱਖਰੀ ਹੈ ਕਿ ਸਮਝੌਤਾ ਜਲਦੀ ਹੋ ਜਾਂਦਾ ਹੈ ਜਾਂ ਦੇਰ ਨਾਲ ਹੁੰਦਾ ਹੈ। ਅਸਲ ਵਿਚ ਸਮਝੌਤਾ ਕੋਈ ਹੀਣੀ ਜਾਂ ਨਫ਼ਰਤਯੋਗ ਚੀਜ਼ ਨਹੀਂ ਹੈ, ਜਿਸ ਤਰ੍ਹਾਂ ਕਿ ਅਸੀਂ ਆਮ ਤੌਰ 'ਤੇ ਸਮਝਦੇ ਹਾਂ। ਰਾਜਨੀਤਕ ਘੋਲਾਂ ਦਾ ਇਹ ਇਕ ਜ਼ਰੂਰੀ ਪੈਂਤੜਾ ਹੈ। ਕੋਈ ਵੀ ਰਾਸ਼ਟਰ ਜਿਹੜਾ ਜਾਬਰ ਸ਼ਾਸਕਾਂ ਦੇ ਵਿਰੁੱਧ ਉੱਠਦਾ ਹੈ, ਸ਼ੁਰੂ ਵਿਚ ਜ਼ਰੂਰ ਅਸਫਲ ਹੁੰਦਾ ਹੈ। ਜੱਦੋ-ਜਹਿਦ ਦੇ ਮੱਧਕਾਲ ਵਿਚ ਸਮਝੌਤੇ ਰਾਹੀਂ ਅੱਧ-ਪਚੱਧੇ ਸੁਧਾਰ ਪ੍ਰਾਪਤ ਕਰਦਾ ਹੈ ਅਤੇ ਸਿਰਫ ਅੰਤਲੇ ਗੇੜ ਵਿਚ ਜਦ ਸਾਰੀਆਂ ਸ਼ਕਤੀਆਂ ਅਤੇ ਵਸੀਲੇ ਪੂਰੀ ਤਰ੍ਹਾਂ ਜਥੇਬੰਦ ਕਰ ਲਏ ਹੁੰਦੇ ਹਨ। ਸ਼ਾਸਕ ਸਰਕਾਰ ਨੂੰ ਖੇਰੂੰ-ਖੇਰੂੰ ਕਰਨ ਲਈ ਆਖ਼ਰੀ ਜ਼ੋਰਦਾਰ ਹੱਲਾ ਮਾਰ ਸਕਦਾ ਹੈ। ਪਰ ਇਹ ਵੀ ਹੋ ਸਕਦਾ ਹੈ ਕਿ ਤਦ ਵੀ ਇਹ ਅਸਫਲ ਹੋ ਜਾਵੇ ਅਤੇ ਕਿਸੇ ਕਿਸਮ ਦੇ ਸਮਝੌਤੇ ਨੂੰ ਲਾਜ਼ਮੀ ਬਣਾ ਦੇਵੇ। ਰੂਸ ਦੀ ਮਿਸਾਲ ਨਾਲ ਇਹ ਗੱਲ ਚੰਗੀ ਤਰ੍ਹਾਂ ਸਪੱਸ਼ਟ ਕੀਤੀ ਜਾ ਸਕਦੀ ਹੈ।

ਜਦ 1905 ਵਿਚ ਰੂਸ ਵਿਚ ਇਕ ਇਨਕਲਾਬੀ ਲਹਿਰ ਫੁੱਟ ਪਈ ਤਾਂ ਰਾਜਸੀ ਨੇਤਾਵਾਂ ਨੂੰ ਬਹੁਤ ਆਸਾਂ ਉਮੀਦਾਂ ਸਨ। ਲੈਨਿਨ ਉਸ ਵੇਲੇ ਵਿਦੇਸ਼ ਤੋਂ, ਜਿਥੇ ਉਸ ਨੇ ਪਨਾਹ ਲੈ ਰੱਖੀ ਸੀ, ਵਾਪਸ ਆ ਗਏ ਸਨ। ਉਹ ਸੰਘਰਸ਼ ਨੂੰ ਚਲਾ ਰਹੇ ਸਨ। ਲੋਕ ਇਹ ਦੱਸਣ ਆਏ ਕਿ ਦਰਜਨ ਜਗੀਰਦਾਰ ਮਾਰ ਦਿੱਤੇ ਗਏ ਹਨ ਅਤੇ ਕਈ ਕੋਠੀ ਮਹੱਲ ਸਾੜ ਦਿੱਤੇ ਗਏ ਹਨ। ਲੈਨਿਨ ਨੇ ਉਨ੍ਹਾਂ ਨੂੰ ਜਵਾਬ ਵਿਚ ਕਿਹਾ ਕਿ ਵਾਪਸ ਜਾਓ ਅਤੇ 1200 ਜਗੀਰਦਾਰ ਮਾਰੋ ਅਤੇ ਇੰਨੇ ਹੀ ਮਹਿਲ ਤੇ ਹਵੇਲੀਆਂ ਸਾੜ ਦਿਓ, ਕਿਉਂਕਿ ਜੇ ਅਸਫ਼ਲ ਰਹੇ ਤਾਂ ਇਸਦਾ ਵੀ ਕੁਝ ਅਰਥ ਨਿਕਲੇਗਾ। ਡੂਮਾਂ (ਰੂਸੀ ਪਾਰਲੀਮੈਂਟ) ਦੀ ਸਥਾਪਨਾ ਕੀਤੀ ਗਈ। ਹੁਣ ਲੈਨਿਨ ਨੇ ਡੂਮਾਂ ਵਿਚ ਹਿੱਸਾ ਲੈਣ ਦੀ ਵਕਾਲਤ ਕੀਤੀ। ਇਹ 1907 ਦੀ ਗੱਲ ਹੈ। ਜਦ ਕਿ 1906 ਵਿਚ ਪਹਿਲੀ ਡੂਮਾਂ ਵਿਚ ਹਿੱਸਾ ਲੈਣ ਦੇ ਉਹ ਵਿਰੁੱਧ ਸੀ, ਇਸ ਦੇ ਬਾਵਜੂਦ ਕਿ ਉਸ ਡੂਮਾਂ ਵਿਚ ਕੰਮ ਕਰਨ ਦਾ ਵੱਧ ਮੌਕਾ ਸੀ ਤੇ ਇਸ ਡੂਮਾਂ ਦੇ ਅਧਿਕਾਰ ਬਹੁਤ ਸੀਮਤ ਕਰ ਦਿੱਤੇ ਗਏ ਸਨ। ਇਹ ਬਦਲੇ ਹੋਏ ਹਾਲਾਤ ਕਰਕੇ ਸੀ। ਹੁਣ ਪਿਛਾਂਹ-ਖਿੱਚੂ ਤਾਕਤਾਂ ਬਹੁਤ ਵਧ ਰਹੀਆਂ ਸਨ ਅਤੇ ਲੈਨਿਨ ਡੂਮਾਂ ਦੇ ਮੰਚ ਨੂੰ ਸਮਾਜਵਾਦੀ ਵਿਚਾਰਾਂ 'ਤੇ ਬਹਿਸ ਕਰਨ ਲਈ ਵਰਤਣਾ ਚਾਹੁੰਦਾ ਸੀ।

ਦੁਬਾਰਾ ਫਿਰ, 1917 ਦੇ ਇਨਕਲਾਬ ਬਾਅਦ, ਜਦ ਬਾਲਸ਼ਵਿਕ, ਬਰੇਸਟ ਲਿਟੋਵਸਕ ਸੰਧੀ ਤੇ ਦਸਤਖ਼ਤ ਕਰਨ ਲਈ ਮਜਬੂਰ ਹੋਏ ਤਾਂ ਲੈਨਿਨ ਤੋਂ ਬਗੈਰ ਬਾਕੀ ਸਭ ਇਸਦਾ ਵਿਰੋਧ



Sri Satguru Jagjit Singh Ji Elibrary NamdhariElibrary@gmail.com

ਕਰਦੇ ਸਨ। ਪਰ ਲੈਨਿਨ ਨੇ ਕਿਹਾ, "ਅਮਨ, ਅਮਨ ਤੇ ਫੇਰ ਅਮਨ : ਕਿਸੇ ਵੀ ਮੁੱਲ ਤੇ ਅਮਨ ਹੋਣਾ ਚਾਹੀਦਾ ਹੈ। ਭਾਵੇਂ ਸਾਨੂੰ ਜਰਮਨ ਦੇ ਜੰਗਬਾਜ਼ਾਂ ਨੂੰ ਰੂਸ ਦੇ ਕੁਝ ਸੂਬੇ ਦੇਣੇ ਹੀ ਪੈਣ ਤਾਂ ਵੀ ਅਮਨ ਕਰ ਲੈਣਾ ਚਾਹੀਦਾ ਹੈ। ਜਦ ਕੁਝ ਬਾਲਸ਼ਵਿਕ ਵਿਰੋਧੀ ਲੋਕਾਂ ਨੇ ਇਸ ਸੰਧੀ ਲਈ ਲੈਨਿਨ ਦੀ ਨਿੰਦਾ ਕੀਤੀ ਤਾਂ ਉਸਨੇ ਖੁੱਲ੍ਹ ਕੇ ਐਲਾਨ ਕੀਤਾ ਕਿ ਬਾਲਸ਼ਵਿਕ ਜਰਮਨ ਹਮਲੇ ਦਾ ਸਾਹਮਣਾ ਕਰਨ ਦੀ ਸਮਰਥਾ ਨਹੀਂ ਰੱਖਦੇ, ਇਸ ਕਰਕੇ ਮੁਕੰਮਲ ਤਬਾਹੀ ਨਾਲੋਂ ਸੰਧੀ ਨੂੰ ਤਰਜੀਹ ਦਿੱਤੀ ਗਈ ਹੈ।"

ਜਿਸ ਗੱਲ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਮਝੌਤਾ ਇਕ ਅਜਿਹਾ ਜ਼ਰੂਰੀ ਹਥਿਆਰ ਹੈ, ਜਿਸ ਨੂੰ ਜਿਵੇਂ ਜਿਵੇਂ ਸੰਘਰਸ਼ ਵਿਕਸਿਤ ਹੁੰਦਾ ਹੈ ਵਰਤਣਾ ਜ਼ਰੂਰੀ ਹੋ ਜਾਂਦਾ ਹੈ, ਪਰ ਜਿਸ ਗੱਲ ਦਾ ਧਿਆਨ ਹਮੇਸ਼ਾ ਰੱਖਣਾ ਹੁੰਦਾ ਹੈ, ਉਹ ਹੈ ਲਹਿਰ ਦੇ ਮੁਖ ਉਦੇਸ਼। ਸਾਨੂੰ ਉਨ੍ਹਾਂ ਉਦੇਸ਼ਾਂ ਬਾਰੇ, ਜਿਨ੍ਹਾਂ ਦੀ ਪ੍ਰਾਪਤੀ ਲਈ ਅਸੀਂ ਲੜਦੇ ਹਾਂ ਸਾਫ਼ ਦਿਮਾਗ਼ ਹੋਣਾ ਚਾਹੀਦਾ ਹੈ। ਇਹ ਗੱਲ ਮਾਨੂੰ ਆਪਣੀਆਂ ਲਹਿਰਾਂ ਦੀਆਂ ਪ੍ਰਾਪਤੀਆਂ, ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਅੰਗਣ ਵਿਚ ਸਾਡੀ ਮਦਦ ਕਰਦੀ ਹੈ ਅਤੇ ਅਗਲੇ ਪ੍ਰੋਗਰਾਮ ਤੈਅ ਕਰਨ ਅਤੇ ਘੜਣ ਵਿਚ ਵੀ ਸਹਾਈ ਹੁੰਦਾ ਹੈ। ਤਿਲਕ ਦੀ ਨੀਤੀ—ਉਸ ਦੇ ਉਦੇਸ਼ਾਂ ਦੇ ਬਾਵਜੂਦ, ਉਸਦੀ ਪੈਂਤੜੇਬਾਜ਼ੀ ਬਹੁਤ ਹੀ ਚੰਗੀ ਸੀ। ਤੁਸੀਂ ਆਪਣੇ ਦੁਸ਼ਮਣ ਤੋਂ ਸੋਲ੍ਹਾਂ ਆਨੇ ਲੈਣ ਲਈ ਲੜ ਰਹੇ ਹੋ। ਤੁਹਾਨੂੰ ਇਕ ਆਨਾ ਮਿਲਦਾ ਹੈ। ਉਸ ਨੂੰ ਜੇਬ ਵਿਚ ਪਾਓ ਤੇ ਬਾਕੀ ਲਈ ਲੜਾਈ ਜਾਰੀ ਰੱਖੋ। ਨਰਮ ਦਲੀਆਂ ਵਿਚ ਜਿਸ ਗੱਲ ਦੀ ਘਾਟ ਅਸੀਂ ਦੇਖਦੇ ਹਾਂ ਉਹ ਹੈ ਉਨ੍ਹਾਂ ਦੇ ਆਦਰਸ਼ ਦੀ। ਉਹ ਇਕ ਆਨੇ ਲਈ ਲੜਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲ ਸਕਦਾ। ਇਨਕਲਾਬੀਆਂ ਨੂੰ ਹਮੇਸ਼ਾ ਇਹ ਗੱਲ ਮਨ ਵਿਚ ਰੱਖਣੀ ਚਾਹੀਦੀ ਹੈ ਕਿ ਉਹ ਮੁਕੰਮਲ ਇਨਕਲਾਬ ਲਈ ਲੜ ਰਹੇ ਹਨ। ਤਾਕਤ ਦੀ ਪੂਰੀ ਵਾਗ-ਡੋਰ ਆਪਣੇ ਹੱਥ ਵਿਚ ਲੈਣੀ ਹੈ। ਸਮਝੌਤਿਆਂ ਤੋਂ ਭੈ ਇਸ ਕਰਕੇ ਲਗਦਾ ਹੈ ਕਿਉਂਕਿ ਪਿਛਾਂਹ-ਖਿੱਚੂ ਸਮਝੌਤੇ ਬਾਅਦ ਵਿਚ ਇਨਕਲਾਬੀ ਤਾਕਤਾਂ ਨੂੰ ਖ਼ਤਮ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਕਾਬਲ ਅਤੇ ਦਲੇਰ ਇਨਕਲਾਬੀ ਆਗੂ ਲਹਿਰ ਨੂੰ ਅਜਿਹੇ ਟੋਇਆਂ ਤੋਂ ਬਚਾ ਸਕਦੇ ਹਨ। ਸਾਨੂੰ ਅਜਿਹੇ ਸਮੇਂ ਅਤੇ ਅਜਿਹੇ ਮੋੜਾਂ ਤੇ ਅਸਲ ਮੁੱਦਿਆਂ ਅਤੇ ਖਾਸ ਕਰਕੇ ਉਦੇਸ਼ਾਂ ਬਾਰੇ ਕੋਈ ਘਚੋਲਾ ਨਹੀਂ ਪੈਦਾ ਹੋਣ ਦੇਣਾ ਚਾਹੀਦਾ। ਇੰਗਲੈਂਡ ਦੀ ਲੇਬਰ ਪਾਰਟੀ ਨੇ ਅਸਲ ਲੜਾਈ ਨਾਲ ਧੋਖਾ ਕੀਤਾ ਹੈ ਅਤੇ ਉਹ ਸਿਰਫ ਮੋਮੋਠਗਣੇ ਸਾਮਰਾਜੀ ਬਣ ਕੇ ਰਹਿ ਗਏ ਹਨ।

ਮੇਰੇ ਵਿਚਾਰ ਵਿਚ ਇਨ੍ਹਾਂ ਪਾਲਿਸ਼ ਕੀਤੇ ਸਾਮਰਾਜੀ ਲੇਬਰ ਲੀਡਰਾਂ ਨਾਲੋਂ ਕੱਟੜ ਪਿਛਾਂ-ਖਿੱਚੂ ਸਾਡੇ ਲਈ ਵਧੇਰੇ ਚੰਗੇ ਹਨ। ਦਾਅ ਪੇਚਾਂ ਅਤੇ ਪੈਂਤੜਾਬੰਦੀ ਲਈ ਲੈਨਿਨ ਦੇ ਜੀਵਨ ਕੰਮ ਅਤੇ ਲਿਖਤਾਂ ਦੀ ਘੋਖ ਕਰਨੀ ਚਾਹੀਦੀ ਹੈ। ਸਮਝੌਤੇ ਦੇ ਵਿਸ਼ੇ ਉਤੇ ਉਸਦੇ ਸਪੱਸ਼ਟ ਵਿਚਾਰ "ਖੱਬੇ ਪੱਖੀ ਕਮਿਊਨਿਜ਼ਮ" ਵਿਚ ਮਿਲਦੇ ਹਨ।

## ਕਾਂਗਰਸ ਦਾ ਉਦੇਸ਼ ਕੀ ਹੈ ?

ਮੈਂ ਕਿਹਾ ਹੈ ਕਿ ਮੌਜੂਦਾ ਅੰਦੋਲਨ ਯਾਨੀ ਇਹ ਘੋਲ ਕਿਸੇ ਨਾ ਕਿਸੇ ਸਮਝੌਤੇ ਜਾਂ ਪੂਰਨ ਅਸਫ਼ਲਤਾ ਵਿਚ ਖ਼ਤਮ ਹੋਵੇਗਾ।

ਮੈਂ ਇਹ ਆਸ ਲਈ ਕਿਹਾ ਹੈ, ਕਿਉਂਕਿ ਮੇਰੀ ਰਾਏ ਵਿਚ ਇਸ ਸਮੇਂ ਅਸਲ ਇਨਕਲਾਬੀ ਤਾਕਤਾਂ ਨੂੰ ਮੈਦਾਨ ਵਿਚ ਸੱਦਾ ਨਹੀਂ ਦਿੱਤਾ ਗਿਆ। ਇਹ ਘੋਲ ਮੱਧਵਰਗੀ ਦੁਕਾਨਦਾਰਾਂ ਅਤੇ ਚੰਦ ਪੂੰਜੀਪਤੀਆਂ ਦੇ ਬਲਬੂਤੇ 'ਤੇ ਲੜਿਆ ਜਾ ਰਿਹਾ ਹੈ। ਇਹ ਦੋਨੋਂ ਜਮਾਤਾਂ, ਖ਼ਾਸ ਕਰਕੇ ਪੂੰਜੀਪਤੀ ਆਪਣੀ ਜਾਇਦਾਦ ਜਾਂ ਮਾਲਕੀ ਖ਼ਤਰੇ ਵਿਚ ਪਾਉਣ ਦੀ ਜੁਰਅਤ ਨਹੀਂ



Sri Satguru Jagjit Singh Ji Elibrary NamdhariElibrary@gmail.com

ਕਰ ਸਕਦੇ। ਹਕੀਕੀ ਇਨਕਲਾਬੀ ਫ਼ੌਜਾਂ, ਤਾਂ ਪਿੰਡਾਂ ਵਿਚ ਅਤੇ ਕਾਰਖ਼ਾਨਿਆਂ ਵਿਚ ਹਨ, ਕਿਸਾਨੀ ਅਤੇ ਮਜ਼ਦੂਰ। ਪਰ ਸਾਡੇ 'ਬੁਰਜਵਾ' ਨੇਤਾ ਉਨ੍ਹਾਂ ਨੂੰ ਨਾਲ ਲੈਣ ਦੀ ਹਿੰਮਤ ਨਾ ਕਰਦੇ ਹਨ ਅਤੇ ਨਾ ਹੀ ਕਰ ਸਕਦੇ ਹਨ। ਇਹ ਸੁੱਤੇ ਸ਼ੇਰ ਜੇ ਇਕ ਵਾਰ ਗਹਿਰੀ ਨੀਂਦ ਵਿਚੋਂ ਜਾਗ ਪਏ ਤਾਂ ਉਹ ਸਾਡੇ ਨੇਤਾਵਾਂ ਦੇ ਆਸ਼ਿਆਂ ਦੀ ਪੂਰਤੀ ਬਾਅਦ, ਰੁਕਣ ਵਾਲੇ ਨਹੀਂ ਹਨ। 1920 ਵਿਚ ਅਹਿਮਦਾਬਾਦ ਦੇ ਮਜ਼ਦੂਰਾਂ ਵਿਚ ਪਹਿਲੇ ਤਜਰਬੇ ਬਾਅਦ ਮਹਾਤਮਾ ਗਾਂਧੀ ਨੇ ਕਿਹਾ ਸੀ, "ਸਾਨੂੰ ਮਜ਼ਦੂਰਾਂ ਨਾਲ ਗਾਂਦਾ-ਸਾਂਦਾ ਨਹੀਂ ਕਰਨਾ ਚਾਹੀਦਾ। ਫੈਕਟਰੀ ਪਰੋਲੇਤਾਰੀ ਦਾ ਰਾਜਨੀਤਕ ਹਿੱਤ ਲਈ ਇਸਤੇਮਾਲ ਬਹੁਤ ਖ਼ਤਰਨਾਕ ਹੈ।" (ਮਈ 1921 ਦੇ 'ਦੀ ਟਾਈਮਜ਼') ਤਦ ਤੋਂ ਉਨ੍ਹਾਂ ਨੇ ਇਸ ਜਮਾਤ ਨੂੰ ਪਹੁੰਚ ਕਰਨ ਦੀ ਕੋਈ ਖੇਚਲ ਨਹੀਂ ਕੀਤੀ। ਇਹੀ ਹਾਲ ਕਿਸਾਨੀ ਦਾ ਹੈ। 1922 ਦਾ ਬਾਰਦੋਲੀ ਸਤਿਆਗ੍ਰਹਿ ਪੂਰੀ ਤਰ੍ਹਾਂ ਦਰਸਾਉਂਦਾ ਹੈ ਕਿ ਨੇਤਾਵਾਂ ਨੇ ਕਿੰਨਾ ਖ਼ਤਰਾ ਮਹਿਸੂਸ ਕੀਤਾ ਜਦ ਉਨ੍ਹਾਂ ਨੇ ਕਿਸਾਨ ਜਮਾਤ ਦੀ ਉਸ ਬਗਾਵਤ ਨੂੰ ਦੇਖਿਆ ਜਿਸ ਨੇ ਸਿਰਫ ਵਿਦੇਸ਼ੀ ਕੌਮ ਦੇ ਗਲਬੇ ਨੂੰ ਹੀ ਪਰਾਂ ਨਹੀਂ ਵਗਾਹ ਮਾਰਨਾ ਸੀ, ਸਗੋਂ ਜ਼ਿਮੀਂਦਾਰਾਂ ਦਾ ਜੂਲਾ ਵੀ ਚੁੱਕ ਦੇਣਾ ਸੀ। ਇਹੀ ਕਾਰਨ ਹੈ ਕਿ ਸਾਡੇ ਲੀਡਰ ਅੰਗਰੇਜ਼ਾਂ ਅੱਗੇ ਗੋਡੇ ਟੇਕਣਾ ਪਸੰਦ ਕਰਦੇ ਹਨ, ਬਜਾਏ ਕਿਸਾਨਾਂ ਅੱਗੇ ਝੁਕਣ ਦੇਂ। ਪੰਡਤ ਜਵਾਹਰ ਲਾਲ ਦੀ ਗੱਲ ਵੱਖਰੀ ਹੈ। ਕੀ ਤੁਸੀਂ ਕਿਸੇ ਵੀ ਨੇਤਾ ਦਾ ਨਾਂ ਲੈ ਸਕਦੇ ਹੋ ਜਿਸ ਨੇ ਮਜ਼ਦੂਰਾਂ ਜਾਂ ਕਿਸਾਨਾਂ ਨੂੰ ਜਥੇਬੰਦ ਕਰਨ ਦੀ ਕੋਈ ਕੋਸ਼ਿਸ਼ ਕੀਤੀ ਹੋਵੇ? ਨਹੀਂ, ਉਹ ਇਹ ਖ਼ਤਰਾ ਮੂਲ ਨਹੀਂ ਲੈਣਗੇ। ਇਹੀ ਤਾਂ ਉਨ੍ਹਾਂ ਦੀ ਘਾਟ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਉਹ ਸੰਪੂਰਨ ਇਨਕਲਾਬ ਨਹੀਂ ਚਾਹੁੰਦੇ। ਆਰਥਿਕ ਅਤੇ ਪ੍ਰਬੰਧਕੀ ਦਬਾਅ ਪਾ ਕੇ ਉਹ ਚੰਦ ਹੋਰ ਸੁਧਾਰ ਯਾਨੀ ਭਾਰਤੀ ਪੂੰਜੀਪਤੀਆਂ ਲਈ ਚੰਦ ਹੋਰ ਰਿਆਇਤਾਂ ਪ੍ਰਾਪਤ ਕਰਨਾ ਚਾਹੁਣਗੇ। ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਅੰਦੋਲਨ ਦਾ ਭੱਠਾ ਤਾਂ ਬੈਠੇਗਾ ਹੀ। ਸ਼ਾਇਦ ਕਿਸੇ ਨਾ ਕਿਸੇ ਸਮਝੌਤੇ ਨਾਲ ਜਾਂ ਅਜਿਹੀ ਕਿਸੇ ਚੀਜ਼ ਦੇ ਬਗੈਰ ਹੀ। ਨੌਜਵਾਨ ਵਰਕਰ, ਜਿਹੜੇ ਪੂਰੀ ਤਨਦੇਹੀ ਨਾਲ 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰੇ ਲਗਾਉਂਦੇ ਹਨ, ਪੂਰੀ ਤਰ੍ਹਾਂ ਆਪ ਸੰਗਠਿਤ ਨਹੀਂ ਹਨ ਅਤੇ ਆਪਣੇ ਆਪ ਅੰਦੋਲਨ ਨੂੰ ਅੱਗੇ ਲਿਜਾਣ ਦੀ ਤਾਕਤ ਨਹੀਂ ਰੱਖਦੇ ਹਨ। ਅਸਲ ਵਿਚ ਸਾਡੇ ਵੱਡੇ ਲੀਡਰ, ਸਿਵਾਏ ਪੰਡਤ ਮੋਤੀ ਲਾਲ ਨਹਿਰੂ ਦੇ ਆਪਣੇ ਆਪ ਤੇ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦੇ, ਇਹੀ ਕਾਰਨ ਹੈ ਕਿ ਉਹ ਘੜੀ ਮੁੜੀ ਗਾਂਧੀ ਅੱਗੇ ਬਿਨਾਂ ਸ਼ਰਤ ਦੇ ਗੋਡੇ ਟੇਕ ਦਿੰਦੇ ਹਨ। ਉਨ੍ਹਾਂ ਦੀ ਰਾਏ ਵੱਖਰੀ ਹੋਣ ਤੇ ਵੀ ਉਹ ਦੀ ਪੂਰੀ ਤਨਦੇਹੀ ਨਾਲ ਮੁਖ਼ਾਲਫਤ ਨਹੀਂ ਕਰਦੇ ਅਤੇ ਮਤੇ, ਮਹਾਤਮਾ ਕਰਕੇ ਹੀ ਪਾਸ ਕਰ ਦਿਤੇ ਜਾਂਦੇ ਹਨ। ਇਨ੍ਹਾਂ ਹਾਲਤਾਂ ਵਿਚ, ਨੌਜਵਾਨ ਕਾਰਕੁੰਨ ਜਿਹੜੇ ਇਨਕਲਾਬ ਵਾਸਤੇ ਪੂਰੀ ਸੰਜੀਦਗੀ ਰੱਖਦੇ ਹਨ, ਨੂੰ ਮੈਂ ਚਿਤਾਵਨੀ ਦੇਣਾ ਚਾਹਾਂਗਾ ਕਿ ਔਖਾ ਸਮਾਂ ਆ ਰਿਹਾ ਹੈ। ਉਹ ਚੌਕਸ ਰਹਿਣ, ਹੌਸਲਾ ਨਾ ਛੱਡਣ ਅਤੇ ਭੰਬਲ ਭੂਸੇ ਵਿਚੇ ਨਾ ਪੈਣ। 'ਮਹਾਨ ਗਾਂਧੀ' ਦੀਆਂ ਘੋਲਾਂ ਦੇ ਤਜਰਬੇ ਬਾਅਦ ਅਸੀਂ ਹੁਣ ਦੇ ਹਾਲਾਤ ਬਾਰੇ ਅਤੇ ਭਵਿੱਖ ਦੇ ਪ੍ਰੋਗਰਾਮ ਬਾਰੇ ਸਾਫ਼ ਸਪੱਸ਼ਟ ਵਿਚਾਰ ਬਣਾ ਸਕਦੇ ਹਾਂ।

ਹੁਣ ਮੈਂ ਬਿਲਕੁਲ ਸਾਦੇ ਢੰਗ ਨਾਲ ਇਹ ਕੇਸ ਬਿਆਨ ਕਰਦਾ ਹਾਂ। ਤੁਸੀਂ 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰੇ ਲਗਾਉਂਦੇ ਹੋ। ਮੈਂ ਇਹ ਮੰਨ ਕੇ ਤੁਰਦਾ ਹਾਂ ਕਿ ਤੁਸੀਂ ਇਸਦੇ ਮਤਲਬ ਸਮਝਦੇ ਹੋ। ਅਸੈਂਬਲੀ ਬੰਬ ਕੇਸ ਵਿਚ ਦਿੱਤੀ ਗਈ ਸਾਡੀ ਪਰਿਭਾਸ਼ਾ ਮੁਤਾਬਕ, ਇਨਕਲਾਬ ਦਾ ਭਾਵ ਮੌਜੂਦਾ ਸਮਾਜਕ ਢਾਂਚੇ ਦੀ ਪੂਰਨ ਤਬਦੀਲੀ ਅਤੇ ਸਮਾਜਵਾਦ ਦੀ ਸਥਾਪਤੀ ਹੈ। ਇਸ ਮੰਤਵ ਲਈ ਸਾਡਾ ਫੌਰੀ ਆਸ਼ਾ ਤਾਕਤ ਹਾਸਲ ਕਰਨਾ ਹੈ। ਅਸਲ ਵਿਚ 'ਰਿਆਸਤ' ਯਾਨੀ ਸਰਕਾਰੀ ਮਸ਼ੀਨਰੀ ਰਾਜ ਕਰਦੀ ਜਮਾਤ ਦੇ ਹੱਥਾਂ ਵਿਚ, ਆਪਣੇ ਹਿੱਤਾਂ ਦੀ ਰਾਖੀ



Sri Satguru Jagjit Singh Ji Elibrary NamdhariElibrary@gmail.com

ਕਰਨ ਅਤੇ ਹੋਰ ਅੱਗੇ ਵਧਾਉਣ ਦਾ ਸੰਦ ਹੀ ਹੈ। ਅਸੀਂ ਇਸ ਸੰਦ ਨੂੰ ਖੋਹ ਕੇ ਆਪਣੇ ਆਦਰਸ਼ਾਂ ਦੀ ਪੂਰਤੀ ਲਈ ਵਰਤਣਾ ਚਾਹੁੰਦੇ ਹਾਂ, ਸਾਡੇ ਆਦਰਸ਼ ਹਨ ਸਮਾਜਿਕ ਸਿਰਜਣਾ ਨਵੇਂ ਢੰਗ ਨਾਲ ਯਾਨੀ ਕਿ ਮਾਰਕਸੀ ਤੌਰ ਤਰੀਕੇ ਉਤੇ। ਇਸੇ ਮੰਤਵ ਨਾਲ ਅਸੀਂ ਸਰਕਾਰੀ ਮਸ਼ੀਨਰੀ ਨੂੰ ਵਰਤਣਾ ਚਾਹੁੰਦੇ ਹਾਂ। ਲਗਾਤਾਰ ਜਨਤਾ ਨੂੰ ਸਿੱਖਿਆ ਦਿੰਦੇ ਰਹਿਣਾ ਹੈ ਤਾਂ ਕਿ ਆਪਣੇ ਸਮਾਜਿਕ ਪ੍ਰੋਗਰਾਮ ਦੀ ਪੂਰਤੀ ਲਈ ਇਕ ਸੁਖਾਵਾਂ ਤੇ ਅਨੁਕੂਲ ਵਾਤਾਵਰਨ ਬਣਾਇਆ ਜਾ ਸਕੇ। ਅਸੀਂ ਉਨ੍ਹਾਂ ਨੂੰ ਘੋਲਾਂ ਦੇ ਦੌਰਾਨ ਹੀ ਵਧੀਆ ਟਰੇਨਿੰਗ ਅਤੇ ਵਿੱਦਿਆ ਦੇ ਸਕਦੇ ਹਾਂ।

ਇਨ੍ਹਾਂ ਗੱਲਾਂ ਦੀ ਸਪੱਸ਼ਟਤਾ ਬਾਅਦ ਯਾਨੀ ਕਿ ਸਾਡੇ ਫੌਰੀ ਅਤੇ ਅੰਤਮ ਉਦੇਸ਼ ਸਪੱਸ਼ਟਤਾ ਨਾਲ ਸਮਝਣ ਬਾਅਦ, ਆਪਾਂ ਹੁਣ ਦੇ ਹਾਲਾਤਾਂ ਨੂੰ ਘੋਖ ਸਕਦੇ ਹਾਂ। ਸਾਨੂੰ ਸਦਾ ਕਿਸੇ ਹਾਲਤ ਦਾ ਵਿਸ਼ਲੇਸ਼ਣ ਕਰਨ ਵੇਲੇ ਬਿਲਕੁਲ ਨਿੱਝਕ ਬੇਲਾਗ ਅਤੇ ਵਿਹਾਰੀ ਹੋਣਾ ਚਾਹੀਦੀ ਹੈ।

ਅਸੀਂ ਜਾਣਦੇ ਹਾਂ ਕਿ ਜਦ ਭਾਰਤੀਆਂ ਦੇ ਭਾਰਤੀ ਸਰਕਾਰ ਦੀ ਜ਼ਿੰਮੇਵਾਰੀ ਅੰਦਰ ਹਿੱਸੇਦਾਰੀ ਦਾ ਰੌਲਾ ਰੱਪਾ ਪਿਆ ਸੀ ਤਾਂ ਮਿੰਟੋ ਮੋਰਲੇ ਸੁਧਾਰ ਲਾਗੂ ਹੋਏ ਸਨ, ਜਿਨ੍ਹਾਂ ਰਾਹੀਂ ਵਾਇਸਰਾਏ ਦੀ ਕੌਂਸਲ, ਜਿਸ ਨੂੰ ਸਿਰਫ ਸਲਾਹ ਦੇਣ ਦੇ ਹੱਕ ਸਨ, ਬਣਾਈ ਗਈ ਸੀ।

ਦੁਨੀਆ ਦੀ ਵੱਡੀ ਜੰਗ ਦੇ ਦੌਰਾਨ ਜਦ ਭਾਰਤੀ ਟੀਮ ਮਦਦ ਦੀ ਬੇਹੱਦ ਜ਼ਰੂਰਤ ਸੀ ਤਾਂ ਖੁਦ ਮੁਖਤਿਆਰ ਸਰਕਾਰ ਦਾ ਵਾਇਦਾ ਕੀਤਾ ਗਿਆ ਅਤੇ ਮੌਜੂਦਾ ਸੁਧਾਰ ਲਾਗੂ ਕੀਤੇ ਗਏ। ਅਸੈਂਬਲੀ ਨੂੰ ਕੁਝ ਸੀਮਤ ਕਾਨੂੰਨ ਬਣਾਉਣ ਦੀਆਂ ਤਾਕਤਾਂ ਦਿੱਤੀਆਂ ਗਈਆਂ ਹਨ, ਪਰ ਸਭ ਵਾਇਸਰਾਏ ਦੀ ਖੁਸ਼ੀ ਤੇ ਨਿਰਭਰ ਕਰਦੀਆਂ ਹਨ। ਹੁਣ ਤੀਜੀ ਸਟੇਜ ਹੈ।

ਹੁਣ ਸੁਧਾਰਾਂ ਬਾਰੇ ਵਿਚਾਰ ਵਟਾਂਦਰਾ ਚਲ ਰਿਹਾ ਹੈ ਅਤੇ ਨੇੜੇ ਦੇ ਭਵਿੱਖ ਵਿਚ ਇਹ ਲਾਗੂ ਕੀਤੇ ਜਾਣਗੇ, ਸਾਡੇ ਨੌਜਵਾਨ ਇਨ੍ਹਾਂ ਨੂੰ ਕਿਵੇਂ ਪਰਖ ਸਕਦੇ ਹਨ ? ਇਹ ਇਕ ਸਵਾਲ ਹੈ, ਮੈਨੂੰ ਨਹੀਂ ਪਤਾ ਕੇ ਕਾਂਗਰਸੀ ਲੀਡਰ ਇਸ ਨੂੰ ਕਿਵੇਂ ਪਰਖਣਗੇ। ਪਰ ਅਸੀਂ, ਇਨਕਲਾਬੀ, ਹੇਠ ਲਿਖੀ ਕਸੌਟੀ 'ਤੇ ਪਰਖਾਂਗੇ।

1. ਰਾਜ ਪ੍ਰਬੰਧ ਦੀ ਜ਼ਿੰਮੇਵਾਰੀ ਕਿਸ ਹੱਦ ਤਕ ਭਾਰਤਵਾਸੀਆਂ ਦੇ ਸਪੁਰਦ ਕੀਤੀ ਜਾਂਦੀ ਹੈ।

2. ਰਾਜ ਪ੍ਰਬੰਧ ਚਲਾਉਣ ਵਾਸਤੇ ਕਿਸ ਤਰ੍ਹਾਂ ਦੀ ਸਰਕਾਰ ਬਣਾਈ ਜਾਂਦੀ ਹੈ ਅਤੇ ਇਸ ਵਿਚ ਹਿੱਸਾ ਲੈਣ ਦਾ ਆਮ ਜਨਤਾ ਨੂੰ ਕਿੱਥੋਂ ਕੁ ਤਕ ਮੌਕਾ ਮਿਲਦਾ ਹੈ।

3. ਭਵਿੱਖ ਵਿਚ ਕੀ ਸੰਭਾਵਨਾਵਾਂ ਹੋ ਸਕਦੀਆਂ ਹਨ ਅਤੇ ਇਨ੍ਹਾਂ ਪ੍ਰਾਪਤੀਆਂ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ।

ਇਸ ਲਈ ਸ਼ਾਇਦ ਥੋੜ੍ਹੀ ਹੋਰ ਸਪੱਸ਼ਟੀਕਰਨ ਦੀ ਲੋੜ ਪਵੇ। ਪਹਿਲੀ ਗੱਲ ਇਹ ਹੈ ਕਿ ਸਾਡੇ ਲੋਕਾਂ ਦੇ ਨੁਮਾਇੰਦਿਆਂ ਨੂੰ ਰਾਜ ਪ੍ਰਬੰਧ (Executive) ਉੱਤੇ ਕਿੰਨਾ ਕੁ ਅਧਿਕਾਰ ਤੇ ਜ਼ਿੰਮੇਵਾਰੀ ਹਾਸਲ ਹੁੰਦੀ ਹੈ। ਹੁਣ ਤਕ ਕਾਰਜਕਾਰਨੀ ਨੂੰ ਲੇਜਿਸਲੇਟਿਵ ਅਸੈਂਬਲੀ ਅੱਗੇ ਜੁਆਬਦੇਹ ਨਹੀਂ ਬਣਾਇਆ ਗਿਆ ਹੈ। ਵਾਇਸਰਾਏ ਨੂੰ ਵੀਟੋ ਦੀ ਤਾਕਤ (ਰੱਦ ਕਰਨ ਦੀ ਤਾਕਤ) ਹੈ, ਜਿਸ ਨਾਲ ਚੁਣੇ ਹੋਏ ਨੁਮਾਇੰਦਿਆਂ ਦੀਆਂ ਸਾਰੀਆਂ ਕੋਸ਼ਿਸ਼ਾਂ ਬੇ-ਅਸਰ ਤੇ ਠੱਪ ਕਰ ਦਿੱਤੀਆਂ ਜਾਂਦੀਆਂ ਹਨ।

ਅਸੀਂ ਸਵਰਾਜ ਪਾਰਟੀ ਦੇ ਧੰਨਵਾਦੀ ਹਾਂ, ਜਿਨ੍ਹਾਂ ਕੋਸ਼ਿਸ਼ਾ ਕਰਕੇ ਵਾਇਸਰਾਏ ਨੂੰ ਆਪਣੀ ਇਸ ਖ਼ਾਸ ਤਾਕਤ ਨੂੰ ਬੜੀ ਬੇਸ਼ਰਮੀ ਨਾਲ ਬਾਰ-ਬਾਰ ਵਰਤਣ ਲਈ ਮਜਬੂਰ ਕੀਤਾ ਅਤੇ ਕੌਮੀ ਨੁਮਾਇੰਦਿਆਂ ਦੇ ਮਰਿਆਦਾ ਭਰਪੂਰ ਫੈਸਲੇ ਪੈਰਾ ਥੱਲੇ ਕੁਚਲ ਦਿੱਤੇ। ਇਹ ਗੱਲ ਪੂਰੀ ਤਰ੍ਹਾਂ ਸਾਫ਼ ਹੈ ਕਿ ਇਸ ਤੇ ਹੋਰ ਬਹਿਸ ਦੀ ਲੋੜ ਨਹੀਂ ਹੈ।



Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਪਹਿਲਾਂ ਆਓ ਕਾਰਜਕਾਰਨੀ ਦੇ ਕਾਇਮ ਕਰਨ ਦੇ ਢੰਗ ਬਾਰੇ ਜ਼ਰੂਰ ਦੇਖੀਏ। ਕੀ ਕਾਰਜਕਾਰਨੀ ਨੂੰ ਅਸੈਂਬਲੀ ਦੇ ਚੁਣੇ ਹੋਏ ਮੈਂਬਰ ਚੁਣਦੇ ਹਨ ਜਾਂ ਅੱਗੇ ਵਾਂਗ ਉੱਪਰੋਂ ਹੀ ਠੋਸੀ ਜਾਂਦੀ ਹੈ। ਕੀ ਇਹ ਅਸੈਂਬਲੀ ਨੂੰ ਜਵਾਬਦੇਹ ਹੋਵੇਗੀ ਜਾਂ ਪਿਛਲੇ ਸਮੇਂ ਵਾਂਗ ਸਭਾ ਦੀ ਤੌਹਾਨੀ ਕਰੇਗੀ।

ਜਿਥੋਂ ਤਕ ਦੂਸਰੀ ਗੱਲ ਦਾ ਸੰਬੰਧ ਹੈ, ਉਸ ਨੂੰ ਅਸੀਂ ਬਾਲਗ ਚੋਣਾਂ ਦੇ ਹੱਕ ਦੀ ਗੁੰਜਾਇਸ਼ ਤੋਂ ਦੇਖ ਸਕਦੇ ਹਾਂ। ਜਾਇਦਾਦ ਮਾਲਕੀ ਦੀ ਧਾਰਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਕੇ ਵਿਆਪਕ ਲੋਕਾਂ ਵੋਟਾਂ ਦਾ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ, ਹਰ ਬਾਲਗ ਇਸਤਰੀ, ਪੁਰਸ਼ ਨੂੰ ਵੋਟ ਦਾ ਹੱਕ ਮਿਲਣਾ ਚਾਹੀਦਾ ਹੈ। ਹੁਣ ਤਾਂ ਅਸੀਂ ਸਿਰਫ ਇਹ ਦੇਖ ਸਕਦੇ ਹਾਂ ਕਿ ਵੋਟ ਅਧਿਕਾਰ ਕਿਸ ਹੱਦ ਤਕ ਦਿੱਤੇ ਜਾਂਦੇ ਹਨ।

ਜਿੱਥੋਂ ਤਕ ਢਾਂਚੇ ਦਾ ਸਵਾਲ ਹੈ, ਅਜੇ ਦੋ ਸਭਾਵਾ ਵਾਲੀ ਸਰਕਾਰ ਹੈ। ਮੇਰੇ ਵਿਚਾਰ ਵਿਚ ਉੱਚ ਸਭਾ ਬੁਰਜੂਆ ਭਰਮ ਜਾਲ ਜਾਂ ਝਾਂਸੇ ਬਿਨਾਂ ਹੋਰ ਕੁਝ ਨਹੀਂ। ਮੇਰੇ ਮੁਤਾਬਕ ਜਿੱਥੋਂ ਤਕ ਆਸ ਕੀਤੀ ਜਾ ਸਕਦੀ ਹੈ ਕਿ ਇਕ ਸਭਾ ਵਾਲੀ ਸਰਕਾਰ ਚੰਗੀ ਹੈ।

ਮੈਂ ਇਥੇ ਸੂਬਾਈ ਖੁਦ ਮੁਖਤਿਆਰੀ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਜੋ ਕੁਝ ਮੈਂ ਸੁਣਿਆ ਹੈ, ਉਸ ਦੇ ਆਧਾਰ 'ਤੇ ਮੈਂ ਇਹ ਕਹਿ ਸਕਦਾ ਹਾਂ ਕਿ ਉਪਰੋਂ ਠੋਸਿਆ ਗਵਰਨਰ, ਜਿਸ ਨੂੰ ਅਸੈਂਬਲੀ ਤੋਂ ਉਪਰ ਖ਼ਾਸ ਤਾਕਤਾਂ ਦਿੱਤੀਆਂ ਗਈਆਂ ਹੋਣ, ਤਾਨਾਸ਼ਾਹ ਤੋਂ ਘੱਟ ਸਾਬਤ ਨਹੀਂ ਹੋਵੇਗਾ। ਆਪਾਂ ਇਸ ਨੂੰ ਸੂਬਾਈ ਖੁਦ-ਮੁਖਤਿਆਰੀ ਨਾ ਕਹਿ ਕੇ ਸੂਬਾਈ ਜ਼ੁਲਮ ਕਹੀਏ। ਇਹ ਰਾਜ ਦੀਆਂ ਸੰਸਥਾਵਾਂ ਦਾ ਅਜੀਬ ਜਮਹੂਰੀ ਕਰਨ ਹੈ।

ਤੀਸਰੀ ਗੱਲ ਤਾਂ ਬਿਲਕੁਲ ਸਾਫ ਹੈ। ਪਿਛਲੇ ਦੋ ਸਾਲਾਂ ਤੋਂ ਅੰਗਰੇਜ਼ ਸਿਆਸਤਦਾਨ ਉਸ ਵਾਅਦੇ ਨੂੰ ਖ਼ਤਮ ਕਰਨ 'ਤੇ ਲੱਗੇ ਹੋਏ ਹਨ, ਜਿਹੜਾ ਮੈਂਟੇਗਯੂ ਨੇ ਇਹ ਕਹਿ ਕੇ ਕੀਤਾ ਸੀ ਕਿ ਜਦ ਤਕ ਅੰਗਰੇਜ਼ੀ ਖਜ਼ਾਨੇ ਵਿਚ ਜਾਨ ਹੈ ਹਰ ਦਸ ਸਾਲ ਬਾਅਦ ਹੋਰ ਸੁਧਾਰ ਕੀਤੇ ਜਾਂਦੇ ਰਹਿਣਗੇ।

ਅਸੀਂ ਦੇਖ ਸਕਦੇ ਹਾਂ ਕਿ ਉਨ੍ਹਾਂ ਨੇ ਭਵਿੱਖ ਲਈ ਕੀ ਫੈਸਲਾ ਕੀਤਾ ਹੈ। ਮੈਂ ਗੱਲ ਸਪੱਸ਼ਟ ਕਰ ਦਿਆਂ ਕਿ ਅਸੀਂ ਇਨ੍ਹਾਂ ਗੱਲਾਂ ਦਾ ਵਿਸ਼ਲੇਸ਼ਣ ਇਸ ਕਰਕੇ ਨਹੀਂ ਕਰ ਰਹੇ ਕਿ ਪ੍ਰਾਪਤੀਆਂ 'ਤੇ ਖ਼ੁਸ਼ੀ ਮਨਾਈ ਜਾਵੇ, ਸਗੋਂ ਇਸ ਲਈ ਕਿ ਜਨਤਾ ਨੂੰ ਚੇਤੰਨ ਕੀਤਾ ਜਾ ਸਕੇ ਅਤੇ ਆਉਣ ਵਾਲੀ ਜੱਦੋ-ਜਹਿਦ ਲਈ ਤਿਆਰ ਕੀਤਾ ਜਾਵੇ। ਸਾਡੇ ਲਈ ਸਮਝੌਤਾ ਗੋਡੇ ਟੇਕਣਾ ਨਹੀਂ ਹੈ। ਸਗੋਂ ਇਕ ਕਦਮ ਅੱਗੇ ਤੇ ਫਿਰ ਕੁਝ ਆਰਾਮ।

ਪਰ ਨਾਲ ਹੀ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਮਝੌਤਾ ਇਸ਼ ਤੋਂ ਵੱਧ ਹੋਰ ਹੈ ਵੀ ਕੁਝ ਨਹੀਂ। ਇਹ ਆਖ਼ਰੀ ਮੰਤਵ ਤੇ ਆਖ਼ਰੀ ਆਰਾਮ ਦੀ ਥਾਂ ਨਹੀਂ ਹੈ।

• • •

ਮੌਜੂਦਾ ਹਾਲਤ ਬਾਰੇ ਕੁਝ ਹੱਦ ਤੱਕ ਵਿਚਾਰ ਕਰਨ ਬਾਅਦ ਆਓ ਭਵਿੱਖ ਦਾ ਪ੍ਰੋਗਰਾਮ 'ਤੇ ਕਾਰਜ ਨੀਤੀ ਕੀ ਹੋਵੇ, ਬਾਰੇ ਵੀ ਵਿਚਾਰ ਕਰੀਏ।

ਜਿਵੇਂ ਕਿ ਮੈਂ ਪਹਿਲਾਂ ਦਸਿਆ ਕਿ ਕਿਸੇ ਇਨਕਲਾਬੀ ਪਾਰਟੀ ਲਈ ਨਿਸ਼ਚਿਤ ਪ੍ਰੋਗਰਾਮ ਦਾ ਹੋਣਾ ਬਹੁਤ ਜ਼ਰੂਰੀ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਨਕਲਾਬ ਦਾ ਮਤਲਬ ਸਰਗਰਮੀ ਹੈ। ਇਸ ਦਾ ਮਤਲਬ ਜਥੇਬੰਦ ਅਤੇ ਸਿਲਸਲੇਵਾਰ ਕੰਮ ਰਾਹੀਂ ਸੋਚੀ ਸਮਝੀ ਤਬਦੀਲੀ ਲਿਆਉਣਾ ਹੈ ਅਤੇ ਇਕ ਦਮ, ਅਸੰਗਠਿਤ ਜਾਂ ਸੁੱਤੇ ਸਿੱਧ ਆਈ ਤਬਦੀਲੀ



Sri Satguru Jagjit Singh Ji Elibrary NamdhariElibrary@gmail.com

ਜਾਂ ਟੁੱਟ ਫੁੱਟ ਦੇ ਬਿਲਕੁਲ ਉਲਟ ਦੀ ਗੱਲ ਹੈ ਅਤੇ ਪ੍ਰੋਗਰਾਮ ਬਣਾਉਣ ਲਈ, ਜ਼ਰੂਰੀ ਤੌਰ 'ਤੇ ਇਨ੍ਹਾਂ ਗੱਲਾਂ ਦਾ ਅਧਿਐਨ ਕਰਨ ਦੀ ਲੋੜ ਹੈ।

1. ਮੰਜ਼ਲ ਜਾਂ ਉਦੇਸ਼
2. ਆਧਾਰ ਜਿੱਥੋਂ ਸ਼ੁਰੂ ਕਰਨਾ ਹੈ ਯਾਨੀ ਮੌਜੂਦਾ ਹਾਲਤ
3. ਅਮਲ ਵਿਧੀ ਯਾਨੀ ਸਾਧਨ ਅਤੇ ਢੰਗ-ਤਰੀਕੇ

ਜਦ ਤਕ ਇਨ੍ਹਾਂ ਤੱਤਾਂ ਬਾਰੇ ਆਪਾਂ ਨੂੰ ਸਪੱਸ਼ਟ ਸੰਕਲਪ ਨਹੀਂ ਹੈ, ਪ੍ਰੋਗਰਾਮ ਬਾਰੇ ਕੋਈ ਵਿਚਾਰ ਵਟਾਂਦਰਾ ਨਹੀਂ ਹੋ ਸਕਦਾ।

ਅਸੀਂ ਮੌਜੂਦਾ ਹਾਲਾਤ ਨੂੰ ਕੁਝ ਹੱਦ ਤਕ, ਵਿਚਾਰ ਅਧੀਨ ਲਿਆ ਚੁੱਕੇ ਹਾਂ। ਮੰਜ਼ਲ ਦੇ ਬਾਰੇ ਵੀ ਕੁਝ ਕਹਿ ਚੁਕੇ ਹਾਂ। ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ, ਜਿਸ ਲਈ ਮੁਢਲੀ ਜ਼ਰੂਰਤ ਰਾਜਸੀ ਇਨਕਲਾਬ ਦੀ ਹੈ। ਇਹ ਹੈ ਜੋ ਅਸੀਂ ਚਾਹੁੰਦੇ ਹਾਂ। ਰਾਜਸੀ ਇਨਕਲਾਬ ਦਾ ਭਾਵ ਰਾਜ ਸੱਤਾ (ਯਾਨੀ ਮੋਟੇ ਤੌਰ 'ਤੇ ਤਾਕਤ) ਦਾ ਅੰਗਰੇਜ਼ ਹੱਥਾਂ ਤੋਂ ਭਾਰਤੀ ਹੱਥਾਂ ਵਿਚ ਆ ਜਾਣਾ ਤੇ ਉਹ ਵੀ ਉਨ੍ਹਾਂ ਭਾਰਤੀਆਂ ਦੇ ਹੱਥਾਂ ਵਿਚ ਜਿਨ੍ਹਾਂ ਦਾ ਅੰਤਮ ਉਦੇਸ਼ ਸਾਡੇ ਉਦੇਸ਼ ਨਾਲ ਮਿਲਦਾ ਹੋਵੇ। ਹੋਰ ਸਪੱਸ਼ਟਤਾ ਨਾਲ ਕਹੀਏ ਤਾਂ ਰਾਜ ਸੱਤਾ ਦਾ ਇਨਕਲਾਬੀ ਪਾਰਟੀ ਦੇ ਹੱਥਾਂ ਵਿਚ, ਜਨਤਕ ਮਦਦ ਨਾਲ ਜਾਣਾ। ਉਸਦੇ ਬਾਅਦ ਸਾਰੇ ਸਮਾਜ ਨੂੰ ਸਮਾਜਵਾਦੀ ਲੀਹਾਂ 'ਤੇ ਚਲਾਉਣ ਲਈ ਪੂਰੀ ਸੰਜੀਦਗੀ ਨਾਲ ਜੁਟ ਜਾਣਾ ਹੋਵੇਗਾ। ਜੇ ਤੁਹਾਡਾ ਇਨਕਲਾਬ ਤੋਂ ਇਹ ਭਾਵ ਨਹੀਂ ਹੈ ਤਾਂ ਜਨਾਬ ਮੇਹਰਬਾਨੀ ਕਰਨਾ। 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਣੇ ਬੰਦ ਕਰ ਦਿਓ। ਘੱਟੋ ਘੱਟ ਸਾਡੇ ਲਈ ਇਨਕਲਾਬ ਦਾ ਸ਼ਬਦ ਬਹੁਤ ਉੱਤਮ ਵਿਚਾਰ ਹੈ ਤੇ ਇਸੇ ਕਰਕੇ ਐਵੇਂ ਬਗੈਰ ਸੰਜੀਦਗੀ ਦੇ ਨਹੀਂ ਵਰਤਣਾ ਚਾਹੀਦਾ, ਇਸ ਤਰ੍ਹਾਂ ਇਸ ਦੀ ਦੁਰਵਰਤੋਂ ਹੋ ਜਾਵੇਗੀ। ਪਰ ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਕੌਮੀ ਇਨਕਲਾਬ ਚਾਹੁੰਦੇ ਹੋ ਜਿਸ ਦੇ ਉਦੇਸ਼ ਅਮਰੀਕਾ ਵਰਗੇ ਭਾਰਤੀ ਗਣਤੰਤਰ ਦੀ ਸਥਾਪਤੀ ਹੈ ਤਾਂ ਮੇਰਾ ਸਵਾਲ ਹੈ ਕਿ ਉਸ ਲਈ ਤੁਸੀਂ ਇਨਕਲਾਬ ਵਿਚ ਮਦਦਗਾਰ ਹੋਣ ਲਈ ਕਿਹੜੀਆਂ ਸ਼ਕਤੀਆਂ 'ਤੇ ਨਿਰਭਰ ਕਰ ਸਕਦੇ ਹੋ, ਉਹ ਹਨ ਕਿਸਾਨੀ ਅਤੇ ਮਜ਼ਦੂਰ। ਕਾਂਗਰਸੀ ਨੇਤਾ ਇਨ੍ਹਾਂ ਸ਼ਕਤੀਆਂ ਨੂੰ ਸੰਗਠਿਤ ਕਰਨ ਦੀ ਹਿੰਮਤ ਨਹੀਂ ਰੱਖਦੇ। ਇਸ ਅੰਦੋਲਨ ਵਿਚ ਇਹ ਤੁਸਾਂ ਸਾਫ਼ ਦੇਖ ਲਿਆ ਹੈ। ਉਨ੍ਹਾਂ ਨੂੰ ਹੋਰ ਕਿਸੇ ਨਾਲੋਂ ਵੱਧ ਅਹਿਸਾਸ ਹੈ ਕਿ ਇਨ੍ਹਾਂ ਸ਼ਕਤੀਆਂ ਦੇ ਬਗੈਰ ਉਹ ਬੇਬੱਸ ਹਨ। ਜਦ ਉਨ੍ਹਾਂ ਨੇ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਤਾਂ ਉਸਦਾ ਅਸਲ ਮਤਲਬ ਤਾਂ ਇਨਕਲਾਬ ਹੀ ਸੀ, ਪਰ ਇਨ੍ਹਾਂ ਦਾ ਮਤਲਬ ਇਹ ਨਹੀਂ ਸੀ। ਇਹ ਤਾਂ ਨੌਜਵਾਨ ਕਾਰਕੁੰਨਾਂ ਦੇ ਦਬਾਅ ਹੇਠ ਪਾਸ ਕੀਤਾ ਗਿਆ ਸੀ ਅਤੇ ਇਕ ਦਬਕੇ ਦੇ ਤੌਰ 'ਤੇ ਇਸਨੂੰ ਇਸਤੇਮਾਲ ਕਰਨਾ ਚਾਹੁੰਦੇ ਸਨ ਤਾਂ ਕਿ ਮਨ ਚਾਹਿਆਂ ਫਲ ਡੋਮੀਨੀਅਨ ਸਟੇਟਸ ਪ੍ਰਾਪਤ ਕਰ ਸਕਣ। ਤੁਸੀਂ ਕਾਂਗਰਸ ਦੇ ਪਿਛਲੇ ਤਿੰਨਾਂ ਅਜਲਾਸਾਂ ਦੇ ਮਤੇ ਪੜ੍ਹ ਕੇ ਇਸ ਬਾਰੇ ਠੀਕ ਰਾਏ ਬਣਾ ਸਕਦੇ ਹੋ। ਮੇਰਾ ਭਾਵ ਮਦਰਾਸ, ਕਲਕੱਤਾ ਅਤੇ ਲਾਹੌਰ ਅਜਲਾਸਾਂ ਤੋਂ ਹੈ। ਕਲਕੱਤੇ ਡੋਮੀਨੀਅਮ ਸਟੇਟਸ ਦੀ ਮੰਗ ਦਾ ਮਤਾ ਪਾਸ ਕੀਤਾ ਗਿਆ। 12 ਮਹੀਨੇ ਅੰਦਰ ਇਸ ਮੰਗ ਦੀ ਸਵੀਕਾਰਤਾ ਲਈ ਕਿਹਾ ਗਿਆ। ਅਗਰ ਏਦਾਂ ਨਾ ਕੀਤਾ ਗਿਆ ਤਾਂ ਕਾਂਗਰਸ ਮਜਬੂਰ ਹੋ ਕੇ ਪੂਰਨ ਆਜ਼ਾਦੀ ਨੂੰ ਆਪਣਾ ਉਦੇਸ਼ ਬਣਾ ਲਵੇਗੀ। ਪੂਰੀ ਸੰਜੀਦਗੀ ਨਾਲ 31 ਦਸੰਬਰ, 1929 ਦੀ ਅੱਧੀ ਰਾਤ ਤਕ ਉਸ ਸੁਗਾਤ ਦੀ ਪ੍ਰਾਪਤੀ ਦੀ ਇੰਤਜ਼ਾਰ ਕਰਦੇ ਰਹੇ ਅਤੇ ਫਿਰ ਉਨ੍ਹਾਂ ਨੇ ਆਪਣੇ ਆਪ ਨੂੰ ਆਜ਼ਾਦੀ ਦਾ ਮਤਾ ਮੰਨਣ ਲਈ "ਵਚਨ ਬੱਧ" ਪਾਇਆ। ਵੈਸੇ ਉਹ ਚਾਹੁੰਦੇ ਨਹੀਂ ਸਨ ਅਤੇ ਫਿਰ ਵੀ ਮਹਾਤਮਾ ਜੀ ਨੇ ਇਹ ਗੱਲ ਛੁਪਾ ਕੇ ਨਾ ਰੱਖੀ ਕਿ ਦਰਵਾਜ਼ੇ (ਸਮਝੌਤੇ ਲਈ) ਖੁੱਲ੍ਹੇ ਹਨ। ਇਹ ਸੀ ਇਸ ਦਾ ਅਸਲ ਮਨੋਰਥ ਬਿਲਕੁਲ ਸ਼ੁਰੂ ਵਿਚ ਹੀ ਉਹ



Sri Satguru Jagjit Singh Ji Elibrary NamdhariElibrary@gmail.com

ਜਾਣਦੇ ਸਨ ਕਿ ਉਨ੍ਹਾਂ ਦਾ ਅੰਦੋਲਨ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਵਿਚ ਮੁੱਕੇਗਾ। ਇਸ ਬੇਦਿਲੀ ਨੂੰ ਅਸੀਂ ਨਫ਼ਰਤ ਕਰਦੇ ਹਾਂ ਕਿ ਜੱਦੋ-ਜਹਿਦ ਦੇ ਕਿਸੇ ਮਸਲੇ 'ਤੇ ਸਮਝੌਤੇ ਨੂੰ ਨਹੀਂ।

ਖ਼ੈਰ ! ਅਸੀਂ ਵਿਚਾਰ ਰਹੇ ਸਾਂ ਕਿ ਇਕ ਇਨਕਲਾਬ ਕਿਨ੍ਹਾਂ-ਕਿਨ੍ਹਾਂ ਤਾਕਤਾਂ 'ਤੇ ਨਿਰਭਰ ਕਰਦਾ ਹੈ। ਪਰ ਜੇ ਤੁਸੀਂ ਸੋਚਦੇ ਹੋ ਕਿ ਕਿਸਾਨਾਂ ਤੇ ਮਜ਼ਦੂਰਾਂ ਦੀ ਸਰਗਰਮ ਸ਼ਮੂਲੀਅਤ ਲਈ ਪਹੁੰਚ ਕਰੋਗੇ ਤਾਂ ਮੈਂ ਦੱਸਣਾ ਚਾਹਾਂਗਾ ਕਿ ਉਹ ਕਿਸੇ ਕਿਸਮ ਦੀ ਜਜ਼ਬਾਤੀ ਗੱਲ ਨਾਲ ਬੇਵਕੂਫ਼ ਨਹੀਂ ਬਣਾਏ ਜਾ ਸਕਦੇ। ਉਹ ਸਾਫ਼-ਸਾਫ਼ ਪੁੱਛਣਗੇ ਕਿ ਉਨ੍ਹਾਂ ਨੂੰ ਤੁਹਾਡੇ ਇਨਕਲਾਬ ਤੋਂ ਕੀ ਲਾਭ ਪੁਜੇਗਾ। ਉਸ ਇਨਕਲਾਬ ਤੋਂ ਜਿਸ ਲਈ ਤੁਸੀਂ ਉਨ੍ਹਾਂ ਦੀ ਕੁਰਬਾਨੀ ਦੀ ਮੰਗ ਕਰ ਰਹੇ ਹੋ। ਅਗਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪਰਸ਼ੋਤਮ ਦਾਸ ਠਾਕਰ ਦਾਸ ਹੋਵੇ ਤਾਂ ਜਨਤਾ ਨੂੰ ਕੀ ਫ਼ਰਕ ਪੈਂਦਾ ਹੈ? ਇਕ ਕਿਸਾਨ ਵਾਸਤੇ ਇਸ ਨਾਲ ਕੀ ਫ਼ਰੰਕ ਪਵੇਗਾ, ਜੇ ਲਾਰਡ ਇਰਵਨ ਦੇ ਥਾਂ ਸਰ ਤੇਜ ਬਹਾਦਰ ਸਪਰੂ ਆ ਜਾਂਦਾ ਹੈ, ਕੌਮੀ ਜਜ਼ਬਾਤਾਂ ਨੂੰ ਅਪੀਲ ਬਿਲਕੁਲ ਫਜ਼ੂਲ ਗੱਲ ਹੈ। ਤੁਸੀਂ ਉਸਨੂੰ ਆਪਣੇ ਕੰਮ ਵਾਸਤੇ ਨਹੀਂ 'ਵਰਤ' ਸਕਦੇ, ਤੁਹਾਨੂੰ ਸੰਜੀਦਾ ਹੋਣਾ ਪਵੇਗਾ ਅਤੇ ਉਸ ਨੂੰ ਸਮਝਾਉਣਾ ਪਵੇਗਾ ਕਿ ਇਨਕਲਾਬ ਉਸ ਦੇ ਹਿੱਤ ਲਈ ਹੈ ਅਤੇ ਉਸਦਾ ਹੈ। ਮਜ਼ਦੂਰ ਪ੍ਰੋਲੇਤਾਰੀ ਦਾ ਇਨਕਲਾਬ, ਪ੍ਰੋਲੇਤਾਰੀ ਲਈ।

ਜਦ ਤੁਸੀਂ ਆਪਣੀ ਮੰਜ਼ਲ ਦਾ ਸਾਫ ਤੇ ਸਪੱਸ਼ਟ ਵਿਚਾਰ ਬਣਾ ਲਿਆ ਤਾਂ ਅਜਿਹੇ ਕਾਰਜ ਦੀ ਪੂਰਤੀ ਲਈ ਤੱਤਪਰਤਾ ਨਾਲ ਤੁਸੀਂ ਆਪਣੀ ਸ਼ਕਤੀ ਸੂਤਰਬੱਧ ਕਰਨ ਵਲ ਜੁਟ ਜਾਓਗੇ। ਹੁਣ ਦੋ ਵੱਖਰੇ-ਵੱਖਰੇ ਪੜਾਅ ਹਨ ਜਿਸ ਵਿਚੋਂ ਦੀ ਲੰਘਣਾ ਪਵੇਗਾ। ਪਹਿਲਾਂ ਤਿਆਰੀ ਦਾ ਦੂਸਰਾ ਅਮਲ ਦਾ।

ਜਦ ਇਹ ਹੁਣ ਵਾਲਾ ਅੰਦੋਲਨ ਖ਼ਤਮ ਹੋਵੇ ਤਾਂ ਤੁਸੀਂ ਕਈ ਸੁਹਿਰਦ ਤੇ ਇਮਾਨਦਾਰ ਇਨਕਲਾਬੀ ਕਾਮਿਆਂ ਨੂੰ ਨਿਰਾਸ਼ ਅਤੇ ਉਚਾਟ ਪਾਓਗੇ। ਪਰ ਤੁਹਾਨੂੰ ਘਬਰਾਉਣ ਦੀ ਲੋੜ ਨਹੀਂ ਹੈ। ਭਾਵੁਕਤਾ ਇਕ ਪਾਸੇ ਛੱਡੋ। ਅਸਲੀਅਤ ਦਾ ਸਾਹਮਣਾ ਕਰਨ ਲਈ ਤਿਆਰ ਹੋਵੋ। ਇਨਕਲਾਬ ਬਹੁਤ ਮੁਸ਼ਕਲ ਕੰਮ ਹੈ। ਕਿਸੇ ਇਕ ਆਦਮੀ ਦੀ ਤਾਕਤ ਤੋਂ ਬਾਹਰੀ ਗੱਲ ਹੈ, ਨਾ ਹੀ ਇਹ ਕਿਸੇ ਮਿਥੀ ਹੋਈ ਤਰੀਕ ਨੂੰ ਆ ਸਕਦਾ ਹੈ। ਇਹ ਤਾਂ ਖ਼ਾਸ ਸਮਾਜੀ ਤੇ ਆਰਥਕ ਹਾਲਤ ਵਿਚੋਂ ਪੈਦਾ ਹੁੰਦਾ ਹੈ ਅਤੇ ਇਕ ਜਥੇਬੰਦ ਪਾਰਟੀ ਨੇ ਅਜਿਹੇ ਮੌਕੇ ਨੂੰ ਸਾਂਭਣਾ ਹੁੰਦਾ ਹੈ ਅਤੇ ਜਨਤਾ ਨੂੰ ਤਿਆਰ ਕਰਨਾ ਹੁੰਦਾ ਹੈ ਅਤੇ ਇਨਕਲਾਬ ਦੇ ਮੁਸ਼ਕਿਲ ਕੰਮ ਲਈ ਸਭ ਸ਼ਕਤੀਆਂ ਨੂੰ ਸੰਗਠਿਤ ਕਰਨਾ ਹੁੰਦਾ ਹੈ। ਇਸ ਸਾਰੇ ਲਈ ਇਨਕਲਾਬੀ ਕਾਰਕੁੰਨਾਂ ਨੂੰ ਬਹੁਤ ਹੀ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। ਮੈਂ ਏਥੇ ਸਪੱਸ਼ਟ ਕਰ ਦਿਆਂ ਕਿ ਜੇ ਤੁਸੀਂ ਵਿਉਪਾਰੀ ਹੋ ਜਾਂ ਸਥਾਪਿਤ ਦੁਨੀਆਦਾਰ ਜਾਂ ਪ੍ਰਵਾਰਿਕ ਆਦਮੀ ਹੋ ਤਾਂ ਜਨਾਬ ਇਸ ਅੱਗ ਨਾਲ ਨਾ ਖੇਡੋ। ਇਕ ਨੇਤਾ ਦੇ ਤੌਰ 'ਤੇ ਤੁਸੀਂ ਪਾਰਟੀ ਦੇ ਕਿਸੇ ਦੇ ਨਹੀਂ ਹੋ। ਅੱਗੇ ਹੀ ਸਾਡੇ ਕੋਲ ਅਜਿਹੇ ਬਹੁਤ ਲੀਡਰ ਹਨ ਜੋ ਸ਼ਾਮ ਨੂੰ ਤਕਰੀਰ ਦੇਣ ਲਈ ਕੁਝ ਸਮਾਂ ਜ਼ਰੂਰ ਕੱਢ ਲੈਂਦੇ ਹਨ। ਇਹ ਲੀਡਰ ਸਾਡੇ ਕੰਮ ਦੇ ਨਹੀਂ ਹਨ। ਅਸੀਂ ਤਾਂ ਲੈਨਿਨ ਦੇ ਅਤਿ ਪਿਆਰੇ ਲਫ਼ਜ਼ 'ਪੇਸ਼ਾਵਰ ਇਨਕਲਾਬੀ' ਨੂੰ ਵਰਤਣਾ ਚਾਹਾਂਗੇ। ਕੁਲ ਵਕਤੀ ਵਰਕਰ ਜਿਨ੍ਹਾਂ ਦੀ ਇਨਕਲਾਬ ਦੇ ਬਿਨਾਂ ਹੋਰ ਜ਼ਿੰਦਗੀ ਦੀ ਕੋਈ ਖ਼ਾਹਸ਼ ਨਾ ਹੋਵੇ। ਜਿੰਨੇ ਵਧੇਰੇ ਅਜਿਹੇ ਪਾਰਟੀ ਵਿਚ ਜਥੇਬੰਦ ਹੋਣਗੇ, ਉਨੇ ਹੀ ਕਾਮਯਾਬੀ ਦੇ ਵਧੇਰੇ ਮੌਕੇ ਹੋਣਗੇ।

ਢੰਗ ਸਿਰ ਅੱਗੇ ਵਧਣ ਲਈ ਸਭ ਤੋਂ ਵਧ ਜਿਸ ਗੱਲ ਦੀ ਲੋੜ ਪਾਰਟੀ ਨੂੰ ਹੈ ਉਹ ਹੈ, ਉਪਰ ਦੱਸੇ ਕਾਰਕੁੰਨਾਂ ਦੀ ਜਿਹੜੇ ਸਪੱਸ਼ਟ ਵਿਚਾਰ, ਪ੍ਰਤੱਖ ਸੋਝੀ, ਪਹਿਲ ਕਦਮੀ ਦੀ ਕਾਬਲੀਅਤ ਅਤੇ ਤੁਰੰਤ ਫੈਸਲਾ ਲੈਣ ਦੀ ਸ਼ਕਤੀ ਰੱਖਦੇ ਹੋਣ। ਪਾਰਟੀ ਵਿਚ ਫੌਲਾਦੀ



Sri Satguru Jagjit Singh Ji Elibrary NamdhariElibrary@gmail.com

ਅਨੁਸ਼ਾਸਨ ਹੋਵੇ ਅਤੇ ਜ਼ਰੂਰੀ ਨਹੀਂ ਹੈ ਕਿ ਪਾਰਟੀ ਲੁਕ ਛਿਪ ਕੇ ਕੰਮ ਕਰੇ ਸਗੋਂ ਇਸ ਦੇ ਉਲਟ ਖੁਲ ਕੇ ਕੰਮ ਕਰੇ। ਭਾਵੇਂ ਕਿ ਮਨਮਰਜ਼ੀ ਨਾਲ ਜੇਲ੍ਹਾਂ ਅੰਦਰ ਜਾਣ ਦੀ ਨੀਤੀ ਪੂਰੀ ਤਰ੍ਹਾਂ ਤਿਆਗ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਬਹੁਤ ਸਾਰੇ ਵਾਲੰਟੀਅਰਾਂ ਨੂੰ ਖੁਫ਼ੀਆ ਤੌਰ 'ਤੇ ਕੰਮ ਕਰਨ ਲਈ ਜੀਵਨ ਬਿਤਾਉਣਾ ਪੈ ਸਕਦਾ ਹੈ। ਪਰ ਉਨ੍ਹਾਂ ਨੂੰ ਉਸੇ ਤਰ੍ਹਾਂ ਪੂਰੇ ਜੋਸ਼ੋ ਖਰੋਸ਼ ਨਾਲ ਕੰਮ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਹ ਹੈ ਉਹ ਗਰੁੱਪ, ਜਿਸ ਵਿਚੋਂ ਮੌਕਾ ਸੰਭਾਲ ਸਕਣ ਵਾਲੇ ਨੇਤਾ ਤਿਆਰ ਹੋਣਗੇ।

ਪਾਰਟੀ ਨੂੰ ਕਾਮਿਆਂ ਦੀ ਜ਼ਰੂਰਤ ਪਵੇਗੀ ਜਿਹੜੇ ਨੌਜਵਾਨ ਲਹਿਰਾਂ ਵਿਚੋਂ ਭਰਤੀ ਕੀਤੇ ਜਾ ਸਕਦੇ ਹਨ। ਇਸੇ ਕਰਕੇ ਨੌਜਵਾਨ ਲਹਿਰ ਸਭ ਤੋਂ ਪਹਿਲੀ ਗੱਲ ਹੈ ਜਿਥੋਂ ਸਾਡਾ ਪ੍ਰੋਗਰਾਮ ਸ਼ੁਰੂ ਹੋਵੇਗਾ। ਨੌਜਵਾਨ ਲਹਿਰ ਨੂੰ ਅਧਿਅਨ ਕੇਂਦਰ (ਸਟਡੀ ਸਰਕਲ) ਖੋਲਣੇ ਚਾਹੀਦੇ ਹਨ। ਜਮਾਤਾਂ ਵਿਚ ਲੈਕਚਰ, ਲੀਫਲੈਟ, ਪੈਂਫਲੇਟ, ਕਿਤਾਬਾਂ, ਰਸਾਲੇ ਛਾਪਣੇ ਚਾਹੀਦੇ ਹਨ। ਇਹ ਰਾਜਨੀਤਿਕ ਕਾਮਿਆਂ ਲਈ ਸਭ ਤੋਂ ਚੰਗੀ ਭਰਤੀ ਕਰਨ ਅਤੇ ਟਰੇਨਿੰਗ ਦੇਣ ਦੀ ਥਾਂ ਹੋਵੇਗੀ।

ਉਨ੍ਹਾਂ ਨੌਜਵਾਨਾਂ ਨੂੰ ਪਾਰਟੀ ਵਿਚ ਲੈ ਲੈਣਾ ਚਾਹੀਦਾ ਹੈ, ਜਿਨ੍ਹਾਂ ਦੇ ਵਿਚਾਰ ਵਿਕਸਿਤ ਹੋ ਚੁੱਕੇ ਹਨ ਅਤੇ ਉਹ ਆਪਣੀ ਜ਼ਿੰਦਗੀ ਨੂੰ ਇਸ ਕੰਮ ਲਈ ਲਗਾਉਣ ਨੂੰ ਤਿਆਰ ਹਨ। ਪਾਰਟੀ ਦੇ ਵਰਕਰ ਨੌਜਵਾਨ ਲਹਿਰ ਦੇ ਕੰਮ ਦੀ ਅਗਵਾਈ ਕਰਨਗੇ। ਪਾਰਟੀ ਆਪਣਾ ਕੰਮ ਪ੍ਰਾਪੇਗੰਡੇ ਤੋਂ ਸ਼ੁਰੂ ਕਰੇਗੀ। ਇਹ ਬਹੁਤ ਜ਼ਰੂਰੀ ਹੈ। ਗ਼ਦਰ ਪਾਰਟੀ (1914-15) ਦੇ ਫੇਲ ਹੋਣ ਦਾ ਮੁੱਖ ਕਾਰਨ ਸੀ, ਜਨਤਾ ਦੀ ਅਗਿਆਨਤਾ, ਬੇਲਾਗਤਾ ਅਤੇ ਕਈ ਵਾਰ ਵਿਰੋਧ। ਇਸਦੇ ਇਲਾਵਾ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਰਗਰਮ ਹਮਾਇਤ ਹਾਸਲ ਕਰਨ ਲਈ ਵੀ ਇਹ ਜ਼ਰੂਰੀ ਹੈ। ਪਾਰਟੀ ਦਾ ਨਾਂ ਯਾਨੀ ਕਮਿਊਨਿਸਟ ਪਾਰਟੀ ਹੋਵੇ। ਠੋਸ ਅਨੁਸ਼ਾਸਨ ਵਾਲੀ ਰਾਜਨੀਤਿਕ ਕਾਮਿਆਂ ਦੀ ਪਾਰਟੀ ਬਾਕੀ ਸਭ ਅੰਦੋਲਨਾਂ ਨੂੰ ਚਲਾਏਗੀ। ਇਸ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਦੂਸਰੀਆਂ ਪਾਰਟੀਆਂ ਦਾ ਸੰਚਾਲਨ ਵੀ ਕਰਨਾ ਹੋਵੇਗਾ ਅਤੇ ਪਾਰਟੀ ਲੇਬਰ ਯੂਨੀਅਨ ਕਾਂਗਰਸ ਅਤੇ ਦੂਸਰੀਆਂ ਮਿਲਦੀਆਂ ਜੁਲਦੀਆਂ ਰਾਜਨੀਤਿਕ ਸੰਸਥਾਵਾਂ ਤੇ ਭਾਰੂ ਹੋਣ ਦੀ ਕੋਸ਼ਿਸ਼ ਕਰੇਗੀ। ਪਾਰਟੀ ਇਕ ਵੱਡੀ ਛਪਾਈ ਮੁਹਿੰਮ ਚਲਾਏਗੀ ਜਿਸ ਨਾਲ ਸਿਰਫ ਕੌਮੀ ਰਾਜਨੀਤੀ ਹੀ ਨਹੀਂ ਸਗੋਂ ਜਮਾਤੀ ਚੇਤਨਾ ਵੀ ਪੈਦਾ ਕਰੇਗੀ। ਸੋਸ਼ਲਿਸਟ ਸਿਧਾਂਤ ਸੰਬੰਧੀ ਜਨਤਾ ਨੂੰ ਜਾਗਰੂਕ ਕਰਨ ਲਈ ਸਮੂਹ ਸਮੱਸਿਆਵਾਂ ਦਾ ਵਿਸ਼ਾ ਵਸਤੂ ਹਰ ਇਕ ਦੀ ਸੌਖੀ ਪਹੁੰਚ ਵਿਚ ਹੋਣਾ ਚਾਹੀਦਾ ਹੈ ਅਤੇ ਅਜਿਹੀਆਂ ਪ੍ਰਕਾਸ਼ਨਾਵਾਂ ਨੂੰ ਵੱਡੇ ਪੱਧਰ ਉੱਤੇ ਵੰਡਿਆ ਜਾਣਾ ਚਾਹੀਦਾ ਹੈ। ਲਿਖਤ ਸਾਦਾ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

ਮਜ਼ਦੂਰ ਅੰਦੋਲਨ ਵਿਚ ਅਜਿਹੇ ਵਿਅਕਤੀ ਹਨ ਜੋ ਬੜੇ ਹੀ ਅਜੀਬ ਵਿਚਾਰ, ਮਜ਼ਦੂਰ ਤੇ ਕਿਸਾਨਾਂ ਦੀ ਆਰਥਕ ਆਜ਼ਾਦੀ ਅਤੇ ਰਾਜਨੀਤਿਕ ਆਜ਼ਾਦੀ ਬਾਰੇ ਰੱਖਦੇ ਹਨ। ਉਹ ਲੋਕ ਭੜਕਾਊ ਹਨ ਜਾਂ ਬੌਂਦਲੇ ਹੋਏ ਹਨ। ਅਜਿਹੇ ਵਿਚਾਰ ਜਾਂ ਤਾਂ ਊਲ-ਜਲੂਨ ਹਨ ਜਾਂ ਕਲਪਨਾ ਰਹਿਤ। ਸਾਡਾ ਭਾਵ ਜਨਤਾ ਦੀ ਆਰਥਿਕ ਆਜ਼ਾਦੀ ਤੋਂ ਹੈ ਅਤੇ ਇਸੇ ਵਾਸਤੇ ਅਸੀਂ ਰਾਜਨੀਤਿਕ ਤਾਕਤ ਜਿੱਤਣਾ ਚਾਹੁੰਦੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸ਼ੁਰੂ ਵਿਚ ਛੋਟੀਆਂ ਮੋਟੀਆਂ ਆਰਥਿਕ ਮੰਗਾਂ ਲਈ ਅਤੇ ਇਨ੍ਹਾਂ ਜਮਾਤਾਂ ਦੇ ਵਿਸ਼ੇਸ਼ ਅਧਿਕਾਰਾਂ ਲਈ ਸਾਨੂੰ ਲੜਨਾ ਪਵੇਗਾ। ਇਹ ਘੋਲ ਹੀ ਉਨ੍ਹਾਂ ਨੂੰ ਰਾਜਸੀ ਤਾਕਤ ਪ੍ਰਾਪਤ ਕਰਨ ਲਈ ਅੰਤਮ ਘੋਲ ਲਈ ਚੇਤੰਨ ਤੇ ਤਿਆਰ ਕਰੇਗਾ।

ਇਸ ਦੇ ਇਲਾਵਾ, ਇਕ ਫ਼ੌਜੀ ਵਿਭਾਗ ਨੂੰ ਵੀ ਸੰਗਠਿਤ ਕਰਨਾ ਪਵੇਗਾ। ਇਸਦਾ ਬਹੁਤ ਮਹੱਤਵ ਹੈ। ਕਈ ਵਾਰੀ ਇਸ ਦੀ ਬਹੁਤ ਬੁਰੀ ਤਰ੍ਹਾਂ ਲੋੜ ਪੈਂਦੀ ਹੈ। ਉਸ ਵੇਲੇ ਤੁਸੀਂ ਸ਼ੁਰੂ ਕਰ ਕੇ ਅਜਿਹਾ ਗਰੁੱਪ ਨਹੀਂ ਖੜ੍ਹਾ ਕਰ ਸਕਦੇ, ਜਿਸ ਕੋਲ ਕੰਮ ਕਰਨ ਦੀ ਪੂਰੀ ਤਾਕਤ ਹੋਵੇ।



Sri Satguru Jagjit Singh Ji Elibrary NamdhariElibrary@gmail.com

ਸ਼ਾਇਦ ਇਸ ਵਿਸ਼ੇ ਨੂੰ ਬਹੁਤ ਬਰੀਕੀ ਨਾਲ ਸਮਾਉਣ ਦੀ ਲੋੜ ਹੋਵੇਗੀ। ਇਸ ਵਿਸ਼ੇ ਉੱਤੇ ਮੇਰੇ ਵਿਚਾਰਾਂ ਨੂੰ ਗਲਤ ਰੰਗ ਵਿਚ ਸਮਝੇ ਜਾਣ ਦੀ ਬਹੁਤ ਭਾਰੀ ਸੰਭਾਵਨਾ ਹੈ। ਬਾਹਰੀ ਤੌਰ 'ਤੇ ਮੈਂ ਇਕ ਤਸ਼ੱਦਦ ਪਸੰਦ ਵਾਂਗ ਕੰਮ ਕੀਤਾ ਹੈ। ਪਰ ਮੈਂ ਤਸ਼ੱਦਦ ਪਸੰਦ ਨਹੀਂ ਹਾਂ। ਮੈਂ ਇਕ ਇਨਕਲਾਬੀ ਹਾਂ ਜਿਸਦੇ ਖ਼ਾਸ, ਠੋਸ ਤੇ ਲੰਬੇ ਸਮੇਂ ਦੇ ਪ੍ਰੋਗਰਾਮ ਬਾਰੇ ਵਿਚਾਰ ਹਨ, ਜਿਹੜੇ ਇਥੇ ਵਿਚਾਰੇ ਜਾ ਰਹੇ ਹਨ। ਮੇਰੇ "ਹਥਿਆਰਾਂ ਦੇ ਸਾਂਝੀਦਾਰ" ਸਾਥੀ ਮੈਨੂੰ ਰਾਮ ਪ੍ਰਸਾਦ ਬਿਸਮਲ ਵਾਂਗ ਇਸ ਗੱਲ ਲਈ ਦੋਸ਼ੀ ਠਹਿਰਾਣਗੇ ਕਿ ਫਾਂਸੀ ਕੋਠੜੀ ਦੇ ਅੰਦਰ ਰਹਿ ਕੇ ਮੇਰੇ ਅੰਦਰ ਕੁਝ ਪ੍ਰਤਿਕ੍ਰਿਆ ਪੈਦਾ ਹੋ ਗਈ ਹੈ। ਇਸ ਵਿਚ ਬਿਲਕੁਲ ਕੋਈ ਸਚਾਈ ਨਹੀਂ ਹੈ। ਮੇਰੇ ਵਿਚਾਰ ਉਹੀ ਹਨ, ਉਹੀ ਨਿਸ਼ਚਾ ਹੈ ਤੇ ਉਹੀ ਜੋਸ਼ ਤੇ ਸਪਿਰਟ ਹੈ ਜੋ ਬਾਹਰ ਹੁੰਦਾ ਸੀ--ਨਹੀਂ ਸਗੋਂ ਉਸ ਤੋਂ ਵੀ ਵੱਧ ਹੈ। ਇਸ ਕਰਕੇ ਮੈਂ ਆਪਣੇ ਪਾਠਕਾਂ ਨੂੰ ਇਹ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਮੇਰੇ ਲਫ਼ਜ਼ਾਂ ਨੂੰ ਪੂਰੇ ਧਿਆਨ ਨਾਲ ਪੜ੍ਹਣ।

ਉਨ੍ਹਾਂ ਨੂੰ ਕੁਝ ਵੀ ਲਾਈਨਾਂ ਦੇ ਵਿਚਕਾਰ ਨਹੀਂ ਦੇਖਣਾ ਚਾਹੀਦਾ। ਮੈਂ ਆਪਣੀ ਸਾਰੀ ਤਾਕਤ ਨਾਲ ਇਹ ਕਹਿਣਾ ਚਾਹਾਂਗਾ ਕਿ ਨਾ ਮੈਂ ਦਹਿਸ਼ਤ ਪਸੰਦ ਹਾਂ ਅਤੇ ਨਾ ਹੀ ਸਾਂ, ਸਿਰਫ ਇਨਕਲਾਬੀ ਜੀਵਨ ਦੇ ਸ਼ੁਰੂ ਦੇ ਚੰਦ ਦਿਨਾਂ ਦੇ ਸਵਾਏ ਅਤੇ ਮੈਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਅਸੀਂ ਇਨ੍ਹਾਂ ਤਰੀਕਿਆਂ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ। ਹਿੰਦੋਸਤਾਨ ਸਮਾਜਵਾਦੀ ਰੀਪਬਲੀਕਨ ਪਾਰਟੀ ਦੇ ਇਤਿਹਾਸ ਤੋਂ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ। ਸਾਡੇ ਸਾਰੇ ਕੰਮ ਇਕ ਦਿਸ਼ਾ ਵੱਲ ਹੀ ਸਨ, ਯਾਨੀ ਵੱਡੀ ਕੌਮੀ ਲਹਿਰ ਦੇ ਮਿਲਟਰੀ ਵਿੰਗ ਵਜੋਂ ਆਪਣੀ ਪਹਿਚਾਣ ਕਰਾਉਣੀ। ਜੇ ਕਿਸੇ ਨੇ ਮੈਨੂੰ ਗ਼ਲਤ ਸਮਝ ਲਿਆ ਹੈ ਤਾਂ ਉਹ ਆਪਣੇ ਵਿਚਾਰ ਸੋਧ ਲਵੇ। ਮੇਰਾ ਭਾਵ ਇਹ ਕਦੀ ਨਹੀਂ ਹੈ ਕਿ ਬੰਬ ਅਤੇ ਪਿਸਤੌਲ ਬੇ-ਫਾਇਦਾ ਹਨ, ਸਗੋਂ ਇਸ ਦੇ ਉਲਟ ਲਾਭਦਾਇਕ ਹਨ। ਪਰ ਮੇਰਾ ਭਾਵ ਇਹ ਹੈ ਕਿ ਸਿਰਫ ਬੰਬ ਸੁਟਣੇ ਬੇਫਾਇਦਾ ਹੀ ਨਹੀਂ ਸਗੋਂ ਕਈ ਵਾਰ ਨੁਕਸਾਨ ਕਰਦੇ ਹਨ। ਪਾਰਟੀ ਦੇ ਮਿਲਟਰੀ ਵਿਭਾਗ ਨੂੰ ਹਮੇਸ਼ਾ ਤਿਆਰ ਰੱਖਣਾ ਚਾਹੀਦਾ ਹੈ। ਸਭ ਲੜਾਈ ਦਾ ਸਾਮਾਨ ਆਪਣੇ ਕੋਲ ਤਿਆਰ ਹੋਣਾ ਚਾਹੀਦਾ ਹੈ ਤਾਂ ਕਿ ਸੰਕਟ ਸਮੇਂ ਕੰਮ ਆ ਸਕੇ। ਇਹ ਪਾਰਟੀ ਦੇ ਰਾਜਨੀਤਿਕ ਕੰਮ ਦੇ ਮਦਦਗਾਰ ਤੌਰ 'ਤੇ ਹੋਣਾ ਚਾਹੀਦਾ ਹੈ। ਇਹ ਆਪਣੇ ਤੌਰ ਅਜ਼ਾਦਾਨਾ ਕੰਮ ਨਾ ਕਰੇ।

ਇਨ੍ਹਾਂ ਲਾਈਨਾਂ ਤੇ ਜਿਵੇਂ ਉਪਰ ਦਸਿਆ ਗਿਆ ਹੈ, ਪਾਰਟੀ ਆਪਣੇ ਕੰਮ ਨੂੰ ਅੱਗੇ ਵਧਾਏ। ਸਮੇਂ ਸਮੇਂ ਮੀਟਿੰਗ ਅਤੇ ਕਾਨਫਰੰਸਾਂ ਕਰਕੇ ਆਪਣੇ ਕਾਮਿਆਂ ਨੂੰ ਸਭ ਵਿਸ਼ਿਆ ਬਾਰੇ ਜਾਣਕਾਰੀ ਤੇ ਚੇਤੰਨਤਾ ਦਿੱਤੀ ਜਾਂਦੀ ਰਹਿਣੀ ਚਾਹੀਦੀ ਹੈ। ਜੇ ਤੁਸੀਂ ਇਨ੍ਹਾਂ ਲਾਈਨਾਂ ਤੇ ਕੰਮ ਸ਼ੁਰੂ ਕਰਦੇ ਹੋ ਤਾਂ ਤੁਹਾਨੂੰ ਕਾਫੀ ਸੰਜੀਦਾ ਹੋਣਾ ਪਵੇਗਾ। ਕੰਮ ਦੀ ਪੂਰਤੀ ਲਈ ਘੱਟੋ ਘੱਟ 20 ਸਾਲ ਲੱਗਣਗੇ। ਇਨਕਲਾਬ ਬਾਰੇ, ਜਵਾਨੀ ਵੇਲੇ ਦੇ ਸੁਪਨੇ ਕਿ ਦਸਾਂ ਸਾਲਾਂ ਵਿਚ ਪ੍ਰਾਪਤ ਹੋ ਜਾਵੇਗਾ, ਲਾਂਭੇ ਰੱਖ ਦਿਉ, ਠੀਕ ਉਸੇ ਤਰ੍ਹਾਂ ਜਿਵੇਂ ਗਾਂਧੀ ਦੇ (ਇਕ ਸਾਲ ਵਿਚ ਸਵਰਾਜ) ਦੇ ਸੁਪਨੇ ਨੂੰ ਲਾਂਭੇ ਰਖਿਆ ਸੀ। ਇਸ ਲਈ ਨਾ ਤਾਂ ਜਜ਼ਬਾਤੀ ਹੋਣ ਦੀ ਲੋੜ ਹੈ ਅਤੇ ਨਾ ਹੀ ਮੌਤ ਦੀ, ਸਗੋਂ ਜ਼ਰੂਰਤ ਹੈ ਲਗਾਤਾਰ ਘੋਲ ਕਰਨ ਕਸ਼ਟ ਸਹਿਣ ਅਤੇ ਕੁਰਬਾਨੀ ਭਰੇ ਜੀਵਨ ਬਿਤਾਉਣ ਦੀ। ਆਪਣਾ ਨਿੱਜਵਾਦ ਪਹਿਲਾਂ ਖ਼ਤਮ ਕਰੋ। ਨਿੱਜੀ ਅਰਾਮ ਦੇ ਸੁਪਨੇ ਲਾਹ ਕੇ ਇਕ ਪਾਸੇ ਰੱਖ ਦਿਓ ਤੇ ਫਿਰ ਕੰਮ ਸ਼ੁਰੂ ਕਰੋ। ਇੰਚ ਇੰਚ ਕਰਕੇ ਤੁਸੀਂ ਅੱਗੇ ਵਧੋਗੇ। ਇਸ ਲਈ ਹੌਸਲੇ, ਦ੍ਰਿੜ੍ਹਤਾ ਅਤੇ ਬਹੁਤ ਹੀ ਮਜ਼ਬੂਤ ਇਰਾਦੇ ਦੀ ਜ਼ਰੂਰਤ ਹੈ। ਮੁਸ਼ਕਲਾਂ ਅਤੇ ਔਖਿਆਈਆਂ ਭਾਵੇਂ ਕਿੰਨੀਆਂ ਭਾਰੀ ਹੋਣ ਤੁਹਾਡੇ ਹੌਸਲੇ ਨੂੰ ਨਾ ਕੰਬਾ ਸਕਣ। ਕੋਈ ਹਾਰ ਜਾਂ ਧੋਖਾ ਤੁਹਾਡੇ ਦਿਲ ਨੂੰ ਤੋੜ ਨਾ ਸਕੇ ਕਿੰਨੇ ਵੀ ਕਸ਼ਟ ਤੁਹਾਡੇ ਉੱਤੇ ਪੈਣ, ਤੁਹਾਡੇ ਇਨਕਲਾਬੀ ਜੋਸ਼ ਨੂੰ ਠੰਡਾ ਨਾ ਕਰ ਸਕਣ। ਕਸ਼ਟ ਸਹਿਣ ਅਤੇ ਕੁਰਬਾਨੀ ਕਰਨ ਦੇ ਅਸੂਲ



Sri Satguru Jagjit Singh Ji Elibrary NamdhariElibrary@gmail.com

ਨਾਲ ਤੁਸੀਂ ਕਾਮਯਾਬੀ ਪ੍ਰਾਪਤ ਕਰੋਗੇ ਅਤੇ ਇਹ ਵਿਅਕਤੀਗਤ ਜਿੱਤਾਂ ਇਨਕਲਾਬ ਦੀ ਅਮੁੱਲ ਸੰਪਤੀ ਹੋਣਗੀਆਂ।

ਇਨਕਲਾਬ ਜ਼ਿੰਦਾਬਾਦ

2 ਫਰਵਰੀ, 1931

* * *

## ਸਾਡੇ ਲਈ ਸੁਨਹਿਰੀ ਮੌਕਾ

ਸ਼ਾਇਦ ਭਾਰਤੀ ਆਜ਼ਾਦੀ ਹੁਣ ਦੂਰ ਦਾ ਸੁਪਨਾ ਨਹੀਂ ਰਿਹਾ, ਘਟਨਾਵਾਂ ਬੜੀ ਤੇਜ਼ੀ ਨਾਲ ਘਟ ਰਹੀਆਂ ਹਨ ਅਤੇ ਇਸ ਕਰਕੇ ਸਾਡੀ ਆਸ ਨਾਲੋਂ ਜਲਦੀ ਆਜ਼ਾਦੀ ਇਕ ਸਚਾਈ ਬਣ ਜਾਵੇਗੀ। ਅੰਗਰੇਜ਼ ਸਾਮਰਾਜ ਬਹੁਤ ਹੀ ਗੁਠੇ ਲੱਗਾ ਹੋਇਆ ਹੈ। ਜਰਮਨ ਵਿਚ ਉਲਟ ਬਾਜ਼ੀ ਲੱਗਣ ਵਾਲੀ ਹੈ, ਫ਼ਰਾਂਸ ਥਰ-ਥਰਾ ਰਿਹਾ ਹੈ ਅਤੇ ਅਮਰੀਕਾ ਹਿਲਿਆ ਹੋਇਆ ਹੈ ਅਤੇ ਉਨ੍ਹਾਂ ਦੀ ਔਖਿਆਈ ਸਾਡੇ ਲਈ ਸੁਨਹਿਰੀ ਮੌਕਾ ਹੈ। ਹਰ ਚੀਜ਼ ਉਸ ਮਹਾਨ ਭਵਿੱਖ ਬਾਣੀ ਵੱਲ ਸੰਕੇਤ ਕਰ ਰਹੀ ਹੈ, ਜਿਸ ਦੇ ਮੁਤਾਬਕ ਸਮਾਜ ਦਾ ਪੂੰਜੀਵਾਦੀ ਢਾਂਚਾ ਢਹਿ-ਢੇਰੀ ਹੋ ਜਾਣਾ ਅਟੱਲ ਹੈ। ਡਿਪਲੋਮੇਟ ਆਪਣੇ ਆਪ ਨੂੰ ਬਚਾਉਣ ਲਈ ਰਾਜ਼ੀ ਹੋ ਸਕਦੇ ਹਨ ਅਤੇ ਪੂੰਜੀਵਾਦੀ ਸਾਜ਼ਸ਼ 'ਇਨਕਲਾਬ ਦੇ ਬਘਿਆੜ' ਨੂੰ ਆਪਣੇ ਦਰਵਾਜ਼ੇ ਤੋਂ ਦੂਰ ਰੱਖਣ ਲਈ ਯਤਨਸ਼ੀਲ ਹੋ ਸਕਦੇ ਹਨ। ਅੰਗਰੇਜ਼ਾਂ ਦਾ ਬਜਟ ਸਾਵਾਂ ਹੋ ਸਕਦਾ ਹੈ ਅਤੇ ਮੌਤ ਕਿਨਾਰੇ ਪਏ ਨੂੰ ਕੁਝ ਪਲ ਦੀ ਰਾਹਤ ਮਿਲ ਸਕਦੀ ਹੈ। 'ਡਾਲਰ ਰਾਜਾ' ਭਾਵੇਂ ਆਪਣਾ ਤਾਜ ਸੰਭਾਲ ਲਵੇ ਪਰ ਵਪਾਰਕ ਮੰਦਵਾੜਾ ਜੇ ਜਾਰੀ ਰਿਹਾ, ਤੇ ਜਿਸਦਾ ਜਾਰੀ ਰਹਿਣਾ ਲਾਜ਼ਮੀ ਹੈ, ਤਾਂ ਬੇਰੁਜ਼ਗਾਰਾਂ ਦੀ ਫ਼ੌਜ, ਜੋ ਦਿਨ ਦਿਨ ਤੇਜ਼ੀ ਨਾਲ ਵਧ ਰਹੀ ਹੈ ਕਿਉਂਕਿ ਪੂੰਜੀਵਾਦੀ ਪੈਦਾਵਾਰੀ ਤਰੀਕਾ ਹੀ ਅਜਿਹਾ ਹੈ। ਇਕ ਚੱਕਰ ਪੂੰਜੀਵਾਦੀ ਸਿਸਟਮ ਨੂੰ ਰੇਲੋਂ ਲਾਹ ਦੇਵੇਗਾ, ਬਸ ਕੁਝ ਮਹੀਨਿਆਂ ਦੀ ਗੱਲ ਹੈ। ਇਸ ਕਰਕੇ ਇਨਕਲਾਬ, ਹੁਣ ਭਵਿੱਖਬਾਣੀ ਜਾਂ ਸੰਭਾਵਨਾ ਨਹੀਂ, ਸਗੋਂ "ਅਮਲੀ ਰਾਜਨੀਤੀ" ਹੈ, ਜਿਸਨੂੰ ਸੋਚੀ ਸਮਝੀ ਯੋਜਨਾ ਅਤੇ ਬੇਤਰਸ ਅਮਲ ਰਾਹੀਂ ਕਾਮਯਾਬ ਕੀਤਾ ਜਾ ਸਕਦਾ ਹੈ। ਇਸ ਦੇ ਪਹਿਲੂਆਂ ਤੇ ਤਤਪਰਤਾ ਬਾਰੇ ਇਸਦੇ ਤਰੀਕੇ ਅਤੇ ਉਦੇਸ਼ਾਂ ਬਾਰੇ ਕੋਈ ਵਿਚਾਰਧਾਰਕ ਉਲਝਣ ਨਹੀਂ ਹੋਣੀ ਚਾਹੀਦੀ ਹੈ।

### ਗਾਂਧੀਵਾਦ

ਸਾਨੂੰ ਕਾਂਗਰਸ ਲਹਿਰ ਦੀਆਂ ਸੰਭਾਵਨਾਵਾਂ, ਹਾਰਾਂ ਅਤੇ ਪ੍ਰਾਪਤੀਆਂ ਬਾਰੇ ਕਿਸੇ ਕਿਸਮ ਦਾ ਭਰਮ ਨਹੀਂ ਹੋਣਾ ਚਾਹੀਦਾ। ਇਸ ਲਹਿਰ ਨੂੰ, ਜੋ ਅੱਜ ਹੈ, ਗਾਂਧੀਵਾਦ ਕਹਿਣਾ ਹੀ ਠੀਕ ਹੈ। ਇਹ ਦਾਅਵੇ ਨਾਲ ਆਜ਼ਾਦੀ ਲਈ ਨਹੀਂ ਲੜਦੀ, ਬਲਕਿ "ਹਿੱਸੇਦਾਰੀ" ਦੇ ਹੱਕ ਵਿਚ ਹੈ। "ਪੂਰਨ ਆਜ਼ਾਦੀ" ਦੇ ਅਜੀਬ ਅਰਥ ਕੱਢੇ ਜਾ ਰਹੇ ਹਨ। ਇਸ ਦਾ ਤਰੀਕਾ ਅਨੂਠਾ ਹੈ ਪਰ ਵਿਚਾਰੇ ਲੋਕਾਂ ਦੇ ਲਈ ਕਿਸੇ ਕੰਮ ਦਾ ਨਹੀਂ ਹੈ। ਗਾਂਧੀਵਾਦ, ਸਾਬਰਮਤੀ ਦੇ ਸੰਤ ਨੂੰ ਕੋਈ ਸਥਾਈ ਚੇਲੇ ਨਹੀਂ ਦੇ ਸਕੇਗਾ। ਇਹ ਇਕ ਵਿਚ ਵਿਚਾਲੇ ਦੀ ਪਾਰਟੀ, ਜਾਨੀ ਲਿਬਰਲ ਰੈਡੀਕਲ ਸੁਮੇਲ ਦਾ ਕੰਮ ਕਰ ਰਹੀ ਹੈ ਅਤੇ ਕਰਦੀ ਵੀ ਰਹੇਗੀ, ਮੌਕੇ ਦੀ ਅਸਲੀਅਤ ਨਾਲ ਟਕਰਾਉਣ ਤੋਂ ਇਹ ਸ਼ਰਮ ਖਾਂਦੀ ਹੈ। ਇਸ ਨੂੰ ਚਲਾਉਣ ਵਾਲੇ ਵੀ ਦੇਸ਼ ਦੇ ਅਜਿਹੇ ਲੋਕ ਹਨ ਜਿਨ੍ਹਾਂ ਦਾ ਹਿੱਤ ਇਸ ਨਾਲ ਬੱਝਾ ਹੈ ਅਤੇ ਉਹ ਆਪਣੇ ਹਿੱਤਾਂ ਨੂੰ ਬੁਰਜਵਾ ਹੱਠ ਰਾਹੀਂ ਚਿਪਕੇ ਹੋਏ ਹਨ। ਜੇ ਇਨਕਲਾਬੀ ਖ਼ੂਨ ਨਾਲ ਇਸਨੂੰ ਗਰਮਾਇਆ ਨਾ ਗਿਆ ਤਾਂ ਇਸ ਦਾ ਗਤੀਹੀਣ ਹੋਣਾ ਲਾਜ਼ਮੀ ਹੈ। ਇਸ ਨੂੰ ਤਾਂ ਇਸ ਦੇ ਦੋਸਤਾਂ ਤੋਂ ਬਚਾਉਣ ਦੀ ਲੋੜ ਹੈ।



Sri Satguru Jagjit Singh Ji Elibrary NamdhariElibrary@gmail.com

## ਆਤੰਕਵਾਦ

ਆਓ ਆਪਾਂ ਇਸ ਕਠਿਨ ਸਵਾਲ ਬਾਰੇ ਸਪੱਸ਼ਟ ਹੋਈਏ। ਬੰਬ ਦਾ ਮਾਰਗ 1905 ਤੋਂ ਚਲਿਆ ਆ ਰਿਹਾ ਹੈ, ਅਤੇ ਇਨਕਲਾਬੀ ਭਾਰਤ ਉਤੇ ਇਕ ਦਰਦਨਾਕ ਟਿੱਪਣੀ ਹੈ। ਅਜੇ ਇਹ ਮਹਿਸੂਸ ਨਹੀਂ ਕੀਤਾ ਗਿਆ ਕਿ ਇਸ ਦੀ ਵਰਤੋਂ ਤੇ ਦੁਰਵਰਤੋਂ ਕੀ ਹੈ। ਆਤੰਕਵਾਦ, ਇਨਕਲਾਬੀ ਮਾਨਸਿਕਤਾ ਦੇ ਜਨਤਾ ਵਿਚ ਗਹਿਰੇ ਨਾ ਜਾਣ ਬਾਰੇ ਇਕ ਪਛਤਾਵਾ ਹੈ। ਇਸ ਤਰ੍ਹਾਂ ਇਹ ਸਾਡੀ ਨਾਕਾਮਯਾਬੀ ਦਾ ਇਕਬਾਲ ਕਰਨਾ ਵੀ ਹੈ। ਸ਼ੁਰੂ-ਸ਼ੁਰੂ ਵਿਚ ਇਸ ਦਾ ਕੁਝ ਲਾਭ ਸੀ। ਸਾਰੀ ਰਾਜਨੀਤੀ ਵਿਚੋਂ ਜੜ੍ਹ ਬਦਲ ਕੇ ਬਾਹਰ ਕੱਢ ਦਿੱਤੀ, ਨੌਜਵਾਨ ਬੁਧੀਜੀਵੀਆਂ ਦੀ ਸੋਚ ਨੂੰ ਚਮਕਾਇਆ, ਸਵੈ-ਤਿਆਗ ਦੀ ਭਾਵਨਾ ਨੂੰ ਜਵਲੰਤ ਕੀਤਾ ਅਤੇ ਦੁਨੀਆ ਅਤੇ ਆਪਣੇ ਦੁਸ਼ਮਣਾਂ ਸਾਹਮਣੇ ਆਪਣੀ ਲਹਿਰ ਦੀ ਸਚਾਈ ਅਤੇ ਤਾਕਤ ਪ੍ਰਗਟਾਉਣ ਦਾ ਮੌਕਾ ਮਿਲਿਆ। ਪਰ ਆਪਣੇ ਆਪ ਵਿਚ ਇਹ ਕਾਫ਼ੀ ਨਹੀਂ ਹੈ। ਹਰ ਦੇਸ਼ ਵਿਚ, ਇਸ ਦਾ ਇਤਿਹਾਸ ਨਾਕਾਮਯਾਬੀ ਦਾ ਇਤਿਹਾਸ ਹੈ—ਫ਼ਰਾਂਸ, ਰੂਸ, ਜਰਮਨ ਅੰਦਰ ਬਾਲਕਨ ਦੇਸ਼ਾਂ, ਸਪੇਨ ਤੇ ਹਰ ਥਾਂ ਇਹੀ ਕਹਾਣੀ ਹੈ। ਹਾਰ ਦਾ ਬੀਜ ਇਸ ਦੇ ਅੰਦਰ ਹੀ ਉਗਰਿਆ ਹੋਇਆ ਹੁੰਦਾ ਹੈ। ਸਾਮਰਾਜੀਆਂ ਨੂੰ ਪੂਰਾ ਮਾਲੂਮ ਹੋ ਕਿ 30 ਕਰੋੜ ਲੋਕਾਂ 'ਤੇ ਰਾਜ ਕਰਨ ਲਈ ਹਰ ਸਾਲ 30 ਆਦਮੀ ਭੇਟਾ ਕੀਤੇ ਜਾ ਸਕਦੇ ਹਨ। ਰਾਜ ਕਰਨ ਦੀ ਖ਼ੁਸ਼ੀ ਦਾ ਸਵਾਦ ਬੰਬਾਂ ਜਾਂ ਪਿਸੌਤਲਾਂ ਨਾਲ ਕਿਰਕਿਰਾ ਕੀਤਾ ਜਾ ਸਕਦਾ ਹੈ, ਪਰ ਲੁੱਟ ਦੇ ਅਮਲੀ ਲਾਭ ਉਸ ਨੂੰ ਜੰਮੇ ਰਹਿਣ ਲਈ ਮਜਬੂਰ ਕਰਨਗੇ। ਭਾਵੇਂ, ਸਾਡੀ ਆਸ ਮੁਤਾਬਕ ਹਥਿਆਰ ਸੌਖੇ ਪ੍ਰਾਪਤ ਹੋ ਜਾਣ, ਤੇ ਜੇ ਅਸੀਂ ਪੂਰੇ ਜ਼ੋਰ ਨਾਲ ਹੰਭਲਾ ਮਾਰੀਏ ਜੋ ਕਿ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਵਾਪਰਿਆ, ਤਾਂ ਵੀ ਆਤੰਕਵਾਦ ਵਧ ਤੋਂ ਵਧ ਸਾਮਰਾਜੀ ਤਾਕਤ ਨੂੰ ਕਾਂਗਰਸ ਪਾਰਟੀ ਨਾਲ ਸੁਲਾਹ ਵਾਸਤੇ ਮਜਬੂਰ ਕਰ ਸਕਦਾ ਹੈ। ਅਜਿਹੀਆਂ ਸੁਲਾਹ ਸਫ਼ਾਈਆਂ, ਸਾਡੇ ਉਦੇਸ਼, ਪੂਰਨ ਆਜ਼ਾਦੀ ਤੋਂ ਹਮੇਸ਼ਾ ਕਿਤੇ ਉਰੇ ਰਹਿਣਗੀਆਂ। ਇਸ ਤਰ੍ਹਾਂ ਆਤੰਕਵਾਦ, ਇਕ ਸਮਝੌਤਾ ਅਤੇ ਸੁਧਾਰਾਂ ਦੀ ਇਕ ਕਿਸ਼ਤ ਨਿਚੋੜ ਕੇ ਕੱਢ ਸਕਦਾ ਹੈ ਅਤੇ ਇਹੀ ਪ੍ਰਾਪਤ ਕਰਨ ਲਈ ਗਾਂਧੀਵਾਦ ਜ਼ੋਰ ਲਗਾ ਰਿਹਾ ਹੈ। ਉਹ ਚਾਹੁੰਦਾ ਹੈ ਕਿ ਦਿੱਲੀ ਦਾ ਰਾਜ ਗੋਰਿਆਂ ਦੇ ਹੱਥੋਂ ਭੂਰਿਆ ਦੇ ਹੱਥ ਆ ਜਾਵੇ। ਇਹ ਲੋਕਾਂ ਦੇ ਜੀਵਨ ਤੋਂ ਇਕਲਵਾਂਜੇ ਹੈ ਅਤੇ ਜਿਵੇਂ ਹੀ ਰਾਜ ਗੱਦੀ 'ਤੇ ਬੈਠੇ ਤਾਂ ਜ਼ਾਲਮ ਬਣ ਜਾਣ ਦੀ ਬਹੁਤ ਸੰਭਾਵਨਾ ਹੈ। ਆਇਰਸ਼ ਮਸਾਲ ਏਥੇ ਸਾਡੇ 'ਤੇ ਲਾਗੂ ਨਹੀਂ ਹੁੰਦੀ, ਇਸ ਦੀ ਚੇਤਾਵਨੀ ਮੈਂ ਦੇਣਾ ਚਾਹੁੰਦਾ ਹਾਂ। ਆਇਰਲੈਂਡ ਵਿਚ ਇਹ ਕੋਈ ਇੱਕਾ-ਦੁੱਕਾ ਆਤੰਕਵਾਦੀ ਕਾਰਵਾਈਆਂ ਨਹੀਂ ਸਨ ਸਗੋਂ ਕੌਮ ਦੀ ਪੱਧਰ 'ਤੇ ਜਨ ਸਾਧਾਰਨ ਦੀ ਬਗ਼ਾਵਤ ਸੀ, ਜਿਸ ਵਿਚ ਬੰਦੂਕਧਾਰੀ ਨੂੰ, ਉਸਦੀ ਨੇੜਲੀ ਜਾਣਕਾਰੀ ਅਤੇ ਹਮਦਰਦੀ ਕਰਕੇ ਲੋਕਾਂ ਨਾਲ ਜੋੜਿਆ ਹੋਇਆ ਸੀ। ਬਹੁਤ ਆਸਾਨੀ ਨਾਲ ਹਥਿਆਰ ਉਨ੍ਹਾਂ ਨੂੰ ਮਿਲ ਜਾਂਦੇ ਸਨ ਕਿਉਂਕਿ ਅਮਰੀਕਨ ਆਇਰਸ਼ ਰੁਪਏ ਦੀ ਬੇਥਾਹ ਮੱਦਦ ਦਿੰਦੇ ਸਨ, ਜ਼ਮੀਨੀ ਆਕਾਰ ਅਜਿਹੀ ਜੰਗ ਲਈ ਲਾਹੇਵੰਦ ਸਨ, ਪਰ ਫਿਰ ਵੀ ਆਇਰਲੈਂਡ ਨੂੰ ਆਪਣੀ ਲਹਿਰ ਦੇ ਅਪੂਰਨ ਉਦੇਸ਼ਾਂ ਨਾਲ ਹੀ ਤਸੱਲੀ ਕਰਨੀ ਪਈ। ਇਸ ਨੇ ਆਇਰਸ਼ ਲੋਕਾਂ ਦੀ ਗ਼ੁਲਾਮੀ ਤਾਂ ਘਟਾਈ ਹੈ ਪਰ ਆਇਰਸ਼ ਕਿਰਤੀ ਜਮਾਤ ਨੂੰ ਪੂੰਜੀਪਤੀਆਂ ਦੇ ਜੰਜਾਲ ਤੋਂ ਮੁਕਤ ਨਹੀਂ ਕਰਵਾਇਆ ਹੈ। ਭਾਰਤ ਨੂੰ ਆਇਰਲੈਂਡ ਤੋਂ ਸਬਕ ਸਿੱਖਣਾ ਹੈ।

ਇਹ ਇਕ ਚੇਤਾਵਨੀ ਵੀ ਹੈ ਕਿ ਕਿਵੇਂ ਇਨਕਲਾਬੀ ਸਮਾਜਿਕ ਆਧਾਰ ਤੋਂ ਖਾਲੀ ਕੌਮਵਾਦੀ ਆਦਰਸ਼ਵਾਦ, ਸਾਰੇ ਹਾਲਾਤ ਸਾਜ਼ਗਾਰ ਹੋਣ ਦੇ ਬਾਵਜੂਦ ਵੀ, ਸਾਮਰਾਜਵਾਦ ਨਾਲ ਸਮਝੌਤੇ ਦੀ ਬਰੇਤੀ ਵਿਚ ਗਵਾਚ ਸਕਦਾ ਹੈ। ਕੀ ਭਾਰਤ ਨੂੰ, ਅਜੇ ਆਇਰਲੈਂਡ ਦੀ ਨਕਲ ਕਰਨੀ ਚਾਹੀਦੀ ਹੈ, ਜੇ ਉਹ ਕੀਤੀ ਵੀ ਜਾ ਸਕਦੀ ਹੋਵੇ ਤਾਂ ਵੀ ?



Sri Satguru Jagjit Singh Ji Elibrary NamdhariElibrary@gmail.com

ਇਕ ਤਰੀਕੇ ਨਾਲ, ਗਾਂਧੀਵਾਦ ਆਪਣਾ ਭਾਣਾ ਮੰਨਣ ਦੇ ਮੱਤ ਰੱਖਦੇ ਹੋਏ ਵੀ, ਇਨਕਲਾਬੀ ਵਿਚਾਰਾਂ ਦੇ ਕੁਝ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਇਹ ਜਨਤਕ ਐਕਸਨ 'ਤੇ ਨਿਰਭਰ ਕਰਦਾ ਹੈ, ਭਾਵੇਂ ਕਿ ਉਹ ਜਨਤਾ ਵਾਸਤੇ ਨਹੀਂ ਹੁੰਦਾ। ਉਨ੍ਹਾਂ ਨੇ ਕਿਰਤੀ ਇਨਕਲਾਬੀ ਲਈ, ਕਿਰਤੀਆਂ ਨੂੰ ਲਹਿਰ ਵਿਚ ਹਿੱਸੇਦਾਰ ਬਣਾ ਕੇ ਰਾਹ ਪਾ ਦਿੱਤਾ ਹੈ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੂੰ ਕਿੰਨੇ ਉਜੱਡਪੁਣੇ ਜਾਂ ਖ਼ੁਦਗਰਜ਼ੀ ਨਾਲ ਆਪਣੇ ਰਾਜਨੀਤਕ ਪ੍ਰੋਗਰਾਮ ਲਈ ਵਰਤਿਆ ਹੈ। ਇਨਕਲਾਬੀਆਂ ਨੂੰ 'ਅਹਿੰਸਾ ਦੇ ਫਰਿਸ਼ਤੇ' ਨੂੰ ਉਸਦਾ ਯੋਗ ਥਾਂ ਦੇਣਾ ਚਾਹੀਦਾ ਹੈ।

ਆਤੰਕਵਾਦ ਦੇ ਸ਼ੈਤਾਨ ਨੂੰ ਕੋਈ ਦਾਦ ਦੇਣ ਦੀ ਲੋੜ ਨਹੀਂ ਹੈ। ਆਤੰਕਵਾਦੀਆਂ ਨੇ ਕਾਫ਼ੀ ਕੰਮ ਕਰ ਲਿਆ ਹੈ। ਕਾਫ਼ੀ ਕੁਝ ਸਿਖਾ ਦਿੱਤਾ ਹੈ। ਜੇ ਅਸੀਂ ਆਪਣੇ ਉਦੇਸ਼ਾਂ ਅਤੇ ਤਰੀਕਿਆਂ ਬਾਰੇ ਕੋਈ ਭੁਲੇਖਾ ਨਾ ਕਰੀਏ ਤਾਂ ਇਹ ਅਜੇ ਵੀ ਕੁਝ ਲਾਹੇਵੰਦ ਹੋ ਸਕਦਾ ਹੈ। ਖਾਸ ਕਰਕੇ ਨਿਰਾਸ਼ਾਜਨਕ ਸਮੇਂ ਆਤੰਕਵਾਦੀ ਤਰੀਕਾ ਸਾਡੀ ਪ੍ਰਚਾਰਕ ਮੁਹਿਮ ਵਿਚ ਮਦਦਗਾਰ ਹੋ ਸਕਦਾ ਹੈ। ਪਰ ਇਹ ਪਟਾਖੇਬਾਜ਼ੀ ਦੇ ਸਿਵਾਏ ਕੁਝ ਨਹੀਂ ਹੈ ਅਤੇ ਖਾਸ ਸਮੇਂ ਲਈ ਅਤੇ ਕੁਝ ਇਣੇ ਗਿਣੇ ਲੋਕਾਂ ਲਈ ਰਿਜ਼ਰਵ ਰੱਖਣਾ ਚਾਹੀਦਾ ਹੈ। ਪਰ ਇਨਕਲਾਬੀ ਨੂੰ ਬੇਮਾਇਨੇ ਆਤੰਕਵਾਦੀ ਕਾਰਵਾਈਆਂ ਅਤੇ ਵਿਅਕਤੀਗਤ ਆਤਮ ਬਲੀਦਾਨ ਦੇ ਦੂਸ਼ਿਤ ਚੱਕਰ ਵਿਚ ਨਾ ਪਾਇਆ ਜਾਵੇ। ਸਭ ਕਿਸੇ ਲਈ ਉਤਸ਼ਾਹਿਤ ਕਰਨ ਵਾਲਾ ਆਦਰਸ਼, ਉਦੇਸ਼ ਲਈ ਮਰਨਾ ਨਾ ਹੋ ਕੇ ਉਦੇਸ਼ ਲਈ ਜੀਉਣਾ ਅਤੇ ਉਹ ਵੀ ਲਾਹੇਵੰਦ ਅਤੇ ਯੋਗ ਤਰੀਕੇ ਨਾਲ, ਹੋਣਾ ਚਾਹੀਦਾ ਹੈ।

ਇਹ ਕਹਿਣ ਦੀ ਥਾਂ ਕੋਈ ਲੋੜ ਨਹੀਂ ਹੈ ਕਿ ਅਸੀਂ ਆਤੰਕਵਾਦ ਨਾਲੋਂ ਬਿਲਕੁਲ ਰਿਸ਼ਤਾ ਤੋੜ ਨਹੀਂ ਰਹੇ ਹਾਂ। ਅਸੀਂ ਕਿਰਤੀ ਇਨਕਲਾਬ ਦੇ ਨਜ਼ਰੀਏ ਤੋਂ ਇਸਦਾ ਪੂਰਾ ਮੁੱਲ ਆਂਕਣਾ ਚਾਹੁੰਦੇ ਹਾਂ। ਨੌਜਵਾਨ ਜਿਹੜੇ ਹੰਢੇ ਅਤੇ ਚੁੱਪਚਾਪ ਜਥੇਬੰਦਕ ਕੰਮ ਵਿਚ ਫਿੱਟ ਨਹੀਂ ਹੁੰਦੇ, ਉਨ੍ਹਾਂ ਦਾ ਇਕ ਦੂਸਰਾ ਰੋਲ ਹੋ ਸਕਦਾ ਹੈ। ਉਸਨੂੰ ਖ਼ੁਸ਼ਕ ਕੰਮ ਤੋਂ ਮੁਕਤ ਕਰਕੇ ਆਪਣੀ ਹੋਣੀ ਪੂਰੀ ਕਰਨ ਲਈ ਛੱਡ ਦੇਣਾ ਚਾਹੀਦਾ ਹੈ ਪਰ ਸੰਚਾਲਕ ਅਦਾਰੇ ਨੂੰ, ਪਾਰਟੀ ਤੇ ਉਸ ਕੰਮ ਦੇ, ਲੋਕਾਂ ਉਤੇ ਅਸਰ ਅਤੇ ਦੁਸ਼ਮਣ 'ਤੇ ਅਸਰ ਨੂੰ ਅਗਾਊਂ ਤਾਕਣਾ ਚਾਹੀਦਾ ਹੈ। ਅਜਿਹੇ ਕੰਮ ਪਾਰਟੀ ਅਤੇ ਲੋਕਾਂ ਦਾ ਧਿਆਨ, ਜੁਝਾਰੂ ਜਨਤਕ ਐਕਸ਼ਨ ਤੋਂ ਹਟਾ ਕੇ ਤੇਜ਼ ਭੜਕਾਊ ਕੰਮ ਵੱਲ ਲਗਾ ਸਕਦੇ ਹਨ ਅਤੇ ਇਸ ਤਰ੍ਹਾਂ ਸਾਰੀ ਪਾਰਟੀ ਦੀਆਂ ਜੜ੍ਹਾਂ 'ਤੇ ਸੱਟ ਮਾਰਨ ਲਈ ਬਹਾਨਾ ਬਣ ਸਕਦੇ ਹਨ। ਇਸ ਤਰ੍ਹਾਂ ਕਿਸੇ ਵੀ ਹਾਲਾਤ ਵਿਚ ਇਹ ਆਦਰਸ਼ ਨੂੰ ਅੱਗੇ ਨਹੀਂ ਵਧਾਉਂਦਾ ਹੈ।

ਪਰ ਖ਼ੁਫੀਆ ਮਿਲਟਰੀ ਵਿਭਾਗ ਕੋਈ ਸਰਾਪੀ ਵਸਤੂ ਨਹੀਂ ਹੈ। ਅਸਲ ਵਿਚ ਇਹ ਤਾਂ ਮੋਹਰਲੀ ਪੰਕਤੀ ਹੈ। ਇਨਕਲਾਬੀ ਪਾਰਟੀ ਦੀ 'ਗੋਲੀ ਮਾਰ ਪੰਕਤੀ' ਅਤੇ ਇਹ 'ਆਧਾਰ' ਦੇ ਨਾਲ ਪੂਰੀ ਤਰ੍ਹਾਂ ਜੁੜੀ ਹੋਣੀ ਚਾਹੀਦੀ ਹੈ। 'ਆਧਾਰ' ਜੁਝਾਰੂ ਤੇ ਗਤੀਸ਼ੀਲ ਜਨਤਕ ਪਾਰਟੀ ਨੇ ਬਣਨਾ ਹੈ। ਜਥੇਬੰਦੀ ਲਈ, ਧਨ ਅਤੇ ਹਥਿਆਰ ਨੂੰ ਇਕੱਠੇ ਕਰਨ ਲਈ, ਇਸ ਕਰਕੇ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

## ਇਨਕਲਾਬ

ਇਨਕਲਾਬ ਤੋਂ ਸਾਡਾ ਕੀ ਭਾਵ ਹੈ, ਸਪੱਸ਼ਟ ਹੈ। ਇਸ ਸਦੀ ਵਿਚ ਇਸਦੇ ਸਿਰਫ਼ ਇਕ ਹੀ ਮਤਲਬ ਹੋ ਸਕਦੇ ਹਨ : ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ 'ਤੇ ਕਬਜ਼ਾ। ਅਸਲ ਵਿਚ ਇਹ ਹੈ 'ਇਨਕਲਾਬ'। ਬਾਕੀ ਸਭ ਬਗ਼ਾਵਤਾਂ ਤਾਂ ਸਿਰਫ ਮਾਲਕਾਂ ਦੀ ਤਬਦੀਲੀ ਕਰਕੇ ਪੂੰਜੀਵਾਦੀ ਸੜਿਆਂਦ ਨੂੰ ਹੀ ਅੱਗੇ ਤੋਰਦੀਆਂ ਹਨ। ਕਿਸੇ ਵੀ ਹੱਦ ਤਕ ਲੋਕਾਂ ਨਾਲ



Sri Satguru Jagjit Singh Ji Elibrary NamdhariElibrary@gmail.com

ਜਾਂ ਉਨ੍ਹਾਂ ਦੇ ਉਦੇਸ਼ ਲਈ ਦਿਖਾਈ ਹਮਦਰਦੀ, ਜਨਤਾ ਤੋਂ ਅਸਲੀਅਤ ਨੂੰ ਛੁਪਾ ਨਹੀਂ ਸਕਦੀ, ਉਹ ਛਲਾਵੇ ਨੂੰ ਪਛਾਣਦੇ ਹਨ। ਭਾਰਤ ਵਿਚ ਵੀ, ਅਸੀਂ ਭਾਰਤੀ ਕਿਰਤੀ ਦੇ ਰਾਜ ਤੋਂ ਘੱਟ ਕੁਝ ਨਹੀਂ ਚਾਹੁੰਦੇ ਹਾਂ। ਭਾਰਤੀ ਕਿਰਤੀ ਨੇ, ਭਾਰਤ ਅੰਦਰ ਸਾਮਰਾਜਵਾਦੀ ਅਤੇ ਉਨ੍ਹਾਂ ਦੇ ਮੱਦਦਗਾਰ ਨੂੰ, ਜੋ ਕਿ ਉਸ ਆਰਥਿਕ ਸਿਸਟਮ, ਜਿਸ ਦੀਆਂ ਜੜ੍ਹਾਂ ਲੁੱਟ 'ਤੇ ਆਧਾਰਤ ਹਨ, ਦੇ ਪੈਰੋਕਾਰ ਹਨ, ਹਟਾ ਕੇ ਅੱਗੇ ਆਉਣਾ ਹੈ। ਅਸੀਂ ਚਿੱਟੀ ਬੁਰਾਈ ਦੀ ਥਾਂ ਕਾਲੀ ਬੁਰਾਈ ਨੂੰ ਲਿਆ ਕੇ ਕਸ਼ਟ ਨਹੀਂ ਝੱਲਣਾ ਚਾਹੁੰਦੇ। ਬੁਰਾਈਆਂ, ਇਕ ਹਿਤਾਂ ਦੇ ਸਮੂਹ ਵਾਂਗ ਹੈ, ਜੋ ਇਕ ਦੂਜੇ ਦੀ ਥਾਂ ਲੈਣ ਲਈ ਤਿਆਰ ਹਨ।

ਸਾਮਰਾਜਵਾਦੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇਕੋ-ਇਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ। ਹਰ ਵਿਚਾਰ ਦੇ ਕੌਮਵਾਦੀ, ਇਕ ਉਦੇਸ 'ਤੇ ਸਹਿਮਤ ਹਨ ਕਿ ਸਾਮਰਾਜਵਾਦੀਆਂ ਤੋਂ ਆਜਾਦੀ ਪ੍ਰਾਪਤੀ। ਉਨ੍ਹਾਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਦੀ ਲਹਿਰ ਦੀ ਚਾਲਕ ਸ਼ਕਤੀ ਬਾਗ਼ੀ ਜਨਤਾ ਹੈ ਅਤੇ ਉਨ੍ਹਾਂ ਦੇ ਜੁਝਾਰੂ ਜਨਤਕ ਐਕਸ਼ਨਾਂ ਰਾਹੀਂ ਹੀ ਕਾਮਯਾਬੀ ਪ੍ਰਾਪਤ ਹੋਣੀ ਹੈ। ਕਿਉਂਕਿ ਇਸ ਲਈ ਸੌਖੀ ਤਰ੍ਹਾਂ ਹੀਲਾ ਨਹੀਂ ਹੋ ਸਕਦਾ, ਇਸ ਕਰਕੇ ਆਪਣੇ ਆਪ ਨਾਲ ਛਲਾਵਾ ਕਰਕੇ ਉਸ ਪਾਸੇ ਲਪਕਦੇ ਹਨ, ਜਿਸਨੂੰ ਉਹ ਆਰਜ਼ੀ ਇਲਾਜ, ਪਰ ਝੱਟਪੱਟ ਅਤੇ ਪ੍ਰਭਾਵਸ਼ਾਲੀ ਸਮਝਦੇ ਹਨ। ਯਾਨੀ ਕਿ ਚੰਦ ਸੈਂਕੜੇ ਦ੍ਰਿੜ੍ਹ ਆਦਰਸਵਾਦੀ ਕੌਮ ਪ੍ਰਸਤਾਂ ਦੀ ਹਥਿਆਰਬੰਦ ਮੁਖਾਲਫਤ ਰਾਹੀਂ ਵਿਦੇਸ਼ੀ ਰਾਜ ਨੂੰ ਉਲਟਾ ਕੇ ਰਿਆਸਤ ਨੂੰ ਸਮਾਜਵਾਦੀ ਲੀਹਾਂ 'ਤੇ ਮੁੜ ਸੰਗਠਿਤ ਕਰਨਾ। ਉਨ੍ਹਾਂ ਨੂੰ ਵਕਤ ਦੀ ਅਸਲੀਅਤ ਵਿਚ ਝਾਕਣਾ ਚਾਹੀਦਾ ਹੈ। ਹਥਿਆਰ ਜ਼ਿਆਦਾ ਗਿਣਤੀ ਵਿਚ ਪ੍ਰਾਪਤ ਨਹੀਂ ਹਨ ਅਤੇ ਜੁਝਾਰੂ ਲੋਕਾਂ ਤੋਂ ਵੱਖਰੇ ਹੋ ਕੇ ਅਨਟਰੇਂਡ ਗਰੁੱਪ ਦੀ ਬਗ਼ਾਵਤ ਦਾ ਅੱਜ ਦੇ ਯੁਗ ਵਿਚ ਸਫ਼ਲਤਾ ਦਾ ਕੋਈ ਮੌਕਾ ਨਹੀਂ ਹੈ। ਕੌਮਪ੍ਰਸਤਾਂ ਦੇ ਕਾਮਯਾਬ ਹੋਣ ਲਈ, ਉਨ੍ਹਾਂ ਨੂੰ ਕੌਮ ਨੂੰ ਹਰਕਤ ਵਿਚ ਲਿਆਉਣਾ ਚਾਹੀਦਾ ਹੈ ਅਤੇ ਬਗ਼ਾਵਤ ਲਈ ਖੜ੍ਹੇ ਕਰਨਾ ਚਾਹੀਦਾ ਹੈ। ਕੌਮ, ਕਾਂਗਰਸ ਦੇ ਲਾਊਡ ਸਪੀਕਰ ਨਹੀ ਹਨ, ਸਗੋਂ ਮਜ਼ਦੂਰ ਕਿਸਾਨ ਹਨ, ਜਿਹੜੇ ਭਾਰਤ ਦੀ ੭੫ ਫੀਸਦੀ ਵਸੋਂ ਹਨ। ਕੌਮ ਆਪਣੇ ਆਪ ਨੂੰ ਕੌਮੀਕਰਨ ਦੇ ਯਕੀਨ 'ਤੇ ਹੀ ਹਰਕਤ ਵਿਚ ਲਿਆਏਗੀ, ਯਾਨੀ ਕਿ ਸਾਮਰਾਜਵਾਦੀ ਪੂੰਜੀਪਤੀ ਦੀ ਗੁਲਾਮੀ ਤੋਂ ਮੁਕਤੀ ਦੇ ਯਕੀਨ ਦਿਵਾਉਣ 'ਤੇ।

ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਕਿਰਤੀ ਇਨਕਲਾਬ ਦੇ ਸਿਵਾਏ, ਨਾ ਕਿਸੇ ਹੋਰ ਇਨਕਲਾਬ ਦੀ ਇੱਛਾ ਕਰਨੀ ਚਾਹੀਦੀ ਹੈ ਤੇ ਨਾ ਹੀ ਕਾਮਯਾਬ ਹੋ ਸਕਦਾ ਹੈ।

## ਪ੍ਰੋਗਰਾਮ

ਸਮੇਂ ਦੀ ਲੋੜ ਹੈ ਕਿ ਇਨਕਲਾਬ ਦਾ ਇਕ ਸਾਫ਼ ਸਪੱਸ਼ਟ ਅਤੇ ਇਮਾਨਦਾਰ ਪ੍ਰੋਗਰਾਮ ਹੋਵੇ ਅਤੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਦ੍ਰਿੜ੍ਹ ਕਾਰਵਾਈ ਕੀਤੀ ਜਾਵੇ।

1917 ਵਿਚ ਅਕਤੂਬਰ ਇਨਕਲਾਬ ਤੋਂ ਪਹਿਲਾਂ ਲੈਨਿਨ ਜਦੋਂ ਅਜੇ ਮਾਸਕੋ ਵਿਚ ਲੁਕਿਆ ਹੋਇਆ ਸੀ, ਤਾਂ ਉਸਨੇ ਕਾਮਯਾਬ ਇਨਕਲਾਬ ਲਈ ਤਿੰਨ ਜ਼ਰੂਰੀ ਸ਼ਰਤਾਂ ਲਿਖੀਆਂ ਸਨ :

1. ਰਾਜਨੀਤਕ ਆਰਥਿਕ ਹਾਲਤ
2. ਬਾਗ਼ੀ ਜਨਤਕ ਮਨ
3. ਇਕ ਇਨਕਲਾਬੀਆਂ ਦੀ ਪਾਰਟੀ, ਜੋ ਪੂਰੀ ਤਰ੍ਹਾਂ ਟਰੇਂਡ ਹੋਵੇ ਅਤੇ ਪਰਖ ਦੀਆਂ ਘੜੀਆਂ ਵਿਚ ਜਨਤਾ ਨੂੰ ਅਗਵਾਈ ਦੇ ਸਕੇ।



Sri Satguru Jagjit Singh Ji Elibrary NamdhariElibrary@gmail.com

ਭਾਰਤ ਵਿਚ ਪਹਿਲੀ ਸ਼ਰਤ ਪੂਰੀ ਹੋ ਚੁੱਕੀ ਹੈ, ਦੂਸਰੀ ਅਤੇ ਤੀਸਰੀ ਸ਼ਰਤ ਆਪ ਅੰਤਮ ਪੂਰਤੀ ਦੀ ਇੰਤਜ਼ਾਰ ਵਿਚ ਹੈ। ਇਨ੍ਹਾਂ ਲਈ ਹਰਕਤ ਵਿਚ ਆਉਣਾ ਸਾਰੇ ਆਜ਼ਾ ਦੇ ਸੇਵਕਾਂ ਅੱਗੇ ਪਹਿਲਾ ਕੰਮ ਹੈ ਅਤੇ ਇਸ ਮੁੱਦੇ ਨੂੰ ਸਾਹਮਣੇ ਰੱਖ ਕੇ ਪ੍ਰੋਗਰਾਮ ਬਣਾਇ ਜਾਣਾ ਚਾਹੀਦਾ ਹੈ। ਇਸ ਦੀ ਰੂਪ ਰੇਖਾ ਹੇਠਾਂ ਦਿੱਤੀ ਜਾ ਰਹੀ ਹੈ, ਅਤੇ ਉਸਦੇ ਹਰ ਸੈਕਸ਼ ਬਾਰੇ ਸੁਝਾਅ ਅੰਤਿਕਾ ੳ ਅਤੇ ਅ ਵਿਚ ਦਰਜ ਕੀਤੇ ਗਏ ਹਨ।

1. ਬੁਨਿਆਦੀ ਕੰਮ : ਕਾਰਕੁੰਨਾਂ ਅੱਗੇ ਸਭ ਤੋਂ ਪਹਿਲੀ ਡਿਊਟੀ ਹੈ ਜਨਤਾ ਨੂੰ ਜੁਝ ਕੰਮ ਲਈ ਤਿਆਰ ਕਰਨਾ ਤੇ ਲਾਮਬੰਦ ਕਰਨਾ। ਸਾਨੂੰ ਅੰਧ ਵਿਸ਼ਵਾਸਾਂ, ਜਜ਼ਬਾਤ ਧਾਰਮਿਕਤਾ ਜਾਂ ਉਦਾਸੀਨਤਾ ਦੇ ਆਦਰਸ਼ਾਂ 'ਤੇ ਖੇਡਣ ਦੀ ਲੋੜ ਨਹੀਂ ਹੈ। ਸਾਡੇ ਉਨ੍ਹਾਂ ਨਾ ਵਾਅਦੇ ਸਿਰਫ਼ ਸ਼ੋਰਬੇ ਅਤੇ ਅੱਧੀ ਰੋਟੀ ਦੇ ਨਹੀਂ ਹੋਣਗੇ। ਉਹ ਸੰਪੂਰਨ ਤੇ ਠੋਸ ਹੋਣਗੇ ਅ ਅਸੀਂ ਉਸ ਨਾਲ ਇਮਾਨਦਾਰ ਤੇ ਸਪੱਸ਼ਟ ਗੱਲ ਕਰਾਂਗੇ। ਅਸੀਂ ਕਦੀ ਵੀ ਉਸਦੇ ਮਨ ਵਿ ਭਰਮਾਂ ਦਾ ਜਮ-ਘਟਾ ਖੜਾ ਨਹੀਂ ਹੋਣ ਦੇਵਾਂਗੇ। ਇਨਕਲਾਬ ਉਸ ਲਈ ਹੈ, ਇਸ ਕਰਕੇ ਕੁ ਨਿਖੜਵੇਂ ਸਿਰਲੇਖ ਹਨ।

1. ਜਗੀਰਦਾਰੀ ਦਾ ਖ਼ਾਤਮਾ।
2. ਕਿਸਾਨਾਂ ਦੇ ਕਰਜ਼ੇ ਖ਼ਤਮ ਕਰਨਾ।
3. ਇਨਕਲਾਬੀ ਰਿਆਸਤ ਵਲੋਂ ਜ਼ਮੀਨ ਦਾ ਕੌਮੀਕਰਨ ਤਾਂ ਕਿ ਸੋਧੀ ਹੋਈ ਅਤੇ ਸਾਂਝ ਖੇਤੀ ਸਥਾਪਤ ਕੀਤੀ ਜਾ ਸਕੇ।
4. ਰਹਿਣ ਲਈ ਘਰਾਂ ਦੀ ਗਾਰੰਟੀ।
5. ਕਿਸਾਨੀ ਤੋਂ ਲਏ ਜਾਂਦੇ ਸਾਰੇ ਖ਼ਰਚੇ ਬੰਦ ਕਰਨਾ, ਸਿਰਫ਼ ਇਕਹਿਰਾ ਜ਼ਮੀਨ ਟੈਕਸ ਲਿਆ ਜਾਵੇਗਾ।
6. ਕਾਰਖਾਨਿਆਂ ਦਾ ਕੌਮੀਕਰਨ ਅਤੇ ਦੇਸ਼ ਵਿਚ ਕਾਰਖਾਨੇ ਲਗਾਉਣਾ।
7. ਆਮ ਪੜ੍ਹਾਈ।
8. ਕੰਮ ਕਰਨ ਦੇ ਘੰਟੇ, ਜ਼ਰੂਰਤ ਮੁਤਾਬਕ ਘੱਟੋ-ਘੱਟ ਕਰਨਾ।

ਜਨਤਾ ਅਜਿਹੇ ਪ੍ਰੋਗਰਾਮ ਲਈ ਜ਼ਰੂਰ ਹੁੰਗਾਰਾ ਦੇਵੇਗੀ, ਪਰ ਸਾਨੂੰ ਸਿਰਫ਼ ਲੋਕਾਂ ਤਕ ਪਹੁੰਚਣਾ ਹੈ। ਇਹ ਸਭ ਤੋਂ ਵੱਧ ਜ਼ਰੂਰੀ ਕਾਰਜ ਹੈ। ਠੋਸੀ ਹੋਈ ਅਗਿਆਨਤਾ ਇਕ ਪਾਸੇ ਅਤੇ ਬੁੱਧੀਜੀਵੀਆਂ ਦੀ ਬੇਲਾਗਤਾ ਦੂਸਰੇ ਪਾਸੇ, ਨੇ ਪੜ੍ਹੇ-ਲਿਖੇ ਇਨਕਲਾਬੀਆਂ ਅਤੇ ਉਸਦੇ ਘੱਟ ਬਦਕਿਸਮਤ ਹਥੌੜੇ ਦਾਤੀ ਵਾਲੇ ਸਾਥੀਆਂ ਵਿਚ ਇਕ ਬਣਾਵਟੀ ਰੁਕਾਵਟ ਖੜ੍ਹੀ ਕਰ ਦਿੱਤੀ ਹੈ। ਇਹ ਰੁਕਾਵਟ ਇਨਕਲਾਬੀਆਂ ਵਲੋਂ ਜ਼ਰੂਰੀ ਖ਼ਤਮ ਹੋਣੀ ਚਾਹੀਦੀ ਹੈ। ਇਸ ਲਈ ਹੇਠ ਲਿਖੇ ਕੰਮ ਹਨ :

1. ਕਾਂਗਰਸ ਦੇ ਮੰਚ ਦਾ ਲਾਭ ਉਠਾਉਣਾ।
2. ਟਰੇਡ ਯੂਨੀਅਨਾਂ 'ਤੇ ਕਬਜ਼ਾ ਕਰਨਾ ਅਤੇ ਨਵੀਂ ਯੂਨੀਅਨਾਂ ਤੇ ਜਥੇਬੰਦੀਆਂ ਨੂੰ ਖਾੜਕੂ ਲੀਹਾਂ 'ਤੇ ਖੜ੍ਹੇ ਕਰਨਾ।
3. ਰਿਆਸਤ ਯੂਨੀਅਨਾਂ ਬਣਾ ਕੇ ਉਨ੍ਹਾਂ ਨੂੰ ਉੱਪਰ ਦਿੱਤੀਆਂ ਗੱਲਾਂ 'ਤੇ ਜਥੇਬੰਦ ਕਰਨਾ।
4. ਹਰ ਸਮਾਜਿਕ ਤੇ ਖ਼ਿਰਾਇਤੀ ਜਥੇਬੰਦੀਆਂ (ਇਥੋਂ ਤਕ ਸਹਿਕਾਰੀ ਸੋਸਾਇਟੀਆਂ) ਜਿਹੜੀਆਂ ਜਨਤਾ ਤਕ ਪਹੁੰਚਣ ਦਾ ਮੌਕਾ ਦਿੰਦੀਆਂ ਹਨ, ਵਿਚ ਗੁਪਤ ਤੌਰ 'ਤੇ ਦਾਖ਼ਲ ਹੋ ਕੇ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਇਸ ਤਰ੍ਹਾਂ ਚਲਾਉਣਾ ਚਾਹੀਦਾ ਹੈ ਤਾਂ ਕਿ ਅਸਲ ਮੁੱਦੇ ਅਤੇ ਉਦੇਸ਼ ਅੱਗੇ ਵਧਾਏ ਜਾ ਸਕਣ।



Sri Satguru Jagjit Singh Ji Elibrary NamdhariElibrary@gmail.com

5. ਕਾਰੀਗਰਾਂ ਦੀਆਂ ਕਮੇਟੀਆਂ, ਕਿਰਤੀਆਂ ਦੀਆਂ ਤੇ ਦਿਮਾਗੀ ਕੰਮ ਕਰਨ ਵਾਲਿਆਂ ਦੀਆਂ ਯੂਨੀਅਨਾਂ ਹਰ ਥਾਂ ਸਥਾਪਤ ਕੀਤੀਆਂ ਜਾਣ।

ਇਹ ਹਨ ਕੁਝ ਲੀਹਾਂ, ਜਿਨ੍ਹਾਂ ਰਾਹੀਂ ਪੜ੍ਹੇ ਲਿਖੇ, ਟਰੇਂਡ ਇਨਕਲਾਬੀ ਲੋਕਾਂ ਤਕ ਪੁੱਜ ਸਕਦੇ ਹਨ ਅਤੇ ਇਕ ਵਾਰ ਉਹ ਉਥੇ ਪਹੁੰਚ ਜਾਣ ਤਾਂ ਇਕ ਟਰੇਨਿੰਗ ਦੇ ਰਾਹੀਂ ਪਹਿਲਾਂ ਆਪਣੇ ਹੱਕਾਂ ਦੀ ਉਤਸ਼ਾਹ ਪੂਰਵਕ ਪੁਸ਼ਟੀ ਕਰ ਸਕਦੇ ਹਨ ਅਤੇ ਫਿਰ ਹੜਤਾਲਾਂ ਅਤੇ ਕੰਮ ਰੋਕੂ ਤਰੀਕਿਆਂ ਨਾਲ ਜੁਝਾਰੂ ਹੱਲ ਕਰਨਾ ਚਾਹੀਦਾ ਹੈ।

## ਇਨਕਲਾਬੀ ਪਾਰਟੀ

ਇਨਕਲਾਬੀਆਂ ਦੇ ਸਰਗਰਮ ਗਰੁੱਪ ਦੀ ਮੁੱਖ ਜ਼ਿੰਮੇਵਾਰੀ, ਜਨਤਾ ਤਕ ਪਹੁੰਚਣ ਅਤੇ ਉਨ੍ਹਾਂ ਨੂੰ ਕਾਰਜ ਲਈ ਤਿਆਰ ਕਰਨ ਦੀ ਹੁੰਦੀ ਹੈ। ਇਹ ਹਨ ਚਲਦੇ-ਫਿਰਦੇ, ਦ੍ਰਿੜ੍ਹ ਇਰਾਦੇ ਦੇ ਲੋਕ ਜਿਹੜੇ ਕੌਮ ਨੂੰ ਜੁਝਾਰੂ ਜੀਵਨ ਲਈ ਸ਼ਕਤੀ ਦੇਣਗੇ। ਜਿਵੇਂ ਹਾਲਾਤ ਪੈਦਾ ਹੁੰਦੇ ਹਨ, ਤਾਂ ਇਹ ਇਨਕਲਾਬੀ ਬੁੱਧੀਜੀਵੀ, ਜਿਨ੍ਹਾਂ ਨੇ ਆਪਣੇ ਆਪ ਨੂੰ ਬੁਰਜਵਾ ਅਤੇ ਅਰਧ ਬੁਰਜਵਾ ਰਵਾਇਤਾਂ ਤੋਂ ਤੋੜ ਲਿਆ ਹੁੰਦਾ ਹੈ, ਵਿਚੋਂ ਹੀ ਆਉਂਦੇ ਹਨ ਅਤੇ ਕੁਝ ਸਮੇਂ ਤਕ ਆਉਂਦੇ ਰਹਿੰਦੇ ਹਨ। ਇਨਕਲਾਬੀ ਪਾਰਟੀ ਇਨ੍ਹਾਂ ਤੋਂ ਬਣੇਗੀ ਅਤੇ ਇਹ ਫਿਰ ਆਪਣੇ ਦੁਆਲੇ ਵੱਧ ਤੋਂ ਵੱਧ ਸਰਗਰਮ ਮਜਦੂਰ, ਕਿਸਾਨ ਅਤੇ ਛੋਟੇ ਕਾਰੀਗਰ ਰਾਜਨੀਤਕ ਵਰਕਰ ਭਰਤੀ ਕਰਦੇ ਰਹਿਣਗੇ। ਪਰ ਮੁੱਖ ਤੌਰ 'ਤੇ ਇਹ ਇਨਕਲਾਬੀ ਬੁੱਧੀਜੀਵੀ ਪੁਰਸ਼ਾਂ ਤੇ ਇਸਤਰੀਆਂ ਦੀ ਪਾਰਟੀ ਹੋਵੇਗੀ ਅਤੇ ਇਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹੋਵੇਗੀ ਕਿ ਉਹ ਪਲੈਨ ਕਰਨ ਅਤੇ ਫਿਰ ਉਸਨੂੰ ਲਾਗੂ ਕਰਨ। ਪ੍ਰਾਪੇਗੰਡੇ ਅਤੇ ਪ੍ਰਚਾਰ ਕਰਨ, ਵੱਖ-ਵੱਖ ਯੂਨੀਅਨਾਂ ਦੇ ਵਿਚ ਕੰਮ ਸ਼ੁਰੂ ਕਰਨਾ, ਜਾਂ ਇਕਸੁਰਤਾ ਕਰਨ ਜਾਂ ਉਨ੍ਹਾਂ ਦੇ ਹੱਲੇ ਨੂੰ ਇਕੱਠੇ ਪਲੈਨ ਕਰਨਾ, ਫ਼ੌਜ ਅਤੇ ਪੁਲਸ ਨੂੰ ਇਨਕਲਾਬ ਦੇ ਹਾਮੀ ਬਣਾਉਣਾ ਅਤੇ ਉਨ੍ਹਾਂ ਦੀ ਮਦਦ ਨਾਲ ਜਾਂ ਆਪਣੀਆਂ ਦੂਸਰੀਆਂ ਸ਼ਕਤੀਆਂ ਨਾਲ ਇਨਕਲਾਬੀ ਟਾਕਰਾ, ਜੋ ਕਿ ਬਗ਼ਾਵਤ ਜਾਂ ਹਮਲੇ ਦੀ ਸ਼ਕਲ ਵਿਚ ਹੋਵੇ, ਦਾ ਪ੍ਰਬੰਧ ਕਰਨਾ ਅਤੇ ਲੋਕ ਬਗ਼ਾਵਤ ਲਈ ਯਤਨਬੱਧ ਹੋਣ ਅਤੇ ਵਕਤ ਪੈਣ 'ਤੇ ਬੇਖ਼ੌਫ਼ ਅਗਵਾਈ ਕਰ ਸਕਣ।

ਅਸਲ ਵਿਚ ਉਹ ਲਹਿਰ ਦਾ ਦਿਮਾਗ਼ ਹਨ। ਇਸ ਕਰਕੇ ਉਨ੍ਹਾਂ ਨੂੰ ਮਜ਼ਬੂਤ ਚਰਿੱਤਰ ਦੀ ਲੋੜ ਹੋਵੇਗੀ ਯਾਨੀ ਕਿ ਪਹਿਲ ਕਦਮੀ ਅਤੇ ਇਨਕਲਾਬੀ ਲੀਡਰਸ਼ਿਪ ਦੀ ਸਮਰੱਥਾ ਅਤੇ ਸਭ ਤੋਂ ਵੱਧ ਇਹ ਜ਼ਾਬਤਾ ਭਰਪੂਰ ਅਤੇ ਰਾਜਨੀਤਕ, ਆਰਥਿਕ, ਇਤਿਹਾਸ ਦੇ ਮਸਲੇ ਅਤੇ ਸਮਾਜ ਰੁਝਾਨਾਂ ਚਾਲੂ ਰਾਜਦੂਤੀ ਸਬੰਧਾਂ, ਅਗਾਂਹਵਧੂ ਵਿਗਿਆਨਕਾਂ ਅਤੇ ਨਵੇਂ ਜੰਗ ਢੰਗਾਂ ਦੀ ਸਾਇੰਸ ਤੇ ਆਰਟ ਬਾਰੇ ਗਹਿਰਾ ਅਧਿਐਨ ਕਰਕੇ ਮਜ਼ਬੂਤ ਬਣੀ ਸਮਝ ਹੋਣੀ ਚਾਹੀਦੀ ਹੈ। ਇਨਕਲਾਬ ਮਿਹਨਤੀ ਵਿਚਾਰਵਾਨਾਂ ਅਤੇ ਮਿਹਨਤੀ ਕਾਰਜਕਰਤੀਆਂ ਦੀ ਪੈਦਾਵਾਰ ਹੁੰਦਾ ਹੈ। ਬਦਕਿਸਮਤੀ ਨਾਲ ਭਾਰਤੀ ਇਨਕਲਾਬ ਦਾ ਬੌਧਿਕ ਸਮਾਨ ਆਮ ਤੌਰ 'ਤੇ ਬੇਧਿਆਨਾ ਰਿਹਾ ਹੈ, ਇਸ ਕਰਕੇ ਇਨਕਲਾਬ ਦੀਆਂ ਅਤੀ ਜ਼ਰੂਰਤਾਂ ਅਤੇ ਕੰਮਾਂ ਦਾ ਠੀਕ ਅਸਰ ਕੀ ਹੋਵੇਗਾ, ਹਮੇਸ਼ਾ ਐਥੋਂ ਉਹਲੇ ਕਰ ਦਿੰਦੇ ਰਹੇ ਹਨ। ਇਸ ਕਰਕੇ ਇਕ ਇਨਕਲਾਬੀ ਨੂੰ ਪੜ੍ਹਾਈ ਤੇ ਅਧਿਐਨ ਆਪਣੀ ਪਵਿੱਤਰ ਡਿਊਟੀ ਬਣਾ ਲੈਣੀ ਚਾਹੀਦੀ ਹੈ।

ਇਹ ਸਾਫ਼ ਹੈ ਕਿ ਪਾਰਟੀ ਕੁਝ ਖ਼ਾਸ ਗੱਲਾਂ ਵਿਚ ਖੁਲ੍ਹੇਆਮ ਕੰਮ ਕਰ ਸਕਦੀ ਹੈ। ਜਿਥੋਂ ਤਕ ਹੋ ਸਕੇ, ਇਸਨੂੰ ਗੁਪਤ ਨਹੀਂ ਹੋਣਾ ਚਾਹੀਦਾ। ਇਹ ਸ਼ੱਕ ਖ਼ਤਮ ਕਰੇਗਾ ਅਤੇ ਪਾਰਟੀ ਨੂੰ ਸ਼ਕਤੀ ਅਤੇ ਪ੍ਰਤਿਸ਼ਠਾ ਦੇਵੇਗੀ। ਪਾਰਟੀ ਨੂੰ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਚੁੱਕਣੀਆਂ ਪੈਣੀਆਂ ਹਨ। ਇਸ ਕਰਕੇ ਸਹੂਲਤ ਲਈ ਪਾਰਟੀ ਨੂੰ ਕੁਝ ਕਮੇਟੀਆਂ ਵਿਚ ਵੰਡਿਆ ਜਾ ਸਕਦਾ ਹੈ ਜੋ ਹਰ ਇਲਾਕੇ ਲਈ ਖਾਸ ਕੰਮਾਂ ਦੀ ਦੇਖਭਾਲ ਕਰੇਗੀ। ਵੰਡ ਲਚਕੀਲੀ ਹੋਣੀ ਚਾਹੀਦੀ



Sri Satguru Jagjit Singh Ji Elibrary NamdhariElibrary@gmail.com

ਹੈ ਅਤੇ ਵਕਤ ਦੀ ਲੋੜ ਦੇ ਮੁਤਾਬਕ ਹੋਣੀ ਚਾਹੀਦੀ ਹੈ ਜਾਂ ਇਕ ਮੈਂਬਰ ਦੀਆਂ ਸੰਭਾਵਨਾਵਾਂ ਨੂੰ ਅੰਗ ਕੇ ਉਸਨੂੰ ਕਿਸੇ ਇਸ ਤਰ੍ਹਾਂ ਦੀ ਲੋਕਲ ਕਮੇਟੀ ਵਿਚ ਕੰਮ ਦਿੱਤਾ ਜਾ ਸਕਦਾ ਹੈ। ਲੋਕਲ ਕਮੇਟੀ, ਪ੍ਰੋਵਿੰਸਲ ਬੋਰਡ ਦੇ ਅਧੀਨ ਹੋਣਗੀਆਂ ਅਤੇ ਇਹ ਸੁਪਰੀਮ ਕੌਂਸਲ ਦੇ ਅਧੀਨ। ਸੂਬੇ ਦੇ ਅੰਦਰ ਸੰਪਰਕ ਦਾ ਕੰਮ ਸੂਬਾ ਬੋਰਡ ਦੇ ਅਧੀਨ ਹੋਵੇਗਾ ਅਤੇ ਅੰਤਰ ਸੂਬਾਈ ਸੰਪਰਕ ਦਾ ਕੰਮ ਸੁਪਰੀਮ ਕੌਂਸਲ ਦਾ ਹੋਵੇਗਾ। ਸਭ ਟਾਵੇਂ-ਟਾਵੇਂ ਕੰਮ ਜਾਂ ਖੇਰੂੰ-ਖੇਰੂੰ ਕਰਨ ਵਾਲੇ ਤੱਤਾਂ ਨੂੰ ਰੋਕਣਾ ਚਾਹੀਦਾ ਹੈ ਪਰ ਵੱਧ ਕੇਂਦਰੀਕਰਨ ਦੀ ਸੰਭਾਵਨਾ ਨਹੀਂ ਹੈ, ਇਸ ਕਰਕੇ ਉਸਦੀ ਅਜੇ ਕੋਸ਼ਿਸ਼ ਵੀ ਨਹੀਂ ਕਰਨੀ ਚਾਹੀਦੀ।

ਸਭ ਲੋਕਲ ਕਮੇਟੀਆਂ ਨੂੰ ਇਕ-ਦੂਜੇ ਨਾਲ ਮੇਲ-ਜੋਲ ਕਰਕੇ ਕੰਮ ਕਰਨੇ ਚਾਹੀਦੇ ਹਨ ਅਤੇ ਇਕ ਮੈਂਬਰ ਇਕ ਕਮੇਟੀ ਵਿਚ ਹੀ ਹੋਣਾ ਚਾਹੀਦਾ ਹੈ। ਕਮੇਟੀ ਛੋਟੀ, ਸੰਯੁਕਤ ਅਤੇ ਕੁਸ਼ਲ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਬਹਿਸ ਕਲੱਬ ਵਿਚ ਨਿਘਰਨ ਨਹੀਂ ਦੇਣਾ ਚਾਹੀਦਾ।

ਇਸ ਕਰਕੇ ਇਨਕਲਾਬੀ ਪਾਰਟੀ ਹਰ ਇਲਾਕਿਆਂ ਵਿਚ ਇਸ ਤਰ੍ਹਾਂ ਹੋਣੀ ਚਾਹੀਦੀ ਹੈ :

(ੳ) ਜਨਰਲ ਕਮੇਟੀ : ਭਰਤੀ ਕਰਨਾ, ਮਿਲਟਰੀ ਵਿਚ ਪ੍ਰਚਾਰ, ਜਨਰਲ ਪਾਲਸੀ, ਜਥੇਬੰਦੀ, ਜਨਤਕ ਯੂਨੀਅਨਾਂ ਵਿਚ ਸੰਪਰਕ। (ਦੇਖੋ ਅੰਤਿਕਾ ੳ)

(ਅ) ਵਿੱਤ ਕਮੇਟੀ : ਕਮੇਟੀ ਜ਼ਿਆਦਾ ਗਿਣਤੀ ਵਿਚ ਔਰਤ ਮੈਂਬਰਾਂ ਦੀ ਹੋ ਸਕਦੀ ਹੈ। ਇਸ ਦੇ ਸਿਰ 'ਤੇ ਸਭ ਕੰਮਾਂ ਤੋਂ ਵੱਧ ਮੁਸ਼ਕਲ ਕੰਮ ਨਿਰਭਰ ਕਰਦਾ ਹੈ, ਇਸ ਕਰਕੇ ਖੁਲ੍ਹਦਿਲੀ ਨਾਲ ਇਸ ਨੂੰ ਸਭ ਤੋਂ ਸਹਾਇਤਾ ਮਿਲਣੀ ਚਾਹੀਦੀ ਹੈ। ਧਨ ਦੇ ਲਈ ਸਰੋਤ, ਤਰਜੀਹ ਮੁਤਾਬਕ ਹਨ। ਸਵੈਇੱਛਤ ਚੰਦਾ, ਜਬਰੀ ਚੰਦਾ (ਸਰਕਾਰੀ ਧਨ), ਵਿਦੇਸ਼ੀ ਪੂੰਜੀਪਤੀ ਜਾਂ ਬੈਂਕ, ਵਿਦੇਸ਼ਾਂ ਵਿਚ ਰਹਿੰਦੇ ਦੇਸੀ ਨਿੱਜੀ ਦੌਲਤ 'ਤੇ ਕਬਜ਼ਾ, ਜਾਂ ਵਿਦੇਸ਼ੀ ਤਰੀਕਿਆਂ ਨਾਲ ਜਿਵੇਂ ਕਿ ਗਬਨ (ਇਹ ਦੋਨੋਂ ਸਾਡੇ ਨੀਤੀ ਦੇ ਉਲਟ ਹਨ ਅਤੇ ਪਾਰਟੀ ਨੂੰ ਨੁਕਸਾਨ ਪਹੁੰਚਾਉਂਦੇ ਹਨ ਇਸ ਕਰਕੇ ਜ਼ਿਆਦਾ ਬੜ੍ਹਾਵਾ ਨਹੀਂ ਦੇਣਾ ਚਾਹੀਦਾ।)

(ੲ) ਐਕਸ਼ਨ ਕਮੇਟੀ (ਕਾਰਵਾਈ ਸੰਪਤੀ) : ਇਸ ਦੀ ਬਣਤਰ, ਇਕ ਗੁਪਤ ਕਮੇਟੀ, ਸਾਬੋਤਾਜ ਲਈ, ਹਥਿਆਰ ਇਕੱਠੇ ਕਰਨੇ, ਬਗ਼ਾਵਤ ਦੀ ਟਰੇਨਿੰਗ ਦੇਣਾ। ਗਰੁੱਪ : (ੳ) ਨੌਜਵਾਨ : ਦੁਸ਼ਮਣ ਦੀ ਖ਼ਬਰ ਸਾਰ ਇਕੱਠੇ ਕਰਨਾ, ਲੋਕਲ ਮਿਲਟਰੀ ਸਰਵੇ, (ਅ) ਮਾਹਰ : ਹਥਿਆਰ ਇਕੱਠੇ ਕਰਨਾ, ਮਿਲਟਰੀ ਟਰੇਨਿੰਗ ਆਦਿ।

(ਸ) ਔਰਤਾਂ ਦੀ ਕਮੇਟੀ : ਹਾਲਾਂਕਿ ਆਦਮੀ ਤੇ ਔਰਤਾਂ ਵਿਚ ਕੋਈ ਮਨਮੂਹੀ ਵਖਰੇਵਾਂ ਨਹੀਂ ਰੱਖਿਆ ਜਾਂਦਾ, ਫਿਰ ਵੀ ਸਹੂਲਤ ਲਈ ਅਤੇ ਪਾਰਟੀ ਦੀ ਸੁਰੱਖਿਆ ਲਈ, ਅਜੇ ਇਕ ਅਜਿਹੀ ਕਮੇਟੀ ਦੀ ਲੋੜ ਹੈ, ਜੋ ਆਪਣੇ ਮੈਂਬਰਾਂ ਦੀ ਸਾਰੀ ਜ਼ਿੰਮੇਵਾਰੀ ਲੈ ਸਕੇ। ਉਨ੍ਹਾਂ ਨੂੰ ਵਿੱਤ ਕਮੇਟੀ ਦਾ ਪੂਰਾ ਭਾਰ ਸੰਭਾਲਿਆ ਜਾ ਸਕਦਾ ਹੈ ਅਤੇ ਕਾਫੀ ਹੱਦ ਤਕ ਜਨਰਲ ਕਮੇਟੀ ਦੇ ਕੰਮ ਦਿੱਤੇ ਜਾ ਸਕਦੇ ਹਨ।(ੲ) ਵਾਸਤੇ ਇਨ੍ਹਾਂ ਦੀ ਬਹੁਤ ਸੰਭਾਵਨਾ ਨਹੀਂ ਹੈ। ਇਨ੍ਹਾਂ ਦੀਆਂ ਮੁਢਲੀਆਂ ਜ਼ਿੰਮੇਵਾਰੀਆਂ ਹਨ, ਇਸਤਰੀਆਂ ਨੂੰ ਇਨਕਲਾਬੀ ਬਣਾਉਣਾ ਅਤੇ ਸਿੱਧੀ ਸੇਵਾ ਲਈ ਸਰਗਰਮ ਮੈਂਬਰ ਇਨ੍ਹਾਂ ਵਿਚੋਂ ਭਰਤੀ ਕਰਨਾ।

ਉੱਪਰ ਦਿੱਤੇ ਪ੍ਰੋਗਰਾਮ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਇਨਕਲਾਬ ਨੂੰ ਜਾਂ ਆਜ਼ਾਦੀ ਨੂੰ ਕੋਈ ਛੋਟਾ ਰਾਹ ਨਹੀਂ ਹੈ। ਇਹ 'ਕਿਸੇ ਸੋਹਣੀ ਸਵੇਰੇ ਸਾਡੇ ਮੱਥੇ ਨਹੀਂ ਲੱਗ ਸਕਦਾ, ਜੇ ਕਿਤੇ ਏਦਾਂ ਹੋ ਸਕਦਾ ਹੋਇਆ ਤਾਂ ਉਹ ਦਿਨ ਬਹੁਤ ਹੀ ਮਨਹੂਸ ਹੋਵੇਗਾ। ਬਗ਼ੈਰ ਕਿਸੇ ਮੁਢਲੇ ਕੰਮ ਦੇ, ਬਗ਼ੈਰ ਜੁਝਾਰੂ ਲੋਕਾਂ ਦੇ ਅਤੇ ਬਗ਼ੈਰ ਕਿਸੇ ਪਾਰਟੀ ਦੇ ਜੋ ਹਰ ਤਰ੍ਹਾਂ ਨਾਲ ਤਿਆਰ ਹੋਵੇ, ਇਹ ਇਕ ਅਸਫਲਤਾ ਹੋਵੇਗੀ। ਇਸ ਕਰਕੇ ਸਾਨੂੰ ਆਪਣੇ ਆਪ ਨੂੰ ਝੰਜੋੜਨਾ ਹੋਵੇਗਾ। ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਹੋਵੇਗਾ ਕਿ ਪੂੰਜੀਵਾਦੀ ਪ੍ਰਬੰਧ ਥਿੜਕ ਰਿਹਾ ਹੈ ਤੇ



Sri Satguru Jagjit Singh Ji Elibrary NamdhariElibrary@gmail.com

ਵੱਡੀ ਤਬਾਹੀ ਵੱਲ ਵਧ ਰਿਹਾ ਹੈ। ਦੋ ਜਾਂ ਤਿੰਨ ਸਾਲ ਵਿਚ ਸ਼ਾਇਦ ਵਿਨਾਸ਼ ਹੋ ਜਾਵੇਗਾ। ਅਗਰ ਅਸੀਂ ਅਜੇ ਵੀ ਆਪਣੀ ਸ਼ਕਤੀ ਖਿੰਡਾਉਂਦੇ ਰਹੇ ਅਤੇ ਇਨਕਲਾਬੀ ਸ਼ਕਤੀਆਂ ਨੂੰ ਨਾ ਇਕਮੁੱਠ ਕਰਕੇ ਤੋਰਿਆ ਤਾਂ ਸੰਕਟ ਆਵੇਗਾ ਅਤੇ ਅਸੀਂ ਉਸ ਨੂੰ ਸੰਭਾਲਣ ਲਈ ਤਿਆਰ ਨਹੀਂ ਹੋਵਾਂਗੇ। ਆਪਾਂ ਚੇਤਾਵਨੀ ਸਵੀਕਾਰ ਕਰੀਏ ਦੋ ਜਾਂ ਤਿੰਨ ਸਾਲ ਵਿਚ ਇਨਕਲਾਬ ਵੱਲ ਵਧਣ ਦੀ ਪਲਾਨ ਬਣਾਈਏ।

* * *

## 104. ਜੰਗ ਅਜੇ ਜਾਰੀ ਹੈ

### ਗਵਰਨਰ ਪੰਜਾਬ ਨੂੰ ਖ਼ਤ

[ਜਦ ਇੱਕ ਵਕੀਲ ਨੇ ਸੁਝਾਅ ਦਿੱਤਾ ਕਿ ਰਹਿਮ ਦੀ ਅਪੀਲ ਅਜੇ ਵੀ ਕੀਤੀ ਜਾ ਸਕਦੀ ਹੈ ਤਾਂ ਭਗਤ ਸਿੰਘ ਦਾ ਜਵਾਬ ਸੀ ਕਿ ਉਨ੍ਹਾਂ ਨੇ ਇਕ ਪੈਗਾਮ ਗਵਰਨਰ ਨੂੰ 20 ਮਾਰਚ ਨੂੰ ਹੀ ਭੇਜ ਦਿੱਤਾ ਹੈ। ਇਸ ਬੇਖ਼ੌਫ਼ ਜਵਾਬ ਨੇ ਜਿਥੇ ਅੰਗਰੇਜ਼ ਸਰਕਾਰ ਨੂੰ ਆਖ਼ਰੀ ਸੱਟ ਮਾਰੀ ਉਥੇ ਭਾਰਤੀ ਲੋਕਾਂ ਦੇ ਮਨਾਂ ਵਿਚ ਅੰਗਰੇਜ਼ੀ ਰਾਜ ਦਾ ਖ਼ੌਫ਼ ਦੂਰ ਕਰ ਦਿੱਤਾ।

ਉਨ੍ਹਾਂ ਦਾ ਇਤਿਹਾਸਕ ਪੈਗਾਮ ਸੀ ਕਿ, "ਜਦ ਤਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸ ਦੇ ਥਾਂ ਸਮਾਜਕ ਖੁਸ਼ਹਾਲੀ 'ਤੇ ਆਧਾਰਤ ਸਮਾਜਿਕ ਢਾਂਚਾ ਨਹੀਂ ਉਸਰ ਜਾਂਦਾ...ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਅਤੇ ਅਟਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ।"

ਉਨ੍ਹਾਂ ਦਾ ਸੰਦੇਸ਼ ਅੱਜ ਤਕ ਗੂੰਜਦਾ ਹੈ —ਸੰਪਾਦਕ]

20 ਮਾਰਚ, 1931

ਮਿਲੇ

ਗਵਰਨਰ ਪੰਜਾਬ, ਸ਼ਿਮਲਾ

ਸ਼੍ਰੀਮਾਨ,

ਉਚਿਤ ਸਨਮਾਨ ਨਾਲ ਅਸੀਂ ਤੁਹਾਡਾ ਧਿਆਨ ਹੇਠ ਲਿਖੀਆਂ ਗੱਲਾਂ ਵੱਲ ਦਿਵਾਂਦੇ ਹਾਂ।

ਭਾਰਤ ਵਿਚ ਅੰਗਰੇਜ਼ੀ ਸਰਕਾਰ ਦੇ ਮੁਖੀ, ਵਾਇਸਰਾਏ ਦੇ ਵਿਸ਼ੇਸ਼ ਲਾਹੌਰ ਸਾਜ਼ਿਸ਼ ਕੇਸ ਬਾਰੇ ਹੁਕਮ ਦੇ ਮੁਤਾਬਕ, ਸਾਡੇ ਕੇਸ ਦੀ ਸੁਣਵਾਈ ਲਈ ਖਾਸ ਅਦਾਲਤ (ਟ੍ਰਿਬਿਊਨਲ) ਕਾਇਮ ਕੀਤੀ ਗਈ ਸੀ, ਜਿਸ ਨੇ ਸਾਨੂੰ 7 ਅਕਤੂਬਰ, 1930 ਵਾਲੇ ਦਿਨ ਫ਼ਾਂਸੀ ਦੀ ਸਜ਼ਾ ਸੁਣਾਈ ਸੀ। ਸਭ ਤੋਂ ਵੱਡਾ ਦੋਸ਼, ਇੰਗਲੈਂਡ ਦੇ ਰਾਜੇ ਸਮਰਾਟ ਜਾਰਜ ਪੰਚਮ ਵਿਰੁੱਧ ਜੰਗ ਛੇੜਨ ਦਾ ਸੀ।

ਇਹ ਫ਼ੈਸਲਾ ਦਿੰਦੇ ਸਮੇਂ ਅਦਾਲਤ ਨੇ ਦੋ ਗੱਲਾਂ ਮਿੱਥੀਆਂ ਹਨ।

ਪਹਿਲੀ ਇਹ ਕਿ ਅੰਗਰੇਜ਼ਾਂ ਤੇ ਭਾਰਤੀ ਜਨਤਾ ਵਿਚਾਲੇ ਜੰਗ ਚੱਲ ਰਹੀ ਹੈ। ਦੂਸਰਾ ਇਹ ਕਿ ਅਸਾਂ ਨਿਯਚਿਤ ਰੂਪ ਵਿਚ ਇਸ ਜੰਗ ਵਿਚ ਹਿੱਸਾ ਲਿਆ ਹੈ। ਜਿਸ ਕਰਕੇ ਅਸੀਂ ਜੰਗੀ ਕੈਦੀ ਹਾਂ।

ਭਾਵੇਂ ਦੂਸਰੀ ਗੱਲ ਦੀ ਵਿਆਖਿਆ ਕਰਦੇ ਹੋਏ ਬਹੁਤ ਹੱਦ ਤਕ ਰਲਾਕੀ ਤੋਂ ਕੰਮ ਲਿਆ ਗਿਆ ਹੈ, ਜਿਸ ਕਰਕੇ ਇਸ ਦੇ ਖ਼ਿਲਾਫ਼ ਕੁਝ ਕਹਿਣਾ ਜ਼ਰੂਰ ਭਾਸਦਾ ਹੈ ; ਪਰ ਫਿਰ ਵੀ ਅਸੀਂ ਇਹ ਕਹੇ ਬਗ਼ੈਰ ਨਹੀਂ ਰਹਿ ਸਕਦੇ ਕਿ ਸਾਡੇ ਬਾਰੇ ਇਸ ਤਰ੍ਹਾਂ ਕਹਿ ਕੇ, ਸਾਨੂੰ ਸਨਮਾਨਿਆ ਗਿਆ ਹੈ।



Sri Satguru Jagjit Singh Ji Elibrary NamdhariElibrary@gmail.com

## ਜੰਗ ਵਾਲੀ ਹਾਲਤ

ਜਿੱਥੋਂ ਤਕ ਪਹਿਲੀ ਮਿਥੀ ਗੱਲ ਦਾ ਸਬੰਧ ਹੈ, ਉਸ 'ਤੇ ਅਸੀਂ ਥੋੜ੍ਹੇ ਵਿਸਥਾਰ ਨਾਲ ਰੌਸ਼ਨੀ ਪਾਉਣਾ ਚਾਹਾਂਗੇ। ਪ੍ਰਤੱਖ ਰੂਪ ਵਿਚ ਐਸੀ ਕੋਈ ਲੜਾਈ ਛਿੜੀ ਹੋਈ ਨਜ਼ਰ ਨਹੀਂ ਆਉਂਦੀ। ਫਿਰ ਵੀ ਇਸਦੇ ਲਫ਼ਜ਼ੀ ਅਰਥਾਂ ਵਿਚ ਇਸ ਵਿਆਖਿਆ ਨੂੰ ਮੰਨਣ ਲਈ ਤਿਆਰ ਹਾਂ। ਪਰ ਅਸੀਂ ਇਸ ਨੂੰ ਹੋਰ ਵਿਸਥਾਰ ਨਾਲ ਦੱਸਣਾ ਚਾਹਾਂਗੇ ਤਾਂ ਕਿ ਸਾਨੂੰ ਠੀਕ ਤਰ੍ਹਾਂ ਨਾਲ ਸਮਝਿਆ ਜਾਵੇ। ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁੱਧ ਚਲ ਰਿਹਾ ਹੈ ਤੇ ਇਹ ਤਦ ਤਕ ਚਲਦਾ ਰਹੇਗਾ, ਜਦ ਤਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ, ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ। ਇਹ ਸਭ ਕੁਝ ਨਾਲ ਸਾਨੂੰ ਕੋਈ ਫ਼ਰਕ ਨਹੀਂ ਪਏਗਾ। ਜੇ ਤੁਹਾਡੀ ਸਰਕਾਰ, ਛੋਟੀਆਂ-ਛੋਟੀਆਂ ਸਹੂਲਤਾਂ ਦੇ ਕੇ ਜਾਂ ਸਮਝੌਤਾ ਕਰਕੇ ਭਾਰਤੀ ਨੇਤਾਵਾਂ ਤੇ ਇਸ ਸਮਾਜ ਦੇ ਉਚ-ਤਬਕੇ ਦੇ ਮੁਖੀਆਂ ਨੂੰ ਆਪਣੇ ਨਾਲ ਗੰਢਣ ਵਿਚ ਕਾਮਯਾਬ ਹੋ ਜਾਂਦੀ ਹੈ ਤੇ ਕੁਝ ਅਰਸੇ ਲਈ ਜਨਤਾ ਦੀ ਤਾਕਤ ਨੂੰ ਮੱਧਮ ਕਰ ਦੇਂਦੀ ਹੈ, ਤਾਂ ਵੀ ਇਸ ਨਾਲ ਹਾਲਾਤ ਵਿਚ ਕੋਈ ਫ਼ਰਕ ਨਹੀਂ ਆਵੇਗਾ। ਇਸ ਦੀ ਵੀ ਕੋਈ ਚਿੰਤਾ ਨਹੀਂ ਕਿ ਇਕ ਵਾਰ ਫਿਰ ਭਾਰਤੀ ਲਹਿਰ ਦੇ ਮੋਹਰੀ ਦਸਤੇ, ਇਨਕਲਾਬੀ ਪਾਰਟੀ ਨੂੰ ਜ਼ੋਰਾਂ ਦੀ ਲੜਾਈ ਵਿਚ ਖੜਿਆਂ ਨੂੰ ਧੋਖਾ ਦਿੱਤਾ ਗਿਆ ਹੈ। ਇਸ ਦਾ ਵੀ ਕੋਈ ਫ਼ਰਕ ਨਹੀਂ ਪਵੇਗਾ, ਜੇ ਭਾਰਤੀ ਨੇਤਾ, ਜਿਨ੍ਹਾਂ ਦੇ ਅਸੀਂ ਜ਼ਾਤੀ ਤੌਰ 'ਤੇ ਇਸ ਕਰਕੇ ਧੰਨਵਾਦੀ ਹਾਂ ਕਿ ਉਨ੍ਹਾਂ ਸਾਡੇ ਲਈ ਹਮਦਰਦੀ ਤੇ ਚੰਗੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਹਨ, ਏਨੇ ਬਦਲਾ ਲਊ ਹੋ ਗਏ ਹਨ ਕਿ ਉਨ੍ਹਾਂ ਨੇ ਸ਼ਾਂਤੀ ਸਮਝੌਤਾ ਵਾਰਤਾ ਵਿਚ ਬੇਘਰ ਤੇ ਬੇਸਹਾਰਾ ਇਸਤਰੀ ਰਾਜਨੀਤਿਕ ਕਾਰਕੁਨਾਂ ਦਾ ਜ਼ਿਕਰ ਤਕ ਵੀ ਨਹੀਂ ਕੀਤਾ। ਕਿਉਂਕਿ ਉਹਨਾਂ ਨੂੰ ਇਨਕਲਾਬੀ ਪਾਰਟੀ ਦੇ ਮੈਂਬਰ ਸਮਝਿਆ ਗਿਆ ਹੈ ਤੇ ਨੇਤਾਵਾਂ ਦੀ ਨਜ਼ਰ ਵਿਚ ਇਨਕਲਾਬੀ ਪਾਰਟੀ ਉਨ੍ਹਾਂ ਦੀ ਸ਼ੇਖ ਚਿਲੀ ਵਾਲੀ ਕਲਪਿਤ ਅਹਿੰਸਾ ਦੀ ਵਿਰੋਧੀ ਹੈ। ਭਾਵੇਂ ਇਹ ਅਹਿੰਸਾ ਹੁਣ ਇਕ ਬੋਦੀ ਗੱਲ ਬਣ ਚੁਕੀ ਹੈ। ਇਹ ਉਹ ਭਾਰਤ ਦੀਆਂ ਬਹਾਦਰ ਸਪੁੱਤਰੀਆਂ ਹਨ, ਜਿਨ੍ਹਾਂ ਦੀ ਆਪਣੀ ਕੁਰਬਾਨੀ ਤਾਂ ਬੇਮਿਸਾਲ ਹੈ। ਨਾਲ ਹੀ ਜਿਨ੍ਹਾਂ ਆਪਣੇ ਪਤੀਆਂ ਤੇ ਭਰਾਵਾਂ ਨੂੰ ਜਾਂ ਬਲੀ ਵੇਦੀ 'ਤੇ ਭੇਂਟ ਚੜ੍ਹਾਇਆ ਹੈ ਜਾਂ ਬਲੀ ਲਈ ਆਪਣੇ ਹੱਥੀਂ ਤੋਰਿਆ ਹੈ। ਇਨ੍ਹਾਂ ਬਹਾਦਰ ਦੇਵੀਆਂ ਨੇ ਆਪਣੀ ਜਾਨ ਸਮੇਤ, ਹਰ ਪਿਆਰੀ ਤੇ ਨਜ਼ਦੀਕੀ ਚੀਜ਼ ਨੂੰ ਕੁਰਬਾਨੀ ਲਈ ਭੇਂਟ ਕੀਤਾ ਹੈ। ਤੇ ਤੁਹਾਡੀ ਸਰਕਾਰ ਨੇ ਇਨ੍ਹਾਂ ਨੂੰ ਵਿਦਰੋਹੀ ਕਰਾਰ ਦਿੱਤਾ ਹੈ। ਜੇ ਤੁਹਾਡੇ ਏਜੰਟ ਏਨੇ ਗਿਰ ਗਏ ਹਨ ਕਿ ਉਨ੍ਹਾਂ ਮਨਘੜਤ ਕਹਾਣੀਆਂ ਘੜ ਕੇ ਇਨ੍ਹਾਂ ਤੇ ਇਨ੍ਹਾਂ ਦੀ ਪਾਰਟੀ ਦੀ ਇੱਜ਼ਤ ਨੂੰ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਵੀ ਇਹ ਯੁੱਧ ਚਲਦਾ ਰਹੇਗਾ।

## ਜੰਗ ਦੇ ਤਰੀਕੇ ਦੀ ਚੋਣ ਤੁਹਾਡੇ 'ਤੇ ਹੈ

ਹੋ ਸਕਦਾ ਹੈ ਕਿ ਇਹ ਲੜਾਈ ਵੱਖ-ਵੱਖ ਪੜਾਵਾਂ ਵਿਚ ਵੱਖ-ਵੱਖ ਰੂਪ ਧਾਰੇ। ਕਿਸੇ ਸਮੇਂ ਇਹ ਲੜਾਈ ਪਰਗਟ ਰੂਪ ਵਿਚ ਹੋਵੇ, ਕਦੀ ਖ਼ੁਫ਼ੀਆਂ, ਕਦੀ ਨਿਰੋਲ ਅੰਦੋਲਨਕਾਰੀ ਤੇ ਕਦੇ ਇਹ ਇੰਨੀ ਭਿਆਨਕ ਹੋਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲੱਗ ਜਾਵੇ। ਪਰ ਇਹ ਕਿਹੋ ਜਿਹਾ ਰੂਪ ਧਾਰਦੀ ਹੈ, ਖ਼ੂਨੀ ਜਾਂ ਥੋੜ੍ਹਾ ਸ਼ਾਂਤੀ ਪੂਰਨ, ਇਸਦੀ ਚੋਣ ਤੁਹਾਡੇ 'ਤੇ ਨਿਰਭਰ ਹੈ। ਸੋ ਤੁਸੀਂ ਇਸ ਦੇ ਰੂਪ ਦੀ ਚੋਣ ਆਪਣੀ ਆਪਣੀ ਮਰਜ਼ੀ ਮੁਤਾਬਕ ਕਰ ਸਕਦੇ ਹੋ। ਪਰ ਇਹ ਜੰਗ, ਐਵੇਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਪਏ ਬਗੈਰ ਤੇ ਬੇ-ਮਤਲਬ ਨੈਤਿਕ ਸਿਧਾਂਤਾਂ ਵਿਚ ਉਲਝੇ ਬਿਨਾਂ ਲਗਾਤਾਰ ਚਲਦੀ ਰਹੇਗੀ।



Sri Satguru Jagjit Singh Ji Elibrary NamdhariElibrary@gmail.com

ਜਦ ਤਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸ ਦੀ ਥਾਂ ਸਮਾਜ ਖ਼ੁਸ਼ਹਾਲੀ ਤੇ ਆਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤਕ ਹਰ ਕਿਸਮ ਦੀ ਲੁਟ ਖਸੁਟ ਅਸੰਭਵ ਬਣਾ ਕੇ ਮਨੁੱਖਤਾ ਉੱਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿੱਖ ਵਿਚ ਆਖ਼ਰੀ ਯੁੱਧ ਲੜਿਆ ਜਾਵੇਗਾ ਤੇ ਉਹ ਫ਼ੈਸਲਾਕੁੰਨ ਹੋਵੇਗਾ।

ਸਾਮਰਾਜੀ ਤੇ ਸਰਮਾਏਦਾਰ ਲੁਟ ਕੁਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖ਼ਤਮ ਹੋਵੇਗਾ। ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ-ਦੁਆਲੇ ਪਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇਕ ਕੜੀ ਹੈ, ਜਿਸ ਨੂੰ ਜੈਤਿਨ ਦਾਸ ਦੀ ਬੇਮਿਸਾਲ ਕੁਰਬਾਨੀ ਨੇ, ਸ਼ਹੀਦ ਭਗਵਤੀ ਚਰਨ ਜੀ ਅਤੀ ਭਿਆਨਕ ਪਰ ਪਵਿੱਤਰ ਤੇ ਮਹਾਨ ਕੁਰਬਾਨੀ ਨੇ ਤੇ ਸਾਡੇ ਮਹਿਬੂਬ ਜਰਨੈਲ ਆਜ਼ਾਦ (ਚੰਦਰ ਸ਼ੇਖਰ ਆਜ਼ਾਦ) ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਾਏ ਹਨ।

### ਫ਼ਾਂਸੀ ਥਾਂ ਗੋਲੀ

ਜਿਥੋਂ ਤਕ ਸਾਡੀ ਹੋਣੀ ਦਾ ਸਵਾਲ ਹੈ, ਅਸੀਂ ਦ੍ਰਿੜ੍ਹ ਇਰਾਦੇ ਨਾਲ ਕਹਿਣਾ ਚਾਹੁੰਦੇ ਹਾਂ ਕਿ ਤੁਸਾਂ ਜਦ ਸਾਨੂੰ ਫ਼ਾਂਸੀ ਦੇਣ ਦਾ ਹੁਕਮ ਦਿਤਾ ਹੈ ਤਾਂ ਤੁਸੀਂ ਜ਼ਰੂਰ ਹੀ ਇਸ ਨੂੰ ਪੂਰਾ ਕਰੋਗੇ। ਤੁਹਾਡੇ ਹੱਥ ਵਿਚ ਤਾਕਤ ਹੈ, ਤੇ ਦੁਨੀਆ ਵਿਚ ਤਾਕਤ ਨੂੰ ਹਰ ਹੱਕ ਹਾਸਲ ਹੈ। ਅਸੀਂ ਜਾਣਦੇ ਹਾਂ ਕਿ ਤੁਹਾਡਾ ਇਰਾਦਾ ਪੂਰਾ ਕਰਨ ਲਈ 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲਾ ਮੁਹਾਵਰਾ ਕੰਮ ਕਰਦਾ ਹੈ। ਸਾਡੇ ਮੁਕੱਦਮੇ ਦੀ ਸੁਣਵਾਈ ਇਸਦਾ ਸੁਹਣਾ ਸਬੂਤ ਹੈ। ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਤੁਹਾਡੀ ਹੀ ਅਦਾਲਤ ਦੇ ਫ਼ੈਸਲੇ ਅਨੁਸਾਰ ਸਾਡੇ ਉੱਤੇ ਯੁੱਧ ਵਿਢਣ ਦਾ ਦੋਸ਼ ਹੈ ਇਸ ਕਰਕੇ ਅਸੀਂ ਜੰਗੀ ਕੈਦੀ ਹਾਂ ਅਤੇ ਇਸੇ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਹੀ ਸਲੂਕ ਕੀਤਾ ਜਾਵੇ। ਯਾਨੀ ਕਿ ਫ਼ਾਂਸੀ 'ਤੇ ਲਟਕਾਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਹੁਣ ਇਹ ਸਿੱਧ ਕਰਨਾ ਤੁਹਾਡਾ ਕੰਮ ਹੈ ਕਿ ਜੋ ਤੁਹਾਡੀ ਅਦਾਲਤ ਨੇ ਕਿਹਾ ਹੈ, ਉਸ ਵਿਚ ਤੁਹਾਡਾ ਪੂਰਾ ਵਿਸ਼ਵਾਸ ਹੈ ਯਾ ਨਹੀਂ।

ਸੋ ਅਸੀਂ ਨਿਮਰਤਾ ਪੂਰਵਕ ਤੁਹਾਨੂੰ ਇਹ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਫ਼ੌਜੀ ਵਿਭਾਗ ਨੂੰ ਹੁਕਮ ਦਿਓ ਕਿ ਸਾਨੂੰ ਗੋਲੀ ਨਾਲ ਉਡਾਣ ਲਈ ਇਕ ਫ਼ੌਜੀ ਟੋਲੀ ਭੇਜ ਦੇਵੇ।

ਤੁਹਾਡਾ,

**ਭਗਤ ਸਿੰਘ, ਰਾਜਗੁਰੂ, ਸੁਖਦੇਵ**

* * *

## 105. "ਮੈਂ ਹਿੰਦੋਸਤਾਨੀ ਇਨਕਲਾਬ ਦਾ ਚਿੰਨ੍ਹ"

[ਫ਼ਾਂਸੀ ਦੇ ਇਕ ਦਿਨ ਪਹਿਲਾਂ 22 ਮਾਰਚ, 1931 ਨੂੰ ਸੈਂਟਰਲ ਜੇਲ੍ਹ ਲਾਹੌਰ ਦੇ 14 ਨੰ. ਵਾਰਡ ਦੇ ਵਿਚ ਰਹਿਣ ਵਾਲੇ ਦੂਸਰੇ ਲਾਹੌਰ ਸਾਜ਼ਸ਼ ਕੇਸ ਦੇ ਬੰਦੀ ਇਨਕਲਾਬੀਆਂ ਨੇ ਭਗਤ ਕੋਲ ਇਕ ਚਿੱਟ ਭੇਜੀ, ਸੁਨੇਹਾ ਸੀ, "ਸਰਦਾਰ, ਜੇ ਤੁਸੀਂ ਫ਼ਾਂਸੀ ਤੋਂ ਬਚਣਾ ਚਾਹੁੰਦੇ ਹੋ ਤਾਂ ਦੱਸੋ। ਇਨ੍ਹਾਂ ਘੜੀਆਂ ਵਿਚ ਸ਼ਾਇਦ ਕੁਝ ਹੋ ਸਕੇ।" ਭਗਤ ਸਿੰਘ ਨੇ ਲਿਖ ਕੇ ਇਹ ਨੋਟ ਜਵਾਬ ਵਿਚ ਭੇਜਿਆ। --ਸੰਪਾਦਕ]



Sri Satguru Jagjit Singh Ji Elibrary NamdhariElibrary@gmail.com

## ਸ਼ਹੀਦੀ ਤੋਂ ਇਕ ਦਿਨ ਪਹਿਲਾਂ

ਜੀਉਂਦਿਆਂ ਰਹਿਣ ਦੀ ਖ਼ਾਹਸ਼ ਕੁਦਰਤੀ ਤੌਰ 'ਤੇ ਮੈਨੂੰ ਵੀ ਹੋਣੀ ਚਾਹੀਦੀ ਹੈ। ਮੈਂ ਇਸ ਨੂੰ ਲੁਕਾਉਣਾ ਨਹੀਂ ਚਾਹੁੰਦਾ। ਪਰ ਮੇਰਾ ਜੀਉਂਦਿਆਂ ਰਹਿਣਾ ਇਕ ਸ਼ਰਤ 'ਤੇ ਹੈ। ਮੈਂ ਕੈਦ ਹੋ ਕੇ ਜਾ ਪਾਬੰਦ ਹੋ ਕਿ ਜੀਉਂਦਾ ਨਹੀਂ ਰਹਿਣਾ ਚਾਹੁੰਦਾ।

ਮੇਰਾ ਨਾਂ ਹਿੰਦੋਸਤਾਨੀ ਇਨਕਲਾਬੀ ਦਾ ਨਿਸ਼ਾਨ ਬਣ ਚੁਕਿਆ ਹੈ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਅਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉਚਿਆਂ ਕਰ ਦਿੱਤਾ ਹੈ। ਏਨਾ ਉੱਚਾ ਕਿ ਜੀਉਂਦਿਆਂ ਰਹਿਣ ਦੀ ਸੂਰਤ ਵਿਚ ਇਸ ਨਾਲੋਂ ਉੱਚਾ ਮੈਂ ਕਦੇ ਵੀ ਨਹੀਂ ਹੋ ਸਕਦਾ।

ਅੱਜ ਮੇਰੀਆਂ ਕਮਜ਼ੋਰੀਆਂ ਲੋਕਾਂ ਸਾਹਮਣੇ ਨਹੀਂ ਹਨ। ਜੇ ਮੈਂ ਫ਼ਾਂਸੀ ਤੋਂ ਬਚ ਗਿਆ ਤਾਂ ਉਹ ਜ਼ਾਹਿਰ ਹੋ ਜਾਣਗੀਆਂ ਅਤੇ ਇਨਕਲਾਬ ਦਾ ਨਿਸ਼ਾਨ ਮੱਧਮ ਪੈ ਜਾਏਗਾ ਜਾਂ ਸ਼ਾਇਦ ਮਿਟ ਜਾਵੇ। ਪਰ ਮੇਰੇ ਦਲੇਰੀ ਭਰੇ ਢੰਗ ਨਾਲ ਹੱਸਦਿਆਂ ਹੱਸਦਿਆਂ ਫ਼ਾਂਸੀ ਚੜ੍ਹਨ ਦੀ ਸੂਰਤ ਵਿਚ ਹਿੰਦੋਸਤਾਨੀ ਮਾਵਾਂ ਆਪਣਿਆਂ ਬੱਚਿਆਂ ਦੇ ਭਗਤ ਸਿੰਘ ਬਣਨ ਦੀ ਆਰਜ਼ੂ ਕਰਿਆ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਏਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਸ਼ੈਤਾਨੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗੀ।

ਹਾਂ, ਇਕ ਖ਼ਿਆਲ ਅੱਜ ਵੀ ਆਉਂਦਾ ਹੈ। ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿਚ ਸਨ, ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਆਜ਼ਾਦ ਜੀਉਂਦਾ ਰਹਿ ਸਕਦਾ ਤਾਂ ਸ਼ਾਇਦ ਇਨ੍ਹਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ।

ਇਹਦੇ ਬਿਨਾਂ ਕੋਈ ਲਾਲਚ ਮੇਰੇ ਦਿਲ ਵਿਚ ਫ਼ਾਂਸੀ ਤੋਂ ਬਚੇ ਰਹਿਣ ਲਈ ਕਦੇ ਨਹੀਂ ਆਇਆ। ਮੈਥੋਂ ਵਧ ਖ਼ੁਸ਼ਕਿਸਮਤ ਕੌਣ ਹੋਏਗਾ? ਮੈਨੂੰ ਅੱਜ ਕੱਲ੍ਹ ਆਪਣੇ ਆਪ ਉੱਤੇ ਬਹੁਤ ਨਾਜ਼ ਹੈ। ਹੁਣ ਤਾਂ ਬੜੀ ਬੇਤਾਬੀ ਨਾਲ ਆਖ਼ਰੀ ਇਮਤਿਹਾਨ ਦੀ ਉਡੀਕ ਹੈ। ਆਰਜ਼ੂ ਹੈ ਕਿ ਇਹ ਹੋਰ ਨੇੜੇ ਹੋ ਜਾਏ।

ਤੁਹਾਡੀ ਸਾਥੀ,
**ਭਗਤ ਸਿੰਘ**

●



Sri Satguru Jagjit Singh Ji Elibrary NamdhariElibrary@gmail.com

# ਅੰਤਿਕਾ

## (ੳ) ਸ਼ਹੀਦ ਭਗਤ ਸਿੰਘ ਦੇ ਆਖ਼ਰੀ ਸਮੇਂ ਦੇ ਵਿਚਾਰਾਂ ਬਾਰੇ ਭੁਲੇਖਾ ਕਿਉਂ ?

ਕੁਝ ਸਮੇਂ ਤੋਂ ਦੋਬਾਰਾ ਸ਼ਹੀਦ ਭਗਤ ਸਿੰਘ ਦੇ ਆਪਣੇ ਅੰਤਮ ਸਮੇਂ ਦੇ ਵਿਚਾਰਾਂ ਬਾਰੇ ਕੁਝ ਭੁਲੇਖੇ ਖੜ੍ਹੇ ਕੀਤੇ ਗਏ ਹਨ। ਇਸਦੇ ਜ਼ਿੰਮੇਵਾਰ ਕਈ ਪੇਟ ਭਰਨ ਵਾਲੇ ਨਾਮਧਰੀਕ ਇਤਿਹਾਸਕਾਰ ਵੀ ਹਨ, ਜਿਨ੍ਹਾਂ ਬਗ਼ੈਰ ਘੋਖੇ ਭੁਲੇਖਿਆਂ ਨੂੰ ਹਵਾ ਦਿੱਤੀ, ਇੱਥੇ ਸਾਰੇ ਤੱਥਾਂ ਨੂੰ ਇਕ ਇਕ ਕਰਕੇ ਦੇਖਿਆ ਜਾਵੇਗਾ ਅਤੇ ਭਰਮਾਂ ਦੇ ਪੈਦਾ ਹੋਣ ਦੇ ਕਾਰਨਾਂ ਬਾਰੇ ਵੀ ਪੜਤਾਲ ਕੀਤੀ ਜਾਵੇਗੀ।

ਸਭ ਤੋਂ ਵੱਡਾ ਭੁਲੇਖਾ, ਜੋ ਪੈਦਾ ਕੀਤਾ ਗਿਆ ਹੈ, ਉਹ ਗਿਆਨੀ ਨਾਹਰ ਸਿੰਘ ਜੀ ਸੰਪਾਦਕ 'ਜੇਲ੍ਹ-ਚਿੱਠੀਆਂ' ਦੀ ਸਫ਼ਾ 629 ਦੀ ਟਿੱਪਣੀ ਨੇ ਕੀਤਾ ਹੈ। ਇਸ ਵਿਚ ਲਿਖਿਆ ਹੈ ਕਿ "ਭਗਤ ਸਿੰਘ ਦੇ ਫ਼ਾਂਸੀ ਲਗਣ ਪਿਛੋਂ ਅਖ਼ਬਾਰਾਂ ਵਿਚ ਇਹ ਸਿਲਸਿਲਾ ਛਿੜਿਆ ਸੀ ਕਿ ਉਸਦਾ ਨਿਸਚਾ ਸਿੱਖੀ ਪਰ ਸੀ। ਕਸੂਰ ਦੇ ਗਰੰਥੀ ਭਾਈ ਨੱਥਾ ਸਿੰਘ ਦਾ ਬਿਆਨ ਅਖ਼ਬਾਰਾਂ ਵਿਚ ਛਪਿਆ ਸੀ ਕਿ ਸੰਸਕਾਰ ਵੇਲੇ ਭਗਤ ਸਿੰਘ ਦੇ ਛੇ ਇੰਚ ਲੰਬੇ ਕੇਸ ਸਨ। ਸਰਕਾਰ ਨੇ ਵੀ ਐਲਾਨ ਕੀਤਾ ਸੀ ਕਿ ਇਸਦਾ ਮ੍ਰਿਤਕ ਸੰਸਕਾਰ ਸਿੱਖ ਧਰਮ ਅਨੁਸਾਰ ਕਰਾਇਆ ਗਿਆ ਸੀ। ਬੰਬਈ ਦੇ ਬਲਿਟਜ਼ ਅਖ਼ਬਾਰ ਦੇ 26 ਮਾਰਚ 1949 ਦੇ ਪਰਚੇ ਵਿਚ ਭਗਤ ਸਿੰਘ ਦਾ ਕੇਸਾਂ ਵਾਲਾ ਫੋਟੋ ਛਪਿਆ ਸੀ।...ਇਹ ਫੋਟੋ ਭਗਤ ਸਿੰਘ ਹੋਰਾਂ ਦੇ ਫ਼ਾਂਸੀ ਲਗਣ ਤੋਂ ਕੁਝ ਮਿੰਟ ਪਹਿਲਾਂ ਦਿੱਲੀ ਦੇ ਸੱਜਣ ਸ਼ਾਮ ਲਾਲ ਨੇ ਖਿਚਿਆ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਬਚਨਾਂ ਦਾ ਅਸਰ ਕਰਕੇ ਭਗਤ ਸਿੰਘ ਸਿੱਖ ਨਿਸਚੇ ਵਿਚ ਆ ਕੇ ਕੇਸਧਾਰੀ ਹੋਇਆ।"

ਇਹ ਨੋਟ ਸਾਰੇ ਪੈਦਾ ਕੀਤੇ ਗਏ ਭੁਲੇਖਿਆਂ ਦਾ ਮੂਲ ਹੈ। ਗਿਆਨੀ ਨਾਹਰ ਸਿੰਘ ਖ਼ੁਦ ਗ਼ਦਰ ਪਾਰਟੀ ਵਿਚ ਰਹੇ, ਪਰ ਫਿਰ ਭੁਲੇਖਾ ਕਿਵੇਂ ਪਿਆ। ਇਸ ਉਪਰ ਦਿੱਤੇ ਨੋਟ ਮੁਤਾਬਕ ਆਖ਼ਰੀ ਸਤਰਾਂ ਵਿਚ ਕੱਢੇ ਨਤੀਜੇ ਦਾ ਆਧਾਰ : 1. ਕਸੂਰ ਦੇ ਗਰੰਥੀ ਦਾ ਬਿਆਨ, 2. ਅੰਗਰੇਜ਼ ਸਰਕਾਰ ਦਾ ਐਲਾਨ, 3. ਮੰਜੇ ਤੇ ਬੈਠੇ ਭਗਤ ਸਿੰਘ ਦੀ, ਫੋਟੋ ਹਨ।

ਪਹਿਲੇ ਦੋਨੋਂ ਆਧਾਰ ਦੀ ਬੁਨਿਆਦ ਉਨ੍ਹਾਂ ਦੇ ਸੱਚ ਨੂੰ ਪਰਵਾਨ ਕਰਕੇ ਅੱਗੇ ਤੁਰਨਾ ਹੈ ਅਤੇ ਇਹੀ ਸਚਾਈ ਤੋਂ ਭਟਕਣਾ ਵੀ ਹੈ। ਏਥੇ ਇਹ ਯਾਦ ਰੱਖਿਆ ਜਾਵੇ ਕਿ ਜਦ ਅੰਗਰੇਜ਼ ਜਿਉਂਦੇ ਭਗਤ ਸਿੰਘ, ਰਾਜਗੁਰੂ 'ਤੇ ਸੁਖਦੇਵ ਨੂੰ ਨਾ ਵੰਡ ਸਕੇ ਤੇ ਨਾ ਹੀ ਉਨ੍ਹਾਂ ਬਾਰੇ ਭੁਲੇਖਾ ਪੈਦਾ ਕਰ ਸਕੇ ਤਾਂ ਆਖ਼ਰੀ ਚਾਲ ਚੱਲੀ ਗਈ। 23 ਮਾਰਚ 1931 ਨੂੰ ਸ਼ਾਮ 7 ਵਜੇ ਫ਼ਾਂਸੀ ਦੇ ਕੇ ਟੁਕੜੇ-ਟੁਕੜੇ ਕੀਤਾ ਗਿਆ, ਫਿਰ ਫਿਰੋਜ਼ਪੁਰ ਸਤਲੁਜ ਦੇ ਕੰਢੇ ਅਧਜਲੇ ਕਰਕੇ ਸਤਲੁਜ ਦਰਿਆ ਨੂੰ ਭੇਟ ਕੀਤਾ ਗਿਆ, ਇਹ ਸਭ ਕੁਝ ਬੜੀ ਹੀ ਕਾਹਲੀ ਵਿਚ ਕੀਤਾ ਗਿਆ ਸੀ। ਟੁਕੜੇ ਕਰਨ ਤੇ ਅੱਧ ਜਲੇ ਕਰਨ ਦਾ ਸਬੂਤ 24 ਮਾਰਚ 1931 ਸਵੇਰੇ ਬੀਬੀ ਅਮਰ ਕੌਰ ਭੈਣ ਸ਼ਹੀਦ ਭਗਤ ਸਿੰਘ ਤੇ ਹੋਰ ਦੇਸ ਵਾਸੀਆਂ ਵੱਲੋਂ ਇਕੱਠੇ ਕੀਤੇ ਗਏ ਖ਼ੂਨ ਵਿਚ ਭਿੱਜੇ ਰੋੜ੍ਹੇ, ਰੇਤ ਅਤੇ ਤੇਜ਼ਧਾਰ ਦੀ ਕੱਟੀ, ਅੱਧ ਜਲੀ ਹੱਡੀ ਹਨ। ਇਹ ਅੱਜ ਕਲ ਖਟਕੜ ਕਲਾਂ ਨੁਮਾਇਸ਼ ਘਰ ਵਿਚ ਦੇਖੀ ਜਾ ਸਕਦੀ ਹੈ। 23 ਦੀ ਰਾਤ ਨੂੰ ਹੀ ਅੰਗਰੇਜ਼ ਸਰਕਾਰ ਨੇ ਇਕ ਇਸ਼ਤਿਹਾਰ ਲਗਾਇਆ ਸੀ ਕਿ ਭਗਤ ਸਿੰਘ ਦਾ ਸੰਸਕਾਰ ਸਿੱਖ ਰੀਤੀ ਨਾਲ, ਰਾਜਗੁਰੂ ਦਾ



Sri Satguru Jagjit Singh Ji Elibrary NamdhariElibrary@gmail.com

ਸਨਾਤਨੀ ਰੀਤੀ ਨਾਲ ਅਤੇ ਸੁਖਦੇਵ ਦਾ ਆਰੀਆ ਸਮਾਜ ਤਰੀਕੇ ਨਾਲ ਕੀਤਾ ਗਿਆ ਹੈ। ਇਸ ਦੀ ਗੁਆਹੀ ਕਸੂਰ ਦੇ ਗਰੰਥੀ ਤੇ ਪੰਡਤਾਂ ਤੋਂ ਪੁਆਈ ਗਈ ਸੀ। ਇਸ ਦੀ ਚਾਲ, ਜੋ ਭਾਰਤ ਦੀ ਫਿਰਕਾਪ੍ਰਸਤੀ ਦੀ ਕਮਜ਼ੋਰੀ ਦਾ ਲਾਭ ਉਠਾਉਂਦੇ ਹੋਏ ਅੰਗਰੇਜ਼ ਨੇ ਖੇਡੀ ਸੀ। ਅਗਰ ਗਰੰਥੀ ਜਨਾਬ ਸੰਸਕਾਰ 'ਤੇ ਗਏ ਸਨ ਤਾਂ ਫਿਰ ਉਹਨਾਂ ਨੂੰ ਸਿਰਫ ਵਾਲ ਹੀ ਦਿਸੇ, ਟੁਕੜੇ ਤੇ ਖ਼ੂਨ ਨਜ਼ਰ ਨਾ ਆਇਆ। ਬੀਬੀ ਜੀ ਦਸਦੇ ਹਨ ਕਿ ਸਵੇਰੇ ਪੁੱਜਣ 'ਤੇ ਉਨ੍ਹਾਂ ਨੇ ਉਥੇ ਸੰਤਰੇ ਦੇ ਛਿਲਕੇ, ਗੰਨੇ ਦੀਆਂ ਗਨੇਰੀਆਂ ਵੀ ਦੇਖੀਆਂ ਸਨ। ਇਹ ਵੀ ਪਤਾ ਲੱਗਾ ਕਿ ਲਾਸ਼ਾਂ ਨਾਲ ਸਿਰਫ ਅੰਗਰੇਜ਼ ਫ਼ੌਜੀ ਹੀ ਆਏ ਸਨ। ਅੰਗਰੇਜ਼ ਦਾ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਤੋਂ ਡਰ ਤੇ ਉਨ੍ਹਾਂ ਵਿਰੁੱਧ ਗੁੱਸਾ ਇੰਨਾ ਸੀ ਕਿ ਕਾਲਾ ਵਰੰਟ ਲਿਖਣ ਵਾਲੀ ਕਲਮ ਫਿਲੌਰ ਕਿਲ੍ਹੇ ਵਿਚ ਲਿਆ ਕੇ ਰੱਖੀ ਗਈ ਤਾਂ ਕਿ ਟਰੇਨਿੰਗ ਪਾ ਰਹੇ ਅੰਗਰੇਜ਼ ਅਫਸਰਾਂ ਨੂੰ ਸਾਂਡਰਸ ਦੀ ਫੋਟੋ ਤੇ ਕਲਮ ਦਿਖਾ ਕੇ ਹੌਸਲਾ ਵਧਾ ਸਕਣ। ਖ਼ੈਰ ਅੰਗਰੇਜ਼ਾਂ ਦੀ ਵਖਰੇਵਾਂ ਪਾਊ ਫਿਰਕਾਪ੍ਰਸਤੀ ਦੀ ਚਾਲ ਦੇ ਜਾਲ ਵਿਚ ਦੇਸ਼ ਭਗਤ ਗਿਆਨੀ ਨਾਹਰ ਸਿੰਘ ਫਸ ਹੀ ਗਏ ਕਿਉਂਕਿ ਉਨ੍ਹਾਂ ਨੂੰ ਭਾਈ ਰਣਧੀਰ ਸਿੰਘ ਦੀ ਕਰਾਮਾਤੀ ਸ਼ਖ਼ਸੀਅਤ ਵਿਚ ਅਥਾਹ ਯਕੀਨ ਸੀ।

ਹਾਂ ਇਹ ਠੀਕ ਹੈ ਕਿ ਭਾਈ ਸਾਹਿਬ ਤੇ ਸ਼ਹੀਦ ਭਗਤ ਸਿੰਘ ਵਿਚ ਇਕ ਮੁਲਾਕਾਤ 4 ਅਕਤੂਬਰ, 1930 ਨੂੰ ਹੋਈ। ਇਸ ਬਾਰੇ ਅੱਗੇ ਲਿਖਿਆ ਜਾਵੇਗਾ।

ਤੀਸਰਾ ਭੁਲੇਖੇ ਦਾ ਆਧਾਰ ਮੰਜੇ 'ਤੇ ਬੈਠੇ ਭਗਤ ਸਿੰਘ ਦੀ ਤੇ ਸੀ.ਆਈ.ਡੀ. ਦੇ ਇਨਸਪੈਕਟਰ ਦੀ ਫੋਟੋ ਹੈ। ਇਹ ਬੜੀ ਦੁਖਦਾਈ ਗੱਲ ਹੈ ਕਿ ਗਿਆਨੀ ਜੀ ਜੋ ਖ਼ੁਦ ਜੇਲ੍ਹ ਕੱਟ ਆਏ ਹਨ, ਨੇ ਭੁਲੇਖੇ ਤੇ ਅੰਧ-ਵਿਸ਼ਵਾਸ ਵਿਚ ਇਹ ਵੀ ਭੁਲਾ ਦਿੱਤਾ ਕਿ ਮੌਤ ਕੋਠੜੀ ਵਿਚ ਮੰਜਾ ਨਹੀਂ ਮਿਲਦਾ ਤੇ ਨਾ ਹੀ ਪਾਟੀ ਕਮੀਜ਼ ਪਾਈ ਜਾਂਦੀ ਹੈ। ਕਿਉਂਕਿ ਫੋਟੋ ਦੀ ਕਾਪੀ ਸ਼੍ਰੀ ਸ਼ਾਮ ਲਾਲ ਨੇ ਦਿਤੀ ਸੀ ਜਿਨ੍ਹਾਂ ਨੂੰ ਸ. ਕੁਲਬੀਰ ਸਿੰਘ ਭਾਈ ਸ਼ਹੀਦ ਭਗਤ ਸਿੰਘ ਨੇ ਦਿਤੀ ਸੀ, ਤੋਂ ਇਹ ਸਮਝ ਜਾਣਾ ਕਿ ਫ਼ਾਂਸੀ ਤੋਂ ਚੰਦ ਮਿੰਟ ਪਹਿਲਾਂ ਖਿਚੀ ਗਈ ਹੈ, ਇਹ ਭੁਲੇਖਾ ਸਾਰੇ ਅੰਤਰੀਵ ਖਿਆਲੀ (Subjective) ਸੋਚ ਵਾਲਿਆਂ ਨੂੰ ਲਗ ਹੀ ਜਾਂਦਾ ਹੈ, ਜਦੋਂ ਹਰ ਨਵੇਂ ਤੱਥ ਨੂੰ ਪੂਰੀ ਤਰ੍ਹਾਂ ਤਰਕ ਤੇ ਨਾ ਉਤਾਰਿਆ ਜਾਵੇ। ਇਸ ਫੋਟੋ ਦੀ ਅਸਲੀਅਤ ਕੀ ਹੈ, ਸ਼੍ਰੀ ਮਿਲਖਾ ਸਿੰਘ ਨਿੱਝਰ ਦਸ ਸਕਦੇ ਹਨ ਜਿਨ੍ਹਾਂ ਕੋਲ ਅਸਲ ਫੋਟੋ ਹੈ ਤੇ ਜਿਨ੍ਹਾਂ ਨੇ ਪੁਲਿਸ ਰਿਕਾਰਡ ਵਿਚੋਂ ਚੋਰੀ ਕਰਕੇ ਲਿਆਂਦੀ ਸੀ ਅਤੇ 1949 ਵਿਚ ਸ. ਕੁਲਬੀਰ ਸਿੰਘ ਨੂੰ ਦਿੱਤੀ ਸੀ। ਇਹ ਫੋਟੋ ਮਈ 1927 ਵਿਚ ਭਗਤ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ ਤੋਂ ਬਾਅਦ ਹਫਤੇ ਦੀ ਪੁਛ ਪੜਤਾਲ ਦੇ ਦੌਰਾਨ ਪੁਲਿਸ ਨੇ ਚੋਰੀ ਖਿੱਚੀ ਸੀ, ਨਾਲ ਬੈਠੇ ਹਨ ਸ਼੍ਰੀ ਗੋਪਾਲ ਸਿੰਘ ਨੌਸ਼ਹਿਰਾ ਪਨੂੰਆਂ ਡੀ.ਐਸ.ਪੀ. ਸੀ.ਆਈ.ਡੀ. (ਆਰਸੀ ਅਪ੍ਰੈਲ, 1980)

ਸੋ ਪਾਠਕੋ ਤੁਸੀਂ ਵਿਚਾਰੋ ਕਿ ਇਹ ਤਿੰਨੇ ਅਧਾਰ ਬੇ-ਬੁਨਿਆਦ ਹਨ। ਇਹ ਭੁਲੇਖਾ ਖੜ੍ਹਾ ਕਰਕੇ ਭਗਤ ਸਿੰਘ ਨੂੰ ਦੁਬਾਰਾ ਫ਼ਾਂਸੀ ਜ਼ਰੂਰ ਚੜ੍ਹਾਇਆ ਗਿਆ ਹੈ। ਕਿਉਂਕਿ ਅੰਗਰੇਜ਼ ਚਾਹੁੰਦੇ ਸਨ ਕਿ ਅਗਰ ਇਹ ਸਾਬਤ ਕਰ ਦਿੱਤਾ ਜਾਵੇ ਕਿ ਸਾਬਤ ਕਦਮ, ਇਨਕਲਾਬੀ ਭਗਤ ਸਿੰਘ ਅਖ਼ੀਰੀ ਪਲਾਂ 'ਤੇ ਥਿੜਕ ਗਿਆ ਸੀ ਤਾਂ ਉਨ੍ਹਾਂ ਦੇ ਭੈ ਵਾਲੇ ਹਥਿਆਰ ਦੀ ਮਾਰ ਜ਼ਰੂਰ ਹੋ ਜਾਵੇਗੀ। ਹੁਣ ਤਕ ਆਪਾਂ ਦੇਖਿਆ ਹੈ ਕਿ ਝੂਠਾ ਪ੍ਰਚਾਰ ਫ਼ਿਰਕੇ, ਧਰਮਾਂ ਦੀ ਬੁਨਿਆਦ ਨੂੰ ਸਾਹਮਣੇ ਰੱਖ ਕੇ ਜੋ ਹਕੂਮਤਾਂ ਕਰਦੀਆਂ ਹਨ, ਕਿੱਡਾ ਵੱਡਾ ਅਨਿਆਂ ਕਰ ਸਕਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਸ਼ਹੀਦ ਭਗਤ ਸਿੰਘ ਜੀ ਵਿਚ ਜੋ ਮੁਲਾਕਾਤ ਹੋਈ, ਉਸ ਦਾ ਅਸਰ ਕੀ ਸੀ। ਇਸ ਮੁਲਾਕਾਤ ਬਾਰੇ ਦੋ ਲਿਖਤੀ ਵਾਰਤਕ ਹਨ ਤੇ ਕੁਝ ਲੇਖਕ ਦੇ ਜੁਬਾਨੀ ਤਤਕਾਰ। ਲਿਖਤਾਂ ਹਨ ਭਾਈ ਸਾਹਿਬ ਦੀ ਵਾਰਤਕ ਜੋ 1937-38 ਵਿਚ ਯਾਨੀ ਮੁਲਾਕਾਤ ਦੇ 7-8 ਸਾਲ ਬਾਅਦ ਲਿਖੀ ਗਈ ਅਤੇ ਉਹ ਵੀ



Sri Satguru Jagjit Singh Ji Elibrary NamdhariElibrary@gmail.com

ਗਿਆਨੀ ਨਾਹਰ ਸਿੰਘ ਜੀ ਦੀਆਂ ਦੋ ਧਾਰਾਵਾਂ (ਗਰੰਥੀ ਦਾ ਬਿਆਨ ਤੇ ਅੰਗਰੇਜ਼ ਸਰਕਾਰ ਦਾ ਬਿਆਨ) ਬਾਰੇ ਜਾਣਕਾਰੀ ਭਾਈ ਸਾਹਿਬ ਨਾਲ ਸਾਂਝੀ ਕਰਨ ਤੇ। ਦੂਸਰੀ ਲਿਖਤ ਹੈ ਭਗਤ ਸਿੰਘ ਦਾ ਲੇਖ "ਮੈਂ ਨਾਸਤਿਕ ਕਿਉਂ ਹਾਂ" ਜੋ 27 ਸਤੰਬਰ 1931 ਦੇ 'ਦੀ ਪੀਪਲ' ਹਫ਼ਤਾਵਾਰ ਅਖ਼ਬਾਰ ਵਿਚ ਛਪ ਵੀ ਗਿਆ ਸੀ ਅਤੇ ਲੇਖ ਵਿਚ ਜ਼ਿਕਰ "ਪਹਿਲਾਂ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਮੁਕੱਦਮੇ ਦਾ ਕੀ ਫ਼ੈਸਲਾ ਹੋਵੇਗਾ। ਹਫ਼ਤੇ ਦੇ ਵਿਚ-ਵਿਚ ਫ਼ੈਸਲਾ ਸੁਣਾ ਦਿਤਾ ਜਾਵੇਗਾ।" ਮੁਤਾਬਿਕ 7 ਅਕਤੂਬਰ 1930 ਤੋਂ ਵੀ ਕੁਝ ਦਿਨ ਪਹਿਲਾਂ ਲਿਖਿਆ ਗਿਆ ਸੀ। ਮੁਲਾਕਾਤ 4 ਤਾਰੀਕ ਹੋਈ ਹੈ। ਸੋ ਤਤਕਾਲ ਬਾਅਦ ਹੀ ਲਿਖਿਆ ਗਿਆ ਹੈ। 7 ਅਕਤੂਬਰ 1930 ਨੂੰ ਫ਼ਾਂਸੀ ਦੀ ਸਜ਼ਾ ਪਾਏ ਜਾਣ ਤੋਂ ਜਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਾਲ ਕੋਠੜੀਆਂ ਵਿਚ ਭੇਜਿਆ ਗਿਆ ਤਾਂ ਇਹ ਲੇਖ ਤੇ ਹੋਰ ਕਾਗਜ਼, ਇਕ 404 ਸਫ਼ੇ ਦੀ ਨੋਟ ਬੁੱਕ ਤੇ ਕੁਝ ਨਿੱਜੀ ਵਰਤੋਂ ਦਾ ਸਾਮਾਨ ਸਮੇਤ ਘਰਦਿਆਂ ਨੂੰ ਮਿਲ ਗਏ ਸਨ।

ਦੋਨੋਂ ਦਲੀਲਾਂ ਨੂੰ ਇਕੱਠੇ ਪੜ੍ਹ ਕੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਵਿਗਿਆਨੀ ਪਕੜ, ਤਰਤੀਬ ਅਤੇ ਮਜ਼ਬੂਤੀ ਸਾਫ਼ ਸਾਹਮਣੇ ਆ ਜਾਂਦੀ ਹੈ।

ਸ਼ਹੀਦ ਭਗਤ ਸਿੰਘ ਦੇ ਲੇਖ ਦਾ ਸ਼ੁਰੂ ਹੀ ਭਾਈ ਸਾਹਿਬ ਦੇ ਉਠਾਏ ਸਵਾਲਾਂ ਦਾ ਵੇਰਵਾ ਹੈ "ਆਪਣੇ ਕੁਝ ਦੋਸਤਾਂ (ਬਾਬਾ ਚੂਹੜ ਸਿੰਘ ਤੇ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ—ਗ਼ਦਰੀ) ਨਾਲ ਗੱਲਬਾਤ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤਾਂ (ਇਸ਼ਾਰਾ ਭਾਈ ਰਣਧੀਰ ਸਿੰਘ ਜੀ ਵੱਲ ਹੈ) ਜੇ ਦੋਸਤੀ ਦਾ ਇਹ ਮੇਰਾ ਦਾਅਵਾ ਗ਼ਲਤ ਨਾ ਹੋਵੇ—ਨੇ ਮੇਰੇ ਨਾਲ ਥੋੜ੍ਹੇ ਜਿਹੇ ਮੇਲ ਜੋਲ ਮਗਰੋਂ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਅਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ ਦਾ ਕਾਰਨ ਹੈ।" ਤੇ ਫਿਰ ਸਾਰਾ ਲੇਖ ਇਸ ਸਵਾਲ ਦਾ ਵਿਗਿਆਨਕ ਤਰੀਕੇ ਨਾਲ ਘੋਖਿਆ ਜਵਾਬ ਹੈ।

ਭਾਈ ਸਾਹਿਬ ਖੁਦ ਆਪਣੀ ਵਾਰਤਾ ਵਿਚ ਇਹ ਜ਼ਿਕਰ ਕਰਦੇ ਹਨ ਕਿ ਭਗਤ ਸਿੰਘ ਨੇ ਕਿਹਾ ਸੀ, "ਮੈਨੂੰ ਮਾਫ਼ ਕਰੋਗੇ ਜੇ ਮੈਂ ਸਾਫ਼ ਲਫ਼ਜ਼ਾਂ ਵਿਚ ਆਪਣੇ ਦਿਲ ਨੂੰ ਖੋਲ੍ਹ ਦੇਵਾਂ ਕਿ ਮੈਂ ਨਾਸਤਕ ਹਾਂ ਰੱਬ ਨੂੰ ਨਹੀਂ ਮੰਨਦਾ।" (ਜੇਲ੍ਹ-ਚਿੱਠੀਆਂ, ਸਫ਼ਾ 627)

ਇਸ ਨੂੰ ਤੇ ਭਾਈ ਸਾਹਿਬ ਦੇ ਇਨ੍ਹਾਂ ਸ਼ਬਦਾਂ ਨੂੰ ਕਿ ਤੂੰ ਅਰਦਾਸ ਕਰਿਆ ਕਰ ਦਾ ਜ਼ਿਕਰ ਭਗਤ ਸਿੰਘ ਦੇ ਲੇਖ ਵਿਚ ਇਵੇਂ ਹੈ।

"ਸਮਾਜ ਨੇ ਜਿਵੇਂ ਬੁੱਤ ਪੂਜਾ ਤੋਂ ਧਰਮ ਦੇ ਤੇਜ਼ ਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁੱਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤੇ ਯਥਾਰਥਵਾਦੀ ਹੋਣ ਲੱਗਾ ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁਟਣਾ ਪਏਗਾ ਅਤੇ ਹਰ ਮੁਸ਼ਕਲ, ਹਰ ਆਫ਼ਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡੱਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚਣ ਵਿਧੀ ਨਾਲ ਹੀ ਨਾਸਤਕ ਬਣਿਆ ਹਾਂ। ਮੇਰਾ ਖ਼ਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮੈਂ ਮਨੁੱਖ ਦਾ ਸਭ ਤੋਂ ਵਧ ਖੁਦਗਰਜ਼ੀ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਏਗੀ। ਮੈਂ ਉਨ੍ਹਾਂ ਨਾਸਤਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਬਹੁਤ ਡੱਟ ਕੇ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕੀਤਾ ਹੈ। ਇਸੇ ਲਈ ਮੈਂ ਅਖ਼ੀਰ ਤਕ, ਫ਼ਾਂਸੀ ਦੇ ਤਖ਼ਤੇ ਉਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤ ਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਦੇਖੀਏ ਮੈਂ ਇਸ ਉਤੇ ਕਿੰਨਾ ਕੁ ਪੂਰਾ ਉਤਰਦਾ ਹਾਂ। ਮੇਰੇ ਕਿਸੇ ਦੋਸਤ (ਫਿਰ ਸੰਕੇਤ ਭਾਈ ਰਣਧੀਰ ਸਿੰਘ ਵੱਲ ਹੈ) ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ। ਜਦ ਮੈਂ ਉਹਨੂੰ ਦਸਿਆ



Sri Satguru Jagjit Singh Ji Elibrary NamdhariElibrary@gmail.com

ਕਿ ਮੈਂ ਤਾਂ ਨਾਸਤਕ ਹਾਂ, ਤਾਂ ਉਹ ਕਹਿਣ ਲੱਗਾ : "ਦੇਖੀਂ ਆਪਣੇ ਅਖ਼ੀਰੀ ਦਿਨਾਂ 'ਚ ਤੂੰ ਰੱਬ ਨੂੰ ਮੰਨਣ ਲੱਗ ਜਾਏਂਗਾ।" ਮੈਂ ਅੱਗੋਂ ਕਿਹਾ, ਨਹੀਂ ਪਿਆਰੇ ਜਨਾਬ ਜੀ, ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ। ਇੰਜ ਕਰਨਾ ਮੇਰੇ ਲਈ ਬੜੀ ਘਟੀਆਂ ਤੇ ਪਸਤੀ ਵਾਲੀ ਗੱਲ ਹੋਵੇਗੀ। ਖ਼ੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ। ਪਾਠਕੋ ਤੇ ਦੋਸਤੋ, ਕੀ ਇਹ ਹਉਮੈਂ ਹੈ? ਜੇ ਹੈ, ਤਾਂ ਮੈਂ ਇਸ 'ਤੇ ਦ੍ਰਿੜ੍ਹ ਹਾਂ। (ਦੇਖੋ 'ਮੈਂ ਨਾਸਤਿਕ ਕਿਉਂ ਹਾਂ' ਸਫ਼ਾ 34)

ਹੁਣ ਕੁਝ ਤੱਥ ਕਿ ਇਹ ਮੁਲਾਕਾਤ ਕਿਵੇਂ ਹੋਈ? ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਨੇ ਅਤੇ ਬੀਬੀ ਅਮਰ ਕੌਰ, ਕੁਲਬੀਰ ਸਿੰਘ ਤੇ ਕੁਲਤਾਰ ਸਿੰਘ ਨੇ ਜੋ ਲੇਖਕ ਨੂੰ ਦਸਿਆ ਉਹ ਹੈ ਕਿ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਸਾਰੇ ਕੈਦੀਆਂ ਨੂੰ ਦੁੱਧ ਵੰਡਣ ਦੇ ਜ਼ਿੰਮੇਵਾਰ ਸਨ। ਉਹ ਸ਼ਹੀਦ ਭਗਤ ਸਿੰਘ ਦੀ ਬੀ ਕਲਾਸ ਦੇ ਵਾਰਡ ਵੱਲ ਵੀ ਜਾਂਦੇ ਸਨ, ਤਾਂ ਭਾਈ ਰਣਧੀਰ ਸਿੰਘ ਦੇ ਲਾਹੌਰ ਜੇਲ੍ਹ ਆਉਣ ਦੀ ਖ਼ਬਰ ਉਨ੍ਹਾਂ ਦਿੱਤੀ। ਭਗਤ ਸਿੰਘ ਦਾ 1914-15 ਦੇ ਗ਼ਦਰੀ ਬਾਬਿਆਂ ਲਈ ਬਹੁਤ ਸਤਿਕਾਰ ਸੀ। ਸੋ ਉਨ੍ਹਾਂ ਨੇ ਮੁਲਾਕਾਤ ਲਈ ਸੁਨੇਹਾ ਭੇਜਿਆ। ਭਾਈ ਸਾਹਿਬ ਨੇ ਸ਼ਹੀਦ ਦੇ ਵਾਲ ਕੱਟੇ ਹੋਣ ਕਰਕੇ ਮਿਲਣੋਂ ਨਾਂਹ ਕਰ ਦਿੱਤੀ। ਇਸਦੇ ਜਵਾਬ ਵਿਚ ਭਗਤ ਸਿੰਘ ਨੇ ਚਿੱਟ ਲਿਖ ਕੇ ਭੇਜੀ ਕਿ "ਮੈਂ ਸਿੱਖੀ ਦੀ ਬੰਦ-ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ ਸਗੋਂ ਦੇਸ਼ ਲਈ, ਜਲਦੀ ਹੀ ਗਰਦਨ ਵੀ ਕਟਵਾਵਾਂਗਾ। ਪਰ ਇਕ ਸਿੱਖ ਦੀ ਤੰਗ ਨਜ਼ਰੀ ਤੇ ਤੰਗ ਦਿਲੀ ਦਾ ਗਿਲਾ ਜ਼ਰੂਰ ਰਹੇਗਾ।" ਇਹ ਪੜ੍ਹ ਕੇ ਭਾਈ ਸਾਹਿਬ ਨੇ ਮੁਲਾਕਾਤ ਲਈ ਹਾਂ ਕੀਤੀ ਸੀ।

ਆਓ ਹੁਣ ਦੇਖੀਏ ਕਿ ਭਗਤ ਸਿੰਘ ਆਖ਼ਰੀ ਵਕਤ ਕਿਵੇਂ ਖਿੜ੍ਹਿਆ ਰਿਹਾ ਸੀ। ਸਾਰੇ ਪਰਿਵਾਰ ਦੀ ਆਖ਼ਰੀ ਮੁਲਾਕਾਤ 3 ਮਾਰਚ 1931 ਨੂੰ ਹੋਈ। ਭਗਤ ਸਿੰਘ ਹਸੂੰ-ਹਸੂੰ ਕਰਦੇ ਸਨ। ਉਸੇ ਸ਼ਾਮ ਦੋਨਾਂ ਭਰਾਵਾਂ ਨੂੰ ਖ਼ਤ ਲਿਖੇ ਤੇ ਕਹਿ ਰਹੇ ਹਨ।

"ਮੇਰੇ ਅਜ਼ੀਜ਼, ਮੇਰੇ ਬਹੁਤ-ਬਹੁਤ ਪਿਆਰੇ ਭਾਈ, ਜ਼ਿੰਦਗੀ ਬੜੀ ਸਖ਼ਤ ਹੈ ਅਤੇ ਦੁਨੀਆ ਬੜੀ ਬੇਮੁਰੱਵਤ। ਸਾਰੇ ਲੋਕ ਬੜੇ ਬੇਰਹਿਮ ਹਨ। ਸਿਰਫ ਮੁਹੱਬਤ ਅਤੇ ਹੌਸਲੇ ਨਾਲ ਹੀ ਗੁਜ਼ਾਰਾ ਹੋ ਸਕੇਗਾ।" ਸਲਾਹ ਦੇ ਰਹੇ ਨੇ ਕਿ ਸਿਰਫ਼ ਮੁਹੱਬਤ ਤੇ ਹੌਸਲਾ ਹੀ ਕੰਮ ਆਉਂਦੇ ਹਨ। ਕੋਈ ਹੋਰ ਸਹਾਰਾ ਨਹੀਂ। ਤੇ

"ਮੇਰੀ ਹਵਾ ਮੇਂ ਰਹੇਗੀ ਖ਼ਿਆਲ ਕੀ ਬਿਜਲੀ,
ਯਾ ਮੁਸ਼ਤੇ ਖ਼ਾਕ ਹੈ ਫਾਨੀ, ਰਹੇ, ਰਹੇ ਨਾ ਰਹੇ।"

ਫਿਰ ਲਾਹੌਰ ਜੇਲ੍ਹ ਦੇ ਚੀਫ਼ ਵਾਰਡਰ ਸਰਦਾਰ ਚਤਰ ਸਿੰਘ ਨੇ ਦੱਸਿਆ ਸੀ, ਕਿ 23 ਮਾਰਚ, ਸ਼ਾਮੀਂ ਤਿੰਨ ਵਜੇ ਜਦ ਉਸ ਨੂੰ ਫ਼ਾਂਸੀ ਦਾ ਪਤਾ ਲੱਗਾ ਤਾਂ ਉਹ ਭਗਤ ਸਿੰਘ ਕੋਲ ਗਿਆ ਅਤੇ ਕਿਹਾ ਕਿ "ਮੇਰੀ ਕੇਵਲ ਇਕ ਦਰਖਾਸਤ ਹੈ ਕਿ ਹੁਣ ਆਖ਼ਰੀ ਸਮੇਂ ਤਾਂ ਵਾਹਿਗੁਰੂ ਦਾ ਨਾਂ ਲੈ ਲਓ ਅਤੇ ਗੁਰਬਾਣੀ ਦਾ ਪਾਠ ਕਰ ਲਓ।"

ਸਰਦਾਰ ਭਗਤ ਸਿੰਘ ਨੇ ਜ਼ੋਰ ਦੀ ਹੱਸ ਕੇ ਕਿਹਾ, "ਤੁਹਾਡੇ ਪਿਆਰ ਦਾ ਧੰਨਵਾਦੀ ਹਾਂ। ਪਰ ਹੁਣ ਜਦੋਂਕਿ ਆਖ਼ਰੀ ਵੇਲਾ ਆ ਗਿਆ ਹੈ, ਮੈਂ ਪ੍ਰਮਾਤਮਾ ਨੂੰ ਯਾਦ ਕਰਾਂ, ਤਾਂ ਉਹ ਕਹਿਣਗੇ ਮੈਂ ਬੁਜ਼ਦਿਲ ਹਾਂ। ਸਾਰੀ ਉਮਰ ਤਾਂ ਮੈਂ ਉਸ ਯਾਦ ਨਹੀਂ ਕੀਤਾ ਤੇ ਹੁਣ ਮੌਤ ਸਾਹਮਣੇ ਨਜ਼ਰ ਆਉਣ ਲੱਗੀ ਹੈ ਤਾਂ ਰੱਬ ਨੂੰ ਯਾਦ ਕਰਨ ਲੱਗਾ ਹੈ। ਇਸ ਲਈ ਚੰਗਾ ਇਹ ਹੀ ਹੋਵੇਗਾ ਕਿ ਮੈਂ ਜਿਵੇਂ ਪਹਿਲਾਂ ਆਪਣਾ ਜੀਵਨ ਬਿਤਾਇਆ ਹੈ, ਉਸੇ ਤਰ੍ਹਾਂ ਹੀ ਆਖ਼ਰੀ ਵਕਤ ਗੁਜ਼ਾਰਾਂ। ਮੇਰੇ 'ਤੇ ਇਹ ਇਲਜ਼ਾਮ ਤਾਂ ਕਈ ਲੱਗਣਗੇ ਕਿ ਮੈਂ ਨਾਸਤਕ ਸੀ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਨਹੀਂ ਕੀਤਾ ਪਰ ਇਹ ਤਾਂ ਕੋਈ ਨਹੀਂ ਆਖੇਗਾ ਕਿ ਭਗਤ ਸਿੰਘ ਬੁਜ਼ਦਿਲ ਤੇ ਬੇਈਮਾਨ ਵੀ ਸੀ ਅਤੇ ਆਖ਼ਰੀ ਵਕਤ ਮੌਤ ਨੂੰ ਸਾਹਮਣੇ ਵੇਖ ਕੇ ਉਸ ਦੇ ਪੈਰ ਲੜਖੜਾਣ



Sri Satguru Jagjit Singh Ji Elibrary NamdhariElibrary@gmail.com

ਲੱਗੇ।" (ਯੁਗ ਪੁਰਸ਼ ਭਗਤ ਸਿੰਘ ਸਫ਼ਾ 346 ਅਤੇ ਪ੍ਰੋ. ਦੀਦਾਰ ਸਿੰਘ)

ਦੂਸਰੇ ਵਿਅਕਤੀ, ਜੋ ਆਖ਼ਰੀ ਦਿਨ ਭਗਤ ਸਿੰਘ ਨੂੰ ਮਿਲੇ, ਉਹ ਉਨ੍ਹਾਂ ਦੇ ਸਲਾਹਕਾਰ ਵਕੀਲ ਪ੍ਰਾਣ ਨਾਥ ਮਹਿਤਾ ਸਨ। ਇਕ ਦਿਨ ਪਹਿਲਾਂ ਸ਼ਹੀਦ ਭਗਤ ਸਿੰਘ ਨੇ ਲੈਨਿਨ ਦੀ ਜੀਵਨੀ ਦੀ ਮੰਗ ਕੀਤੀ ਸੀ, ਸੋ ਆਖ਼ਰੀ ਦਿਨ ਸ੍ਰੀ ਮਹਿਤਾ ਭਗਤ ਸਿੰਘ ਨੂੰ ਦੇ ਗਏ। ਆਖ਼ਰੀ ਵਕਤ ਤਕ ਉਹ ਬੜੀ ਨਿਸ਼ਠਾ ਤੇ ਇਕਾਗਰ ਮਨ ਨਾਲ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ ਅਤੇ ਜਦ ਜੇਲ੍ਹ ਦੇ ਕਰਮਚਾਰੀ ਲੈਣ ਆਏ ਤਾਂ ਉਨ੍ਹਾਂ ਕਿਹਾ, "ਠਹਿਰੋ, ਇਕ ਇਨਕਲਾਬੀ ਨੂੰ ਦੂਸਰੇ ਇਨਕਲਾਬੀ ਨਾਲ ਮਿਲਣ ਵਿਚ ਖਲਲ ਨਾ ਪਾਓ।"

ਇਤਿਹਾਸ ਸਾਥੋਂ ਮੰਗ ਕਰਦਾ ਹੈ ਕਿ ਅਸੀਂ ਆਪਣੀ ਸੂਝ-ਬੂਝ ਨਾਲ ਕੁਰਬਾਨੀ ਕਰ ਗਏ ਸ਼ਹੀਦਾਂ ਨੂੰ ਸਮਝੀਏ ਅਤੇ ਤੰਗ ਨਜ਼ਰੀਏ ਦੇ ਸ਼ਿਕਾਰ ਹੋਣੋਂ ਬਚੀਏ। ਜਿਵੇਂ ਕਿ ਉੱਪਰ ਦੇਖਿਆ ਗਿਆ ਹੈ ਕਿ ਅਜੇ ਕਲ ਦਾ ਤਾਜ਼ਾ ਇਤਿਹਾਸ ਜੇ ਭੁਲੇਖੇ ਪਾ ਕੇ ਬੇਰੁਖ਼ ਕੀਤਾ ਜਾ ਸਕਦਾ ਹੈ ਤਾਂ ਫਿਰ ਕੁਝ ਸਮੇਂ ਪਹਿਲਾਂ ਦਾ ਇਤਿਹਾਸ ਤਾਂ ਹੋਰ ਵੀ ਗਹਿਰੀ ਵਿਗਿਆਨੀ ਸੋਚ ਦਾ ਸੰਦ ਮੰਗਦਾ ਹੈ। ਇਹ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਤਾਕਤ ਹੈ ਅਤੇ ਸਾਡੀ ਖੁਸ਼ਕਿਸਮਤੀ ਹੈ ਕਿ ਉਹ ਬੜੇ ਥੋੜ੍ਹੇ ਅਰਸੇ ਵਿਚ ਬਹੁਤ ਕੁਝ ਆਪਣੀ ਕਲਮ ਨਾਲ ਲਿਖ ਗਏ ਹਨ ਤੇ ਉਨ੍ਹਾਂ ਬਾਰੇ ਤੰਗ ਨਜ਼ਰੀਏ ਤੋਂ ਜਾਂ ਖ਼ੁਦਗਰਜ਼ੀ ਲਈ ਭੁਲੇਖੇ ਨਹੀਂ ਪਾਏ ਜਾ ਸਕਦੇ। ਪਰ ਨੌਜਵਾਨਾਂ ਨੂੰ ਚੇਤੰਨ ਹੋਣਾ ਚਾਹੀਦਾ ਹੈ ਅਤੇ ਸ਼ਹੀਦ ਭਗਤ ਸਿੰਘ ਦਾ ਇਹ ਕਿਹਾ ਅਪਨਾਣਾ ਚਾਹੀਦਾ ਹੈ, "ਪੜ੍ਹੋ, ਆਲੋਚਨਾ ਕਰੋ, ਸੋਚੋ ਅਤੇ ਇਹਦੀ (ਇਤਿਹਾਸ) ਦੀ ਮਦਦ ਨਾਲ ਆਪਣੇ ਵਿਚਾਰ ਬਨਾਉਣ ਦੀ ਕੋਸ਼ਿਸ਼ ਕਰੋ।"

—ਸੰਪਾਦਕ

## (ਅ) ਗਾਂਧੀ ਇਰਵਨ ਪੈਕਟ

12 ਮਾਰਚ 1930 ਤੋਂ 5 ਮਾਰਚ 1931 ਤਕ 10 ਲੱਖ ਹਿੰਦੋਸਤਾਨੀ ਵੱਖਰੀਆਂ-ਵੱਖਰੀਆਂ ਜੇਲ੍ਹਾਂ ਵਿਚ ਗਏ। ਇਨ੍ਹਾਂ ਵਿਚ 17000 ਔਰਤਾਂ ਸਨ।

27 ਫਰਵਰੀ, 1931 ਸ਼ਾਮੀਂ 2.30 ਵਜੇ ਗਾਂਧੀ ਤੇ ਇਰਵਨ ਦੀ ਇਕੱਲਿਆਂ ਦੀ ਮੀਟਿੰਗ ਸ਼ੁਰੂ ਹੋਈ ਅਤੇ 5.30 ਵਜੇ ਤਕ ਚੱਲੀ। ਫਿਰ ਡਾ. ਅਨਸਾਰੀ ਦੇ ਘਰ, ਜਿਥੇ ਗਾਂਧੀ ਠਹਿਰੇ ਹੋਏ ਹਨ, ਉਹ ਇਕੱਲਾ ਵਾਇਸਰਾਏ ਦੇ ਮਹਿਲ ਆਇਆ ਅਤੇ ਅੱਧੀ ਰਾਤ ਤੋਂ ਬਾਅਦ ਤਦ ਗੱਲ ਚਲਦੀ ਰਹੀ। ਜਦ ਵਿਛੜੇ ਤਾਂ ਗਾਂਧੀ ਨੇ 'ਸ਼ੁਭ ਰਾਤਰੀ' ਕਿਹਾ ਜਿਸਦੇ ਜਵਾਬ ਵਿਚ ਇਰਵਨ ਨੇ ਕਿਹਾ "ਸ਼ੁਭ ਰਾਤਰੀ ਮਿਸਟਰ ਗਾਂਧੀ ਮੇਰੀ ਅਰਦਾਸ ਤੇਰੇ ਨਾਲ ਹੈ।" ਜਦ ਗਾਂਧੀ ਵਾਪਸ ਪਹੁੰਚਿਆ ਤਾਂ ਤੜਕੇ ਦੇ 2 ਵੱਜ ਚੁੱਕੇ ਸਨ। ਕਾਂਗਰਸ ਵਰਕਿੰਗ ਕਮੇਟੀ ਉਸਦੀ ਇੰਤਜ਼ਾਰ ਕਰ ਰਹੀ ਸੀ। (ਜੀਨੇ ਸ਼ਾਰਖ ਦੀ ਕਿਤਾਬ Gandhi wields the weapon of Moral Power ; ਸਫ਼ਾ 212 ਤੋਂ)

ਆਖਰ ਗਾਂਧੀ ਇਰਵਨ ਸਮਝੌਤਾ ਕੀ ਸੀ, ਏਥੇ ਪੇਸ਼ ਹੈ। 5 ਮਾਰਚ 1931 ਦੇ ਭਾਰਤ ਗਜਟ ਦੇ ਵਿਸ਼ੇਸ਼ ਅੰਕ ਵਿਚ ਇਵੇਂ ਛਾਪਿਆ ਗਿਆ ਸੀ।

ਐਸ 481/31 ਰਾਜਨੀਤਕ

ਭਾਰਤ ਸਰਕਾਰ

ਹੋਮ ਵਿਭਾਗ

ਨਵੀਂ ਦਿੱਲੀ 5 ਮਾਰਚ, 1931

ਗਵਰਨਰ ਜਨਰਲ-ਇਨ-ਕੌਂਸਲ ਦਾ ਹੇਠ ਲਿਖਤ ਬਿਆਨ ਆਮ ਜਾਣਕਾਰੀ ਲਈ ਛਾਪਿਆ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

1. ਹਿਜ਼ ਏਕਸੀਲੈਂਨਸੀ ਵਾਇਸਰਾਏ ਤੇ ਮਿਸਟਰ ਗਾਂਧੀ ਦੇ ਵਿਚ ਜੋ ਗੱਲਬਾਤ ਹੋਈ ਹੈ ਉਸ ਦੇ ਨਤੀਜੇ ਵਜੋਂ ਇਹ ਇੰਤਜ਼ਾਮ ਕੀਤਾ ਗਿਆ ਹੈ ਕਿ ਸਿਵਲ ਨਾ ਫੁਰਮਾਨੀ ਦੀ ਲਹਿਰ ਬੰਦ ਕਰ ਦਿੱਤੀ ਜਾਵੇ ਅਤੇ ਹਿਜ਼ ਮੇਜਿਸਟੀ ਦੀ ਸਰਕਾਰ ਦੀ ਮਨਜ਼ੂਰੀ ਨਾਲ, ਭਾਰਤ ਸਰਕਾਰ ਅਤੇ ਲੋਕਲ ਸਰਕਾਰਾਂ ਕੁਝ ਐਕਸ਼ਨ ਲੈਣਗੀਆਂ।

2. ਜਿਥੋਂ ਤਕ ਸੰਵਿਧਾਨਕ ਮਸਲਿਆਂ ਦਾ ਸਵਾਲ ਹੈ, ਹਿਜ਼ ਮੇਜਿਸਟੀ ਦੀ ਸਰਕਾਰ ਦੀ ਸਲਾਹ ਨਾਲ ਆਉਣ ਵਾਲੀ ਗੱਲਬਾਤ ਦਾ ਸਕੋਪ ਇੰਜ ਮਿਥਿਆ ਗਿਆ ਹੈ। ਗੋਲਮੇਜ਼ ਕਾਨਫਰੰਸ 'ਤੇ ਸੰਵਿਧਾਨਕ ਭਾਰਤ ਸਰਕਾਰ ਦੀ ਸਕੀਮ 'ਤੇ ਵਿਚਾਰ ਕੀਤੀ ਜਾਵੇਗੀ, ਜੋ ਸਕੀਮਾਂ ਦਾ ਖਾਕਾ ਬਣਾਇਆ ਜਾਵੇਗਾ ਉਸ ਵਿਚ ਫੈਡਰੇਸ਼ਨ ਇਕ ਅਤਿ ਜ਼ਰੂਰੀ ਹਿੱਸਾ ਹੈ। ਭਾਰਤੀ ਜ਼ਿੰਮੇਵਾਰੀ, ਰੀਜ਼ਰਵੇਸ਼ਨ ਜਾਂ ਭਾਰਤ ਦੇ ਮੁਫਾਦ ਵਿਚ ਰੋਟਗਾਰਡਜ਼ ਜਿਵੇਂ ਕਿ ਰੱਖਿਆ, ਵਿਦੇਸ਼ੀ ਮਾਮਲੇ ਅਤੇ ਘੱਟ ਗਿਣਤੀਆਂ ਦੀ ਪੋਜੀਸ਼ਨ, ਭਾਰਤ ਦਾ ਆਰਥਿਕ ਕਰੈਡਿਟ ਅਤੇ ਜ਼ਿੰਮੇਵਾਰੀਆਂ ਦਾ ਨਿਰਭਾਅ।

3. 19 ਜਨਵਰੀ. 1931 ਨੂੰ ਪਰਾਇਮ ਮਨਿਸਟਰ ਦੇ ਬਿਆਨ ਦੇ ਆਧਾਰ 'ਤੇ, ਅਜਿਹੇ ਕਦਮ ਚੁੱਕੇ ਜਾਣਗੇ ਜਿਨ੍ਹਾਂ ਰਾਹੀਂ ਕਾਂਗਰਸ ਦੇ ਨੁਮਾਇੰਦੇ ਸੰਵਿਧਾਨਕ ਸੁਧਾਰਾਂ ਦੀ ਸਕੀਮ ਬਾਰੇ ਬਹਿਸ ਵਿਚ ਹਿੱਸਾ ਲੈ ਸਕਣਗੇ।

4. ਇਹ ਸਮਝੌਤਾ ਸਿਵਲ ਨਾ ਫੁਰਮਾਨੀ ਲਹਿਰ ਦੀਆਂ ਕਾਰਵਾਈਆਂ ਨਾਲ ਸਿੱਧੀ ਤਰ੍ਹਾਂ ਸੰਬੰਧਤ ਹੈ।

5. ਸਿਵਲ ਨ ਫੁਰਮਾਨੀ ਨੂੰ ਅਸਰਦਾਰ ਤਰੀਕੇ ਨਾਲ ਬੰਦ ਕੀਤਾ ਜਾਵੇਗਾ ਅਤੇ ਸਰਕਾਰ ਵੀ ਮੋੜਵਾਂ ਐਕਸ਼ਨ ਕਰੇਗੀ। ਅਸਰਦਾਰ ਤਰੀਕੇ ਨਾਲ ਸਿਵਲ ਨਾ ਫੁਰਮਾਨੀ ਲਹਿਰ ਦੇ ਬੰਦ ਕਰਨ ਦਾ ਮਤਲਬ ਹੋਵੇਗਾ ਸਭ ਕਾਰਵਾਈਆਂ, ਉਹ ਚਾਹੇ ਕਿਸੇ ਵੀ ਤਰੀਕੇ ਨਾਲ ਚਲਾਈਆਂ ਗਈਆਂ ਹੋਣ, ਦਾ ਅਸਰਦਾਰ ਤਰੀਕੇ ਨਾਲ ਬੰਦ ਹੋਣਾ ਅਤੇ ਅੱਗੇ ਵਧਾਉਣ ਲਈ ਕੋਈ ਵੀ ਕਾਰਵਾਈ ਨਾ ਕਰਨਾ। ਖਾਸ ਕਰ ਹੇਠ ਲਿਖੀਆਂ ਕਾਰਵਾਈਆਂ।

(1) ਕਾਨੂੰਨ ਦੀ ਬਰਖਲਾਫੀ ਜਥੇਬੰਦ ਕਰਨਾ।

(2) ਜ਼ਮੀਨੀ ਲਗਾਨ ਤੇ ਦੂਸਰੀਆਂ ਕਾਨੂੰਨੀ ਅਦਾਇਗੀਆਂ ਨੂੰ ਨਾ ਦੇਣਾ।

(3) ਸਿਵਲ ਨਾ ਫੁਰਮਾਨੀ ਦੇ ਹੱਕ ਵਿਚ ਖ਼ਬਰਨਾਮੇ ਛਾਪਣਾ।

(4) ਸਿਵਲ ਤੇ ਮਿਲਟਰੀ ਨੌਕਰਾਂ ਜਾਂ ਪਿੰਡ ਦੇ ਕਾਰਕੁੰਨਾਂ ਨੂੰ ਸਰਕਾਰ ਖਿਲਾਫ ਕਰਨਾ ਤੇ ਉਨ੍ਹਾਂ ਨੂੰ ਆਪਣੀਆਂ ਨੌਕਰੀਆਂ ਤੋਂ ਅਸਤੀਫੇ ਦੇਣ ਲਈ ਰਜ਼ਾਮੰਦ ਕਰਨਾ।

(5) ਜਿਥੋਂ ਤਕ ਵਿਦੇਸ਼ੀ ਮਾਲ ਦੇ ਬਾਈਕਾਟ ਦਾ ਸੰਬੰਧ ਹੈ, ਇਸ ਦੇ ਦੋ ਪਹਿਲੂ ਹਨ। ਇਕ ਹੈ ਬਾਈਕਾਟ ਦਾ ਕਰੈਕਟਰ ਤੇ ਦੂਸਰਾ, ਉਹ ਤਰੀਕੇ ਜਿਨ੍ਹਾਂ ਰਾਹੀਂ ਇਹ ਲਾਗੂ ਕੀਤਾ ਜਾ ਰਿਹਾ ਹੈ। ਇਸ ਤੇ ਸਰਕਾਰ ਦਾ ਨੁਕਤੇ-ਨਜ਼ਰ ਇਹ ਹੈ। ਉਹ ਭਾਰਤ ਕਾਰਖਾਨਿਆਂ ਦੀ ਬੜੋਤਰੀ ਨੂੰ ਮੰਜੂਰ ਕਰਦੀ ਹੈ, ਜਿਥੇ ਤਕ ਆਰਥਿਕ ਤੇ ਕਾਰਖਾਨੇ ਲੱਗਣ ਦੀ ਗੱਲ ਹੈ ਅਤੇ ਜਿਸ ਦਾ ਉਦੇਸ਼ ਭਾਰਤ ਦੀ ਮਾਦਾ ਹਾਲਾਤ ਦਾ ਸੁਧਾਰਨਾ ਹੈ। ਸਰਕਾਰ ਦੀ ਕੋਈ ਖਾਹਸ਼ ਨਹੀਂ ਹੈ ਕਿ ਇਸ ਉਦੇਸ਼ ਲਈ ਪ੍ਰੋਪੇਗੰਡਾ, ਰਜ਼ਾਮੰਦ ਕਰਨਾ ਅਤੇ ਇਸ਼ਤਿਹਾਰਬਾਜ਼ੀ ਨੂੰ ਰੋਕੇ, ਜਿਸ ਹਦ ਤਕ ਇਹ ਵਿਅਕਤੀ ਦੇ ਕੰਮ ਕਰਨ ਦੀ ਅਜ਼ਾਦੀ ਵਿਚ ਦਖਲ ਅੰਦਾਜ਼ੀ ਨਹੀਂ ਹੁੰਦੀ ਜਾਂ ਕਾਨੂੰਨ ਤੇ ਆਰਡਰ ਨੂੰ ਬਰਕਰਾਰ ਰੱਖਣ ਦੇ ਖਿਲਾਫ ਨਹੀਂ ਜਾਂਦੀ। ਪਰ ਗ਼ੈਰ ਭਾਰਤੀ ਚੀਜ਼ਾਂ ਦਾ ਬਾਈਕਾਟ (ਕੱਪੜੇ ਦੇ ਸਿਵਾਏ ਜਿਹੜਾ ਕਿ ਸਾਰੇ ਵਿਦੇਸ਼ੀ ਕੱਪੜੇ 'ਤੇ ਲਾਗੂ ਕੀਤਾ ਗਿਆ ਸੀ) ਵਿਸ਼ੇਸ਼ ਤੌਰ 'ਤੇ ਬ੍ਰਿਟਿਸ਼ (ਇੰਗਲਸਤਾਨੀ) ਚੀਜ਼ਾਂ ਵੱਲ ਸੇਧਿਆ ਗਿਆ ਸੀ ਅਤੇ ਇਹ ਇਸ ਕਰਕੇ ਕੀਤਾ ਗਿਆ ਹੈ ਕਿ ਸਰਕਾਰ ਤੇ ਰਾਜਨੀਤਕ ਦਬਾਅ ਪਾਇਆ ਜਾ ਸਕੇ।



Sri Satguru Jagjit Singh Ji Elibrary NamdhariElibrary@gmail.com

ਇਸ ਤਰ੍ਹਾਂ ਦੇ ਵਿਹਾਰ ਵਾਲਾ ਬਾਈਕਾਟ, ਕਾਂਗਰਸ ਦੇ ਸੰਵਿਧਾਨਕ ਸਵਾਲਾਂ 'ਤੇ ਬਹਿਸ ਵਿਚ ਪੂਰੀ ਦੋਸਤਾਨਾ ਤੇ ਖੁਲ੍ਹੇ-ਡੁਲ੍ਹੇ ਵਿਚਾਰਾਂ ਨਾਲ ਹਿੱਸੇਦਾਰੀ ਨਹੀਂ ਕਰ ਸਕੇਗੀ। ਜਦਕਿ ਬ੍ਰਿਟਿਸ਼ ਭਾਰਤ, ਭਾਰਤੀ ਰਿਆਸਤਾਂ, ਹਿਜ ਮਜੈਸਟੀ ਦੀ ਸਰਕਾਰ ਤੇ ਇੰਗਲਿਸਤਾਨ ਦੀਆਂ ਰਾਜਨੀਤਕ ਪਾਰਟੀਆਂ ਵਿਚ ਇਸ ਸਮਝੌਤਾ ਕਰਨ ਦਾ ਚਾਹਵਾਨ ਹੈ। ਇਸ ਕਰਕੇ, ਇਹ ਸਮਝੌਤਾ ਕੀਤਾ ਗਿਆ ਹੈ ਕਿ ਸਿਵਲ ਨਾ ਫੁਰਮਾਨੀ ਦਾ ਬੰਦ ਕਰਨ ਦਾ ਭਾਵ ਹੋਵੇਗਾ ਬ੍ਰਿਟਿਸ਼ ਵਸਤਾਂ ਦਾ ਤ੍ਰਿਸਕਾਰ ਨੂੰ ਖਾਸ ਤੌਰ 'ਤੇ ਇਕ ਰਾਜਨੀਤਕ ਹਥਿਆਰ ਵਜੋਂ ਬੰਦ ਕਰਨਾ। ਜਿਨ੍ਹਾਂ ਨੇ ਰਾਜਨੀਤਕ ਜਜ਼ਬਾਤਾਂ ਵਿਚ ਬ੍ਰਿਟਿਸ਼ ਚੀਜਾਂ ਦਾ ਤਿਰਸਕਾਰ ਕਰ ਲਿਆ ਹੈ ਉਨ੍ਹਾਂ ਨੂੰ ਅਜ਼ਾਦਾਨਾ ਇਸ ਦਾ ਫੈਸਲਾ ਕਰਨ ਦਿੱਤਾ ਜਾਵੇਗਾ ਅਗਰ ਉਹ ਆਪਣਾ ਫੈਸਲਾ ਬਦਲਣਾ ਚਾਹੁੰਦੇ ਹੋਣ ਤਾਂ।

7. ਗੈਰ ਭਾਰਤੀ ਚੀਜ਼ਾਂ ਨੂੰ ਭਾਰਤੀ ਚੀਜ਼ਾਂ ਵਿਚ ਬਦਲਣ ਜਾਂ ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਦੇ ਉਲਟ ਪਿਕਟਿੰਗ ਵਰਗੇ ਤਰੀਕੇ ਨਹੀਂ ਅਪਨਾਏ ਜਾਣਗੇ। ਕਾਨੂੰਨ ਦੀ ਹੱਦ ਅੰਦਰ ਆਉਂਦੇ ਤਰੀਕਿਆਂ ਤਕ ਸੀਮਤ ਕੀਤਾ ਜਾਵੇਗਾ। ਅਜੇਹੀ ਪਿਕਟਿੰਗ ਹਮਲਾਕਾਰੀ ਨਹੀਂ ਹੋਵੇਗੀ ਅਤੇ ਕਿਸੇ ਕਿਸਮ ਦਾ ਦਬਾਓ, ਭੜਕਾਓ, ਪਬਲਿਕ ਨੂੰ ਰੋਕਣ ਵਾਲੀ ਜਾਂ ਕਿਸੇ ਤਰ੍ਹਾਂ ਆਮ ਕਾਨੂੰਨ ਦੇ ਖਿਲਾਫ ਨਹੀਂ ਹੋਵੇਗੀ। ਅਗਰ ਅਜਿਹਾ ਤਰੀਕਾ ਕਿਤੇ ਵੀ ਅਪਨਾਇਆ ਜਾਂਦਾ ਹੈ ਤਾਂ ਉਸ ਪਿਕਟਿੰਗ ਨੂੰ ਬੰਦ ਕੀਤਾ ਜਾਵੇਗਾ।

8. ਮਿਸਟਰ ਗਾਂਧੀ ਨੇ ਸਰਕਾਰ ਦਾ ਧਿਆਨ ਪੁਲਿਸ ਦੀਆਂ ਕਥਨੀ ਵਧੀਕੀਆਂ ਵੱਲ ਦੁਵਾਇਆ ਹੈ ਅਤੇ ਚਾਹਿਆ ਹੈ ਕਿ ਪਬਲਿਕ ਤਫਤੀਸ਼ ਕਰਵਾਈ ਜਾਵੇ। ਮੌਜੂਦਾ ਹਾਲਾਤ ਵਿਚ ਸਰਕਾਰ ਇਸ ਵਿਚ ਬੜੀ ਮੁਸ਼ਕਲ ਦੇਖ ਰਹੀ ਹੈ ਕਿਉਂਕਿ ਇਸ ਨਾਲ ਇਕ ਦੂਜੇ ਦੇ ਖਿਲਾਫ ਦੋਸ਼ ਤੇ ਪ੍ਰਤੀ ਦੋਸ਼ ਲਗਾਏ ਜਾਣਗੇ, ਜਿਸ ਨਾਲ ਅਮਨ ਦੁਬਾਰਾ ਸਥਾਪਤ ਕਰਨਾ ਮੁਸ਼ਕਲ ਹੋਵੇਗਾ। ਇਸ ਲਈ ਮਿਸਟਰ ਗਾਂਧੀ ਨੇ ਇਸ ਮੰਗ ਨੂੰ ਮਨਾਉਣ ਲਈ ਜ਼ੋਰ ਨਾ ਦੇਣਾ ਮੰਨ ਲਿਆ ਹੈ।

9. ਸਿਵਲ ਨਾ ਫੁਰਮਾਨੀ ਲਹਿਰ ਦੇ ਬੰਦ ਕਰਨ ਤੇ ਸਰਕਾਰ ਜੋ ਐਕਸ਼ਨ ਲਏਗੀ ਉਹ ਅਗਲੇ ਪੈਰਿਆਂ ਵਿਚ ਦਿੱਤਾ ਜਾਂਦਾ ਹੈ।

10. ਸਿਵਲ ਨਾਫੁਰਮਾਨੀ ਦੇ ਸਿਲਸਿਲੇ ਵਿਚ ਕੀਤੇ ਗਏ ਆਰਡੀਨੈਂਸ ਵਾਪਸ ਕੀਤੇ ਜਾਣਗੇ।

ਆਰਡੀਨੈਂਸ ਨੰ. 1, 1931, ਜੋ ਕਿ ਆਤੰਕਵਾਦੀ ਲਹਿਰ ਸੰਬੰਧੀ ਹੈ, ਇਸ ਦੇ ਅੰਤਰਗਤ ਨਹੀਂ ਆਉਂਦਾ।

11. ਕਰਿਮਨਿਲ ਲਾ ਅਮੈਨਡਮਿੰਟ ਐਕਟ 1908 ਦੇ ਤਹਿਤ ਸਿਵਲ ਨਾ ਫੁਰਮਾਨੀ ਨੂੰ ਲੈ ਕੇ ਇਕੱਠਾਂ ਨੂੰ ਗੈਰ ਕਾਨੂੰਨੀ ਕਰਾਰ ਦੇਣ ਦੇ ਨੋਟਿਸ ਵਾਪਸ ਲਏ ਜਾਣਗੇ।

ਬਰਮਾ ਸਰਕਾਰ ਦੀ ਨੋਟੀਫੀਕੇਸ਼ਨ ਇਸ ਅਧੀਨ ਨਹੀਂ ਆਉਂਦੀ।

12. (ੳ) ਸਿਵਲ ਨਾ ਫੁਰਮਾਨੀ ਦੇ ਸਿਲਸਿਲੇ ਵਿਚ ਚਲ ਰਹੇ ਮੁਕੱਦਮੇ ਵਾਪਸ ਲਏ ਜਾਣਗੇ, ਅਗਰ ਉਹ ਹਿੰਸਾ ਦੇ ਨਹੀਂ। ਟੈਕਨੀਕਲ ਹਿੰਸਾ ਜਾਂ ਅਜੇਹੀ ਹਿੰਸਾ ਨੂੰ ਵਧਾਉਣ ਲਈ ਕੀਤੀ ਕਾਰਵਾਈ ਬਾਰੇ ਮੁਕੱਦਮੇ ਵੀ ਵਾਪਸ ਲਏ ਜਾਣਗੇ।

(ਅ) ਕਰਿਮਨਲ ਪਰੋਸੀਜਰ ਕੋਡ ਦੀਆਂ ਸੁਰੱਖਿਆ ਧਾਰਵਾਂ ਦੇ ਕੇਸਾਂ ਤੇ ਵੀ ਇਹੀ ਅਸੂਲ ਲਾਗੂ ਕੀਤਾ ਜਾਵੇਗਾ।

(ੲ) ਜਿਥੇ ਸਥਾਨਕ ਸਰਕਾਰ ਨੇ ਹਾਈ ਕੋਰਟ ਰਾਹੀਂ ਜਾਂ ਕਾਨੂੰਨ ਪ੍ਰੈਕਟਿਸ ਕਰਨ ਦੇ ਐਕਟ ਤਹਿਤ ਸਿਵਲ ਨਾਫੁਰਮਾਨੀ ਵਿਚ ਹਿੱਸਾ ਲੈਣ ਕਰਕੇ ਵਕਾਲਤ ਬੰਦ ਕਰਨ ਦੀ ਕਾਰਵਾਈ



Sri Satguru Jagjit Singh Ji Elibrary NamdhariElibrary@gmail.com

ਸ਼ੁਰੂ ਕੀਤੀ ਹੈ, ਉਸ ਲਈ ਅਦਾਲਤ ਨੂੰ ਵਾਪਸੀ ਲਈ ਦਰਖਾਸਤ ਦਿੱਤੀ ਜਾਵੇਗੀ, ਬਸ਼ਰਤੇ ਕਿ ਇਹ ਕਾਰਵਾਈ ਕਿਸੇ ਕਿਸਮ ਦੀ ਹਿੰਸਾ ਕਰਨ ਜਾਂ ਹਿੰਸਾ ਲਈ ਉਕਸਾਣ ਦੀ ਨਾ ਹੋਵੇ।

(ਸ) ਸਿਪਾਹੀਆਂ ਜਾਂ ਪੁਲਿਸ ਖਿਲਾਫ ਹੁਕਮ ਅਦੂਲੀ ਵਿਰੁਧ ਕਾਰਵਾਈ, ਇਸ ਮਕਸੌਦੇ ਦੇ ਅੰਤਰਗਤ ਨਹੀਂ ਆਵੇਗੀ।

13. (i) ਉਹ ਕੈਦੀ, ਜੋ ਸਿਵਲ ਨਾ ਫੁਰਮਾਨੀ ਦੇ ਸਿਲਸਿਲੇ ਵਿਚ ਕੈਦ ਕੱਟ ਰਹੇ ਹਨ, ਬਸ਼ਰਤੇ ਕਿ ਉਹ ਹਿੰਸਾ ਕਰਕੇ ਨਾ ਹੋਏ, ਪਰ ਤਕਨੀਕੀ ਹਿੰਸਾ ਜਾਂ ਉਸ ਲਈ ਉਕਸਾਉਣਾ ਨਜ਼ਰ ਅੰਦਾਜ਼ ਕੀਤਾ ਜਾਵੇਗਾ।

(ii) ਉਪਰਲੀ ਮਦ 13(i) ਦੇ ਤਹਿਤ ਅਗਰ ਕਿਸੇ 'ਤੇ ਜੇਲ੍ਹ ਦੇ ਅਸੂਲ ਤੋੜਣ ਕਰਕੇ ਬਸ਼ਰਤੇ ਕਿ ਹਿੰਸਾ ਨਾ ਹੋਵੇ, ਮੁਆਫ ਕਰ ਦਿੱਤੀ ਜਾਵੇਗੀ ਅਗਰ ਇਸ ਸਿਲਸਿਲੇ ਵਿਚ ਕਾਰਵਾਈ ਚਲ ਰਹੀ ਹੋਵੇਗੀ ਤਾਂ ਵਾਪਸ ਲੈ ਲਈ ਜਾਵੇਗੀ।

(iii) ਚਾਹੇ ਬਹੁਤ ਥੋੜ੍ਹੇ ਕੇਸ ਹਨ ਜਿਸ ਵਿਚ ਫੌਜੀ ਸਿਪਾਹੀਆਂ ਤੇ ਪੁਲਿਸ ਵਾਲੇ, ਹੁਕਮ ਅਦੂਲੀ ਕਰਕੇ ਸਜ਼ਾ ਦਿੱਤੀ ਗਈ ਹੈ, ਉਹ ਵੀ ਇਸ ਸਮਝੌਤੇ ਦੇ ਅੰਦਰ ਮੁਆਫੀ ਦੇ ਹੱਕਦਾਰ ਨਹੀਂ ਹੋਣਗੇ।

14. ਜੁਰਮਾਨੇ, ਜਿਹੜੇ ਨਹੀਂ ਲਏ ਜਾ ਸਕੇ, ਮੁਆਫ ਕਰ ਦਿੱਤੇ ਜਾਣਗੇ। ਇੰਸੇ ਤਰ੍ਹਾਂ ਜਮਾਨਤ ਜਬਤੀ ਅਗਰ ਉਗਰਾਹੀ ਨਹੀਂ ਗਈ ਤਾਂ ਮੁਆਫ ਕਰ ਦਿੱਤੀ ਜਾਵੇਗੀ।

ਪਰ ਜੁਰਮਾਨੇ ਤੇ ਜ਼ਮਾਨਤਾਂ ਜਿਨ੍ਹਾਂ ਦੀ ਉਗਰਾਹੀ ਕਿਸੇ ਵੀ ਕਾਨੂੰਨ ਅੰਦਰ, ਅਗਰ ਹੋ ਗਈ ਹੈ ਤਾਂ ਵਾਪਸ ਨਹੀਂ ਕੀਤੀਆਂ ਜਾਣਗੀਆਂ।

15. ਸਿਵਲ ਨਾ ਫੁਰਮਾਨੀ ਕਰਕੇ ਕਿਸੇ ਇਲਾਕੇ ਦੇ ਬਸ਼ਿੰਦਿਆਂ ਦੇ ਖਰਚੇ ਤੇ ਅਗਰ ਕੋਈ ਵੱਧ ਪੁਲਿਸ ਲਗਾਈ ਗਈ ਹੈ ਉਹ ਲੋਕਲ ਸਰਕਾਰ ਦੀ ਮਰਜ਼ੀ 'ਤੇ ਹੀ ਵਾਪਸ ਲਈ ਜਾਵੇਗੀ। ਲੋਕਲ ਸਰਕਾਰ ਇਸ ਲਈ ਉਗਰਾਹੇ ਪੈਸੇ ਵਾਪਸ ਨਹੀਂ ਕਰੇਗੀ। ਪਰ ਜੋ ਪੈਸੇ ਉਗਰਾਹੇ ਨਹੀਂ ਗਏ, ਮੁਆਫ ਕਰ ਦਿੱਤੇ ਜਾਣਗੇ।

16. (ੳ) ਚੱਲ ਜਾਇਦਾਦ, ਜੋ ਕਿ ਗੈਰ ਕਾਨੂੰਨੀ ਕਬਜ਼ੇ ਵਿਚ ਨਹੀਂ ਹੈ, ਤੇ ਜੋ ਸਿਵਲ ਨਾ ਫੁਰਮਾਨੀ ਕਰਕੇ, ਆਰਡੀਨੈਂਸਾਂ ਜਾਂ ਕਾਨੂੰਨ ਤਹਿਤ, ਜ਼ਬਤ ਕੀਤੀ ਗਈ ਹੈ, ਅਗਰ ਉਹ ਅਜੇ ਵੀ ਸਰਕਾਰ ਦੇ ਕਬਜ਼ੇ ਵਿਚ ਹੈ, ਤਾਂ ਵਾਪਸ ਕਰ ਦਿੱਤੀ ਜਾਵੇਗੀ।

(ਅ) ਜ਼ਮੀਨੀ ਲਗਾਨ ਜਾਂ ਦੂਸਰੀ ਦੇਣਦਾਰੀ ਨਾ ਭਰਨ ਕਰਕੇ ਜੋ ਚਲ ਜ਼ਮੀਨ ਜ਼ਬਤ ਕੀਤੀ ਗਈ ਹੈ, ਵਾਪਸ ਕਰ ਦਿੱਤੀ ਜਾਵੇਗੀ ਬਸ਼ਰਤੇ ਕਿ ਕੁਲੈਕਟਰ ਵਿਸ਼ਵਾਸ ਕਰਦਾ ਹੋਵੇ ਕਿ, ਮੁਜਬ ਵਕਤ ਵਿਚ ਆਪਣੀ ਦੇਣਦਾਰੀ ਦੇਣ ਤੋਂ ਉਹ ਇਨਕਾਰੀ ਨਹੀਂ ਹੋਵੇਗਾ। ਮੁਜਬ ਵਕਤ ਦਾ ਨਿਰਣਾ, ਦੇਣਦਾਰੀ ਭਰਨ ਵਾਲੇ ਦੀ ਦੇਣ ਦੀ ਮਰਜ਼ੀ ਨੂੰ ਸਾਹਮਣੇ ਰਖ ਕੇ ਕੀਤਾ ਜਾਵੇਗਾ। ਅਗਰ ਜ਼ਰੂਰਤ ਹੋਈ ਤਾਂ ਜ਼ਮੀਨੀ ਲਗਾਨ ਦੇ ਆਮ ਅਸੂਲਾਂ ਦੇ ਮੁਤਾਬਕ ਲਗਾਨ ਇਕੱਠਾ ਕਰਨ ਵਿਚ ਦੇਰੀ ਕੀਤੀ ਜਾਵੇਗੀ।

(ੲ) ਵਗਾੜ ਲਈ ਕੋਈ ਕੰਪਨਸੇਸ਼ਨ ਨਹੀਂ ਦਿੱਤੀ ਜਾਵੇਗੀ।

(ਸ) ਜਿੱਥੇ ਚਲ ਜਾਇਦਾਦ ਵੇਚ ਦਿੱਤੀ ਗਈ ਹੈ ਜਾਂ ਸਰਕਾਰ ਨੇ ਅੰਤਮ ਤੌਰ 'ਤੇ ਫਾਰਗ ਕਰ ਦਿੱਤੀ ਹੈ, ਦਾ ਮੁਆਵਜਾ ਨਹੀਂ ਦਿੱਤਾ ਜਾਵੇਗਾ, ਹਾਂ ਅਗਰ ਕਾਨੂੰਨੀ ਦੇਣਦਾਰੀ ਤੋਂ ਵੱਧ ਪੈਸੇ ਲਏ ਗਏ ਹਨ ਤਾਂ ਵਾਧੂ ਹਿੱਸਾ ਵਾਪਸ ਕੀਤਾ ਜਾਵੇਗਾ।

(ਹ) ਅਗਰ ਕੋਈ ਜਾਇਦਾਦ ਜ਼ਬਤੀ ਨੂੰ ਕਾਨੂੰਨੀ ਤੌਰ 'ਤੇ ਉਸ ਦੇ ਕਾਨੂੰਨੀ ਹੋਣ ਨੂੰ ਚੈਲੰਜ ਕਰਨਾ ਚਾਹੇ ਤਾਂ ਕਰ ਸਕੇਗਾ।

17. (ੳ) ਆਰਡੀਨੈਂਸ 9-1930 ਦੇ ਅੰਤਰਗਤ ਅਗਰ ਕੋਈ ਅਚਲ ਜਾਇਦਾਦ ਜ਼ਬਤ ਕੀਤੀ ਗਈ ਹੈ ਤਾਂ ਉਸਦੀਆਂ ਮੱਦਾਂ ਮੁਤਾਬਕ ਵਾਪਸ ਕੀਤੀ ਜਾਵੇਗੀ।



Sri Satguru Jagjit Singh Ji Elibrary NamdhariElibrary@gmail.com

(ਅ) ਜ਼ਮੀਨ ਜਾਂ ਹੋਰ ਕੋਈ ਅਚਲ ਜਾਇਦਾਦ ਜੋ ਜ਼ਬਤ ਕੀਤੀ ਗਈ ਹੈ ਅਤੇ ਅਜੇ ਸਰਕਾਰ ਦੇ ਕਬਜ਼ੇ ਵਿਚ ਹੈ, ਅਗਰ ਕੁਲੈਕਟਰ ਦੀ ਤਸੱਲੀ ਹੈ ਤਾਂ ਉਸਦੇ ਅਧਾਰ 'ਤੇ ਕਿ ਬਕਾਇਆ ਬਗੈਰ ਕਿਸੇ ਹਿਚਕਚਾਹਟ ਦੇ ਵਾਜਬ ਵਕਤ ਵਿਚ ਦਿੱਤਾ ਜਾਵੇਗਾ, ਵਾਪਸ ਕਰ ਦਿੱਤੀ ਜਾਵੇਗੀ। ਜ਼ਮੀਨੀ ਲਗਾਨ ਦੇ ਆਮ ਅਸੂਲਾਂ 'ਤੇ ਅਧਾਰਤ ਵਾਜਬ ਵਕਤ ਦਿੱਤਾ ਜਾਵੇਗਾ।

(ੲ) ਤੀਜੀ ਧਿਰ ਨੂੰ ਵੇਚੀ ਜਾ ਚੁਕੀ ਅਚੱਲ ਜਾਇਦਾਦ ਨੂੰ ਸਰਕਾਰ ਵਲੋਂ ਪੱਕਾ ਮੰਨਿਆ ਜਾਵੇਗਾ।

ਨੋਟ : ਮਿਸਟਰ ਗਾਂਧੀ ਨੇ ਸਰਕਾਰ ਨੂੰ ਦਾਅਵਾ ਕੀਤਾ ਹੈ ਕਿ ਉਸਦੀ ਜਾਣਕਾਰੀ ਤੇ ਵਿਸ਼ਵਾਸ ਮੁਤਾਬਕ ਇਹ ਵਿਕਰੀ ਗੈਰ-ਕਾਨੂੰਨੀ ਤੇ ਗੈਰ-ਵਾਜਬ ਹੈ। ਪਰ ਸਰਕਾਰ ਦੀ ਜਾਣਕਾਰੀ ਮੁਤਾਬਕ ਇਹ ਟੱਲ ਮੰਨੀ ਨਹੀਂ ਜਾ ਸਕਦੀ।

[ਐਡੀਟਰ ਨੋਟ : ਦੇਸ਼ ਭਗਤਾਂ ਦੇ ਜ਼ਮੀਨਾਂ ਤੇ ਮਕਾਨ ਅੰਗਰੇਜ਼ਾਂ ਨੇ ਆਪਣੇ ਟੋਡੀਆਂ ਨੂੰ ਵੇਚੇ ਸਨ ਜੋ ਉਨ੍ਹਾਂ ਪਾਸ ਹੀ ਰਹਿਣ ਦਿੱਤੇ। ਇਸ ਤਰ੍ਹਾਂ ਅੰਗਰੇਜ਼ ਨੇ ਆਪਣੇ ਟੋਡੀਆਂ ਦੇ ਹੱਕ ਦੀ ਪੂਰੀ ਤਰ੍ਹਾਂ ਰੱਖਿਆ ਕਰ ਲਈ—ਸੰਪਾਦਕ]

(ਸ) ਹਰ ਕਿਸੇ ਨੂੰ ਜ਼ਬਤੀ ਦੇ ਕਾਰਨ ਨੂੰ ਕਾਨੂੰਨੀ ਹੋਣ ਜਾਂ ਨਾ ਹੋਣ ਬਾਰੇ ਕਾਨੂੰਨੀ ਕਾਰਵਾਈ ਕਰਨ ਦੀ ਛੁਟ ਹੋਵੇਗੀ।

18. ਸਰਕਾਰ ਦਾ ਵਿਸ਼ਵਾਸ ਹੈ ਕਿ ਬਹੁਤ ਘਟ ਕੇਸ ਹਨ ਜਿਨ੍ਹਾਂ ਵਿਚ ਬਕਾਇਆ ਕਾਨੂੰਨ ਦੇ ਮੁਤਾਬਕ ਨਹੀਂ ਇਕੱਠਾ ਕੀਤਾ ਗਿਆ। ਅਜੇਹੇ ਕੇਸਾਂ ਵਿਚ ਲੋਕਲ ਸਰਕਾਰ ਤੁਰੰਤ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰੇਗੀ ਕਿ ਅਗਰ ਗੈਰ-ਕਾਨੂੰਨੀ ਕਾਰਵਾਈ ਸਥਾਪਤ ਹੁੰਦੀ ਹੈ ਤਾਂ ਤੁਰੰਤ ਉਸ ਨੂੰ ਦੂਰ ਕੀਤਾ ਜਾਵੇਗਾ।

19. ਜਿੱਥੇ ਕਿਤੇ ਅਸਤੀਫ਼ੇ ਕਾਰਨ ਨੌਕਰੀ ਪੱਕੇ ਤੌਰ 'ਤੇ ਭਰ ਲਈ ਗਈ ਹੈ, ਸਰਕਾਰ ਨੌਕਰੀ ਬਹਾਲ ਨਹੀਂ ਕਰ ਸਕੇਗੀ। ਬਾਕੀ ਅਸਤੀਫ਼ੇ ਦੇ ਕੇਸ ਉਨ੍ਹਾਂ ਦੀ ਮੈਰਿਟ ਦੇ ਆਧਾਰ 'ਤੇ ਦੇਖੇ ਜਾਣਗੇ। ਲੋਕਲ ਸਰਕਾਰ ਉਨ੍ਹਾਂ ਕੇਸਾਂ ਵਿਚ ਖੁਲ੍ਹ ਦਿਲੀ ਦੀ ਨੀਤੀ ਅਪਨਾਏਗੀ ਜਿੰਨਾਂ ਪਿੰਡਾਂ ਦੇ ਕਰਮੀ ਜਾਂ ਸਰਕਾਰੀ ਨੌਕਰਾਂ ਨੇ ਦੁਬਾਰਾ ਬਹਾਲੀ ਵਾਸਤੇ ਬੇਨਤੀ ਕਰਨਗੇ।

20. ਸਰਕਾਰ ਨਮਕ ਦੇ ਬਾਰੇ ਕਾਨੂੰਨਾਂ ਦੀ ਬੇਅਦੂਲੀ ਨੂੰ ਮੁਆਫ਼ ਨਹੀਂ ਕਰ ਸਕੇਗੀ, ਅਤੇ ਨਾ ਹੀ ਦੇਸ਼ ਦੀ ਮੌਜੂਦਾ ਆਰਥਕ ਹਾਲਾਤ ਵਿਚ ਨਮਕ ਐਕਟ ਵਿਚ ਕੋਈ ਵੱਡੀ ਤਬਦੀਲੀ ਕਰ ਸਕਦੀ ਹੈ।

ਪਰ ਗਰੀਬਾਂ ਨੂੰ ਰਾਹਤ ਦੇਣ ਲਈ, ਪ੍ਰਬੰਧਕੀ ਮਦਾਂ ਨੂੰ ਜਿਵੇਂ ਕਿ ਕੁਝ ਥਾਵਾਂ ਤੇ ਅੱਗੇ ਹੀ ਲਾਗੂ ਹਨ, ਰਾਹੀਂ ਪੇਂਡੂ ਇਲਾਕੇ, ਜੋ ਲੂਣ ਬਣਾਉਣ ਵਾਲੇ ਖੇਤਰਾਂ ਦੇ ਨਾਲ ਲਗਦੇ ਹਨ, ਆਪਣੀ ਲੋੜ ਦੀ ਪੂਰਤੀ ਲਈ, ਲੂਣ ਬਣਾਉਣ ਦਿੱਤਾ ਜਾਵੇਗਾ। ਪਰ ਉਹ ਨਾ ਲੂਣ ਵੇਚ ਸਕਣਗੇ, ਨਾ ਵਪਾਰ ਕਰ ਸਕਣੇ।

21. ਅਗਰ ਕਾਂਗਰਸ ਇਸ ਸਮਝੌਤੇ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰਦੀ ਤਾਂ ਸਰਕਾਰ ਇਸ ਦੇ ਨਤੀਜੇ ਵਜੋਂ ਲੋੜੀਂਦੇ ਕਦਮ ਉਠਾਏਗੀ, ਜੋ ਕਿ ਪਬਲਿਕ ਤੇ ਵਿਅਕਤੀਆਂ ਦੇ ਬਚਾਉ ਲਈ ਜ਼ਰੂਰੀ ਸਮਝੇਗੀ ਤਾਂ ਕਿ ਕਾਨੂੰਨ ਤੇ ਅਮਨ ਕਾਇਮ ਰੱਖਿਆ ਜਾ ਸਕੇ।

ਐਚ.ਡਬਲਯੂ. ਏਮਰਸਨ

ਸਕੱਤਰ ਭਾਰਤ ਸਰਕਾਰ

[ਬਰਤਾਨਵੀ ਬੁਲਾਰੇ ਦਾ ਕਹਿਣਾ ਸੀ ਕਿ ਇਰਵਨ ਨੇ ਜਿੱਤ ਪ੍ਰਾਪਤ ਕੀਤੀ ਹੈ। ਪਰ ਗਾਂਧੀ ਦਾ ਕਹਿਣਾ ਸੀ ਕਿ ਆਖ਼ਰ ਭਾਰਤ ਸਰਕਾਰ ਨੂੰ ਸਾਨੂੰ (ਮੈਨੂੰ) ਲੋਕਾਂ ਦਾ ਨੁਮਾਇੰਦਾ ਮੰਨ ਲਿਆ ਹੈ ਤੇ ਗੱਲਬਾਤ ਕਰਨ ਲਈ ਰਾਜ਼ੀ ਤਾਂ ਹੋਈ ਹੈ—ਸੰਪਾਦਕ]

●



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

To,

The Special Commissioners,
Lahore Conspiracy Case Tribunal,
Lahore.

Through

The Supdt.
Central Jail
Lahore.

Sir,

I have just been informed by the jail authorities that the honourable Court was pleased to pass orders on my application dated 8th Aug '30, to the effect that interviews with legal advisers alone may be allowed. I was at a loss to understand the reason of such an order. Why should I not be allowed to see my relatives, when the said interviews are very essential for defence purposes? If the order is meant simply to make a show that the accused are given proper facilities regarding their defence, though in reality nothing of the sort is done, on the contrary the defence is hampered at every step, then all my petitions and representations are useless.

My legal adviser, L. Duni Chand Advocate [illegible] is in jail. I want to engage a new one, which I can not do without the help and advice of my father. Therefore the interview is very essential. I have to consult my father about offering the defence. I want to ascertain how far he can help me in this respect. If interviews will not be allowed, the Court and jail authorities shall stand responsible for the serious consequences that I might have [illegible] for this high-handedness.

With no stretch of imagination can I understand as to why should the court of law join hands with the executive in such matters as unconcerned with the administration of justice and be a party to the unnecessary harassment of the accused.

I most earnestly request the court to reconsider their orders passed on my last application and to issue instructions to the jail authorities to allow all my interviews so long as the trial is going on. They will have time enough to treat us as they like after conviction.

Hoping to be favoured with an early decision.

Dt. [illegible]

Yours etc.
Bhagat Singh
Convict-under-trial.

ISBN 817883030-2
9788178830308

www.chetnaprakashan.com

Jagjit Singh Ji Elibrary ... NamdhariElibrary@gmail.com